# ਧਰਤੀ ਉੱਤੇ ਰੱਬ
# ਸਤਿਗੁਰੂ ਸਰਵਣ ਦਾਸ ਜੀ ਮਹਾਰਾਜ



ਪ੍ਰਕਾਸ਼ਕ :
ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ,
ਜ਼ਿਲ੍ਹਾ ਜਲੰਧਰ(ਪੰਜਾਬ)

# ਧਰਤੀ ਉੱਤੇ ਰੱਬ
# ਸਤਿਗੁਰੂ ਸਰਵਣ ਦਾਸ ਜੀ ਮਹਾਰਾਜ

ਨਿਸ਼ਾਨ ਸਾਹਿਬ

## ਰਵਿਦਾਸੀਆ ਧਰਮ

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ,ਜਲੰਧਰ

ਪ੍ਰਕਾਸ਼ਕ :
ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ,
ਜ਼ਿਲ੍ਹਾ ਜਲੰਧਰ(ਪੰਜਾਬ)

# ਧਰਤੀ ਉੱਤੇ ਰੱਬ
# ਸਤਿਗੁਰੂ ਸਰਵਣ ਦਾਸ ਜੀ ਮਹਾਰਾਜ

ਪ੍ਰਕਾਸ਼ਕ :
ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ,
ਜਿਲ੍ਹਾ ਜਲੰਧਰ(ਪੰਜਾਬ)

**ਲੇਖਕ : ਸੰਤ ਸੁਰਿੰਦਰ ਦਾਸ ਬਾਵਾ**
ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ,ਜਲੰਧਰ

© ਸਭ ਹੱਕ ਰਾਖਵੇਂ ਹਨ।ਜ਼

ਛਪਣ ਦੀ ਗਿਣਤੀ : 2000

ਭੇਂਟਾ ₹ 300/-

ਟਾਈਪਿੰਗ ਅਤੇ ਸੈਟਿੰਗ : ਕੈਂਥ ਆਰਟਸ, ਭਬਿਆਣਾ, ਫ਼ਗਵਾੜਾ।
(M)75892-55320

# ਰਵਿਦਾਸੀਆ ਧਰਮ ਦੇ ਨਿਯਮ

(1) ਸਾਡਾ ਰਹਿਬਰ : ਸਤਿਗੁਰੂ ਰਵਿਦਾਸ ਮਹਾਰਾਜ ਜੀ

(2) ਸਾਡਾ ਧਰਮ : ਰਵਿਦਾਸੀਆ

(3) ਸਾਡੀ ਧਾਰਮਿਕ ਪੁਸਤਕ : ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ

(4) ਸਾਡਾ ਕੌਮੀ ਨਿਸ਼ਾਨ ਸਾਹਿਬ :

(5) ਸਾਡਾ ਸੰਬੋਧਨ : ਜੈ ਗੁਰਦੇਵ

(6) ਸਾਡਾ ਮਹਾਨ ਤੀਰਥ ਅਸਥਾਨ : ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਰ ਸੀਰ ਗੋਵਰਧਨਪੁਰ ਵਾਰਾਣਸੀ (ਯੂ.ਪੀ.)

(7) ਸਾਡਾ ਉਦੇਸ਼ : ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ। ਇਸ ਦੇ ਨਾਲ-ਨਾਲ ਮਹਾਂਰਿਸ਼ੀ ਭਗਵਾਨ ਬਾਲਮੀਕ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸੈਨ ਜੀ ਅਤੇ ਸਤਿਗੁਰੂ ਸਧਨਾ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਸਾਰੇ ਧਰਮਾਂ ਦਾ ਸਤਿਕਾਰ ਕਰਨਾ, ਮਾਨਵਤਾ ਨਾਲ ਪਿਆਰ ਕਰਨਾ ਅਤੇ ਸਦਾਚਾਰੀ ਜੀਵਨ ਬਤੀਤ ਕਰਨਾ।

# ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਸੰਬੰਧੀ ਮਹੱਤਵਪੂਰਨ ਤੱਥ

➢ **ਪ੍ਰਕਾਸ਼ ਦਿਹਾੜਾ :-**

ਮਾਘ ਸੁਦੀ ਪੰਦ੍ਰਾਸ 1433 ਵਿਕਰਮੀ ਸੰਮਤ ਸੰਨ 1377 ਈ.।

➢ **ਜਨਮ ਸਥਾਨ :-**

ਸੀਰ ਗੋਵਰਧਨਪੁਰ, ਬਨਾਰਸ (ਯੂ.ਪੀ.)

➢ **ਮਾਤਾ ਪਿਤਾ ਜੀ ਦੇ ਨਾਮ :-**

ਪਿਤਾ ਸਤਿਕਾਰਯੋਗ ਸ਼੍ਰੀਮਾਨ ਸੰਤੋਖ ਦਾਸ ਜੀ

ਮਾਤਾ ਸਤਿਕਾਰਯੋਗ ਸ਼੍ਰੀਮਤੀ ਕਲਸੀ ਦੇਵੀ ਜੀ

➢ **ਦਾਦਾ ਦਾਦੀ ਜੀ ਦੇ ਨਾਮ :-**

ਦਾਦਾ ਸਤਿਕਾਰਯੋਗ ਸ਼੍ਰੀਮਾਨ ਕਾਲੂ ਰਾਮ ਜੀ

ਦਾਦੀ ਸਤਿਕਾਰਯੋਗ ਸ਼੍ਰੀਮਤੀ ਲੱਖਪਤੀ ਜੀ

➢ **ਸੁਪਤਨੀ ਅਤੇ ਸਪੁੱਤਰ ਦਾ ਨਾਮ :-**

ਸੁਪਤਨੀ ਸਤਿਕਾਰਯੋਗ ਸ਼੍ਰੀਮਤੀ ਲੋਨਾ ਜੀ

ਸਪੁੱਤਰ ਸਤਿਕਾਰਯੋਗ ਸ਼੍ਰੀਮਾਨ ਵਿਜੈ ਦਾਸ ਜੀ

➢ **ਬ੍ਰਹਮਲੀਨ :-**

ਹਾੜ ਦੀ ਸੰਗਰਾਂਦ 1584 ਵਿਕਰਮੀ ਸੰਮਤ

(1528 ਈ.) ਬਨਾਰਸ ਵਿਖੇ।

# ਸਮਰਪਿਤ

ਇਹ ਪੁਸਤਕ ਮਨੁੱਖਤਾ ਦੇ ਸੰਗ੍ਰਾਮੀਏ,ਸਮਾਜਿਕ ਪ੍ਰਗਤੀ ਦੇ ਅਲੰਬਰਦਾਰ ,ਸਮੁੱਚੀ ਮਾਨਵਤਾ ਨੂੰ ਭੇਦ-ਭਾਵ ਤੋ ਮੁਕਤ ਹੋ ਕੇ ਵਿਸ਼ਵ ਭਾਈਚਾਰੇ ,ਸੰਤਾਂ ਦੀ ਸੰਗਤ ,ਹਰਿ ਦਾ ਸਿਮਰਨ ਅਤੇ ਬੇਗਮਪੁਰ ਵਤਨ ਦੇ ਵਾਸੀ ਬਨਣ ਦਾ ਪਾਵਨ ਉਪਦੇਸ਼ ਬਖਸ਼ਿਸ਼ ਕਰਨ ਵਾਲੇ ਮਹਾਨ ਰਹਿਬਰ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਵੀਹਵੀ ਸਦੀ ਵਿੱਚ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਦੇ ਮਿਸ਼ਨ ਨੂੰ ਵਿਸ਼ਵ ਵਿਖਿਆਤ ਕਰਨ ਵਾਲੇ ਮਹਾਨ ਰਹਿਬਰ, ਦੁਖੀਆਂ ਦੇ ਤੇ ਗਰੀਬਾਂ ਦੇ ਪ੍ਰਤੀਪਾਲਕ ਬ੍ਰਹਮਲੀਨ, ਬ੍ਰਹਮਗਿਆਨੀ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਨੂੰ ਸਮਰਪਿਤ ਹੈ। ਪੁਸਤਕ ਨੂੰ ਪੜ੍ਹਨਾ, ਅੱਗੇ ਹੋਰਨਾਂ ਨੂੰ ਪੜ੍ਹਾਉਣਾ ਅਤੇ ਇਸ ਉਪਰ ਅਮਲ ਕਰਨਾ ਹੀ ਉਹਨਾਂ ਦੀ ਸੋਚ ਉੱਪਰ ਪਹਿਰਾ ਦੇਣਾ ਹੋਵੇਗਾ ।

**ਦਾਸ:-ਸੰਤ ਸੁਰਿੰਦਰ ਦਾਸ ਬਾਵਾ**

# ਤਤਕਰਾ

ਦੋ ਸ਼ਬਦ....................................................................1
ਕਾਹਨਪੁਰ ਦਾ ਸੰਖੇਪ ਇਤਿਹਾਸ....................................................5
ਸਤਿਗੁਰ ਸਰਵਣ ਦਾਸ ਜੀ ਧਰਤੀ ਉੱਤੇ ਰੱਬ.........................................9
ਸਤਿਗੁਰੂ ਸਰਵਣ ਦਾਸ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਕਵਿਤਾ .............................11
ਧੰਨ ਗੁਰੂ ਸਰਵਣ ਦਾਸ ਜੀ (ਕਵਿਤਾ) .............................................12
ਸਤਿਗੁਰੂ ਸਰਵਣ ਦਾਸ ਜੀ (ਕਵਿਤਾ) ..............................................13
ਸਤਿਗੁਰੂ ਸਰਵਣ ਦਾਸ ਜੀ ਦੀਆਂ ਪਵਿੱਤਰ ਯਾਦਾਂ ........................................ 14
108 ਸੰਤ ਬਾਬਾ ਪਿੱਪਲ ਦਾਸ ਜੀ ਮਹਾਰਾਜ.......................................... 26
108 ਸੰਤ ਸਰਵਣ ਦਾਸ ਮਹਾਰਾਜ ਜੀ...............................................29
108 ਸੰਤ ਹਰੀ ਦਾਸ ਮਹਾਰਾਜ ਜੀ.................................................32
108 ਸੰਤ ਗਰੀਬ ਦਾਸ ਮਹਾਰਾਜ ਜੀ...............................................36
ਅਮਰ ਸ਼ਹੀਦ ਸੰਤ ਰਾਮਾਨੰਦ ਮਹਾਰਾਜ ਜੀ..........................................39
ਜੀਵਨ ਦੀ ਖੁਸ਼ੀ ਵਾਪਿਸ ਮਿਲਣੀ.................................................42
ਬਤਨ ਸਿੰਘ ਨੂੰ ਔਲਾਦ ਦੀ ਪ੍ਰਾਪਤੀ..............................................42
ਮਕਾਨ ਪੱਕੇ ਹੋਣ ਦਾ ਵਰਦਾਨ..................................................43
ਜਾਣੀ ਜਾਣ ਬਾਬਾ ਪਿੱਪਲ ਦਾਸ ਜੀ...............................................43
ਦੁੱਧ ਦਾ ਹੜ੍ਹ ਆਉਣਾ ........................................................43
ਸ਼ਾਦੀ ਦੀ ਭਵਿੱਖਬਾਣੀ .........................................................44
ਅਸੀ ਆਪ ਨੂੰ ਜਰੂਰ ਮਿਲਾਂਗੇ....................................................45
ਸ਼੍ਰੀ ਸਵਰਨ ਦਾਸ ਨੂੰ ਲੜਕੇ ਦੀ ਬਖਸ਼ਿਸ.............................................45
ਜਮੀਨ ਦੀ ਬਖਸ਼ਿਸ ਕਰਨੀ .....................................................46
ਲੜਾਈ ਵਿੱਚ ਰੱਖਿਆ ਕਰਨੀ....................................................46
ਗਰਭ ਦੀ ਰੱਖਿਆ ਕਰਨੀ .......................................................47
ਨੋਕਰੀ ਦੀ ਬਖਸ਼ਿਸ਼ ਕਰਨੀ .....................................................48
ਸ਼੍ਰੀ ਮੁਨਸ਼ੀ ਰਾਮ ਦੇ ਪੁੱਤਰ......................................................49
ਜਾਣੀ ਜਾਣ ਸਤਿਗੁਰੂ .........................................................49
ਦਿਲਾ ਦੀ ਜਾਨਣ ਵਾਲੇ........................................................50
ਗੁਰਮੀਤ ਦੀ ਰੱਖਿਆ .........................................................50
ਸੰਤਾਂ ਦੇ ਬਚਨ ਸੱਚ ਨਿਕਲੇ.....................................................51
ਓਮ ਪ੍ਰਕਾਸ਼ ਦੀ ਇੱਛਾ ਪੂਰੀ ਕਰਨੀ ...............................................52
ਕੁੰਨਣ ਸਿੰਘ ਅਤੇ ਬੀਬੀ ਜੀਤ ਕੋਰ ...............................................52
ਸ਼੍ਰੀ ਆਤਮਾ ਰਾਮ ਤੇ ਕਿਰਪਾ ਕਰਨੀ ..............................................53
ਸ਼੍ਰੀ ਚਰਨਜੀਤ ਦੀ ਇੱਛਾ ......................................................53
ਸ.ਕਾਬਲ ਸਿੰਘ..............................................................54

ਤੇਰੀਆਂ ਤੂੰ ਜਾਣੇ........55
ਸੇਠ ਦੌਲਤ ਰਾਮ ਨੂੰ ਪੁੱਤਰ ਦੀ ਦਾਤ........55
ਬੇਬੀ ਮਨਜੀਤ ਤੇ ਕਿਰਪਾ........56
ਮਹਾਰਾਜ ਜੀ ਦਾ ਕ੍ਰਿਸ਼ਮਾ........57
ਬਾਬਾ ਜਵਾਹਰ ਦਾਸ ਜੀ ਦੇ ਬ੍ਰਹਮਲੀਨਹੋਣ ਬਾਰੇ ਦੱਸਣਾ........58
ਸ.ਤਰਲੋਕ ਸਿੰਘ ਦੇ ਮਨ ਦੀ ਗੱਲਬੁੱਝਣੀ........58
ਸ਼੍ਰੀ ਸੋਹਣ ਲਾਲ ਅਤੇ ਸ਼੍ਰੀ ਪ੍ਰੀਤਮ ਦਾਸ ਦੀ ਸ਼ੰਕਾਂ ਨਵਿਰਤ ਕਰਨੀ........59
ਡੇਰੇ ਆਉਣ ਤੋਂ ਪਹਿਲਾਂ ਹੀ ਦੱਸ ਦੇਣਾ........59
ਸ਼੍ਰੀ ਰਾਮ ਕ੍ਰਿਸ਼ਨ ਨੂੰ ਨੌਕਰੀ ਦੀ ਬਖਸ਼ਿਸ਼ ਕਰਨੀ........60
ਸੱਤ ਸਾਲ ਬਾਅਦ ਬੋਲਣਾਂ........61
ਜੰਗਲ ਦੇ ਸ਼ੇਰ ਵੀ ਝੁਕਦੇ ਸਨ........61
ਸ਼੍ਰੀ ਦੀਵਾਨ ਚੰਦ ਜੀ ਨੂੰ ਜਮੀਨ ਦੀ ਬਖਸ਼ਿਸ਼ ਕਰਨੀ........62
ਸ਼੍ਰੀ ਸ਼ੇਰੂ ਰਾਮ ਦੀ ਮੁਕਤੀ ਕਰਨੀ........63
ਸ਼੍ਰੀ ਜਗਤ ਰਾਮ ਦੀ ਮੁਕਤੀ ਕਰਨੀ........63
ਸ਼੍ਰੀ ਹਰਗੋਪਾਲ ਸਿੰਘ ਅਤੇ ਬੀਬੀ ਮਹਿੰਦਰ ਕੌਰ ਨੂੰ ਔਲਾਦ........63
ਸ਼੍ਰੀ ਕਿਰਪਾਲ ਸਿੰਘ ਦੀ ਰੱਖਿਆ ਕਰਨੀ........64
ਮਹਾਰਾਜ ਜੀ ਦੀ ਭਵਿੱਖਬਾਣੀ........65
108 ਸੰਤ ਸਰਵਣ ਦਾਸ ਜੀ (ਉਦਾਸੀਨ)ਮਹਾਰਾਜ ਜੀ........66
ਡੇਰੇ ਪਹੁੰਚਣ ਤੋਂ ਪਹਿਲਾ ਹੀ ਦੱਸ ਦੇਣਾ........73
ਅਧਿਆਤਮਕ ਚੜ੍ਹਾਈ ਬਾਰੇ ਵਿਚਾਰ ਵਟਾਦਰਾਂ ਕਰਦੇ ਸਨ........74
ਮਾਨਵਤਾ ਦੇ ਮਸੀਹਾ ਡਾ.ਅੰਬੇਡਕਰ ਜੀ ਨਾਲ ਮਿਲਾਪ........74
ਸ਼੍ਰੀ ਖੁਸ਼ੀ ਰਾਮ ਦੇ ਪਿਛਲੇ ਜਨਮ ਦੀ ਕਥਾ........76
ਸ਼੍ਰੀ ਕਿਸ਼ਨ ਸਿੰਘ ਮਸਤਾਨਾ ਦੀ ਪੁੱਤਰੀ ਦੀ ਰੱਖਿਆ........77
ਸ਼੍ਰੀ ਸਵਰਨ ਦਾਸ ਨੂੰ ਲੜਕਿਆ ਦੀ ਬਖਸ਼ਿਸ ਕਰਨੀ........78
ਚੰਨਣ ਸਿੰਘ ਨੂੰ ਵਰਦਾਨ........79
ਸ਼੍ਰੀ ਇੰਦਰ ਦਾਸ ਤੇ ਬੀਬੀ ਗਿਆਨ ਕੌਰ ਨੂੰ ਲੜਕੇ........79
ਕਰਤਾਰ ਚੰਦ ਨੂੰ ਪੁੱਤਰ ਦੀ ਦਾਤ........80
ਦਰਸ਼ਣ ਸਿੰਘ ਨੂੰ ਪੁੱਤਰ ਦੀ ਦਾਤ........80
ਜਾਦੂਗਰ ਨੇ ਤੋਬਾ ਕਰਨੀ........80
ਸ. ਆਸਾ ਸਿੰਘ ਸੈਣੀ ਨੂੰ ਪੋਤਰਿਆ ਦੀ ਦਾਤ........81
ਗਰੀਬ ਦਾਸ ਨੂੰ ਜਮੀਂਦਾਰ ਬਣਾਉਣਾ........81
ਅਮਰੀਕ ਸਿੰਘ ਨੂੰ ਪੁੱਤਰ ਦੀ ਦਾਤ........82
ਪਿਆਰਾ ਸਿੰਘ ਨੂੰ ਜ਼ਮੀਨ........82
ਪਹਿਲਾਂ ਵਰ ਲੱਗੇਗਾ........83
ਉਜਾਗਰ ਰਾਮ ਨੂੰ ਜਮੀਨ ਦੀ ਦਾਤ........83
ਸ਼੍ਰੀ ਭਗਤ ਰਾਮ ਨੂੰ ਜਮੀਨ ਦੀ ਬਖਸ਼ਿਸ਼ ਕਰਨੀ........84
ਸ਼੍ਰੀ ਭਾਗ ਰਾਮ ਭੰਡਾਰੀ........84

ਸ਼੍ਰੀ ਕਰਮ ਚੰਦ ਨੂੰ ਪੁੱਤਰ ....85
ਸ਼੍ਰੀ ਗੁਰਮੀਤ ਸਿੰਘ ਨੂੰ ਤਰੱਕੀ ....85
ਗੁਰਮੀਤ ਸਿੰਘ ਦੀ ਰੱਖਿਆ ....86
ਸ. ਹਰੀ ਸਿੰਘ ਦੀ ਮਨੋਕਾਮਨਾ ....86
ਸ਼੍ਰੀ ਆਇਆ ਸਿੰਘ ਪਰਾਇਆ ਨੂੰ ਕਵੀ ਬਣਾਉਣਾ .... 87
ਪੁੱਤਰ ਦੀ ਮੌਤ ਬਾਰੇ ਦੱਸਣਾ .... 88
ਬਿੱਕਰ ਸਿੰਘ ਨੂੰ ਔਲਾਦ .... 88
ਸ. ਕਰਮ ਸਿੰਘ ਤੇ ਬੀਬੀ ਮਹਿੰਦਰ ਕੌਰ .... 89
ਫੌਜੀ ਜੋਗਿੰਦਰ ਸਿੰਘ ਦੀ ਘਰ ਵਾਪਿਸੀ .... 89
ਸ. ਦਰਸ਼ਣ ਸਿੰਘ ਨੂੰ ਔਲਾਦ .... 90
ਗੁਲਵੰਤ ਸਿੰਘ ਨੂੰ ਤਰੱਕੀ .... 91
ਸੰਤਾਂ ਦਾ ਸਤਿਕਾਰ .... 91
ਫੁੰਮਣ ਰਾਮ ਦੀ ਇੱਛਾ ਜਨਣੀ ....92
ਮਿਸਤਰੀ ਹਰੀ ਸਿੰਘ ਸ਼੍ਰੀ ਰਾਮ ਪ੍ਰਕਾਸ਼ ਤੇ ਕ੍ਰਿਪਾ .... 93
ਬੀਬੀ ਗੁਰਮੀਤ ਕੌਰ .... 93
ਸ. ਗੁਰਮੀਤ ਸਿੰਘ ਦੀ ਪਤਨੀ ਦੀ ਬਿਮਾਰੀ ਹਟਾਉਣੀ .... 94
ਗੁਰਮੀਤ ਸਿੰਘ ਨੂੰ ਪੁੱਤਰਾਂ ਦੀ ਦਾਤ .... 95
ਸ਼੍ਰੀ ਓਜਾਗਰ ਸਿੰਘ ਉਪਰ ਕਿਰਪਾ .... 96
ਸ. ਲਾਲ ਸਿੰਘ ਨੂੰ ਪੁੱਤਰ ਦੀ ਬਖਸ਼ਿਸ .... 97
ਸ. ਸਵਰਨ ਸਿੰਘ ਵਿਦੇਸ਼ ਮੰਤਰੀ .... 98
ਸ. ਪਾਖਰ ਸਿੰਘ ਤੇ ਬੀਬੀ ਬਖਸ਼ਿਸ ਕੌਰ ਨੂੰ .... 98
ਸੰਗਤ ਦੀ ਇੱਛਾ ਪੂਰੀ ਕਰਨੀ .... 99
ਸ਼੍ਰੀ ਗਰੀਬ ਦਾਸ ਤੇ ਕ੍ਰਿਪਾ .... 100
ਕਿਰਪਾ ਰਾਮ .... 100
ਕਿਰਪਾ ਰਾਮ ਨੂੰ ਗੰਗਾ ਦੇ ਦਰਸ਼ਣ ਕਰਾਉਣੇ .... 101
ਕਿਰਪਾ ਰਾਮ ਦੀ ਰੱਖਿਆ ਕਰਨੀ .... 102
ਬੀਬੀ ਰੱਖੀ ਤੇ ਕਿਰਪਾ ਕਰਨੀ ....103
ਸ਼੍ਰੀ ਸੁੰਦਰ ਰਾਮ ਸ਼ੰਕਾਂ ਨਵਿਰਤੀ....104
ਸਿਮਰਨ ਦਾਸ ਨੂੰ ਪੁੱਤਰ ਦਾਤ ....105
ਸ਼੍ਰੀ ਗੁਰਵਚਨ ਸਿੰਘ ਨੂੰ ਔਲਾਦ ਦੀ ਬਖਸ਼ਿਸ਼ ....106
ਸ਼੍ਰੀ ਸੋਹਨ ਸਿੰਘ ਨੂੰ ਔਲਾਦ ਦੀ ਬਖਸ਼ਿਸ਼ ....106
ਬਾਬੂ ਮਿਹਰ ਚੰਦ ਦੀ ਇੱਛਾ ਪੂਰਨ ਕਰਨੀ ....107
ਸ਼੍ਰੀ ਕਰਮ ਚੰਦ ਤੇ ਕ੍ਰਿਪਾ ਕਰਨੀ .... 108
ਸ਼੍ਰੀ ਸਾਧੂ ਰਾਮ ਦੀ ਇੱਛਾ ਪੂਰੀ ਕਰਨੀ ....108
ਸ਼੍ਰੀ ਤਰਸੇਮ ਲਾਲ ਨੂੰ ਨੋਕਰੀ ਦੀ ਬਖਸ਼ਿਸ਼ ....109
ਸਤਿਗੁਰ ਆਪਣੇ ਸੇਵਕਾਂ ਦੀ ਆਪ ਰੱਖਿਆਂ ਕਰਦੇ ਹਨ....109
ਸ਼੍ਰੀ ਖੁਸ਼ੀ ਰਾਮ ਤੇ ਬੀਬੀ ਬਚਨੀ ਤੇ ਬਖਸ਼ਿਸ਼ ਕਰਨੀ ....110

ਭਾਰਤ ਦੀ ਅਜਾਦੀ ਬਾਰੇ ਦੱਸਣਾ....................111
ਬੀਬੀ ਹਰਜੀਤ ਕੌਰ ਦੀ ਸ਼ੰਕਾ ਨਵਿਰਤ ਕਰਨੀ....................111
ਭਾਈ ਅੰਮੀ ਸਿੰਘ ਦੇ ਲੜਕੇ ਸ. ਪ੍ਰਕਾਸ਼ ਸਿੰਘ ਨੂੰ ਨੌਕਰੀ ਦੀ ਬਖ਼ਸ਼ਿਸ਼ ਕਰਨੀ.................... 112
ਸ਼੍ਰੀ ਸੁਰੈਣ ਦਾਸ ਦੇ ਪਰਿਵਾਰ ਤੇ ਕਿਰਪਾ ਕਰਨੀ.................... 113
ਸ਼੍ਰੀ ਹਰਜੀ ਮੱਲ ਨੂੰ ਤਰੱਕੀ ਬਖਸ਼ਿਸ਼ ਕਰਨੀ.................... 114
ਸ. ਗੁਰਬਚਨ ਸਿੰਘ ਤੇ ਬੀਬੀ ਸੁਰਜੀਤ ਕੌਰ ਨੂੰ ਪੁੱਤਰਾਂ ਦੀ ਬਖਸ਼ਿਸ਼ ਕਰਨੀ .................... 114
ਸ ਕਰਮ ਸਿੰਘ ਹਵਾਲਦਾਰ ਦੀ ਰੱਖਿਆ ਕਰਨੀ....................115
ਸ. ਕਰਮ ਸਿੰਘ ਦੀ ਮੁਕਤੀ ਕਰਨੀ....................116
ਚਾਰੇ ਪੁੱਤਰਾਂ ਦਾ ਸਰਕਾਰੀ ਮੁਲਾਜਮ ਹੋਣਾ....................116
ਸ. ਕਰਮ ਸਿੰਘ ਤੇ ਕਿਰਪਾ ਕਰਨੀ....................117
ਬਲਟੋਈ ਦੁਬਾਰਾ ਖੀਰ ਨਾਲ ਭਰਨੀ....................118
ਸ਼੍ਰੀ ਸਦਾ ਰਾਮ ਤੇ ਬੀਬੀ ਹਰਬੰਸ ਕੌਰ ਦੀ ਸ਼ੰਕਾ ਨਵਿਰਤ ਕਰਨੀ....................118
ਸੰਤ ਮਾਰਗ ਪਵਿਤਰਤਾ ਦਾ ਮਾਰਗ ਹੈ....................119
ਔਲਾਦ ਦੀ ਬਖਸ਼ਿਸ਼ ਕਰਨੀ....................119
ਬੀਬੀ ਦੇ ਰੋਗ ਕੱਟਣੇ....................120
ਅਮਰੂ ਉੱਠ ਕੇ ਬੈਠ ਜਾਹ....................121
ਸ਼੍ਰੀ ਜੈਮਲ ਸਿੰਘ ਦੇ ਅੱਖਾਂ ਦੀ ਰੌਸ਼ਨੀ ਠੀਕ ਕਰਨੀ....................124
ਸਵਰਨ ਦਾਸ ਪਹਿਲਵਾਨ ਦੀ ਭਵਿੱਖ ਬਾਣੀ ਕਰਨੀ .................... 125
1965 ਈਸਵੀ ਦੀ ਲੜਾਈ ਬਾਰੇ ਪਹਿਲਾਂ ਹੀ ਦੱਸਣਾ....................125
ਸ਼੍ਰੀ ਧੰਨਾ ਸਿੰਘ ਨੂੰ ਜ਼ਮੀਨ ਦੀ ਬਖਸ਼ਿਸ਼ ਕਰਨੀ....................126
ਸ਼੍ਰੀ ਸਾਧੂ ਰਾਮ ਜੀ ਬੀਬੀ ਦਾਨੀ ਦੇਵੀ ਨੂੰ ਔਲਾਦ ਦੀ ਬਖਸ਼ਿਸ਼ ਕਰਨੀ .................... 127
ਸ਼੍ਰੀ ਸਾਧੂ ਰਾਮ ਜੀ ਤੇ ਬਖਸ਼ਿਸ਼ ਕਰਨੀ ....................128
ਸ਼੍ਰੀ ਸਾਧੂ ਰਾਮ ਜੀ ਦੀ ਸ਼ੰਕਾ ਨਵਿਰਤ ਕਰਨੀ....................128
ਸ਼੍ਰੀ ਸਾਧੂ ਰਾਮ ਜੀ ਨੂੰ ਅੰਤਿਮ ਸਮੇਂ ਦਰਸ਼ਨ ਦੇਣੇ ਤੇ ਸਹਾਈ ਹੋਣਾ....................128
ਸ. ਲਛਮਣ ਸਿੰਘ ਤੇ ਬੀਬੀ ਕਰਮ ਕੌਰ ਤੇ ਕਿਰਪਾ ਕਰਨੀ....................130
ਸ. ਦਰਸ਼ਨ ਸਿੰਘ ਦੀ 1971 ਈਸਵੀ ਦੀ ਲੜਾਈ ਸਮੇਂ ਰੱਖਿਆ ਕਰਨੀ....................132
ਮਹਾਰਾਜ ਸਰਵਣ ਦਾਸ ਜੀ ਦਾ ਸੰਤ ਗੁਰਦਿੱਤ ਰਾਮ ਨਾਲ ਮਿਲਾਪ....................133
ਤੇਰੇ ਸਾਰੇ ਬੱਚੇ ਪੜ੍ਹਨਗੇ ਅਤੇ ਨੌਕਰੀਆਂ ਕਰਨਗੇ....................135
ਸ਼੍ਰੀ ਨਸੀਬ ਰਾਮ ਦੀ ਸ਼ੰਕਾਂ ਨਵਿਰਤ ਕਰਨੀ....................136
ਤੁਹਾਡੀ ਇੱਛਾਂ ਪੂਰੀ ਹੋਵੇਗੀ....................136
ਮੀਂਹ ਬਹੁਤ ਆ ਰਿਹਾ ਹੈ....................137
ਲੰਗਰ ਬੇਅੰਤ ਹੈ....................137
ਸ. ਗੁਰਦੇਵ ਸਿੰਘ ਨੂੰ ਆਪਰੇਸ਼ਨ ਤੋਂ ਬਚਾਉਣਾ....................138
ਸਤਿਗੁਰੂ ਜੀ ਦੁਆਰਾ ਮਾਸਟਰ ਰਤਨ ਚੰਦ ਜੀ ਨੂੰ ਨਾਮ ਦੀ ਬਖਸ਼ਿਸ਼ ਕਰਨੀ....................140
ਸ. ਗੁਰਦੀਪ ਸਿੰਘ ਤੇ ਬੀਬੀ ਹਰਬੰਸ ਕੌਰ ਨੂੰ ਪੁੱਤਰ ਦੀ ਦਾਤ ਬਖਸ਼ਿਸ਼ ਕਰਨੀ....................141
ਸ. ਗੁਰਦਿਆਲ ਸਿੰਘ ਨੂੰ ਬਚਾਉਣਾ....................142
ਸ਼੍ਰੀ ਰਾਮ ਲਾਲ ਜੀ ਦੀ ਸ਼ੰਕਾਂ ਨਵਿਰਤ ਕਰਨੀ....................142

ਸ਼੍ਰੀ ਗੁਰਦਾਸ ਰਾਮ ਸੁੱਚੀ ਪਿੰਡ ਵਲੋਂ ਪਹਿਲੀ ਵਾਰ ਕੁਟੀਆ ਆਉਣਾ......................143
ਮਹਾਰਾਜ ਜੀ ਦਾ ਚਾਰ ਸਾਲ ਦੀ ਬੱਚੀ ਨੇ ਕੁੜਤਾ ਖਿਚਣਾ ਤੇ ਚਾਰ ਕਾਕੇ ਮੰਗਣੇ..............146
ਡੇਰੇ ਦੇ ਹੋਰ ਸਰਧਾਲੂਆਂ ਨਾਲ ਮਿਲਾਪ........................................................147
ਸ਼੍ਰੀ ਗੁਰਦਾਸ ਰਾਮ ਨੂੰ ਡੇਰੇ ਤੋਂ ਘਰ ਭੇਜਣਾ..................................................147
ਹਜ਼ੂਰ ਦਾ ਮੇਰੇ ਘਰ ਵਿਖੇ ਚਰਨ ..............................................................149
ਮਹਾਰਜ ਦਿਲਾਂ ਦੀਆਂ ਜਾਣਦੇ ਸਨ..........................................................155
ਅਲੋਪ ਹੋ ਜਾਣਾ....................................................................................156
ਪੜ੍ਹਾਈ ਅਤੇ ਸਫਾਈ ਨੂੰ ਪਹਿਲ.................................................................158
ਮੇਰਾ ਵੈਦ ਗੁਰੂ ਗੋਬਿੰਦਾ..........................................................................159
ਹਜ਼ੂਰ ਦਾ ਸਿਵਲ ਹਸਪਤਾਲ ਜਾਣਾ............................................................161
ਜੋਤੀ ਜੋਤ ਸਮਾਉਣ ਸੰਬੰਧੀ ਚਮਤਕਾਰ.......................................................162
ਸ਼੍ਰੀ ਗੁਰਦਾਸ ਰਾਮ ਵੱਲੋਂ ਮੰਦਰ ਦੀ ਉਸਾਰੀ ਕਰਵਾਉਣਾਂ.......................................165
ਮਹਾਰਾਜ ਜੀ ਨੇ ਤੜਕੇ ਚਾਰ ਵਜੇ ਹਾਜ਼ਿਰ ਹੋਣਾ............................................168
ਅਸਥੀ ਕਲਸ਼ ਹਰਿਦੁਆਰ ਲੈ ਕੇ ਜਾਣਾ........................................................169
ਸਾਧ ਬਚਨ ਅਟਲਾਧਾ..............................................................................170
ਗੁਰੂ ਦੀ ਉਸਤਤ......................................................................................173
ਮੰਦਿਰ ਬਣਾਉਣਾ......................................................................................175
ਕਾਮਰੇਡ ਨੂੰ ਸੱਚ ਦਾ ਗਿਆਨ ਹੋਣਾ.............................................................176
ਅਜੀਬ ਇਲਾਜ ਬਿਮਾਰੀ ਨੂੰ ਠੀਕ ਕਰਨਾ.........................................................178
ਸੰਤ ਸਰਵਣ ਦਾਸ ਜੀ ਮਹਾਨ ਸਨ..............................................................180
ਸ਼੍ਰੀ ਬਖਸ਼ੀ ਰਾਮ ਦੀ ਬਿਮਾਰੀ ਦੂਰ ਕਰਨਾ.....................................................181
ਸ਼੍ਰੀ ਗੁਰਮੇਜ ਰਾਮ ਤੇ ਕਿਰਪਾ ਕਰਨੀ...........................................................182
ਜਾਹ ਜਾ ਕੇ ਸੇਵਾ ਕਰ ਤੈਨੂੰ ਕੁਝ ਨਹੀਂ ਹੋਇਆ..................................................182
ਇੱਥੇ ਪੂਜਾ ਦਾ ਧਨ ਆਉਂਦਾ ਹੈ..................................................................183
ਕੱਲ੍ਹ ਨੂੰ 12 ਵਜੇ ਮੀਂਹ ਪੈ ਜਾਵੇਗਾ...............................................................184
ਦੱਸ ਤੇਰੇ ਨਾਲ ਕਿੱਦਾ ਹੋਈ......................................................................185
ਅਭ ਪਛਤਾਏ ਕਿਆ ਬਣੇ....।.....................................................................186
ਸ਼੍ਰੀ ਰੇਸ਼ਮ ਲਾਲ ਤੇ ਕਿਰਪਾ ਕਰਨੀ.............................................................187
1971 ਈਸਵੀ ਦੇ ਭਾਰਤ-ਪਾਕਿ ਯੁੱਧ ਸਮੇਂ ਰੱਖਿਆ ਕਰਨੀ.................................187
ਸ਼੍ਰੀਮਾਨ ਗੁਰਦਿਆਲ ਸਿੰਘ ਤੇ ਬੀਬੀ ਮਿਹਰ ਕੌਰ ਤੇ ਕਿਰਪਾ ਕਰਨੀ............................188
ਬੀਬੀ ਮਿਹਰ ਕੌਰ ਦੀ ਮਨੋ ਕਾਮਨਾ ਪੂਰੀ ਕਰਨਾ..........................................189
ਸ਼੍ਰੀ ਮੱਸਾ ਸਿੰਘ ਫੌਜੀ ਦੀ ਸ਼ੰਕਾ ਨਿਵਰਤ ਕਰਨੀ..........................................190
ਸ਼੍ਰੀ ਮੁਨਸ਼ੀ ਰਾਮ ਲੰਬੜਦਾਰ ਦੀ ਸ਼ੰਕਾ ਨਿਵਿਰਤ ਕਰਨੀ.......................................191
ਲੰਬੜਦਾਰ ਦਾ ਭੁਲੇਖਾਂ ਕੱਢਣਾ..................................................................192
ਸ਼੍ਰੀ ਸਾਧੂ ਰਾਮ ਤੇ ਕਿਰਪਾ ਕਰਨੀ...............................................................192
ਪੁੱਤਰਾਂ ਦੀ ਦਾਤ ਬਖਸ਼ਿਸ਼ ਕਰਨੀ...............................................................193
ਸ਼੍ਰੀ ਨਾਜ਼ਰ ਸਿੰਘ ਅਤੇ ਉਹਨਾਂ ਦੀ ਸੁਪਤਨੀ ਬੀਬੀ ਧੰਤੀ ਨੂੰ ਪੁੱਤਰਾਂ ਦੀ ਦਾਤ ਬਖਸ਼ਿਸ਼ ਕਰਨੀ....194

ਸ. ਕੁਲਦੀਪ ਸਿੰਘ ਨੂੰ ਪੁੱਤਰ ਦੀ ਬਖਸ਼ਿਸ਼ ਕਰਨੀ....................................................194
ਸ. ਕਪੂਰ ਸਿੰਘ ਜੀ ਦੀ ਬੀਮਾਰੀ ਦੀ ਨਵਿਰਤੀ........................................................195
ਸ. ਕਪੂਰ ਸਿੰਘ ਸ਼ੰਕਾ ਨਿਵਿਰਤ ਕਰਨੀ................................................................196
ਕਣਕ ਕੁਤਰ ਲਉ..........................................................................................197
ਸ. ਪਿਆਰਾ ਸਿੰਘ ਨੂੰ ਝੂਠੇ ਕੇਸ ਤੋਂ ਬਚਾਉਣਾ.......................................................198
ਅੱਜ ਦੁੱਧ ਵੱਧ ਗਿਆ ਹੈ.................................................................................200
ਮੁੱਠ ਭਰਕੇ ਸੰਗਤ ਵੱਲ ਲੁਗਾਠਾਂ ਸੁੱਟਣਾ...............................................................201
ਬੀਬੀ ਧੰਤੀ ਨੂੰ ਤੁਰੰਤ ਘਰ ਭੇਜਣਾ ......................................................................202
ਬੀਬੀ ਅਮਰੋ ਦੇ ਦੁੱਖ ਕੱਟਣੇ.............................................................................202
ਅੱਜ ਮੀਂਹ ਪਵੇਗਾ........................................................................................203
ਸ਼੍ਰੀ ਦੌਲਤ ਰਾਮ ਜੀ ਦੀ ਇੱਛਾ ਪੂਰਨ ਕਰਨੀ..........................................................204
ਮਹਾਰਾਜ ਸਰਵਣ ਦਾਸ ਜੀ ਦਾ ਸ਼੍ਰੀ ਦੌਲਤ ਰਾਮ ਜੀ ਦੇ ਗ੍ਰਹਿ ਵਿਖੇ ਜਾਣਾ........................205
ਸ਼੍ਰੀ ਗੁਰਮੇਲ ਰਾਮ ਤੇ ਬੀਬੀ ਨੰਤੀ ਦੇ ਪੁੱਤਰ ਠੀਕ ਕਰਨੇ...................................206
ਮਾਸਟਰ ਜੱਗੂ ਰਾਮ ਨੂੰ ਮੁਕਤੀ ਪ੍ਰਦਾਨ ਕਰਨਾ.............................................................208
ਸ਼. ਪ੍ਰਕਾਸ਼ ਸਿੰਘ ਦੀ 1965 ਦੀ ਭਾਰਤ-ਪਾਕਿ ਯੁੱਧ ਸਮੇਂ ਰੱਖਿਆ ਕਰਨੀ.........................209
ਸਾਖੀ ਰੱਖਿਆ ਕਰਨ ਦੀ ...............................................................................210
ਸੰਤ ਸਰਵਣ ਦਾਸ ਮਹਾਰਾਜ ਜੀ ਦਾ ਸ਼੍ਰੀ ਜਗੀਰੀ ਰਾਮ ਨੂੰ ਅੰਗ ਕੱਟੀ ਯੋਗ ਦਿਖਾਉਣਾ...................210
ਚੋਰਾਂ ਨੂੰ ਸਿੱਧੇ ਰਸਤੇ ਪਾਉਣਾ...........................................................................211
ਦੁੱਧ ਆ ਰਿਹਾ...........................................................................................212
ਲੜਕਾ ਤੁਹਾਡੀ ਗਰੀਬੀ ਕੱਟੇਗਾ.........................................................................212
ਮਹਾਰਾਜ ਸਰਵਣ ਦਾਸ ਜੀ ਦਾ ਅਲੋਪ ਹੋਣਾ.....................................................213
ਸ਼੍ਰੀ ਨਾਮਦੇਵ ਜੀ ਨੂੰ ਜ਼ਮੀਨ ਬਖਸ਼ਿਸ਼ ਕਰਨਾ.......................................................214
ਨਾਮਦੇਵ ਦੇ ਪਰਿਵਾਰ ਨੂੰ ਚੋਰਾਂ ਤੋਂ ਬਚਾਉਣਾ......................................................214
ਸੰਤ ਗਰੀਬ ਦਾਸ ਮਹਾਰਾਜ ਜੀ ਨੇ ਫੌਜੀ ਬਲਵੀਰ ਦੀ ਰੱਖਿਆ ਕਰਨੀ...........................215
ਪਿੰਡ ਪੰਡੋਰੀ ਤੇ ਕਿਰਪਾ ਕਰਨੀ........................................................................216
ਕੱਚੀ ਲੱਸੀ...................................................................................................217
ਸੰਤ ਹਰੀ ਦਾਸ ਜੀ ਮਹਾਰਾਜ ........................................................................217
ਤੂੰ ਬਸ ਕਰ ਨਹੀ ਕਹਿਣਾ ...........................................................................218
ਜਦੋਂ ਅਲੂਣੀ ਸਿਲ੍ਹ ਦਾ ਵੀ ਮੁੱਲ ਪਿਆ ...........................................................220
ਅੱਖਾਂ ਦਾ ਇਲਾਜ ਕਰਨਾ...............................................................................222
ਸਾਨੂੰ ਤਾਂ ਤੇਰੇ ਚੁਬਾਰੇ ਪਏ ਦਿਸਦੇ ਹਨ ............................................................ 222
ਹੀਰੇ ਨਾਲ ਹੋਈ ਸਾਖੀ ..............................................................................223
ਨਿਆਸਰਿਆ ਦੇ ਆਸਰੇ.............................................................................. 224
ਵੈਦਾਂ ਦੇ ਵੈਦ...............................................................................................225
ਕਿਉਂ ਪੁੱਤਰਾਂ ਆ ਗਿਆ ਬਚ ਕੇ ?.................................................................226
ਸ਼੍ਰੀ ਚਾਨਣ ਰਾਮ ਤੇ ਕ੍ਰਿਪਾ ਕਰਨੀ ...............................................................228
ਮੈਨੂੰ ਬੰਦੇ ਦੀ ਜੂਨੇ ਪਾ ਦਿਓ ਜੀ ...................................................................228

ਰੱਖਣ ਹਾਰ ਸਤਿਗੁਰੂ ....229
ਡਰ ਦੂਰ ਕਰਨਾ....230
ਪ੍ਰਮਾਣ ਤੇ ਪ੍ਰਤੱਖ....231
ਮੂੰਗਫਲੀ ਦੀ ਰਾਖੀ ....232
ਸ਼੍ਰੀ ਚਾਨਣ ਰਾਮ ਦੇ ਫਿਕਰ ਦਾ ਅੰਤ ਕਰਨਾ ....233
ਅੱਧੀ ਰਾਤ ਦਾ ਸੁਨੇਹਾ ....234
ਮਾਇਆ ਸੰਤਾਂ ਦੀ ਦਾਸੀ ....234
ਸੌ ਰੁਪਏ ਤੋਂ ਚਾਰ ਸੌ ਹੋ ਜਾਣਾ ....235
ਸ. ਪਾਖਰ ਜੀ ਦਾ ਸੂਬੇਦਾਰ ਬਣਨਾ ....236
ਦਰਦ ਦਾ ਇਲਾਜ ਅਤੇ ਹੋਰ ਦਾਤਾਂ ....237
ਸ. ਲੈਂਬਰ ਸਿੰਘ ਨੂੰ ਚਰਨੀ ਲਾਉਣਾ ....238
ਸ. ਲੈਂਬਰ ਸਿੰਘ ਦੀ ਪਤਨੀ ਅਤੇ ਬੱਚਿਆ ਦੀ ਰੱਖਿਆ ਕਰਨੀ ....240
ਸਾਡੇ ਵਲੋਂ ਭਾਵੇਂ ਖੀਰ ਬਣਾ ਲਓ....241
ਲੰਗਰ ਦਾ ਅਮੁੱਕ ਭੰਡਾਰ....242
ਪੁੱਤਰਾਂ ਦੀ ਦਾਤ ਬਖਸ਼ਣੀ ....243
ਘੋੜੇ ਦੀ ਦੌੜ ਤੇ ਪੈਦਲ ਦੌੜ....244
ਇਹੋ ਦਿਨ ਹੀ ਸ਼ੁੱਭ ਹੈ....244
ਸੰਤਾਂ ਦਾ ਵਚਨ ਨਾ ਮੰਨਣਾ ....245
ਡੁਬਣੋਂ ਬਚਾਉਣਾ ....247
ਇਹਨੇ ਤਾ ਠੀਕ ਹੋ ਜਾਣਾ ....247
ਬੀਬੀ ਅਸੀ ਡੇਰੇ ਚ ਹੀ ਰਹਿੰਦੇ ਆਂ ....249
ਬੀਬੀ ਤੇਰਾ ਬੱਚਾ ਖੇਡਣ ਗਿਆ ਹੈ....249
ਲੁੱਟੇ ਹੋਏ ਪੈਸੇ ਵਾਪਿਸ ਆਉਣੇ....250
ਇਹਨਾ ਨੂੰ ਸ਼ਰਬਤ ਪਿਲਾਉ....251
ਜੰਗ ਵਿੱਚ ਰੱਖਿਆ ਕਰਨੀ ....252
ਅਸੀ ਤੁਹਾਡੇ ਨਾਲ ਹਾਂ ....254
ਇਥੇ ਕੋਠੀਆਂ ਪੈਣਗੀਆਂ....255
ਤੁਹਾਡਾ ਉਹ ਕੰਮ ਤਾਂ ਹੋ ਜਾਣਾ ਚਾਹੀਦਾ ਸੀ....256
ਬਾਬਾ ਸਾਵਣ ਸਿੰਘ ਡੇਰਾ ਬਿਆਸ ਜੀ ਦਾ ਜੋਤੀ ਜੋਤ ਸਮਾਉਣਾ....257
ਜਾਹ ਬਿਆਸ ਚਲਾ ਜਾ ....258
ਗੱਡੀ ਉਤੋਂ ਦੀ ਲੰਘ ਗਈ ....259
ਬਿਮਾਰੀ ਦਾ ਇਲਾਜ਼....260
ਸਾਲ ਬਾਅਦ ਅਇਓ....260
ਇਹਨਾਂ ਵਿੱਚੋਂ ਦੋ ਤਿੰਨ ਰੁਪਈਏ ਹੋਰ ਪਾ ਕੇ ਸ਼ਰਾਬ ਲੈ ਲਿਉ....262
ਸੰਖ ਵੱਜਣਾ....263
ਜੋ ਮਹਾਰਾਜ ਜੀ ਨੇ ਦਿਖਾਇਆ ਉਹ ਸਭ ਬਣ ਗਿਆ ....263
ਅਟੱਲ ਬਚਨ....264

ਸ਼੍ਰੀ ਮਾਨ ਬੰਗੜ ਜੀ ਤੇ ਮਹਾਰਾਜ ਜੀ ਦੀ ਅਪਾਰ ਕ੍ਰਿਪਾ ....................................................264
ਮਨ ਦੀ ਬੁੱਝਣੀ....................................................................................................266
ਗੁਰੂ ਧਾਰਨਾ ....................................................................................................267
ਟਾਂਡੇ ਵਾਲਿਆ ਦੇ ਲੱਡੂ ਆਉਣੇ ਵਾਲੇ ਹਨ..........................................................268
**You Are Intire In THE U.K**.............................................................................270
ਜ਼ਮੀਨ ਬਖਸ਼ਿਸ ਕਰਨੀ ......................................................................................270
ਉਹਨਾਂ ਨੇ ਤੈਨੂੰ ਮਾਰ ਦੇਣਾ ਸੀ .........................................................................272
ਮਹਾਰਾਜ ਜੀ ਨੇ ਗੰਗਾ ਦੇ ਦਰਸ਼ਣ ਕਰਾਉਣੇ.........................................................273
ਚਾਹ ਪੀ ਕੇ ਘਰ ਨੂੰ ਜਾ ਉਏ...............................................................................274
ਸਤਿਗੁਰਾਂ ਦੀ ਹਵਾ ਵਿੱਚ ਸਮਾਧੀ ......................................................................275
ਸੂਲੀ ਤੋਂ ਸੂਲ਼ ਬਣਾਉਂਣਾ ....................................................................................276
ਸ਼੍ਰੀ ਚੰਨਣ ਸਿੰਘ ਨੂੰ ਬਚਾਉਣਾ .........................................................................277
ਲ਼ਵਾ ਲਓ ਬਈ ਜਿਹੜਾ ਸਾਡੇ ਕੋਲੋਂ ਬੰਨ੍ਹ ਲਵਾਉਣਾ ..............................................277
ਹੁਣ ਤੂੰ ਪਾਸ ਕਰ ਗਈ ......................................................................................278
ਕੁੜੇ ਉਹ ਠੀਕ ਠਾਕ ਹੈ ......................................................................................279
ਸੇਵਕਾਂ ਦੀ ਵਿਦੇਸ਼ ਵਿੱਚ ਰੱਖਿਆ ਕਰਨਾ ............................................................280
ਸੁੱਕੀਆ ਫਸਲਾਂ ................................................................................................281
ਉਏਂ ਤੂੰ ਡੋਲਿਆ ਕਿਉ ਸੀ ..................................................................................281
ਸੰਤ ਹਰੀ ਦਾਸ ਜੀ ............................................................................................282
ਸੰਤ ਹਰੀ ਦਾਸ ਜੀ ਵਲੋਂ ਬੀਬੀ ਪਰਮਜੀਤ ਦੀ ਸ਼ੰਕਾਂ ਨਵਿਰਤ ਕਰਨੀ.......................283
ਇਹਨਾਂ ਨੂੰ ਪੁੱਤਰ ਵੀ ਦੇਣੇ ਪੈਣੇ ਨੇ......................................................................284
ਦੱਸ ਤੈਨੂੰ ਕਿਥੋ ਭੁਲਦਾ ਹੈ .................................................................................285
ਤੁਸੀ ਫੈਕਟਰੀ ਬੰਦ ਨਾ ਕਰੋ...............................................................................286
ਜਦੋਂ ਸਮਾਧੀ ਲਾ ਕੇ ਯਾਦ ਕਰੇਂਗਾ ,ਉਦੋ ਹੀ ਦਰਸ਼ਣ ਦਿਆਂਗੇ..............................287
ਇਹ ਬੱਚੇ ਧੋਖਾ ਦੇਣਗੇ .....................................................................................288
ਤੇਰੇ ਪਤਾਸੇ ਵੀ ਖਾਵਾਂਗੇ ...................................................................................289
ਰਿੱਧ-ਸਿੱਧ ਨਾਮੇਂ ਕੀ ਦਾਸੀ ..............................................................................289
ਲੜਕਾ ਤਾਂ ਅਸੀਂ ਆਪ ਕੁੱਟਿਆ ..........................................................................290
ਅੱਜ ਚੋਰਾਂ ਨੇ ਆਉਣਾ ਹੈ ..................................................................................291
ਅੱਜ ਮਿਸਤਰੀ ਦਲੀਪ ਸਿੰਘ ਜੀ ਨੇ ਆਉਣਾ ਹੈ ......................................................292
ਹੁਣ ਤੁਹਾਨੂੰ ਦੁੱਧ ਮੰਗਣ ਦੀ ਲੋੜ ਨਹੀ...............................................................293
ਬੋਹ ਹਮਾਰੀ ਭੂਲ ਥੀ.........................................................................................293
ਤੁਸੀ ਅੰਤਰਮੁਖੀ ਸੰਤ ਹੋ ਹਮ ਬਾਹਰਮੁੱਖੀ ..........................................................294
ਸ਼੍ਰੀ ਸੀਤਲ ਦਾਸ ਜੀ ਬੂਟਾ ਮੰਡੀ ਵਾਲਿਆਂ ਦੁਆਰਾ ਅੱਖੀ ਦੇਖਿਆ ਕੌਤਕ...................295
ਮਹਾਰਜ ਜੀ ਦਾ ਅਚਾਨਕ ਅਲੋਪ ਹੋਣਾ................................................................295
ਫੁਰਨੇ ਤੇ ਹਾਜ਼ਿਰ ਹੋਣਾ ....................................................................................296
ਕਿਰਪਾਨ ਵਾਲਾ ਭਾਈ ......................................................................................296

ਪਾਗਲ ਦਾ ਇਲਾਜ ....................................................................297
ਪਾਗਲ ਔਰਤ ਦਾ ਠੀਕ ਹੋਣਾ............................................................297
ਮੇਰੇ ਮਨ ਦੀ ਮੁਰਾਦ ਪੂਰੀ ਕਰਨੀ ...................................................298
ਗਰਮ ਪਾਣੀ ਤੇ ਕੀੜੇ ਮਕੌੜੇ .........................................................298
ਤਨ ਦੇ ਹੀ ਕੱਪੜੇ ਉਤਾਰਨੇ............................................................299
ਮਿਲਾਵਟ ਦੀ ਕਮਾਈ ..................................................................299
ਸ਼ਾਦੀ ਵਿੱਚ ਪ੍ਰਗਟ ਹੋਣਾ ..............................................................300
ਇੱਕ ਹੋਰ ਯਾਤਰੂ ਗੱਡੀ ਦਾ ਆ ਜਾਣਾ .............................................301
ਚਲੇ ਸਭ ਨੇ ਜਾਣਾ ਹੈ ...................................................................302
ਮਹਾਰਾਜ ਜੀ ਦੁਆਰਾ ਵਿਰਾਟ ਰੂਪ ਦਿਖਾਉਣਾ.....................................302
ਚੋਰੀ ਸ਼ੱਕਰ, ਘਿਉ ਖਾਣ ਮਹਾਰਾਜ ਜੀ ਨੂੰ ਪਤਾ ਹੋਣਾ ...........................303
ਸ. ਭਗਤ ਸਿੰਘ ਮੱਲ ਜੀ ਆਪਣੀ ਜੁਬਾਨੀ ਸਤਿਗੁਰੂ ...........................304
ਸਿਰ ਉਪਰ ਬਾਟੀਆ ਦੀ ਭਰੀ ਬੋਰੀ ਰੱਖਣੀ .......................................304
ਸ਼੍ਰੀ ਮਾਨ ਮਹਿੰਗਾ ਰਾਮ ਬਿਰਤਾਤ, ਬਰਨਾਲਾ (ਨਵਾ ਸ਼ਹਿਰ)..................305
ਫਿਰ ਸ਼ਰਾਬ ਨਹੀਂ ਪੀਣੀ ..............................................................306
ਬੱਚਾ ਕਹੇ ਸਾਇਕਲ ਦੇ ਡੰਡੇ ਤੇ ਬਹਿਣਾ ਹੈ ........................................307
ਸਮੁੰਦਰ ਪੀ ਕੇ ਖੁਸ਼ਕ ਰੱਖੀਦਾ ......................................................309
ਅੱਜ ਰੂਹਾਂ ਸੱਚ ਖੰਡ ਜਾਣਗੀਆਂ....................................................310
ਮੁਕੱਦਮਾ ਤੇਰੇ ਹੱਕ ਵਿੱਚ ਹੋਵੇਗਾ ..................................................311
ਮੇਰੇ ਗੁਰੂ ਸਰਵਣ ਦਾਸ ਜੀ ਆ ਗਏ ਹਨ..........................................312
ਸਤਿਗੁਰ ਆਪਣੇ ਸੇਵਕਾਂ ਦੇ ਕਾਰਜ ਆਪ ਸੰਵਾਰਦੇ ਹਨ.......................313
ਤੇਰੇ ਬਲਦ ਵਾਪਸ ਆ ਜਾਣੇ ਹਨ....................................................314
ਪੂਰਨ ਸੰਤਾਂ ਦੇ ਬੋਲ ਵੀ ਪੂਰਨ ਹੁੰਦੇ ਹਨ..........................................315
ਤੇਰਾ ਸਦਾ ਲਈ ਉਦਾਰ ਹੋ ਗਿਆ ਹੈ ............................................316
ਪ੍ਰਭੂ ਜੀ ਬਸਹਿ ਸਾਧ ਕੀ ਰਸਨਾ ...................................................317
ਕਿਰਪਾ ਕਰਨੀ .........................................................................318
ਗਰਦਨ ਦੀ ਖਿੱਚ ਬਿਮਾਰੀ ਨੂੰ ਠੀਕ ਕਰਨਾ ......................................318
ਰੇਲਵੇ ਦੇ ਸਾਰੇ ਐਵਾਰਡ ਮਿਲਣੇ....................................................319
ਬੱਚਿਆ ਦੀ ਪੜ੍ਹਾਈ ਤੇ ਉਠੇ..........................................................320
ਤੁਸੀ ਨਹਿਰ ਵੱਲ ਦੀ ਨਾ ਜਾਇਓ..................................................321
ਜਿਥੇ ਜਿਥੇ ਖੂੰਡੀ ਘੁਮਾਵਾਗੇ ਉਹ ਜ਼ਮੀਨ ਤੁਹਾਡੀ ਹੋਵੇਗੀ ...................321
ਰਾਜ ਕੁਮਾਰ ਠੀਕ ਹੋ ਜਾਵੇਗਾ ......................................................322
ਦੋ ਨੰਬਰ ਦੀ ਨਾ ਖਾਈ -ਮਾਲਕ ਬਹੁਤ ਦੇਵੇਗਾ ...............................323
ਅਸੀ ਵੀ ਸਾਰੀ ਰਾਤ ਸੁੱਤੇ ਨਹੀ ....................................................324
ਤੇਰੇ ਤੇ ਸਾਰੇ ਗ੍ਰਹਿ ਕੱਟੇ ਗਏ ......................................................324
ਅਸੀ ਤਾਂ ਸਭ ਦੇ ਪਾਰ ਉਤਾਰੇ ਉਤਾਰੇ ਕਰਨੇ ਹਨ ............................ 325
ਬੀਬੀ ਸਾਰੇ ਵਚਨ ਪੂਰੇ ਨਾ ਹੋਏ ਤਾਂ ਕੁਟਿਆ ਨਾ ਆਈ .........................326

ਬੀਬੀ ਗੁਰਦੀਪ ਕੌਰ ਨੂੰ ਲੜਕੇ ਦੀ ਦਾਤ ਬਖਸ਼ਿਸ਼ ਕਰਨਾ......................................326
ਮਹਾਰਾਜ ਜੀ ਦਾ ਖੀਸੇ ਵਿੱਚੋ ਸੇਬ ਪ੍ਰਗਟ ਕਰਨਾ..................................................327
ਸੁੰਮਨ ਪ੍ਰੀਵਾਰ ਤੇ ਸੰਤਾਂ ਦੀ ਰਹਿਮਤ ਹੋਣੀ ......................................................328
ਤੈਨੂੰ ਸਭ ਨਮਸਕਾਰਾਂ ਕਰਨਗੇ..........................................................................331
ਇਹ ਲੜਕੀਆਂ ਉੱਚੀ ਤਾਲੀਮ ਪ੍ਰਪਤ ਕਰਨਗੀਆ ..............................................332
ਸ਼੍ਰੀ ਗੁਰਨਾਮ ਚੰਦ ਸੁੰਮਨ ਜੀ ਨੂੰ ਪੁੱਤਰ ਦੀ ਦਾਤ ਬਖਸ਼ਿਸ਼ ਕਰਨਾ ....................................332
ਮਰੇ ਹੋਏ ਬੱਚੇ ਨੂੰ ਜੀਵਨ ਦਾਨ ਬਖਸ਼ਣਾ.........................................................334
ਸਾਨੂੰ ਵੀ ਰੱਬ ਦੇ ਦਰਸ਼ਣ ਕਰਾ ਦਿਓ...............................................................337
ਸ਼੍ਰੀ ਗੁਰਨਾਮ ਚੰਦ ਜੀ ਦੱਸਦੇ ਹਨ .....................................................................338
ਸਤਿਗੁਰੂ ਸਰਵਣ ਦਾਸ ਜੀ ਦੀ ਸੇਠ ਲਛਮਣ ਦਾਸ ਉੱਤੇ ਕਿਰਪਾ ..............................338
ਸੇਠ ਲਛਮਣ ਨੂੰ ਪੋਤਰਿਆਂ ਦੀ ਦਾਤ ਦੇਣੀ .......................................................341
ਸ਼੍ਰੀ ਸਾਧੂ ਰਾਮ ਹੀਰ ਤੇ ਕਿਰਪਾ ਕਰਨੀ .........................................................342
ਬੀਬੀ ਰੱਖੀ ਤੇ ਕਿਰਪਾ ਕਰਨੀ ......................................................................343
ਬੀਬੀ ਗੁਰਮੀਤ ਕੌਰ ਦੀ ਇੱਛਾ ਪੂਰੀ ਕਰਨੀ ......................................................344
ਸ਼੍ਰੀ ਸਤਨਾਮ ਸਿੰਘ ਜੀ ਤੇ ਕਿਰਪਾ ਕਰਨੀ .........................................................344
ਸ਼੍ਰੀ ਮੰਗੂ ਰਾਮ ਜੀ ਤੇ ਕਿਰਪਾ ਕਰਨੀ ............................................................345
ਲੰਗਰ ਦਾ ਪ੍ਰਬੰਧ ਹੋਣਾ...................................................................................345
ਮਹਾਰਾਜ ਜੀ ਦੇ ਅਲੌਕਿਕ ਕਰਿਸ਼ਮੇ ਕਰਨੇ ......................................................345
ਸ. ਹਰਭਜਨ ਸਿੰਘ ਤੇ ਕਿਰਪਾ ਕਰਨੀ ...........................................................346
ਦੁਬਾਰਾ ਇਹ ਕੰਮ ਨਹੀਂ ਕਰਨਾ ....................................................................346
ਸ਼੍ਰੀ ਚਮਨ ਲਾਲ ਚੋਪੜਾ ਅਤੇ ਪਰਿਵਾਰ ਦੀ ਰੱਖਿਆ ਕਰਨੀ ....................................346
ਸ਼੍ਰੀ ਅਮਰ ਦਾਸ ਭੁੱਟਾ ਤੇ ਕਿਰਪਾ ਕਰਨੀ ..........................................................347
ਫਲ ਆਪਣੇ ਬੱਚਿਆ ਨੂੰ ਦੇ ਦਿਓ ....................................................................347
ਸ਼੍ਰੀ ਸਵਰਨ ਦਾਸ ਬੰਗੜ ਤੇ ਕਿਰਪਾ ਕਰਨੀ ........................................................348
ਸ਼੍ਰੀ ਰੋਣਕੀ ਰਾਮ ਜੀ ਦੇ ਦਿਲ ਦੀ ਬੁਝਣੀ...........................................................348
ਬੀਬੀ ਕਰਤਾਰ ਕੌਰ ਦੀ ਉਮਰ ਵਧਾਉਣੀ ..........................................................349
ਜਾਣੀ ਜਾਣ ਸਤਿਗੁਰੂ.....................................................................................349
ਤੁਹਾਡੀ ਗਰੀਬੀ ਹੱਟ ਜਾਵੇਗੀ..........................................................................349
ਅਟੱਲ ਬਚਨ.................................................................................................350
ਇਸ ਲੜਕੀ ਨੇ ਤੁਹਾਨੂੰ ਤਾਰਨਾ ਹੈ....................................................................350
ਆਪਣੇ ਸੇਵਕਾਂ ਦੇ ਆਪ ਰਖਵਾਲੇ.....................................................................351
ਸ਼੍ਰੀ ਗੁਰਦਾਸ ਰਾਮ ਜੀ ਦਾ ਅੰਤਿਮ ਸਮਾਂ .........................................................351
ਸ਼. ਪੂਰਨ ਸਿੰਘ ਦੇ ਪਰਿਵਾਰ ਤੇ ਕਿਰਪਾ ਕਰਨੀ ..................................................252
ਸ਼੍ਰੀ ਪਾਲ ਚੰਦ ਜੀ ਦੇ ਦੁੱਖਾਂ ਦੀ ਨਵਿਰਤੀ ਕਰਨੀ ..................................................353
ਸੁਖਵਿੰਦਰ ਲਾਲ ਦੇ ਕਾਰਜ ਰਾਸ ਕਰਨੇ..........................................................354
ਮਨ ਦੀ ਗੱਲ ਬੁਝਣੀ ..................................................................................355
ਸ.ਸਵਰਨ ਸਿੰਘ ਨੂੰ ਬਚਾਉਣਾ .......................................................................355

ਸੰਤ ਨਾ ਮਰਦੇ........................................................................355
ਸੇਵਕ ਦਾ ਵਿਸ਼ਵਾਸ..................................................................356
ਸੰਗਤਾਂ ਦਾ ਪਿਆਰ ਸੰਤਾਂ ਨੂੰ ਖਿੱਚ ਲੈਂਦਾ ਹੈ.......................................................356
ਬਿਰਥੀ ਨਾ ਜਾਇ ਜਨ ਕੀ ਅਰਦਾਸ...........................................................357
ਲਾਲ ਪੈਰਾਂ ਵਿੱਚ ਨਹੀਂ ਰੋਲੀਦੇ ..................................................................358
ਸ਼੍ਰੀ ਕਰਮ ਚੰਦ ਬੀਬੀ ਨਿਰਮਲ ਕੌਰ ਨੂੰ ਬੱਚਿਆ ਦੀ ਦਾਤ ਬਖਸ਼ਿਸ਼ ਕਰਨੀ ...............359
ਸ਼੍ਰੀ ਸੰਸਾਰ ਚੰਦ ਨੂੰ ਅਫਸਰ ਬਨਾਉਣਾ..................................................359
ਸ਼੍ਰੀ ਲਖਮੀ ਦਾਸ ਜੀ ਦੀ ਰੱਖਿਆ ਕਰਨੀ ................................................359
ਬੀਬੀ ਵਿੱਦਿਆ ਜੀ ਦੀ ਮਨੋਕਾਮਨਾ ਪੂਰਨ ਕਰਨੀ......................................360
ਸੰਤ ਹਰੀ ਦਾਸ ਜੀ ਵਲੋਂ ਕੁੰਡਾ ਖੜਕਾਉਣਾ..........................................360
ਵਰਤ ਨਹੀ ਰੱਖਣੇ ...................................................................361
ਬਾਹਰ ਜਾ ਕੇ ਸਾਨੂੰ ਚਿੱਠੀ ਪਾਈ ......................................................361
ਸ਼੍ਰੀ ਸਤਪਾਲ ਜੀ ਦੀ ਰੱਖਿਆ ਕਰਨੀ ....................................................361
ਇਥੋਂ ਹੀ ਸੜਕਾਂ ਬਣਾਉਦਾ ਜਾਹ........................................................361
ਸੋਖਾ ਕੰਮ ਮਿਲੂਗਾ ................................................................362
ਅਧਿਆਤਮਕ ਮਾਰਗ.................................................................362
ਪ੍ਰਤੱਖ ਦਰਸ਼ਣ ....................................................................363
ਦੋ ਹਫ਼ਤੇ ਰੁੱਕ ਜਾਓ ..............................................................363
ਮਹਾਰਾਜ ਜੀ ਦਾ ਅਲੋਪ ਹੋਣਾ ..........................................................363
ਕਾਕਿਆ ਨੂੰ ਪਿਆਰ ...............................................................364
ਛੇਕੜਲੇ ਮੇਲੇ.......................................................................364
ਪੈਸੇ ਨਹੀ ਮੁੱਕਣਗੇ...................................................................364
ਸ਼੍ਰੀ ਧਰਮ ਪਾਲ ਜੀ ਤੇ ਕਿਰਪਾ ਕਰਨੀ...................................................365
ਸ਼੍ਰੀ ਧਰਮ ਪਾਲ ਜੀ ਦੀ ਰੱਖਿਆ ਕਰਨੀ..............................................365
ਉੱਚੇ ਅਹੁੱਦੇ.......................................................................365
ਫਲਾਈਟ ਸਾਡਾ ਇੰਤਜਾਰ ਕਰ ਰਹੀ ਹੈ ..................................................366
ਔਲਾਦ ਦੀ ਬਖਸ਼ਿਸ਼ ..............................................................366
ਔਲਾਦ ਦੀ ਬਖਸ਼ਿਸ਼ ਕਰਨੀ ...........................................................366
ਘਰ ਲੈ ਜਾਓ ਠੀਕ ਹੋ ਜਾਊ.........................................................367
ਦਿੱਲੀ ਤੋ ਹੀ ਇੰਗਲੈਂਡ ਚਲੇ ਜਾਓ..................................................367
ਗੁਰੂ ਰਵਿਦਾਸ ਜੀ ਦਾ ਮੰਦਿਰ ਇੱਥੇ ਬਣੇਗਾ..........................................367
ਬੱਚਿਆਂ ਦੀ ਦਾਤ ਬਖਸ਼ਣਾ...........................................................368
ਡੇਰਾ ਬੱਲਾਂ ਵਿਖੇ ਦਲਿਤ ਚੇਤਨਾ ਕੰਨਫਰੰਸ.............................................368
ਨਿਰੰਜਣ ਤੇ ਕਿਰਪਾ ਕਰਨੀ...........................................................381
ਸ਼੍ਰੀ ਕ੍ਰਿਪਾ ਰਾਮ ਦੇ ਮਨ ਦੀ ਗੱਲ ਬੁਝਣੀ............................................381
ਮਹਾਰਾਜ ਜੀ ਕੌਮ ਬਾਰੇ ਚਿੰਤਤ ਸਨ....................................................381
ਆਪਣੇ ਸੇਵਕਾਂ ਦੀ ਰੱਖਿਆਂ ਕਰਨੀ.....................................................382

ਬਲਦੇਵ ਨੂੰ ਜੀਵਨ ਦਾਨ ਬਖਸ਼ਣਾ....................................................382
ਸ਼੍ਰੀ ਦਰਸ਼ਨ ਲਾਲ ਨੂੰ ਜਲੇਬੀਆਂ ਖਵਾਉਣੀਆਂ..........................................382
ਸੰਤ ਹਰਵਿੰਦਰ ਦਾਸ ਜੀ ਦੀ ਜਾਨ ਬਚਾਉਣੀ..........................................383
ਤੇਰਾ ਕੋਈ ਕੰਮ ਨਹੀ ਰੁਕੇਗਾ.........................................................383
ਤੇਰੇ ਪੰਜ ਬੱਚੇ ਹੋਣਗੇ.............................................................383
ਔਲਾਦ ਦੀ ਬਖਸ਼ਿਸ਼ ਕਰਨੀ ........................................................384
ਮਾਰਨ ਆਏ ਭੁੱਲਾਂ ਬਖਸ਼ਾ ਕੇ ਗਏ .................................................. 384
ਅੱਜ ਰਾਤ ਦੀ ਤਾਂ ਸਾਰੀ ਗੱਲ ਆ .................................................. 384
ਸਤਿਗੁਰੂ ਦਿਲਾਂ ਦੀਆ ਜਨਣ ਵਾਲੇ ਸਨ..............................................385
ਤੈਨੂੰ ਮਿਲੇਗੀ.....................................................................386
ਔਲਾਦ ਦੀ ਬਖਸ਼ਿਸ਼ ਕਰਨੀ ........................................................386
ਸਤਿਗੁਰ ਆਪਣੇ ਪਿਆਰਿਆਂ ਦੀ ਰੱਖਿਆਂ ਆਪ ਕਰਦੇ ਹਨ ....................................386
ਸ.ਜਗੀਰ ਸਿੰਘ ਲੰਬੜਦਾਰ ਸੁੱਚੀ ਪਿੰਡ ਵਾਲਿਆਂ ਵੱਲੋਂ ਸੰਤਾਂ ਦੇ ਬਚਨਾਂ ਤੇ ਫੁੱਲ ਚੜ੍ਹਾਉਣੇ............... 387
ਸੱਚੇ ਦਿਲੋਂ ਕੀਤੀ ਅਰਦਾਸ ਬਿਰਥੀ ਨਹੀਂ ਜਾਂਦੀ ............................................ 388
ਪੁਸਤਕ ਸੂਚੀ ....................................................................389

# ਦੋ ਸ਼ਬਦ

**ਕਹਿ ਰਵਿਦਾਸ ਭਜ ਹਰਿ ਨਾਮ।**
**ਪ੍ਰਭ ਸੋ ਧਿਆਨ ਸਫਲ ਸਭ ਕਾਮ॥**

ਧੰਨ ਧੰਨ ਜਗਤਗੁਰੂ ਰਵਿਦਾਸ ਜੀ ਮਹਾਰਾਜ ,ਜਿਨਾਂ ਨੇ ਇਸ ਸੰਸਾਰ ਵਿੱਚ ਆ ਕੇ ਸਭ ਜੀਵਾਂ ਨੂੰ ਭੇਦ ਭਾਵ ਅਡੰਬਰਾਂ ਤੋ ਮੁਕਤ ਹੋ ਕੇ ਮਾਨਵ ਪ੍ਰੇਮ ,ਹਰਿ ਦੇ ਸਿਮਰਨ ਕਰਨ ਦੇ ਪਾਵਨ ਉਪਦੇਸ਼ ਬਖਸ਼ਿਸ਼ ਕੀਤੇ ।ਜਿਥੇ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਨੇ ਸਦੀਆਂ ਤੋਂ ਪੀੜਤ ਸਮਾਜ ਵਿੱਚ ਆ ਕੇ ਇਸ ਦੇ ਸਾਰੇ ਬੰਧਨ ਕੱਟੇ ਉਥੇ ਨਾਲ ਹੀ ਨਾਲ ਮਾਨਵ ਵਿਰੋਧੀਆ ਨੂੰ ਵੀ ਸੱਤ ਉਪਦੇਸ਼ ਕਰਕੇ :

**ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥**

ਦੇ ਉਪਦੇਸ਼ ਰਾਹੀਂ ਵਿਸ਼ਵ ਭਾਈਚਾਰਾ ਦਾ ਪਾਵਨ ਉਪਦੇਸ਼ ਦਿੱਤਾ,ਉਥੇ ਨਾਲ ਨਾਲ ਪੂਰੇ ਵਿਸ਼ਵ ਨੂੰ ਬੇਗਮਪੁਰਾ ਵਤਨ ਬਣਾਉਣ ਦਾ ਵੀ ਸੰਕਲਪ ਦਿੱਤਾ।ਐਸੇ ਮਹਾਨ ਕ੍ਰਾਂਤੀਕਾਰੀ ਜਗਤਗੁਰੂ ਰਵਿਦਾਸ ਜੀ ਦਾ ਆਗਮਨ ਮਾਘ ਸੁਦੀ ਪੰਦ੍ਰਾਸ 1377 ਈਸਵੀ (1433 ਬਿਕਰਮੀ ਸੰਮਤ) ਨੂੰ ਸੀਰ ਗੋਵਰਧਨਪੁਰ,ਵਾਰਾਨਸੀ ਸਤਿਕਾਰਯੋਗ ਪਿਤਾ ਸ਼੍ਰੀ ਸੰਤੋਖ ਦਾਸ ਜੀ,ਸਤਿਕਾਰਯੋਗ ਮਾਤਾ ਕਲਸੀ ਜੀ ਦੇ ਗ੍ਰਿਹ ਵਿਖੇ ਹੋਇਆ।ਆਪ ਜੀ ਨੇ ਸਮਾਨਤਾ ਸਥਾਪਿਤ ਕਰਨ ਲਈ ਚੌਹਾਂ ਯੁੱਗਾਂ ਦੇ ਜੰਜੂ ਮਾਘ ਦੀ ਸੰਗਰਾਂਦ ਨੂੰ ਦਿਖਾ ਕੇ ਬਾਅਦ ਵਿਚ ਸੂਤ ਦਾ ਜਨੇਊ ਵੀ ਉਤਾਰ ਦਿੱਤਾ।ਵਿਸਾਖੀ ਦੇ ਇਤਿਹਾਸਕ ਪੁਰਬ ਤੇ ਗੰਗਾ-ਘਾਟ 'ਤੇ ਪੱਥਰ ਤਰਾਏ ਅਤੇ ਰਾਜਾ ਕੁੰਭਾ ਅਤੇ ਰਾਣੀ ਝਾਲਾਂ ਬਾਈ ਦੇ ਦਰਬਾਰ ਵਿਚ ਅਨੇਕਾਂ ਰੂਪ ਧਾਰਣ ਕਰਕੇ ਸੰਗਤ-ਪੰਗਤ ਦੀ ਪ੍ਰਥਾ ਸ਼ੁਰੂ ਕੀਤੀ।ਆਪ ਜੀ ਨੇ ਜੀਵਨ ਦਾ ਬਹੁਤ ਵੱਡਾ ਹਿੱਸਾ ਉਦਾਸੀਆਂ ਕਰਕੇ ਸਭ ਜੀਵਾਂ ਨੂੰ ਸਤ-ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ। ਆਪ ਜੀ ਦੇ ਚਰਨ ਕਮਲਾਂ ਵਿੱਚ ਅਣਗਿਣਤ ਰਾਜੇ ਮਹਾਰਾਜੇ ਅਤੇ ਸਾਰੇ ਵਰਗਾਂ ਦੇ ਲੋਕ ਆਣ ਝੁਕੇ।ਹਾੜ੍ਹ ਦੀ ਸੰਗਰਾਂਦ 1584 ਬਿਕਰਮੀ ਸੰਮਤ 1528 ਈ. ਨੂੰ ਬਨਾਰਸ ਵਿਖੇ ਜੋਤੀ ਜੋਤ ਸਮਾਏ।ਜਗਤਗੁਰੂ ਰਵਿਦਾਸ ਜੀ ਨੂੰ ਭਗਤੀ ਦਾ ਸਿਰਮੌਰ ਸਮਝਦੇ ਹੋਏ ਸਤਿਗੁਰੂ ਕਬੀਰ ਸਾਹਿਬ ਜੀ ਫਰਮਾਉਂਦੇ ਹਨ:

**ਸਾਧਨ ਮੇਂ ਰਵਿਦਾਸ ਸੰਤ ਹੈ ਸੁਪਚ ਰਿਸੀ ਸੋ ਮਾਨਿਆ।**
**ਹਿੰਦੂ ਤੁਰਕ ਦੁਈ ਦੀਨ ਬਨੇ ਹੈ ਕਛੂ ਨਹੀਂ ਪਹਿਚਾਨਿਆ॥**

ਭਾਵ-ਸੰਤਾਂ ਵਿੱਚ ਮਹਾਨ ਸੰਤ ਗੁਰੂ ਰਵਿਦਾਸ ਮਹਾਰਾਜ ਜੀ ਹਨ,ਜਿਨ੍ਹਾਂ ਨੂੰ

ਦੁਨੀਆਂ ਇੱਕ ਮਹਾਨ ਰਿਸ਼ੀ ਮੰਨਦੀ ਹੈ। ਤਤਕਾਲੀ ਸਮੇਂ ਦੇ ਹਿੰਦੂ ਅਤੇ ਮੁਸਲਮਾਨ ਦੋਨੋਂ ਹੀ ਚਰਨੀ ਪਏ ਅਤੇ ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਨੂੰ ਪ੍ਰਭੂ ਕਰਕੇ ਜਾਣਿਆ। ਜਗਤਗੁਰੂ ਰਵਿਦਾਸ ਜੀ ਦੇ ਮਾਨਵਤਾ ਪ੍ਰਤੀ ਉਪਕਾਰ ਨੂੰ ਆਪਣੀ ਬਾਣੀ ਰਾਹੀਂ ਸੰਤ ਪੀਪਾ ਜੀ ਇਸ ਤਰ੍ਹਾਂ ਉਚਾਰਦੇ ਹਨ:-

**ਜੇ ਕਲਿ ਰੈਦਾਸ ਕਬੀਰ ਨ ਹੋਤੇ ਲੋਕ ਵੇਦ ਅਰੁ ਕਲਿਜੁਗ**
**ਮਿਲਿ ਕਰ ਭਗਤਿ ਰਸਾਤਲ ਦੇਤੇ।**

ਭਾਵ ਜੇਕਰ ਸਤਿਗੁਰੂ ਰਵਿਦਾਸ ਜੀ ਅਤੇ ਸਤਿਗੁਰੂ ਕਬੀਰ ਜੀ ਲੋੜ ਸਮੇਂ ਨਾ ਆਉਂਦੇ ਤਾਂ ਤਤਕਾਲੀ ਉੱਚ ਵਰਗ ,ਵੇਦ ਅਤੇ ਕਲਯੁੱਗੀ ਵਿਚਾਰਧਾਰਾ ਨੇ ਭਗਤੀ ਨੂੰ ਪਤਾਲ ਵਿੱਚ ਦਫਨਾ ਕਰ ਦੇਣਾ ਸੀ

**ਰਵਿਦਾਸ ਚਮਾਰੁ ਉਸਤਤਿ ਕਰੇ**
**ਹਰਿ ਕੀਰਤਿ ਨਿਮਖ ਇਕ ਗਾਇ॥**
**ਪਤਿਤ ਜਾਤਿ ਉਤਮੁ ਭਾਇਆ**
**ਚਾਰਿ ਵਰਨ ਪਏ ਪਗਿ ਆਇ॥**

ਸਤਿਗੁਰੂ ਰਾਮ ਦਾਸ ਜੀ ਮਹਾਰਾਜ ਫਰਮਾਉਂਦੇ ਹਨ ਕਿ ਸਤਿਗੁਰੂ ਰਵਿਦਾਸ ਜੀ ਨੇ ਹਰਿ ਦੀ ਐਸੀ ਭਗਤੀ ਤੇ ਉਸਤਤ ਕੀਤੀ ਕਿ ਉਹ ਰੱਬ ਦੇ ਰੂਪ ਹੋ ਗਏ। ਦੁਨੀਆਂ ਦੀ ਨਜ਼ਰ ਵਿਚ (ਕਹਿਣ ਮਾਤਰ ਲਈ) ਤਾਂ ਉਹ ਨੀਚ ਸਨ,ਪਰੰਤੂ ਉਨ੍ਹਾਂ ਦੀ ਬੰਦਗੀ ਤੇ ਰੂਹਾਨੀਅਤ ਕਾਰਨ ਮਹਾਨ ਬਣੇ ਅਤੇ ਚਾਰ ਵਰਣਾਂ ਦੇ ਲੋਕ ਉਹਨਾਂ ਦੇ ਚਰਨੀਂ ਢਹਿ ਪਏ। ਸਤਿਗੁਰੂ ਅਰਜਨ ਦੇਵ ਜੀ ਆਪ ਜੀ ਦੀ ਉਸਤਤ ਕਰਦੇ ਹੋਏ ਫਰਮਾਉਂਦੇ ਹਨ:-

**ਊਚ ਤੇ ਊਚ ਨਾਮਦੇਉ ਸਮਦਰਸੀ।**
**ਰਵਿਦਾਸ ਠਾਕੁਰ ਬਣਿ ਆਇ॥**

ਭਾਵ-ਉੱਚੇ ਤੋਂ ਉੱਚੇ ਸਮਦ੍ਰਿਸ਼ਟੀ ਵਾਲੇ ਸਤਿਗੁਰੂ ਨਾਮਦੇਵ ਮਹਾਰਾਜ ਜੀ ਹੋਏ ਹਨ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਆਪ ਇਸ ਸੰਸਾਰ ਵਿਚ ਪ੍ਰਭੂ ਬਣ ਕੇ ਆਏ। ਜਗਤਗੁਰੂ ਰਵਿਦਾਸ ਜੀ ਮਹਾਰਾਜ ਅਮ੍ਰਿਤਬਾਣੀ ਅੰਦਰ ਉਚਾਰਨ ਕਰਦੇ ਹਨ:-

**ਮੇਰੀ ਜਾਤਿ ਕੁਟ ਬਾਂਡਲਾ ਢੋਰ ਢੋਵੰਤਾ।**
**ਨਿਤਹਿ ਬਨਾਰਸੀ ਆਸ ਪਾਸਾ॥**
**ਅਬ ਬਿਪ੍ਰ ਪਰਧਾਨੁ ਤਿਹਿ ਕਰਿਹ ਡੰਡਉਤਿ।**
**ਤੇਰੇ ਨਾਮ ਸਰਣਾਇ ਰਵਿਦਾਸ ਦਾਸਾ॥**

ਭਾਵ ਮੇਰਾ ਜਨਮ ਉਨ੍ਹਾਂ ਵਿਚ ਹੋਇਆ ਜੋ ਬਨਾਰਸ ਦੇ ਆਸ-ਪਾਸ

ਨਿਤਪ੍ਰਤੀ ਮਰੇ ਹੋਏ ਪਸ਼ੂ ਢੋਂਦੇ ਸਨ, ਪਰ ਮੈਂ ਪ੍ਰਭੂ ਦੇ ਨਾਮ ਦੀ ਸ਼ਰਨ ਲਈ ਹੈ। ਅੱਜ ਬਿਪ੍ਰਾਂ ਦੇ ਪ੍ਰਧਾਨ ਲੋਕ ਮੈਨੂੰ ਡੰਡੇ ਵਾਂਗ ਸਿੱਧੇ ਲੇਟ ਕੇ ਨਮਸਕਾਰਾਂ ਕਰਦੇ ਹਨ। ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਕਲਿਆਣਕਾਰੀ ਉਪਦੇਸ਼ਾਂ ਨੂੰ ਸਰਵਣ ਕਰਕੇ ਰਾਜਾ ਨਾਗਰ ਮੱਲ (ਹਰਦੇਵ ਸਿੰਘ), ਰਾਣਾ ਵੀਰ ਬਘੇਲ ਸਿੰਘ,ਰਾਜਾ ਸਿਕੰਦਰ ਲੋਧੀ, ਮਹਾਰਾਣਾ ਸੰਗਰਾਮ ਸਿੰਘ (ਰਾਣਾ ਸਾਂਗਾ) ਰਾਜਾ ਚੰਦਰ ਪ੍ਰਤਾਪ, ਰਾਜਾ ਅਲਾਵਦੀ ਬਾਦਸ਼ਾਹ, ਰਾਜਾ ਬਿਜਲੀਖਾਨ,ਰਾਣਾ ਰਤਨ ਸਿੰਘ, ਮਹਾਰਾਣਾ ਕੁੰਭਾ ਜੀ, ਮਹਾਰਾਣੀ ਝਾਲਾਬਾਈ, ਮਹਾਨ ਸੰਤ ਮੀਰਾ ਬਾਈ ਜੀ, ਬੀਬੀ ਕਰਮਾਂ ਬਾਈ ਜੀ, ਬੀਬੀ ਭਾਨ ਮਤੀ ਤੇ ਮਹਾਨ ਸੰਤ ਗੋਰਖ ਨਾਥ ਜੀ ਸਹਿਤ ਚਰਨਾਂ ਵਿਚ ਆਏ।

ਮਾਨਵਤਾ ਦੇ ਮਸੀਹਾ ਡਾ. ਭੀਮ ਰਾਓ ਅੰਬੇਡਕਰ ਸਾਹਿਬ ਜੀ ਨੇ ਭਾਰਤੀ ਸੰਵਿਧਾਨ ਦੀ ਰਚਨਾ ਸਤਿਗੁਰੂ ਜੀ ਦੇ ਸ਼ਬਦ 'ਬੇਗਮਪੁਰਾ ਸਹਰ ਕੋ ਨਾਉਂ' ਦੇ ਮਾਨਵੀ ਅਧਿਕਾਰਾਂ ਦੇ ਸਿਧਾਂਤਾਂ 'ਤੇ ਕੀਤੀ। ਉਸੇ ਪ੍ਰਕਾਰ ਯੂ. ਐਨ. ਓ. ਨੇ ਟੋਰਾਂਟੋ (ਕੈਨੇਡਾ) ਵਿੱਚ ਐਲਾਨ ਕੀਤਾ ਕਿ ਸੰਸਾਰ ਵਿਚ ਸਾਰੇ ਨਾਗਰਿਕ ਅਧਿਕਾਰ ਅਤੇ ਸੰਸਾਰ ਦੀ ਵਿਵਸਥਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉਂ; ਦੇ ਆਧਾਰ 'ਤੇ ਹੋਵੇਗੀ।

**ਰਵਿਦਾਸ ਸੋਇ ਸਾਧੂ ਭਲੋ,ਜਉ ਰਹਹਿ ਸਦ ਨਿਰਵੈਰ।**
**ਸੁਖਦਾਈ ਸਮਤਾ ਗਹੇਇ ਸਭਨਹ ਮਾਂਗਹਿ ਖੈਰ॥**

ਐਸੇ ਮਹਾਨ ਪਰਉਪਕਾਰੀ ਤਪੱਸਵੀ ਬ੍ਰਹਮ ਗਿਆਨੀ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ ਜੀ ਜਿਹਨਾਂ ਨੇ ਜਿੱਥੇ ਬੱਲਾਂ ਦੀ ਪਾਵਨ ਧਰਤੀ 'ਤੇ ਸਵਾਸ-ਸਵਾਸ ਪ੍ਰਭੂ ਦਾ ਸਿਮਰਨ ਕੀਤਾ ਅਤੇ ਸੰਸਾਰੀ ਜੀਵਾਂ ਨੂੰ ਪ੍ਰਭੂ ਦਾ ਸਿਮਰਨ ਕਰਵਾਇਆ। ਆਪ ਜੀ ਹਮੇਸ਼ਾਂ ਸੰਗਤਾਂ ਨੂੰ ਵਿੱਦਿਆ ਪੜ੍ਹਾਉਣ ਦਾ ਅਤੇ ਮਾਤਾ ਪਿਤਾ ਦੀ ਸੇਵਾ ਕਰਨ,ਵੱਡਿਆਂ ਦਾ ਸਤਿਕਾਰ ਕਰਨ ਦਾ ਪਾਵਨ ਉਪਦੇਸ਼ ਦਿਆ ਕਰਦੇ ਸਨ। ਸਤਿਗੁਰੂ ਸੁਆਂਮੀ ਸਰਵਣ ਦਾਸ ਜੀ ਮਹਾਰਾਜ ਨੇ ਪਿੰਡ ਬੱਲਾਂ ਵਿਖੇ ਡੇਰੇ ਦੀ ਉਸਾਰੀ ਕਰਵਾਈ। 2 ਫਰਵਰੀ 1964 ਨੂੰ ਡੇਰਾ ਰਵਿਦਾਸੀਆ ਦਾ ਲਿਖ ਕੇ ਸਮਾਜ ਦੀ ਪਹਿਚਾਣ ਨੂੰ ਅਗਾਂਹ ਤੋਰਿਆਂ ਅਤੇ ਉਚਾਰਿਆ ਕਿ ਇੱਕ ਦਿਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਗ੍ਰੰਥ ਬਣੇਗਾ। ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਨੇ ਸਦੀਆਂ ਤੋਂ ਬਾਅਦ ਆਪਣੀ ਦਿਵ ਦ੍ਰਿਸ਼ਟੀ ਰਾਹੀਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਦੀ ਖੋਜ ਕੀਤੀ ਅਤੇ ਹਾੜ੍ਹ ਦੀ ਸੰਗਰਾਂਦ 1965 ਈ. ਨੂੰ ਸ੍ਰੀ 108 ਸੰਤ ਹਰੀ ਦਾਸ ਮਹਾਰਾਜ ਜੀ ਪਾਸੋਂ-ਨੀਂਹ ਪੱਥਰ ਰਖਵਾਏ ਅਤੇ ਸ੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ ਤੋਂ ਉਸਾਰੀ ਦੇ ਕਾਰਜ ਕਰਵਾ ਕੇ ਸਮਾਜ ਨੂੰ ਇੱਕ ਮਹਾਨ ਤੀਰਥ ਅਸਥਾਨ ਬਖਸ਼ਿਸ਼ ਕੀਤਾ ਅਤੇ ਉਚਾਰਨ ਕੀਤਾ ਇਸ ਸਥਾਨ ਤੇ ਸੰਗਤਾਂ ਵਿਸ਼ਵ ਪੱਧਰ ਤੋਂ

ਇਕੱਠੀਆਂ ਹੋਇਆਂ ਕਰਨਗੀਆਂ।

24 ਮਈ ਮਾਨਵ ਵਿਰੋਧੀਆਂ ਨੇ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਆਨਾ ਵਿਖੇ ਹਮਲਾ ਕੀਤਾ।25 ਮਈ ਨੂੰ ਅੰਮ੍ਰਿਤ ਵੇਲੇ ਰਵਿਦਾਸੀਆ ਕੌਮ ਲਈ ਸੰਤ ਰਾਮਾ ਨੰਦ ਮਹਾਰਾਜ ਜੀ ਸ਼ਹਾਦਤ ਦਾ ਜਾਮ ਪੀਂਦੇ ਹੋਏ ਬ੍ਰਹਮਲੀਨ ਹੋ ਗਏ।ਰਵਿਦਾਸੀਆ ਕੌਮ ਨੇ ਪੂਰੇ ਵਿਸ਼ਵ ਵਿੱਚ ਰੋਸ ਪ੍ਰਗਟ ਕਰਕੇ ਆਪਣੀ ਤਾਕਤ ਦਾ ਪਤਾ ਲਗਾਇਆ, ਜਿਸ ਵਿਚੋਂ 20 ਕਰੋੜ ਤੋਂ ਵੱਧ ਗਿਣਤੀ ਵਿਚ ਰਵਿਦਾਸੀਆ ਕੌਮ ਨੂੰ ਜਗਤਗੁਰੂ ਰਵਿਦਾਸ ਜੀ ਮਹਾਰਾਜ ਦੇ 633ਵੇਂ ਆਗਮਨ ਪੁਰਬ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਤ ਸਮਾਜ ਅਤੇ ਲੱਖਾਂ ਦੀ ਗਿਣਤੀ ਵਿਚ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਤੋਂ ਰਵਿਦਾਸੀਆ ਧਰਮ ਦੇ ਨਾਂ ਨਾਲ ਪਹਿਚਾਣ ਮਿਲੀ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਇਸ ਸਦੀ ਦੇ ਸਭ ਤੋਂ ਵੱਡੇ ਚੰਦਰਮਾ ਦੇ ਵਿਚ ਦਰਸ਼ਨ ਦੇ ਕੇ ਅਸ਼ੀਰਵਾਦ ਦਿੱਤੇ। ਰਵਿਦਾਸੀਆ ਧਰਮ ਦਾ ਪ੍ਰਚਾਰ ਪ੍ਰਸਾਰ ਸਾਰੇ ਵਿਸ਼ਵ ਵਿੱਚ ਹੋ ਰਿਹਾ ਹੈ ਅਤੇ ਅੰਮ੍ਰਿਤਬਾਣੀ ਦੇ ਪ੍ਰਕਾਸ਼ ਪੂਰੇ ਵਿਸ਼ਵ ਵਿੱਚ ਹੋ ਰਹੇ ਹਨ।

'ਧਰਤੀ ਉੱਤੇ ਰੱਬ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ' ਪੁਸਤਕ ਵਿੱਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਅਤੇ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਦੀ ਮਹਿਮਾ ਅਤੇ ਮਿਸ਼ਨ ਦਾ ਵਿਖਿਆਣ ਕੀਤਾ ਹੈ ਆਸ ਕਰਦਾ ਸੰਗਤਾਂ ਇਸ ਦਾ ਭਰਪੂਰ ਲਾਭ ਉਠਾਉਣਗੀਆ ।

**ਗੁਰੂ ਚਰਨਾਂ ਦਾ ਦਾਸ**
**ਸੰਤ ਸੁਰਿੰਦਰ ਦਾਸ ਬਾਵਾ**

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ, ਜਲੰਧਰ।

# ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਦਾ ਸੰਖੇਪ ਇਤਿਹਾਸ

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਜ਼ਿਲ੍ਹਾ ਜਲੰਧਰ ਵਿਚ ਜਲੰਧਰ ਤੋਂ ਪਠਾਨਕੋਟ ਜਾਂਦੀ ਜਰਨੈਲੀ ਸੜਕ 'ਤੇ ਸਥਿਤ ਹੈ। ਇਸ ਅਸਥਾਨ ਦੀ ਉਸਾਰੀ ਇਥੋਂ ਦੇ ਸਰਪ੍ਰਸਤ ਰਵਿਦਾਸੀਆ ਧਰਮ ਦੇ ਅਨਮੋਲ ਹੀਰੇ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਕਰਵਾਈ ਜਿਸ ਦਾ ਨੀਂਹ ਪੱਥਰ ਸੰਤ ਸਮਾਜ ਅਤੇ ਸੰਗਤਾਂ ਦੀ ਹਾਜ਼ਰੀ ਵਿਚ ਸਤਿਕਾਰਯੋਗ ਸ਼੍ਰੀ 108 ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ (ਗੱਦੀਨਸ਼ੀਨ) ਡੇਰਾ ਸ਼੍ਰੀ 108 ਸੰਤ ਹਰੀਦਾਸ ਮਹਾਰਾਜ ਜੀ ਬੋਪਾਰਾਏ ਕਲਾਂ ਵਾਲਿਆਂ ਨੇ ਆਪਣੇ ਕਰ ਕਮਲਾਂ ਨਾਲ 27 ਮਾਰਚ 2014 ਨੂੰ ਰੱਖਿਆ, ਜਿਸ ਲਈ ਇਕ ਪਲਾਟ ਸ਼੍ਰੀ ਐਮ. ਡੀ. ਮੰਗਾ ਸਰਪੰਚ ਕਾਹਨਪੁਰ ਦੇ ਪਰਿਵਾਰ ਵੱਲੋਂ ਦਾਨ ਵੱਜੋਂ ਦਿੱਤਾ ਗਿਆ। ਇਸ ਸਮੇਂ ਇਲਾਕੇ ਦੀਆਂ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਸੀ। ਇਹੋ ਹੀ ਕਾਰਨ ਹੈ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਨਾਮਲੇਵਾ ਸੰਗਤਾਂ ਨੇ ਕਾਰ ਸੇਵਾ ਰਾਹੀਂ ਸਾਲਾਂ ਵਿਚ ਹੋਣ ਵਾਲੇ ਕੰਮ ਨੂੰ ਮਹੀਨਿਆਂ ਵਿੱਚ ਕਰਕੇ ਤਿਆਰ ਕੀਤਾ। ਅੱਜ ਇਸ ਅਸਥਾਨ 'ਤੇ ਦੂਰ ਦੁਰਾਡੇ ਤੋਂ ਸੰਤ ਮਹਾਂਪੁਰਸ਼, ਸਮਾਜਿਕ ਤੇ ਧਾਰਮਿਕ ਸਭਾਵਾਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਨਾਮਲੇਵਾ ਸੰਗਤਾਂ ਪਹੁੰਚਦੀਆਂ ਹਨ। ਇੱਕ ਛੋਟੇ ਜਿਹੇ ਪਿੰਡ ਵਿਚ ਬੁਲੰਦੀਆ ਨੂੰ ਛੂੰਹਦਾ ਏਹ ਅਸਥਾਨ ਪੂਰੇ ਵਿਸ਼ਵ ਵਿਚ ਆਪਣੀਆ ਕਿਰਨਾਂ ਬਿਖੇਰ ਰਿਹਾ ਹੈ। ਸੰਗਤਾਂ ਵਿਚ ਵਧਦੇ ਹੋਏ ਪ੍ਰਚਾਰ ਅਤੇ ਪ੍ਰਸਾਰ ਨੂੰ ਦੇਖਦੇ ਹੋਏ ਯੂਰਪ ਦੀਆਂ ਸੰਗਤਾਂ ਵੱਲੋਂ ਇਸ ਅਸਥਾਨ ਦੇ ਸੰਸਥਾਪਕ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਇਕ ਸਫ਼ਾਰੀ ਗੱਡੀ 01-01-15 ਨੂੰ ਭੇਂਟ ਕੀਤੀ ਗਈ, ਤਾਂ ਕਿ ਪ੍ਰਚਾਰ ਅਤੇ ਪ੍ਰਸਾਰ ਦਾ ਕੰਮ ਹੋਰ ਤੇਜ਼ ਹੋ ਸਕੇ।ਦੋ ਮੰਜ਼ਲੀ ਵੱਡੇ ਹਾਲ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਨਾਮ 'ਤੇ ਇਕ ਸੰਗੀਤ ਅਕੈਡਮੀ ਖੋਲ੍ਹੀ ਗਈ ਹੈ, ਜਿਸ ਵਿਚ ਸੰਗੀਤ ਦੇ ਧਨੀ ਅਧਿਆਪਕ ਹਰਮੋਨੀਅਮ ਅਤੇ ਤਬਲੇ ਬਾਰੇ ਵਿਸ਼ੇਸ਼ ਸਿੱਖਿਆ ਦੇ ਰਹੇ ਹਨ, ਜਿਸ ਵਿਚ ਕਰੀਬ 50 ਲੜਕੇ-ਲੜਕੀਆਂ ਇਸ ਅਕੈਡਮੀ ਦਾ ਲਾਹਾ ਲੈ ਰਹੇ ਹਨ, ਅਤੇ ਇਕ ਹੋਰ ਅਕੈਡਮੀ ਪਿੰਡ ਮਦਾਰ ਵਿਖੇ ਵੀ ਚਾਲੂ ਕੀਤੀ ਗਈ ਹੈ। ਜਿਸ ਦਾ ਸਾਰਾ ਖਰਚਾ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਵਲੋਂ ਸੰਗਤਾਂ ਦੇ ਸਹਿਯੋਗ ਸਦਕਾ ਕੀਤਾ ਜਾ ਰਿਹਾ ਹੈ। ਰਵਿਦਾਸੀਆ ਧਰਮ ਪ੍ਰਚਾਰ ਅਸਥਾਨ 'ਤੇ ਦੁਖੀਆਂ ਰੋਗੀਆਂ ਦੀ ਮਾਇਕ ਮਦਦ ਦਵਾਈਆਂ ਆਦਿ ਰਾਹੀ ਹੀਂ ਕੀਤੀ ਜਾਂਦੀ ਹੈ।ਬੇਰੁਜ਼ਗਾਰ ਬੱਚਿਆ ਨੂੰ ਸੇਧ ਦੇ ਕੇ ਵੱਖਰੇ-ਵੱਖਰੇ ਕੋਰਸਾਂ ਅਤੇ ਕਿੱਤਾ-ਮੁੱਖੀ ਕੋਰਸਾਂ ਨਾਲ ਜੋੜਿਆ ਜਾਂਦਾ ਹੈ ਅਤੇ ਆਰਥਿਕ ਸਹਾਇਤਾ ਵੀ ਕੀਤੀ ਜਾਂਦੀ ਹੈ।

ਪਿੰਡ ਕਾਹਨਪੁਰ ਵਿਖੇ ਬਾਬਾ ਪਿੱਪਲ ਦਾਸ ਜੀ ਮਹਾਰਾਜ ਬਾਲਕ ਸੰਤ ਸਰਵਣ ਦਾਸ ਜੀ ਨੂੰ ਨਾਲ ਲੈ ਕੇ ਸਭ ਤੋਂ ਪਹਿਲਾਂ ਆਏ। ਜਦੋਂ ਕੁਟੀਆ ਬਨਾਉਣ ਲਈ ਨੀਂਹ ਪੁੱਟਣੀ ਸ਼ੁਰੂ ਕੀਤੀ ਤਾਂ ਉੱਥੇ ਇੱਕ ਡਮੂਹੀ ਨਿਕਲੀ ਮਹਾਰਾਜ ਜੀ ਨੇ ਇਹ ਕਿਹਾ ਕਿ ਅਸੀਂ ਕਿਸੇ ਦਾ ਘਰ ਢਾਹ ਕੇ ਆਪਣਾ ਘਰ ਕਿਵੇਂ ਬਣਾ ਸਕਦੇ ਹਾਂ ਅਤੇ ਨੀਂਹ ਉੱਥੇ ਹੀ ਛੱਡ ਕੇ ਅਗਲੇ ਪਿੰਡ ਵੱਲ ਤੁਰ ਪਏ ਅਤੇ ਸੰਗਤਾਂ ਵਿੱਚ ਬਚਨ ਕੀਤੇ ਅਸੀਂ ਇੱਥੇ

ਫਿਰ ਆਵਾਂਗੇ ਅਤੇ ਇੱਥੇ ਵੀ ਅਸਥਾਨ ਬਣੇਗਾ। ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਪਿਤਾ ਸ਼੍ਰੀ ਗੁਰਦਾਸ ਰਾਮ ਜੀ ਤੇ ਬੀਬੀ ਗੁਰਬਚਨ ਕੌਰ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਦੇ ਸ਼ਰਧਾਲੂ ਸਨ।ਇਨ੍ਹਾਂ ਦੇ ਗ੍ਰਹਿ ਵਿਖੇ ਸਤਿਗੁਰੂ ਜੀ ਕਈ ਰਾਤਾਂ ਰੁਕੇ।ਇਕ ਸਮੇਂ 1972 ਈ: ਨੂੰ ਬੀਬੀ ਗੁਰਬਚਨ ਕੌਰ ਬਿਮਾਰ ਹੋ ਗਏ। ਡਾਕਟਰਾਂ ਨੇ ਜਵਾਬ ਦੇ ਦਿੱਤਾ। ਸਤਿਗੁਰੂ ਜੀ ਨੇ ਆਪ ਸੰਗਤਾਂ ਸਮੇਤ ਸਿਵਲ ਹਸਪਤਾਲ ਜਲੰਧਰ ਜਾ ਕੇ ਬੀਬੀ ਗੁਰਬਚਨ ਕੌਰ ਦੀ ਜਾਨ ਬਚਾਈ ਅਤੇ ਵਰ ਦਿੱਤਾ ਕਿ ਇਸ ਪੁੱਤਰ ਨੂੰ ਨਹੀਂ ਰੋਣਾ ਤੇਰੇ ਦੋ ਪੁੱਤਰ ਹੋਰ ਹੋਣਗੇ। ਬੀਬੀ ਜੀ ਨੇ ਉਸ ਸਮੇਂ ਹੀ ਵੱਡੇ ਸਪੁੱਤਰ ਨੂੰ ਸਤਿਗੁਰੂ ਸਰਵਣ ਦਾਸ ਜੀ ਦੇ ਚਰਨਾ ਵਿਚ ਭੇਂਟ ਕੀਤਾ।

ਸੇਵਾ ਭਾਵਨਾ ਦੀ ਗੁੜ੍ਹਤੀ ਆਪ ਜੀ ਨੂੰ ਮਾਤਾ ਪਿਤਾ ਜੀ ਵਲੋਂ ਹੀ ਪ੍ਰਾਪਤ ਹੋਈ ਹੈ।ਆਪ ਜੀ ਦੇ ਸਤਿਕਾਰਯੋਗ ਮਾਤਾ ਪਿਤਾ ਸਤਿਗੁਰੂ ਸਰਵਣ ਦਾਸ ਜੀ ਦੇ ਅਨਿੰਨ ਭਗਤ ਸਨ ਅਤੇ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਦਾ ਪੂਰਾ ਆਸ਼ੀਰਵਾਦ ਆਪ ਜੀ ਦੇ ਪਿਤਾ(ਦੁਨਿਆਵੀ) ਸ਼੍ਰੀ ਗੁਰਦਾਸ ਰਾਮ ਜੀ ਨੂੰ ਪ੍ਰਾਪਤ ਸੀ।ਜਿਸ ਦੀ ਇਕ ਮਿਸਾਲ ਆਪ ਜੀ ਨੂੰ ਇੱਥੇ ਦੱਸ ਰਹੇ ਹਾਂ ਕਿ ਜਿਸ ਵਕਤ ਸੁਆਮੀ ਸਰਵਣ ਦਾਸ ਜੀ ਮਹਾਰਾਜ 11 ਜੂਨ 1972 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਚੋਲਾ ਛੱਡ ਕੇ ਬ੍ਰਹਮਲੀਨ ਹੋ ਗਏ।ਸੰਸਕਾਰ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ।ਦੇਸਾਂ ਪ੍ਰਦੇਸਾਂ ਤੋਂ ਸੰਗਤਾਂ ਸਤਿਗੁਰੂ ਜੀ ਦੇ ਅੰਤਿਮ ਦਰਸ਼ਨਾ ਲਈ ਜੁੜੀਆਂ ਹੋਈਆਂ ਸਨ।ਚਿੱਖਾ ਨੂੰ ਅਗਨੀ ਭੇਂਟ ਕਰਨ ਦੀਆਂ ਤਿਆਰੀਆਂ ਸਨ।ਚਿੱਖਾ ਵਿਚ ਦੇਸੀ ਘਿਓ,ਚੰਦਨ ਦੀ ਲਕੜੀ,ਧੂਫ਼,ਠੂਠੀ,ਸਮੱਗਰੀ ਆਦਿ ਪਾਇਆ ਜਾ ਰਿਹਾ ਸੀ।ਅਗਨੀ ਭੇਂਟ ਕਰਨ ਲਈ ਅਰਦਾਸ ਸਮਾਪਤ ਹੋ ਚੁੱਕੀ ਸੀ।ਉੱਥੇ ਮੌਜੂਦ ਵਿਅਕਤੀਆਂ ਮੁਤਾਬਕ ਬ੍ਰਹਮਲੀਨ ਸੁਆਮੀ ਸਰਵਣ ਦਾਸ ਜੀ ਮਹਾਰਾਜ ਦੇ ਪੰਜ ਭੂਤਕ ਸਰੀਰ ਵਿਚੋਂ ਖੂਨ ਦੀਆਂ ਧਾਰਾਂ ਨਿਕਲੀਆਂ ਜੋ ਸ਼੍ਰੀ ਗੁਰਦਾਸ ਰਾਮ ਜੀ ਦੇ ਸਰੀਰ ਤੇ ਕੁਝ ਖੂਨ ਦੇ ਤੁਬਕੇ ਗਿਰੇ ਇਹ ਇੱਕ ਵਿਚਾਰਨਯੋਗ ਗੱਲ ਹੈ ਕਿ ਇਹ ਤੁਬਕੇ ਸ਼੍ਰੀ ਗੁਰਦਾਸ ਰਾਮ ਜੀ ਦੇ ਸਰੀਰ ਤੇ ਹੀ ਕਿਉਂ ਗਿਰੇ? ਤੇ ਫਿਰ...ਸਤਿਗੁਰ ਸਰਵਣ ਦਾਸ ਜੀ ਮਹਾਰਾਜ ਦੇ ਸਰੀਰਕ ਰੂਪ ਵਿਚ ਚਲੇ ਜਾਣ ਤੋਂ ਪੂਰੇ ਨੌਂ ਮਹੀਨੇ ਬਾਅਦ 14 ਮਾਰਚ 1973 ਨੂੰ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦਾ ਜਨਮ ਇਕ ਅਧਿਆਤਮਿਕ ਸਵਾਲ ਖੜ੍ਹਾ ਹੋ ਜਾਂਦਾ ਹੈ?

ਪੰਜ ਸਾਲ ਦੀ ਉਮਰ ਵਿਚ ਸ਼੍ਰੀ 108 ਸੰਤ ਹਰੀ ਦਾਸ ਜੀ ਮਹਾਰਾਜ ਬਾਵਾ ਜੀ ਨੂੰ ਭਗਵਾਂ ਭੇਖ ਪਹਿਨਾ ਕੇ ਸੁੱਚੀ ਪਿੰਡ ਤੋਂ ਡੇਰਾ ਬੱਲਾਂ ਲੈ ਆਏ ਸ਼੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ ਜੀ ਨੇ ਵਿੱਦਿਆ ਪੜ੍ਹਾਈ। ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੀ ਅਤੇ ਸੰਤ ਸਮਾਜ ਦੀ ਕ੍ਰਿਪਾ ਨਾਲ 30 ਜਨਵਰੀ 2010 ਈ: ਨੂੰ ਰਵਿਦਾਸੀਆ ਧਰਮ ਦਾ ਐਲਾਨ ਕੀਤਾ। ਜਿਸ ਨਾਲ ਰਵਿਦਾਸੀਆ ਕੌਮ ਨੂੰ ਵੱਖਰੀ ਪਹਿਚਾਣ ਮਿਲੀ।

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਵਿਖੇ ਇਕ ਲਾਇਬਰੇਰੀ 'ਸਤਿਗੁਰੂ ਸਰਵਣ ਦਾਸ ਮਹਾਰਾਜ ਜੀ' ਦੀ ਯਾਦ ਵਿਚ ਬਣਾਈ ਗਈ,ਜਿਸ ਵਿਚ ਹਜ਼ਾਰਾ ਦੀ ਗਿਣਤੀ ਵਿਚ ਪੁਸਤਕਾਂ ਹਨ,ਜਿਨ੍ਹਾਂ ਵਿਚ 'ਦਲਿਤ ਇਤਿਹਾਸ' ਅਤੇ ਦਲਿਤ ਪੱਖੀ ਲਿਖਾਰੀਆਂ ਦੀਆ ਪੁਸਤਕਾਂ ਰੱਖੀਆ ਹਨ। ਮਹਾਨ ਗੁਰੂਆਂ, ਦੇਸ਼ਭਗਤਾਂ, ਯੋਧਿਆਂ

ਅਤੇ ਸਾਹਿਤਕਾਰਾਂ ਨਾਲ ਸੰਬੰਧਿਤ ਸਾਹਿਤ ਇਸ ਲਾਇਬਰੇਰੀ ਵਿਚ ਮੌਜੂਦ ਹੈ ਇੱਥੇ ਹੀ ਬਸ ਨਹੀਂ ਡਾ ਅੰਬੇਡਕਰ ਤੇ ਹੋਰ ਵੱਖ- ਵੱਖ ਲਾਇਬ੍ਰੇਰੀਆਂ ਰਾਹੀ ਪੁੰਗਰ ਰਹੇ ਨਵੇਂ ਲਿਖਾਰੀਆ ਨੂੰ ਮੁਫਤ ਕਿਤਾਬਾ ਵੰਡੀਆ ਜਾਂਦੀਆ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਇੱਕ ਮੈਗਜ਼ੀਨ ਵੀ ਚਾਲੂ ਕੀਤਾ ਜਾ ਰਿਹਾ ਹੈ, ਜੋ ਪ੍ਰਕਿਰਿਆ ਅਧੀਨ ਹੈ।

2010,2011,2012,2013ਵਿੱਚ ਕਈ ਵਾਰ ਯੂਰਪ, ਇੰਗਲੈਂਡ, ਅਮਰੀਕਾ, ਕਨੇਡਾ ਅਤੇ ਯੂ.ਏ.ਈ ਵਿੱਚ ।2014 ਵਿਚ ਇਟਲੀ,ਅਸਟਰੀਆ ਵਿੱਚ, 2015 ਵਿੱਚ ਗਰੀਸ, ਇਟਲੀ ਅਸਟਰੀਆ, ਪੁਰਤਗਾਲ 2016ਵਿੱਚ ਅਮਰੀਕਾ, ਕਨੇਡਾ, ਗਰੀਸ, ਇਟਲੀ, ਅਸਟਰੀਆ, ਇੰਗਲੈਡ ਅਤੇ ਯੂ.ਏ.ਈ ਵਿੱਚ ਯਾਤਰਵਾਂ ਕਰਕੇ ਰਵਿਦਾਸੀਆ ਧਰਮ ਪ੍ਰਚਾਰ ਪ੍ਰਸਾਰ ਕੀਤਾ। ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ 2010 ਵਿੱਚ ਸ਼੍ਰੀ ਗੁਰੂ ਰਵਿਦਾਸ ਸਭਾ ਬੈਰਗਾਮੋ ਇਟਲੀ,2011 ਨੂੰ ਸ਼੍ਰੀ ਗੁਰੂ ਰਵਿਦਾਸ ਸਭਾ ਕਰੋਪੀ ਏਥਨ ਗਰੀਸ ਵਿਖੇ,2012 ਨੂੰ ਸ਼੍ਰੀ ਗੁਰੂ ਰਵਿਦਾਸ ਸਭਾ ਵਲੈਂਸੀਆ ਸਪੇਨ,2012 ਸ਼੍ਰੀ ਗੁਰੂ ਰਵਿਦਾਸ ਸਭਾ ਰੋਮ,2014 ਪਿੰਡ ਮਦਾਰਾ ਜਿਲ੍ਹਾਂ ਜਲੰਧਰ(ਪੰਜਾਬ),11 ਸਤੰਬਰ 2015 ਸ਼੍ਰੀ ਗੁਰੂ ਰਵਿਦਾਸ ਸੁਖ ਸਾਗਰ ਦਰਵਾਰ ਮਨੀਦੀ ਗਰੀਸ,30 ਦਸੰਬਰ 2015 ਪਿੰਡ ਅਲਾਵਲਪੁਰ,11 ਸਤੰਬਰ 2016 ਸਾਊਥਹਾਲ ਲੰਡਨ ਵਿੱਚ ਅਤੇ ਹੋਰ ਅਨੇਕਾ ਵਾਰ ਰਵਿਦਾਸੀਆ ਸਮਾਜ ਵੱਲੋਂ ਆਪ ਜੀ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ।ਭਾਰਤੀ ਦਲਿਤ ਸਾਹਿਤ ਅਕੈਡਮੀ ਦਿੱਲੀ ਵੱਲੋਂ 2006 ਵਿੱਚ ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਸ਼੍ਰੀ ਗੁਰੂ ਰਵਿਦਾਸ ਨੈਸ਼ਨਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਵੱਧਦੀ ਹੋਈ ਸੰਗਤ ਅਤੇ ਪ੍ਰਚਾਰ ਪ੍ਰਸਾਰ ਹਿੱਤਾਂ ਨੂੰ ਧਿਆਨ ਰੱਖਦੇ ਹੋਏ ਯੂਰਪ, ਇੰਗਲੈਂਡ, ਅਮਰੀਕਾ, ਕਨੇਡਾ ਅਤੇ ਯੂ.ਏ.ਈ ਦੀਆਂ ਸੰਗਤਾਂ ਵੱਲੋਂ ਸੰਗਤਾਂ ਦੀਆ ਲੋੜਾਂ ਨੂੰ ਧਿਆਨ ਰੱਖਦੇ ਹੋਏ ਕਈ ਨਾਲ ਲੱਗਦੇ ਪਲਾਟ ਇਸ ਸਥਾਨ ਨੂੰ ਖਰੀਦ ਕੇ ਦਿੱਤੇ ਗਏ।ਅੱਜ ਇਹ ਪ੍ਰਚਾਰ ਅਸਥਾਨ ਇੱਕ ਚਾਨਣ ਮੁਨਾਰਾ ਬਣ ਕੇ ਸੰਗਤਾਂ ਵਿਚ ਉਭਰ ਰਿਹਾ ਹੈ।ਇਸ ਪਾਵਨ ਸਥਾਨ ਤੇ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਪੱਕੇ ਤੌਰ ਤੇ ਰੈਣ-ਬਸੇਰਾ ਬਣਾਇਆ ਹੋਇਆ ਹੈ ਜਿੱਥੇ ਆਪ ਖੁਦ ਨਾਮ ਜੱਪਦੇ,ਬਾਣੀ ਪੜ੍ਹਦੇ ਸੁਣਦੇ ਅਤੇ ਸੰਗਤਾਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰਦੇ।ਇਸ ਸਥਾਨ ਤੇ ਰਵਿਦਾਸੀਆ ਧਰਮ ਦੇ ਨਿਯਮਾ ਮੁਤਾਬਿਕ ਹੀ ਆਪਣੇ ਆਪ ਨੂੰ ਢਾਲ ਕੇ ਚੱਲਣਾ ਪੈਂਦਾ ਹੈ।

ਇਸ ਪ੍ਰਚਾਰ ਅਸਥਾਨ ਤੇ 'ਅੰਮ੍ਰਿਤ ਬਾਣੀ' ਭਵਨ ਉਸਾਰਿਆ ਗਿਆ ਹੈ, ਜਿਸ ਵਿਚ ਅਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਸੁਸ਼ੋਭਿਤ ਹੈ ਜਿਸ ਦੇ ਸਵੇਰੇ-ਸ਼ਾਮ ਜਾਪ ਅਤੇ ਸਤਿਸੰਗ ਹੁੰਦੇ ਹਨ।ਹਰ ਐਤਵਾਰ ਅਤੇ ਸੰਗਰਾਂਦ 'ਤੇ ਵਿਸ਼ੇਸ ਦੀਵਾਨ ਸਜਾਏ ਜਾਂਦੇ ਹਨ ਜਿੱਥੇ ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆ ਹੁੰਦੀਆਂ ਹਨ।ਇਸ ਪਾਵਨ ਅਸਥਾਨ ਨੂੰ ਲੋਕ ਸ਼ਰਧਾ ਨਾਲ ਮੰਨਦੇ ਹਨ। ਰੋਜ਼ਾਨਾ ਸਵੇਰ ਤੋ ਸ਼ਾਮ ਤੱਕ ਸੰਗਤਾਂ ਦਰਸ਼ਨਾਂ ਲਈ ਆਉਂਦੀਆਂ ਹਨ।ਇਸ ਦਰਵਾਰ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਅਤੇ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਦੇ ਮਿਸ਼ਨ ਦਾ ਪ੍ਰਚਾਰ ਹੁੰਦਾ ਹੈ।ਲੋਕਾਂ ਨੂੰ ਨਾਮ ਬਾਣੀ ਦੇ ਨਾਲ-ਨਾਲ ਸਮਾਜਿਕ ਕੁਰੀਤੀਆਂ ਅਤੇ ਨਸ਼ਿਆਂ, ਦਾਜ ਦੇ ਕੋਹੜ, ਸਮਾਗਮਾਂ ਵਿਚ ਵਧੇਰੇ ਖਰਚੇ, ਭਰੂਣ ਹੱਤਿਆ,ਨਿੰਦਿਆਂ-ਚੁਗਲੀ ਤੋਂ ਮੁਕਤ ਹੋਣ ਲਈ ਬੱਚਿਆਂ ਨੂੰ ਉਚੇਰੀ ਸਿੱਖਿਆ, ਬਜੁਰਗਾਂ ਦਾ ਸਤਿਕਾਰ

ਕਰਨ ਲਈ ਵਿਸ਼ੇਸ਼ ਪ੍ਰਚਾਰ ਕੀਤਾ ਜਾਂਦਾ ਹੈ। ਇਹ ਪ੍ਰਚਾਰ ਅਸਥਾਨ ਸਭ ਲਈ ਖੁੱਲ੍ਹਾ ਹੈ। ਹਰ ਸੇਠ ਹਰ ਗਰੀਬ ਲਈ ਬਰਾਬਰ ਹੈ ਅਤੇ ਸਭ ਦੇ ਸਤਿਕਾਰ ਹਿੱਤ ਬਣਾਇਆ ਗਿਆ ਹੈ। ਇੱਥੇ ਕੋਈ ਊਚ ਨੀਚ ਨਹੀਂ। ਇਸ ਪ੍ਰਚਾਰ ਅਸਥਾਨ ਵਿਚ ਮਾਨਵਤਾ ਦੀ ਭਲਾਈ,ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਬੇਗ਼ਮਪੁਰ ਦੇ ਸੰਕਲਪ ਅਤੇ ਡਾ ਭੀਮ ਰਾਓ ਅੰਬੇਡਕਰ ਜੀ ਦੇ ਪੜ੍ਹੋ ਜੜੋ ਸੰਘਰਸ਼ ਕਰੋ ਦੇ ਏਜੰਡੇ ਤੇ ਹੀ ਪ੍ਰਚਾਰ ਹੁੰਦਾ ਹੈ। ਇਸ ਪ੍ਰਚਾਰ ਅਸਥਾਨ ਦੀ ਪ੍ਰਿਯਤਾ ਅੱਜ ਪੂਰੇ ਵਿਸ਼ਵ ਵਿਚ ਤੇਜ਼ੀ ਨਾਲ ਵੱਧ ਰਹੀ ਹੈ। ਜਿਸ ਨੂੰ ਸਫਲ ਬਣਾਉਣ ਲਈ ਸਮੁੱਚੀਆ ਸੰਗਤਾਂ ਦਾ ਸਹਿਯੋਗ ਜ਼ਰੂਰੀ ਹੈ। ਰਹਿਣ ਸਹਿਣ ਅਤੇ ਲੰਗਰ ਆਦਿ ਦੀਆਂ ਵਿਵਸਥਾਵਾਂ ਹਨ।

ਇਸ ਅਸਥਾਨ ਵਿਖੇ 24 ਜੁਲਾਈ 2016 ਦਿਨ ਐਤਵਾਰ ਨੂੰ ਸੰਤ ਸੁਰਿੰਦਰ ਦਾਸ ਬਾਵਾ ਜੀ, ਸੰਤ ਸੱਤਿਆਪਾਲ ਜੀ, ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ, ਸੰਤ ਹਰਵਿੰਦਰ ਦਾਸ ਜੀ ਅਤੇ ਹੋਰ ਸੰਤ ਸਮਾਜ ਵੱਲੋਂ ਸੰਗਤਾਂ ਦੀ ਹਾਜਰੀ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਪ੍ਰਤਿਮਾ ਅੰਮ੍ਰਿਤਬਾਣੀ ਭਵਨ ਵਿਚ ਸਥਾਪਿਤ ਕੀਤੀ ਗਈ ਇਸ ਮੌਕੇ ਤੇ ਸ਼੍ਰੀ ਸਾਧੂ ਰਾਮ ਹੀਰ ਜੀ ਨੂੰ (ਰਿਟਾ. ਚੀਫ ਇੰਜੀਨੀਅਰ ਨੋਰਥ ਜੌਨ ਦਿੱਲੀ ਦੂਰਦਰਸ਼ਨ) ਰਵਿਦਾਸੀਆ ਕੌਮ ਲਈ ਨਿਭਾਈਆਂ ਜਾ ਰਹੀਆਂ ਸੇਵਾਵਾਂ ਲਈ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ।

ਇਸ ਪ੍ਰਚਾਰ ਅਸਥਾਨ 'ਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦਾ ਉਹ ਸੰਕਲਪ ਸਾਕਾਰ ਨਜ਼ਰ ਆ ਰਿਹਾ ਹੈ,ਜਿਸ ਬਾਰੇ ਮਹਾਰਾਜ ਜੀ ਸੋਚਿਆ ਕਰਦੇ ਸਨ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਘਰ-ਘਰ ਪ੍ਰਚਾਰ ਹੋਵੇ। ਇਸ ਮਹਾਨ ਕਾਰਜ ਲਈ ਸੰਤ ਸੁਰਿੰਦਰ ਦਾਸ ਬਾਵਾ ਜੀ ਦਿਨ ਰਾਤ ਇੱਕ ਕਰਦੇ ਹੋਏ ਯਤਨਸ਼ੀਲ ਹਨ। ਸਤਿਗੁਰ ਇਨ੍ਹਾਂ 'ਤੇ ਆਪਣਾ ਮਿਹਰ ਭਰਿਆ ਹੱਥ ਰੱਖਣ ਤਾਂ ਕਿ ਕੌਮੀ ਕੰਮਾਂ ਲਈ ਇਸੇ ਤਰ੍ਹਾਂ ਡਟੇ ਰਹਿਣ।

-ਕਾਂਸ਼ੀ ਰਾਮ ਕਲੇਰ ਜੰਡੂ ਸਿੰਘਾ

# ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਧਰਤੀ ਉੱਤੇ ਰੱਬ

ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਪਾਵਨ ਮਿਸ਼ਨ ਨੂੰ ਵੀਹਵੀਂ ਸਦੀ ਵਿੱਚ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਨੇ ਮੁੜ ਸੁਰਜੀਤ ਕੀਤਾ। ਦਾਸ ਨੂੰ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦੇ ਅਸ਼ੀਰਵਾਦ ਸਦਕਾ ਸਤਿਗੁਰੂ ਹਰੀਦਾਸ ਜੀ ਮਹਾਰਾਜ ਜੀ ਦੇ ਚਰਨਾਂ ਦੀ ਓਟ ਵਿੱਚ ਪੰਜ ਸਾਲ ਦੀ ਉਮਰ ਤੋਂ ਡੇਰਾ ਸੱਚਖੰਡ ਬੱਲਾਂ ਸਤਿਗੁਰਾਂ ਦੀ ਸੇਵਾ ਕਰਨ ਦਾ ਅਤੇ ਸਾਧ ਸੰਗਤ ਦੀ ਸੇਵਾ ਦਾ ਸੁਭਾਗ ਪ੍ਰਾਪਤ ਹੈ। ਦਾਸ ਕੋਲ ਸਤਿਗੁਰੂ ਬਾਬਾ ਪਿੱਪਲ ਦਾਸ ਜੀ,ਸਤਿਗੁਰੂ ਸੁਆਮੀ ਸਰਵਣ ਦਾਸ ਜੀ ਅਤੇ ਸਤਿਗੁਰੂ ਹਰੀ ਦਾਸ ਜੀ ਮਹਾਰਾਜ ਜੀ ਦੇ ਸ਼ਰਧਾਲੂ ਅਕਸਰ ਆਉਂਦੇ ਜਾਂਦੇ ਰਹਿੰਦੇ। ਉਹਨਾਂ ਦੀਆ ਪਰਮਾਰਥੀ ਸਾਖੀਆਂ ਸੁਣ ਕੇ ਬਹੁਤ ਮਾਣ ਮਹਿਸੂਸ ਹੁੰਦਾ ਅਤੇ ਮਨ ਨੂੰ ਤਸੱਲੀ ਹੁੰਦੀ ਕਿ ਦਾਸ ਨੂੰ ਐਸੇ ਪੂਰਨ ਸਤਿਗੁਰਾਂ ਦੇ ਚਰਨਾਂ ਵਿਚ ਸੇਵਾ ਬਖਸ਼ੀ ਗਈ ਹੈ। ਸਤਿਗੁਰੂ ਹਰੀ ਦਾਸ ਜੀ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਨੂੰ ਰੱਬ ਕਹਿ ਕੇ ਮੁਖਾਤਬ ਹੁੰਦੇ ਸਨ। ਸਤਿਗੁਰੂ ਹਰੀਦਾਸ ਜੀ ਮਹਾਰਾਜ ਨੂੰ ਜਦੋਂ ਸਤਿਗੁਰੂ ਸੁਆਮੀ ਸਰਵਣ ਦਾਸ ਮਹਾਰਾਜ ਜੀ ਬਲਾਉਂਦੇ ਸਨ ਕਿਸੇ ਕੰਮ ਲਈ ਤਾਂ ਸੰਤ ਹਰੀ ਦਾਸ ਜੀ ਨੇ ਇਹ ਕਹਿਣਾ ਕਿ ਰੱਬ ਜੀ ਦਾ ਹੁਕਮ ਹੈ, ਤੇ ਜਾਣ ਲੱਗੇ ਸਤਿਬਚਨ ਕਹਿੰਦੇ ਸਨ। ਸਤਿਗੁਰੂ ਹਰੀਦਾਸ ਮਹਾਰਾਜ ਜੀ ਨੇ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦੇ ਚਰਨਾਂ ਵਿਚ ਲੱਗ ਕੇ ਸੰਗਤ ਕਰ ਕੇ ਓਹਨਾਂ ਦੇ ਅਸ਼ੀਰਵਾਦ ਸਦਕਾ ਨਾਮ ਜੱਪਣ ਭਜਨ ਸਿਮਰਨ ਅਤੇ ਸੁਰਤ ਸ਼ਬਦ ਦੇ ਅਭਿਆਸ ਨਾਲ ਜਾਣ ਲਿਆ ਸੀ ਕਿ ਜੋ ਪਰਮ ਪਿਤਾ ਪ੍ਰਮਾਤਮਾ ਉੱਪਰ ਸੱਚਖੰਡ ਵਿਚ ਬੈਠੇ ਕਰ ਰਹੇ ਹਨ ਅਜਿਹੇ ਕੰਮ ਮੇਰੇ ਸਤਿਗੁਰੂ ਸੁਆਮੀ ਸਰਵਣ ਦਾਸ ਮਹਾਰਾਜ ਜੀ ਧਰਤੀ ਤੇ ਬੈਠ ਕੇ ਵੀ ਕਰੀ ਜਾ ਰਹੇ ਹਨ। ਅਗਲੇਰੇ ਸੰਤਾਂ ਮਹਾਪੁਰਸ਼ਾਂ ਗੱਦੀ ਨਸ਼ੀਨਾ ਨੇ ਵੀ ਉਪਰੋਕਤ ਰੱਬ ਰੂਪੀ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦਾ ਪ੍ਰਮਾਤਮਾ ਹੋਣਾ, ਜਗਤਗੁਰੂ ਰਵਿਦਾਸ ਜੀ ਮਹਾਰਾਜ ਦਾ ਸਰੂਪ ਹੋਣਾ ਤਸਦੀਕ ਕੀਤਾ। ਸੰਗਤ ਵਿੱਚੋ ਵੀ ਉਹਨਾਂ ਦੇ ਅਨਿੰਨ ਸ਼ਰਧਾਲੂਆਂ ਨੇ ਜੋ ਓਹਨਾਂ ਨਾਲ ਵਾਪਰੀਆ ਘਟਨਾਵਾਂ ਹਨ ਵਰਨਣ ਕਰਦੇ ਸਮੇਂ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਨੂੰ ਰੱਬ ਮੰਨਿਆ ਹੈ। ਕੁਝ ਸਾਖੀਆਂ ਜੋ ਸਤਿਗੁਰਾਂ ਦੇ ਅਨਿੰਨ ਸ਼ਰਧਾਲੂਆਂ ਨੇ ਸੁਣਾਈਆ ਦਾਸ ਨੇ ਕਲਮ ਬੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਤਿਗੁਰੂ ਦਾ ਇਕੱਠਾ ਕੀਤਾ ਹੋਇਆ ਇਤਿਹਾਸ ਆਉਣ ਵਾਲੇ ਸਮੇਂ ਲਈ ਚਾਨਣ ਮੁਨਾਰਾ ਬਣੇਗਾ ਅਤੇ ਸੰਗਤ ਇਸ ਤੋ ਵੱਧ ਤੋਂ ਵੱਧ ਲਾਭ ਉਠਾਵੇਗੀ।

ਰਵਿਦਾਸੀਆ ਧਰਮ ਅਤੇ "ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ" ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਅੱਗੇ ਤੋਰਦੇ ਹੋਏ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਅਤੇ ਸਤਿਗੁਰੂ ਸਰਵਣ ਦਾਸ ਜੀ ਦੇ ਮਿਸ਼ਨ ਨੂੰ ਅੱਗੇ ਤੋਰਦੇ ਹੋਏ ਸੰਗਤ ਦੀ ਸੇਵਾ ਵਿਚ ਪਰਮਾਰਥੀ ਸਾਖੀਆਂ ਦਾ ਸੰਗ੍ਰਹਿ ਲਈ ਬਹੁਤ ਲਾਹੇਵੰਦ ਹੋਵੇਗਾ। ਇਹ ਤੁੱਛ ਸਾਖੀਆ ਦਾ ਸੰਗ੍ਰਿਹ ਹੈ, ਆਉਣ ਵਾਲੇ ਸਮੇਂ ਵਿਚ ਹੋਰ ਸਾਖੀਆਂ ਦਾ ਸੰਗ੍ਰਿਹ ਸੰਗਤਾਂ ਦੀ ਸੇਵਾ ਵਿਚ ਭੇਂਟ ਕੀਤਾ ਜਾਵੇਗਾ ਕਿਉਂਕਿ ਜੋ ਵੀ ਸ਼ਰਧਾਲੂ ਸਤਿਗੁਰੂ ਸੁਆਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਨਾਲ ਜੁੜਿਆ ਹੈ ਉਸ ਦੀ ਹਰ ਮੁਸ਼ਕਿਲ ਹੱਲ ਕੀਤੀ ਜਾਂਦੀ ਹੈ ਜੋ ਸ਼ਰਧਾ ਨਾਲ ਜੁੜਿਆ ਉਸਦੀ ਹਰ ਮਨੋਕਾਮਨਾਂ

ਪੂਰੀ ਕੀਤੀ ਜਿਸ ਨੇ ਪਰਮ ਪਿਤਾ ਪ੍ਰਮਾਤਮਾ ਦੇ ਦਰਸ਼ਨ ਕਰਨੇ ਚਾਹੇ ਉਸ ਨੂੰ ਦਰਸ਼ਨ ਕਰਵਾਏ ਅਤੇ ਸੱਚਖੰਡ ਵਿਚ ਲੈ ਕੇ ਗਏ ਅਤੇ ਅੱਜ ਵੀ ਉਨ੍ਹਾਂ ਦੇ ਸਮੇ ਦੇ ਅਤੇ ਬਾਅਦ ਦੇ ਪੈਰੋਕਾਰ ਅਨਿੰਨ ਸ਼ਰਧਾਲੂ ਉਹਨਾਂ ਦੇ ਦੱਸੇ ਮਾਰਗ ਤੇ ਚੱਲ ਕੇ ਅਭਿਆਸੀ ਸੱਚਖੰਡ ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ ਦੇ ਪਾਵਨ ਚਰਨਾਂ ਵਿਚ ਜਾਣ ਦੀ ਤਿਆਰੀ ਕਰੀ ਬੈਠੇ ਹਨ।

ਦਾਸ ਦੀ ਇਸ ਕੋਸ਼ਿਸ਼ ਤੋਂ ਸੰਗਤ ਭਰਪੂਰ ਲਾਭ ਉਠਾਏਗੀ। ਜਗਤਗੁਰੂ ਰਵਿਦਾਸ ਜੀ ਦੇ ਨਾਲ ਜੁੜ ਕੇ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦੇ ਮਿਸ਼ਨ ਨੂੰ ਅੱਗੇ ਵਧਾਏਗੀ। ਅਸੀਂ ਰਵਿਦਾਸੀਆ ਧਰਮ ਅਤੇ ਅਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਅਨੁਸਾਰ ਇੱਕ ਵਿਸ਼ਾਲ ਰਵਿਦਾਸੀਆ ਧਰਮ ਨੂੰ ਫੈਲਾਉਣ ਵਿਚ ਸਫਲ ਹੋਵਾਂਗੇ 'ਐਸਾ ਚਾਹੂੰ ਰਾਜ' 'ਪ੍ਰਾਧੀਨਤਾ ਪਾਪ ਹੈ' ਅਤੇ ਬੇਗਮਪੁਰੇ ਦੇ ਸੁਪਨੇ ਨੂੰ ਸਕਾਰ ਕਰਾਂਗੇ ਅਤੇ ਅਧਿਆਤਮਿਕ ਤੌਰ ਤੇ ਸਮੁੱਚੀ ਮਾਨਵਤਾ ਨੂੰ ਸੱਚੇ ਮਾਰਗ ਤੇ ਚੱਲਣ ਲਈ ਸਹਾਈ ਹੋਵਾਂਗੇ ਅਤੇ ਸਤਿਗੁਰੂ ਸੁਆਮੀ ਸਰਵਣ ਦਾਸ ਮਹਾਰਾਜ ਜੀ ਦਾ ਸੁਪਨਾ ਸਾਕਾਰ ਕਰਾਂਗੇ।

## ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਗਈ ਕਵਿਤਾ

## ਤਾਰਿਆ ਨਾਗਰ ਮੱਲ ਜਿਸ

ਆਏ ਕਾਂਸ਼ੀ ਵਿਚ ਤਾਰਿਆ ਨਾਗਰ ਮੱਲ ਜਿਸ,

ਇਕਦਮ ਮਾਇਆ ਵਾਲੀ ਫਾਂਸੀ ਕਿਨ ਤੋੜੀ ਆ।

ਫਿਰ-ਫਿਰ ਸਾਰੇ ਜੱਗ ਏਕਤਾ ਫੈਲਾਈ ਕਿਸ,

ਡੁੱਬੇ ਜਾਂਦੇ ਭਾਰਤ ਦੀ ਜਿੰਦ ਕਿਨ ਮੋੜੀ ਆ।

ਊਚ-ਨੀਚ, ਰਾਓ ਰੰਕ ਭਾਈ ਹੈ ਨਾ ਭੇਦ ਕੋਈ,

ਜਾਤਪਾਤ ਹਿੰਦ ਵਿਚੋਂ ਆਇ ਕਿਨ ਤੋੜੀ ਆ।

ਦੱਸੋ ਸਤਿਗੁਰੂ ਰਵਿਦਾਸ ਤੋਂ ਬਿਨਾਂ ਚੁੰਹਾਂ ਜੁੱਗਾਂ ਚੋਂ,

ਫੱਟੀ ਹੋਈ ਸ੍ਰਿਸਟੀ ਮਿਲਾਇ ਕਿਨ ਜੋੜੀ ਆ।

**-ਸਤਿਗੁਰੂ ਸਰਵਣ ਦਾਸ ਮਹਾਰਾਜ ਜੀ**

# ਧੰਨ ਗੁਰੂ ਸਰਵਣ ਦਾਸ ਜੀ

ਧੰਨ ਗੁਰੂ ਸਰਵਣ ਦਾਸ ਜੀ,ਪਿੰਡ ਬੱਲਾਂ ਸੱਚ ਖੰਡ ਬਣਾ ਤਾ,
ਜਗਤ ਗੁਰੂ ਰਵਿਦਾਸ ਦਾ,ਸਾਰੇ ਜਗ ਵਿਚ ਮਿਸ਼ਨ ਫੈਲਾ ਤਾ।

ਗਿੱਲਪੱਤੀ ਬਾਬਾ ਪਿੱਪਲ ਦਾਸ ਜੀ ਮਾਤਾ ਸੋਭਾਵੰਤੀ ਘਰ ਜਾਏ ਨੇ,
ਧਰਤੀ ਬੱਲਾਂ ਦੀ ਤਪ ਕਰਕੇ ਭਾਗ ਸੁੱਤੀ ਹੋਈ ਕੌਮ ਦੇ ਜਗਾਏ ਨੇ।
ਨਸ਼ਿਆ ਦਾ ਕਰਕੇ ਤਿਆਗ ਜੀ,ਪੜ੍ਹੋ ਵਿਦਿਆ ਇਹ ਪਾਠ ਪੜਾਤਾ,
ਜਗਤ ਗੁਰੂ ਰਵਿਦਾਸ ਦਾ,ਸਾਰੇ ਜਗ ਵਿਚ ਮਿਸ਼ਨ ਫੈਲਾ ਤਾ।

ਡੇਰੇ ਨੂੰ ਲਿਖਾ ਕੇ ਰਵਿਦਾਸੀਆ ਸੰਨ 64 ਵਿਚ ਸ਼ਾਨ ਵਧਾਈ ਜੀ,
ਦਿੱਬ-ਦ੍ਰਿਸ਼ਟੀ ਨਾਲ ਖੋਜ ਕਰਕੇ,ਕਾਂਸ਼ੀ ਮੰਦਰ ਦੀ ਨੀਂਹ ਰਖਵਾਈ ਜੀ।
ਵਰਲਡ ਲੈਵਲ ਤੇ ਕੱਠੇ ਹੋਣ ਦਾ ਸਭ ਸੰਗਤਾਂ ਨੂੰ ਰਸਤਾ ਦਿਖਾ ਤਾ,
ਜਗਤ ਗੁਰੂ ਰਵਿਦਾਸ ਦਾ,ਸਾਰੇ ਜਗ ਵਿਚ ਮਿਸ਼ਨ ਫੈਲਾ ਤਾ।

ਕੌਮ ਦੀ ਤਰੱਕੀ ਭਲਾ ਸਭ ਦਾ,ਹਰ ਵੇਲੇ ਅਰਦਾਸ ਕਰਦੇ,
ਸਭ ਸੰਗਤਾਂ ਦੀਆਂ ਝੋਲੀਆਂ,ਹਰਿ ਜੀ ਨਾਮ ਨਾਲ ਭਰਦੇ।
ਗੁਰੂ ਜੀ ਦੀ ਅੰਮ੍ਰਿਤਬਾਣੀ ਨੇ,ਸਮਾਜ ਬੰਧਨਾ ਤੋ ਮੁਕਤ ਕਰਾ ਤਾ,
ਜਗਤ ਗੁਰੂ ਰਵਿਦਾਸ ਦਾ,ਸਾਰੇ ਜਗ ਵਿਚ ਮਿਸ਼ਨ ਫੈਲਾ ਤਾ।

ਸੰਤ ਹਰੀ ਦਾਸ ਗਰੀਬ ਦਾਸ ਜੀ ਮਿਸ਼ਨ ਵਧਾਇਆ ਏ,
ਰਾਮਾਨੰਦ ਦਿੱਤੀਆ ਸ਼ਹਾਦਤਾਂ ਅਮਰ ਸ਼ਹੀਦ ਕਹਾਇਆ ਏ।
ਬਾਵੇ ਫਿਰ ਸੰਤ ਸਮਾਜ ਨੇ ਨਵਾਂ ਧਰਮ ਰਵਿਦਾਸੀਆ ਸਜਾ ਤਾ,
ਜਗਤ ਗੁਰੂ ਰਵਿਦਾਸ ਦਾ,ਸਾਰੇ ਜਗ ਵਿਚ ਮਿਸ਼ਨ ਫੈਲਾ ਤਾ।

# ਸਤਿਗੁਰੂ ਸਰਵਣ ਦਾਸ ਜੀ

ਸਤਿਗੁਰੂ ਸਰਵਣ ਦਾਸ ਜੀ ਨੇ ਹਰਿ ਹਰਿ ਦਾ ਨਾਮ ਜਪਾਇਆ ਏ,
ਸਾਰੀਆਂ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਜੀ ਦੇ ਚਰਨੀ ਲਗਾਇਆ ਏ।

ਪਿਤਾ ਪਿੱਪਲ ਦਾਸ ਜੀ ਮਾਤਾ ਸ਼ੋਭਾਵੰਤੀ ਜੀ ਦੇ ਘਰ 'ਚ ਅਗਮਾਨ ਹੋਇਆ,
ਨਗਰ ਗਿੱਲ ਪੱਤੀ ਬਠਿੰਡਾ ਵਿਖੇ ਸਤਿਗੁਰੂ ਦਾ ਚਾਨਣ ਹੋਇਆ,
ਸਤਿਗੁਰੂ ਜੀ ਨੇ ਸੰਗਤਾਂ ਨੂੰ ਸੱਚ ਦਾ ਰਾਹ ਦਿਖਾਇਆ ਏ,
ਸਾਰੀਆਂ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਜੀ ਦੇ ਚਰਨੀ ਲਗਾਇਆ ਏ।

ਬੱਲਾਂ ਦੀ ਪਾਵਨ ਧਰਤੀ ਤੇ ਸਤਿਗੁਰੂ ਨੇ ਤੱਪ ਕੀਤਾ,
ਇਸ ਨਗਰ ਦੀ ਸ਼ੋਭਾ ਨੂੰ ਸੰਸਾਰ ਵਿੱਚ ਪ੍ਰਗਟ ਕੀਤਾ,
ਤਾਇਓ ਤਾ ਅੱਜ ਰਹਿਬਰਾਂ ਦਾ ਨਾਮ ਜੱਗ ਚ ਰੁਸ਼ਨਾਇਆ ਏ ,
ਸਾਰੀਆਂ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਜੀ ਦੇ ਚਰਨੀ ਲਗਾਇਆ ਏ।


ਦਿਬ ਦ੍ਰਿਸ਼ਟੀ ਰਾਹੀ ਸ਼੍ਰੀ ਗੁਰੂ ਰਵਿਦਾਸ ਮੰਦਰ ਦੀ ਖੋਜ ਕਰਵਾਈ ,
ਸੰਤ ਹਰੀ ਦਾਸ ਜੀ ਪਾਸੋ ਹਾੜ ਦੀ ਸੰਗਰਾਂਦ ਨੂੰ ਨੀਹ ਰਖਵਾਈ.,
ਸੰਤ ਗਰੀਬ ਦਾਸ ਜੀ ਤੋ ਇਸ ਕੰਮ ਸੰਪੂਰਨ ਕਰਾਇਆ ਏ ,
ਸਾਰੀਆਂ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਜੀ ਦੇ ਚਰਨੀ ਲਗਾਇਆ ਏ।


ਇਸ ਤੀਰਥ ਅਸਥਾਨ ਤੋਂ ਰਵਿਦਾਸੀਆ ਧਰਮ ਦਾ ਐਲਾਨ ਹੋਇਆ ਏ ,
ਰਵਿਦਾਸੀਆ ਕੌਮ ਨੂੰ ਸਾਰੇ ਸੰਸਾਰ ਵਿੱਚ ਰੁਤਬਾ ਪ੍ਰਾਪਤ ਹੋਇਆ ਏ ,
ਤਾਹੀਓ ਅੰਮ੍ਰਿਤਬਾਣੀ ਨੂੰ ਸਾਰੇ ਜੱਗ ਨੇ ਮਨ ਵਿੱਚ ਵਸਾਇਆ ਏ ,
ਸਤਿਗੁਰੂ ਸਰਵਣ ਦਾਸ ਜੀ ਨੇ ਹਰਿ ਹਰਿ ਦਾ ਨਾਮ ਜਪਾਇਆ ਏ,
ਸਾਰੀਆਂ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਜੀ ਦੇ ਚਰਨੀ ਲਗਾਇਆ ਏ।,


# ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੇ ਜੀਵਨ ਦੀਆਂ ਪਵਿੱਤਰ ਯਾਦਾਂ


















































ਧਰਤੀ ਉੱਤੇ ਰੱਬ  ਸਤਿਗੁਰੂ ਸਰਵਣ ਦਾਸ ਜੀ ਮਹਾਰਾਜ(18)








































ਕਲਯੁਗ ਕਾਲ਼ੀ ਬੱਦਲੀ, ਬਰਸ ਰਹੀ ਅੰਗਿਆਰ,
ਸੰਤ ਨਾ ਹੋਤੇ ਜਗਤ ਮੇਂ, ਜਲ ਮਰਤਾ ਸੰਸਾਰ॥





## ਰਵਿਦਾਸ ਭਣੈ ਜੋ ਜਾਣੈ ਸੋ ਜਾਣੁ।
## ਸੰਤ ਅਨੰਤਹਿ ਅੰਤਰੁ ਨਾਂਹੀ॥

ਜਿਵੇਂ ਕਿ ਸਾਹਿਬ ਜਗਤਗੁਰੂ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਇਸ ਸੰਸਾਰ ਵਿੱਚ ਸੰਤਾਂ ਅਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ ।ਸੰਤ ਸੰਸਾਰ ਵਿੱਚ ਨਿੱਤ ਅਵਤਾਰ ਹਨ ਜਿਥੇ ਸੰਤ ਇਸ ਸੰਸਾਰ ਵਿੱਚ ਭੁੱਲੇ ਭਟਕੇ ਜੀਵਾਂ ਨੂੰ ਪ੍ਰਮਾਤਮਾ ਨਾਲ ਜੋੜਦੇ ਹਨ ,ਉੱਥੇ ਉਹਨਾ ਦਾ ਸੰਸਾਰਕ ਜੀਵਨ ਵੀ ਸੁਧਾਰਦੇ ਹਨ ।ਉਹਨਾ ਵਿੱਚੋ ਇਕ ਸਨ ਮਹਾਨ ਸਮਾਜ ਸੁਧਾਰਕ ,ਬ੍ਰਹਮ ਗਿਆਨੀ ,ਬੇਗਮਪੁਰੇ ਦੇ ਧਾਰਨੀ ਸ਼੍ਰੀ 108 ਸੰਤ ਬਾਬਾ ਪਿੱਪਲ ਦਾਸ ਜੀ ਮਹਾਰਾਜ ਸਨ।ਬਾਬਾ ਪਿੱਪਲ ਦਾਸ ਜੀ ਦਾ ਜਨਮ ਪਿੰਡ ਗਿੱਲ ਪੱਟੀ ਜਿਲ੍ਹਾਂ ਬਠਿੰਡਾ ਵਿਖੇ ਹੋਇਆ ਆਪ ਜੀ ਦੇ ਦਾਦਾ ਜੀ ਪਿੰਡ ਕੁਤੀਵਾਲਾ ਨੂੰ ਛੱਡ ਕੇ ਕੁੱਝ ਸਾਲ ਪਿੰਡ ਜੋਗਾਨੰਦ ਰਹਿ ਪੱਕੇ ਤੋਰ ਤੇ ਪਿੰਡ ਗਿੱਲ ਪੱਟੀ ਜਿਲ੍ਹਾ ਬਠਿੰਡਾ ਵਿਖੇ ਹੀ ਰਹਿਣ ਲੱਗ ਪਏ ਸਨ ਆਪ ਜੀ ਦਾ ਪਹਿਲਾ ਨਾਮ ਹਰਨਾਮ ਦਾਸ ਸੀ ।ਆਪ ਜੀ ਦੇ ਮਾਤਾ ਪਿਤਾ ਧਾਰਮਿਕ ਖਿਆਲਾਂ ਦੇ ਸਨ ।ਆਪ ਜੀ ਹਮੇਸ਼ਾ ਇਕਾਂਤ ਵਿੱਚ ਬੈਠ ਕੇ ਪ੍ਰਭੂ ਸਿਮਰਨ ਕਰਿਆ ਕਰਦੇ ਸਨ ।ਆਪ ਜੀ ਨਾਲ ਨਗਰ ਦੇ ਸਾਰੇ ਲੋਕ ਪਿਆਰ ਕਰਦੇ ਸਨ ਆਪ ਜੀ ਆਪਣੇ ਮਾਤਾ ਪਿਤਾ ਜੀ ਦੀ ਆਗਿਆ ਅਨੁਸਾਰ ਖੇਤੀ ਦਾ ਕੰਮ ਬੜੀ ਮਿਹਨਤ ਨਾਲ ਕਰਿਆ ਕਰਦੇ ਸਨ ।ਆਪ ਜੀ ਨੇ ਗੁਰਮੁੱਖੀ ਦੀ ਸਿੱਖਿਆ ਪ੍ਰਾਪਤ ਕੀਤੀ ।ਆਪ ਜੀ ਪੰਜਾਬੀ ਅਤੇ ਬਹੁਤ ਸਾਰੇ ਧਾਰਮਿਕ ਗ੍ਰੰਥਾਂ ਦੇ ਵਿਦਵਾਨ ਸਨ।ਆਪ ਜੀ ਹਮੇਸ਼ਾ ਹੀ ਵੈਰਾਗਮਈ ਗ੍ਰੰਥ ਪੜ੍ਹਿਆ ਕਰਦੇ ਸਨ।ਆਪ ਜੀ ਨੂੰ ਦਰਖਤ ਲਗਾਉਣ ਦਾ ਬਹੁਤ ਸੌਂਕ ਸੀ ।ਆਪ ਜੀ ਦੁਆਰਾ ਲਗਾਇਆ ਹੋਇਆ ਬੇਰੀ ਦਾ ਦਰਖਤ ਅੱਜ ਵੀ ਗਿੱਲ ਪੱਟੀ ਵਿਖੇ ਮੌਜੂਦ ਹੈ।ਆਪ ਜੀ ਦੀ ਸ਼ਾਦੀ ਸ਼ੋਭਾਵਤੀ ਜੀ ਨਾਲ ਹੋਈ ਜੋ ਕਿ ਬਹੁਤ ਹੀ ਨੇਕ ਖਿਆਲਾਂ ਦੇ ਸਨ। ਆਪ ਜੀ ਨੇ ਸ਼੍ਰੀ 108 ਸੰਤ ਮੋਹਨ ਦਾਸ ਜੀ ਪਾਸੋਂ ਨਾਮਦਾਨ ਦੀ ਦਾਤ ਪ੍ਰਪਤ ਕੀਤੀ ਸੀ।ਆਪ ਜੀ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ ।

ਆਪ ਜੀ ਦੇ ਵੱਡੇ ਸਪੁੱਤਰ ਦਾ ਨਾਮ ਸ਼੍ਰੀ ਸੇਵਾ ਦਾਸ ਸੀ ਅਤੇ ਦੂਸਰੇ ਛੋਟੇ ਪੁੱਤਰ ਦਾ ਨਾਮ ਸਰਵਣ ਦਾਸ ਸੀ ।ਜਿਸ ਸਮੇਂ ਸੰਤ ਸਰਵਣ ਦਾਸ ਜੀ ਦੀ ਉਮਰ ਕੇਵਲ ਪੰਜ ਸਾਲ ਦੀ ਸੀ ਉਸ ਸਮੇ ਮਾਤਾ ਸ਼ੋਭਾਵੰਤੀ ਜੀ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਵਿਰਾਜੇ।ਆਪ ਜੀ ਨੇ ਖੇਤੀ ਵਾੜੀ ਦਾ ਕੰਮ ਆਪਣੇ ਵੱਡੇ ਸਪੁੱਤਰ ਸ਼੍ਰੀ ਸੇਵਾ ਦਾਸ ਜੀ ਨੂੰ ਸੰਭਾਂਲ ਦਿੱਤਾ ਅਤੇ ਛੋਟੇ ਪੁੱਤਰ ਨੂੰ ਨਾਲ ਲੈ ਕੇ ਆਪ ਜੀ ਬਹੁਤ ਸਾਰੇ ਅਸਥਾਨਾਂ ਦੀ ਯਾਤਰਾਂ ਕਰਦੇ ਹੋਏ ,ਸੰਸਾਰੀ ਜੀਵਾ ਨੂੰ ਪ੍ਰਮਾਤਮਾ ਦੇ ਨਾਮ ਨਾਲ ਜੋੜਦੇ ਹੋਏ ਜਲੰਧਰ ਆਏ ਪਿੰਡ ਕਾਹਨਪੁਰ ,ਸਰਮਸਤਪੁਰ,ਬੱਲਾਂ ,ਰਾਏ ਪੁਰ ਆਦਿ ਨਗਰਾਂ ਵਿੱਚ ਚਰਨ ਪਾਏ।ਇਹਨਾ ਨਗਰਾਂ ਦੀਆ ਸੰਗਤਾਂ ਨੇ ਆਪ ਜੀ ਦਾ ਬਹੁਤ ਸਤਿਕਾਰ ਕੀਤਾ। ਕਾਹਨਪੁਰ ਪਿੰਡ ਵਿਚ ਪਹਿਲੀ ਵਾਰ ਪਧਾਰਨ ਤੇ ਆਪ ਜੀ ਨੇ ਕੁਟੀਆ ਬਨਾਉਣੀ ਚਾਹੀ ਜਦੋਂ ਆਪ ਕਹੀ ਲੈ ਕੇ ਮੋੜੀ ਗੱਡਣ ਲੱਗੇ ਤਾਂ ਜਮੀਨ ਦੀ ਖੁਦਾਈ ਸਮੇਂ ਦੋ ਮੂੰਹੀ (ਡਮੂਹੀ) ਦੀ ਖੁੱਡ ਨਿਕਲੀ।ਆਪ ਜੀ ਨੇ ਕਿਸੇ ਜੀਵ ਦਾ ਘਰ

ਢਾਹ ਕੇ ਆਪਣਾ ਘਰ ਬਨਾਉਣ ਦੀ ਇੱਛਾ ਨੂੰ ਤਿਆਗਦੇ ਹੋਏ ਬਾਲ ਸਰਵਣ ਨੂੰ ਲੈ ਕੇ ਅੱਗੇ ਚਾਲੇ ਪਾ ਲਏ। ਫਿਰ ਕਦੇ ਆਉਣ ਦਾ ਬਚਨ ਦੇ ਕੇ ਪਿੰਡ ਬੱਲਾਂ ਵੱਲ ਚਲ ਪਏ। ਪਿੰਡ ਬੱਲਾਂ ਦੀ ਆਬਾਦੀ ਖੁੱਲੀ ਅਤੇ ਸਾਫ ਸੁਥਰੀ ਸੀ ਅਤੇ ਇਥੇ ਡੇਕਾ ਦੇ ਦਰੱਖਤ ਸਨ ਆਪ ਜੀ ਨੇ ਇਸ ਆਸਥਾਨ ਨੂੰ ਬਹੁਤ ਪਸੰਦ ਕੀਤਾ ।ਕੁਝ ਦਿਨ ਸੰਗਤਾਂ ਨੂੰ ਪ੍ਰਭੂ ਦੇ ਨਾਮ ਨਾਲ ਜੋੜਨ ਤੋ ਬਾਆਦ ਆਪ ਇਸ ਨਗਰ ਨੂੰ ਛੱਡ ਕੇ ਸਿੰਗੜੀਵਾਲਾ ਸ੍ਰੀ ਲਾਲੂ ਰਾਮ ਦੇ ਚਲੇ ਗਏ,ਤਾਂ ਸੰਤ ਸਰਵਣ ਦਾਸ ਜੀ ਮਹਾਰਾਜ ਨੇ ਬੇਨਤੀ ਕੀਤੀ ਕਿ ਪਿਤਾ ਜੀ ਮੇਰਾ ਮਨ ਇੱਥੇ ਨਹੀਂ ਲੱਗਦਾ,ਆਪ ਮੈਨੂੰ ਡੇਕਾਂ ਵਾਲੇ ਪਿੰਡ ਹੀ ਲੈ ਚਲੋ। ਬਾਬਾ ਪਿੱਪਲ ਦਾਸ ਜੀ ਸੰਤ ਸਰਵਣ ਦਾਸ ਜੀ ਨੂੰ ਲੈ ਕੇ ਪਿੰਡ ਬੱਲਾਂ ਆ ਗਏ,ਪਿੰਡ ਬੱਲਾ ਆਉਣ ਤੇ ਸੰਗਤਾਂ ਨੇ ਆਪ ਜੀ ਦਾ ਬਹੁਤ ਸਵਾਗਤ ਕੀਤਾ ਅਤੇ ਪਹਿਲਾ ਨਾਲੋ ਵੱਧ ਕੇ ਆਪ ਨੂੰ ਪਿਆਰ ਕਰਨ ਲੱਗੇ ਤੇ ਆਪ ਨੇ ਉਸ ਦਿਨ ਤੋਂ ਹੀ ਨਿਸ਼ਚੇ ਕਰ ਲਿਆ ਪਿੰਡ ਬੱਲਾਂ ਰਹਿਣ ਦਾ,ਪਿੰਡ ਦੀਆਂ ਸੰਗਤਾਂ ਨੇ ਰਹਿਣ ਵਾਸਤੇ ਪਿੰਡ ਵਿੱਚ ਹੀ ਪੱਕਾ ਮਕਾਨ ਦੇ ਦਿੱਤਾ ਆਪ ਜੀ ਸਥਾਨ ਤੇ ਸਵੇਰ ਸ਼ਾਮ ਪ੍ਰਮਾਤਮਾ ਦਾ ਸਿਮਰਨ ਕਰਿਆ ਕਰਦੇ ਅਤੇ ਸੰਗਤਾਂ ਨੂੰ ਪ੍ਰਭੂ ਭਗਤੀ ਨਾਲ ਜੋੜਿਆਂ ਕਰਦੇ। ਉਸ ਸਮੇ ਪਿੰਡ ਵਿੱਚ ਪਿੱਪਲ ਦਾ ਦਰੱਖਤ ਸੀ ਜੋ ਸੁੱਕ ਚੁੱਕਾ ਸੀ ਪਿੰਡ ਬੱਲਾਂ ਦੇ ਲੋਕਾ ਨੇ ਬੇਨਤੀ ਕੀਤੀ ਕੇ ਮਹਾਰਾਜ ਗਰਮੀਆ ਦੇ ਦਿਨਾਂ ਵਿੱਚ ਪਿੰਡ ਦੀ ਲੋਕ ਇਸ ਦੀ ਛਾਵੇਂ ਬੈਠਦੇ ਹਨ ਤੁਸੀਂ ਕਿਰਪਾ ਕਰੋ ਇਸ ਨੂੰ ਹਰਾ ਕਰ ਦਿਓ,ਬਾਬਾ ਪਿੱਪਲ ਦਾਸ ਜੀ ਨੇ ਆਪਣੀ ਚਿੱਪੀ ਨਾਲ ਉਸ ਸੁੱਕੇ ਪਿੱਪਲ ਨੂੰ ਪਾਣੀ ਪਾਇਆ ਅਤੇ ਕੁਝ ਦਿਨਾਂ ਬਾਅਦ ਉਹ ਪਿੱਪਲ ਦਾ ਦਰੱਖਤ ਹਰਾ ਹੋਣ ਲੱਗ ਪਿਆ। ਇਸ ਘਟਨਾ ਤੋ ਬਾਦ ਪਿੰਡ ਦੀਆਂ ਸੰਗਤਾਂ ਨੇ ਸੰਤ ਹਰਨਾਮ ਦਾਸ ਜੀ ਨੂੰ ਬਾਬਾ ਪਿੱਪਲ ਦਾਸ ਜੀ ਕਹਿਣਾ ਸ਼ੁਰੂ ਕਰ ਦਿੱਤਾ। Mark Juergens Meyer ਆਪਣੀ ਪ੍ਰਸਿੱਧ ਪੁਸਤਕ Religionus Rebels in the Punjab ਸਫਾ ਨੰ:84 ਵਿੱਚ ਲਿਖਦੇ ਨੇ ਬਾਬਾ ਪਿੱਪਲ ਦਾਸ ਜੀ ਨੇ ਇਹ ਡੇਰਾ ਉਸ ਸਮੇ ਸਥਾਪਿਤ ਕੀਤਾ ਜਦੋਂ ਉਹ ਸੱਚ ਦੀ ਭਾਲ ਵਿੱਚ ਯਾਤਰਾਂ ਉਪਰ ਨਿਕਲੇ ਸਨ ਜਦੋਂ ਉਹਨਾ ਨੇ ਇਸ ਜਗ੍ਹਾ ਡੇਰਾ ਲਾਇਆ ਤਾਂ ਵੇਖਿਆਂ ਕਿ ਪਿੱਪਲ ਦਾ ਦਰਖਤ ਸੁੱਕਾ ਹੈ ਪਰ ਜਦੋਂ ਉਹਨਾ ਨੇ ਸੁੱਕੇ ਪਿੱਪਲ ਨੂੰ ਪਾਣੀ ਦਿੱਤਾ ਤਾਂ ਉਹ ਮੁੜ ਹਰਾ ਹੋ ਗਿਆ ਇਸ ਤਰਾਂ ਉਹਨਾ ਨੂੰ ਇਹ ਦ੍ਰਿੜ ਹੋ ਗਿਆ ਕਿ ਇਸ ਜਗ੍ਹਾ ਉੱਪਰ ਬੈਠ ਕੇ ਹੀ ਸੱਚਾਈ ਦੀ ਖੋਜ ਕੀਤੀ ਜਾ ਸਕਦੀ ਹੈ। ਇਸ ਤਰਾਂ ਪਿੰਡ ਵਾਲਿਆ ਨੇ ਆਪ ਜੀ ਨੂੰ ਭੂਮੀ ਦਾਨ ਕਰ ਦਿੱਤੀ ਇਸ ਜਗਾ ਉੱਪਰ ਹੀ ਆਪ ਜੀ ਨੇ ਡੇਰੇ ਦਾ ਨਿਰਮਾਣ ਕਰਨਾ ਸ਼ੁਰੂ ਕਰ ਦਿੱਤਾ। ਉਹ ਜਲਦੀ ਹੀ ਅਛੂਤ ਕਹੇ ਜਾਣ ਵਾਲੇ ਲੋਕਾਂ ਦਾ ਰੂਹਾਨੀ ਕੇਂਦਰ ਬਣ ਗਿਆ। ਜਿਹੜੇ ਕਿ ਖਾਸ ਕਰਕੇ ਮੱਧ ਪੰਜਾਬ ਨਾਲ ਸਬੰਧ ਰੱਖਦੇ ਸਨ। ਇਹ ਜਗਤ ਗੁਰੁ ਰਵਿਦਾਸ ਮਹਾਰਾਜ ਜੀ ਪੈਰੋਕਾਰਾਂ ਦਾ ਕੇਂਦਰ ਸਥਾਨ ਸੀ। ਆਪ ਦਿਨ ਸਮੇ ਪਿੰਡ ਦੇ ਪੱਛਮ ਵੱਲ ਬਾਲਕ ਸਰਵਣ ਦਾਸ ਨੂੰ ਨਾਲ ਲੈ ਕੇ ਇਕਾਂਤ ਵਿੱਚ ਭਜਨ ਕਰਿਆ ਕਰਦੇ ਸਨ, ਜਿਥੇ ਬਹੁਤ ਭਿਆਨਕ ਜੰਗਲ ਸੀ, ਅੱਜ ਉਸ ਅਸਥਾਨ ਤੇ ਡੇਰਾਂ ਸੱਚਖੰਡ ਬੱਲਾਂ ਸ਼ੁਸ਼ੋਭਿਤ ਹੈ। ਆਪ ਜੀ ਨੇ ਡੇਰੇ ਵਿਖੇ ਇਕ ਪਾਠਸ਼ਾਲਾ ਖੋਲੀ। ਆਪ ਜੀ ਬੱਚਿਆ ਨੂੰ ਪੰਜਾਬੀ ਅਤੇ ਪਾਵਨ ਅੰਮ੍ਰਿਤ ਬਾਣੀ ਦਾ ਅਧਿਐਨ ਕਰਾਇਆ ਕਰਦੇ ਸਨ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ

ਜੀਵਨ ਅਤੇ ਮਿਸ਼ਨ ਨਾਲ ਜੋੜਿਆ ਕਰਦੇ ਸਨ ।ਸੰਗਤਾਂ ਹਰ ਵੇਲੇ ਆਪ ਜੀ ਲਈ ਪ੍ਰੇਮ ਨਾਲ ਪ੍ਰਸ਼ਾਦ ਲੈ ਕੇ ਆਇਆ ਕਰਦੀਆ ਸਨ ।ਆਪ ਜੀ ਨੇ ਸੰਗਤਾਂ ਨੂੰ ਹਮੇਸ਼ਾ ਹੀ ਬੱਚਿਆ ਨੂੰ ਪੜਾਉਣ ਲਈ ,ਸਮਾਜਿਕ ਬੁਰਾਈਆ ਅਤੇ ਕਰਮ ਕਾਂਡਾ ਤੋ ਦੂਰ ਰਹਿਣ ਲਈ ਅਤੇ ਨਸ਼ਿਆਂ ਤੋ ਦੂਰ ਰਹਿਣ ਦਾ ,ਮਾਤਾ ਪਿਤਾ ਦੀ ਸੇਵਾ ਕਰਨ ਦਾ ਆਪਸ ਵਿੱਚ ਰਲ ਮਿਲ ਕੇ ਪਿਆਰ ਨਾਲ ਰਹਿਣ ਦਾ ਪਾਵਨ ਉਪਦੇਸ਼ ਦਿੱਤਾ ।

ਜਦੋ ਮਹਾਨ ਸਮਾਜ ਸੁਧਾਰਕ ਬਾਬੂ ਮੰਗੂ ਰਾਮ ਜੀ ਮੰਗੋਵਾਲੀਆ ਆਪਣੇ ਰਹਿਬਰਾਂ ਮਹਾਂਰਿਸ਼ੀ ਭਗਵਾਨ ਵਾਲਮੀਕ ਜੀ ,ਸਤਿਗੁਰੂ ਰਵਿਦਾਸ ਜੀ ,ਸਤਿਗੁਰੂ ਨਾਮਦੇਵ ਜੀ ,ਸਤਿਗੁਰੂ ਕਬੀਰ ਜੀ ਦਾ ਇਤਿਹਾਸ ਇਕੱਠਾ ਕਰ ਰਹੇ ਸਨ ਉਸ ਸਮੇ ਬਾਬੂ ਜੀ ਸੰਤ ਪਿੱਪਲ ਦਾਸ ਜੀ ਪਾਸ ਸਤਿਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾ ਅਤੇ ਲਿਖਤਾ ਬਾਰੇ ਜਾਣਕਾਰੀ ਲੈਣ ਆਏ ਸਨ।

**ਰਵਿਦਾਸ ਸੋਇ ਸਾਧੂ ਭਲੋ ਨਿਰਮਲ ਜਾ ਕੇ ਬੈਨ।**
**ਜਾ ਕਰ ਦਰਸ਼ ਔਰ ਪਰਸ ਸੋ ਮਨ ਊਪਜੈ ਸੁੱਖ ਚੈਨ ॥**

ਆਪ ਜੀ ਦੇ ਮੁੱਖ ,ਚੋ ਜੋ ਵੀ ਬਚਨ ਨਿਕਲਦਾ ਉਹ ਅਟੱਲ ਹੁੰਦਾ ਸੀ। ਇੱਕ ਵਾਰ ਜਦੋਂ ਆਪ ਆਪਣੇ ਸੇਵਕ ਸ਼ਾਮੀ ਰਾਮ ਜੀ ਹਰੀਪੁਰ ਵਾਲਿਆਂ ਦੇ ਗ੍ਰਹਿ ਵਿਖੇ ਗਏ ਤਾਂ ਆਪ ਜੀ ਨੇ ਉੱਥੇ ਸਤਿਸੰਗ ਕੀਤਾ,ਸੰਗਤਾਂ ਨੂੰ ਪ੍ਰਮਾਤਮਾ ਦੇ ਨਾਮ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਸ਼੍ਰੀ ਸ਼ਾਮੀ ਰਾਮ ਦੇ ਗ੍ਰਹਿ ਵਿਖੇ ਇੱਕ ਕੋਠੀ ਸੀ,ਇਸ ਵਿਚ ਉਹ ਸਾਲ ਵਾਸਤੇ ਕਣਕ ਦੇ ਦਾਣੇ ਪਾਉਂਦੇ ਸਨ। ਬਾਬਾ ਪਿੱਪਲ ਦਾਸ ਜੀ ਨੇ ਫਰਮਾਇਆ ਕਿ ਇਹ ਕੋਠੀ ਦਾਣਿਆ ਨਾਲ ਭਰੀ ਰਹੇਗੀ॥ ਜਦੋਂ ਤੇਰਾਂ ਮਹੀਨਿਆਂ ਬਾਅਦ ਸ਼੍ਰੀ ਸ਼ਾਮੀ ਰਾਮ ਜੀ ਨੇ ਸੋਚਿਆ ਕਿ ਹੁਣ ਸਾਰੇ ਦਾਣੇ ਮੁੱਕ ਗਏ ਹੋਣਗੇ ਤਾਂ ਹੋਰ ਇਕ ਸਾਲ ਵਾਸਤੇ ਦਾਣੇ ਕੋਠੀ ਵਿਚ ਪਾ ਦਈਏ ਜਦੋਂ ਉਨ੍ਹਾਂ ਨੇ ਕੋਠੀ ਦਾ ਮੂੰਹ ਖੋਲਿਆਂ ਤਾਂ ਕੋਠੀ ਦਾਣਿਆਂ ਨਾਲ ਭਰੀ ਹੋਈ ਪਈ ਸੀ। ਇਸੇ ਤਰ੍ਹਾਂ ਇਕ ਵਾਰ ਪਿੰਡ ਅਰਜਨਵਾਲ ਵਿਖੇ ਗਏ। ਉਥੇ ਇਕ ਮਾਤਾ ਜੀ ਨੇ ਆਪ ਜੀ ਦੇ ਚਰਨਾਂ ਤੇ ਸਿਰ ਰੱਖ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੇਰੇ ਕੋਈ ਔਲਾਦ ਨਹੀਂ ਹੈ। ਮੇਰੀ ਸੱਸ ਕਹਿੰਦੀ ਹੈ ਕਿ ਮੈਂ ਤੈਨੂੰ ਘਰੋਂ ਬਾਹਰ ਕੱਢ ਦਿਆਂਗੀ। ਬਾਬਾ ਪਿੱਪਲ ਦਾਸ ਜੀ ਉਸਦੇ ਸਿਰ ਤੇ ਹੱਥ ਰੱਖ ਕਿ ਅਸ਼ੀਰਵਾਦ ਦਿੰਦੇ ਹੋਏ ਕਿਹਾ ਕਿ ਤੇਰੇ ਘਰ ਪੰਜ ਪੁੱਤਰ ਪੈਦਾ ਹੋਣਗੇ। ਉਹਨਾਂ ਦੇ ਗ੍ਰਹਿ ਵਿਖੇ ਬਾਬਾ ਪਿੱਪਲ ਦਾਸ ਜੀ ਦੀ ਕਿਰਪਾ ਨਾਲ ਗਿਆਨੀ ਜੁਗਿੰਦਰ ਸਿੰਘ ਜੀ ਸਮੇਤ ਪੰਜ ਲੜਕਿਆ ਨੇ ਜਨਮ ਲਿਆ।

ਆਪ ਜੀ ਸੰਗਤਾਂ ਨੂੰ ਪ੍ਰਮਾਤਮਾ ਦੇ ਨਾਮ ਨਾਲ ਜੋੜਦੇ ਹੋਏ ਪਹਿਲੇ ਨਵਰਾਤੇ 1928 ਈ. ਵਾਲੇ ਦਿਨ ਉਸ ਪ੍ਰਮਾਤਮਾ ਨਾਲ ਅਭੇਦ ਹੋ ਗਏ। ਆਪ ਜੀ ਤੋਂ ਬਾਅਦ ਸੰਤ ਸਰਵਣ ਦਾਸ ਜੀ ਡੇਰੇ ਦੇ ਸੰਚਾਲਕ ਬਣੇ।

# ਬ੍ਰਹਮਲੀਨ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ

ਮਨੁੱਖਤਾ ਦੇ ਹਮਦਰਦ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦੇ ਪ੍ਰਚਾਰਕ ਬ੍ਰਹਮਗਿਆਨੀ ਸ੍ਰੀ 108 ਸੰਤ ਸਰਵਣ ਦਾਸ ਜੀ ਮਹਾਰਾਜ,ਜਿਹਨਾਂ ਦਾ ਜਨਮ ਮਿਤੀ 15 ਫਰਵਰੀ 1895 ਈਸਵੀਂ ਨੂੰ ਮਹਾਨ ਮਾਤਾ ਸ਼ੋਭਾਵੰਤੀ ਜੀ ਦੀ ਕੁੱਖੋਂ ਪਿਤਾ ਸ੍ਰੀ 108 ਬਾਬਾ ਪਿੱਪਲ ਦਾਸ ਜੀ ਦੇ ਗ੍ਰਹਿ ਪਿੰਡ ਗਿੱਲ ਪੱਟੀ(ਬਠਿੰਡਾ)ਵਿਖੇ ਹੋਇਆ।ਆਪ ਜੀ ਦੇ ਸੱਜੇ ਪੈਰ ਤੇ ਪਦਮ ਦਾ ਚਿੰਨ੍ਹ ਸੀ,ਜਿਸਨੂੰ ਦੇਖਣ ਦਾ ਬਹੁਤ ਸਾਰੀਆ ਸੰਗਤਾਂ ਨੂੰ ਸੁਭਾਗ ਪ੍ਰਾਪਤ ਹੋਇਆ।ਆਪ ਜੀ ਦੇ ਮਾਤਾ ਪਿਤਾ ਦੋਵੇਂ ਹੀ ਨਾਮ ਦੇ ਰਸੀਏ ਸਨ।

ਆਪ ਜੀ ਨੇ ਆਪਣੇ ਪਿਤਾ ਪਿੱਪਲ ਦਾਸ ਜੀ ਦੀ ਪ੍ਰੇਰਨਾ ਅਨੁਸਾਰ ਸ਼੍ਰੀ 108 ਸੰਤ ਹਰਨਾਮ ਦਾਸ ਜੀ ਪਾਸੋਂ ਨਾਮਦਾਨ ਦੀ ਪ੍ਰਾਪਤੀ ਕੀਤੀ।ਮਹਾਰਾਜ ਹਰਨਾਮ ਦਾਸ ਜੀ ਫਰਮਾਇਆਂ ਕਰਦੇ ਸਨ ਕਿ ਸੰਤ ਸਰਵਣ ਦਾਸ ਜੀ ਬਹੁਤ ਮਹਾਨ ਹਨ ਜੋ ਕਿ ਭਜਨ ਦੇ ਪ੍ਰਤਾਪ ਨਾਲ ਅਧਿਆਤਮਕ ਅਤੇ ਰੂਹਾਨੀ ਖੇਤਰ ਵਿਚ ਸਾਡੇ ਤੋਂ ਬਹੁਤ ਅੱਗੇ ਲੰਘ ਚੁੱਕੇ ਹਨ ਅਤੇ ਆਉਣ ਵਾਲੇ ਸਮੇਂ ਵਿਚ ਮਹਾਨ ਸੰਤ ਹੋਣਗੇ।

'ਜੰਗਲ ਵਿਚ ਮੰਗਲ ਲਾ ਦਿੰਦੇ,ਜਿੱਥੇ ਵਾਸਾ ਹੋਵੇ ਸੰਤਾਂ ਦਾ' ਮਹਾਰਾਜ ਜੀ ਦਿਨ ਸਮੇਂ ਇਕਾਂਤ ਵਿਚ ਇਸ ਸਥਾਨ ਤੇ ਭਜਨ ਕਰਿਆ ਕਰਦੇ ਸਨ। ਇਥੇ ਹੀ ਗੁਰੂ ਜੀ ਨੇ ਅੰਗ ਕੱਟੀ ਯੋਗ ਦੀ ਸਾਧਨਾ ਕੀਤੀ,ਜਿਸ ਦ੍ਰਿਸ਼ ਨੂੰ ਬੱਲਾਂ ਨਿਵਾਸੀਆਂ ਨੇ ਆਪਣੀਆ ਅੱਖਾਂ ਨਾਲ ਦੇਖਿਆ।ਆਪ ਰਾਤ ਸਮੇਂ ਪਿੰਡ ਬੱਲਾਂ ਰਿਹਾ ਕਰਦੇ ਸਨ।ਜਿੱਥੇ ਆਪ ਹਰ ਰੋਜ਼ ਸਵੇਰੇ ਸ਼ਾਮ ਕਥਾ ਕਰਿਆ ਕਰਦੇ ਸਨ।ਸਤਿਗੁਰਾਂ ਦੇ ਪ੍ਰਮਾਰਥੀ ਬਚਨਾਂ ਅਤੇ ਰੂਹਾਨੀ ਕੌਤਕਾਂ ਨੂੰ ਦੇਖਦੇ ਹੋਏ ਪਿੰਡ ਦੇ ਜ਼ਿਮੀਂਦਾਰ ਹਜ਼ਾਰਾ ਸਿੰਘ ਨੇ ਕੁਟੀਆ ਵਾਸਤੇ ਇੱਕ ਕਨਾਲ ਜ਼ਮੀਨ ਦਾਨ ਦਿੱਤੀ।ਆਪ ਜੀ ਨੇ ਆਪਣੇ ਪਿਤਾ ਪਾਸੋਂ ਹੀ ਮੁਢਲੀ ਵਿੱਦਿਆ ਪ੍ਰਾਪਤ ਕੀਤੀ।ਆਪ ਬਚਪਨ ਤੋਂ ਹੀ ਇਕਾਂਤ ਵਿਚ ਬੈਠ ਕੇ ਭਜਨ ਕਰਿਆ ਕਰਦੇ ਸਨ।ਸੰਸਕ੍ਰਿਤ ਦੀ ਵਿਦਿਆ ਸੰਤ ਕਰਤਾ ਨੰਦ ਜੀ ਪਾਸੋਂ ਕਿਸ਼ਨਗੜ੍ਹ ਵਾਲਿਆਂ ਤੋਂ ਪ੍ਰਾਪਤ ਕੀਤੀ।ਆਪ ਹਿੰਦੀ,ਪੰਜਾਬੀ,ਸੰਸਕ੍ਰਿਤ ਦੇ ਵਿਦਵਾਨ ਸਨ।ਆਪ ਮਹਾਨ ਕਵੀ ਵੀ ਸਨ।ਸੰਗਤਾਂ ਦੀ ਜਾਣਕਾਰੀ ਲਈ ਆਪ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਗਈ ਕਵਿਤਾ:-

ਆਏ ਕਾਂਸ਼ੀ ਵਿਚ ਤਾਰਿਆ ਨਾਗਰ ਮੱਲ ਜਿਸ,
ਇਕਦਮ ਮਾਇਅ ਵਾਲੀ ਫਾਂਸੀ ਕਿਨ ਤੋੜੀ ਆ।
ਫਿਰ-ਫਿਰ ਸਾਰੇ ਜੱਗ ਏਕਤਾ ਫੈਲਾਈ ਕਿਸ,
ਡੁੱਬੇ ਜਾਂਦੇ ਭਾਰਤ ਦੀ ਜਿੰਦ ਕਿਨ ਮੋੜੀ ਆ।
ਊਚ-ਨੀਚ, ਰਾਓ ਰੰਕ ਭਾਈ ਹੈ ਨਾ ਭੇਦ ਕੋਈ,
ਜਾਤਪਾਤ ਹਿੰਦ ਵਿਚੋਂ ਅਇ ਕਿਨ ਤੋੜੀ ਆ।
ਦੱਸੋ ਸਤਿਗੁਰੂ ਰਵਿਦਾਸ ਤੋਂ ਬਿਨਾਂ ਚੁੰਹਾਂ ਜੁੱਗਾਂ ਚੋਂ,
ਫੱਟੀ ਹੋਈ ਸ੍ਰਿਸਟੀ ਮਿਲਾਇ ਕਿਨ ਜੋੜੀ ਆ।

"2 ਫਰਵਰੀ 1964" ਨੂੰ ਪਿੰਡ ਡੇਰੇ ਦਾ ਨਾਮ ਡੇਰਾ ਰਵਿਦਾਸੀਆ ਦਾ ਲਿਖ ਕੇ ਸਮਾਜ ਦੀ ਪਹਿਚਾਣ ਨੂੰ ਅੱਗੇ ਵਧਾਇਆ ਅਤੇ ਉਚਾਰਿਆ ਕਿ ਇਕ ਦਿਨ

ਰਵਿਦਾਸੀਆ ਕੌਮ ਦਾ ਆਪਣਾ ਧਰਮ ਅਤੇ ਗ੍ਰੰਥ ਬਣੇਗਾ।

ਆਪ ਜੀ ਨੇ ਇਸ ਜੰਗਲ ਵਿਚ ਪਹਿਲਾਂ ਇੱਕ ਕੱਚੀਆਂ ਇੱਟਾਂ ਦੀ ਥੜੀ ਬਣਾਈ। ਉਸ ਤੋਂ ਬਾਅਦ ਵਿਚ ਛੋਟਾ ਮਕਾਨ ਅਤੇ ਉਸਦੇ ਅੱਗੇ ਬਰਾਡਾਂ ਬਣਾਇਆ ਜਿੱਥੇ ਆਪ ਭਜਨ ਕਰਿਆ ਕਰਦੇ ਸਨ। ਸੰਤ ਬਾਬਾ ਪਿੱਪਲ ਦਾਸ ਜੀ ਮਿਤੀ 26 ਅੱਸੂ ਬ੍ਰਿਕਮੀ ਸੰਮਤ 1985(1928) ਦਿਨ ਵੀਰਵਾਰ ਪਹਿਲੇ ਨਰਾਤੇ ਨੂੰ ਜੋਤੀ ਜੋਤ ਸਮ੍ਹਾ ਗਏ। ਉਹਨਾਂ ਤੋਂ ਬਾਅਦ ਉਨ੍ਹਾਂ ਦੇ ਬਚਨਾਂ ਅਨੁਸਾਰ ਆਪ ਸੰਗਤਾਂ ਨੂੰ ਨਾਮ ਨਾਲ ਜੋੜ ਕੇ ਭਵ ਸਾਗਰ ਤੋਂ ਪਾਰ ਕਰਨ ਲੱਗੇ। ਆਪ ਜੀ ਨੇ ਡੇਰੇ ਵਿੱਚ ਪਾਠਸ਼ਾਲਾ ਖੋਲੀ ਹੋਈ ਸੀ, ਜਿਸ ਵਿਚ ਬੱਚਿਆ ਨੂੰ ਪਾਵਨ ਧਰਮ ਗ੍ਰੰਥਾਂ ਦਾ ਅਧਿਐਨ ਅਤੇ ਸਮਾਜਿਕ ਪੱਧਰ ਉੱਚਾ ਚੁੱਕਣ ਲਈ ਲੋੜੀਂਦੀ ਸਿੱਖਿਆ ਪ੍ਰਦਾਨ ਕਰਾਉਂਦੇ। ਆਪ ਹਰ ਐਤਵਾਰ ਦੇਸੀ ਘਿਓ ਦੇ ਮਾਲ ਪੂੜੇ ਅਤੇ ਖੀਰ ਦਾ ਲੰਗਰ ਚਲਾਉਂਦੇ। ਆਪ ਜੀ ਤੋਂ ਚੰਗੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਚੰਗੇ ਅਫਸਰ ਬਣੇ। ਆਪ ਜੀ ਸਭਨਾਂ ਨੂੰ ਇਹ ਉਪਦੇਸ਼ ਦਿਆ ਕਰਦੇ ਸਨ :-

ਮਾਤਾ ਸ਼ਤਰੂ ਪਿਤਾ ਬੈਰੀ ,ਜੇ ਨ ਬਾਲੋ ਨ ਪਾਠਿਤਾ ,
ਨ ਸੋਭਤੇ ਸਭਾ ਮੱਧਏ ,ਹੰਸ ਮਧਏ ਬਕੋ ਜਥਾ ॥

ਅਰਥਾਤ ਜਿਹੜੇ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਨਹੀਂ ਪੜਾਉਂਦੇ ,ਉਹ ਆਪਣੇ ਬੱਚਿਆ ਦੇ ਸਭ ਤੋਂ ਵੱਡੇ ਦੁਸ਼ਮਣ ਹਨ।

ਆਪ ਅਕਸਰ ਭਜਨੀਕ ਮਹਾਂਪੁਰਸ਼ਾ ਨੂੰ ਮਿਲਣ ਜਾਇਆ ਕਰਦੇ ਸਨ। 1940 ਵਿਚ ਸੰਤ ਸਰਵਣ ਦਾਸ ਮਹਾਰਾਜ ਜੀ ਗਿਆਨੀ ਬਿਸ਼ਨਾ ਰਾਮ ਨੂੰ ਨਾਲ ਲੈ ਕੇ ਬਾਬਾ ਸਾਵਣ ਸਿੰਘ ਜੀ ਨੂੰ ਡੇਰਾ ਬਿਆਸ ਵਿਖੇ ਮਿਲਣ ਗਏ। ਬਾਬਾ ਸਾਵਣ ਸਿੰਘ ਆਪਣੇ ਨਿਵਾਸ ਅਸਥਾਨ ਦੀ ਪਹਿਲੀ ਮੰਜਿਲ ਤੇ ਸੰਗਤਾਂ ਵਿਚ ਇਕ ਪਲੰਘ ਉੱਪਰ ਬਿਰਾਜਮਾਨ ਸਨ। ਸੰਤ ਸਰਵਣ ਦਾਸ ਜੀ ਨੂੰ ਆਪਣੇ ਪਾਸ ਆਉਂਦਿਆਂ ਦੇਖ ਕੇ ਉਹਨਾਂ ਪਲੰਘ ਤੋਂ ਉੱਠ ਕੇ ਆਪ ਜੀ ਨੂੰ ਹੱਥ ਜੋੜ ਕੇ ਨਿਮਸਕਾਰ ਕੀਤੀ। ਆਪ ਜੀ ਨੇ ਵੀ ਉਹਨਾਂ ਨੂੰ ਨਿਮਸਕਾਰ ਕੀਤੀ ਅਤੇ ਉਹਨਾਂ ਨੇ ਆਪ ਜੀ ਨੂੰ ਆਪਣੇ ਪਲੰਘ ਦੇ ਸਿਰਾਣੇ ਵਾਲੇ ਪਾਸੇ ਬਿਠਾਇਆ ਅਤੇ ਆਪਸ ਵਿਚ ਇੱਕ ਘੰਟਾ ਅਧਿਆਤਮਿਕ ਚੜ੍ਹਾਈ ਬਾਰੇ ਵਿਚਾਰ ਵਟਾਂਦਰਾ ਕਰਦੇ ਰਹੇ। ਆਪ ਜੀ ਦਾ ਸਾਰੇ ਸੰਤ ਸਮਾਜ ਨਾਲ ਬਹੁਤ ਪਿਆਰ ਸੀ। ਆਪ ਮਹਾਨ ਵੈਦ ਸਨ। ਜੋ ਡੇਰੇ ਵਿਖੇ ਸੰਗਤਾਂ ਵਾਸਤੇ ਮੁਫਤ ਦਵਾਈਆਂ ਨਾਲ ਇਲਾਜ ਕਰਿਆ ਕਰਦੇ ਸਨ।

ਜਦੋਂ ਆਪ 1948 ਈ. ਵਿਚ ਗਿਆਨੀ ਬਿਸ਼ਨਾ ਰਾਮ,ਸ. ਫਕੀਰ ਸਿੰਘ,ਸ. ਸਵਰਨ ਸਿੰਘ ਜੀ,ਸ. ਨਿਰੰਜਣ ਸਿੰਘ ਹੋਠੀ ਬੱਲ,ਸ.ਪੂਰਨ ਸਿੰਘ ਬਿਆਸ ਪਿੰਡ,ਸ਼੍ਰੀ ਭਗਤ ਸਿੰਘ ਮੱਧ,ਸ੍ਰੀ ਨਾਮਾ ਰਾਮ ਦਿਹਾਣਾ ਜੀ ਦੀ ਬੇਨਤੀ ਤੇ ਦਿੱਲੀ ਵਿਖੇ ਗਏ। ਆਪ ਹਰ ਰੋਜ਼ ਲਗਭਗ ਦੋ ਮਹੀਨੇ ਸ਼ਰਧਾਲੂ ਸੰਗਤਾਂ ਦੇ ਗ੍ਰਹਿ ਵਿਖੇ ਸਤਿਸੰਗ ਕਰਿਆ ਕਰਦੇ ਸਨ। ਇਸੇ ਦੌਰਾਨ ਗਿਆਨੀ ਬਿਸ਼ਨਾ ਰਾਮ ਜੀ ਤੇ ਉਹਨਾਂ ਦੇ ਸਾਥੀ ਆਪ ਜੀ ਨੂੰ ਨਾਲ ਲੈ ਕੇ ਮਾਨਵਤਾ ਦੇ ਮਸੀਹਾ ਬਾਬਾ ਸਾਹਿਬ ਅੰਬੇਡਕਰ ਨੂੰ ਮਿਲਣ ਗਏ। ਉਹਨਾਂ ਨੇ ਵੀ ਆਪ ਬਹੁਤ ਸਤਿਕਾਰ ਕੀਤਾ ਅਤੇ ਆਪ ਤੋਂ ਬਹੁਤ ਪ੍ਰਭਾਵਿਤ ਹੋਏ। ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਨੇ ਆਪਣੇ ਜੀਵਨ ਵਿਚ ਜਗਤਗੁਰੂ

ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਦੇ ਹੋਏ,ਉਹਨਾਂ ਦੇ ਨਾਂ ਤੇ ਬੇਅੰਤ ਸਥਾਨਾਂ ਦੇ ਨੀਂਹ ਪੱਥਰ ਰੱਖੇ ਅਤੇ ਉਸਾਰੀਆ ਕਰਵਾਈਆ।ਆਪ ਜੀ ਦੀ ਸਭ ਤੋਂ ਵੱਡੀ ਦੇਣ ਸ੍ਰੀ ਗੁਰੁ ਰਵਿਦਾਸ ਜਨਮ ਸਥਾਨ ਸੀਰ ਗਵਰਧਨਪੁਰ ਬਨਾਰਸ ਵਿਖੇ ਸੱਤ ਮੰਜ਼ਲੀ ਵਿਸ਼ਾਲ ਮੰਦਰ ਦੀ ਉਸਾਰੀ ਸੰਤ ਹਰੀ ਦਾਸ ਜੀ ਅਤੇ ਸੰਤ ਗਰੀਬ ਦਾਸ ਜੀ ਦੇ ਰਾਹੀਂ ਕਰਵਾਈ।ਰਵਿਦਾਸੀਆ ਕੌਮ ਲਈ ਮਹਾਨ ਤੀਰਥ ਅਸਥਾਨ ਹੈ।ਸ੍ਰੀ ਗੁਰੂ ਰਵਿਦਾਸ ਹਾਈ ਸਕੂਲ ਜਲੰਧਰ ਆਰਟ ਅਤੇ ਕਰਾਫਟ ਟਰੇਨਿੰਗ ਕਾਲਜ ਜਲੰਧਰ ਸ੍ਰੀ ਗੁਰੂ ਰਵਿਦਾਸ ਟੈਕਨੀਕਲ ਕਾਲਜ ਫਗਵਾੜਾ,ਪ੍ਰਾਇਮਰੀ ਸਕੂਲ ਰਾਏਪੁਰ ਰਸੂਲਪੁਰ,ਭਗਵਾਨ ਰਵਿਦਾਸ ਆਸ਼ਰਮ ਨਿਰਮਲਾ ਛਾਉਣੀ ਹਰਿਦੁਆਰ,ਹਾਈ ਸਕੂਲ ਪਿੰਡ ਬੱਲਾਂ ਵਿਖੇ ਕਮਰਿਆਂ ਦੀ ਉਸਾਰੀ ਕਰਵਾਈ।ਆਪ ਜੀ ਦੇ ਰੂਹਾਨੀ ਕੌਤਕਾਂ ਤੋਂ ਸਾਰਾ ਸੰਸਾਰ ਜਾਣੂ ਹੈ।ਆਪ ਜੀ ਨੇ ਅਣਗਿਣਤ ਜੀਵਾਂ ਨੂੰ ਆਪਣੇ ਅਟੱਲ ਬਚਨਾਂ ਰਾਹੀਂ,ਔਲਾਦ ਵਰਗੀਆ ਮਿੱਠਆਂ ਦਾਤਾਂ ਬਖਸ਼ਿਸ਼ ਕੀਤੀਆਂ ਅਤੇ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕੀਤੀਆਂ।ਬਹੁਤ ਸਾਰੇ ਰੋਗੀਆਂ ਦਾ ਇਲਾਜ ਜਿਨ੍ਹਾਂ ਨੂੰ ਡਾਕਟਰਾਂ ਨੇ ਜਵਾਬ ਦੇ ਦਿੱਤਾ ਸੀ,ਉਹਨਾਂ ਨੂੰ ਆਪਣੇ ਮਨੋਹਰ ਬਚਨਾਂ ਨਾਲ ਠੀਕ ਕਰ ਦਿੱਤਾ।ਜਿਸ ਵੇਲੇ ਆਪ ਨਾਮ ਦਾਨ ਬਖਸ਼ਿਸ਼ ਕਰਿਆ ਕਰਦੇ ਸਨ,ਪੰਜਾਂ ਸ਼ਬਦਾਂ ਦੇ ਪੰਜ ਮੁਕਾਮ,ਨਿਸ਼ਾਨੀਆਂ ਤੇ ਸਥਿਤੀਆਂ ਬਾਰੇ ਜਾਣਕਾਰੀ ਦਿਆ ਕਰਦੇ ਸਨ।ਅਨੇਕਾਂ ਜੀਵਾਂ ਨੇ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਅਸੀਂ ਭਜਨ ਕਰਦੇ ਹਾਂ ਤਾਂ ਸਾਨੂੰ ਕੁਝ ਦਿਖਾਈ ਨਹੀਂ ਦਿੰਦਾਂ ਤਾਂ ਆਪ ਉਸ ਨੂੰ ਅਸ਼ੀਰਵਾਦ ਦੇ ਕੇ ਦਸਵਾਂ ਦੁਆਰ ਖੋਲ੍ਹ ਦਿੰਦੇ ਸਨ।

ਆਪ ਜੀ ਨੇ ਬਹੁਤ ਸਾਰੇ ਲੋਕਾਂ ਨੂੰ ਪਹਿਲਾਂ ਹੀ ਦੱਸੇ ਅਨੁਸਾਰ ਆਪਣੇ ਪਰਮ ਸੇਵਕ ਸੰਤ ਹਰੀ ਦਾਸ ਜੀ ਦੇ ਹਵਾਲੇ ਗੁਰਗੱਦੀ ਕਰਦੇ ਹੋਏ,ਉਸ ਪਰਮ ਪ੍ਰਮਾਤਮਾ ‘ਚ 11 ਜੂਨ 1972 ਨੂੰ ਅਭੇਦ ਹੋ ਗਏ।ਬਾਅਦ ‘ਚ ਸ਼੍ਰੀ 108 ਸੰਤ ਹਰੀਦਾਸ ਜੀ ਅਤੇ ਉਨਾਂ ਤੋਂ ਬਾਅਦ ਸ੍ਰੀ 108 ਸੰਤ ਗਰੀਬ ਦਾਸ ਜੀ ਨੇ ਆਪ ਦੇ ਦੱਸੇ ਹੋਏ ਮਾਰਗ ‘ਤੇ ਚੱਲਕੇ ਸੰਗਤਾਂ ਨੂੰ ਪ੍ਰਮਾਤਮਾ ਦੇ ਨਾਮ ਨਾਲ ਜੋੜਿਆ।ਆਪ ਜੀ ਦੀ ਅਪਾਰ ਕ੍ਰਿਪਾ ਸਦਕਾ ਅੱਜ ਇਹ ਪਾਵਨ ਸਥਾਨ ਵਿਸ਼ਵ ਵਿਖਿਆਤ ਪ੍ਰਸਿੱਧ ਹੋਇਆ ਹੈ।

# ਬ੍ਰਹਮਲੀਨ ਸ੍ਰੀ108 ਸੰਤ ਹਰੀ ਦਾਸ ਜੀ ਮਹਾਰਾਜ

ਰਵਿਦਾਸ ਸੋਇ ਸਾਧੂ ਭਲੋ ਜਉ ਰਹਇ ਸਦਾ ਨਿਰਵੈਰ।
ਸੁਖਦਾਈ ਸਮਤਾ ਗਹਇ ਸਭਨਹ ਮਾਂਗਹਿ ਖੈਰ॥

ਜਗਤਗੁਰੂ ਰਵਿਦਾਸ ਮਹਾਰਾਜ ਜੀ ਪਾਵਨ ਅਮ੍ਰਿਤਬਾਣੀ ਵਿੱਚ ਫ਼ਰਮਾਉਂਦੇ ਹਨ ਕਿ ਸੰਤ ਇਸ ਸੰਸਾਰ ਦੇ ਜੀਵਾਂ ਨੂੰ ਨਾਮ ਜਪਾ ਕੇ ਭਵਸਾਗਰ ਤੋਂ ਪਾਰ ਕਰਦੇ ਹਨ। ਐਸੇ ਹੀ ਮਹਾਨ ਸੰਤ ਸਨ ਨਾਮ ਦੇ ਰਸੀਏ, ਸ਼ਾਤੀ ਦੇ ਪੁੰਜ,ਮਹਾਨ ਸਮਾਜ ਸੁਧਾਰਕ,ਬ੍ਰਹਮਲੀਨ ਡੇਰਾ ਸੱਚਖੰਡ ਬੱਲਾਂ ਦੇ ਤੀਸਰੇ ਗੱਦੀ ਨਸ਼ੀਨ ਸ੍ਰੀ 108 ਹਰੀ ਦਾਸ ਜੀ ਮਹਾਰਾਜ ਸੰਤ ਹਰੀ ਦਾਸ ਮਹਾਰਾਜ ਜੀ ਦਾ ਜਨਮ 1885 ਈ. ਵਿੱਚ ਸਤਿਕਾਰਯੋਗ ਪਿਤਾ ਸ੍ਰੀ ਹੁਕਮ ਚੰਦ ਜੀ ਦੇ ਘਰ ਅਤੇ ਸਤਿਕਾਰਯੋਗ ਮਾਤਾ ਤਾਬੀ ਜੀ ਦੀ ਕੁੱਖੋਂ ਪਿੰਡ ਗੜ੍ਹਾ ਜ਼ਿਲ੍ਹਾ ਜਲੰਧਰ ਦੀ ਪਵਿੱਤਰ ਧਰਤੀ ਤੇ ਹੋਇਆ। ਆਪ ਜੀ ਦਾ ਪਹਿਲਾ ਨਾਮ ਪੂਨੂੰ ਰਾਮ ਸੀ।ਆਪ ਜੀ ਦੀ ਵੱਡੀ ਭੈਣ ਦਾ ਨਾਮ ਪੁੰਨਾ ਦੇਵੀ ਸੀ। ਆਪ ਜੀ ਦੇ ਮਾਤਾ ਪਿਤਾ ਦੋਨੋਂ ਧਾਰਮਿਕ ਸਭਾਉ ਦੇ ਸਨ। ਆਪ ਜੀ ਅਜੇ ਛੋਟੀ ਅਵੱਸਥਾ ਵਿੱਚ ਹੀ ਸਨ, ਜਦੋਂ ਆਪ ਜੀ ਦੇ ਮਾਤਾ ਪਿਤਾ ਪ੍ਰਲੋਕ ਸਿਧਾਰ ਗਏ।ਇਸ ਲਈ ਛੋਟੀ ਉਮਰ ਵਿਚ ਹੀ ਆਪ ਉੱਪਰ ਘਰ ਦੀ ਜ਼ਿੰਮੇਵਾਰੀ ਪੈ ਗਈ। ਆਪ ਜੀ ਸੁੰਦਰ ਜੋੜੇ ਬਣਾਉਣ ਅਤੇ ਸਫੈਦੀ ਆਦਿ ਦਾ ਕੰਮ ਕਰਿਆ ਕਰਦੇ ਸਨ। ਆਪ ਬਚਪਨ ਤੋਂ ਹੀ ਕੀਰਤਨ ਕਰਨ,ਕੀਰਤਨ ਸੁਣਨ ਅਤੇ ਸੰਤਾਂ ਦੀ ਸੰਗਤ ਵਿੱਚ ਰੁਚੀ ਰੱਖਦੇ ਸਨ। ਆਪ ਜੀ ਨੇ ਆਪਣੀ ਵੱਡੀ ਭੈਣ ਬੀਬੀ ਪੁੰਨੀ ਦੇਵੀ ਦੀ ਸ਼ਾਦੀ ਪਿੰਡ ਮਹੇੜੂ ਵਿਖੇ ਕਰ ਦਿੱਤੀ ਅਤੇ ਸੰਸਾਰਿਕ ਕਾਰਜਾਂ ਤੋਂ ਵਿਹਲੇ ਹੋ ਗਏ। ਆਪ ਜੀ ਨੇ ਇਸ ਮਾਨਸ ਜਨਮ ਨੂੰ ਸਫਲ ਕਰਨ ਲਈ ਪੂਰੇ ਗੁਰੂ ਦੀ ਭਾਲ ਸ਼ੁਰੂ ਕਰ ਦਿੱਤੀ।

**ਪਰਮ ਪਰਸ ਗੁਰੂ ਭੇਟੀਐ ਪੂਰਬ ਲਿਖਤ ਲਿਲਾਟ।**

ਜਗਤ ਗੁਰੂ ਰਵਿਦਾਸ ਜੀ ਦਾ ਫ਼ਰਮਾਨ ਹੈ ਕਿ ਜੀਵ ਨੂੰ ਪਰਮ ਪਾਰਸ ਰੂਪ ਗੁਰੂ ਉਸ ਸਮੇਂ ਮਿਲਦਾ ਹੈ ਜਦੋਂ ਜੀਵ ਦੇ ਪੂਰਵਲੇ ਭਾਗ ਜਾਗਦੇ ਹਨ।ਜਦੋਂ ਆਪ ਜੀ ਨੇ ਆਪਣੇ ਪਿੰਡ ਦੇ, ਬਾਬਾ ਪਿੱਪਲ ਦਾਸ ਜੀ ਦੇ ਸੇਵਕਾਂ ਕੋਲੋ,ਬਾਬਾ ਜੀ ਦੀ ਮਹਿਮਾ ਸੁਣੀ ਮਨ ਦਰਸ਼ਨਾਂ ਲਈ ਤੜਫ ਉਠਿਆ।ਆਪ ਜੀ ਬਾਬਾ ਜੀ ਦੇ ਦਰਸ਼ਨਾ ਲਈ ਪਿੰਡ ਬੱਲਾਂ ਆਏ।ਉਸ ਸਮੇਂ ਬਾਬਾ ਪਿੱਪਲ ਦਾਸ ਜੀ ਕੁਟਿਆ ਵਿੱਚ ਰਹਿੰਦੇ ਸਨ।ਆਪ ਜਦੋਂ ਕੁਟੀਆਂ ਵਿੱਚ ਆਏ ਤਾਂ ਸੰਤ ਸਰਵਣ ਦਾਸ ਜੀ ਡੇਰੇ ਵਿੱਚ ਸਨ।ਆਪ ਜੀ ਨੇ ਸੰਤਾਂ ਨੂੰ ਨਮਸਕਾਰ ਕਰ ਕੇ ਬਾਬਾ ਜੀ ਬਾਰੇ ਪੁੱਛਿਆ ਤੇ ਸੰਤ ਸਰਵਣ ਦਾਸ ਜੀ ਨੇ ਆਪ ਜੀ ਨੂੰ ਲੰਗਰ ਛਕਾਇਆ ਤੇ ਫਿਰ ਦੱਸਿਆ ਕਿ ਬਾਬਾ ਪਿੱਪਲ ਦਾਸ ਜੀ ਪਿੰਡ ਹਰੀ ਪੁਰ ਵਿਖੇ ਸ਼ਾਮੀ ਰਾਮ ਜੀ ਦੇ ਗ੍ਰਹਿ ਵਿਖੇ ਗਏ ਹਨ ਤੇ ਆਪ ਜੀ ਬਾਬਾ ਜੀ ਦੇ ਦਰਸ਼ਨ ਉੱਥੇ ਜਾ ਕੇ ਕਰ ਸਕਦੇ ਹੋ। ਉਸ ਸਮੇਂ ਆਪ ਸੰਤ ਸਰਵਣ ਦਾਸ ਜੀ ਨੂੰ

ਨਮਸਕਾਰ ਕਰ ਕੇ ਪਿੰਡ ਹਰੀਪੁਰ ਪਹੁੰਚੇ।ਉਸ ਸਮੇਂ ਬਾਬਾ ਜੀ ਸ਼ਾਮੀ ਰਾਮ ਜੀ ਦੇ ਗ੍ਰਹਿ ਵਿਖੇ ਸਤਿਸੰਗ ਕਰ ਰਹੇ ਸੀ।ਬਾਬਾ ਜੀ ਦੇ ਦਰਸ਼ਨ ਕਰ ਕੇ ਆਪ ਜੀ ਦਾ ਮਨ ਨਿਹਾਲ ਹੋ ਗਿਆ ਆਪ ਜੀ ਨੇ ਇਸ ਤਰ੍ਹਾਂ ਮਹਿਸੂਸ ਕੀਤਾ ਕਿ ਅੱਜ ਪੂਰਨ ਮਹਾਤਮਾ ਮਿਲ ਗਏ ਹਨ ਅਤੇ ਮਾਨਸ ਜਨਮ ਮਨੋਰਥ ਪੂਰਾ ਹੋ ਗਿਆ ਹੈ।ਆਪ ਜੀ ਬਾਬਾ ਜੀ ਨੂੰ ਨਿਮਸਕਾਰ ਕਰ ਕੇ ਬੈਠੇ ਅਤੇ ਸਤਿਸੰਗ ਸੁਣਨ ਲੱਗੇ ਜਦੋਂ ਸਤਿਸੰਗ ਦੀ ਸਮਾਪਤੀ ਹੋਈ ਤੇ ਆਪ ਜੀ ਨੇ ਬਾਬਾ ਜੀ ਨੂੰ ਨਾਮ ਦਾਨ ਪ੍ਰਾਪਤ ਕਰਨ ਲਈ ਬੇਨਤੀ ਕੀਤੀ। ਬਾਬਾ ਜੀ ਨੇ ਆਪਜੀ ਦਾ ਪ੍ਰੇਮ ਦੇਖਦੇ ਹੋਏ ਬਚਨ ਕੀਤਾ ਕਿ ਅਸੀਂ ਪਰਸੋਂ ਨੂੰ ਤੁਹਾਡੇ ਪਿੰਡ ਗੜ੍ਹੇ ਆਵਾਂਗੇ ਅਤੇ ਹਰੀਦਾਸ ਜੀ ਸਤਿਬਚਨ ਕਹਿ ਕੇ ਪਿੰਡ ਵਾਪਸ ਆਏ।ਤੀਸਰੇ ਦਿਨ ਬਾਬਾ ਜੀ ਪਿੰਡ ਗੜ੍ਹੇ ਪਹੁੰਚੇ।ਆਪ ਜੀ ਦੇ ਪ੍ਰੇਮ ਨੂੰ ਦੇਖਦੇ ਹੋਏ ਨਾਮ ਦੀ ਦਾਤ ਬਖਸ਼ਿਸ਼ ਕੀਤੀ।ਆਪ ਜੀ ਨੇ ਆਪਣਾ ਤਨ ਮਨ ਧਨ ਬਾਬਾ ਜੀ ਅੱਗੇ ਅਰਪਣ ਕੀਤਾ।ਆਪ ਜੀ ਆਪਣਾ ਬਹੁਤ ਸਮਾਂ ਭਜਨ ਸਿਮਰਨ ਵਿਚ ਗੁਜਾਰਦੇ ਸਨ।ਆਪ ਜੀ ਡੇਰੇ ਵਿਖੇ ਬਾਬਾ ਜੀ ਦੇ ਦਰਸ਼ਨ ਕਰਕੇ ਕਈ ਕਈ ਦਿਨ ਡੇਰੇ ਵਿਖੇ ਸੇਵਾ ਕਰਦੇ ਸਨ।ਆਪ ਜੀ ਦਾ ਸੰਤ ਸਰਵਣ ਦਾਸ ਜੀ ਨਾਲ ਵੀ ਬਹੁਤ ਪਿਆਰ ਸੀ।

ਬਾਬਾ ਪਿੱਪਲ ਦਾਸ ਜੀ ਬਿਕਰਮੀ ਸੰਮਤ 1985 ਅੱਸੂ 26 ਦਿਨ ਵੀਰਵਾਰ ਸਵੇਰ ਸਮੇਂ ਪੰਜ ਭੌਤਿਕ ਸਰੀਰ ਤਿਆਗ ਕੇ ਬੇਗਮਪੁਰੇ ਜਾ ਵਿਰਾਜੇ ।ਇਸ ਕਾਰਣ ਆਪ ਬਹੁਤ ਉਦਾਸ ਰਹਿਣ ਲੱਗ ਪਏ। ਬਾਬਾ ਜੀ ਨੇ ਆਪਣਾ ਪੰਜ ਭੌਤਿਕ ਸਰੀਰ ਤਿਆਗਣ ਤੋਂ ਪਹਿਲਾਂ ਸੰਤ ਸਰਵਣ ਦਾਸ ਜੀ ਨੂੰ ਬਚਨ ਕੀਤਾ ਸੀ ਕਿ ਅਸੀਂ ਸੰਤ ਹਰੀ ਦਾਸ ਜੀ ਨੂੰ ਨਾਮਦਾਨ ਦੇ ਦਿੱਤਾ ਹੈ।ਆਪ ਜੀ ਨੇ ਸਮਾਂ ਵਿਚਾਰ ਕੇ ਭੇਖ ਦੇ ਕੇ ਡੇਰੇ ਵਿਖੇ ਲਿਆਉਣਾ ਹੈ।ਉਹਨਾਂ ਇਹ ਵੀ ਕਿਹਾ ਕਿ ਸੰਤ ਹਰੀ ਦਾਸ ਜੀ ਮਹਾਨ ਸੰਤ ਹੋਵਣਗੇ ਅਤੇ ਸੰਸਾਰ ਦੇ ਜੀਵਾਂ ਨੂੰ ਪ੍ਰਮਾਤਮਾ ਨਾਲ ਜੋੜ ਕੇ ਤਾਰਨਗੇ।ਕੁਝ ਸਮੇਂ ਬਾਅਦ ਆਪ ਜੀ ਨੇ ਸੰਤ ਸਰਵਣ ਦਾਸ ਜੀ ਦੇ ਹੁਕਮ ਅਨੁਸਾਰ ਆਪਣੇ ਪਿੰਡ ਗੜ੍ਹੇ ਵਿਖੇ ਸੰਤ ਸੰਮੇਲਨ ਰੱਖਿਆ,ਜਿਸ ਵਿਚ ਸੰਤ ਸਰਵਣ ਦਾਸ ਜੀ,ਮੁਸਲਿਮ ਫਕੀਰ ਸੱਯਦ ਗੁਲਾਮ ਜੱਲਾਨੀ ਅਤੇ ਹੋਰ ਅਨੇਕ ਮਹਾਂਪੁਰਸ਼ ਪਹੁੰਚੇ।ਰੱਬੀ ਬਾਣੀ ਦੇ ਭੋਗ ਪੈਣ ਉਪਰੰਤ ਸੰਤ ਪ੍ਰਵਚਨ ਹੋਏ।ਸੰਤ ਸਰਵਣ ਦਾਸ ਜੀ ਨੇ ਪ੍ਰਬਚਨਾਂ ਰਾਹੀਂ ਸੰਸਾਰ ਦੇ ਜੀਵਾਂ ਨੂੰ ਪ੍ਰਮਾਤਮਾ ਦਾ ਨਾਮ ਜੱਪ ਕੇ ਜੀਵਨ ਸਫਲ ਕਰਨ ਦਾ ਉਪਦੇਸ਼ ਦਿੱਤਾ।

ਉਹਨਾਂ ਤੋਂ ਬਾਅਦ ਫਕੀਰ ਸੱਯਦ ਗੁਲਾਮ ਜੱਲਾਨੀ ਜੀ ਨੇ ਆਪਣੇ ਪ੍ਰਬਚਨਾਂ ਰਾਹੀਂ ਸੰਤ ਹਰੀ ਦਾਸ ਜੀ ਦਾ ਧੰਨਵਾਦ ਕੀਤਾ ਕਿ ਜਿਹਨਾਂ ਨੇ ਸੰਤ ਸਰਵਣ ਦਾਸ ਜੀ ਦੇ ਸੰਗਤਾਂ ਨੂੰ ਦਰਸ਼ਨ ਕਰਾਏ ਹਨ।ਉਹਨਾਂ ਕਿਹਾ ਕਿ ਸੰਤ ਸਰਵਣ ਦਾਸ ਜੀ ਦੇ ਚਿਹਰੇ ਤੇ ਅੱਲ੍ਹਾ ਦਾ ਨੂਰ ਨਜ਼ਰ ਆਉਂਦਾ ਹੈ।ਆਪ ਜੀ ਨੇ ਬਾਬਾ ਪਿੱਪਲ ਦਾਸ ਜੀ ਦੇ ਬਚਨਾਂ ਤੇ ਚੱਲਦੇ ਹੋਏ ਸੰਤ ਹਰੀ ਦਾਸ ਜੀ ਨੂੰ ਭੇਖ ਪਹਿਨਾਇਆ।ਉਸ ਦਿਨ ਤੋਂ ਆਪ ਡੇਰੇ ਵਿਖੇ ਰਹਿਣ ਲੱਗ ਪਏ।ਆਪ ਜੀ ਹਰ ਸਮੇਂ ਸੰਤ ਸਰਵਣ ਦਾਸ ਜੀ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ।ਆਪ ਜੀ ਨੇ ਸੰਤ ਸਰਵਣ ਦਾਸ ਜੀ ਹੁਰਾਂ ਪਾਸੋਂ ਗੁਰਮੁਖੀ

ਸਿੱਖੀ ਅਤੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ।ਆਪ ਜੀ ਨੂੰ ਧਾਰਮਿਕ ਗ੍ਰੰਥਾਂ ਦੀ ਕਥਾ ਕਰਨ ਦਾ ਬਹੁਤ ਸ਼ੌਂਕ ਸੀ। ਆਪ ਜੀ ਪਿੰਡ ਡੇਰੇ ਵਿਖੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਕਥਾ ਸਰਵਣ ਕਰਾਇਆ ਕਰਦੇ ਸਨ। ਆਪ ਜੀ ਨੂੰ ਫੁੱਲਵਾੜੀ ਅਤੇ ਬੂਟੇ ਆਦਿ ਲਗਾਉਣ ਦਾ ਬਹੁਤ ਸ਼ੌਂਕ ਸੀ। ਆਪ ਜੀ ਦੁਆਰਾ ਲਗਾਏ ਗਏ ਪੇੜ ਅੱਜ ਵੀ ਡੇਰੇ ਵਿਖੇ ਮੌਜੂਦ ਹਨ। ਬਾਬਾ ਪਿੱਪਲ ਦਾਸ ਜੀ ਡੇਰੇ ਵਿਖੇ ਬੱਚਿਆ ਨੂੰ ਗੁਰਮੁਖੀ ਅਤੇ ਗੁਰਬਾਣੀ ਦਾ ਅਧਿਐਨ ਕਰਵਾਉਂਦੇ ਸਨ। ਸੰਤ ਸਰਵਣ ਦਾਸ ਜੀ ਨੇ ਡੇਰੇ ਵਿਖੇ ਪਾਠਸ਼ਾਲਾ ਖੋਲੀ ਸੀ। ਉਸ ਵਿੱਚ ਆਪ ਬੱਚਿਆ ਨੂੰ ਵਿਦਿਆ ਪੜ੍ਹਾਇਆ ਕਰਦੇ ਸਨ। ਆਪ ਹਮੇਸ਼ਾ ਫ਼ਰਮਾਇਆ ਕਰਦੇ ਸਨ:-

**ਮਾਤਾ ਸ਼ੱਤਰੂ ਪਿਤਾ ਵੈਰੀ ਜੋ ਨਾ ਬਾਲ ਪਾਠਿਤਾ।**

ਜਿਹੜੇ ਮਾਤਾ ਪਿਤਾ ਆਪਣੇ ਬੱਚਿਆ ਨੂੰ ਵਿਦਿਆ ਨਹੀਂ ਪੜ੍ਹਾਉਂਦੇ ਉਹ ਉਹਨਾਂ ਦੇ ਦੁਸ਼ਮਣ ਹਨ। ਆਪ ਹਮੇਸ਼ਾ ਜੀਵਾਂ ਨੂੰ ਸੰਤਾਂ ਦੀ ਸੰਗਤ,ਭਜਨ ਸਿਮਰਨ,ਵਹਿਮਾਂ ਭਰਮਾਂ ਤੋਂ ਦੂਰ ਰਹਿਣ,ਏਕਤਾ,ਸਮਾਨਤਾ ਅਤੇ ਭਾਈਚਾਰੇ ਦਾ ਉਪਦੇਸ਼ ਦਿਆ ਕਰਦੇ ਸਨ।ਆਪ ਜੀ ਨੇ ਸੰਤ ਸਰਵਣ ਦਾਸ ਜੀ ਦੇ ਹਰ ਹੁਕਮ ਨੂੰ 'ਸਤਿ ਬਚਨ' ਕਹਿ ਕੇ ਮੰਨਿਆ ਆਪ ਜੀ ਨੇ ਸੰਤ ਸਰਵਣ ਦਾਸ ਜੀ ਦੇ ਹੁਕਮਾਂ ਅਨੁਸਾਰ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਦਾ ਨੀਂਹ ਪੱਥਰ ਰੱਖਿਆ ਅਤੇ ਉਸਾਰੀ ਕਰਵਾਈ।ਜਿਥੇ ਅੱਜ ਸਮੁੱਚੀ ਮਾਨਵਤਾ ਲਈ ਆਲੀਸ਼ਾਨ ਮੰਦਰ ਬਣਿਆ ਹੈ।ਮਿਤੀ 11 ਜੂਨ 1972 ਈ. ਦਿਨ ਮੰਗਲਵਾਰ ਸੰਤ ਸਰਵਣ ਦਾਸ ਜੀ ਸੱਚਖੰਡ ਜਾ ਬਿਰਾਜੇ।ਉਹਨਾਂ ਤੋਂ ਬਾਅਦ ਆਪ ਸੱਚਖੰਡ ਬੱਲਾਂ ਦੇ ਤੀਸਰੇ ਸੰਚਾਲਕ ਬਣੇ।ਆਪ ਜੀ ਦੇ ਮਨ ਵਿਚ ਸੰਤ ਸਰਵਣ ਦਾਸ ਜੀ ਲਈ ਇੰਨਾ ਪਿਆਰ ਸੀ ਔਰ ਫ਼ਰਮਾਇਆ ਕਰਦੇ ਸਨ ਜੇਕਰ ਸੰਤ ਸਰਵਣ ਦਾਸ ਜੀ ਮਹਾਰਾਜ 10 ਸਾਲ ਹੋਰ ਸਰੀਰ ਕਰਕੇ ਰਹਿੰਦੇ ਤਾਂ ਅਸੀਂ ਵੀ ਸੰਤ ਬਣ ਜਾਂਦੇ।ਆਪ ਜੀ ਨੇ ਸੰਤ ਸਰਵਣ ਦਾਸ ਜੀ ਦੀ ਯਾਦ ਵਿੱਚ ਕੁਟੀਆ ਵਿਖੇ ਪੰਜ ਮੰਜ਼ਿਲਾਂ ਆਲੀਸ਼ਾਨ ਮੰਦਰ ਬਣਾਇਆ ਅਤੇ ਕੁਟੀਆ ਵਿਖੇ ਹੀ ਸਤਿਸੰਗ ਹਾਲ ਦਾ ਨਿਰਮਾਣ ਕਰਵਾਇਆ।ਆਪ ਜੀ ਹਮੇਸ਼ਾ ਸੰਗਤਾਂ ਨੂੰ ਸੰਤਾਂ ਦੀ ਸੰਗਤ ਕਰਨ ਨਾਮ ਜੱਪਣ ਵਿਸ਼ੇ ਵਿਕਾਰਾਂ ਤੋਂ ਦੂਰ ਰਹਿਣ,ਨਸ਼ਿਆ ਤੋਂ ਦੂਰ ਰਹਿਣ ਦਾ ਉਪਦੇਸ਼ ਦਿਆ ਕਰਦੇ ਸਨ।ਆਪ ਸੰਗਤਾਂ ਨੂੰ ਅਕਸਰ ਕਵੀ ਗਿਰਧਰ ਰਾਇ ਦੀਆਂ ਕੁੰਡਲੀਆਂ ਸੁਣਾਇਆ ਕਰਦੇ ਸਨ।

ਸੰਗਤ ਕਰੀਏ ਸਾਧ ਕੀ ਬੰਦਿਓ ਕਰੇ ਖੁਦਾ।
ਲੋਹਾ ਕੰਚਨ ਹੋਤ ਹੈ ਦੇਖੋ ਪਾਰਸ ਲਾ।
ਦੇਖੋ ਪਾਰਸ ਲਾ ਸੁਮ ਤ ਕਰ ਮਾਨੋਂ ਹਾਸਾ।
ਸਭ ਬਣ ਚੰਦਨ ਹੋਤ ਜਹਾ ਬਣਨ ਕਾ ਵਾਸਾ।
ਕਹਿ ਗਿਰਧਰ ਕਵਿ ਰਾਇ ਨਦੀ ਸੰਸੇ ਕੀ ਤਰੀਏ।
ਵੱਡੇ ਭਾਗ ਜਬ ਹੋਇ ਸੰਤਾਂ ਦੀ ਸੰਗਤ ਕਰੀਏ।

ਆਪ ਸੰਸਾਰ ਨੂੰ ਜਗਤ ਮੁਸਾਫ਼ਰਖਾਨਾ ਸਮਝਦੇ ਸਨ। ਡੋਲੀ ਚੁਕ ਲਉ ਕਹਾਰੋ ਮੇਰੀ ਰੋਦਿਆ ਨੂੰ ਰੋਣ ਦਿਉ।

ਜਿੰਦੇ ਮੇਰੀਏ ਨੀ ਤੇਰਾ ਕੋਈ ਨਾਹੀ,
ਐਵੇਂ ਕੂੜ ਹਵੇਲੀਆਂ ਮੱਲੀਆਂ ਨੀ।
ਛੱਡ ਦੇਣਾ ਦੇਸ਼ ਇਹ ਮਾਪਿਆ ਦਾ,
ਫੇਰ ਆਣਿ ਨਾ ਦੇਖੇਂਗੀ ਗਲੀਆਂ ਨੀ।
ਚਰਖੇ ਤੰਦ ਨਾ ਪਾਵਣਾ ਮਿਲੈ ਤੈਨੂੰ,
ਜਦੋਂ ਕੰਤ ਨੇ ਚਿੱਠੀਆਂ ਘੱਲੀਆਂ ਨੀ ।
ਤੂੰ ਰੋਵਂਦੀ ਜਾਵੇਗੀ ਏਸ ਸ਼ਹਿਰੋਂ,
ਜਿਵੇਂ ਅਗਲੀਆਂ ਰੋਂਦੀਆਂ ਚੱਲੀਆ ਨੀ।

ਆਪ ਜੀ ਬ੍ਰਹਮ ਗਿਆਨੀ ਸਨ ਆਪ ਜੀ ਦੇ ਮੁਖਾਰਬਿੰਦ ਤੋਂ ਉਚਾਰਨ ਕੀਤੇ ਬਚਨ ਹਮੇਸ਼ਾ ਸੱਤ ਹੁੰਦੇ ਸਨ। ਸ੍ਰੀ ਗੁਰਨਾਮ ਚੰਦ ਸੁੰਮਨ ਜੱਜ ਜਿਹਨਾਂ ਦੇ ਗ੍ਰਿਹਿ ਵਿਖੇ ਸੰਤ ਸਰਵਣ ਦਾਸ ਜੀ ਮਹਾਰਾਜ ਦੀ ਕ੍ਰਿਪਾ ਨਾਲ ਤਿੰਨ ਲੜਕੀਆਂ ਤੋਂ ਬਾਅਦ ਪੁੱਤਰ ਨੇ ਜਨਮ ਲਿਆ ਸੀ ।1973 ਈ. ਵਿਚ ਪਰਿਵਾਰ ਸਮੇਤ ਡੇਰੇ ਵਿਖੇ ਪਹੁੰਚੇ। ਉਹਨਾਂ ਦੀਆਂ ਬੇਟੀਆ ਨਾਲ ਉਹਨਾਂ ਦਾ ਬੇਟਾ ਬੌਬੀ ਨਹਿਰ ਦੇ ਪਾਣੀ ਨੂੰ ਛੂੰਹਦਾ ਹੋਇਆ ਨਹਿਰ ਵਿਚ ਡੁੱਬ ਗਿਆ। ਲੜਕੇ ਦੇ ਪਾਣੀ ਵਿਚ ਡੁੱਬਣ ਦੀ ਖਬਰ ਸੁਣਕੇ ਉਸ ਦੀ ਮਾਤਾ ਬੇਹੋਸ਼ ਹੋ ਗਈ। ਸੰਤ ਅਤੇ ਸਭ ਸੰਗਤਾਂ ਬੱਚੇ ਨੂੰ ਨਹਿਰ ਵਿੱਚੋਂ ਲੱਭਣ ਲੱਗੇ ਮਰੇ ਹੋਏ ਲੜਕੇ ਨੂੰ ਮੰਦਰ ਵਿਚ ਮਹਾਰਾਜ ਸਰਵਣ ਦਾਸ ਜੀ ਦੀ ਮੂਰਤੀ ਅੱਗੇ ਪਾਇਆ ਗਿਆ। ਸ੍ਰੀ ਗੁਰਨਾਮ ਚੰਦ ਜੀ ਅਤੇ ਬੀਬੀ ਗੁਰਬਚਨ ਕੌਰ ਨੇ ਸੰਤ ਹਰੀ ਦਾਸ ਜੀ ਅੱਗੇ ਬੇਨਤੀ ਕੀਤੀ ਕਿ ਬੱਚੇ ਉੱਤੇ ਕਿਰਪਾ ਕਰੋ। ਸੰਤ ਹਰੀ ਦਾਸ ਜੀ ਨੇ ਅਕਾਲਪੁਰਖ ਅੱਗੇ ਅਰਦਾਸ ਕੀਤੀ। ਲੜਕੇ ਨੂੰ ਜੀਪ ਵਿਚ ਸਿਵਲ ਹਸਪਤਾਲ ਜਲੰਧਰ ਵਿਚ ਡਾ. ਸਿੰਗਾਰਾ ਸਿੰਘ ਦੇ ਪਾਸ ਲੈ ਕੇ ਗਏ। ਡਾਕਟਰ ਨੇ ਬੱਚੇ ਨੂੰ ਦੇਖਕੇ ਕਿਹਾ ਕਿ ਲੜਕਾ ਤਾਂ ਬਿਲਕੁਲ ਠੀਕ ਹੈ। ਡਾਕਟਰ ਨੇ ਸਾਰੀ ਹਕੀਕਤ ਜਾਣ ਕੇ ਕਿਹਾ ਕਿ ਇਹ ਸੰਤਾਂ ਦੀ ਕਿਰਪਾ ਨਾਲ ਹੈ ਕਿ ਇਹ ਲੜਕਾ ਇੱਕ ਘੰਟਾ ਪਾਣੀ ਵਿਚ ਰਹਿ ਕੇ ਡੁਬਕੇ ਬਚ ਗਿਆਂ ਹੈ। ਡਾਕਟਰ ਨੇ ਬੌਬੀ ਨੂੰ ਪੁੱਛਿਆਂ ਕਿ ਹੋਇਆ, ਬੌਬੀ ਕਹਿੰਦਾ ਸੰਤ ਖੂੰਡੀ ਦੇ ਨਾਲ ਮੈਨੂੰ ਕਿਨਾਰੇ ਲਗਾਉਂਦੇ ਸੀ। ਸੰਤਾਂ ਨੇ ਬੱਚੇ ਨੂੰ ਜੀਵਨ ਦਾਨ ਦਿੱਤਾ। ਸੰਤ ਹਰੀ ਦਾਸ ਜੀ ਸੰਸਾਰ ਦੇ ਜੀਵਾਂ ਨੂੰ ਪ੍ਰਮਾਤਮਾ ਦੇ ਨਾਲ ਜੋੜਦੇ ਹੋਏ। ਮਿਤੀ 6 ਫਰਵਰੀ 1982 ਈ. ਨੂੰ ਸਵੇਰੇ 11 ਵਜੇ ਪ੍ਰਮਾਤਮਾ ਵਿਚ ਅਭੇਦ ਹੋ ਗਏ। ਆਪ ਜੀ ਨੇ ਆਪਣਾ ਪੰਜ ਭੌਤਿਕ ਸਰੀਰ ਤਿਆਗਣ ਤੋਂ ਕੁਝ ਸਮਾਂ ਪਹਿਲਾਂ ਫੁਰਮਾਇਆ ਕਿ ਸ੍ਰੀ ਗੁਰੁ ਰਵਿਦਾਸ ਜੀ, ਬਾਬਾ ਸ੍ਰੀ ਚੰਦ ਜੀ, ਬਾਬਾ ਪਿੱਪਲ ਦਾਸ ਜੀ ਅਤੇ ਸੰਤ ਸਰਵਣ ਦਾਸ ਜੀ ਆ ਗਏ ਹਨ। ਆਪ ਜੀ ਤੋਂ ਬਾਅਦ ਸ਼੍ਰੀ 108 ਸੰਤ ਗਰੀਬ ਦਾਸ ਜੀ ਡੇਰਾ ਸੱਚਖੰਡ ਬੱਲਾਂ ਦੇ ਸੰਚਾਲਕ ਬਣੇ।

# ਸ੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ

ਡੇਰਾ 108 ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਦੇ ਚੌਥੇ ਸੰਚਾਲਕ ਸ੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ,ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਇਸ ਸੰਸਾਰ ਦੇ ਭੁੱਲੇ -ਭਟਕੇ ਜੀਵਾਂ ਨੂੰ ਨਾਮ ਨਾਲ ਜੋੜਨ ਲਈ,ਵਹਿਮਾਂ-ਭਰਮਾਂ ਨੂੰ ਦੂਰ ਕਰਨ ਲਈ ਅਤੇ ਸਮਾਜ ਨੂੰ ਸੁਧਾਰਨ ਵਿਚ ਲਗਾ ਦਿੱਤਾ।ਐਸੀ ਮਹਾਨ ਆਤਮਾ ਦਾ ਜਨਮ ਸੰਨ 1925 ਈਸਵੀ ਨੂੰ ਸਤਿਕਾਰਯੋਗ ਮਾਤਾ ਹਰਕੌਰ ਜੀ ਦੀ ਕੁੱਖੋਂ ਸਤਿਕਾਰਯੋਗ ਪਿਤਾ ਸ੍ਰੀ ਨਾਨਕ ਚੰਦ ਜੀ ਦੇ ਗ੍ਰਹਿ ਵਿਖੇ ਪਿੰਡ ਜਲਭੇ,ਜ਼ਿਲ੍ਹਾ ਜਲੰਧਰ,ਪੰਜਾਬ ਦੀ ਪਵਿੱਤਰ ਧਰਤੀ ਤੇ ਹੋਇਆ।ਆਪ ਜੀ ਦੇ ਪੰਜ ਭਾਈ ਸਨ।ਆਪ ਸਭ ਤੋਂ ਛੋਟੇ ਸਨ। ਆਪ ਜੀ ਦੇ ਮਾਤਾ ਪਿਤਾ ਦੋਨੋ ਹੀ ਧਾਰਮਿਕ ਖਿਆਲਾਂ ਵਾਲੇ ਸਨ।ਜਿਸ ਵੇਲੇ ਆਪ ਜੀ ਦੀ ਉਮਰ ਛੇ ਮਹੀਨੇ ਦੀ ਸੀ ਤਾਂ ਆਪ ਜੀ ਦੇ ਪਿਤਾ ਜੀ ਪ੍ਰਲੋਕ ਸਿਧਾਰ ਗਏ।ਆਪ ਜੀ ਦਾ ਪਾਲਣ ਪੋਸ਼ਣ ਆਪ ਜੀ ਦੇ ਮਾਤਾ ਜੀ ਨੇ ਕੀਤਾ।ਮਾਤਾ ਜੀ ਹਮੇਸ਼ਾ ਹੀ ਆਪ ਜੀ ਨੂੰ ਸਾਧ ਸੰਗਤ ਦੀ ਸੇਵਾ ਲਈ ਪ੍ਰੇਰਣਾ ਦਿੰਦੇ ਸਨ।ਆਪ ਬਚਪਨ ਤੋਂ ਹੀ ਆਪਣੇ ਸਭ ਹਾਣੀਆਂ ਨਾਲ ਪ੍ਰੇਮ ਪਿਆਰ ਨਾਲ ਰਹਿੰਦੇ ਸਨ।ਆਪ ਸਭ ਨਾਲ ਮਿੱਠਾ ਬੋਲਦੇ ਸਨ।

ਜਦੋਂ ਆਪ ਜੀ ਦੇ ਪਿੰਡ ਕੋਈ ਵੀ ਸਰਧਾਲੂ ਡੇਰਾ ਬੱਲਾਂ ਵਿਖੇ ਆਉਂਦਾ ਤਾਂ ਆਪ ਵੀ ਉਸ ਨਾਲ ਡੇਰੇ ਆਉਂਦੇ ਸਨ।ਮਹਾਰਾਜ ਸੁਆਮੀ ਸਰਵਣ ਦਾਸ ਜੀ ਬਾਲਕ ਗਰੀਬ ਦਾਸ ਦਾ ਪਿਆਰ ਦੇਖ ਕੇ ਆਪ ਜੀ ਨੂੰ ਬਹੁਤ ਪਿਆਰ ਕਰਦੇ ਸਨ।ਆਪ ਸਭ ਨੂੰ ਬਹੁਤ ਪਿਆਰੇ ਲੱਗਦੇ ਸਨ।ਜਦੋਂ ਇੱਕ ਵਾਰ ਆਪ ਡੇਰੇ ਮਹਾਰਾਜ ਸੁਆਮੀ ਸਰਵਣ ਦਾਸ ਜੀ ਪਾਸ ਆਏ ਤਾਂ ਮਹਾਰਾਜ ਜੀ ਨੇ ਆਪ ਨੂੰ ਆਪਣੇ ਪਾਸ ਬਿਠਾ ਕੇ ਪੁੱਛਿਆ ਕਿ ਕਾਕਾ ਤੇਰਾ ਨਾਂ ਕੀ ਹੈ? ਤਾਂ ਆਪ ਜੀ ਨੇ ਉੱਤਰ ਦਿੱਤਾ ਮੇਰਾ ਨਾਂ ਗਰੀਬੂ ਹੈ ਜੀ ਤਾਂ ਮਹਾਰਾਜ ਸੁਆਮੀ ਸਰਵਣ ਦਾਸ ਜੀ ਨੇ ਕਿਹਾ ਹੇ ਬਾਲਕ ਤੂੰ ਗਰੀਬੂ ਨਹੀਂ, ਤੂੰ ਤਾਂ ਗਰੀਬਾਂ ਦਾ ਮਾਲਕ ਹੈ।ਜਿਸਦੇ ਹਿਰਦੇ ਵਿਚ ਬਚਪਨ ਤੋਂ ਹੀ ਸੰਤਾਂ ਨਾਲ ਪ੍ਰੇਮ ਹੈ ਤੂੰ ਇਕ ਦਿਨ ਮਹਾਨ ਸੰਤ ਬਣੇਗਾ ਅਤੇ ਜਿਸ ਤਰ੍ਹਾਂ ਤੂੰ ਸਾਡੇ ਦਰਸ਼ਨਾਂ ਨੂੰ ਆਉਂਦਾ ਹੈ,ਇਸੇ ਤਰ੍ਹਾਂ ਸੰਸਾਰ ਦੇ ਕੋਨੇ-ਕੋਨੇ ਤੋਂ ਦੁਨੀਆਂ ਤੇਰੇ ਦਰਸ਼ਨ ਕਰਨ ਆਇਆ ਕਰੇਗੀ।ਆਪ ਜੀ ਦੇ ਪਿੰਡ ਦੇ ਵਸਨੀਕ ਜੋ ਕਿ ਆਪ ਨਾਲ ਆਏ ਸਨ ਇਹ ਕੌਤਕ ਵੇਖਕੇ ਬਹੁਤ ਖੁਸ਼ ਹੋਏ। ਸੰਤ ਗਰੀਬ ਦਾਸ ਜੀ ਹਮੇਸ਼ਾ ਡੇਰੇ ਵਿਖੇ ਸੰਤ ਸਰਵਣ ਦਾਸ ਜੀ ਅਤੇ ਸੰਤ ਹਰੀ ਦਾਸ ਜੀ ਦੀ ਆਗਿਆ ਵਿਚ ਰਹਿੰਦੇ ਸਨ।ਡੇਰੇ ਵਿਚ ਸੰਤ ਚੇਤਨ ਦਾਸ ਜੀ ਵੀ ਰਿਹਾ ਕਰਦੇ ਸਨ,ਡੇਰੇ ਵਿਖੇ ਆਪ ਸੰਗਤਾਂ ਦੀ ਸੇਵਾ ਵਾਸਤੇ ਦੇਸੀ ਦਵਾਈਆਂ ਦਿੰਦੇ ਸਨ।ਆਪ ਸੰਤ ਸਰਵਣ ਦਾਸ ਜੀ ਮਹਾਰਾਜ ਦੀ ਕਿਰਪਾ ਨਾਲ ਜਿਸ ਮਰੀਜ਼ ਨੂੰ ਵੀ ਦਵਾਈ ਦਿੰਦੇ ਉਹ ਠੀਕ ਹੋ ਜਾਂਦਾ।ਆਪ ਜੋਤਿਸ਼ ਵਿੱਦਿਆ ਵਿਚ ਬਹੁਤ ਨਿਪੁੰਨ ਸਨ। ਆਪ ਜੀ ਦਾ ਸੁਭਾਓ

ਬਹੁਤ ਹੀ ਗੰਭੀਰ ਅਤੇ ਪਿਆਰ ਭਰਿਆ ਸੀ। ਆਪ ਸੁਆਸ-ਸੁਆਸ ਪ੍ਰਭੂ ਦਾ ਸਿਮਰਨ ਕਰਿਆ ਕਰਦੇ ਸਨ। ਮਹਾਰਾਜ ਜੀ ਦੇ ਹੁਕਮ ਅਨੁਸਾਰ ਆਪ ਬਹੁਤ ਵਾਰ ਬਨਾਰਸ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮੰਦਰ ਦੀ ਉਸਾਰੀ ਵਾਸਤੇ ਸੰਗਤਾਂ ਸਮੇਤ ਗਏ।1964 ਵਿਚ ਮਹਾਰਾਜ ਸਰਵਣ ਦਾਸ ਜੀ ਦੀ ਆਗਿਆ ਅਨੁਸਾਰ ਆਪ ਬਨਾਰਸ ਸੰਗਤਾਂ ਸਮੇਤ ਗਏ ਅਤੇ ਮੰਦਰ ਦੀ ਪਹਿਲੀ ਮੰਜ਼ਿਲ ਉੱਤੇ ਲੈਂਟਰ ਪਾ ਕੇ ਆਏ।

ਆਪ ਜੀ ਨੇ ਮੁਹੱਲਾ ਸੁੰਦਰ ਨਗਰ ਜਲੰਧਰ ਸ਼ਹਿਰ ਵਿਖੇ ਸਮਾਜ ਦੇ ਭਲੇ ਲਈ ਸਪਤਾਹਿਕ ਬੇਗਮਪੁਰਾ ਪੱਤ੍ਰਿਕਾ ਦਾ ਨੀਂਹ ਪੱਥਰ 1991 ਵਿਚ ਰੱਖਿਆ। ਉਸ ਸਮੇਂ ਪੰਜਾਬ ਦੇ ਅਨੇਕਾਂ ਸਾਧੂ ਸੰਤ ਸੰਗਤਾਂ ਉੱਥੇ ਪੁੱਜੀਆ।ਜਿਸ ਵੇਲੇ ਆਪ ਸਟੇਜ ਉੱਤੇ ਬੋਲੇ ਤਾਂ ਸਾਰੀਆਂ ਸੰਗਤਾਂ ਹੈਰਾਨ ਹੋ ਗਈਆ। ਆਪ ਜੀ ਨੇ ਫਰਮਾਇਆ ਕਿ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਮਹਾਰਾਜ ਹੁਰਾਂ ਨੇ ਮੇਰੀਆਂ ਦੋ ਡਿਊਟੀਆ ਲਗਾਈਆਂ ਹਨ। ਇਕ ਸਮਾਜ ਸੇਵਾ ਕਰਨੀ ਅਤੇ ਦੂਸਰਾ ਭਜਨ ਬੰਦਗੀ ਕਰਨੀ।ਇਨ੍ਹਾਂ ਦੋਨਾਂ ਕੰਮਾਂ ਵਿਚ ਮੈਨੂੰ ਜ਼ਿਆਦਾ ਬੋਲਣ ਦੀ ਲੋੜ ਨਹੀਂ ਪੈਂਦੀ। ਆਪ ਜੀ ਨੇ ਬਾਹਰਲੇ ਦੇਸ਼ਾਂ ਵਿਚ ਸ੍ਰੀ ਗੁਰੂ ਰਵਿਦਾਸ ਮਿਸ਼ਨ ਦਾ ਪ੍ਰਚਾਰ ਕਰਕੇ ਸੰਗਤਾਂ ਨੂੰ ਪ੍ਰਮਾਤਮਾ ਦੇ ਨਾਮ ਨਾਲ ਜੋੜਿਆ।ਆਪ ਛੇ ਵਾਰ ਇੰਗਲੈਂਡ ਅਤੇ ਦੋ ਵਾਰ ਅਮਰੀਕਾ ਅਤੇ ਕਨੇਡਾ ਗਏ।

ਆਪ ਜੀ ਨੇ ਪਿੰਡ ਦੀ ਮੁੱਖ ਸੜਕ ਉੱਤੇ ਸੰਤ ਸਰਵਣ ਦਾਸ ਮੈਮੋਰੀਅਲ ਗੇਟ ਦੀ ਉਸਾਰੀ ਕਰਵਾਈ।ਆਪ ਜੀ ਨੇ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਸੀਰ ਗੋਵਰਧਨਪੁਰ ਵਿਖੇ ਸੋਨੇ ਦਾ ਕਲਸ ਚੜ੍ਹਾਇਆ ਅਤੇ ਬੇਗਮਪੁਰਾ ਐਕਸਪ੍ਰੈਸ ਟਰੇਨ ਹਰ ਸਾਲ ਬਨਾਰਸ ਵਿਖੇ ਰਵਿਦਾਸ ਜਨਮ ਉਤਸਵ ਉੱਤੇ ਲੈ ਕੇ ਜਾਂਦੇ ਰਹੇ। ਇਸ ਸਬੰਧ ਵਿਚ ਬਨਾਰਸ ਵਿਖੇ 19 ਜੂਨ 1994 ਨੂੰ ਬਹੁਤ ਵੱਡਾ ਸਮਾਗਮ ਰੱਖਿਆ ਅਤੇ ਇੰਗਲੈਂਡ, ਅਮਰੀਕਾ ਅਤੇ ਕਨੇਡਾ ਦੀਆਂ ਸੰਗਤਾਂ ਨੂੰ ਬਨਾਰਸ ਪਹੁੰਚਣ ਲਈ ਸੰਦੇਸ਼ ਭੇਜਿਆ। ਤਕਰੀਬਨ 300 ਦੇ ਕਰੀਬ ਵਿਦੇਸ਼ਾਂ ਵਿੱਚੋਂ ਸੰਗਤਾਂ ਆਈਆ ਉਹਨਾਂ ਦਿਨਾਂ ਵਿਚ ਭਾਰਤ ਵਿਚ ਸਖਤ ਗਰਮੀ ਪੈ ਰਹੀ ਸੀ। ਆਪ ਸੰਗਤ ਸਮੇਤ 15 ਜੂਨ 1994 ਨੂੰ ਬਨਾਰਸ ਗਏ।ਅਤੇ 23 ਜੂਨ 1994 ਨੂੰ ਵਾਪਿਸ ਪਰਤੇ। ਆਪ ਜੀ ਨੇ ਗੁਰੂ ਰਵਿਦਾਸ ਮਹਾਰਾਜ ਦੀ ਯਾਦ ਵਿਚ ਬਹੁਤ ਵੱਡਾ ਸਮਾਗਮ ਕੀਤਾ। ਆਪ ਜੀ ਨੇ ਬਨਾਰਸ ਵਿਖੇ ਹੀ ਕਹਿ ਦਿੱਤਾ ਸੀ,ਅਸੀਂ ਹੁਣ ਮੁੜਕੇ ਬਨਾਰਸ ਨਹੀਂ ਆਉਣਾ, ਅਸੀਂ ਹੁਣ ਗੁਰੂ ਸਰਵਣ ਦਾਸ ਜੀ ਦੇ ਬਚਨ ਨੂੰ ਨਿਭਾ ਦਿੱਤਾ ਹੈ।ਇਸ ਦੌਰਾਨ ਆਪ ਜੀ ਨੇ ਵਿਦੇਸ਼ ਯਾਤਰਾ ਦੌਰਾਨ ਵੀ ਮਿਤੀ 9 ਅਕਤੂਬਰ 1993 ਤੋਂ ਲੈ ਕੇ 26 ਨਵੰਬਰ 1993 ਦੌਰਾਨ ਸੰਗਤਾਂ ਨੂੰ ਕਹਿ ਦਿੱਤਾ ਸੀ ਕਿ ਅਸੀਂ ਹੁਣ ਮੁੜ ਕੇ ਇੰਗਲੈਂਡ ਨਹੀਂ ਆਉਣਾ ਸਾਰੀਆ ਸੰਗਤਾਂ ਸੋਚ ਰਹੀਆ ਸਨ ਕਿ ਇੰਨੀ ਗਰਮੀ ਵਿਚ ਮਹਾਰਾਜ ਜੀ ਨੇ ਪ੍ਰੋਗਰਾਮ ਕਿਉਂ ਰੱਖਿਆ ਹੈ। ਪਰ ਆਪ ਜਾਣਦੇ ਸਨ ਕਿ ਆਪ ਜੀ ਨੇ ਆਪਣਾ ਸਰੀਰ ਤਿਆਗ ਕੇ ਸੁਆਮੀ ਸਰਵਣ

ਦਾਸ ਜੀ ਮਹਾਰਾਜ ਕੋਲ ਸੱਚਖੰਡ ਵਿਚ ਚਲੇ ਜਾਣਾ ਹੈ।ਆਪ ਜੀ ਦੇ ਸਰੀਰ ਛੱਡਣ ਤੋਂ ਤਿੰਨ ਦਿਨ ਪਹਿਲਾਂ (ਦਾਸ) ਬਾਵਾ ਅਤੇ ਸ੍ਰੀਮਾਨ ਭਾਗ ਮੱਲ ਭੰਡਾਰੀ ਜੀ ਆਪ ਜੀ ਨੂੰ ਬਾਥਰੂਮ ਤੱਕ ਲੈ ਗਏ ਅਤੇ ਆਪ ਜੀ ਨੇ ਫੁਰਮਾਇਆ ਕਿ ਅਸੀਂ ਹੁਣ ਸੰਸਾਰ ਛੱਡ ਕੇ ਚਲੇ ਜਾਣਾ ਹੈ। ਕੁਝ ਦਿਨ ਪਹਿਲਾਂ ਸ਼ਾਮ ਦੇ ਸਮੇਂ ਸੰਤ ਰਾਮਾ ਨੰਦ ਜੀ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਆਪ ਪਾਸ ਬੈਠੇ ਸਨ, ਤਾਂ ਆਪ ਜੀ ਨੇ ਫੁਰਮਾਇਆ ਕਿ ਜਿਹੜੀਆਂ ਡਿਊਟੀਆਂ ਮੇਰੀਆਂ ਮਹਾਰਾਜ ਜੀ ਨੇ ਲਗਾਈਆਂ ਸਨ ਉਹ ਅਸਾਂ ਪੂਰੀਆਂ ਕਰ ਦਿੱਤੀਆਂ ਹਨ। 23 ਜੁਲਾਈ 1994 ਨੂੰ ਦੁਪਹਿਰ 2:55 ਮਿੰਟ ਉੱਤੇ ਆਪ ਸੱਚਖੰਡ ਜਾ ਬਿਰਾਜੇ। ਆਪ ਜੀ ਦੇ ਸੱਚਖੰਡ ਬਿਰਾਜਨ ਦੀ ਖਬਰ ਸੁਣ ਕੇ ਸਾਰੀਆਂ ਸੰਗਤਾਂ ਵਿਚ ਸੋਕ ਦੀ ਲਹਿਰ ਫੈਲ ਗਈ।ਆਪ ਜੀ ਦੇ ਦਰਸ਼ਨ ਕਰਨ ਲਈ ਲੱਖਾਂ ਦੀ ਗਿਣਤੀ ਵਿਚ ਦੇਸ਼ਾਂ ਅਤੇ ਵਿਦੇਸ਼ਾਂ ਤੋਂ ਸੰਗਤਾਂ ਅਤੇ ਮਹਾਂਪੁਰਸ਼ ਆਏ 25 ਜੁਲਾਈ 1994 ਨੂੰ ਆਪ ਜੀ ਦੇ ਪੰਜ ਭੌਤਿਕ ਸਰੀਰ ਦਾ ਡੇਰੇ ਵਿਖੇ ਸੰਸਕਾਰ ਕਰ ਦਿੱਤਾ ਗਿਆ।

# ਅਮਰ ਸ਼ਹੀਦ ਸ੍ਰੀ 108 ਸੰਤ ਰਾਮਾ ਨੰਦ ਜੀ

ਵਸਦੇ-ਰਸਦੇ ਸੰਸਾਰ ਅੰਦਰ ਕੁਝ ਅਜੀਮ ਸਖਸ਼ ਪੈਦਾ ਹੁੰਦੇ ਹਨ,ਜਿਹੜੇ ਆਪਣੇ ਪਰਉਪਕਾਰੀ ਕੰਮਾਂ ਸਦਕਾ ਰਹਿੰਦੀ ਦੁਨੀਆਂ ਤੱਕ ਆਪਣਾ ਨਾਂ ਕਮਾ ਜਾਂਦੇ ਹਨ,ਪਰ ਸੰਤ ਜਨ ਕੁਲ ਮਨੁੱਖਤਾ ਲਈ ਇੱਕ ਚਾਨਣ ਮੁਨਾਰਾ ਹੋ ਜਾਂਦੇ ਹਨ।ਬਾਰਡਰਾਂ ਦੀਆਂ ਸੀਮਤ ਲਕੀਰਾਂ,ਰੰਗਾਂ,ਨਸਲਾਂ ਮਜ਼੍ਹਬਾਂ ਦੀਆ ਕੂੜ-ਕਹਾਣੀਆਂ ਉਨ੍ਹਾਂ ਲਈ ਕੋਈ ਅਰਥ ਨਹੀਂ ਰੱਖਦੀਆਂ। ਸੰਤ ਜਨ ਬੋਹੜ ਦੀ ਛਾਂ ਵਾਂਗਰ ਹੁੰਦੇ ਹਨ,ਜਿਹੜੇ ਪਾਪਾਂ ਰੂਪੀ ਗਰਮੀ ਨਾਲ ਤਪਦੀ ਮਨੁੱਖਤਾ ਨੂੰ ਪੱਛਮ ਦੀਆਂ ਠੰਡੀਆਂ-ਠਾਰ ਪੌਣਾਂ ਬਣ ਠਾਰਦੇ ਹਨ।

ਸ੍ਰੀ 108 ਸੰਤ ਰਾਮਾਨੰਦ ਜੀ ਦਾ ਜਨਮ 2 ਫਰਵਰੀ 1952 ਨੂੰ ਪਿਤਾ ਸ੍ਰੀਮਾਨ ਮਹਿੰਗਾ ਰਾਮ ਜੀ ਦੇ ਗ੍ਰਹਿ ਵਿਖੇ ਮਾਤਾ ਸ੍ਰੀਮਤੀ ਜੀਤ ਕੌਰ ਦੀ ਪਵਿੱਤਰ ਕੁਖੋਂ ਹੋਇਆ।ਆਪ ਜੀ ਬਚਪਨ ਤੋਂ ਸਾਧੂ ਸੁਭਾਅ ਰੱਖਦੇ ਸਨ।ਆਪ ਜੀ ਦੀ ਮਨਮੋਹਣੀ ਦਿੱਖ ਗਲੀ-ਮੁਹੱਲੇ ਦੇ ਲੋਕਾਂ ਨੂੰ ਕੀਲ ਕੇ ਰੱਖ ਦਿੰਦੀ ਸੀ।ਬੀ.ਏ. ਤੱਕ ਦੀ ਪੜ੍ਹਾਈ ਆਪ ਨੇ ਦੁਆਬਾ ਕਾਲਜ ਜਲੰਧਰ ਤੋਂ ਕੀਤੀ।ਆਪ ਜਿਸ ਵਕਤ ਪੜ੍ਹਾਈ ਕਰਨ ਜਾਂਦੇ ਸਾਨ ਤਾਂ ਅਕਸਰ ਗੁੰਮ-ਸੁਮ ਰਿਹਾ ਕਰਦੇ ਸਨ।ਆਪ ਬਚਪਨ ਤੋਂ ਹੀ ਸਾਧੂ-ਸੰਗਤ ਦੇ ਮੁਰੀਦ ਸਨ,ਸੋ ਫਿਰ ਰੰਗ ਤਾਂ ਚੜ੍ਹਨਾ ਹੀ ਸੀ,ਜੋ ਪ੍ਰਵਾਨ ਹੋ ਕੇ ਹੱਦੋਂ ਵੱਧ ਚੜ੍ਹਿਆ।ਘਰ ਦੇ ਹੋਰਨਾਂ ਮੈਂਬਰਾਂ ਨੇ ਜ਼ੋਰਦਾਰ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਕਿ ਸੰਤ ਰਾਮਾ ਨੰਦ ਨੂੰ ਸਾਧੂਆਂ ਦੀ ਸੰਗਤ ਤੋਂ ਰੋਕਿਆ ਜਾਵੇ।ਘਰ ਵਿਚ ਅਕਸਰ ਸਾਧੂ-ਸੰਗਤ ਦੀ ਗੱਲਬਾਤ ਹੁੰਦੀ ਰਹਿੰਦੀ।ਸੰਤ ਰਾਮਾ ਨੰਦ ਜੀ ਘਰ ਦੇ ਘਰੇਲੂ ਕੰਮ ਕਰਦੇ ਹੋਏ ਵੀ ਹਰ ਵਕਤ ਪ੍ਰਮਾਤਮਾ ਦਾ ਸਿਮਰਨ ਕਰਦੇ ਰਹਿੰਦੇ।ਅਖੀਰ ਸੰਤ ਰਾਮਾ ਨੰਦ ਜੀ ਨੂੰ ਸ੍ਰੀਮਾਨ 108 ਸੰਤ ਹਰੀ ਦਾਸ ਜੀ ਮਹਾਰਾਜ ਸੱਚਖੰਡ ਬੱਲਾਂ ਵਾਲੇ ਮਹਾਂਪੁਰਸ਼ਾਂ ਦੇ ਚਰਨੀਂ ਲਗਾ ਦਿੱਤਾ ਗਿਆ।ਆਪ ਜੀ ਨੂੰ ਹਰੀ ਦਾਸ ਮਹਾਰਾਜ ਜੀ ਵਲੋਂ ਨਾਮ ਦੀ ਦਾਤ ਬਖਸ਼ਿਸ਼ ਕੀਤੀ ਗਈ।ਸੰਤ ਰਾਮਾਨੰਦ ਜੀ 1973 ਤੋਂ ਬਾਬਾ ਪਿੱਪਲ ਦਾਸ ਜੀ ਮਹਾਰਾਜ ਜੀ ਦੀ ਯਾਦ ਵਿਚ ਪਿੰਡ ਵਿਚ ਬਣੇ ਸੁੰਦਰ ਮੰਦਰ ਵਿਚ ਰਹਿ ਕੇ ਪ੍ਰਭੂ ਸਿਮਰਨ ਕਰਦੇ।ਸੰਤ ਰਾਮਾ ਨੰਦ ਜੀ ਬ੍ਰਹਮਲੀਨ ਸੰਤ ਹਰੀ ਦਾਸ ਜੀ ਮਹਾਰਾਜ ਦੇ ਸਮੇਂ ਅਤੇ ਸੰਤ ਗਰੀਬ ਦਾਸ ਜੀ ਦੇ ਸਮੇਂ ਦਿਨ ਵੇਲੇ ਡੇਰੇ ਵਿਚ ਰਹਿ ਕੇ ਸੰਗਤਾਂ ਦੀ ਸੇਵਾ ਕਰਦੇ ਅਤੇ ਰੋਜ਼ਾਨਾ ਸ਼ਬਦ ਕੀਰਤਨ ਅਤੇ ਕਥਾ ਕਰਦੇ।

ਇੱਥੇ ਵਰਣਨਯੋਗ ਹੈ ਕਿ ਸੰਤ ਰਾਮਾ ਨੰਦ ਜੀ ਨੂੰ ਗਿਆਨ ਸਤਿਗੁਰੂ ਹਰੀ ਦਾਸ ਜੀ ਮਹਾਰਾਜ ਜੀ ਤੋਂ ਪ੍ਰਾਪਤ ਹੋਇਆ ਅਤੇ ਸਤਿਗੁਰੂ ਗਰੀਬ ਦਾਸ ਜੀ ਮਹਾਰਾਜ ਨੇ ਉਨ੍ਹਾਂ ਨੂੰ ਭੇਖ ਧਾਰਨ ਕਰਵਾਇਆ।ਉਨ੍ਹਾਂ ਨਾਲ ਹੀ ਸੰਤ ਰਾਮਾਨੰਦ ਜੀ ਵੱਖ-ਵੱਖ ਦੇਸ਼ਾਂ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਜਾਣ ਦਾ ਸੁਭਾਗ ਪ੍ਰਾਪਤ ਹੋਇਆਂ।ਇਸ ਤੋਂ ਬਾਅਦ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਸੰਤ ਬ੍ਰਹਮਲੀਨ ਸਤਿਗੁਰੂ ਗਰੀਬ ਦਾਸ ਜੀ ਦੀ ਰਹਿਨੁਮਾਈ ਹੇਠ ਵਿਦੇਸ਼ੀ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਜੀ ਮਹਾਰਾਜ ਦੀ ਵਿਚਾਰਧਾਰਾ ਨਾਲ ਜੋੜਿਆ।ਆਪ ਵਿਦੇਸ਼ੀ ਸੰਗਤਾਂ ਦੀਆਂ ਅੱਖਾਂ ਦੇ ਤਾਰੇ ਸਨ।ਆਪ ਜੀ ਦੀ ਰਸਨਾਂ ਤੋਂ ਬਾਣੀ ਦੇ ਮਿੱਠੇ ਬੋਲ ਸਰਵਣ ਕਰਕੇ ਸੰਗਤਾਂ ਮੰਤਰ-ਮੁਗਧ ਹੋ ਜਾਂਦੀਆਂ ਸਨ।

ਆਪ ਇੱਕ ਕੁਸ਼ਲ ਪ੍ਰਸ਼ਾਸ਼ਕ ਸਨ,ਜਿਨ੍ਹਾਂ ਨੇ ਡੇਰੇ ਦੇ ਪ੍ਰਬੰਧ ਨੂੰ ਬਹੁਤ ਹੀ ਸੁਚਾਰੂ ਢੰਗ ਨਾਲ ਚਲਾਇਆ।ਵਿਸ਼ਵ ਵਿਚ ਸੰਤ ਸੰਮੇਲਨਾਂ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਦੇ ਨਾਲ-ਨਾਲ ਆਪ ਡੇਰਾ ਸੱਚਖੰਡ ਬੱਲਾਂ ਵਲੋਂ ਮਾਨਵ ਭਲਾਈ ਲਈ ਚਲਾਏ ਜਾ ਰਹੇ ਵੱਖ-ਵੱਖ ਪ੍ਰੋਜੈਕਟਾਂ ਦੇ ਕਾਰਜਾਂ ਨੂੰ ਚਲਾਉਣ ਲਈ ਵੱਧ-ਚੜ੍ਹ ਕੇ ਭਾਗ ਲੈਂਦੇ ਸਨ।'ਬੇਗਮਪੁਰਾ ਸ਼ਹਿਰ' ਦੇ ਸੰਪਾਦਕ ਵਜੋਂ ਆਪ ਜੀ ਨੇ ਸ਼ਲਾਘਾਯੋਗ ਸੇਵਾਵਾਂ ਨਿਭਾਈਆਂ,ਜਿਸ ਵਾਸਤੇ ਆਪ ਜੀ ਨੂੰ ਭਾਰਤੀ ਦਲਿਤ ਸਾਹਿਤ ਅਕਾਦਮੀ ਵਲੋਂ ਪੁਰਸਕਾਰਿਤ ਕੀਤਾ ਗਿਆ।ਇਹ ਪਹਿਲੀ ਵਾਰ ਸੀ ਕਿ ਆਪ ਜੀ ਨੇ ਯੂ.ਕੇ. ਦੀ ਪਾਰਲੀਮੈਂਟ ਸਦਨ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਬਾਰੇ ਸਪੀਚ ਪੜ੍ਹ ਕੇ ਇੱਕ ਨਵੇਂ ਇਤਿਹਾਸ ਦੀ ਸਿਰਜਣਾ ਕੀਤੀ।ਆਪ ਬਾਣੀ ਦੇ ਮਹਾਨ ਗਿਆਤਾ ਸਨ ਅਤੇ ਬੜੀਆਂ ਹੀ ਸਰਲ ਉਦਾਹਰਣਾਂ ਦਾ ਵਰਣਨ ਕਰਕੇ ਗੁਰਬਾਣੀ ਦੇ ਜਟਿਲ ਅਰਥਾਂ ਦੀ ਵਿਆਖਿਆ ਕਰਨ ਵਿਚ ਮਾਹਿਰ ਸਨ।ਆਪ ਜਦੋਂ ਸੰਗੀਤਮਈ ਕੀਰਤਨ ਕਰਦੇ ਸਨ ਤਾਂ ਪੰਡਾਲ ਵਿਚ ਬੈਠੀ ਸੰਗਤ ਪੂਰੀ ਤਰ੍ਹਾਂ ਕੀਲੀ ਜਾਂਦੀ ਸੀ।

ਨਵੀਂ ਪੀੜ੍ਹੀ ਵਿਚ ਸੰਗੀਤ ਪ੍ਰਤੀ ਚੇਟਕ ਪੈਦਾ ਕਰਨ ਲਈ ਆਪ ਜੀ ਨੇ ਨਾ ਸਿਰਫ ਸ੍ਰੀ ਗੁਰੂ ਰਵਿਦਾਸ ਸੰਗੀਤ ਅਕੈਡਮੀ ਖੋਲ੍ਹੀ,ਸਗੋਂ ਆਪ ਜੀ ਦੀ ਪਾਰਖੂ ਨਜ਼ਰ ਨੇ ਅਨੇਕਾਂ ਮਿਸ਼ਨਰੀ ਗਾਇਕਾਂ,ਗੀਤਕਾਰਾਂ ਅਤੇ ਸਾਹਿਤਕਾਰਾਂ ਦੀ ਪਛਾਣ ਕੀਤੀ ਅਤੇ ਉਹਨਾਂ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ।ਆਪ ਜੀ ਦੀ ਰਸਭਿੰਨੀ ਅਵਾਜ਼ ਵਿਚ ਜਲੰਧਰ ਦੂਰਦਰਸ਼ਨ ਤੋਂ ਅੰਮ੍ਰਿਤਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਬੇਗਮਪੁਰਾ ਸਹਿਰ ਕੋ ਨਾਉ' ਨਾਂ ਦੇ ਪ੍ਰੋਗਰਾਮ ਵੀ ਦਿਖਾਏ ਜਾ ਰਹੇ ਹਨ।

ਸੰਤ ਰਾਮਾਨੰਦ ਜੀ ਇੱਕ ਅਣਥੱਕ ਸਿਰੜੀ ਯੋਧੇ ਸਨ,ਜਿਹੜੇ ਮਿਸ਼ਨਰੀ ਕਾਰਜਾਂ ਨੂੰ ਸੰਪੂਰਨ ਕਰਨ ਲਈ ਦਿਨ-ਰਾਤ ਇੱਕ ਕਰਦੇ ਹੋਏ ਨਾ ਥੱਕਦੇ ਸਨ ਅਤੇ ਨਾ ਹੀ ਅੱਕਦੇ ਸਨ।ਆਪ ਅਕਸਰ ਕਿਹਾ ਕਰਦੇ ਸਨ 'ਜਿਹੜਾ ਸਮਾਂ ਮਹਾਰਾਜ ਜੀ ਦੀ ਸੇਵਾ ਵਿਚ ਲੱਗ ਜਾਵੇ ਉਹੀ ਚੰਗਾ ਹੈ,ਕੀ ਪਤਾ ਫਿਰ ਸਮਾਂ ਮਿਲੇ ਨਾ ਮਿਲੇ।'

ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਕਰਨ ਗਏ ਕੀਰਤਨ ਦੇ ਧਨੀ ਮਹਾਨ ਵਿਦਵਾਨ,ਨਾਮ ਦੇ ਰਸੀਏ,ਮਹਾਨ ਵੈਦ,ਜਗਤਗੁਰੂ ਰਵਿਦਾਸ ਮਿਸ਼ਨ ਦੇ ਧੁਰੇ,ਸੰਤ ਸਮਾਜ ਦੇ ਅਨਮੋਲ ਹੀਰੇ 108 ਸੰਤ ਰਾਮਾਨੰਦ ਜੀ ਨੂੰ ਮਾਨਵ ਵਿਰੋਧੀਆਂ ਨੇ ਵਿਆਨਾ(ਅਸਟਰੀਆ) ਦੇ ਇੱਕ ਗੁਰੂ ਘਰ ਦੇ ਵਿਚ ਹਮਲਾ ਕਰਕੇ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ।ਗੋਲੀਆਂ ਲੱਗਣ ਤੋਂ ਬਾਅਦ ਵੀ ਸੰਤ ਰਾਮਾਨੰਦ ਜੀ ਧੰਨ ਧੰਨ ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ ਨਾਮ ਉਚਾਰਨ ਕਰਦੇ ਰਹੇ,ਜਿਵੇਂ ਕਹਿ ਰਹੇ ਹੋਣ ਕਿ ਉਹ ਅਜੇ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਹੁਤ ਕੁਝ ਕਰਨਾ ਚਾਹੁੰਦੇ ਹਨ।ਪਰ ਭਾਵੀ ਨੂੰ ਇਹ ਮਨਜ਼ੂਰ ਨਾ ਹੋਇਆ ਅਤੇ ਆਪ ਜੀ ਮਿਤੀ 25 ਮਈ ਦੇ ਅੰਮ੍ਰਿਤ ਵੇਲੇ ਰਵਿਦਾਸੀਆ ਕੌਮ ਲਈ ਸ਼ਹਾਦਤ ਦਾ ਜਾਮ ਪੀਂਦੇ ਹੋਏ ਬ੍ਰਹਮਲੀਨ ਹੋ ਗਏ।

ਸੰਤ ਰਾਮਾਨੰਦ ਜੀ ਮਹਾਰਾਜ ਆਪਣਾ ਪੂਰਾ ਜੀਵਨ ਸ਼ਹਾਦਤ ਦਾ ਜਾਮ ਪੀਂਦੇ ਹੋਏ ਬ੍ਰਹਮਲੀਨ ਹੋਣ ਤੱਕ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਨੂੰ ਜਗਤਗੁਰੂ

ਰਵਿਦਾਸ ਮਹਾਰਾਜ ਜੀ ਦਾ ਪਾਵਨ ਉਪਦੇਸ਼ 'ਸਤਿਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ' ਦਿੰਦੇ ਹੋਏ ਵਿਸ਼ਵ ਪੱਧਰ ਤੇ ਇਕੱਠੇ ਹੋਣ ਦਾ ਉਪਦੇਸ਼ ਦੇ ਗਏ।ਸੰਤ ਰਾਮਾਨੰਦ ਜੀ ਦੀ ਸ਼ਹਾਦਤ ਨਾਲ ਰਵਿਦਾਸੀਆ ਧਰਮ ਦੇ ਨਾਮ ਨਾਲ ਵਿਸ਼ਵ ਪੱਧਰ 'ਤੇ ਆਪਣੀ ਵੱਖਰੀ ਪਹਿਚਾਣ ਬਣ ਚੁੱਕੀ ਹੈ,ਜਿਸ ਦਾ ਪ੍ਰਚਾਰ ਅਤੇ ਪ੍ਰਸਾਰ ਪੂਰੇ ਵਿਸ਼ਵ ਵਿੱਚ ਹੋ ਚੁੱਕਾ ਹੈ ਅਤੇ ਅੰਮ੍ਰਿਤਬਾਣੀ ਦੇ ਪ੍ਰਕਾਸ਼ ਹਜ਼ਾਰਾਂ ਦੀ ਗਿਣਤੀ ਵਿਚ ਪੂਰੇ ਵਿਸ਼ਵ ਵਿੱਚ ਹੋ ਚੁੱਕੇ ਹਨ।

ਅੱਜ ਆਪ ਜੀ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ,ਰਵਿਦਾਸੀਆਂ ਸਮਾਜ ਵਿਚ ਧਾਰਮਿਕ ਭਾਵਨਾ ਪੈਦਾ ਕਰਨ,ਦਲਿਤ ਸਮਾਜ ਵਿਚ ਜਨ ਚੇਤਨਾ ਪੈਦਾ ਕਰਕੇ ਗੁਲਾਮੀ ਦੀਆਂ ਜੰਜੀਰਾਂ ਤੋਂ ਮੁਕਤ ਭਾਈਚਾਰਾ ਕਾਇਮ ਕਰਨ ਲਈ ਅਰੋਗੀ ਮਾਨਸਿਕਤਾ ਅਤੇ ਵਿਦਿਆਂ ਭਰਪੂਰ ਸਮਾਜ ਦੀ ਸਿਰਜਣਾ ਕਰਨ ਲਈ ਸੰਤ ਸੁਰਿੰਦਰ ਦਾਸ ਬਾਵਾ ਜੀ ਉਨ੍ਹਾਂ ਦੇ ਨਕਸ਼ੇ ਕਦਮ ਤੇ ਚਲਕੇ ਸੇਵਾਵਾਂ ਨਿਭਾਅ ਰਹੇ ਹਨ। ਕਾਫਿਲਾ ਮੰਜ਼ਿਲ ਵੱਲ ਵੱਧ ਰਿਹਾ ਹੈ ਜਾਰੀ ਰਹੇਗਾ।

## ਸਾਖੀ ਨੰਬਰ 1

## ਜੀਵਨ ਦੀ ਖੁਸ਼ੀ ਵਾਪਿਸ ਮਿਲਣੀ

ਇੱਕ ਵਾਰ ਬਾਬਾ ਪਿੱਪਲ ਦਾਸ ਜੀ ਪਿੰਡ ਬੱਲਾਂ ਵਿੱਚ ਜਾ ਰਹੇ ਸਨ ਤਾਂ ਰਸਤੇ ਵਿੱਚ ਮੱਲ ਸਿੰਘ ਜੀ ਨੇ ਉਹਨਾਂ ਨੂੰ ਮੱਥਾ ਟੇਕਿਆ। ਬਾਬਾ ਜੀ ਨੇ ਪੁੱਛਿਆ ਕਿ ਪਰਿਵਾਰ ਰਾਜੀ ਖੁਸ਼ੀ ਹੈ ਤਾਂ ਮੱਲ ਸਿੰਘ ਨੇ ਉੱਤਰ ਦਿੱਤਾ "ਮਹਾਰਾਜ ਜੀ ਅਸੀਂ ਬਹੁਤ ਪ੍ਰੇਸ਼ਾਨ ਹਾਂ। ਮੇਰੇ ਭਰਾ ਦੀ ਘਰਵਾਲੀ ਮਰ ਗਈ ਹੈ ਅਤੇ ਮੇਰੇ ਭਰਾ ਸ. ਨੱਥਾ ਸਿੰਘ ਸਪੁੱਤਰ ਸ. ਸੁੰਦਰ ਸਿੰਘ ਦੇ ਲੱਕ ਤੇ ਸੱਟ ਲੱਗੀ ਹੈ, ਆਪ ਕਿਰਪਾ ਕਰੋ ਜੀ। ਬਾਬਾ ਜੀ ਨੇ ਫ਼ਰਮਾਇਆ ਕਿ ਫ਼ਿਕਰ ਨਾ ਕਰੋ, ਤੁਹਾਡੇ ਭਰਾ ਨੱਥਾ ਸਿੰਘ ਦੀ ਸ਼ਾਦੀ ਹਵੇਗੀ ਅਤੇ ਘਰ ਵਿੱਚ ਬੱਚਿਆਂ ਦੀਆਂ ਰੌਣਕਾਂ ਲੱਗਣਗੀਆਂ। ਅਜਿਹਾ ਹੀ ਹੋਇਆ ਸ. ਨੱਥਾ ਸਿੰਘ ਕੁਝ ਮਹੀਨਿਆਂ ਬਾਅਦ ਠੀਕ ਹੋ ਗਏ ਅਤੇ ਉਹਨਾਂ ਦੀ ਸ਼ਾਦੀ ਹੋਈ। ਸ. ਅਜੀਤ ਸਿੰਘ ਨੇ ਦੱਸਿਆ ਕਿ ਅੱਜ ਬਾਬਾ ਜੀ ਦੀ ਕਿਰਪਾ ਨਾਲ 7 ਭਰਾ ਤੇ ਇੱਕ ਭੈਣ ਹੈ। ਇਹ ਸਭ ਬਾਬਾ ਜੀ ਦੀ ਕਿਰਪਾ ਹੈ।

(ਸ-ਅਜੀਤ ਸਿੰਘ ਸਪੁੱਤਰ ਸ਼੍ਰੀ ਨੱਥਾ ਸਿੰਘ ਪਿੰਡ ਬੱਲਾਂ 21-10-2001)

## ਸਾਖੀ ਨੰਬਰ 2

## ਸ਼੍ਰੀ ਬਤਨ ਸਿੰਘ ਨੂੰ ਔਲਾਦ ਦੀ ਬਖਸ਼ਿਸ਼ ਕਰਨੀ

ਸ਼੍ਰੀ ਬਤਨ ਸਿੰਘ ਤੇ ਬੀਬੀ ਕੇਸਰੀ ਦੇਵੀ ਪਿੰਡ ਮੁਰਾਦਪੁਰ ਰਹਿੰਦੇ ਸਨ, ਬਾਅਦ ਵਿੱਚ ਅਲਾਵਲਪੁਰ ਰਹਿਣ ਲੱਗੇ ਉਨ੍ਹਾਂ ਦੇ ਘਰ ਕੋਈ ਸੰਤਾਨ ਨਹੀਂ ਸੀ। ਉਹ ਬਾਬਾ ਪਿੱਪਲ ਦਾਸ ਜੀ ਦੇ ਸੇਵਕ ਸਨ। ਜਦੋਂ ਬਾਬਾ ਪਿੱਪਲ ਦਾਸ ਜੀ ਉਨ੍ਹਾਂ ਦੇ ਘਰ ਜਾਂਦੇ ਤਾਂ ਕਹਿੰਦੇ ਕਿ ਲੂਣ ਵਾਲੇ ਪ੍ਰਸ਼ਾਦੇ ਬਣਾਓ ਅਤੇ ਲੂਣ ਵਾਲੇ ਪ੍ਰਸ਼ਾਦੇ ਛਕਦੇ। ਇੱਕ ਸਮੇਂ ਬਾਬਾ ਜੀ ਉਨ੍ਹਾਂ ਦੇ ਘਰ ਮੁਰਾਦਪੁਰ ਗਏ। ਬਤਨ ਸਿੰਘ ਤੇ ਬੀਬੀ ਕੇਸਰੀ ਦੇਵੀ ਨੇ ਬੇਨਤੀ ਕੀਤੀ, "ਮਹਾਰਾਜ! ਸਾਡੇ ਘਰ ਕੋਈ ਔਲਾਦ ਨਹੀਂ ਹੈ। ਬਾਬਾ ਜੀ ਨੇ ਕਿਹਾ ਕਿ ਪੰਜ ਪਤਾਸੇ ਪਾਣੀ ਵਿੱਚ ਘੋਲ੍ਹ ਕੇ ਉਸੇ ਪਾਣੀ ਨਾਲ ਆਟਾ ਗੁੰਨ ਕੇ ਪ੍ਰਸ਼ਾਦੇ ਬਣਾਉ। ਪ੍ਰਸ਼ਾਦਾ ਤਿਆਰ ਕੀਤਾ ਗਿਆ। ਬਾਬਾ ਜੀ ਨੇ ਉਹ ਪ੍ਰਸ਼ਾਦਾ ਆਪ ਛਕਿਆ। ਪ੍ਰਸ਼ਾਦਾ ਛਕਣ ਤੋਂ ਮਗਰੋਂ ਬਾਬਾ ਜੀ ਨੇ ਕਿਹਾ, "ਬਤਨ ਸਿੰਘ! ਕੋਈ ਫ਼ਿਕਰ ਨਹੀਂ ਕਰਨਾ, ਪ੍ਰਮਾਤਮਾ ਕਿਰਪਾ ਕਰੇਗਾ। ਇਸ .ਤੋ. ਬਾਅਦ ਉਨ੍ਹਾਂ ਦੇ ਘਰ ਸ਼੍ਰੀ ਸਰਵਨ ਦਾਸ ਸਮੇਤ ਚਾਰ ਪੁੱਤਰ ਪੈਦਾ ਹੋਏ।

(ਸ਼੍ਰੀ ਸਰਵਨ ਦਾਸ ਸਪੁੱਤਰ ਸ਼੍ਰੀ ਬਤਨ ਸਿੰਘ ਸ਼੍ਰੀ ਚਰਨ ਸਿੰਘ, ਪਿੰਡ ਅਲਾਵਲਪੁਰ)

## ਸਾਖੀ ਨੰਬਰ 3

### ਮਕਾਨ ਪੱਕੇ ਹੋਣ ਦਾ ਵਰਦਾਨ

ਇਕ ਸਮੇਂ ਬਾਬਾ ਪਿੱਪਲ ਦਾਸ ਜੀ ਬਿਆਸ ਪਿੰਡ ਵਿਖੇ ਗਏ।ਉਹਨੀਂ ਦਿਨੀਂ ਲੱਗਭਗ ਸਾਰੇ ਮਕਾਨ ਕੱਚੇ ਸਨ।ਬਾਬਾ ਜੀ ਨੇ ਵਾਕ ਕੀਤਾ ਕਿ ਕਾਕੂ ਲਾਲੋ ਲਾਲ ਹੋ ਜਾਣੇ।ਭਾਵ ਸਭ ਮਕਾਨ ਪੱਕੇ ਹੋ ਜਾਣਗੇ।ਅਜਿਹਾ ਹੀ ਹੋਇਆ।ਬਾਬਾ ਜੀ ਦੇ ਬਚਨ ਅਟੱਲ ਹੋਏ।ਦੇਖਦਿਆ ਹੀ ਦੇਖਦਿਆ ਸਾਰਾ ਪਿੰਡ ਤਰੱਕੀ ਕਰ ਗਿਆ।ਅੱਜ ਪਿੰਡ ਦੇ ਸਾਰੇ ਮਕਾਨ ਸੁੰਦਰ ਅਤੇ ਪੱਕੇ ਬਣ ਗਏ ਹਨ।

(ਸ਼੍ਰੀ ਰਾਜਮੱਲ ਪੁੱਤਰ ਸ਼੍ਰੀ ਅੱਤਮਾ ਰਾਮ ਬਿਆਸ ਪਿੰਡ 20-06-03)

## ਸਾਖੀ ਨੰਬਰ 4

### ਜਾਣੀ ਜਾਣ ਬਾਬਾ ਪਿੱਪਲ ਦਾਸ ਜੀ

ਇਕ ਸਮੇਂ ਬਾਬਾ ਪਿੱਪਲ ਦਾਸ ਜੀ ਮਹਾਰਾਜ ਰਹੀਮਪੁਰ ਨੂੰ ਬਾਬਾ ਬਦਰੀ ਨਾਥ ਨੂੰ ਮਿਲਣ ਜਾ ਰਹੇ ਸਨ।ਜਦੋਂ ਦੁਗਰੀ ਪਿੰਡ ਦੇ ਨੇੜੇ ਪਹੁੰਚੇ ਤਾਂ ਬਾਬਾ ਪਿੱਪਲ ਦਾਸ ਜੀ ਨੇ ਫ਼ਰਮਾਇਆ, "ਹਰੀ ਰਾਮਾ ਉਹ ਜੋ ਸਾਹਮਣੇ ਬੀਬੀ ਆ ਰਹੀ ਹੈ, ਉਹ ਸਿਰ ਤੋਂ ਨੰਗੀ ਹੈ"।ਸ਼੍ਰੀ ਹਰੀ ਰਾਮ ਨੇ ਉੱਤਰ ਦਿੱਤਾ,"ਬਾਬਾ ਜੀ ਉਸ ਬੀਬੀ ਦੇ ਸਿਰ ਤੇ ਦੁਪੱਟਾ ਹੈ"।ਬਾਬਾ ਜੀ ਨੇ ਕਿਹਾ, "ਉਏ ਤੈਨੂੰ ਸਮਝ ਨਹੀਂ ਲੱਗੀ "।ਸਿਰ ਤੋਂ ਨੰਗੀ ਭਾਵ ਇਸਦਾ ਪਤੀ ਮਰ ਚੁੱਕਾ ਹੈ।ਜਿਸ ਸਮੇਂ ਬੀਬੀ ਉਹਨਾਂ ਦੇ ਪਾਸ ਆਈ ਤਾਂ ਸ਼੍ਰੀ ਹਰੀ ਰਾਮ ਨੇ ਉਸ ਬੀਬੀ ਨੂੰ ਪੁੱਛਿਆ ਕਿ ਬੀਬੀ ਤੇਰਾ ਪਤੀ ਹੈ ? ਤਾਂ ਉਸ ਬੀਬੀ ਨੇ ਉੱਤਰ ਦਿੱਤਾ ਕਿ ਭਾਈ ਮੇਰਾ ਪਤੀ ਕੁਝ ਮਹੀਨੇ ਪਹਿਲਾਂ ਮਰ ਚੁੱਕਾ ਹੈ।ਬਾਬਾ ਜੀ ਜਾਣੀ - ਜਾਣ ਸਨ।ਸੱਚ ਵਿਚ ਉਹ ਬੀਬੀ ਸਿਰੋਂ ਨੰਗੀ ਸੀ , ਭਾਵ ਉਸ ਦਾ ਪਤੀ ਮਰ ਚੁੱਕਾ ਸੀ।

(ਸ਼੍ਰੀ ਤਰਸੇਮ ਲਾਲ ਪੁੱਤਰ ਸ਼੍ਰੀ ਹਰੀ ਰਾਮ (ਬੱਲ) ਮਕਸੂਦਾਂ ਜਲੰਧਰ, 13-07-03)

## ਸਾਖੀ ਨੰਬਰ 5

### ਦੁੱਧ ਦਾ ਹੜ੍ਹ ਆਉਣਾ

ਬਾਬਾ ਪਿੱਪਲ ਦਾਸ ਜੀ ਮਹਾਰਾਜ ਪਿੰਡ ਵਿੱਚ ਲੰਗਰ ਦੀ ਗਜਾ ਕਰ ਕੇ ਛੱਕਦੇ ਸਨ।ਇਕ ਸਮੇਂ ਬਾਬਾ ਪਿੱਪਲ ਦਾਸ ਜੀ ਮਹਾਰਾਜ ਨਾਲ ਬਾਲਕ ਸੰਤ ਸਰਵਣ ਦਾਸ ਜੀ (ਅੱਠ ਸਾਲ ਦੀ ਆਯੂ) ਵੀ ਸਨ।ਪਿੰਡ ਸੰਘਵਾਲ ਵਿਖੇ ਲੰਬੜਦਾਰ ਬਿਸ਼ਨ ਸਿੰਘ ਦੇ ਘਰ ਗਜਾ ਕਰਨ ਗਏ।ਬੀਬੀ ਜੀ ਨੇ ਮਹਾਰਾਜ ਜੀ ਨੂੰ ਪ੍ਰਸ਼ਾਦੇ ਦਿੱਤੇ ਅਤੇ ਨਾਲ ਹੀ ਥੋੜ੍ਹੀ ਲੱਸੀ ਵੀ ਦਿੱਤੀ ਅਤੇ ਬੀਬੀ ਜੀ ਨੇ ਕਿਹਾ ਕਿ "ਮਹਾਰਾਜ ਜੀ ਸਾਡੇ ਘਰ ਲਵੇਰਾ ਥੋੜ੍ਹਾ ਹੈ ਇਸ ਕਰਕੇ ਲੱਸੀ ਘੱਟ ਹੈ"।ਬਾਬਾ ਜੀ ਨੇ ਕਿਹਾ "ਕੋਈ ਗੱਲ

ਨਹੀਂ"। ਜਦੋਂ ਮਹਾਰਾਜ ਜੀ ਗਜਾ ਕਰਕੇ ਵਾਪਸ ਆ ਰਹੇ ਸਨ ਤਾਂ ਸੰਘਵਾਲ ਤੋਂ ਉਹ ਇਕ ਖੂਹ ਕੋਲ ਆਏ ਤਾਂ ਬਾਬਾ ਜੀ ਨੇ ਬਾਲਕ ਸਰਵਣ ਦਾਸ ਜੀ ਨੂੰ ਕਿਹਾ ਕਿ ਪ੍ਰਸ਼ਾਦੇ ਛੱਕ ਲਈਏ। ਬਾਬਾ ਜੀ ਨੇ ਲੱਸੀ ਵਾਲਾ ਕਮੰਡਲ ਜਿੱਥੇ ਖੂਹ ਵਿਚੋਂ ਟਿੰਡਾਂ ਰਾਹੀਂ ਪਾਣੀ ਨਿਕਲ ਕੇ ਆਉਂਦਾ ਸੀ ਹੇਠਾਂ ਰੱਖ ਦਿੱਤਾ। ਜਦੋਂ ਬਾਬਾ ਜੀ ਅਤੇ ਸੰਤ ਸਰਵਣ ਦਾਸ ਜੀ ਦੋਨੋਂ ਖੂਹ ਗੇੜ ਰਹੇ ਸਨ ਤਾਂ ਉਸ ਸਮੇਂ ਲੱਸੀ ਦਾ ਕਮੰਡਲ ਭਰ ਗਿਆ ਅਤੇ ਲੱਸੀ ਆੜ ਵਿਚ ਜਾਣ ਲੱਗ ਪਈ। ਉਸ ਸਮੇਂ ਉਥੇ ਪਿੰਡ ਦੇ ਕੁਝ ਆਦਮੀਆਂ ਦੇ ਪਹੁੰਚਣ ਤੋਂ ਪਹਿਲਾਂ ਖੂਹ ਗੇੜਨਾ ਬੰਦ ਕਰ ਦਿਤਾ ਅਤੇ ਨਾਲ ਹੀ ਕਿਹਾ ਕਿ ਸਰਵਣ ਦਾਸਾ ਲੱਸੀ ਦਾ ਲੱਸ ਬਣ ਗਿਆ। ਜਿਨ੍ਹਾਂ ਦੇ ਘਰੋਂ ਆਪਾਂ ਲੱਸੀ ਲਿਆਏ ਹਾਂ ਉਨ੍ਹਾਂ ਦੇ ਘਰ ਬਹੁਤ ਲਵੇਰਾ ਹੋਵੇਗਾ। ਇਸ ਤੋਂ ਕੁਝ ਦੇਰ ਬਾਅਦ ਬਾਬਾ ਪਿੱਪਲ ਦਾਸ ਜੀ ਨੇ ਭੋਜਨ ਛਕਿਆ ਅਤੇ ਸੰਤ ਸਰਵਣ ਦਾਸ ਜੀ ਨੂੰ ਵੀ ਛਕਾਇਆ ਅਤੇ ਜੋ ਆਦਮੀ ਆਏ ਸਨ ਉਨਾਂ ਨੂੰ ਵੀ ਇਕ ਪ੍ਰਸ਼ਾਦਾ ਦਿੱਤਾ। ਬਾਬਾ ਜੀ ਦੇ ਬਚਨ ਅਟੱਲ ਹੋਏ ਅਤੇ ਇਸ ਤੋਂ ਬਾਅਦ ਉਨ੍ਹਾਂ ਦੇ ਘਰ ਲਵੇਰੇ ਦੀ ਕੋਈ ਹੱਦ ਨਹੀਂ ਰਹੀ ਭਾਵ ਦੁੱਧ ਦਾ ਹੜ੍ਹ ਆ ਗਿਆ।

(ਸ਼੍ਰੀ ਰਾਮ ਕਿਸ਼ਨ ਸੱਪੁਤਰ ਸ਼੍ਰੀ ਕੇਰੂ ਰਾਮ ਪਿੰਡ ਸੰਘਵਾਲ, ਜਲੰਧਰ)

## ਸਾਖੀ ਨੰਬਰ 6
## ਬਾਬਾ ਪਿੱਪਲ ਦਾਸ ਜੀ
## ਸ਼ਾਦੀ ਦੀ ਭਵਿੱਖ ਬਾਣੀ

**ਸ਼੍ਰੀ ਰਾਜ ਮੱਲ ਦੇ ਪਿਤਾ ਅਤਮਾ ਰਾਮ ਜੀ ਬਿਆਸ ਪਿੰਡ ਵਾਲਿਆਂ ਦਾ ਬਾਬਾ ਪਿੱਪਲ ਦਾਸ ਜੀ ਮਹਾਰਾਜ ਨਾਲ ਬਹੁਤ ਪ੍ਰੇਮ ਸੀ। ਇਕ ਸਮੇਂ ਬਾਬਾ ਪਿੱਪਲ ਦਾਸ ਜੀ ਸ਼੍ਰੀ ਅਤਮਾ ਰਾਮ ਜੀ ਦੇ ਘਰ ਬਿਆਸ ਪਿੰਡ ਗਏ ਤਾਂ ਸਭ ਸੰਗਤਾਂ ਨੇ ਬਾਬਾ ਜੀ ਨੂੰ ਮੱਥਾ ਟੇਕਿਆ। ਜਦੋਂ ਅਤਮਾ ਰਾਮ ਜੀ ਦੇ ਗੁਆਂਢੀ ਲੜਕੇ ਜਿਸ ਦੀ ਉਮਰ 12,13 ਸਾਲ ਦੀ ਸੀ ਜਿਸ ਦਾ ਨਾਮ ਛੱਜੂ ਰਾਮ ਸੀ ਬਾਬਾ ਜੀ ਨੂੰ ਮੱਥਾ ਟੇਕਿਆ ਤਾਂ ਅਤਮਾ ਰਾਮ ਜੀ ਨੇ ਕਿਹਾ ਕਿ ਬਾਬਾ ਜੀ ਇਸ ਦੀ ਕੁੜਮਾਈ ਹੋਣੀ ਹੈ ਅਤੇ ਕੁਝ ਮਹੀਨਿਆਂ ਬਾਅਦ ਇਸ ਦੀ ਸ਼ਾਦੀ ਹੈ ਆਪ ਜੀ ਕਿਰਪਾ ਕਰੋ। ਬਾਬਾ ਪਿੱਪਲ ਦਾਸ ਜੀ ਨੇ ਫ਼ਰਮਾਇਆ ਕਿ ਇਸ ਲੜਕੇ ਨਾਲ ਜਿਸ ਲੜਕੀ ਦੀ ਕੁੜਮਾਈ ਹੋਣੀ ਹੈ ਉਸ ਨੇ ਵਿਆਹ ਤੋਂ ਪਹਿਲਾਂ ਹੀ ਮਰ ਜਾਣਾ ਹੈ ਅਤੇ ਇਸ ਦਾ ਵਿਆਹ ਹੋਰ ਲੜਕੀ ਨਾਲ ਹੋਣਾ ਹੈ। ਬਾਅਦ ਵਿੱਚ ਅਜਿਹਾ ਹੀ ਹੋਇਆ ਉਹ ਲੜਕੀ ਵਿਆਹ ਤੋਂ ਪਹਿਲਾ ਹੀ ਮਰ ਗਈ ਸੀ। ਬਾਅਦ ਵਿਚ ਕਿਸੇ ਹੋਰ ਲੜਕੀ ਨਾਲ ਉਸ ਦਾ ਵਿਆਹ ਹੋਇਆ।**

(ਸ਼੍ਰੀ ਰਾਜ ਮੱਲ ਜੀ ਬਿਆਸ ਪਿੰਡ ਮਾਰਚ 2003)

**ਸਾਖੀ ਨੰਬਰ 7**

**ਸਾਖੀ ਸੰਤ ਸਰਵਣ ਦਾਸ ਜੀ, ਅਸੀਂ ਆਪ ਨੂੰ ਜ਼ਰੂਰ ਮਿਲਣ ਆਵਾਂਗੇ......**

**ਬੀਬੀ ਚੰਨਣ ਕੌਰ ਦੀ ਇੱਛਾ ਪੂਰੀ ਕਰਨੀ।**

ਸ. ਸ਼ਿੰਗਾਰਾ ਸਿੰਘ ਤੇ ਬੀਬੀ ਚੰਨਣ ਕੌਰ ਪਿੰਡ ਰਾਏਪੁਰ ਰਸੂਲਪੁਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪਿਆਰ ਸੀ। ਸੰਤ ਸਰਵਣ ਦਾਸ **ਮਹਾਰਾਜ** ਜੀ ਨੇ ਬੀਬੀ ਚੰਨਣ **ਕੌਰ** ਨਾਲ ਵਚਨ ਕੀਤਾ ਸੀ, ਕਿ ਜਦੋਂ ਅਸੀਂ ਪੰਜ ਭੂਤਕ ਸਰੀਰ ਤਿਆਗ ਕੇ ਸੱਚਖੰਡ ਬੇਗਮਪੁਰੇ ਵਿਚ ਜਾਵਾਂਗੇ ਤਾਂ ਉਸ ਤੋਂ ਪਹਿਲਾਂ ਅਸੀਂ ਆਪ ਨੂੰ ਜ਼ਰੂਰ ਮਿਲ ਕੇ ਜਾਵਾਂਗਾ ਇਹ ਮੇਰਾ ਬੇਟੀ ਚੰਨਣ ਕੌਰ ਤੇਰੇ ਨਾਲ ਵਾਇਦਾ ਰਿਹਾ। ਇਸੇ ਕਰਕੇ 11 ਜੂਨ 1972 ਨੂੰ ਜਦੋਂ ਕੌਮ ਦੇ ਇਸ ਮਹਾਨ ਰਹਿਬਰ ਨੇ ਬੇਗਮਪੁਰੇ ਜਾਣ ਦੀ ਤਿਆਰੀ ਕੀਤੀ ਉਸ ਰਾਤ ਮਹਾਰਾਜ ਜੀ ਅਮਰੀਕਨ (ਸੀ. ਐਮ. ਸੀ.) ਹਸਪਤਾਲ ਲੁਧਿਆਣਾ ਵਿਖੇ ਦਾਖਲ ਸਨ। ਦੁਨਿਆਵੀ ਲੋਕਾਂ ਵਾਸਤੇ ਮਹਾਰਾਜ ਜੀ ਬੀਮਾਰ ਸਨ ਪ੍ਰੰਤੂ ਅਸਲ ਵਿਚ ਉਹ ਆਪਣੀ ਸਿਮਰਨ ਕਮਾਈ ਵਿੱਚ ਅੰਤਰ ਧਿਆਨ ਹੋ ਕੇ ਆਪਣੇ ਜੀਵਨ ਦੇ ਵਿਚ ਆਪਣੇ ਸੇਵਕਾਂ ਨੂੰ ਦਿੱਤੇ ਬਚਨ, ਵਰ ਅਤੇ ਆਸ਼ੀਰਵਾਦਾਂ ਵੱਲ ਵੇਖ ਰਹੇ ਸਨ ਕਿਉਂਕਿ ਉਹਨਾਂ ਨੇ ਬੀਬੀ ਚੰਨਣ ਕੌਰ ਨਾਲ ਸਰੀਰ ਤਿਆਗਣ ਤੋਂ ਪਹਿਲਾਂ ਮਿਲਣ ਦਾ ਵਾਇਦਾ ਕੀਤਾ ਸੀ। ਇਸ ਲਈ ਸੱਚਖੰਡ ਨੂੰ ਜਾਣ ਤੋਂ 20 ਮਿੰਟ ਪਹਿਲਾਂ ਮਹਾਰਾਜ ਜੀ ਰਾਏਪਰ ਰਸੂਲਪੁਰ ਰਾਤ ਦੇ ਸਮੇਂ ਉਸ ਨੂੰ ਦਰਸ਼ਨ ਦੇਣ ਲਈ ਪਧਾਰੇ ਅਤੇ ਕਿਹਾ ਕਿ ਕੁੜੇ ਚੰਨਣ ਕੌਰੇ ਅਸੀਂ ਹੁਣ ਸਰੀਰ ਤਿਆਗ ਕੇ ਚਲੇ ਜਾਣਾ ਹੈ ਅਸੀਂ ਤੈਨੂੰ ਮਿਲਣ ਲਈ ਆਏ ਹਾਂ। ਸਾਡੇ ਕੋਲ ਸਮਾਂ ਬਹੁਤ ਘੱਟ ਹੈ। ਇਹ ਬਚਨ ਕਹਿ ਕੇ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਮਹਾਰਾਜ ਜੀ ਪੰਜ ਭੂਤਕ ਸਰੀਰ ਤਿਆਗ ਕੇ ਬ੍ਰਹਮਲੀਨ ਹੋ ਗਏ।

(2002 ਬੀਬੀ ਨਸੀਬ ਕੌਰ ਸਪੁੱਤਰੀ ਸ ਸ਼ਗਾਰਾ ਸਿੰਘ ਬੀਬੀ ਚੰਨਣ ਕੌਰ)

**ਸਾਖੀ ਨੰਬਰ 8**

**ਸ਼੍ਰੀ ਸਵਰਨ ਦਾਸ ਨੂੰ ਲੜਕੇ ਦੀ ਦਾਤ ਬਖ਼ਸ਼ਿਸ਼ ਕਰਨੀ।**

ਸ਼੍ਰੀ ਸਵਰਨ ਦਾਸ ਪਿੰਡ ਲੱਲੀਆਂ ਖੁਰਦ ਜੋ ਕਿ ਅੱਜ ਕੱਲ ਯੂ.ਕੇ ਰਹਿੰਦੇ ਹਨ। ਉਹਨਾਂ ਦੇ 6 ਲੜਕੀਆਂ ਹੀ ਸਨ ਪੁੱਤਰ ਨਹੀਂ ਸੀ। ਉਨ੍ਹਾਂ ਨੇ ਸ਼੍ਰੀ ਗੁਰਬਚਨ ਦਾਸ ਜੀ ਪਾਸ ਸੰਤਾਂ ਦੀ ਮਹਿਮਾ ਸੁਣੀ ਅਤੇ ਲੜਕੇ ਦੀ ਕਾਮਨਾ ਮਨ ਵਿਚ ਧਾਰ ਕੇ ਡੇਰੇ ਵਿਖੇ ਸੰਤ ਸਰਵਣ ਦਾਸ ਜੀ ਪਾਸ ਆਏ। ਜਦੋਂ ਸ਼੍ਰੀ ਸਵਰਨ ਦਾਸ ਤੇ ਉਸਦੀ ਪਤਨੀ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤੇ ਜਾਣੀ ਜਾਣ ਮਹਾਰਾਜ ਜੀ ਨੇ ਫ਼ਰਮਾਇਆ ਕਿ ਤੁਹਾਡਾ ਮਨੋਰਥ ਪੂਰਾ ਹੋਵੇਗਾ। ਤੁਹਾਡੇ ਘਰ ਇਕ ਸਾਲ ਬਾਅਦ ਲੜਕਾ ਪੈਦਾ

ਹੋਵੇਗਾ। ਉਸ ਦਾ ਨਾਮ ਸਾਲਿਗ ਰਾਮ ਰੱਖਣਾ। ਇਕ ਸਾਲ ਬਾਅਦ ਉਹਨਾਂ ਦੇ ਘਰ ਲੜਕਾ ਪੈਦਾ ਹੋਇਆ ਜਿਸ ਦਾ ਨਾਮ ਸਾਲਿਗ ਰਾਮ ਰੱਖਿਆ ਗਿਆ।

(ਮਿਤੀ 02-02-2001 ਸ਼੍ਰੀ ਗੁਰਬਚਨ ਦਾਸ, ਪਿੰਡ ਲੱਲੀਆਂ ਖੁਰਦ)

## ਸਾਖੀ ਨੰਬਰ 9

## ਜ਼ਮੀਨ ਦੀ ਬਖਸ਼ਿਸ਼ ਕਰਨਾ।

ਸ. ਸੁੰਦਰ ਸਿੰਘ ਜੀ ਪਿੰਡ ਚਮਿਆਰਾ ਕਪੂਰਥਲਾ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਨਾਲ ਬਹੁਤ ਪਿਆਰ ਸੀ। ਇਕ ਸਮੇਂ ਮਹਾਰਾਜ ਜੀ ਉਹਨਾਂ ਦੇ ਗ੍ਰਿਹਿ ਵਿਖੇ ਚਰਨ ਪਾਉਣ ਗਏ, ਉੱਥੋਂ ਹੋ ਕੇ ਮਹਾਰਾਜ ਜੀ ਨੇ ਪਿੰਡ ਖੋਜੇਵਾਲੀ ਜਾਣਾ ਸੀ। ਜਦੋਂ ਮਹਾਰਾਜ ਪਿੰਡ ਚਮਿਆਰਾ ਗਏ ਤਾਂ ਸ. ਸੁੰਦਰ ਸਿੰਘ ਨੇ ਬੇਨਤੀ ਕੀਤੀ ਮਹਾਰਾਜ ਜੀ ਆਪ ਜੀ ਦੀ ਕਿਰਪਾ ਨਾਲ ਪਿੰਡ ਸਫੀਪੁਰ ਵਿਖੇ 15 ਏਕੜ ਜ਼ਮੀਨ ਠੇਕੇ ਤੇ ਲਈ ਹੈ। ਆਪ ਕਿਰਪਾ ਕਰਕੇ ਉਸ ਜ਼ਮੀਨ ਵਿੱਚ ਚਰਨ ਪਾਉ, ਮਹਾਰਾਜ ਜੀ ਮੰਨ ਗਏ ਅਤੇ ਸੰਗਤਾਂ ਸਮੇਤ ਮਹਾਰਾਜ ਜੀ ਸਫੀਪੁਰ ਜ਼ਮੀਨ ਤੇ ਪਹੁੰਚੇ। ਸ. ਸੁੰਦਰ ਸਿੰਘ ਤੋਂ ਸੰਤਾਂ ਨੇ ਪੁੱਛਿਆ ਕਿ ਇਹ ਜ਼ਮੀਨ ਕਿਸ ਦੀ ਹੈ ? ਤਾਂ ਸ. ਸੁੰਦਰ ਸਿੰਘ ਨੇ ਕਿਹਾ ਕਿ ਮਹਾਰਾਜ ਜੀ, ਇਹ ਜ਼ਮੀਨ ਸ. ਦਰਸ਼ਨ ਸਿੰਘ ਦੀ ਹੈ ਤਾਂ ਮਹਾਰਾਜ ਜੀ ਨੇ ਤਿੰਨ ਵਾਰ ਬਚਨ ਕੀਤੇ ਸੁੰਦਰ ਸਿੰਘ ਇਹ ਜ਼ਮੀਨ ਤੇਰੀ ਹੈ, ਇਹ ਜ਼ਮੀਨ ਤੇਰੀ ਹੈ, ਇਹ ਜ਼ਮੀਨ ਤੇਰੀ ਹੈ।ਸ. ਸੁੰਦਰ ਸਿੰਘ ਨੇ ਸਤਿ ਬਚਨ ਕਿਹਾ।ਅਖ਼ੀਰ ਉਹ 15 ਏਕੜ ਜ਼ਮੀਨ ਸ. ਸੁੰਦਰ ਸਿੰਘ ਨੇ ਸ. ਦਰਸ਼ਨ ਸਿੰਘ ਤੋਂ 1959 ਈ ਵਿੱਚ ਖ਼ਰੀਦੀ। ਇਸ ਪ੍ਰਕਾਰ ਮਹਾਰਾਜ ਜੀ ਨੇ ਸ. ਸੁੰਦਰ ਸਿੰਘ ਤੇ ਕਿਰਪਾ ਕੀਤੀ।

(ਸ. ਸੋਹਣ ਸਿੰਘ ਸੁੰਦਰ ਸਿੰਘ ਦਾ ਭਤੀਜਾ)

## ਸਾਖੀ ਨੰਬਰ 10

## ਲੜਾਈ ਵਿੱਚ ਰੱਖਿਆ ਕਰਨੀ

ਸ. ਸੁੰਦਰ ਸਿੰਘ ਦੇ ਭਤੀਜੇ ਸ. ਸੋਹਣ ਸਿੰਘ ਦਾ ਸੰਤ ਸਰਵਣ ਦਾਸ ਜੀ ਨਾਲ ਬਹੁਤ ਪਿਆਰ ਸੀ। ਜਦੋਂ 1962 ਈ. ਵਿੱਚ ਭਾਰਤ ਤੇ ਚੀਨ ਦੀ ਲੜਾਈ ਲੱਗੀ ਤਾਂ ਫ਼ੌਜੀ ਸੋਹਣ ਸਿੰਘ ਜੀ ਮਹਾਰਾਜ ਤੋਂ ਆਸ਼ੀਰਵਾਦ ਲੈ ਕੇ ਲੜਾਈ ਵਿੱਚ ਗਏ। ਪਹਿਲੀ ਤਾਰ ਉਹਨਾਂ ਦੇ ਘਰ ਆਈ ਜਿਸ ਵਿੱਚ ਲਿਖਿਆ ਸੀ ਕਿ ਸੋਹਣ ਸਿੰਘ ਲੜਾਈ ਵਿੱਚ ਜ਼ਖਮੀ ਹੋ ਗਏ ਹਨ। ਫਿਰ ਕੁਝ ਦਿਨਾਂ ਬਾਅਦ ਦੂਸਰੀ ਤਾਰ ਆਈ ਜਿਸ ਵਿੱਚ ਲਿਖਿਆ ਸੀ ਕਿ ਸ. ਸੋਹਣ ਸਿੰਘ ਜੀ ਸ਼ਹੀਦ ਹੋ ਗਏ ਹਨ। ਸ. ਸੋਹਣ ਸਿੰਘ ਦੇ

ਪਰਿਵਾਰ ਦੇ ਮੈਂਬਰ ਤਾਇਆ ਸੁੰਦਰ ਸਿੰਘ, ਮਾਤਾ ਜਵਾਲੀ ਜੀ ਤੇ ਪਤਨੀ ਚੰਨਣ ਕੌਰ ਦੋਨੋਂ ਤਾਰਾਂ ਲੈ ਕੇ ਰੋਂਦੇ ਹੋਏ ਮਹਾਰਾਜ ਜੀ ਕੋਲ ਆਏ ਤੇ ਤਾਰਾਂ ਦਿਖਾਉਂਦੇ ਹੋਏ ਕਿਹਾ ਕਿ ਮਹਾਰਾਜ ਜੀ ਸ. ਸੋਹਣ ਸਿੰਘ ਲੜਾਈ ਵਿੱਚ ਸ਼ਹੀਦ ਹੋ ਗਏ ਹਨ। ਮਹਾਰਾਜ ਜੀ ਨੇ ਫ਼ਰਮਾਇਆ ਕਿ ਸਾਰੇ ਚੁੱਪ ਕਰ ਜਾਓ। ਮਹਾਰਾਜ ਸਰਵਣ ਦਾਸ ਜੀ ਨੇ ਦੋਨੋਂ ਤਾਰਾਂ ਪਾੜਦੇ ਹੋਏ ਫ਼ਰਮਾਇਆ ਕਿ ਸੋਹਣ ਸਿੰਘ ਬਿਲਕੁਲ ਠੀਕ ਹੈ। ਇਕ ਹਫ਼ਤੇ ਦੇ ਵਿਚ ਘਰ ਠੀਕ-ਠਾਕ ਪਹੁੰਚ ਜਾਣਗੇ।

ਅਜਿਹਾ ਹੀ ਹੋਇਆ ਲੜਾਈ ਬੰਦ ਹੋਣ ਨਾਲ ਸ. ਸੋਹਣ ਸਿੰਘ ਜੀ ਚੀਨ ਸਰਹੱਦ ਤੋਂ ਜਹਾਜ਼ ਰਾਹੀਂ ਦਿੱਲੀ ਤੱਕ ਆਏ, ਤੇ ਉਥੋਂ ਟ੍ਰੇਨ ਰਾਹੀਂ ਜਲੰਧਰ ਪਹੁੰਚੇ। ਘਰ ਪਹੁੰਚਣ ਤੋਂ ਬਾਅਦ ਪਰਿਵਾਰ ਸਮੇਤ ਮਹਾਰਾਜ ਜੀ ਦੇ ਚਰਨਾਂ ਵਿੱਚ ਨਮਸਕਾਰ ਕਰਨ ਲਈ ਡੇਰੇ ਪਹੁੰਚੇ ਅਤੇ ਮਹਾਰਾਜ ਜੀ ਦਾ ਬਹੁਤ ਬਹੁਤ ਧੰਨਵਾਦ ਕੀਤਾ ਅਤੇ ਕਿਹਾ ਮਹਾਰਾਜ ਜੀ ਇਹ ਸਭ ਆਪ ਜੀ ਦੀ ਕਿਰਪਾ ਕਰਕੇ ਹੀ ਹੋਇਆ ਹੈ ਕਿ ਅੱਜ ਸੋਹਣ ਸਿੰਘ ਜੀ ਆਪਣੇ ਪਰਿਵਾਰ ਵਿਚ ਸ਼ਾਮਿਲ ਹਨ। ਅਸੀਂ ਸਾਰਾ ਪਰਿਵਾਰ ਆਪ ਜੀ ਦਾ ਰਹਿੰਦੀ ਉਮਰ ਤੱਕ ਰਿਣੀ ਰਹਾਂਗੇ। ਮਹਾਰਾਜ ਜੀ ਨੇ ਕਿਹਾ ਇਹ ਸਭ ਕਿਰਪਾ ਮੇਰੇ ਮਾਲਕ ਸਾਹਿਬ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਹੈ ਅਤੇ ਜੇ ਤੁਸੀਂ ਧੰਨਵਾਦ ਕਰਨਾ ਹੈ ਤਾਂ ਉਹ ਸਾਹਿਬ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ ਕਰੋ। ਆਓ ਆਪਾਂ ਸਭ ਉਹਨਾਂ ਦੀ ਜੈ ਜੈ ਕਾਰ ਕਰੀਏ।

(ਖੁਦ ਸ.-ਸੋਹਣ ਸਿੰਘ ਜੀ 2002 ਜੁਲਾਈ)

## ਸਾਖੀ ਨੰਬਰ 11

## ਗਰਭ ਦੀ ਰੱਖਿਆ ਕਰਨਾ

ਸ਼੍ਰੀ ਪ੍ਰੀਤਮ ਦਾਸ ਪਟਵਾਰੀ ਅਤੇ ਉਹਨਾਂ ਦੀ ਸੁਪਤਨੀ ਬੀਬੀ ਬਲਵੰਤ ਕੌਰ ਪਿੰਡ ਚਮਿਆਰੇ ਨੇੜੇ ਭੋਗਪੁਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪਿਆਰ ਸੀ। ਇਕ ਸਮੇਂ ਬੀਬੀ ਬਲਵੰਤ ਕੌਰ ਨੂੰ 7 ਮਹੀਨੇ ਦਾ ਗਰਭ ਸੀ। ਸਿਆਲ ਦੇ ਦਿਨ ਸਨ। ਬੀਬੀ ਬਲਵੰਤ ਕੌਰ ਚੁਬਾਰੇ ਤੇ ਚੜ੍ਹਦੀ ਹੋਈ ਤਿਲਕ ਕੇ ਹੇਠਾਂ ਡਿੱਗ ਪਈ। ਡਾਕਟਰ ਨੂੰ ਲਿਆਂਦਾ ਗਿਆ ਤੇ ਉਸ ਨੇ ਕਿਹਾ ਕਿ ਬਚਾ ਹੋ ਗਿਆ ਹੈ ਕੇਵਲ ਗੁੱਟ ਉੱਪਰ ਥੋੜ੍ਹੀ ਸੱਟ ਲੱਗੀ ਹੈ। ਬੀਬੀ ਬਲਵੰਤ ਕੌਰ ਨੇ ਆਪਣੇ ਪਤੀ ਸ਼੍ਰੀ ਪ੍ਰੀਤਮ ਦਾਸ ਨੂੰ ਕਿਹਾ ਕਿ ਡੇਰੇ ਜਾ ਕੇ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਆਓ। ਸ਼੍ਰੀ ਪ੍ਰੀਤਮ ਦਾਸ ਜੀ ਜਦੋਂ ਸਵੇਰੇ ਡੇਰੇ ਪਹੁੰਚੇ ਤਾਂ ਉਸ ਸਮੇਂ ਸੰਤ ਸਰਵਣ ਦਾਸ ਜੀ ਮਹਾਰਾਜ ਤੇ ਸੰਤ ਚੇਤਨ ਦਾਸ ਜੀ ਸੈਰ ਕਰਨ ਗਏ ਸਨ। ਪ੍ਰੀਤਮ ਦਾਸ ਜੀ ਮਹਾਰਾਜ

ਜੀ ਨੂੰ ਮਿਲਣ ਵਾਸਤੇ ਮਗਰ ਚਲੇ ਗਏ। ਜਦੋਂ ਮਹਾਰਾਜ ਜੀ ਨੂੰ ਮੱਥਾ ਟੇਕਿਆ ਤਾਂ ਮਹਾਰਾਜ ਜੀ ਨੇ ਫ਼ਰਮਾਇਆ ਕਿ "ਡੇਰੇ ਚਲੋ ਅਸੀਂ ਥੋੜ੍ਹੀ ਦੇਰ ਬਾਅਦ ਪਹੁੰਚਦੇ ਹਾਂ"। ਮਹਾਰਾਜ ਜੀ ਨੇ ਕਿਹਾ ਚੇਤਨ ਦਾਸਾ ਪ੍ਰੀਤਮ ਦਾਸ ਉਦਾਸ ਲੱਗਦਾ ਹੈ ਤਾਂ ਸੰਤ ਚੇਤਨ ਦਾਸ ਜੀ ਨੇ ਕਿਹਾ ਕਿ ਮਹਾਰਾਜ ਆਪ ਪਾਸ ਆਉਣ ਨਾਲ ਉਦਾਸੀ ਹੱਟ ਜਾਵੇਗੀ। ਡੇਰੇ ਪਹੁੰਚ ਕੇ ਮਹਾਰਾਜ ਜੀ ਨੇ ਬਚਨ ਕੀਤਾ ਕਿ ਪ੍ਰੀਤਮ ਦਾਸ ਬੱਚੇ ਦਾ ਬਚਾ ਹੋ ਗਿਆ ਹੈ।ਕੋਈ ਫ਼ਿਕਰ ਨਹੀਂ ਕਰਨਾ ਲੜਕਾ ਹੋਵੇਗਾ ਤਾਂ ਪ੍ਰੀਤਮ ਦਾਸ ਨੇ ਹੱਥ ਜੋੜ ਕੇ ਕਿਹਾ ਆਪ ਜਾਣੀ ਜਾਣ ਹੋ।ਉਸ ਤੋਂ ਬਾਅਦ ਮਹਾਰਾਜ ਜੀ ਨੇ ਬਲਵੰਤ ਕੌਰ ਲਈ ਪ੍ਰਸ਼ਾਦ ਭੇਜਿਆ। ਜਦੋਂ ਪਟਵਾਰੀ ਜੀ ਘਰ ਪਹੁੰਚੇ ਤਾਂ ਅੱਗੇ ਬੀਬੀ ਬਲਵੰਤ ਕੌਰ ਨੇ ਕਿਹਾ 1ਘੰਟਾ ਪਹਿਲਾਂ ਮਹਾਰਾਜ ਜੀ ਆਏ ਸਨ ਤੇ ਉਹਨਾਂ ਨੇ ਫ਼ਰਮਾਇਆ ਕਿ ਬੇਟੀ ਕੋਈ ਫਿਕਰ ਨਹੀਂ ਕਰਨਾ। ਤੇਰੀ ਕੁੱਖੋ ਲੜਕਾ ਪੈਦਾ ਹੋਵੇਗਾ। ਅਸੀਂ ਪ੍ਰੀਤਮ ਦਾਸ ਕੋਲ ਪ੍ਰਸ਼ਾਦ ਭੇਜਿਆ ਹੈ।ਇਹ ਕਹਿ ਕੇ ਮਹਾਰਾਜ ਜੀ ਚਲੇ ਗਏ।

ਸ਼੍ਰੀ ਪ੍ਰੀਤਮ ਦਾਸ ਜੀ ਨੇ ਆਖਿਆ ਕਿ ਇੱਕ ਘੰਟਾ ਪਹਿਲਾਂ ਤਾਂ ਮਹਾਰਾਜ ਜੀ ਮੇਰੇ ਪਾਸ ਡੇਰੇ ਵਿਖੇ ਬੈਠੇ ਸਨ। ਇਸ ਪ੍ਰਕਾਰ ਮਹਾਰਾਜ ਜੀ ਹਰ ਸਮੇਂ ਆਪਣੇ ਸੇਵਕਾਂ ਦੀ ਰੱਖਿਆ ਕਰਦੇ ਸਨ।2 ਮਹੀਨੇ ਬਾਅਦ ਮਹਾਰਾਜ ਜੀ ਦੇ ਬਚਨਾਂ ਅਨੁਸਾਰ ਲੜਕਾ ਪੈਦਾ ਹੋਇਆ।

(ਖੁਦ ਪ੍ਰੀਤਮ ਦਾਸ ਪਟਵਾਰੀ 2002)

## ਸਾਖੀ ਨੰਬਰ 12

## ਨੌਕਰੀ ਦੀ ਬਖ਼ਸ਼ਿਸ਼ ਕਰਨੀ।

ਸ਼੍ਰੀ ਚਮਨ ਲਾਲ ਚੰਡੀਗੜ੍ਹ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਨਾਲ ਬਹੁਤ ਪਿਆਰ ਸੀ ਜਦੋਂ ਉਹਨਾਂ ਦੀ ਇੰਟਰਵਿਊ ਸੀ, ਤਾਂ ਉਹਨਾਂ ਇਕ ਦਿਨ ਪਹਿਲਾਂ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਮਹਾਰਾਜ ਜੀ ਮੇਰੀ ਕੱਲ੍ਹ ਨੌਕਰੀ ਲਈ ਇੰਟਰਵਿਊ ਹੈ।ਆਪ ਕਿਰਪਾ ਕਰੋ ਤਾਂ ਸੰਤ ਸਰਵਣ ਦਾਸ ਜੀ ਨੇ ਫ਼ਰਮਾਇਆ ਕਿ ਤੈਨੂੰ ਉਹਨਾਂ ਚੁਣ ਲੈਣਾ ਹੈ। ਭਾਵ ਤੈਨੂੰ ਨੌਕਰੀ ਮਿਲ ਜਾਣੀ ਹੈ। ਦੂਸਰੇ ਦਿਨ ਇੰਟਰਵਿਊ ਹੋਈ ਜਦੋਂ ਰਿਜ਼ਲਟ ਆਇਆ ਉਸ ਵਿੱਚ ਚਮਨ ਲਾਲ ਨੂੰ ਨੌਕਰੀ ਮਿਲ ਗਈ, ਅੱਜ ਉਹ ਰਿਟਾਇਰ ਹੋ ਗਏ ਹਨ।

(ਖੁਦ ਸ਼੍ਰੀ ਚਮਨ ਲਾਲ ਚੰਡੀਗੜ੍ਹ )

**ਸਾਖੀ ਨੰਬਰ13**

**ਸ਼੍ਰੀ ਮੁਨਸ਼ੀ ਰਾਮ ਦੇ ਪੁੱਤਰ ਨੂੰ ਨੌਕਰੀ ਦੀ ਬਖ਼ਸ਼ਿਸ਼**

ਸ਼੍ਰੀ ਮੁਨਸ਼ੀ ਰਾਮ ਪਿੰਡ ਬੱਲਾਂ ਤੋਂ ਮਹਾਰਾਜ ਜੀ ਦੇ ਸ਼ਰਧਾਲੂ ਹਨ। ਇਕ ਸਮੇਂ ਉਹਨਾਂ ਦਾ ਵੱਡਾ ਲੜਕਾ ਸ਼੍ਰੀ ਦਰਸ਼ਨ ਆਪਣੇ ਛੋਟੇ ਭਰਾ ਸ਼੍ਰੀ ਮਲਕੀਤ ਨੂੰ ਡੇਰੇ ਵਿਖੇ ਸੰਤ ਸਰਵਣ ਦਾਸ ਜੀ ਮਹਾਰਾਜ ਕੋਲ ਲੈ ਕੇ ਆਇਆ ਅਤੇ ਦਰਸ਼ਨ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਇਹ ਮੇਰਾ ਛੋਟਾ ਭਰਾ ਮਲਕੀਤ ਐੱਮ.ਏ. ਵਿੱਚ ਪੜ੍ਹਦਾ ਹੈ, ਆਪ ਕਿਰਪਾ ਕਰੋ ਤਾਂ ਸੰਤ ਸਰਵਣ ਦਾਸ ਜੀ ਨੇ ਫ਼ਰਮਾਇਆ ਕਿ ਇਸ ਨੇ ਛੇਤੀ ਬਹੁਤ ਵੱਡਾ ਅਫ਼ਸਰ ਬਣਨਾ ਹੈ ਅਜਿਹਾ ਹੀ ਹੋਇਆ ਸ਼੍ਰੀ ਮਲਕੀਤ ਨੇ ਐੱਮ.ਏ ਕਰਨ ਤੋਂ ਬਾਅਦ ਆਈ.ਪੀ.ਐਸ. ਟੈਸਟ ਪਾਸ ਕੀਤਾ। ਅੱਜ ਮਹਾਰਾਜ ਜੀ ਦੀ ਕਿਰਪਾ ਨਾਲ ਉਹ ਯੂ.ਪੀ ਵਿੱਚ ਏ.ਡੀ.ਜੀ.ਪੀ. (ਵਿਧੀਕੋ ਡਾਇਰੈਕਟਰ ਜਨਰਲ ਪੁਲੀਸ) ਦੇ ਅਹੁਦੇ ਤੋਂ ਰਿਟਾਇਰ ਹੋ ਗਏ ਹਨ।

**ਸਾਖੀ ਨੰਬਰ 14**

**ਜਾਣੀ ਜਾਣ ਸਤਿਗੁਰੂ**

ਸ਼੍ਰੀ ਚੈਨ ਰਾਮ ਸੁਮਨ ਜੀ ਪਿੰਡ ਗੋਲੇਵਾਲ ਤਹਿਸੀਲ ਗੜ੍ਹਸ਼ੰਕਰ ਹੁਸ਼ਿਆਰਪੁਰ ਅਤੇ ਸ. ਸਵਰਨ ਸਿੰਘ ਜੀ ਪਿੰਡ ਬੱਲਾਂ ਦੋਨੋਂ ਹੀ ਮਹਾਰਾਜ ਜੀ ਦੇ ਸ਼ਰਧਾਲੂ ਸਨ। ਦੋਨੋਂ ਹੀ Defence Accounts Department ਵਿੱਚ ਸੂਰਾ ਨੁੱਸੀ ਜਲੰਧਰ ਵਿਖੇ Auditor ਸਨ। 1970 ਈ. ਵਿਚ ਮਈ ਮਹੀਨੇ ਦੀ ਗੱਲ ਹੈ ਜਦੋਂ ਸ. ਸਵਰਨ ਸਿੰਘ ਜੀ ਸ਼ਾਮ ਦੇ ਸਮੇਂ ਛੁੱਟੀ ਕਰਕੇ ਪਿੰਡ ਬੱਲਾਂ ਵਾਪਸ ਆ ਰਹੇ ਸਨ ਤਾਂ ਸ਼੍ਰੀ ਚੈਨ ਰਾਮ ਸੁਮਨ ਜੀ ਨੇ ਸ. ਸਵਰਨ ਸਿੰਘ ਨੂੰ ਕਿਹਾ ਕਿ ਅੱਜ ਮੈਂ ਵੀ ਡੇਰੇ ਜਾਣਾ ਹੈ ਦੋਨੋਂ ਇਕੱਠੇ ਚਲਦੇ ਹਾਂ। ਦੋਨੋਂ ਇਕੱਠੇ ਇਕ ਸਾਈਕਲ ਤੇ ਸਤਿਸੰਗ ਬਾਰੇ ਚਰਚਾ ਅਤੇ ਸੰਤਾਂ ਦੀ ਮਹਿਮਾ ਕਰਦੇ ਡੇਰੇ ਪਹੁੰਚੇ। ਜਦੋਂ ਦੋਨਾਂ ਨੇ ਸੰਤ ਸਰਵਣ ਦਾਸ ਮਹਾਰਾਜ ਜੀ ਨੂੰ ਨਮਸਕਾਰ ਕੀਤਾ ਤੇ ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ, "ਲਉ ਬਈ ਅੱਜ ਤਾਂ ਤੁਸੀਂ ਦੋਨੋਂ ਗਿਆਨ ਬਾਣੀ ਦੀਆਂ ਗੱਲਾਂ ਕਰਦੇ ਆ ਰਹੇ ਸੀ।" ਉਹਨਾਂ ਇਸ ਅੰਦਾਜ਼ ਨਾਲ ਕਿਹਾ ਜਿਵੇਂ ਉਹ ਦੋਨਾਂ ਸੇਵਕਾਂ ਦੇ ਅੰਗ-ਸੰਗ ਹੁੰਦੇ ਹੋਏ ਉਹਨਾਂ ਦੀਆਂ ਗੱਲਾਂ ਸੁਣ ਰਹੇ ਹੋਣ।

(13-06-2003 ਸ਼੍ਰੀ ਚੈਨ ਰਾਮ ਸੁਮਨ ਦਿਨ ਸ਼ੁੱਕਰਵਾਰ)

## ਸਾਖੀ ਨੰਬਰ 15

## ਦਿਲਾਂ ਦੀ ਜਾਨਣ ਵਾਲੇ

ਸੰਨ 1969 ਈ. ਦੀ ਗੱਲ ਹੈ ਕਿ ਇਕ ਸਮੇਂ ਸ਼੍ਰੀ ਚੈਨ ਰਾਮ ਸੁਮਨ ਜੀ ਪਿੰਡ ਗੋਲੇਵਾਲ ਤਹਿਸੀਲ ਗੜ੍ਹਸ਼ੰਕਰ ਹੁਸ਼ਿਆਰਪੁਰ Defence Accounts Department ਸੂਰਾ ਨੁੱਸੀ ਵਿਖੇ ਨੌਕਰੀ ਕਰਦੇ ਸਨ ਅਤੇ ਗੁਰੂ ਰਵਿਦਾਸ ਨਗਰ ਨੇੜੇ ਮਕਸੂਦਾਂ ਜਲੰਧਰ ਵਿਖੇ ਰਹਿੰਦੇ ਸਨ। ਇਕ ਦਿਨ ਉਹਨਾਂ ਦੇ ਮਨ ਵਿੱਚ ਸੰਤ ਸਰਵਣ ਦਾਸ ਜੀ ਮਹਾਰਾਜ ਦੇ ਚਰਨਾਂ ਵਿੱਚ ਨਮਸਕਾਰ ਕਰਨ ਦੀ ਸ਼ਰਧਾ ਅਤੇ ਇੱਛਾ ਹੋਈ। ਉਹ 100 ਗ੍ਰਾਮ ਪਤਾਸੇ ਪ੍ਰਸ਼ਾਦ ਵਜੋਂ ਲੈ ਕੇ ਪੈਦਲ ਡੇਰੇ ਵੱਲ ਤੁਰ ਪਏ। ਰਸਤੇ ਵਿੱਚ ਆਪਣੇ ਮਨ ਹੀ ਮਨ ਵਿੱਚ ਉਹਨਾਂ ਨੇ ਸੋਚਿਆਂ ਕਿ ਜੋ ਮੈਂ ਪ੍ਰਸ਼ਾਦ ਮਹਾਰਾਜ ਜੀ ਲਈ ਪਤਾਸਿਆਂ ਦਾ ਲੈ ਕੇ ਜਾ ਰਿਹਾ ਹਾਂ ਇਹ ਮਹਾਰਾਜ ਜੀ ਦੇ ਪਾਵਨ ਰਸਨਾਂ ਦੀ ਲਾਇਕ ਨਹੀਂ ਹੈ। ਉਹਨਾਂ ਦੀ ਰਸਨਾਂ ਲਾਇਕ ਤਾਂ ਕੋਈ ਉੱਤਮ ਫਰੂਟ ਫ਼ਲ ਜਾਂ ਦੁੱਧ ਖੋਏ ਦੀ ਵਧੀਆ ਭਾਂਤ ਦੀ ਕੋਈ ਮਠਿਆਈ ਹੀ ਹੋ ਸਕਦੀ ਹੈ। ਮੇਰੇ ਲਿਆਂਦੇ ਹੋਏ ਪਤਾਸੇ ਉਹ ਕਿਵੇਂ ਖਾ ਸਕਦੇ ਹਨ ? ਇਹ ਵਿਚਾਰਾਂ ਕਰਦੇ ਅਤੇ ਗੁਰੂ ਚਰਨਾਂ ਵਿੱਚ ਬਿਰਤੀ ਨੂੰ ਜੋੜਦੇ ਹੋਏ ਉਹ ਡੇਰੇ ਪੁੱਜੇ। ਇਤਫ਼ਾਕ ਨਾਲ ਜਿਥੇ ਅੱਜ ਕੱਲ ਦਵਾਖ਼ਾਨਾ ਹੈ ਇਸ ਕਮਰੇ ਦੇ ਬਾਹਰ ਸਾਹਮਣੇ ਹੀ ਮਹਾਰਾਜ ਜੀ ਕੁਰਸੀ ਤੇ ਬੈਠੇ ਸਨ ਉਹਨਾਂ ਅੱਗੇ ਛੋਟਾ ਮੇਜ਼ ਪਿਆ ਸੀ। ਸਬੱਬ ਨਾਲ ਉਸ ਸਮੇਂ ਉਹਨਾਂ ਪਾਸ ਹੋਰ ਕੋਈ ਸ਼ਰਧਾਲੂ ਨਹੀਂ ਬੈਠਾ ਸੀ। ਸ਼੍ਰੀ ਸੁਮਨ ਜੀ ਨੇ ਸ਼ਰਧਾ ਸਹਿਤ ਡੇਰੇ ਪਹੁੰਚ ਕੇ ਪ੍ਰਸ਼ਾਦ ਮੇਜ਼ ਤੇ ਰੱਖ ਕੇ ਨਮਸਕਾਰ ਕੀਤੀ ਤੇ ਗੁਰੂ ਜੀ ਦੀ ਚਰਨ ਧੂੜ ਮਸਤਕ ਨੂੰ ਲਗਾ ਕੇ ਚੁੱਪ ਚਾਪ ਮਹਾਰਾਜ ਜੀ ਦੇ ਸਾਹਮਣੇ ਦਰੀ ਉਪਰ ਬੈਠ ਗਏ। ਕੁਝ ਹੀ ਪਲਾਂ ਬਾਅਦ ਮਹਾਰਾਜ ਜੀ ਨੇ ਪ੍ਰਸ਼ਾਦ ਵਾਲਾ ਲਿਫ਼ਾਫਾ ਉਠਾਇਆ ਅਤੇ ਉਸ ਵਿੱਚ ਪਤਾਸਿਆਂ ਨੂੰ ਵੇਖਿਆ। ਸੁਮਨ ਜੀ ਦੇ ਦੇਖਦੇ ਹੀ ਦੇਖਦੇ ਮਹਾਰਾਜ ਜੀ ਨੇ ਲਿਫ਼ਾਫੇ ਵਿੱਚੋਂ ਇੱਕ ਵੱਡਾ ਪਤਾਸਾ ਚੁੱਕਿਆ ਅਤੇ ਉਸ ਨੂੰ ਛੱਕ ਲਿਆ। ਇਹ ਕੌਤਕ ਦੇਖ ਕੇ ਸ਼੍ਰੀ ਸੁਮਨ ਜੀ ਨੇ ਜਾਣਿਆ ਕਿ ਮਹਾਰਾਜ ਜੀ ਦਿਲਾਂ ਦੀਆ ਜਾਣਦੇ ਹਨ।

(14-6-02 ਸ਼੍ਰੀ ਚੈਨ ਰਾਮ ਸੁਮਨ ਖੁਦ)

## ਸਾਖੀ ਨੰਬਰ 16

## ਸ਼੍ਰੀ ਗੁਰਮੀਤ ਦੀ ਰੱਖਿਆ ਕਰਨੀ

ਸ਼੍ਰੀ ਗੁਰਮੀਤ ਸਿੰਘ ਸਪੁੱਤਰ ਸ਼੍ਰੀ ਖੁਸ਼ੀ ਰਾਮ ਪਿੰਡ ਰਸੂਲਪੁਰ ਵਾਲੇ ਡੇਰੇ ਵਿਖੇ ਸੰਤ ਸਰਵਣ ਦਾਸ ਜੀ ਮਹਾਰਾਜ ਕੋਲ ਰਹਿ ਕੇ ਪੜ੍ਹਾਈ ਕਰਦੇ ਸਨ। ਉਨ੍ਹੀ ਦਿਨੀਂ

ਗੁਰਮੀਤ ਦੁਆਬਾ ਕਾਲਜ (ਜਲੰਧਰ) ਵਿਖੇ ਪੜ੍ਹਦਾ ਸੀ। ਇਹ ਗੱਲ 1971 ਦੀ ਹੈ। ਜਦੋਂ ਉਹ ਕਾਲਜ ਤੋਂ ਛੁੱਟੀ ਕਰਕੇ ਡੇਰੇ ਪਹੁੰਚੇ, ਤਾਂ ਮਹਾਰਾਜ ਜੀ ਨੇ ਕਿਹਾ, ਪਾੜ੍ਹਿਆ ਆ ਗਿਆਂ ? ਜਾਹ ਕੱਲ੍ਹ ਮਕਸੂਦਾਂ ਵਿਖੇ ਸ਼੍ਰੀ ਸਧਾਰਨ ਪਾਠ ਦਾ ਭੋਗ ਹੈ, ਜੋ ਪਾਠ ਕਾਫੀ ਲੇਟ ਹੈ, ਤੂੰ ਪਾਠ ਕਰਕੇ ਵਾਪਸ ਡੇਰੇ ਪਹੁੰਚਣਾ। ਗੁਰਮੀਤ ਸਿੰਘ 3.30 ਵਜੇ ਸ਼ਾਮ ਦੇ ਮਕਸੂਦਾਂ ਪਹੁੰਚੇ ਅਤੇ ਸ਼੍ਰੀ ਸਹਿਜ ਪਾਠ ਕਰਕੇ 9-30 ਵਜੇ ਡੇਰੇ ਵਾਪਸ ਆ ਰਹੇ ਸਨ।

ਘਰ ਵਾਲਿਆਂ ਨੇ ਕਿਹਾ ਕਿ ਹਨੇਰਾ ਕਾਫ਼ੀ ਹੈ ਸਵੇਰੇ ਡੇਰੇ ਚਲੇ ਜਾਣਾ ਤਾਂ ਗੁਰਮੀਤ ਨੇ ਕਿਹਾ ਮਹਾਰਾਜ ਦਾ ਹੁਕਮ ਹੈ ਇਸ ਲਈ ਮੈਂ ਡੇਰੇ ਜਾ ਰਿਹਾ ਹਾਂ। ਜਦੋਂ ਉਹ ਡੇਰੇ ਵਾਪਸ ਆ ਰਹੇ ਸਨ, ਤਾਂ ਨਹਿਰ ਉੱਪਰ 3 ਲੁਟੇਰਿਆਂ ਨੇ ਘੇਰ ਲਿਆ। ਇਕ ਨੇ ਕਿਹਾ ਕਿ ਘੜੀ ਤੇ ਹੋਰ ਜੋ ਕੁਝ ਹੈ, ਉਹ ਵੀ ਰੱਖ ਦੇ, ਨਹੀਂ ਤਾਂ ਤੈਨੂੰ ਮਾਰ ਦੇਣਾ ਹੈ। ਉਸ ਸਮੇਂ ਗੁਰਮੀਤ ਨੇ ਮਹਾਰਾਜ ਜੀ ਨੂੰ ਯਾਦ ਕੀਤਾ, ਤਾਂ ਇਕ ਜੀਪ ਵਿੱਚ ਭਾਈ ਉੱਥੇ ਪਹੁੰਚਾ। ਉਸ ਨੂੰ ਦੇਖ ਕੇ ਚੋਰ ਦੌੜ ਗਏ। ਗੁਰਮੀਤ ਸਿੰਘ ਜਦੋਂ ਪਿੰਡ ਡੇਰੇ ਵਿਖੇ ਸੰਤ ਸਰਵਣ ਦਾਸ ਜੀ ਪਾਸ ਪਹੁੰਚਾ। ਉਸ ਸਮੇਂ ਮਹਿੰਗਾ ਰਾਮ ਮਹਾਰਾਜ ਜੀ ਦੇ ਪਾਸ ਬੈਠਾ ਸੀ।ਉਸ ਸਮੇਂ ਮਹਾਰਾਜ ਜੀ ਨੇ ਸਾਰੀ ਘਟਨਾ ਆਪ ਹੀ ਦਸਦੇ ਹੋਏ ਕਿਹਾ ਕਿ "ਕਸ਼ਟ ਟਲ ਗਿਆ ਹੈ।" (ਖੁਦ ਗੁਰਮੀਤ ਜੀ 2001)

## ਸਾਖੀ ਨੰਬਰ 17

### ਸੰਤਾਂ ਦੇ ਬਚਨ ਸੱਚ ਨਿਕਲੇ

ਸ਼੍ਰੀ ਖੁਸ਼ੀ ਰਾਮ ਤੇ ਸਭ ਪਰਿਵਾਰ ਪਿੰਡ ਰਸੂਲਪੁਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ।ਉਹਨਾਂ ਦਾ ਲੜਕਾ ਡੇਰੇ ਵਿਖੇ ਰਹਿ ਕੇ ਪੜ੍ਹਾਈ ਕਰਦਾ ਸੀ।

1972 ਦੀ ਗੱਲ ਹੈ। ਗੁਰਮੀਤ ਸਿੰਘ ਦਾ ਸਵੇਰੇ ਰਾਜਨੀਤੀ ਸ਼ਾਸਤਰ ਦਾ ਪੇਪਰ ਸੀ। ਉਹਨੀਂ ਦਿਨੀ ਸ਼੍ਰੀ ਮੀਤ ਰਾਮ ਰਾਏਪੁਰ ਵਾਲਿਆ ਦੇ ਘਰ ਸ਼੍ਰੀ ਸਧਾਰਨ ਪਾਠ ਰੱਖੇ ਸਨ।ਮਹਾਰਾਜ ਜੀ ਨੇ ਗੁਰਮੀਤ ਨੂੰ ਕਿਹਾ ਕਿ ਜਾ ਕੇ ਰਾਏਪੁਰ 4 ਘੰਟੇ ਪਾਠ ਕਰਕੇ ਆ। ਜਦੋਂ ਗੁਰਮੀਤ ਜੀ ਡੇਰੇ ਵਾਪਸ ਆਏ ਤਾਂ ਮਹਾਰਾਜ ਜੀ ਨੇ ਕਿਹਾ ਕਿ 2 ਘੰਟੇ ਪੜ੍ਹ ਲੈ, ਅਤੇ ਜੋ ਕੁਝ ਪੜ੍ਹੇਗਾ ਸਵੇਰੇ ਉਹੀ ਪੇਪਰ ਵਿੱਚ ਆਵੇਗਾ।ਗੁਰਮੀਤ ਨੇ ਜਦੋਂ ਦੂਸਰੇ ਦਿਨ ਪੇਪਰ ਦੇਖਿਆ ਤਾਂ ਉਹੀ ਸਭ ਰਾਤ ਦਾ ਪੜਿਆ ਦੇਖ ਕੇ ਹੈਰਾਨ ਰਹਿ ਗਿਆ।ਸ਼੍ਰੀ ਗੁਰਮੀਤ ਜੀ ਦੇ 66 ਪ੍ਰਤੀਸ਼ਤ ਨੰਬਰ ਆਏ।

(ਸ਼੍ਰੀ ਗੁਰਮੀਤ ਜੀ ਖੁਦ 2001)

## ਸਾਖੀ ਨੰਬਰ 18

## ਸ਼੍ਰੀ ਓਮ ਪ੍ਰਕਾਸ਼ ਦੀ ਇੱਛਾ ਪੂਰੀ ਕਰਨੀ

ਸ਼੍ਰੀ ਓਮ ਪ੍ਰਕਾਸ਼ ਜੀ ਸਪੁੱਤਰ ਸ਼੍ਰੀ ਗੁਰੀਆ ਰਾਮ ਜੀ ਪਿੰਡ ਲਾਂਬੜਾ ਨੇੜੇ ਬੁੱਲੋਵਾਲ ਮਹਾਰਾਜ ਸਰਵਣ ਦਾਸ ਜੀ ਦੇ ਸੇਵਕ ਸਨ।1968-69 ਈ. ਦੀ ਗੱਲ ਹੈ। ਉਹ ਫ਼ੌਜ ਵਿੱਚ ਨੌਕਰੀ ਕਰਦੇ ਸਨ।ਉਹਨੀਂ ਦਿਨੀ ਉਹਨਾਂ ਦੀ ਡਿਊਟੀ ਪਾਣੀਤੋਲ (ਨੇੜੇ ਤਿਨਮੁਖੀਆ) ਆਸਾਮ ਵਿਖੇ ਸੀ।ਉਹਨਾਂ ਨੇ ਕੰਟੀਨ ਵਿੱਚੋਂ, ਮਨ ਵਿੱਚ ਧਾਰਨ ਕਰਕੇ ਇੱਕ ਦੁਸ਼ਾਲਾ ਖਰੀਦਿਆ ਕਿ ਮਹਾਰਾਜ ਜੀ ਇਸ ਨੂੰ ਆਪਣੇ ਹੇਠਾਂ ਆਸਣ ਲਈ ਵਿਛਾਉਣ।ਉਹ ਦੁਸ਼ਾਲਾ ਲੈ ਕੇ ਜਦੋਂ ਡੇਰੇ ਵਿਖੇ ਸੰਤ ਸਰਵਣ ਦਾਸ ਜੀ ਪਾਸ ਪਹੁੰਚੇ ਤਾਂ ਦੁਸ਼ਾਲੇ ਦੇ ਵਰਣਨ ਕਰਨ ਤੋਂ ਪਹਿਲਾਂ ਹੀ ਜਾਣੀ ਜਾਣ ਮਹਾਰਾਜ ਜੀ ਆਸਣ ਤੋਂ ਉੱਠ ਖੜ੍ਹੇ ਹੋਏ ਅਤੇ ਫ਼ਰਮਾਇਆ ਕਿ ਇਹ ਦੁਸ਼ਾਲਾ ਜੋ ਆਪ ਬਹੁਤ ਸ਼ਰਧਾ ਪ੍ਰੇਮ ਨਾਲ ਲੈ ਕੇ ਆਏ ਹੋ ਹੁਣੇ ਹੀ ਸਾਡੇ ਆਸਣ ਤੇ ਵਿਛਾਓ।ਸ਼੍ਰੀ ਓਮ ਪ੍ਰਕਾਸ਼ ਨੇ ਦੁਸ਼ਾਲਾ ਆਸਣ ਤੇ ਵਿਛਾ ਦਿੱਤਾ ਤੇ ਮਹਾਰਾਜ ਜੀ ਉਸ ਉੱਪਰ ਬੈਠ ਗਏ।ਇਹ ਕੌਤਕ ਵੇਖ ਕੇ ਸ਼੍ਰੀ ਓਮ ਪ੍ਰਕਾਸ਼ ਨੇ ਜਾਣਿਆ ਕਿ ਮੇਰੇ ਸਤਿਗੁਰੂ ਪੂਰਨ ਹਨ ਜਿਨ੍ਹਾਂ ਮੇਰੇ ਮਨ ਦੀ ਗੱਲ ਬੁੱਝ ਲਈ ਹੈ।

(13-9-01 ਖੁਦ ਸ਼੍ਰੀ ਓਮ ਪ੍ਰਕਾਸ਼)

## ਸਾਖੀ ਨੰਬਰ 19

## ਸ. ਕੁੰਨਣ ਸਿੰਘ ਤੇ ਬੀਬੀ ਜੀਤ ਕੌਰ ਨੂੰ ਲੜਕਿਆਂ ਦੀ ਬਖ਼ਸ਼ਿਸ ਕਰਨੀ।

ਸ. ਸ਼ਿਵ ਸਿੰਘ ਜੀ ਸਪੁੱਤਰ ਸ਼੍ਰੀ ਪ੍ਰੇਮ ਸਿੰਘ ਬੱਲਾਂ ਪਿੰਡ ਦੇ ਵਸਨੀਕ ਹਨ।ਕੁੰਨਣ ਸਿੰਘ ਤੇ ਉਹਨਾਂ ਦੀ ਸੁਪਤਨੀ ਜੀਤ ਕੌਰ ਪਿੰਡ ਬਰਨਾਂ ਫਗਵਾੜਾ ਦੇ ਰਹਿਣ ਵਾਲੇ ਸਨ। ਉਹਨਾਂ ਦੇ ਘਰ 6 ਲੜਕੀਆਂ ਪੈਦਾ ਹੋਈਆਂ।ਉਹਨਾਂ ਨੂੰ ਨਾਲ ਲੈ ਕੇ ਸ. ਸ਼ਿਵ ਸਿੰਘ ਜੀ ਸੰਤ ਸਰਵਣ ਦਾਸ ਜੀ ਪਾਸ ਆਏ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ 6 ਲੜਕੀਆਂ ਹਨ ਕਿਰਪਾ ਕਰਕੇ ਪੁੱਤਰ ਦੀ ਦਾਤ ਬਖਸ਼ੋਂ ਜੀ ਤਾਂ ਮਹਾਰਾਜ ਜੀ ਨੇ 1 ਕੇਲੇ ਦਾ ਪ੍ਰਸ਼ਾਦ ਬੀਬੀ ਜੀਤ ਕਰ ਨੂੰ ਦਿੱਤਾ। ਇਕ ਸਾਲ ਬਾਅਦ ਉਹਨਾਂ ਦੇ ਘਰ ਲੜਕੇ ਨੇ ਜਨਮ ਲਿਆ। ਜਦੋਂ ਉਹ ਲੜਕੇ ਦਾ ਮੱਥਾ ਟਿਕਾਉਣ ਡੇਰੇ ਆਏ ਤਾਂ ਮਹਾਰਾਜ ਜੀ ਨੇ ਹੁਕਮ ਕੀਤਾ ਕਿ ਜੋੜੀ ਬਣੇਗੀ।ਲਗਭਗ ਇੱਕ ਸਾਲ ਬਾਅਦ ਉਨ੍ਹਾਂ ਦੇ ਘਰ ਇੱਕ ਹੋਰ ਲੜਕੇ ਨੇ ਜਨਮ ਲਿਆ।ਦੋਨਾਂ ਲੜਕਿਆਂ ਦਾ ਨਾਮ ਮਨਜੀਤ ਤੇ ਬਿੰਦਰ ਸਿੰਘ ਹੈ।

(ਸ. ਸ਼ਿਵ ਸਿੰਘ ਸਪੁੱਤਰ ਪ੍ਰੇਮ ਸਿੰਘ ਬੱਲਾਂ 19-9-01)

## ਸਾਖੀ ਨੰਬਰ 20

## ਸ਼੍ਰੀ ਅਤਮਾ ਰਾਮ ਤੇ ਕਿਰਪਾ ਕਰਨੀ।

ਸ਼੍ਰੀ ਅਤਮਾ ਰਾਮ ਜੀ ਸਪੁੱਤਰ ਸ਼੍ਰੀ ਨੱਥੂ ਰਾਮ ਜੀ ਬਿਆਸ ਪਿੰਡ ਵਾਲੇ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਸੇਵਕ ਸਨ। ਜਦੋਂ ਉਨ੍ਹਾਂ ਦਾ ਅੰਤ ਸਮਾਂ ਆਇਆ ਤਾਂ ਉਹ ਬੀਮਾਰ ਹੋ ਗਏ। 1960 ਵਿਚ ਮੱਘਰ ਦੇ ਮਹੀਨੇ ਅਤੇ ਦਿਨ ਐਤਵਾਰ ਨੂੰ ਸੰਤ ਸਰਵਣ ਦਾਸ ਜੀ ਸ਼੍ਰੀ ਅਤਮਾ ਰਾਮ ਜੀ ਨੂੰ ਦੇਖਣ ਲਈ ਉਸਦੇ ਘਰ ਗਏ। ਸ਼੍ਰੀ ਅਤਮਾ ਰਾਮ ਜੀ ਨੇ ਲੇਟੇ ਹੋਏ ਹੀ ਮਹਾਰਾਜ ਜੀ ਅੱਗੇ ਨਮਸਕਾਰ ਕਰਦੇ ਹੋਏ ਕਿਹਾ ਕਿ ਮਹਾਰਾਜ ਜੀ ਮੈਨੂੰ ਹੁਣ ਆਪ ਜੀ ਨੇ ਸੰਸਾਰ ਤੋਂ ਕਦੋਂ ਲੈ ਕੇ ਜਾਣਾ ਹੈ ਤਾਂ ਮਹਾਰਾਜ ਸਰਵਣ ਦਾਸ ਜੀ ਨੇ ਕਿਹਾ ਕਿ ਪਰਸੋਂ ਮੰਗਲਵਾਰ ਦਸ ਵਜੇ ਤੈਨੂੰ ਲੈਣ ਆਵਾਂਗੇ। ਕੋਈ ਫ਼ਿਕਰ ਨਹੀਂ ਕਰਨਾ। ਉਸ ਸਮੇਂ ਸ਼੍ਰੀ ਅਤਮਾ ਰਾਮ ਦੀ ਸੁਪਤਨੀ ਬੀਬੀ ਨਾਮੀ ਅਤੇ ਸਪੁੱਤਰ ਸ਼੍ਰੀ ਰਾਜ ਮੱਲ ਜੀ ਉੱਥੇ ਸਨ। ਮਹਾਰਾਜ ਸਰਵਣ ਦਾਸ ਜੀ ਕੁਝ ਸਮਾਂ ਉਨ੍ਹਾਂ ਦੇ ਘਰ ਰਹਿ ਕੇ ਵਾਪਸ ਡੇਰੇ ਨੂੰ ਆ ਗਏ। ਜਦੋਂ ਪਰਸੋਂ ਦਾ ਦਿਨ ਮੰਗਲਵਾਰ ਆਇਆ ਤਾਂ ਬੀਬੀ ਨਾਮੀ ਤੇ ਉਨ੍ਹਾਂ ਦੇ ਸਪੁੱਤਰ ਸ਼੍ਰੀ ਰਾਜ ਮੱਲ ਨੇ ਜਦੋਂ ਕਿ ਦੱਸ ਵੱਜਣ ਵਿੱਚ ਲਗਭਗ ਪੰਜ ਕੁ ਮਿੰਟ ਰਹਿੰਦੇ ਸਨ, ਸ਼੍ਰੀ ਅਤਮਾ ਰਾਮ ਤੋਂ ਪੁੱਛਿਆ ਕਿ ਸੰਤ ਸਰਵਣ ਦਾਸ ਜੀ ਮਹਾਰਾਜ ਕਿੱਥੇ ਹਨ ? ਤਾਂ ਬਜ਼ਰਗ ਅਤਮਾ ਰਾਮ ਨੇ ਕਿਹਾ ਕਿ ਮੇਰੇ ਗੁਰੂ ਸੰਤ ਸਰਵਣ ਦਾਸ ਜੀ ਮੈਨੂੰ ਲੈਣ ਵਾਸਤੇ ਆ ਗਏ ਹਨ ਅਤੇ ਮੇਰੇ ਪਾਸ ਖੜ੍ਹੇ ਹਨ। ਮੈਂ ਹੁਣ ਉਨ੍ਹਾਂ ਨਾਲ ਜਾ ਰਿਹਾ ਹਾਂ। ਏਨੇ ਬਚਨ ਕਹਿ ਕੇ ਬਜ਼ੁਰਗ ਸ਼੍ਰੀ ਅਤਮਾ ਰਾਮ ਜੀ ਦੋ-ਤਿੰਨ ਮਿੰਟਾਂ ਵਿੱਚ ਹੀ ਆਪਣਾ ਸਰੀਰ ਤਿਆਗ ਕੇ ਮਹਾਰਾਜ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ। ਉਸ ਸਮੇਂ ਸਰੀਰਕ ਤੌਰ ਤੇ ਮਹਾਰਾਜ ਜੀ ਡੇਰੇ ਵਿਚ ਸਨ। (ਸ਼੍ਰੀ ਰਾਜ ਮੱਲ ਜੀ ਸਪੁੱਤਰ ਸ਼੍ਰੀ ਅਤਮਾ ਰਾਮ ਜੀ 8-11-2001)

## ਸਾਖੀ ਨੰਬਰ 21

## ਸ਼੍ਰੀ ਚਰਨਜੀਤ ਦੀ ਇੱਛਾ ਪੂਰਨ ਕਰਨੀ।

ਸ਼੍ਰੀ ਚਰਨਜੀਤ ਸਿੰਘ ਜੀ ਸਪੁੱਤਰ ਸ਼੍ਰੀ ਸੰਤ ਰਾਮ ਜੀ ਦਾ ਸੰਤ ਸਰਵਣ ਦਾਸ ਜੀ ਨਾਲ ਬਹੁਤ ਪਿਆਰ ਸੀ। ਉਨ੍ਹਾਂ ਨੇ ਮਹਾਰਾਜ ਸਰਵਣ ਦਾਸ ਜੀ ਪਾਸੋਂ ਨਾਮ-ਦਾਨ ਪ੍ਰਾਪਤ ਕੀਤਾ ਸੀ। 1971 ਈ. ਦੀ ਗੱਲ ਹੈ ਕਿ ਉਹ ਪਿੰਡ ਖਾਨਕੇ ਜਲੰਧਰ ਵਿਖੇ ਬਤੌਰ ਮਿਸਤਰੀ ਕਿਸੇ ਦਾ ਮਕਾਨ ਬਣਾ ਰਿਹਾ ਸੀ। ਸੰਗਰਾਂਦ ਦਾ ਦਿਨ ਸੀ। ਉਨ੍ਹਾਂ ਸਵੇਰੇ ਜਾ ਕੇ ਮਕਾਨ ਮਾਲਕਾਂ ਨੂੰ ਕਿਹਾ ਕਿ ਅੱਜ ਸੰਗਰਾਂਦ ਦਾ ਦਿਨ ਹੈ, ਮੈਨੂੰ ਛੁੱਟੀ ਦਿਓ। ਮੈਂ ਡੇਰੇ ਬੱਲਾਂ ਵਿਖੇ ਸੰਤਾਂ ਦੇ ਦਰਸ਼ਨ ਕਰਨ ਜਾਣਾ ਹੈ। ਮਕਾਨ ਦੇ ਮਾਲਕ ਅਤੇ

ਬਾਕੀ ਸਾਰੇ ਮਿਸਤਰੀ ਮਜ਼ਦੂਰ ਕਹਿਣ ਲੱਗੇ ਕਿ ਨਹੀਂ ਅੱਜ ਕੰਮ ਕਰਨਾ ਹੈ। ਚਰਨਜੀਤ ਨੇ ਬਹੁਤ ਕਿਹਾ ਕਿ ਮੈਨੂੰ ਛੁੱਟੀ ਦੇ ਦਿਓ, ਮੈਂ ਕੱਲ੍ਹ ਆ ਜਾਵਾਂਗਾ। ਪਰ ਕੋਈ ਨਾ ਮੰਨਿਆ ਉਨ੍ਹਾਂ ਵਿੱਚੋਂ ਇੱਕ ਨੇ ਕਿਹਾ ਕਿ ਚਰਨਜੀਤ, ਜੇਕਰ ਸਿਆਣਾ ਕਹੇ ਤਾਂ ਖੂਹ ਵਿਚ ਛਾਲ ਮਾਰ ਲਈ ਦੀ ਹੈ ਭਾਵ ਸਿਆਣਿਆਂ ਦਾ ਕਿਹਾ ਮੰਨ ਲਈ ਦਾ ਹੈ। ਸ਼੍ਰੀ ਚਰਨਜੀਤ ਜੀ ਉਦਾਸ ਹੋ ਗਏ, ਕਿਉਂਕਿ ਉਨ੍ਹਾਂ ਦੇ ਮਨ ਵਿੱਚ ਮਹਾਰਾਜ ਜੀ ਦੇ ਪ੍ਰਤੀ ਪ੍ਰੇਮ ਸੀ।

ਮਿਸਤਰੀ ਪੈੜਾਂ ਉੱਪਰ ਚੜ੍ਹ ਕੇ ਮਕਾਨ ਦੀ ਉਸਾਰੀ ਕਰਨ ਲੱਗ ਪਏ। ਕੁਝ ਮਿੰਟਾਂ ਬਾਅਦ ਪੈੜ ਟੁੱਟ ਗਈ। ਸਾਰੇ ਥੱਲੇ ਡਿੱਗ ਪਏ, ਪਰਕਿਸੇ ਨੂੰ ਸੱਟ ਨਾ ਲੱਗੀ। ਚਰਨਜੀਤ ਨੇ ਕਿਹਾ, 'ਕਿ, ਭਾਵੇਂ ਤੁਸੀਂ ਮੈਨੂੰ ਕੰਮ ਤੋਂ ਜਵਾਬ ਦੇ ਦਿਓ, ਮੈਂ ਅੱਜ ਕੰਮ ਨਹੀਂ ਕਰਨਾ। ਮੈਂ ਡੇਰੇ ਵਿਖੇ ਮਹਾਰਾਜ ਜੀ ਦੇ ਦਰਸ਼ਨ ਕਰਨ ਜਾਣਾ ਹੈ ਅਤੇ ਜ਼ਰੂਰ ਜਾਵਾਂਗਾ। ਜਦੋਂ ਉਨ੍ਹਾਂ ਨੇ ਡੇਰੇ ਵਿਖੇ ਪਹੁੰਚ ਕੇ ਸੰਤ ਸਰਵਣ ਦਾਸ ਜੀ ਨੂੰ ਮੱਥਾ ਟੇਕਿਆ ਤਾਂ ਮਹਾਰਾਜ ਜੀ ਨੇ ਕਿਹਾ, 'ਕਿ ਸਿਆਣਿਆਂ ਦੇ ਕਹਿਣ ਤੇ ਖੂਹ ਵਿੱਚ ਛਾਲ ਨਹੀਂ ਮਾਰੀਦੀ"। ਮਹਾਰਾਜ ਜੀ ਨੇ ਮੁਸਕਰਾਉਂਦੇ ਹੋਏ ਸਾਰੀ ਘਟਨਾ ਦੱਸ ਦਿੱਤੀ ਅਤੇ ਬਚਨ ਕੀਤਾ ਕਿ ਚਰਨਜੀਤ, ਜਿੰਨਾਂ ਮਰਜ਼ੀ ਕੰਮ ਹੋਵੇ ਡੇਰੇ ਹਰ ਸੰਗਰਾਂਦ ਤੇ ਜ਼ਰੂਰ ਆਉਣਾ।

–ਜਨਵਰੀ 2001 ਖੁਦ ਸ਼੍ਰੀ ਚਰਨਜੀਤ ਸਿੰਘ ਸਪੁੱਤਰ ਸ਼੍ਰੀ ਸੰਤ ਰਾਮ ਪਿੰਡ ਕਾਲੂਵਾਲ)

## ਸਾਖੀ ਨੰਬਰ 22

## ਸ. ਕਾਬਲ ਸਿੰਘ ਦੀ ਇੱਛਾ ਪੂਰੀ ਕਰਨੀ।

ਸ. ਕਾਬਲ ਸਿੰਘ ਜੀ ਫਗਵਾੜੇ ਵਾਲਿਆਂ ਦੇ ਮਨ ਵਿੱਚ ਨਾਮ–ਭਜਨ ਲੈਣ ਦੀ ਬਹੁਤ ਤਮੰਨਾ ਸੀ। ਕਿਸੇ ਸੰਤ ਮਹਾਂਪੁਰਸ਼ ਕੋਲ ਗਏ ਅਤੇ ਨਾਮ–ਭਜਨ ਲਈ ਬੇਨਤੀ ਕੀਤੀ ਤੇ ਉਨ੍ਹਾਂ ਸੰਤਾਂ ਨੇ ਕਿਹਾ, "ਫਿਰ ਕਦੀ ਆਇਓ"। ਸ. ਕਾਬਲ ਸਿੰਘ ਜੀ ਨੇ ਪਹਿਲਾਂ ਕਦੇ ਕਿਸੇ ਕੋਲੋਂ ਸੁਣਿਆ ਸੀ ਕਿ ਸੰਤ ਸਰਵਣ ਦਾਸ ਜੀ ਬੱਲਾਂ ਵਾਲੇ ਪੂਰਨ ਮਹਾਤਮਾ ਹਨ, ਤਾਂ ਉਹ ਪੁੱਛਦੇ–ਪੁੱਛਦੇ ਡੇਰਾ ਬੱਲਾਂ ਵਿਖੇ ਪਹੁੰਚ ਗਏ ਤੇ ਮਹਾਰਾਜ ਸਰਵਣ ਦਾਸ ਜੀ ਨੂੰ ਨਮਸਕਾਰ ਕੀਤੀ। ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ ਕਿ ਤੂੰ ਉਨ੍ਹਾਂ ਸੰਤ–ਮਹਾਤਮਾ ਕੋਲੋਂ ਨਾਮ ਭਜਨ ਲੈਣ ਗਿਆ ਸੀ ਤਾਂ ਸ. ਕਾਬਲ ਸਿੰਘ ਹੁਣੀ ਜਾਣ ਲਿਆ ਕਿ ਇਹ ਪੂਰਨ ਮਹਾਤਮਾ ਹਨ, ਜਿਨ੍ਹਾਂ ਨੇ ਮੇਰੇ ਦਿਲ ਦੀ ਗੱਲ ਬੁੱਝ ਲਈ। ਉਨ੍ਹਾਂ ਮਹਾਰਾਜ ਜੀ ਦੇ ਚਰਨ ਪਕੜ ਲਏ ਤੇ ਮਹਾਰਾਜ ਸਰਵਣ ਦਾਸ ਜੀ ਨੂੰ

ਨਾਮ-ਭਜਨ ਲਈ ਬੇਨਤੀ ਕੀਤੀ। ਮਹਾਰਾਜ ਜੀ ਨੇ ਕਿਹਾ ਕਿ ਪਹਿਲਾਂ ਤੁਸੀਂ ਸਵਾ ਲੱਖ ਵਾਰ ਮੂਲ ਮੰਤਰ ਦਾ ਪਾਠ ਕਰੋ। ਉਸ ਨੇ ਉਸੇ ਤਰ੍ਹਾਂ ਕੀਤਾ। ਫਿਰ ਉਸ ਤੋਂ ਬਾਅਦ ਮਹਾਰਾਜ ਜੀ ਨੇ ਉਨ੍ਹਾਂ ਨੂੰ ਨਾਮ-ਭਜਨ ਦਿੱਤਾ।

(ਸ-ਕਾਬਲ ਸਿੰਘ ਜੀ ਫਗਵਾੜੇ ਵਾਲੇ 22-4-2002)

**ਸਾਖੀ ਨੰਬਰ 23**

ਤੇਰੀਆਂ ਤੂੰ ਜਾਣੇ

ਇਕ ਸਮੇਂ ਸ. ਕਾਬਲ ਸਿੰਘ ਜੀ ਮਹਾਰਾਜ ਸਰਵਣ ਦਾਸ ਜੀ ਦੇ ਦਰਸ਼ਨ ਕਰਨ ਆਏ। ਸ. ਕਾਬਲ ਸਿੰਘ ਉਸ ਰਾਤ ਕੁਟੀਆ ਵਿਖੇ ਹੀ ਰਹੇ, ਤਾਂ ਮਹਾਰਾਜ ਸਰਵਣ ਦਾਸ ਜੀ ਸਵੇਰੇ ਲਗਭਗ ਤਿੰਨ ਵਜੇ ਪਿੰਡ ਵਾਲੇ ਡੇਰੇ ਤੋਂ ਕੁਟੀਆ ਵਿਖੇ ਪਹੁੰਚ ਕੇ ਕੁਰਸੀ ਉੱਪਰ ਬੈਠ ਕੇ ਭਜਨ ਕਰ ਰਹੇ ਸਨ। ਜਦੋਂ ਸ. ਕਾਬਲ ਸਿੰਘ ਨੇ ਮਹਾਰਾਜ ਨੂੰ ਨਮਸਕਾਰ ਕੀਤੀ ਤਾਂ ਉਸ ਸਮੇਂ ਮਹਾਰਾਜ ਸਰਵਣ ਦਾਸ ਜੀ ਨੇ ਕਿਹਾ, "ਦੇਖ ਕਾਬਲ ਸਿੰਘ ਕਿਵੇਂ 18 ਸਿੱਧੀਆਂ, 9 ਨਿੱਧੀਆਂ ਸਾਡੀ ਸੇਵਾ ਵਿਚ ਖੜ੍ਹੀਆ ਹਨ ਤੇ ਸਾਨੂੰ ਕਹਿ ਰਹੀਆਂ ਹਨ ਕਿ ਸਾਨੂੰ ਕੋਈ ਸੇਵਾ ਦੱਸੋ।" ਮਹਾਰਾਜ ਜੀ ਨੇ ਕਿਹਾ, 'ਅਸੀਂ ਇਨ੍ਹਾਂ ਨੂੰ ਕਈ ਵਾਰ ਕਿਹਾ ਕਿ ਸਾਨੂੰ ਤੁਹਾਡੀ ਕੋਈ ਲੋੜ ਨਹੀਂ ਹੈ' ਤਾਂ ਕਾਬਲ ਸਿੰਘ ਨੇ ਕਿਹਾ ਕਿ, 'ਮਹਾਰਾਜ ਤੁਹਾਡੀਆਂ ਤੁਸੀਂ ਜਾਣੋ। ਸਾਨੂੰ ਤੁਹਾਡੀਆਂ ਰਮਜਾਂ ਸਮਝ ਨਹੀਂ ਆਉਂਦੀਆਂ।'

(ਸ. ਕਾਬਲ ਸਿੰਘ ਜੀ ਫਗਵਾੜੇ ਵਾਲੇ 22-04-2002)

**ਸਾਖੀ ਨੰਬਰ 24**

**ਸੇਠ ਦੌਲਤ ਰਾਮ ਨੂੰ ਪੁੱਤਰਾਂ ਦੀ ਦਾਤ ਬਖ਼ਸ਼ਿਸ਼ ਕਰਨੀ**

ਸੇਠ ਦੌਲਤ ਰਾਮ ਜੀ, ਪਿੰਡ ਨੰਗਲ ਕਰਾਰ ਖਾਂ, ਜਲੰਧਰ ਵਿਖੇ ਰਹਿੰਦੇ ਸਨ। ਉਨ੍ਹਾਂ ਦਾ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਰਾਉ ਜੀ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪਿਆਰ ਸੀ। ਉਹਨਾਂ ਦੀ ਬੂਟਾ ਮੰਡੀ ਵਿਖੇ ਚਮੜੇ ਦੀ ਦੁਕਾਨ ਸੀ। ਉਨ੍ਹਾਂ ਨੇ ਰਾਜਸਥਾਨ, ਉੱਤਰ-ਪ੍ਰਦੇਸ਼ ਅਤੇ ਪੰਜਾਬ ਵਿੱਚ ਕਾਫੀ ਜਾਇਦਾਦ ਬਣਾਈ ਹੋਈ ਸੀ। ਇੱਕ ਸਮੇਂ ਲਗਭਗ 1955 ਈਸਵੀ ਵਿਚ ਸੇਠ ਜੀ ਅਤੇ ਉਨ੍ਹਾਂ ਦੀ ਪਤਨੀ ਡੇਰੇ ਵਿਖੇ ਮਹਾਰਾਜ ਸਰਵਣ ਦਾਸ ਜੀ ਹੁਰਾਂ ਪਾਸ ਆਏ। ਬੀਬੀ ਰਾਉ ਨੇ ਮਹਾਰਾਜ ਸਰਵਣ ਦਾਸ ਜੀ ਅੱਗੇ ਬੇਨਤੀ ਕੀਤੀ ਕਿ ਆਪ ਜੀ ਦੀ ਕਿਰਪਾ ਨਾਲ ਜ਼ਮੀਨ ਜਾਇਦਾਦ ਤਾਂ ਬਹੁਤ ਹੈ। ਪਰ ਦੋ ਲੜਕੀਆਂ ਹਨ। ਕਿਰਪਾ ਕਰੋ ਪੁੱਤਰ ਦੀ ਦਾਤ

ਬਖ਼ਸ਼ੋ। ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ ਕਿ ਤੇਰੇ ਕਰਮਾਂ ਵਿਚ ਕੋਈ ਪੁੱਤਰ ਨਹੀਂ ਹੈ। ਦੌਲਤ ਰਾਮ ਨੂੰ ਦੂਸਰਾ ਵਿਆਹ ਕਰਵਾਉਣਾ ਪਵੇਗਾ। ਉਸਦੀ ਕੁੱਖੋਂ ਚਾਰ ਪੁੱਤਰ ਪੈਦਾ ਹੋਣਗੇ। ਨਾਲ ਹੀ ਮਹਾਰਾਜ ਜੀ ਨੇ ਫ਼ਰਮਾਇਆ ਕਿ ਦੌਲਤ ਰਾਮ ਤੇਰੀਆਂ ਦੋਹਾਂ ਪਤਨੀਆਂ ਦਾ ਆਪਸ ਵਿਚ ਬਹੁਤ ਪ੍ਰੇਮ ਹੋਵੇਗਾ ਪੁੱਤਰਾਂ ਦਾ ਪ੍ਰੇਮ ਵੀ ਬੀਬੀ ਰਾਉ ਨਾਲ ਜ਼ਿਆਦਾ ਹੋਵੇਗਾ ਪਰ ਤੁਹਾਡੀਆਂ ਜ਼ਮੀਨ ਜਾਇਦਾਦਾਂ ਤੁਹਾਡੇ ਪਾਸ ਨਹੀਂ ਰਹਿਣਗੀਆਂ।

ਸੇਠ ਦੌਲਤ ਰਾਮ ਜੀ ਨੇ ਮਹਾਰਾਜ ਜੀ ਦੇ ਹੁਕਮ ਅਨੁਸਾਰ ਦੂਸਰੀ ਸ਼ਾਦੀ ਬੀਬੀ ਰਾਮ ਪਿਆਰੀ ਨਾਲ ਕੀਤੀ ਜਿਸ ਦੀ ਕੁੱਖੋਂ ਕ੍ਰਮਵਾਰ ਚਾਰਪੁੱਤਰ ਸੁਰਿੰਦਰ ਕੁਮਾਰ, ਸੁਗਰੀਵ ਕੁਮਾਰ, ਪਰਸ ਰਾਮ ਅਤੇ ਅਸ਼ਵਨੀ ਕੁਮਾਰ ਪੈਦਾ ਹੋਏ।

ਜਦੋਂ ਮੈਂ (ਸੁਰਿੰਦਰ ਦਾਸ ਬਾਵਾ) ਬੀਬੀ ਰਾਉ ਦੇ ਸੋਹਲਾ ਤੇ ਅੰਤਿਮ ਅਰਦਾਸ ਵਿਚ ਸ਼ਾਮਿਲ ਹੋਣ ਲਈ ਨੰਗਲ ਕਰਾਰ ਖਾਂ ਗਿਆ ਤਾਂ ਸੁਗਰੀਵ ਕੁਮਾਰ ਨੇ ਦੱਸਿਆ ਕਿ ਭਾਵੇਂ ਸਾਨੂੰ ਜਨਮ ਬੀਬੀ ਰਾਮ ਪਿਆਰੀ ਨੇ ਦਿੱਤਾ ਸੀ, ਪਰ ਬਚਪਨ ਤੋਂ ਹੀ ਸਾਡਾ ਜ਼ਿਆਦਾ ਪਿਆਰ ਬੀਬੀ ਰਾਉ ਨਾਲ ਸੀ। ਭਾਵੇਂ ਅੱਜ ਸਾਡੀ ਜੋ ਜ਼ਮੀਨ ਜਾਇਦਾਦ ਉੱਤਰ-ਪ੍ਰਦੇਸ਼, ਰਾਜਸਥਾਨ ਵਿੱਚ ਸੀ, ਉਹ ਵਿਕ ਚੁੱਕੀ ਹੈ। ਪਰ ਜੋ ਵੀ ਸਾਡੇ ਤੇ ਕਿਰਪਾ ਹੈ ਇਹ ਸਭ ਸੰਤ ਸਰਵਣ ਦਾਸ ਮਹਾਰਾਜ ਜੀ ਦੀ ਹੈ।

(ਸੁਗਰੀਵ ਕੁਮਾਰ ਪੁੱਤਰ ਸ੍ਰੀ ਦੌਲਤ ਰਾਮ ਪਿੰਡ ਨੰਗਲ ਕਰਾਰ ਖਾਂ, ਜਲੰਧਰ)

## ਸਾਖੀ ਨੰਬਰ 25

## ਬੇਬੀ ਮਨਜੀਤ ਤੇ ਕ੍ਰਿਪਾ ਕਰਨੀ

ਸ਼੍ਰੀ ਅਮਰ ਚੰਦ ਹਕੀਮ ਜੀ ਅਤੇ ਬੀਬੀ ਰਾਮ ਪਿਆਰੀ ਪਿੰਡ ਰਾਏਪੁਰ ਰਸੂਲਪੁਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪਿਆਰ ਸੀ। ਉਨ੍ਹਾਂ ਦੀ ਲੜਕੀ ਮਨਜੀਤ (ਸੀਸੋ) ਦੀ ਉਮਰ ਪੰਜ ਸਾਲ ਦੀ ਸੀ। ਉਸ ਦੀਆਂ ਲੱਤਾਂ ਨਹੀਂ ਚੱਲਦੀਆਂ ਸਨ। ਉਹ ਲੜਕੀ ਤੁਰ-ਫਿਰ ਨਹੀ ਸੀ ਸਕਦੀ, ਕੇਵਲ ਬੈਠ ਹੀ ਸਕਦੀ ਸੀ। 1963 ਈਸਵੀ ਵਿਚ ਬੇਬੀ ਮਨਜੀਤ ਦੇ ਮਾਤਾ-ਪਿਤਾ ਉਸਨੂੰ ਨਾਲ ਲੈ ਕੇ ਮਹਾਰਾਜ ਸੰਤ ਸਰਵਣ ਦਾਸ ਜੀ ਪਾਸ ਆਏ। ਉਨ੍ਹਾਂ ਮਹਾਰਾਜ ਸਰਵਣ ਦਾਸ ਜੀ ਨੂੰ ਨਮਸਕਾਰ ਕਰਕੇ ਬੇਨਤੀ ਕੀਤੀ ਕਿ ਮਹਾਰਾਜ ਜੀ! ਇਸ ਲੜਕੀ ਤੇ ਮਿਹਰ ਕਰੋ। ਇਹ ਚੱਲਣ ਫਿਰਨ ਲੱਗ ਜਾਏ। ਹੋ ਸਕਦਾ ਹੈ ਸਾਡੇ ਤੋਂ ਬਾਅਦ ਇਸ ਨੂੰ ਕੋਈ ਪੁੱਛੇ ਜਾਂ ਨਾ ਪੁੱਛੇ। ਇਹ ਸ਼ਬਦ ਕਹਿੰਦਿਆਂ ਉਹਨਾਂ ਦੀ ਅਵਾਜ਼ ਵਿਚ ਇਕ ਤਰਲਾ ਜਿਹਾ ਸੀ। ਰਹਿਮ ਦੇ ਭੰਡਾਰ ਸੁਆਮੀ ਸੰਤ ਸਰਵਣ ਦਾਸ ਜੀ ਨੇ ਪੁੱਛਿਆ, ਲੜਕੀ ਦਾ ਨਾਂ ਕੀ

ਹੈ ? ਤਾਂ ਸ਼੍ਰੀ ਅਮਰ ਚੰਦ ਜੀ ਨੇ ਕਿਹਾ ਕਿ 'ਇਸਦਾ ਨਾਂ ਮਨਜੀਤ ਕੌਰ ਅਤੇ ਇਸ ਨੂੰ ਸੀਸੋ ਕਹਿ ਕੇ ਬੁਲਾਈਦਾ ਹੈ।' ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ ਕਿ ਇਸ ਦਾ ਕੱਚਾ ਨਾਂ ਸੀਸੋ ਦੀ ਜਗ੍ਹਾ ਮਿਹਰ ਕਰ ਰੱਖ ਲਉ। ਸਮਝੋ, ਅੱਜ ਤੋਂ ਇਸ ਲੜਕੀ ਤੇ ਅਕਾਲ ਪੁਰਖ ਦੀ ਮਿਹਰ ਹੋ ਗਈ। ਇਹ ਲੜਕੀ ਹੌਲੀ-ਹੌਲੀ ਤੁਰਨ ਫਿਰਨ ਲੱਗ ਪਏਗੀ।

ਉਸ ਦਿਨ ਤੋ ਬਾਅਦ ਮਹਾਰਾਜ ਜੀ ਦੀ ਕਿਰਪਾ ਨਾਲ ਉਸ ਲੜਕੀ ਦੀਆਂ ਲੱਤਾਂ ਠੀਕ ਹੋਣੀਆਂ ਸ਼ੁਰੂ ਹੋ ਗਈਆਂ ਅਤੇ ਉਹ ਲੜਕੀ ਕੁਝ ਮਹੀਨਿਆਂ ਵਿਚ ਠੀਕ-ਠਾਕ ਤੁਰਨ ਫਿਰਨ ਲੱਗ ਪਈ।

ਅੱਜ ਬੀਬੀ ਮਿਹਰ ਕੌਰ ਜੀ ਨੇ ਮਹਾਰਾਜ ਜੀ ਦੀ ਮਹਿਮਾ ਸੁਣਾਉਂਦੇ ਹੋਏ ਅੱਖਾਂ ਵਿਚ ਅੱਥਰੂ ਭਰ ਲਏ ਅਤੇ ਦੱਸਿਆ ਕਿ ਮੇਰੇ ਤੇ ਮਹਾਰਾਜ ਜੀ ਨੇ ਅਪਾਰ ਕਿਰਪਾ ਕੀਤੀ ਹੈ। ਮੇਰੇ ਮਾਤਾ-ਪਿਤਾ ਨੇ ਮੈਨੂੰ ਦੱਸਿਆ ਕਿ ਮਹਾਰਾਜ ਜੀ ਨੇ ਵਚਨ ਕੀਤੇ ਸੀ ਕਿ ਇਹ ਲੜਕੀ ਬਹੁਤ ਵਿੱਦਿਆ ਪੜ੍ਹੇਗੀ ਅਤੇ ਬੱਚਿਆਂ ਨੂੰ ਵਿੱਦਿਆ ਪੜ੍ਹਾਏਗੀ। ਅੱਜ ਮੈਂ ਬੱਚਿਆਂ ਨੂੰ ਪੜ੍ਹਾਉਂਦੀ ਹਾਂ। ਇਹ ਸਾਰੀ ਕਿਰਪਾ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦੀ ਹੈ ਨਹੀਂ ਤਾਂ ਸ਼ਾਇਦ ਮੈਂ ਇਸ ਲਾਇਕ ਨਾ ਹੁੰਦੀ ਅਤੇ ਗੁੰਮਨਾਮ ਜ਼ਿੰਦਗੀ ਬਤੀਤ ਕਰ ਰਹੀ ਹੁੰਦੀ।

(ਬੀਬੀ ਮਨਜੀਤ ਕੌਰ (ਮਿਹਰ **ਕੌ**ਰ) ਪੁੱਤਰੀ ਸ੍ਰੀ ਅਮਰ ਚੰਦ ਹਕੀਮ ਤੇ ਬੀਬੀ ਰਾਮ ਪਿਆਰੀ ਰਾਏਪਰ-ਰਸੂਲਪੁਰ 24-01-2002)

## ਸਾਖੀ ਨੰਬਰ 26

## ਮਹਾਰਾਜ ਜੀ ਦਾ ਕ੍ਰਿਸ਼ਮਾ

ਲਗਭਗ 50 ਸਾਲ ਪਹਿਲਾਂ ਦੀ ਗੱਲ ਹੈ। ਗਰਮੀਆਂ ਦੇ ਦਿਨ ਸਨ। ਸ਼ਾਮ ਦਾ ਸਮਾਂ ਸੀ। ਪਤੀ-ਪਤਨੀ ਨੇ ਅਲਾਵਲ ਪੁਰ ਆ ਕੇ, ਸੰਤ ਸਰਵਣ ਦਾਸ ਜੀ ਦੀ ਕੁਟੀਆ ਬਾਰੇ ਪੁੱਛਿਆ ਤਾਂ ਅਲਾਵਲਪੁਰ ਵਾਸੀਆਂ ਨੇ ਕਿਹਾ ਕਿ ਹੁਣ ਰਾਤ ਹੋ ਗਈ ਹੈ। ਤੁਸੀਂ ਰਾਤ ਇੱਥੇ ਰਹੋ ਤੇ ਸਵੇਰੇ ਚਲੇ ਜਾਣਾ ਪਰ ਅਸੀਂ ਉਹਨਾਂ ਦੇ ਕਹਿਣ ਤੇ ਵੀ ਨਾ ਰੁਕੇ।

ਜਿਸ ਵੇਲੇ ਉਹ ਰੇਲਵੇ ਫਾਟਕ ਤੋਂ ਥੋੜ੍ਹਾ ਅੱਗੇ ਆਏ ਤਾਂ ਉਨ੍ਹਾਂ ਨੇ ਸ਼ੇਰ ਵੇਖਿਆ ਤਾਂ ਉਹ ਵਾਪਸ ਚਲੇ ਗਏ। ਅਲਾਵਲਪੁਰ ਜਾ ਕੇ ਰਾਤ ਕੱਟੀ। ਸਵੇਰੇ ਡੇਰੇ ਵਿਖੇ ਪਹੁੰਚ ਕੇ ਮਹਾਰਾਜ ਸਰਵਣ ਦਾਸ ਜੀ ਨੂੰ ਮੱਥਾ ਟੇਕਿਆ ਤਾਂ ਮਹਾਰਾਜ ਜੀ ਨੇ ਕਿਹਾ ਕਿ ਜੇਕਰ ਅਲਾਵਲਪੁਰ ਵਾਲਿਆਂ ਨੇ ਰੋਕਿਆ ਸੀ ਤਾਂ ਰੁਕ ਜਾਂਦੇ ਤੁਹਾਨੂੰ ਸ਼ੇਰ

ਤੋਂ ਡਰਨਾ ਨਾ ਪੈਂਦਾ। ਇਸ ਘਟਨਾ ਤੋਂ ਸਾਨੂੰ ਸਪੱਸ਼ਟ ਹੋ ਗਿਆ ਕਿ ਇਹ ਕ੍ਰਿਸ਼ਮਾਂ ਮਹਾਰਾਜ ਜੀ ਦਾ ਸੀ।

(ਸ੍ਰੀ ਜੀਤ ਰਾਮ ਪੁਤਰ ਸ੍ਰੀ ਸੰਤ ਰਾਮ ਜੀ ਅਲਾਵਲਪੁਰ 19-05-2003)

## ਸਾਖੀ ਨੰਬਰ 27

## ਬਾਬਾ ਜਵਾਹਰ ਦਾਸ ਜੀ ਦੇ ਬ੍ਰਹਮਲੀਨ ਹੋਣ ਬਾਰੇ ਦੱਸਣਾ

ਸ਼੍ਰੀ ਸੰਤ ਰਾਮ ਜੀ ਦੇ ਗ੍ਰਿਹਿ ਵਿਖੇ ਮਹਾਰਾਜ ਸਰਵਣ ਦਾਸ ਜੀ ਜਾਇਆ ਕਰਦੇ ਸਨ ਅਤੇ ਉੱਥੇ ਕਈ ਵਾਰ ਰਾਤ ਰਹਿ ਕੇ ਸਤਿਸੰਗ ਕਰਿਆ ਕਰਦੇ ਸਨ। ਇੱਕ ਵਾਰ ਰਾਤ ਦੇ ਸਮੇਂ ਮਹਾਰਾਜ ਜੀ ਉਨ੍ਹਾਂ ਦੇ ਘਰ ਦੀ ਛੱਤ ਉੱਪਰ ਬੈਠ ਕੇ ਸਤਿਸੰਗ ਕਰ ਰਹੇ ਸਨ ਤਾਂ ਅਚਾਨਕ ਅਸਮਾਨ ਵਿੱਚ ਕੋਈ ਗਰਜਣ ਦੀ ਅਵਾਜ਼ ਆਈ। ਇਹ ਅਵਾਜ਼ ਨੂੰ ਸੁਣਦਿਆਂ ਸਾਰ ਮਹਾਰਾਜ ਜੀ ਸ਼ਾਂਤ ਹੋ ਗਏ ਅਤੇ ਕੁਝ ਗੰਭੀਰ ਦਿਖਾਈ ਦੇਣ ਲੱਗੇ। ਕੁਝ ਸਮੇਂ ਪਿੱਛੋਂ ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ ਕਿ, "ਗੁਰੂ ਪਿਆਰੀ ਸਾਧ ਸੰਗਤ ਜੀ, ਅੱਜ ਪੂਰਨ ਮਹਾਤਮਾ ਸੰਤ ਬਾਬਾ ਜਵਾਹਰ ਦਾਸ ਜੀ ਸੂਸਾਂ ਵਾਲੇ ਆਪਣਾ ਪੰਜ-ਭੌਤਕ ਸਰੀਰ ਤਿਆਗ ਕੇ ਪਰਮਾਤਮਾ ਵਿਚ ਲੀਨ ਹੋ ਗਏ ਹਨ"।

ਉਸ ਸਮੇਂ ਉੱਥੇ ਸਰਵ ਸ਼੍ਰੀ ਮਹਿੰਗਾ ਰਾਮ, ਸ਼੍ਰੀ ਭੁੱਲਾ ਰਾਮ, ਭਜਨ ਚੰਦ, ਸ਼੍ਰੀ ਹਜ਼ਾਰਾ ਰਾਮ, ਸ਼੍ਰੀ ਅਮਰ ਨਾਥ, ਸ਼੍ਰੀ ਦਾਸ ਰਾਮ, ਗਿਆਨੀ ਜੀਤ ਰਾਮ ਅਤੇ ਖੁਦ ਸ਼੍ਰੀ ਜੀਤ ਰਾਮ (ਜਿਨ੍ਹਾਂ ਦੀ ਉਮਰ ਲਗਭਗ 15 ਕੁ ਸਾਲ ਦੀ ਸੀ) ਅਤੇ ਹੋਰ ਅਨੇਕਾਂ ਸੰਗਤਾਂ ਮੌਜੂਦ ਸਨ।

(ਖੁਦ ਸ਼੍ਰੀ ਜੀਤ ਰਾਮ ਸਪੁੱਤਰ ਸ਼੍ਰੀ ਸੰਤ ਰਾਮ ਅਲਾਵਲਪੁਰ 19-5-03)

## ਸਾਖੀ ਨੰਬਰ 28

## ਸ. ਤਰਲੋਕ ਸਿੰਘ ਦੇ ਮਨ ਦੀ ਗੱਲ ਬੁੱਝਣੀ।

ਸ. ਤਰਲੋਕ ਸਿੰਘ ਗਿੱਲ ਸਪੁੱਤਰ ਸ. ਲਾਲ ਸਿੰਘ ਮੇਜਰ ਪਿੰਡ ਜੱਫਲ ਝਿੰਗੜ ਦੇ ਵਸਨੀਕ ਸਨ। ਸੰਨ 1971 ਦੇ ਜੁਲਾਈ ਮਹੀਨੇ ਦੀ ਗੱਲ ਹੈ, ਉਹ ਇੰਗਲੈਂਡ ਤੋਂ ਭਾਰਤ ਆਏ। ਆਪਣੇ ਜੀਜਾ ਸ. ਹਰਬੰਸ ਸਿੰਘ ਨੂੰ ਨਾਲ ਲੈ ਕੇ ਸਵੇਰ ਤੋਂ ਭੁੱਖੇ ਪੇਟ ਕਈ ਸਥਾਨਾਂ ਤੇ ਘੁੰਮਦੇ ਰਹੇ। ਅਖੀਰ ਉਹਨਾਂ ਦੇ ਮਨ ਵਿਚ ਖਿਆਲ ਆਇਆ ਕਿ ਕਿਉਂ ਨਾ ਸੰਤ ਸਰਵਣ ਦਾਸ ਜੀ ਬੱਲਾਂ ਵਾਲਿਆਂ ਨੂੰ ਮਿਲਿਆ ਜਾਵੇ। ਦਰਸ਼ਨ ਕਰਨ ਵਾਸਤੇ ਜਦੋਂ ਉਹ ਡੇਰੇ ਵਿਖੇ ਪਹੁੰਚੇ ਤਾਂ ਮਹਾਰਾਜ ਸਰਵਣ ਦਾਸ ਜੀ ਥੜ੍ਹੇ

ਉੱਪਰ ਬੈਠੇ ਹੋਏ ਸਨ। ਜਦੋਂ ਉਨ੍ਹਾਂ ਦੋਹਾਂ ਨੇ ਮਹਾਰਾਜ ਸਰਵਣ ਦਾਸ ਜੀ ਨੂੰ ਨਮਸਕਾਰ ਕੀਤੀ ਤਾਂ ਮਹਾਰਾਜ ਜੀ ਨੇ ਕਿਹਾ ਕਿ ਜਾਓ ਅਤੇ ਲੰਗਰ ਵਿੱਚ ਜਾ ਕੇ ਦੋ-ਦੋ ਮਾਲ੍ਹ-ਪੂੜੇ ਛਕੋ ਅਤੇ ਚਾਹ ਪੀਓ। ਸਵੇਰ ਦੇ ਭੁੱਖੇ ਤੁਰੇ ਫਿਰਦੇ ਹੋ। ਮਹਾਰਾਜ ਜੀ ਦੇ ਇਹ ਵਚਨ ਸੁਣ ਕੇ ਸ. ਤਰਲੋਕ ਸਿੰਘ ਤੇ ਉਨ੍ਹਾਂ ਦੇ ਜੀਜਾ ਜੀ ਮਨ ਹੀ ਮਨ ਬੜੇ ਹੈਰਾਨ ਅਤੇ ਪ੍ਰਸੰਨ ਹੋਏ ਕਿ ਮਹਾਰਾਜ ਜੀ ਪੂਰਨ ਬ੍ਰਹਮਗਿਆਨੀ ਹਨ।

(ਖੁਦ ਸ. ਤਰਲੋਕ ਸਿੰਘ ਸ. ਮੇਜਰ ਲਾਲ ਸਿੰਘ ਪਿੰਡ ਜੱਫਲ ਝਿੰਗੜ, ਜਲੰਧਰ 16-6-03)

## ਸਾਖੀ ਨੰਬਰ 29

## ਸ਼੍ਰੀ ਸੋਹਣ ਲਾਲ ਅਤੇ ਸ਼੍ਰੀ ਪ੍ਰੀਤਮ ਦਾਸ ਦੀ ਸ਼ੰਕਾ ਨਵਿਰਤ ਕਰਨੀ।

ਸ਼੍ਰੀ ਸੋਹਣ ਲਾਲ ਖਿੱਚੀਪੁਰ ਅਤੇ ਸ਼੍ਰੀ ਪ੍ਰੀਤਮ ਦਾਸ ਪਟਵਾਰੀ (ਪਿੰਡ ਚਮਿਆਰੀ) ਦੋਵੇਂ ਮਹਾਰਾਜ ਸਰਵਣ ਦਾਸ ਜੀ ਦੇ ਸੇਵਕ ਸਨ ਅਤੇ ਸਰਕਾਰੀ ਨੌਕਰੀ ਕਰਦੇ ਸਨ। ਇਹ ਗੱਲ ਸੰਨ 1963 ਈ. ਦੀ ਹੈ। ਅਸੀਂ ਦੋਨੋਂ ਹੀ ਨੌਕਰੀ ਤੋਂ ਸਿੱਧੇ ਮਹਾਰਾਜ ਜੀ ਦੇ ਦਰਸ਼ਨ ਕਰਨ ਡੇਰੇ ਆ ਰਹੇ ਸਨ। ਦੋਹਾਂ ਨੇ ਸਲਾਹ ਕੀਤੀ ਕੀ ਮਹਾਰਾਜ ਜੀ ਨੂੰ ਦੋ-ਦੋ ਰੁਪਏ ਦਾ ਮੱਥਾ ਟੇਕਣਾ ਹੈ। ਪਰ ਜਦੋਂ ਉਨ੍ਹਾਂ ਡੇਰੇ ਵਿਖੇ ਆ ਕੇ ਪੰਜ-ਪੰਜ ਰੁਪਏ ਮਹਾਰਾਜ ਜੀ ਅੱਗੇ ਰੱਖ ਕੇ ਮੱਥਾ ਟੇਕਿਆ, ਤਾਂ ਮਹਾਰਾਜ ਜੀ ਨੇ ਦੋਹਾਂ ਨੂੰ ਤਿੰਨ-ਤਿੰਨ ਰੁਪਏ ਵਾਪਸ ਦਿੰਦੇ ਹੋਏ ਕਿਹਾ "ਤੁਸੀਂ ਦੋਹਾਂ ਨੇ ਸਲਾਹ ਕੀਤੀ ਸੀ ਕਿ ਦੋ-ਦੋ ਰੁਪਏ ਦਾ ਮੱਥਾ ਟੇਕਣਾ ਹੈ। ਇਸ ਲਈ ਤਿੰਨ-ਤਿੰਨ ਰੁਪਏ ਵਾਪਸ ਲੈ ਲਓ।" ਉਨ੍ਹਾਂ ਦੋਹਾਂ ਨੇ ਕਿਹਾ ਕਿ ਮਹਾਰਾਜ ਜੀ! ਗਲਤੀ ਹੋ ਗਈ। ਮੁਆਫ਼ ਕਰ ਦਿਓ। ਮਹਾਰਾਜ ਜੀ ਨੇ ਸੰਤ ਗਰੀਬ ਦਾਸ ਜੀ ਨੂੰ ਕਿਹਾ, "ਛੇ ਰੁਪਏ ਦਾ ਕੁਝ ਸਮਾਨ ਮੰਗਵਾ ਲਓ।"

(ਸੋਹਣ ਲਾਲ ਸੈਕਟਰੀ ਸਪੁੱਤਰ ਬਸੰਤ ਰਾਮ, ਖਿੱਚੀਪੁਰ ਜਲੰਧਰ 6-6-2003)

## ਸਾਖੀ ਨੰਬਰ 30

## ਡੇਰੇ ਆਉਣ ਤੋਂ ਪਹਿਲਾਂ ਹੀ ਦੱਸ ਦੇਣਾ

ਸ਼੍ਰੀ ਰਾਮ ਕਿਸ਼ਨ ਰਾਜੂ ਜੀ ਸਪੁੱਤਰ ਸ਼੍ਰੀ ਭਗਤ ਰਾਮ ਰਾਜੂ ਪਿੰਡ ਚੱਕੋਵਾਲ ਸ਼ੇਖਾਂ, ਹੁਸ਼ਿਆਰਪੁਰ (ਅੱਜ ਕੱਲ੍ਹ ਬੜੋਦਾ) ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪਿਆਰ ਸੀ। ਜਨਵਰੀ, 1960 ਈਸਵੀ ਦੀ ਗੱਲ ਹੈ, ਕਿ ਸ਼੍ਰੀ ਰਾਮ ਕਿਸ਼ਨ ਜੀ ਮਹਾਰਾਜ ਸਰਵਣ ਦਾਸ ਜੀ ਦੇ ਦਰਸ਼ਨ ਕਰਨ ਲਈ ਡੇਰੇ ਆ ਰਹੇ ਸਨ। ਏਧਰ ਮਹਾਰਾਜ ਸਰਵਣ ਦਾਸ ਜੀ ਲਗਭਗ ਪੌਣੇ ਕੁ ਸੱਤ ਵਜੇ ਕੁਟੀਆ ਤੋਂ ਪਿੰਡ ਡੇਰੇ

ਆਰਾਮ ਕਰਨ ਲਈ ਜਾ ਰਹੇ ਸਨ ਕੁਟੀਆ ਦੇ ਗੇਟ ਤੇ ਖੜ੍ਹੇ ਹੋ ਗਏ। ਮਹਾਰਾਜ ਜੀ ਦੇ ਨਾਲ ਸ਼੍ਰੀ ਸੰਤ ਰਾਮ ਕਿਸ਼ਨਗੜ੍ਹ ਵਾਲੇ ਅਤੇ ਸ਼੍ਰੀ ਜਗਤ ਰਾਮ ਰਸੋਈਆ (ਪਿੰਡ ਬੱਲ) ਸਨ। ਸ਼੍ਰੀ ਸੰਤ ਰਾਮ ਨੇ ਪੁੱਛਿਆ, "ਮਹਾਰਾਜ ਜੀ! ਆਪ ਗੇਟ ਤੇ ਖੜ੍ਹੇ ਹੋ ਕੇ ਕਿਸ ਦਾ ਇੰਤਜ਼ਾਰ ਕਰ ਰਹੇ ਹੋ ?" ਤਾਂ ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ ਕਿ "ਰਾਮ ਕਿਸ਼ਨ ਚੱਕੋਵਾਲ ਸ਼ੇਖਾਂ ਵਾਲਾ ਆ ਰਿਹਾ ਹੈ। ਅਸੀਂ ਉਸ ਦਾ ਇੰਤਜ਼ਾਰ ਕਰ ਰਹੇ ਹਾਂ"।

ਤਕਰੀਬਨ ਪੰਦਰਾਂ ਕੁ ਮਿੰਟ ਬਾਅਦ ਸੱਤ ਵਜੇ ਸ਼੍ਰੀ ਰਾਮ ਕਿਸ਼ਨ ਜੀ ਡੇਰੇ ਗੇਟ ਤੇ ਪਹੁੰਚ ਕੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤਾਂ ਮਹਾਰਾਜ ਜੀ ਨੇ ਕਿਹਾ "ਅਸੀਂ ਤੇਰਾ ਹੀ ਇੰਤਜ਼ਾਰ ਕਰ ਰਹੇ ਸੀ। ਸਾਈਕਲ ਖੜ੍ਹਾ ਕਰਕੇ ਛੇਤੀ ਲੰਗਰ ਛੱਕ ਕੇ ਆ ਜਾ। ਪਿੰਡ ਡੇਰੇ ਚੱਲੀਏ।" ਪਿੰਡ ਡੇਰੇ ਪੁੱਜ ਕੇ ਸ਼੍ਰੀ ਸੰਤ ਰਾਮ ਨੇ ਸ਼੍ਰੀ ਰਾਮ ਕਿਸ਼ਨ ਜੀ ਨੂੰ ਉਪਰੋਕਤ ਸਾਰੀ ਵਾਰਤਾ ਦੱਸੀ।

(ਖੁਦ ਸ਼੍ਰੀ ਰਾਮ ਕਿਸ਼ਨ ਰਾਜੂ ਰਿਟਾਇਰਡ ਓ.ਐਨ.ਜੀ.ਸੀ ਸਪੁੱਤਰ ਸ਼੍ਰੀ ਭਗਤ ਰਾਮ ਰਾਜੂ, ਬੜੌਦਾ ਚੱਕੋਵਾਲ ਸ਼ੇਖਾਂ, ਹੁਸ਼ਿਆਰਪੁਰ (ਅੱਜ ਕੱਲ੍ਹ ਬੜੌਦਾ) 18-6-2003)

## ਸਾਖੀ ਨੰਬਰ 31

## ਸ਼੍ਰੀ ਰਾਮ ਕਿਸ਼ਨ ਨੂੰ ਨੌਕਰੀ ਦੀ ਬਖ਼ਸ਼ਿਸ਼ ਕਰਨੀ

ਸ਼੍ਰੀ ਰਾਮ ਕਿਸ਼ਨ ਸਪੁੱਤਰ ਸ਼੍ਰੀ ਭਗਤ ਰਾਮ ਰਾਜੂ ਪਿੰਡ ਚੱਕੋਵਾਲ ਸ਼ੇਖਾਂ ਜੀ ਨੇ ਸੰਨ 1958 ਵਿੱਚ ਮਹਾਰਾਜ ਜੀ ਪਾਸੋਂ ਨਾਮ-ਦਾਨ ਦੀ ਪ੍ਰਾਪਤੀ ਕੀਤੀ ਸੀ। 1960 ਈਸਵੀ ਵਿੱਚ ਦਸੰਬਰ ਦੇ ਅਖੀਰ ਤੋਂ ਲੈ ਕੇ ਮਾਘੀ 1961 ਤੱਕ ਮਹਾਰਾਜ ਜੀ ਪਾਸ ਰਹੇ। ਇੱਕ ਦਿਨ ਉਹਨਾਂ ਨਲਕਾ ਗੇੜ ਕੇ ਮਹਾਰਾਜ ਜੀ ਨੂੰ ਇਸ਼ਨਾਨ ਕਰਾਉਂਦੇ ਹੋਏ ਬੇਨਤੀ ਕੀਤੀ "ਮਹਾਰਾਜ ਜੀ ਇੱਕ ਆਦਮੀ ਕਹਿੰਦਾ ਹੈ ਕਿ ਮੈਂ ਤੈਨੂੰ ਰਿਸ਼ਵਤ ਦੇ ਕੇ ਪੱਕੀ ਨੌਕਰੀ ਤੇ ਲਗਵਾ ਦਿੰਦਾ ਹਾਂ। ਮਹਾਰਾਜ ਜੀ! ਮੈਂ ਸੈਸ਼ਨ ਜੱਜ ਦੇ ਦਫ਼ਤਰ ਹੁਸ਼ਿਆਰਪੁਰ ਬਤੌਰ ਟਾਈਪਿਸਟ ਕਲਰਕ ਦੀ ਆਰਜ਼ੀ ਨੌਕਰੀ ਕਰਦਾ ਹਾਂ।" ਮਹਾਰਾਜ ਜੀ ਨੇ ਫ਼ਰਮਾਇਆ "ਐਸਾ ਗਲਤ ਕੰਮ ਨਹੀਂ ਕਰਨਾ। ਪਰਮਾਤਮਾ ਦੀ ਕਿਰਪਾ ਨਾਲ ਤੁਹਾਨੂੰ ਪੱਕੀ ਨੌਕਰੀ ਮਿਲ ਜਾਵੇਗੀ।" ਅਜਿਹਾ ਮਹਾਰਾਜ ਜੀ ਨੇ ਸੱਤ ਵਾਰ ਕਿਹਾ।ਸ਼੍ਰੀ ਰਾਮ ਕਿਸ਼ਨ ਜੀ ਮੈਟ੍ਰਿਕ ਪਾਸ ਸਨ। ਆਇਲ ਐਂਡ ਨੈਚੂਰਲ ਗੈਸ ਕਮਿਸ਼ਨ (ਓ.ਐਨ.ਜੀ.ਸੀ) ਵਿਚ ਇੰਟਰਵਿਊ ਹੋਈ ਅਤੇ ਉਨ੍ਹਾਂ ਦੀ ਸਿਲੈਕਸ਼ਨ ਹੋ ਗਈ। 27 ਜੁਲਾਈ ਜੂਨੀਅਰ ਅਕਾਊਂਟ ਅਸਿਸਟੈਂਟ ਭਰਤੀ ਹੋਏ ਅਤੇ 1998 ਈਸਵੀ ਨੂੰ ਰਿਟਾਇਰ ਹੋਏ। ਉਨ੍ਹਾਂ ਨੇ ਨੌਕਰੀ ਮਿਲਣ ਤੋਂ ਬਾਅਦ ਬੀ.ਏ. ਕੀਤੀ ਸੀ।

(ਸ਼੍ਰੀ ਰਾਮ ਕਿਸ਼ਨ ਸਪੁੱਤਰ ਸ਼੍ਰੀ ਭਗਤ ਰਾਮ ਰਾਜੂ ਪਿੰਡ ਚੱਕੋਵਾਲ ਸ਼ੇਖਾਂ ਹੁਸ਼ਿਆਰਪੁਰ (ਅੱਜਕੱਲ੍ਹ ਬੜੌਦਾ) 18-6-2003)

## ਸਾਖੀ ਨੰਬਰ 32
## ਸੱਤ ਸਾਲ ਬਾਅਦ ਬੋਲਣਾ

ਸ਼੍ਰੀ ਸਰਵਨ ਸਿੰਘ ਸਪੁੱਤਰ ਸ਼੍ਰੀ ਮੇਹਰੂ ਰਾਮ ਮਿੱਠਾਪੁਰ, ਜਲੰਧਰ ਵਾਲਿਆਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪਿਆਰ ਸੀ। ਇੱਕ ਸਮੇਂ ਸ਼੍ਰੀ ਸਰਵਨ ਸਿੰਘ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਛਿੰਨੋ ਜੀ, ਕਾਕੇ ਪੱਪੂ ਨੂੰ ਲੈ ਕੇ ਆਏ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ! ਕੁਝ ਦਿਨਾਂ ਬਾਅਦ ਕਾਕੇ ਪੱਪੂ ਦਾ ਸੱਤਵਾਂ ਜਨਮ ਦਿਨ ਹੈ। ਇਹ ਲੜਕਾ ਬੋਲਦਾ ਨਹੀਂ ਹੈ। ਆਪ ਕਿਰਪਾ ਕਰੋ, ਇਹ ਬੋਲਣ ਲੱਗ ਪਏ। ਮਹਾਰਾਜ ਜੀ ਨੇ ਫ਼ਰਮਾਇਆ ਕਿ ਜਿਸ ਦਿਨ ਇਸਦਾ ਜਨਮ ਦਿਨ ਹੈ, ਉਸ ਦਿਨ ਆਪਣੇ ਗ੍ਰਿਹ ਵਿਖੇ ਸਤਿਸੰਗ ਕਰਵਾਓ ਅਤੇ ਸਤਿਸੰਗ ਵਾਲੇ ਦਿਨ ਅਸੀਂ ਆਪਦੇ ਗ੍ਰਿਹ ਵਿਖੇ ਆਵਾਂਗੇ। ਮਹਾਰਾਜ ਜੀ ਉਸ ਦਿਨ ਉਨ੍ਹਾਂ ਦੇ ਗ੍ਰਿਹ ਵਿਖੇ ਗਏ ਅਤੇ ਸਤਿਸੰਗ ਹੋਣ ਉਪਰੰਤ ਮਹਾਰਾਜ ਜੀ ਨੇ ਫ਼ਰਮਾਇਆ, "ਕਾਕੇ ਨੂੰ ਸਾਡੇ ਪਾਸ ਲੈ ਕੇ ਆਓ।" ਮਹਾਰਾਜ ਜੀ ਨੇ ਉਸ ਦਾ ਨਵਾਂ ਨਾ ਸੁਰਜੀਤ ਰੱਖਿਆ ਅਤੇ ਪੋਲੀ ਜਿਹੀ ਉਸਦੇ ਮੂੰਹ ਤੇ ਚਪੇੜ ਮਾਰ ਕੇ ਕਿਹਾ, "ਤੂੰ ਬੋਲਿਆ ਕਰ"। ਮਹਾਰਾਜ ਸਰਵਣ ਦਾਸ ਜੀ ਨੇ ਸ਼੍ਰੀ ਸਰਵਨ ਸਿੰਘ ਨੂੰ ਫ਼ਰਮਾਇਆ ਕਿ ਅੱਜ ਤੋਂ ਬਾਅਦ ਇਹ ਲੜਕਾ ਹੌਲੀ-ਹੌਲੀ ਬੋਲਣਾ ਸ਼ੁਰੂ ਹੋ ਜਾਵੇਗਾ। ਮਹਾਰਾਜ ਜੀ ਦੀ ਕਿਰਪਾ ਨਾਲ ਉਹ ਲੜਕਾ ਹੌਲੀ-ਹੌਲੀ ਬੋਲਦਾ ਹੋਇਆ ਪੂਰੀ ਤਰ੍ਹਾਂ ਨਾਲ ਬੋਲਣ ਲੱਗ ਪਿਆ ਤੇ ਅੱਜ ਮਿਠਾਪੁਰ ਵਿਖੇ ਦੁਕਾਨ ਚਲਾ ਰਿਹਾ ਹੈ।

(ਖੁਦ ਸ਼੍ਰੀ ਸਰਵਨ ਸਿੰਘ ਸਪੁੱਤਰ ਸ਼੍ਰੀ ਮੇਹਰੂ ਰਾਮ, ਮਿਠਾਪੁਰ, ਜਲੰਧਰ 18-6-2003)

## ਸਾਖੀ ਨੰਬਰ 33
### ਜੰਗਲ ਦੇ ਸ਼ੇਰ ਵੀ ਝੁਕਦੇ ਸਨ

ਸੰਤ ਸਰਵਣ ਦਾਸ ਜੀ ਮਹਾਰਾਜ ਦਾ ਸੰਤ ਰਤਨ ਦਾਸ ਜੀ ਜੇਜੋਂ ਵਾਲਿਆਂ ਨਾਲ ਬਹੁਤ ਪਿਆਰ ਸੀ। ਮਹਾਰਾਜ ਜੀ ਕਈ-ਕਈ ਦਿਨ ਉਨ੍ਹਾਂ ਪਾਸ ਜੇਜੋਂ ਹੁਸ਼ਿਆਰਪੁਰ ਰਿਹਾ ਕਰਦੇ ਸਨ। ਸੰਤ ਰਤਨ ਦਾਸ ਜੀ ਮਹਾਰਾਜ ਜੀ ਨੇ ਇਹ ਕਥਾ ਸੰਤ ਜਗਤ ਰਾਮ ਜੀ ਨੂੰ ਪਿੰਡ ਸ਼ੇਰਪਰ ਨੇੜੇ ਹੁਸ਼ਿਆਰਪੁਰ ਵਿਖੇ ਸੁਣਾਈ ਸੀ ਕਿ ਸੰਤ ਸਰਵਣ ਦਾਸ ਜੀ ਪੂਰਨ ਬ੍ਰਹਮਗਿਆਨੀ ਮਹਾਤਮਾ ਸਨ ਅਤੇ ਸਾਡੇ ਪਾਸ ਆ ਕੇ ਕਈ-ਕਈ ਦਿਨ ਰਿਹਾ ਕਰਦੇ ਸਨ। ਜਦੋਂ ਉਹ ਜੰਗਲ ਵਿਚ ਜਾ ਕੇ ਤੱਪ ਕਰਿਆ ਕਰਦੇ ਸਨ ਤਾਂ ਉਹਨਾਂ ਪਾਸ ਜੰਗਲੀ ਜਾਨਵਰ ਬੈਠ ਜਾਂਦੇ ਸਨ। ਇਸ ਜੰਗਲ ਵਿਚ

ਇੱਕ ਸ਼ੇਰ ਰਹਿੰਦਾ ਸੀ ਜਦੋਂ ਮਹਾਰਾਜ ਜੀ ਜਾਂਦੇ ਸਨ ਉਹ ਸ਼ੇਰ ਅਕਸਰ ਉਹਨਾਂ ਪਾਸ ਬੈਠ ਜਾਂਦਾ ਸੀ।

ਇਕ ਸਮੇਂ ਜੰਗਲ ਵਿਚ ਸੰਤ ਸਰਵਣ ਦਾਸ ਜੀ ਭਜਨ ਕਰ ਰਹੇ ਸਨ ਤਾਂ ਉਧਰੋਂ ਕੁਝ ਸ਼ਰਧਾਲੂ ਆ ਰਹੇ ਸਨ। ਉਹਨਾਂ ਸਾਨੂੰ ਆ ਕੇ ਦੱਸਿਆ ਕਿ ਮਹਾਰਾਜ ਜੀ! ਜੰਗਲ ਵਾਲੇ ਰਸਤੇ ਵਿਚ ਇਕ ਸੰਤ ਭਜਨ ਕਰ ਰਹੇ ਸਨ, ਉਹਨਾਂ ਪਾਸ ਇਕ ਸ਼ੇਰ ਬੈਠਾ ਸੀ। ਅਸੀਂ ਦੇਖ ਕੇ ਡਰ ਗਏ ਤਾਂ ਮਹਾਰਾਜ ਰਤਨ ਦਾਸ ਜੀ ਨੇ ਕਿਹਾ ਉਹਨਾਂ ਨੂੰ ਸ਼ੇਰ ਨੇ ਕੁਝ ਨਹੀਂ ਕਹਿਣਾ। ਉਹ ਆਪ ਬੱਬਰ ਸ਼ੇਰ ਮਹਾਂਪੁਰਸ਼ ਹਨ। ਕਈ ਜੰਗਲੀ ਜੀਵਾਂ ਦੇ ਪਿੱਛਲੇ ਹਿਸਾਬ ਕਿਤਾਬ ਨਿਬੇੜਣ ਵਾਸਤੇ ਉਹ ਅਕਸਰ ਆਉਂਦੇ ਰਹਿੰਦੇ ਹਨ ਇਸ ਕਰਕੇ ਡਰਨ ਦੀ ਜ਼ਰੂਰਤ ਨਹੀਂ। ਅਜਿਹੇ ਮਹਾਂਪੁਰਸ਼ਾਂ ਕੋਲੋਂ ਅਸ਼ੀਰਵਾਦ ਲੈਣ ਦਾ ਯਤਨ ਕਰੀਦਾ ਹੈ। ਉਹ ਸੰਤ ਸਰਵਣ ਦਾਸ ਜੀ ਬੱਲਾਂ ਵਾਲੇ ਹਨ।

**(ਬੀਬੀ ਭਜਨੋ ਜੀ 19-06-2003)**

## **ਸਾਖੀ ਨੰਬਰ 34**

## **ਸ਼੍ਰੀ ਦੀਵਾਨ ਚੰਦ ਜੀ ਨੂੰ ਜ਼ਮੀਨ ਦੀ ਬਖ਼ਸ਼ਿਸ਼ ਕਰਨੀ।**

ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਸ਼੍ਰੀ ਕਰਤਾਰ ਚੰਦ ਕੰਗਣੀਵਾਲ ਵਾਲਿਆਂ ਦਾ ਬਹੁਤ ਪਿਆਰ ਸੀ। 1959 ਈਸਵੀ ਵਿਚ ਸ਼੍ਰੀ ਕਰਤਾਰ ਚੰਦ ਦੇ ਪਿਤਾ ਸ਼੍ਰੀ ਦੀਵਾਨ ਚੰਦ ਨੇ ਪਿੰਡ ਵਿੱਚ ਪੱਕੇ ਮਕਾਨ ਬਣਾਏ। ਉਹਨਾਂ ਆਪਣੇ ਗ੍ਰਹਿ ਵਿਖੇ ਸੰਤ ਸਰਵਣ ਦਾਸ ਜੀ ਦੇ ਆਦੇਸ਼ ਅਨੁਸਾਰ ਸਤਿਸੰਗ ਕਰਵਾਇਆ। ਸਤਿਸੰਗ ਵਾਲੇ ਦਿਨ ਮਹਾਰਾਜ ਉਹਨਾਂ ਦੇ ਗ੍ਰਹਿ ਵਿਖੇ ਗਏ। ਮਹਾਰਾਜ ਜੀ ਨੇ ਫ਼ਰਮਾਇਆ ਦੀਵਾਨ ਚੰਦ ਮਕਾਨ ਤਾਂ ਪੱਕੇ ਬਣਾ ਲਏ ਹਨ ਕਿਤੇ ਜ਼ਮੀਨ ਵੀ ਖਰੀਦੀ ਹੈ ? ਤਾਂ ਸ਼੍ਰੀ ਦੀਵਾਨ ਚੰਦ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਆਪ ਕ੍ਰਿਪਾ ਕਰ ਦਿਉਗੇ ਤਾਂ ਜ਼ਮੀਨ ਵੀ ਖਰੀਦ ਲਵਾਂਗੇ ਪਰ ਇਸ ਸਮੇਂ ਸਾਡੇ ਪਾਸ ਕੋਈ ਜ਼ਮੀਨ ਨਹੀਂ ਹੈ। ਮਹਾਰਾਜ ਜੀ ਨੇ ਕਿਹਾ ਫਿਕਰ ਨਾ ਕਰੋ ਜਲਦੀ ਹੀ ਆਪਾਂ ਜ਼ਮੀਨ ਵਾਲੇ ਬਣ ਜਾਵਾਂਗੇ।

ਮਹਾਰਾਜ ਜੀ ਦੇ ਬਚਨ ਅਟੱਲ ਹੋਏ। ਕੁਝ ਸਾਲਾਂ ਬਾਦ ਸ਼੍ਰੀ ਦੀਵਾਨ ਚੰਦ ਨੇ ਸੰਤੋਖਪੁਰੇ ਵਿਖੇ 12 ਖੇਤ ਜ਼ਮੀਨ ਖਰੀਦੀ। ਇਸ ਜ਼ਮੀਨ ਵਿਖੇ 1964-65 ਈਸਵੀ ਵਿਚ ਮਹਾਰਾਜ ਜੀ ਨੇ ਨਵੇਂ ਟਿਊਬਵੈੱਲ ਦਾ ਸ਼ੁੱਭ ਮਹੂਰਤ ਕੀਤਾ ਸੀ।

(ਖੁਦ ਸ਼੍ਰੀ ਕਰਤਾਰ ਚੰਦ ਪੁੱਤਰ ਸ਼੍ਰੀ ਦੀਵਾਨ ਚੰਦ ਕੰਗਣੀਵਾਲ, ਅੱਜਕੱਲ
ਸੰਤੋਖਪੁਰਾ ਜਲੰਧਰ 19-06-2003)

## ਸਾਖੀ ਨੰਬਰ 35

## ਸ਼੍ਰੀ ਸੇਰੂ ਰਾਮ ਦੀ ਮੁਕਤੀ ਕਰਨੀ।

ਸ਼੍ਰੀ ਸੇਰੂ ਰਾਮ ਜੀ ਪੁੱਤਰ ਸ਼੍ਰੀ ਚੂੜ੍ਹਾ ਰਾਮ ਬਿਆਸ ਪਿੰਡ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪ੍ਰੇਮ ਸੀ। ਹਾੜ ਦਾ ਮਹੀਨਾ 1970 ਈਸਵੀ ਦੀ ਗੱਲ ਹੈ। ਸ਼ਾਮ ਦਾ ਸਮਾਂ ਸੀ।ਮਹਾਰਾਜ ਜੀ ਨੇ ਕੜਾਹ ਪ੍ਰਸ਼ਾਦ ਬਣਵਾਇਆ ਅਤੇ ਪੰਜ ਸ਼ਬਦ ਮਰਗ ਦੇ ਕਹਾ ਕੇ ਸ਼੍ਰੀ ਸੇਰੂ ਰਾਮ ਜੀ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ। ਉਸ ਸਮੇਂ ਸ਼੍ਰੀ ਪਾਲਾ ਰਾਮ ਨੇ ਕਿਹਾ ਕਿ ਮਹਾਰਾਜ ਜੀ ਸੇਰੂ ਰਾਮ ਤਾਂ ਬਿਲਕੁਲ ਠੀਕ ਹੈ।ਮਹਾਰਾਜ ਜੀ ਨੇ ਫ਼ਰਮਾਇਆ ਕਿ ਕੱਲ ਸਵੇਰੇ ਤੜਕੇ ਅਸੀਂ ਸੇਰੂ ਰਾਮ ਲੰਬੜਦਾਰ ਨੂੰ ਤੋਰਨ ਜਾਣਾ ਹੈ। ਦੂਸਰੇ ਦਿਨ ਸਵੇਰੇ ਪੰਜ ਵਜੇ ਮਹਾਰਾਜ ਜੀ ਸ਼੍ਰੀ ਸੇਰੂ ਰਾਮ ਦੇ ਘਰ ਗਏ। ਸ਼੍ਰੀ ਸੇਰੂ ਰਾਮ ਨੂੰ ਰਾਤ ਸਮੇਂ ਹੀ ਸਾਹ ਦੀ ਤਕਲੀਫ ਹੋ ਗਈ ਸੀ। ਜਿਸ ਸਮੇਂ ਮਹਾਰਾਜ ਜੀ ਸ਼੍ਰੀ ਸੇਰੂ ਰਾਮ ਦੇ ਘਰ ਗਏ ਤਾਂ ਮਹਾਰਾਜ ਜੀ ਦੇ ਦਰਸ਼ਨ ਕਰਨ ਨਾਲ ਹੀ ਉਸ ਨੇ ਆਪਣੇ ਪ੍ਰਾਣ ਤਿਆਗ ਦਿੱਤੇ। ਉਸ ਸਮੇਂ ਉਹਨਾਂ ਦਾ ਸਪੁੱਤਰ ਪ੍ਰਕਾਸ਼ ਰਾਮ ਪਟਵਾਰੀ ਕੋਲ ਸਨ।

(ਖੁਦ ਸ਼੍ਰੀ ਪ੍ਰਕਾਸ਼ ਚੰਦ ਪਟਵਾਰੀ ਪੁੱਤਰ ਸ਼੍ਰੀ ਸੇਰੂ ਰਾਮ ਜੀ ਬਿਆਸ ਪਿੰਡ 20-06-2003)

## ਸਾਖੀ ਨੰਬਰ 36

## ਸ਼੍ਰੀ ਜਗਤ ਰਾਮ ਦੀ ਮੁਕਤੀ ਕਰਨੀ।

ਸ਼੍ਰੀ ਜਗਤ ਰਾਮ ਜੀ ਰਸੋਈਆ ਪਿੰਡ ਬੱਲ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ।ਉਹ ਮਹਾਰਾਜ ਜੀ ਪਾਸ ਰਿਹਾ ਕਰਦੇ ਸਨ, ਲੰਗਰ ਵਿਚ ਸੇਵਾ ਕਰਿਆ ਕਰਦੇ ਸਨ।ਲਗਭਗ 1966-67 ਈਸਵੀ ਦੀ ਗੱਲ ਹੈ।ਜਦੋਂ ਉਹਨਾਂ ਦਾ ਅੰਤਮ ਸਮਾਂ ਆਇਆ ਤਾਂ ਮਹਾਰਾਜ ਜੀ ਨੇ ਉਸ ਨੂੰ ਤੜਕੇ ਉਠਾ ਕੇ, ਇਸ਼ਨਾਨ ਕਰਕੇ ਨਵੇਂ ਵਸਤਰ ਪਾਉਣ ਲਈ ਕਿਹਾ।ਜਦੋਂ ਉਸ ਨੇ ਅਜਿਹਾ ਕੀਤਾ ਤਾਂ ਮਹਾਰਾਜ ਜੀ ਨੇ ਫ਼ਰਮਾਇਆ ਕਿ ਜਗਤ ਰਾਮ ਤੇਰਾ ਸਮਾਂ ਪੂਰਾ ਹੋ ਗਿਆ ਹੈ, ਤਾਂ ਫਿਰ ਮਹਾਰਾਜ ਜੀ ਨੇ ਫ਼ਰਮਾਇਆ ਕਿ ਚੌਂਕੜੀ ਲਗਾ ਕੇ ਭਜਨ ਕਰੋ।ਉਹਨਾਂ ਅਜਿਹਾ ਹੀ ਕੀਤਾ ਅਤੇ ਉਸ ਤਰ੍ਹਾਂ ਹੀ ਬੈਠੇ ਉਹਨਾਂ ਆਪਣਾ ਸਰੀਰ ਤਿਆਗ ਦਿੱਤਾ।

## ਸਾਖੀ ਨੰਬਰ 37

## ਸ਼੍ਰੀ ਹਰਗੋਪਾਲ ਸਿੰਘ ਤੇ ਬੀਬੀ ਮਹਿੰਦਰ ਕੌਰ ਨੂੰ ਔਲਾਦ ਦੀ ਬਖ਼ਸ਼ਿਸ਼

1968 ਈਸਵੀ ਗਰਮੀਆਂ ਦੇ ਦਿਨ ਸਨ।ਸ਼੍ਰੀ ਹਰਗੋਪਾਲ ਪੁੱਤਰ ਸ਼੍ਰੀ ਜੈ ਸਿੰਘ ਤੇ ਉਹਨਾਂ ਦੀ ਸੁਪਤਨੀ ਬੀਬੀ ਮਹਿੰਦਰ ਕੌਰ ਪਿੰਡ ਸਿਆਜਪੁਰ ਨੇੜੇ ਟਾਂਡਾ (ਅੱਜ

ਕੱਲ ਹੁਸ਼ਿਆਰਪੁਰ) ਸੰਤ ਸਰਵਣ ਦਾਸ ਜੀ ਦੀ ਮਹਿਮਾ ਸੁਣ ਕੇ ਡੇਰੇ ਵਿਖੇ ਪਹੁੰਚੇ। ਮਹਾਰਾਜ ਜੀ ਉਸ ਦਿਨ ਮੁਕੇਰੀਆਂ ਗਏ ਸਨ। ਜਦੋਂ ਮਹਾਰਾਜ ਜੀ ਸ਼ਾਮ ਨੂੰ ਡੇਰੇ ਪਹੁੰਚੇ ਤਾਂ ਆਪ ਜੀ ਥੜ੍ਹੇ ਉਪਰ ਬੈਠ ਗਏ। ਸ੍ਰੀ ਹਰਗੋਪਾਲ ਸਿੰਘ ਤੇ ਬੀਬੀ ਮਹਿੰਦਰ ਕੌਰ ਦਰ ਹੀ ਨਮਸਕਾਰ ਕਰ ਕੇ ਬੈਠ ਗਏ। ਮਹਾਰਾਜ ਜੀ ਨੇ ਫ਼ਰਮਾਇਆ , ਕੁੜੇ ਤੁਸੀਂ ਕਿੱਥੋਂ ਆਏ ਹੋ। ਦੋਨੋਂ ਪਤੀ-ਪਤਨੀ ਨੇ ਬੇਨਤੀ ਕੀਤੀ ਕਿ ਮਹਾਰਾਜ ਸਾਡੇ ਕੋਈ ਔਲਾਦ ਨਹੀਂ ਹੈ। ਮਕਾਨ ਵੀ ਕੱਚੇ ਹਨ। ਗਰੀਬੀ ਬਹੁਤ ਹੈ ਅਤੇ ਨੌਕਰੀ ਵੀ ਨਹੀਂ ਮਿਲੀ। ਮਹਾਰਾਜ ਜੀ ਦੋਨਾਂ ਨੂੰ ਅਲੱਗ ਆਪਣੇ ਕੋਲ ਲੈ ਗਏ ਅਤੇ ਫ਼ਰਮਾਇਆ ਕੋਈ ਫਿਕਰ ਨਹੀਂ ਕਰਨਾ। ਤੁਹਾਡੇ ਕਰਮਾਂ ਵਿਚ ਪੰਜ ਫਲ ਹਨ। ਇਕ ਬੱਚਾ ਤੀਸਰੇ ਮਹੀਨੇ ਗਰਭ ਸਮੇਂ ਗਿਰ ਜਾਵੇਗਾ। ਦੂਸਰਾ ਮਰਿਆ ਪੈਦਾ ਹੋਵੇਗਾ ਅਤੇ ਤਿੰਨ ਠੀਕ ਰਹਿਣਗੇ। ਮਕਾਨ ਬਹੁਤ ਸੁੰਦਰ ਬਣਨਗੇ ਅਤੇ ਨੌਕਰੀ ਵੀ ਮਿਲ ਜਾਵੇਗੀ।

ਬੀਬੀ ਮਹਿੰਦਰ ਕੌਰ ਨੇ ਦੱਸਿਆ ਕਿ ਮਹਾਰਾਜ ਜੀ ਦੇ ਸਭ ਬਚਨ ਸਤਿ ਹੋਏ। ਮੇਰੇ ਤਿੰਨ ਬੱਚੇ ਹਨ। ਕਾਕਾ ਬਿਕਰਮ ਸਿੰਘ ਹੈ। ਦੋ ਲੜਕੀਆਂ ਨੇਭੂ ਤੇ ਮਨਜੀਤ। ਮੇਰੇ ਪਤੀ ਨੂੰ ਨੌਕਰੀ ਵੀ ਮਿਲ ਗਈ ਸੀ ਅਤੇ ਸਾਡੇ ਮਕਾਨ ਵੀ ਬਹੁਤ ਵਧੀਆ ਹਨ। ਸੰਤ ਸਰਵਣ ਦਾਸ ਜੀ ਦੀ ਕ੍ਰਿਪਾ ਨਾਲ ਸਾਨੂੰ ਕਿਸੇ ਚੀਜ਼ ਦੀ ਕਮੀ ਨਹੀਂ ਹੈ।

(ਖੁਦ ਬੀਬੀ ਮਹਿੰਦਰ ਕੌਰ ਪਤਨੀ ਸ੍ਰੀ ਹਰਗੋਪਾਲ ਸਿੰਘ ਪੁੱਤਰ ਸ੍ਰੀ ਜੈ ਸਿੰਘ
ਪਿੰਡ ਸੁਆਜਪੁਰ ਨੇੜੇ ਟਾਂਡਾ, ਅੱਜ ਕੱਲ ਗਲੀ ਨੰਬਰ 4,
ਮੁਹੱਲਾ ਰੂਪ ਨਗਰ, ਹੁਸ਼ਿਆਰਪੁਰ) **20-06-2003**

## ਸਾਖੀ ਨੰਬਰ 38

## ਸ੍ਰੀ ਕ੍ਰਿਪਾਲ ਸਿੰਘ ਦੀ ਰੱਖਿਆ ਕਰਨੀ।

ਬੀਬੀ ਮਹਿੰਦਰ ਕਰ ਨੇ ਦੱਸਿਆ ਕਿ ਮੇਰੇ ਦਿਓਰ ਸਰਪੰਚ ਕਿਰਪਾਲ ਸਿੰਘ ਨੂੰ ਬਹੁਤ ਦੌਰੇ ਪੈਂਦੇ ਸਨ। ਉਸ ਦੀ ਦਿਮਾਗੀ ਹਾਲਤ ਵੀ ਠੀਕ ਨਹੀਂ ਸੀ ਰਹਿੰਦੀ। ਅਸੀਂ ਉਸ ਨੂੰ ਸੰਤ ਸਰਵਣ ਦਾਸ ਜੀ ਕੋਲ ਲੈ ਕੇ ਆਏ। ਮਹਾਰਾਜ ਜੀ ਨੇ ਦੇਸੀ ਦਵਾਈ ਦਿੱਤੀ ਅਤੇ ਕਿਹਾ ਕਿ ਇਸ ਨੇ ਸਮਾਂ ਪਾ ਕੇ ਠੀਕ ਹੋਣਾ ਹੈ।

1974 ਈਸਵੀ ਦੀ ਗੱਲ ਹੈ ਕਿ ਸ਼ਾਮ 6 ਵਜੇ ਉਹ ਖੂਹ ਵਿਚ ਡਿੱਗ ਪਿਆ। ਰਾਤ 12 ਵਜੇ ਜਦੋਂ ਘਰਦਿਆਂ ਨੇ ਉਸਨੂੰ ਖੂਹ ਵਿਚੋਂ ਬਾਹਰ ਕੱਢਿਆ, ਤਾਂ ਉਸ ਨੇ ਘਾਹ ਨੂੰ ਪਕੜਿਆ ਹੋਇਆ ਸੀ। ਉਸ ਦਾ ਅੱਧਾ ਸਰੀਰ ਪਾਣੀ ਵਿਚੋਂ ਬਾਹਰ ਸੀ ਉਸ ਨੇ ਸਾਨੂੰ ਦੱਸਿਆ ਕਿ ਜਦੋਂ ਮੈਂ ਖੂਹ ਵਿਚ ਡਿੱਗ ਪਿਆ ਸੀ ਤਾਂ ਉਸ ਸਮੇਂ ਸੰਤ ਸਰਵਣ ਦਾਸ ਜੀ ਨੇ ਮੈਨੂੰ ਪ੍ਰਗਟ ਹੋ ਕੇ ਕਿਹਾ ਸੀ ਕਿ ਫਿਕਰ ਨਹੀਂ ਕਰਨਾ। ਇਸ ਘਾਹ ਨੂੰ ਪਕੜ

ਲੈ। ਇਸ ਪ੍ਰਕਾਰ ਮਹਾਰਾਜ ਜੀ ਨੇ ਉਸ ਦੀ ਰੱਖਿਆ ਕੀਤੀ। ਉਸ ਤੋਂ ਬਾਅਦ ਕਿਰਪਾਲ ਸਿੰਘ ਦੀ ਸਿਹਤ ਠੀਕ ਹੋ ਗਈ। ਅੱਜ ਮਹਾਰਾਜ ਜੀ ਦੀ ਕਿਰਪਾ ਨਾਲ ਉਹ ਪਿੰਡ ਦਾ ਸਰਪੰਚ ਹੈ।

(ਸੁਆਜਪੁਰ ਟਾਂਡਾ ਦੇ ਸਰਪੰਚ, ਬੀਬੀ ਮਹਿੰਦਰ ਕੌਰ ਪਤਨੀ ਸ਼੍ਰੀ ਹਰਗੋਪਾਲ ਸਿੰਘ, ਹੁਸ਼ਿਆਰਪਰ)

## ਸਾਖੀ ਨੰਬਰ 39

## ਮਹਾਰਾਜ ਜੀ ਦੀ ਭਵਿੱਖਬਾਣੀ

ਮਿਸਤਰੀ ਦਲੀਪ ਸਿੰਘ, ਅਬਾਦਪੁਰਾ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਉਹਨਾਂ ਦੇ ਹੱਥੀਂ ਹੀ ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਰ, ਬਨਾਰਸ ਅਤੇ ਡੇਰਾ ਸੱਚਖੰਡ ਬੱਲਾਂ ਵਾਲੇ ਮੰਦਰ ਅਤੇ ਪਿੰਡ ਵਾਲੇ ਮੰਦਰ ਦੀ ਉਸਾਰੀ ਹੋਈ ਸੀ। 1971 ਈਸਵੀ ਦੀ ਗੱਲ ਹੈ, ਮਈ-ਜੂਨ ਦਾ ਮਹੀਨਾ ਸੀ। ਮਿਸਤਰੀ ਦਲੀਪ ਸਿੰਘ, ਉਨ੍ਹਾਂ ਦਾ ਭਰਾ ਮਿਸਤਰੀ ਅਰਜਨ ਸਿੰਘ ਅਤੇ ਸਪੁੱਤਰ ਕਰਨੈਲ ਸਿੰਘ ਉਨ੍ਹਾਂ ਦੇ ਨਾਲ ਸਨ। ਮਹਾਰਾਜ ਜੀ ਉਨ੍ਹਾਂ ਨੂੰ ਸਾਰਾ ਡੇਰਾ ਦਿਖਾਉਂਦੇ ਹੋਏ, (ਜਿੱਥੇ ਅੱਜ ਸੰਤ ਸਰਵਣ ਦਾਸ ਮਹਾਰਾਜ ਜੀ ਦਾ ਅੰਗੀਠਾ ਸਾਹਿਬ ਬਣਿਆ ਹੋਇਆ ਹੈ) ਵਾਲੇ ਅਸਥਾਨ ਤੇ ਲਿਆ ਕੇ ਫ਼ਰਮਾਇਆ ਕਿ ਮਿਸਤਰੀ ਦਲੀਪ ਸਿੰਘ, ਇੱਥੇ ਇਕ ਸਾਲ ਬਾਅਦ ਤੈਨੂੰ ਕੁਝ ਬਣਾਉਣਾ ਪੈਣਾ ਹੈ। ਪਰ ਉਸ ਸਮੇਂ ਉਹ ਕੁਝ ਸਮਝੇ ਨਹੀਂ। ਜਦੋਂ ਇੱਕ ਸਾਲ ਬਾਅਦ 11 ਜੂਨ, 1972 ਨੂੰ ਮਹਾਰਾਜ ਜੀ ਜੋਤੀ ਜੋਤਿ ਸਮਾ ਗਏ ਤਾਂ ਓਸ ਥਾਂ ਤੇ (ਮਹਾਰਾਜ ਜੀ ਵਲੋਂ ਨਿਰਦੇਸ਼ਤ) ਮਹਾਰਾਜ ਜੀ ਦਾ ਵਿਧੀ ਪੂਰਵਕ ਸੰਸਕਾਰ ਕੀਤਾ ਗਿਆ ਅਤੇ ਕੁਝ ਚਿਰ ਬਾਅਦ ਸੰਤ ਹਰੀ ਦਾਸ ਜੀ ਵਲੋਂ ਆਗਿਆ ਹੋਈ ਕਿ ਸੰਸਕਾਰ ਵਾਲੀ ਜਗ੍ਹਾ ਤੇ ਹੀ ਮਹਾਰਾਜ ਸਰਵਣ ਦਾਸ ਜੀ ਦੀ ਇਕ ਢੁੱਕਵੀਂ ਯਾਦਗਾਰ ਤਿਆਰ ਕੀਤੀ ਜਾਵੇ। ਉਪਰੰਤ ਸੰਤ ਹਰੀ ਦਾਸ ਜੀ ਅਤੇ ਸੰਤ ਗਰੀਬ ਦਾਸ ਜੀ ਦੀ ਆਗਿਆ ਅਨੁਸਾਰ ਮਹਾਰਾਜ ਜੀ ਦਾ ਮੌਜੂਦਾ ਅੰਗੀਠਾ ਸਾਹਿਬ ਤਿਆਰ ਕਰਨ ਦੀ ਯੋਜਨਾ ਬਣਾਈ ਗਈ। ਜਦੋਂ ਮਿਸਤਰੀ ਹੁਰਾਂ ਨੂੰ ਅੰਗੀਠਾ ਸਾਹਿਬ ਬਣਾਉਣ ਦਾ ਹੁਕਮ ਹੋਇਆ ਤਾਂ ਉਹਨਾਂ ਨੂੰ ਮਹਾਰਾਜ ਜੀ ਦੇ ਉਹ ਸ਼ਬਦ ਯਾਦ ਆ ਗਏ ਕਿ ਦਲੀਪ ਸਿੰਘ ਇੱਥੇ ਇੱਕ ਸਾਲ ਬਾਦ ਕੁਝ ਨਾ ਕੁਝ ਬਣਨਾ ਹੈ।

(ਮਿਸਤਰੀ ਕਰਨੈਲ ਸਿੰਘ ਪੁੱਤਰ ਸ਼੍ਰੀ ਦਲੀਪ ਸਿੰਘ ਅਬਾਦਪੁਰਾ, ਜਲੰਧਰ 20-06-03)

## ਸਾਖੀ ਨੰਬਰ 40

## 108 ਸੰਤ ਸਰਵਣ ਦਾਸ ਜੀ (ਉਦਾਸੀਨ) ਮਹਾਰਾਜ ਜੀ ਦਾ

## 108 ਸੰਤ ਬਾਬਾ ਭਗਤ ਗਿਰ ਜੀ ਨਾਲ ਮਿਲਾਪ

ਇਕ ਵਾਰੀ 108 ਸੰਤ ਬਾਬਾ ਸਰਵਣ ਦਾਸ ਮਹਾਰਾਜ ਜੀ 108 ਸੰਤ ਬਾਬਾ ਭਗਤ ਰਾਮ ਗਿਰ ਜੀ (ਸੰਨਿਆਸ) ਮਹਾਰਾਜ ਦੇ ਡੇਰੇ ਨੰਗਲ ਵਿਖੇ ਆਏ। ਇਸ ਤੋਂ ਪਹਿਲਾਂ ਵੀ ਕਈ ਵਾਰ ਆਏ ਸਨ ਪਰ ਇਸ ਵਾਰ ਸੰਤ ਇਕੱਲੇ ਹੀ ਆਏ ਸਨ। ਸੰਤਾਂ ਦਾ ਇੱਥੇ ਆਉਣਾ ਉਸ ਸਮੇਂ ਹੁੰਦਾ ਸੀ ਜਦੋਂ ਅੰਬ ਟਪਕਣ ਲੱਗ ਪੈਂਦੇ ਸਨ। ਦੋਵੇਂ ਸੰਤ ਉਸ ਸਮੇਂ ਸ਼ਕਤੀ ਅਤੇ ਭਗਤੀ ਵਿੱਚ ਭਰਪੂਰ ਸਨ ਅਤੇ ਦੋਹਾਂ ਦੇ ਚਿਹਰੇ ਨੂਰਾਨੀ ਨੂਰ ਨਾਲ ਦਗ ਦਗ ਕਰ ਰਹੇ ਸਨ ਤੇ ਭਗਤੀ ਦਾ ਨੂਰ ਝਲਕਾਰੇ ਮਾਰ ਰਿਹਾ ਸੀ। ਦੋਵੇਂ ਹਸਤੀਆਂ ਸ਼ਾਂਤ ਚਿੱਤ ਸਨ।ਜਦੋਂ ਸੰਤ ਸਰਵਣ ਦਾਸ ਜੀ ਡੇਰੇ ਪਹੁੰਚੇ ਤਾਂ ਦੋਹਾਂ ਮਹਾਤਮਾ ਨੇ ਆਪਸ ਵਿਚ ਨਮਸਕਾਰ ਕੀਤੀ ਤੇ ਫਿਰ ਸੰਤ ਸਰਵਣ ਦਾਸ ਜੀ ਨੇ ਬਾਬਾ ਜੀ ਦੇ ਕਹਿਣ ਤੇ ਆਸਣ ਗ੍ਰਹਿਣ ਕੀਤਾ। ਫਿਰ ਮੈਂ (ਬਤਨਾ ਰਾਮ ਗਿਰ) ਜਲ ਪਾਨ ਦਾ ਪੁੱਛਿਆ ਤੇ ਸੰਤਾਂ ਦੇ ਕਹਿਣ ਤੇ ਸੰਤਾਂ ਨੂੰ ਠੰਡਾ ਪਾਣੀ ਪਿਲਾਇਆ। ਫਿਰ ਮੈਂ ਪ੍ਰਸ਼ਾਦੇ ਬਾਰੇ ਪੁੱਛਿਆ ਤੇ ਸੰਤ ਜੀ ਨੇ ਕਿਹਾ ਕਾਕਾ ਹਾਲਾਂ ਨਹੀਂ ਛਕਣਾ। ਫਿਰ ਬਾਬਾ ਜੀ ਨੇ ਮੈਨੂੰ ਬੁਲਾ ਕੇ ਕਿਹਾ ਕਾਕਾ ਸੰਤਾਂ ਦਾ ਬਿਸਤਰਾ ਬੰਗਲੇ ਦੇ ਪਿੱਛੇ ਤਖ਼ਤਪੋਸ਼ ਤੇ ਲਗਾ ਦਿਓ ਤਾਂ ਕਿ ਸੰਤ ਜੀ ਅਰਾਮ ਕਰ ਲੈਣ। ਮੈਂ, ਰਾਮ ਸਰਨ ਤੇ ਕੁਝ ਸੇਵਕਾਂ ਨੇ ਰਲ ਕੇ ਤਖ਼ਤ ਪੋਸ਼ ਬਾਹਰ ਰੱਖ ਕੇ ਉੱਪਰ ਸਵੱਛ ਬਿਸਤਰਾ ਕਰ ਦਿੱਤਾ। ਉਸ ਤੇ ਸੰਤ ਜੀ ਬਿਰਾਜਮਾਨ ਹੋ ਗਏ।

ਇਸ ਤੋਂ ਉਪਰੰਤ ਮੈਂ ਬਾਬਾ ਜੀ ਕੋਲ ਚਲਾ ਗਿਆ ਤੇ ਪੁੱਛਿਆ ਗੁਰੂ ਜੀ ਤੁਸੀਂ ਤਾਂ ਕਿਸੇ ਸੰਤ ਨੂੰ ਕਦੇ ਬਿਸਤਰੇ ਤੇ ਮੰਜੇ ਵਾਸਤੇ ਨਹੀਂ ਸੀ ਕਿਹਾ ਤੇ ਅੱਜ ਤੁਸੀਂ ਸੰਤਾਂ ਵਾਸਤੇ ਤਖ਼ਤਪੋਸ਼ ਤੇ ਬਿਸਤਰਾ ਲਗਵਾਇਆ ਹੈ। ਇਹ ਕੀ ਕਾਰਨ ਹੈ। ਕਾਕਾ ਤੁਹਾਨੂੰ ਹਾਲਾਂ ਸੰਤ ਦੀ ਪਹਿਚਾਨ ਨਹੀਂ ਆਈ। ਇਹ ਸੰਤ ਤਖ਼ਤਪੋਸ਼ਾਂ ਤੇ ਹੀ ਬੈਠਣ ਵਾਲੇ ਹਨ। ਹੁਣ ਜਾ ਕੇ ਪੁੱਛ ਕੇ ਆ ਕਿ ਸੰਤ ਜੀ ਦੁੱਧ ਪੀਓਗੇ ਕਿ ਸ਼ਰਦਾਈ। ਮੈਂ ਇਸੇ ਹੀ ਤਰ੍ਹਾਂ ਪੁੱਛਿਆ ਤਾਂ ਸੰਤਾਂ ਨੇ ਕਿਹਾ ਕਾਕਾ ਜੋ ਕੁਝ ਹੈ ਉਹ ਹੀ ਲੈ ਆ।

ਉਸ ਸਮੇਂ ਡੇਰੇ ਵਿੱਚ ਮੱਝਾਂ ਗਾਵਾਂ ਕਾਫੀ ਸਨ ਤੇ ਪੰਜ ਕੁ ਪਸ਼ੂ ਦੁੱਧ ਦਿੰਦੇ ਸਨ। ਦੁੱਧ ਦੀ ਕਮੀ ਨਹੀਂ ਸੀ। ਮੈਂ 2 ਕੁ ਕਿੱਲੋ ਦੁੱਧ ਗਰਮ ਕੀਤਾ ਤੇ ਮਿੱਠਾ ਪਾ ਕੇ ਸੰਤਾਂ ਅੱਗੇ ਜਾ ਰੱਖਿਆ। ਸੰਤਾਂ ਨੇ ਬੜੇ ਪ੍ਰੇਮ ਨਾਲ ਦੁੱਧ ਛਕਿਆ। ਫਿਰ ਦੁਪਹਿਰ ਨੂੰ ਸ਼ਰਦਾਈ ਘੋਟ ਕੇ ਪਿਲਾਈ। ਸੰਤ ਸਰਵਣ ਦਾਸ ਜੀ ਬਹੁਤ ਖੁਸ਼ ਹੋਏ। ਫਿਰ ਮੈਂ ਪੁੱਛਿਆ ਸੰਤ ਜੀ ਅੰਬ ਚੂਪੋਗੇ ਤਾਂ ਸੰਤਾਂ ਕਿਹਾ "ਕਾਕਾ ਜੇਕਰ ਅੰਬ ਡੇਰੇ ਵਿੱਚ ਹਨ ਤਾਂ ਚੂਪ ਲਵਾਂਗੇ"। ਪਰ

ਸਾਡੇ ਵਾਸਤੇ ਮੁੱਲ ਨਹੀਂ ਲਿਆਉਣੇ। ਜੇ ਹੋਣ ਤਾਂ ਥੋੜ੍ਹਾ ਠਹਿਰ ਕੇ ਚੂਪਾਂਗੇ। ਇਹ ਕਹਿ ਕੇ ਸੰਤ ਜੀ ਤਖ਼ਤਪੋਸ਼ ਤੇ ਲੰਮੇ ਪੈ ਗਏ ਤੇ ਮੈਂ ਜਾ ਕੇ ਬਾਬਾ ਜੀ ਨੂੰ ਕਿਹਾ, ਸੰਤਾਂ ਨੇ ਕਿਹਾ ਕਿ ਜੇਕਰ ਡੇਰੇ ਵਿੱਚ ਅੰਬ ਹੋਣ ਤਾਂ ਚੂਪ ਲਵਾਂਗੇ ਪਰ ਮੁੱਲ ਨਹੀਂ ਲਿਆਉਣੇ। ਉਸ ਸਮੇਂ ਅੰਬਾਂ ਦਾ ਬਹੁਤ ਜ਼ੋਰ ਸੀ ਤੇ ਸਸਤੇ ਵੀ ਸਨ। ਪਰ ਡੇਰੇ ਵਿਚ ਅੰਬ ਨਹੀਂ ਸਨ।

ਮੇਰੀ ਤੇ ਬਾਬਾ ਜੀ ਦੀ ਅੰਬਾਂ ਬਾਰੇ ਗੱਲਬਾਤ ਹੋ ਰਹੀ ਸੀ ਕਿ ਇਕ ਆਦਮੀ ਟੋਕਰੀ ਚੁੱਕੀ ਡੇਰੇ ਵੱਲ ਆਉਂਦਾ ਮੇਰੀ ਨਜ਼ਰ ਪਿਆ। ਸਾਡੇ ਗੱਲਾਂ ਕਰਦੇ ਕਰਦੇ ਹੀ ਟੋਕਰੀ ਵਾਲੇ ਨੇ ਭਰੀ ਹੋਈ ਟੋਕਰੀ ਬਾਬਾ ਜੀ ਅੱਗੇ ਰੱਖ ਕੇ ਮੱਥਾ ਟੇਕਿਆ ਤੇ ਬੈਠ ਗਿਆ। ਮੈਂ ਉਸ ਨੂੰ ਜਲ ਪਾਨ ਕਰਾਇਆ। ਜਲ ਪਾਨ ਕਰਕੇ ਫਿਰ ਬਾਬਾ ਜੀ ਕੋਲ ਬੈਠ ਗਿਆ।

ਬਾਬਾ ਜੀ ਨੇ ਕਿਹਾ ਬਤਨਾ ਰਾਮਾਂ, "ਜੀ ਗੁਰੂ ਜੀ", "ਲਉ ਹੁਣ ਅੰਬ ਆ ਗਏ ਹਨ ਤੇ ਸੰਤਾਂ ਨੂੰ ਠੰਡੇ ਪਾਣੀ ਨਾਲ ਧੋ ਕੇ ਦੇਣੇ"। ਸੰਤਾਂ ਦੇ ਜਾਗਣ ਉਪਰੰਤ ਮੈਂ ਪੁੱਛਿਆ, ਜੀ ਤੁਹਾਡੇ ਵਾਸਤੇ ਅੰਬ ਲੈ ਆਈਏ ਤਾਂ ਸੰਤਾਂ ਨੇ ਹਾਂ ਕਹਿ ਦਿੱਤਾ। ਅਸੀਂ ਹਲਟੀ ਦਾ ਠੰਡਾ ਪਾਣੀ ਕੱਢਿਆ ਤੇ ਬਾਲਟੀ ਵਿੱਚ ਅੰਬ ਪਾ ਕੇ ਸੰਤਾਂ ਅੱਗੇ ਰੱਖ ਦਿੱਤੇ। ਬਾਲਟੀ ਅੰਬਾਂ ਦੀ ਦੇਖ ਕੇ ਸੰਤਾਂ ਨੇ ਪੁੱਛਿਆ "ਕਾਕਾ ਅੰਬ ਮੁੱਲ ਤਾਂ ਨਹੀਂ ਲਿਆਂਦੇ"। "ਨਹੀਂ ਜੀ। ਮੁੱਲ ਨਹੀਂ ਲਿਆਂਦੇ। ਹੁਣੇ ਹੀ ਇਕ ਸੇਵਕ ਅੰਬਾਂ ਦੀ ਟੋਕਰੀ ਲੈ ਕੇ ਆਇਆ ਹੈ"। ਟੋਕਰੀ ਦੀ ਗੱਲ ਸੁਣ ਕੇ ਸੰਤ ਜੀ ਹੱਸ ਪਏ। ਮੈਂ ਪੁੱਛਿਆ, ਇਹ ਦੱਸੋ ਜੀ ਤੁਸੀਂ ਹੱਸੇ ਕਿਉਂ ਜੀ। "ਕਾਕਾ ਤੂੰ ਪੁੱਛ ਕੇ ਕੀ ਕਰਨਾ ਹੈ"। ਮੈਂ ਵੀ ਪੁੱਛਣ ਦਾ ਹੱਠ ਕੀਤਾ ਤਾਂ ਸੰਤਾਂ ਨੇ ਕਿਹਾ ਕਾਕਾ ਬਾਬਾ ਜੀ ਦੀ ਅਗਾਧ ਲੀਲ੍ਹਾ ਹੈ। ਵੱਡੀਆਂ ਸ਼ਕਤੀਆਂ ਦੇ ਮਾਲਕ ਹਨ। ਉਹਨਾਂ ਦੀਆਂ ਉਹ ਹੀ ਜਾਣਦੇ ਹਨ। ਇਹ ਕਹਿ ਕੇ ਸੰਤ ਅੰਬ ਚੂਪਣ ਲੱਗ ਪਏ ਤੇ ਮੈਂ ਫਿਰ ਬਾਬਾ ਜੀ ਕੋਲ ਆ ਕੇ ਬੈਠ ਗਿਆ।

ਉੱਥੇ ਹੋਰ ਸੇਵਕ ਵੀ ਬਾਬਾ ਜੀ ਦੇ ਕੋਲ ਬੈਠੇ ਹੋਏ ਸਨ ਤਾਂ ਇਕ ਸੇਵਕ ਨੇ ਬੇਨਤੀ ਕੀਤੀ ਬਾਬਾ ਜੀ ਕੋਈ ਸਿੱਖਿਆਦਾਇਕ ਗੱਲਾਂ ਦੱਸਣ ਦੀ ਕਿਰਪਾ ਕਰੋ ਜੀ। ਜਿਨ੍ਹਾਂ ਦੇ ਅਪਨਾਉਣ ਨਾਲ ਸਾਡਾ ਜੀਵਨ ਵੀ ਸੰਵਰ ਸਕੇ।

**ਬਾਬਾ ਜੀ** - "ਕਾਕਾ, ਗੱਲਾਂ ਤਾਂ ਬਹੁਤ ਹਨ। ਅਸੀਂ ਕੋਈ ਪੜ੍ਹੇ ਲਿਖੇ ਨਹੀਂ ਤੇ ਨਾ ਹੀ ਕੋਈ ਗ੍ਰੰਥ ਇਤਿਹਾਸ ਪੜ੍ਹਿਆ ਹੈ। ਪਰ ਫਿਰ ਵੀ ਤੁਹਾਨੂੰ ਕੁਝ ਦੱਸਦੇ ਹਾਂ"।

ਕਾਕਾ ਗ੍ਰਹਿਸਤੀ ਆਦਮੀ ਨੂੰ ਦਸਾਂ ਨਹੁੰਆਂ ਦੀ ਕਮਾਈ ਕਰਨੀ ਤੇ ਉਸ ਵਿਚੋਂ ਦਾਨ ਕਰਨਾ ਚਾਹੀਦਾ ਹੈ।

ਸੱਚ ਬੋਲਣਾ ਚਾਹੀਦਾ ਹੈ। ਨਿੰਦਿਆ, ਚੁਗਲੀ, ਬੁਰੇ ਪਰਸ਼ ਤੇ ਇਸਤਰੀ ਦੀ ਸੰਗਤ ਤੋਂ ਬਚਣਾ ਚਾਹੀਦਾ ਹੈ।

ਸਾਡੇ ਸਰੀਰ ਵਿੱਚ ਪੰਜ ਵਿਸ਼ੇ ਹਨ ਜੋ ਜੀਵ ਨੂੰ ਬਾਂਦਰ ਦੀ ਤਰ੍ਹਾਂ ਨਚਾ ਰਹੇ ਹਨ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਦਾ ਸਮੇਂ ਅਨੁਸਾਰ ਸਦ ਉਪਯੋਗ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਸਾਡਾ ਸੰਸਾਰਕ ਜੀਵਨ ਸੁਖਦਾਇਕ ਬਤੀਤ ਹੋਵੇਗਾ।

**ਬਤਨਾ** ਰਾਮ - ਗੁਰੂ ਜੀ ਜਨਮ, ਮਰਨ ਦਾ ਕੀ ਚੱਕਰ ਹੈ।

**ਗੁਰੂ ਜੀ** - ਇਹ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੁੰਦਾ ਹੈ।

ਆਸ਼ਾ ਤ੍ਰਿਸ਼ਨਾ ਦੇ ਅਧੀਨ ਹੈ।

ਪਾਪ ਪੁੰਨ ਦੇ ਅਧੀਨ ਹੈ।

ਅੰਤ ਸਮੇਂ ਜਿਸ ਵਸਤੂ ਵਿੱਚ ਆਸ਼ਾ ਜਾਂ ਤ੍ਰਿਸ਼ਨਾ ਹੋਵੇਗੀ ਉਸੇ ਜੂਨ ਵਿੱਚ ਉਸ ਦਾ ਜਨਮ ਹੋਵੇਗਾ। ਇਸ ਕਰਕੇ ਹੀ ਸਾਧੂ, ਸੰਤ, ਮਹਾਤਮਾ ਢੰਡੋਰਾ ਪਿੱਟ-ਪਿੱਟ ਕੇ ਕਹਿੰਦੇ ਹਨ ਕਿ ਅੰਤ ਸਮੇਂ ਹਰਿ ਸਿਮਰਨ ਕਰੋ। ਪਰ ਸੁਣਦਾ ਕੌਣ ਹੈ। ਕਾਕਾ ਅਸੀਂ ਬਾਣੀ ਪੜ੍ਹੀ ਤੇ ਨਹੀਂ ਪਰ ਸੁਣੀ ਜ਼ਰੂਰ ਹੈ। ਸਤਿਗੁਰੂ ਨਾਮਦੇਵ ਜੀ ਤੇ ਸਤਿਗੁਰੂ ਤ੍ਰਿਲੋਚਨ ਜੀ ਆਪਣੀ ਬਾਣੀ ਵਿੱਚ ਦੱਸਦੇ ਹਨ-

ਜੋ ਅੰਤ ਕਾਲ ਮਾਇਆ ਵਿੱਚ ਮਨ ਲਾਉਂਦਾ ਹੈ ਉਹ ਸਰਪ ਯੋਨ ਵਿੱਚ ਬਾਰ-2 ਆਉਂਦਾ ਹੈ।

ਜੋ ਅੰਤ ਸਮੇਂ ਇਸਤਰੀ ਵਿੱਚ ਮਨ ਲਾਉਂਦਾ ਹੈ ਉਹ ਵੇਸਵਾ ਯੋਨ ਵਿੱਚ ਬਾਰ-2 ਆਉਂਦਾ ਹੈ।

ਜੋ ਅੰਤ ਸਮੇਂ ਪੁੱਤਰਾਂ ਵਿੱਚ ਮਨ ਲਾਉਂਦਾ ਹੈ ਉਹ ਸੂਰ ਯੋਨ ਵਿੱਚ ਬਾਰ-2 ਆਉਂਦਾ ਹੈ।

ਜੋ ਅੰਤ ਸਮੇਂ ਮੰਦਰਾਂ (ਮਕਾਨਾਂ) ਵਿੱਚ ਮਨ ਲਾਉਂਦਾ ਹੈ ਉਹ ਬਾਰ-2 ਪ੍ਰੇਤ ਯੋਨ ਵਿੱਚ ਆਉਂਦਾ ਹੈ।

ਸਤਿਗੁਰੂ ਤ੍ਰਿਲੋਚਨ ਜੀ ਫੈਸਲਾ ਕਰਦੇ ਹਨ ਕਿ ਜੋ ਜੀਵ ਅੰਤ ਕਾਲ ਵਿੱਚ ਹਰਿ ਚਰਨਾਂ ਵਿੱਚ ਮਨ ਲਾਉਂਦਾ ਹੈ ਉਹ ਜਨਮ, ਮਰਨ ਤੋਂ ਰਹਿਤ ਹੋ ਜਾਂਦਾ ਹੈ। ਮੁਕਤ ਪਦ ਪਾ ਲੈਂਦਾ ਹੈ। ਸੋ ਜਨਮ ਮਰਨ ਦਾ ਕਾਰਨ ਤ੍ਰਿਸ਼ਨਾ ਤੇ ਇੱਛਾਵਾਂ ਹਨ। ਅਸੀਂ ਬਾਬਾ ਜੀ ਦੇ ਮਨੋਹਰ ਬਚਨ ਸ਼ਾਂਤ ਚਿਤ ਸੁਣ ਰਹੇ ਸਾਂ। ਫਿਰ ਬਾਬਾ ਜੀ ਨੇ ਕਿਹਾ, "ਅੰਤ ਕਾਲ ਤੇ ਕੋਈ ਹੀ ਹਰਿ ਸਿਮਰਨ ਕਰਦਾ ਹੈ"।

**ਬਤਨਾ** ਰਾਮ- ਗੁਰੂ ਜੀ ਨਿੰਦਿਆ ਕਿਸ ਨੂੰ ਕਹਿੰਦੇ ਹਨ ?

**ਗੁਰੂ ਜੀ**-ਜੋ ਗੱਲ ਕਿਸੇ ਨੇ ਕਹੀ ਨਾ ਹੋਵੇ, ਜਾਂ ਕਿਸੇ ਨਾਲ ਵਾਪਰੀ ਨਾ ਹੋਵੇ ਤੇ ਦੂਸਰਾ ਆਦਮੀ ਉਸ ਬਾਰੇ ਵਧਾ ਚੜ੍ਹਾ ਕੇ ਗੱਲ ਕਰੇ ਉਸ ਨੂੰ ਨਿੰਦਿਆ ਕਹਿੰਦੇ ਹਨ। ਸਭ ਧਰਮਾਂ ਦੇ ਗ੍ਰੰਥਾਂ ਨੇ ਇਸ ਤੋਂ ਬਚਣ ਲਈ ਵਾਰ-ਵਾਰ ਕਿਹਾ ਹੈ। ਪਰ ਮੂਰਖ ਪੁਰਸ਼

ਬਾਣੀ ਨੂੰ ਵੀ ਮੰਨਦੇ ਹਨ ਤੇ ਚੁਗਲੀ ਨਿੰਦਿਆ ਕਰਨਾ ਹੀ ਆਪਣਾ ਧਰਮ ਸਮਝਦੇ ਹਨ। ਕਿਸੇ ਦੀ ਨਿੰਦਿਆ ਚੰਗੀ ਨਹੀਂ ਹੈ। ਸੰਤਾਂ ਦੀ ਨਿੰਦਿਆ ਤਾਂ ਬਿਲਕੁਲ ਨਹੀਂ ਕਰਨੀ ਚਾਹੀਦੀ।

ਕਾਕਾ ਜੀਵ ਨੂੰ ਸ਼ੁੱਭ ਕਰਮ ਕਰਦੇ ਰਹਿਣਾ ਚਾਹੀਦਾ ਹੈ। ਫਲ ਦੀ ਇੱਛਾ ਨਹੀਂ ਕਰਨੀ ਚਾਹੀਦੀ। ਫਲ ਆਪੇ ਹੀ ਪ੍ਰਭੂ ਦੇਵੇਗਾ। ਕਾਕਾ ਸੰਤ ਮਾਰਗ ਬਹੁਤ ਕਠਿਨ ਹੈ। ਇਸ ਮਾਰਗ ਦਾ ਪਾਂਧੀ ਕੋਈ-ਕੋਈ ਹੀ ਹੁੰਦਾ ਹੈ। ਇਸ ਮਾਰਗ ਦੇ ਪਾਂਧੀ ਨੂੰ ਬਹੁਤ ਹੀ ਤਕਲੀਫਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੋ ਤਕਲੀਫਾਂ ਨੂੰ ਝੇਲ ਕੇ ਆਪਣੀ ਮੰਜ਼ਿਲ ਤੇ ਪਹੁੰਚ ਜਾਂਦਾ ਹੈ ਉਸ ਨੂੰ ਅੰਮ੍ਰਿਤ (ਫਲ) ਦੀ ਪ੍ਰਾਪਤੀ ਹੁੰਦੀ ਹੈ। ਬਾਬਾ ਜੀ ਉਪਦੇਸ ਬਹੁਤ ਹੀ ਘੱਟ ਕਰਦੇ ਸਨ। ਪਰ ਜਦੋਂ ਖੁਸ਼ੀ ਵਿੱਚ ਹੋਣ ਤਾਂ ਗੱਲਾਂ-ਗੱਲਾਂ ਵਿੱਚ ਹੀ ਕਈ ਅਗੰਮੀ ਗੱਲਾਂ ਕਹਿ ਜਾਂਦੇ ਸਨ ਜਿਨ੍ਹਾਂ ਨੂੰ ਸਮਝਣਾ ਅਤਿ ਕਠਿਨ ਹੁੰਦਾ ਸੀ। ਸਮਝ ਹੀ ਨਹੀਂ ਸੀ ਲੱਗਦੀ ਕਿ ਕੀ ਕਹਿ ਗਏ ਹਨ।

ਇਤਨੇ ਸਮੇਂ ਵਿੱਚ ਪਿੰਡ ਦੀ ਤੇ ਬਾਹਰ ਦੀ ਸੰਗਤ ਕਾਫੀ ਇਕੱਤਰ ਹੋ ਗਈ ਸੀ। ਸੂਰਜ ਚੜ੍ਹਦੇ ਨੂੰ ਸਲਾਮੀ ਦੇ ਕੇ ਲਹਿੰਦੇ ਹੀ ਬੁੱਕਲ ਵਿੱਚ ਛੁਪਣ ਦੀ ਤਿਆਰੀ ਕਰ ਰਿਹਾ ਸੀ। ਸੰਗਤ ਨੂੰ ਦੇਖ ਕੇ ਸੰਤ ਸਰਵਣ ਦਾਸ ਜੀ ਵੀ ਬਾਬਾ ਜੀ ਦੇ ਕੋਲ ਆ ਗਏ ਤੇ ਆਸਣ ਤੇ ਬੈਠ ਗਏ।

**ਸੰਤ ਸਰਵਣ ਦਾਸ ਜੀ-** "ਸੁਆਮੀ ਜੀ ਤੁਹਾਡਾ ਤਪ ਬਹੁਤ ਹੈ। ਜੇ ਪੈਰਾਂ ਭਾਰ ਬੈਠਦੇ ਹੋ ਤਾਂ 24 ਘੰਟੇ ਇਸੇ ਤਰ੍ਹਾਂ ਹੀ ਬੈਠੇ ਰਹਿੰਦੇ ਹੋ ਇਸੇ ਤਰ੍ਹਾਂ ਹੀ ਸਮਾਧੀ ਵਿੱਚ ਵੀ"।

**ਸੰਤ ਭਗਤ** ਰਾ**ਮ ਜੀ-** "ਸੰਤ ਜੀ ਇਹ ਅਭਿਆਸ ਦੀ ਗੱਲ ਹੈ ਜਿਤਨਾ ਮਰਜ਼ੀ ਵਧਾ ਸਕਦੇ ਹਾਂ ਪਰ ਮਨ ਦੀ ਮੈਲ ਕਿਸ ਤਰ੍ਹਾਂ ਧੋਈ ਜਾਂਦੀ ਹੈ"।

**ਬਾਬਾ ਜੀ-** "ਸੰਤ ਜੀ ਤਨ ਤੇ ਵਸਤਰਾਂ ਦੀ ਮੈਲ ਤਾਂ ਸਾਬਣ ਆਦਿ ਨਾਲ ਦੂਰ ਹੋ ਜਾਂਦੀ ਹੈ ਪਰ ਮਨ ਦੀ ਮੈਲ ਜਿਸ ਨੇ ਮਨ ਦੇ ਦਰਪਣ ਨੂੰ ਗੰਦਾ ਕਰ ਰੱਖਿਆ ਹੈ ਉੱਥੇ ਸਾਬਣ ਆਦਿ ਦੀ ਪਹੁੰਚ ਨਹੀਂ ਹੈ ਤੇ ਨਾ ਹੀ ਸਾਬਣ ਲੱਗ ਸਕਦਾ ਹੈ ਕਿਉਂਕਿ ਮਨ ਤੇ ਮੈਲ ਸੂਖਸ਼ਮ ਹਨ। ਅਸੀਂ ਦੇਖ ਨਹੀਂ ਸਕਦੇ। ਇਸ ਕਰਕੇ ਅਦ੍ਰਿਸ਼ ਵਸਤੂ ਅਦ੍ਰਿਸ਼ ਸਾਬਣ ਨਾਲ ਹੀ ਧੋ ਸਕਦੇ ਹਾਂ। ਉਹ ਹੈ ਨਾਮ ਰੂਪੀ ਸਾਬਣ ਤੇ ਸ਼ਰਧਾ ਦੇ ਪਾਣੀ ਨਾਲ ਧੋਤਾ ਜਾ ਸਕਦਾ ਹੈ ਤੇ ਅੰਤਰ ਆਤਮਾ ਨੂੰ ਪਵਿੱਤਰ ਕਰਕੇ ਆਪੇ ਨੂੰ ਪਛਾਣ ਸਕਦੇ ਹਾਂ"।

**ਸੰਤ ਜੀ-** "ਸੁਆਮੀ ਜੀ ਇਹ ਦੱਸਣ ਦੀ ਕਿਰਪਾ ਕਰੋ ਜੀ ਕੀ ਤਪ ਸਾਧਕ ਵਾਸਤੇ ਜ਼ਰੂਰੀ ਹਨ ? ਇਸ ਤੋਂ ਬਿਨਾਂ ਸਾਧ ਨਹੀਂ ਬਣਿਆ ਜਾ ਸਕਦਾ" ?

**ਬਾਬਾ ਜੀ-** "ਸੰਤ ਜੀ, ਜਿਸ ਤਰ੍ਹਾਂ ਸਰੀਰ ਨੂੰ ਚਲਾਉਣ ਵਾਸਤੇ ਅੰਨ, ਪਾਣੀ,

ਵਸਤਰ ਆਦਿ ਦੀ ਜ਼ਰੂਰਤ ਪੈਂਦੀ ਹੈ ਇਸੇ ਤਰ੍ਹਾਂ ਮਨ ਨੂੰ ਰੋਕਣ ਵਾਸਤੇ ਤਪ ਸਾਧਨ ਜ਼ਰੂਰੀ ਹਨ"।

**ਸੰਤ ਜੀ-** "ਤਪ ਸਾਧਨ ਨਾਲ ਮਨ ਦ੍ਰਿੜ ਹੁੰਦਾ ਹੈ। ਮਨ ਬਿਰਤੀਆਂ ਦੇ ਵੇਗ ਰੁੱਕ ਜਾਂਦੇ ਹਨ। ਆਸ਼ਾ ਤੇ ਤ੍ਰਿਸ਼ਨਾ ਦਾ ਦਮਨ ਹੁੰਦਾ ਹੈ ਤੇ ਸਾਧਕ ਪ੍ਰਭੂ ਪਰਾਇਣ ਹੋ ਜਾਂਦਾ ਹੈ"।

ਮਾਨ ਅਪਮਾਨ ਨੂੰ ਸਹਿਣ ਕਰਨ ਦੀ ਸਮਰੱਥਾ ਪ੍ਰਾਪਤ ਹੋ ਜਾਂਦੀ ਹੈ। ਵਿਸ਼ਿਆਂ ਤੇ ਵਿਜੈ ਪਾ ਲੈਂਦਾ ਹੈ। ਸਰੀਰ ਤੇ ਅਨੇਕਾਂ ਕਹਿ ਤੇ ਅਕਹਿ ਕਸ਼ਟਾਂ ਨੂੰ ਸਹਾਰਨ ਦੀ ਸਮਰੱਥਾ ਹੋ ਜਾਂਦੀ ਹੈ।

ਤਿੰਨ ਗੁਣਾਂ ਨੂੰ ਪਾਰ ਕਰਕੇ ਚੌਥੇ ਗੁਣ ਵਿੱਚ ਅਭੇਦ ਹੋ ਜਾਂਦਾ ਹੈ। ਸਹਿਜ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ।

**ਬਤਨਾ** ਰਾ**ਮ-** "ਗੁਰੂ ਜੀ ਇਹ ਦੱਸਣ ਦੀ ਕਿਰਪਾ ਕਰੋ ਜੀ, ਸੰਤਾਂ ਦੇ ਕੀ ਲੱਛਣ ਹੁੰਦੇ ਹਨ ਤੇ ਕੀ ਪਹਿਚਾਨ ਹੈ? ਮੇਰਾ ਪ੍ਰਸ਼ਨ ਸੁਣ ਕੇ ਬਾਬਾ ਜੀ ਨੇ ਕਿਹਾ, "ਕਾਕਾ ਇਸ ਦਾ ਜਵਾਬ ਸੰਤ ਸਰਵਣ ਦਾਸ ਜੀ ਦੇਣਗੇ। ਇਹ ਵਿਦਵਾਨ ਹਨ ਅਤੇ ਕਈ ਗ੍ਰੰਥ ਇਨ੍ਹਾਂ ਨੇ ਪੜ੍ਹੇ ਹੋਏ ਹਨ"।

ਇਹ ਸੁਣ ਕੇ ਸੰਤ ਜੀ ਨੇ ਦੱਸਣਾ ਸ਼ੁਰੂ ਕੀਤਾ "ਕਾਕਾ ਸੰਤਾਂ ਦੇ ਲੱਛਣ ਇਸ ਪ੍ਰਕਾਰ ਹਨ –

1. ਨਾਮ ਜਪਣਾ ਤੇ ਸਾਰਿਆਂ ਵਿੱਚ ਉਸ ਪਰੀਪੂਰਨ ਨੂੰ ਦੇਖਣਾ।
2. ਦੁੱਖ-ਸੁੱਖ ਵਿੱਚ ਇਕ ਰਸ ਰਹਿਣਾ ਤੇ ਸਾਰਿਆਂ ਨਾਲ ਨਿਰਵੈਰ ਰਹਿਣਾ।
3. ਸੰਤ ਪੰਜ ਦੋਖਾਂ (ਸ਼ਬਦ, ਸਪਰਸ਼, ਰੂਪ, ਰਸ, ਗੰਧ) ਤੋਂ ਰਹਿਤ ਹੁੰਦੇ ਹਨ ਤੇ ਸਾਰਿਆਂ ਨੂੰ ਇਨ੍ਹਾਂ ਤੋਂ ਬਚਣ ਦਾ ਉਪਦੇਸ਼ ਦਿੰਦੇ ਹਨ। ਸਭ ਜੀਵਾਂ ਤੇ ਦਇਆ ਕਰਨੀ।
4. ਪ੍ਰਭੂ ਚਿੰਤਨ ਹੀ ਸੰਤਾਂ ਦਾ ਭੋਜਨ ਹੁੰਦਾ ਹੈ। ਇਸ ਕਰਕੇ ਮਾਇਆ ਤੋਂ ਭਿੰਨ ਰਹਿੰਦੇ ਹਨ। ਜਿਸ ਤਰ੍ਹਾਂ ਪਾਣੀ ਤੋਂ ਭਿੰਨ ਕਮਲ ਰਹਿੰਦਾ ਹੈ।
5. ਮਿੱਤਰ ਤੇ ਦੁਸ਼ਮਣ ਨੂੰ ਇਕ ਸਮਾਨ ਉਪਦੇਸ਼ ਦਿੰਦੇ ਰਹਿੰਦੇ ਹਨ ਤੇ ਹਿਰਦੇ ਵਿੱਚ ਪ੍ਰਭੂ ਭਗਤੀ ਦੀ ਸ਼ਰਧਾ ਹੁੰਦੀ ਹੈ।
6. ਕੰਨਾਂ ਕਰਕੇ ਪਰਾਈ ਨਿੰਦਾ ਨਹੀਂ ਸੁਣਦੇ, ਆਪਣੇ ਗੁਣਾਂ ਦਾ ਹੰਕਾਰ ਨਹੀਂ ਕਰਦੇ ਤੇ ਆਪਣੇ ਆਪ ਨੂੰ ਸਭ ਦੇ ਚਰਨਾਂ ਦੀ ਧੂੜ ਸਮਝਦੇ ਹਨ। ਗੁਰੂ ਨਾਨਕ ਦੇਵ ਜੀ ਇਸ ਤਰ੍ਹਾਂ ਦੱਸਦੇ ਹਨ। ਇਹ ਛੇ ਲੱਛਣਾਂ ਵਾਲੇ

ਪੂਰਨ ਸੰਤ ਹਨ ਤੇ ਉਨ੍ਹਾਂ ਦਾ ਨਾਮ ਸਾਧੂ ਸੱਜਣ ਹੈ।

**ਬਤਨਾ** ਰਾ**ਮ**- "ਮਹਾਰਾਜ ਜੀ ਤੁਸੀਂ ਵੀ ਤਪ ਕੀਤਾ ਹੈ।ਉਹ ਕਿਤਨਾ ਕੁ ਚਿਰ ਕੀਤਾ ਹੈ ?

**ਸੰਤ ਜੀ**- "ਕਾਕਾ ਅਸੀਂ ਇਤਨਾ ਕਠਿਨ ਤਪ ਨਹੀਂ ਕੀਤਾ ਜਿਤਨਾ ਸੁਆਮੀ ਜੀ ਨੇ ਕੀਤਾ ਹੈ। ਇਹ 24 ਘੰਟੇ 12 ਮਹੀਨਿਆਂ ਦੇ ਤਪੀਸਰ ਹਨ। ਤੇ ਹੁਣ ਵੀ ਤਪ ਕਰਦੇ ਜੀ ਰਹੇ ਹਨ। ਜਦਕਿ ਇਨ੍ਹਾਂ ਨੂੰ ਸਭ ਕੁਝ ਪ੍ਰਾਪਤ ਹੋ ਗਿਆ ਹੈ। ਸੁਆਮੀ ਜੀ ਸ਼ਕਤੀ ਤੇ ਭਗਤੀ ਦੇ ਅਟੁੱਟ ਭੰਡਾਰ ਹਨ। ਅਸੀਂ ਇਨ੍ਹਾਂ ਦੀ ਬਰਾਬਰੀ ਨਹੀਂ ਕਰ ਸਕਦੇ।ਇਨ੍ਹਾਂ ਵਿੱਚ ਤੇ ਪ੍ਰਮਾਤਮਾ ਵਿੱਚ ਕੋਈ ਅੰਤਰ ਨਹੀਂ ਹੈ।ਇਕੋ ਹੀ ਰੂਪ ਹੈ।ਦੋ ਤੋਂ ਇਕ ਹੋ ਗਏ ਹਨ"।

ਇਸ ਤਰ੍ਹਾਂ ਗਿਆਨ ਚਰਚਾ ਸੁਣਦੇ-ਸੁਣਦੇ ਪਤਾ ਹੀ ਨਹੀਂ ਲੱਗਾ ਕਿ ਸੂਰਜ ਕਿਤਨੇ ਕੁ ਸਮੇਂ ਤੋਂ ਅਸਤ ਹੋ ਚੁੱਕਾ ਹੈ।ਇਥੇ ਹੀ ਸਤਿਸੰਗ ਦੀ ਸਮਾਪਤੀ ਕੀਤੀ ਗਈ। ਕਿਉਂਕਿ ਆਰਤੀ ਦਾ ਸਮਾਂ ਹੋ ਗਿਆ ਸੀ।ਸਭ ਨੇ ਮਿਲ ਕੇ ਆਰਤੀ ਕੀਤੀ ਤੇ ਪ੍ਰਸ਼ਾਦ ਵਰਤਾਇਆ ਗਿਆ।

ਆਰਤੀ ਤੋਂ ਉਪਰੰਤ ਸਾਰੀ ਸੰਗਤ ਨੇ ਪ੍ਰਸ਼ਾਦਾ ਛਕਿਆ ਤੇ ਫਿਰ ਸੰਗਤ ਸੰਤਾਂ ਦੇ ਆਲੇ ਦੁਆਲੇ ਬੈਠ ਗਈ ਤੇ ਹਰਿ ਜਸ ਸੰਤਾਂ ਤੋਂ ਸਰਵਨ ਕਰਨ ਲੱਗੀ।ਸੰਤ ਸਰਵਣ ਦਾਸ ਜੀ ਨੇ ਗੱਲ ਆਰੰਭ ਕੀਤੀ ਤੇ ਕਿਹਾ ਸਤ ਸੰਗੀਓ ਅੱਗੇ ਆਉਣ ਵਾਲੇ ਸਮੇਂ ਵਿੱਚ ਵਿੱਦਿਆ ਦੀ ਬਹੁਤ ਜ਼ਰੂਰਤ ਹੈ। ਜਿਤਨੀ ਹੋ ਸਕੇ ਆਪਣੇ ਬੱਚਿਆਂ ਨੂੰ ਵਿੱਦਿਆ ਪੜ੍ਹਾਉ।ਵਿੱਦਿਆ ਪੜ੍ਹ ਕੇ ਹੀ ਅਸੀਂ ਆਪਣੇ ਹੱਕਾਂ ਦੀ ਪ੍ਰਾਪਤੀ ਕਰ ਸਕਦੇ ਹਾਂ।ਵਿੱਦਿਆ ਤੋਂ ਬਿਨਾਂ ਅਸੀਂ ਬਥੇਰੇ ਧੱਕੇ ਖਾ ਲਏ ਹਨ।ਹੁਣ ਤੁਸੀਂ ਵਿੱਦਿਆ ਪ੍ਰਾਪਤ ਕਰੋ।ਜੋ ਆਪਣੇ ਬੱਚਿਆਂ ਨੂੰ ਹੁਣ ਵਿੱਦਿਆ ਤੋਂ ਵਾਂਝਾ ਰੱਖਦਾ ਹੈ ਉਹ ਬੱਚਿਆਂ ਦਾ ਦੁਸ਼ਮਣ ਹੈ।

**ਮਾਤਾ ਪਿਤਾ ਸੁਤ ਸ਼ਤ੍ਰੂ ਹੈ, ਪੁੱਤਰ ਪਢਾਵਤ ਨਾਹਿ।**
**ਸੋਭ ਨਾ ਪਾਵਤ ਸਭਾ ਮਹਿ, ਜਿਉ ਬਗ ਹੰਸਨ ਮਾਹਿ॥**

ਵਿੱਦਿਆ ਪਰਦੇਸ ਵਿੱਚ ਮਿੱਤਰ ਹੁੰਦੀ ਹੈ ਤੇ ਵਿੱਦਿਆ ਤੋਂ ਬਿਨਾਂ ਜੀਵ ਪਸ਼ੂ ਸਮਾਨ ਹੈ।

**ਵਿਦਿਆ ਬੰਧ ਪ੍ਰਦੇਸ ਮੇਂ, ਵਿਦਿਆ ਦੇਵ ਵਿਸੇਖ।**
**ਪੂਜ ਨਿਰਪੋਕ**ਰ **ਅਪਹਤੀ, ਵਿਦਯਾ ਬਿਨੁ ਪਸੁ ਦੇਖ॥**

ਜਿਤਨਾ ਚਿਰ ਸਰੀਰ ਵਿੱਚ ਪ੍ਰਾਣ ਹਨ ਵਿੱਦਿਆ ਪੜ੍ਹ। ਜਿੱਥੇ ਧਨੀ ਪੁਰਸ਼ ਨਹੀਂ ਪਹੁੰਚ ਸਕਦਾ ਉੱਥੇ ਵਿਦਵਾਨ ਪਹੁੰਚ ਜਾਂਦਾ ਹੈ।

**ਤਬ ਲਗ ਵਿਦਿਆ ਪਢੀਐ, ਜਬ ਲਗ ਘਟਿ ਮੈਂ ਪਰਾਣ।**
**ਧਨੀ ਪੁਰਖ ਪਹੁੰਚੇ ਨਹੀਂ, ਜਹਾਂ ਪਹੁੰਚੇ ਵਿਦਵਾਨ॥**

**ਉਤਮ ਕੁਲ ਕਿਸ ਕੰਮ ਹੈ, ਵਿਦਿਆ ਗੁਣ ਤੇ ਹੀਨ।**
**ਨੀਚ ਜਾਤ ਵਿਦਵਾਨ ਨੂੰ, ਪੂਜਣ ਦੇਵ ਪ੍ਰਬੀਨ॥**

ਸਾਧ ਸੰਗਤ ਜੀ ਮੈਂ (ਬਤਨਾ ਰਾਮ ਗਿਰ) ਸੰਤ ਸਰਵਣ ਦਾਸ ਜੀ ਦੇ ਬਚਨ ਮੰਨ ਕੇ ਓਡਰੇ ਸੰਤ ਮੇਲਾ ਰਾਮ ਜੀ ਤੋਂ ਬਾਣੀ ਦਾ ਪਾਠ 6 ਸਾਲ ਸਿੱਖਿਆ। ਜਿਸ ਦਾ ਮੈਨੂੰ ਆਪਣੇ ਜੀਵਨ ਵਿੱਚ ਬਹੁਤ ਲਾਭ ਪ੍ਰਾਪਤ ਹੋਇਆ ਹੈ ਤੇ ਬਾਹਰ ਰਹਿ ਕੇ ਕਈ ਮਹਾਂਪੁਰਸ਼ਾਂ ਤੋਂ ਵੀ ਵਿੱਦਿਆ ਪ੍ਰਾਪਤ ਕੀਤੀ। ਇਹ ਸਭ ਗੁਰੂ ਜੀ ਦੀ ਕਿਰਪਾ ਨਾਲ ਹੀ ਹੋਇਆ।

**ਬਤਨਾ** ਰਾਮ- ਮੈਂ ਗੁਰੂ ਜੀ ਅੱਗੇ ਬੇਨਤੀ ਕੀਤੀ। "ਗੁਰੂ ਜੀ ਇਹ ਦੱਸਣ ਦੀ ਕ੍ਰਿਪਾਲਤਾ ਕਰੋ ਜੀ ਕਿ ਉਦਾਸੀਨ ਕਿਸ ਨੂੰ ਕਹਿੰਦੇ ਹਨ ਤੇ ਕੀ ਲੱਛਣ ਹੁੰਦੇ ਹਨ"।

**ਗੁਰੂ ਜੀ-** "ਕਾਕਾ ਇਸ ਦਾ ਉੱਤਰ ਸੰਤ ਸਰਵਣ ਦਾਸ ਜੀ ਦੇਣਗੇ"।

**ਸੰਤ ਜੀ-** "ਕਾਕਾ, ਜੋ ਗਵਾਹੀ ਦਿੰਦੇ ਸਮੇਂ, ਨਿਆਇ ਜਾਂ ਪੰਚਾਇਤ ਕਰਦੇ ਸਮੇਂ ਕੁਟੰਬੀ, ਮਿੱਤਰ, ਬੰਧੂ ਆਦਿ ਦੀ ਦ੍ਰਿਸ਼ਟੀ ਸੇ ਜਾਂ ਖੁਸ਼ੀ, ਗਮੀ, ਲੋਭ, ਮੋਹ ਅਤੇ ਡਰ ਬਸ ਹੋ ਕੇ ਕਿਸੇ ਦਾ ਪੱਖਪਾਤ ਨਾ ਕਰੇ ਤੇ ਪੱਖਪਾਤ ਤੋਂ ਰਹਿਤ ਰਹਿੰਦਾ ਹੈ, ਸੰਸਾਰ ਦੇ ਵਿਸ਼ੇ ਵਿਕਾਰਾਂ ਤੋਂ ਉਦਾਸ ਰਹਿੰਦਾ ਹੈ, ਉਸ ਨੂੰ ਉਦਾਸੀਨ ਕਹਿੰਦੇ ਹਨ"।

ਫਿਰ ਮੈਂ ਕਾਫੀ ਦੇਰ ਤੋਂ ਬਾਅਦ ਸੰਤਾਂ ਨੂੰ ਕਿਹਾ, "ਮਹਾਰਾਜ ਜੀ ਰੂੜ ਸੰਨਿਆਸੀ ਕਿਸ ਨੂੰ ਕਹਿੰਦੇ ਹਨ"।

**ਸੰਤ ਜੀ-** "ਕਾਕਾ ਇਸ ਦਾ ਉੱਤਰ ਸੁਆਮੀ ਜੀ ਦੇਣਗੇ"।

**ਬਾਬਾ ਜੀ-** ਅਸੀਂ ਇਸ ਦਾ ਉੱਤਰ ਥੋੜ੍ਹੇ ਵਿੱਚ ਹੀ ਦਿੰਦੇ ਹਾਂ। ਜਿਸ ਨੇ ਪੰਜ ਵਿਸ਼ੇ, ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ ਮਨ ਤੇ ਬੁੱਧੀ ਤੇ ਕਾਬੂ ਪਾ ਲਿਆ ਹੈ ਉਸ ਨੂੰ ਰੂੜ ਸੰਨਿਆਸੀ ਕਹਿੰਦੇ ਹਨ ਜਾਂ ਆਮ ਲੋਕ ਬ੍ਰਹਮ ਗਿਆਨੀ ਕਹਿੰਦੇ ਹਨ।

ਇਸ ਤਰ੍ਹਾਂ ਦੋਹਾਂ ਮਹਾਂਤਮਾਵਾਂ ਦੀਆਂ ਹੋਰ ਵੀ ਕਈ ਆਪਸ ਵਿੱਚ ਗੂੜੇ ਭੇਦ ਭਰੀਆਂ ਗੱਲਾ ਹੋਈਆਂ ਜਿਨ੍ਹਾਂ ਦੀ ਸਮਝ ਕਿਸੇ ਨੂੰ ਵੀ ਨਹੀਂ ਲੱਗੀ। ਇਸੇ ਤਰ੍ਹਾਂ ਗੱਲਾਂ-2 ਵਿੱਚ ਕਾਫੀ ਰਾਤ ਬੀਤ ਗਈ ਸੀ। ਫਿਰ ਬਾਬਾ ਜੀ ਨੇ ਕਿਹਾ "ਜਾਉ ਹੁਣ ਅਰਾਮ ਕਰੋ। ਰਾਤ ਕਾਫੀ ਬੀਤ ਗਈ ਹੈ। ਇਸ ਤਰ੍ਹਾਂ ਅਸੀਂ ਸੰਤਾਂ ਤੋਂ ਕਈ ਮਹੱਤਵਪੂਰਣ ਗੱਲਾਂ ਸੁਣੀਆਂ ਤੇ ਫਿਰ ਆਪਣੇ-ਆਪਣੇ ਬਿਸਤਰੇ ਤੇ ਜਾ ਕੇ ਲੇਟ ਗਏ।

ਦੂਸਰੇ ਦਿਨ ਸੰਤ ਸਰਵਣ ਦਾਸ ਜੀ ਨੇ ਚਾਹ ਪਾਣੀ ਛੱਕ ਕੇ ਬਾਬਾ ਜੀ ਤੋਂ ਆਗਿਆ ਲੈ ਕੇ ਗੜ੍ਹ ਵੱਲ ਚਲ ਪਏ। ਉਥੋਂ ਰਾਜਪੁਰ ਤੇ ਹਰਿਆਣੇ ਤੋਂ ਹੁੰਦੇ ਹੋਏ ਆਪਣੇ ਡੇਰੇ ਬੱਲਾਂ ਪਹੁੰਚ ਗਏ।

## ਸਾਖੀ ਨੰਬਰ 41

### ਡੇਰੇ ਪਹੁੰਚਣ ਤੋਂ ਪਹਿਲਾਂ ਹੀ ਦੱਸ ਦੇਣਾ

1968 ਈਸਵੀ ਦੀ ਗੱਲ ਹੈ ਕਿ ਜਾਣੀ-ਜਾਣ ਮਹਾਰਾਜ ਸਰਵਣ ਦਾਸ ਜੀ ਨੇ ਸੰਗਤਾਂ ਨੂੰ ਕਿਹਾ ਕਿ ਤਿੰਨ ਆਦਮੀ, ਦੋ ਸਾਈਕਲਾਂ ਤੇ ਆ ਰਹੇ ਹਨ। ਉਨਾਂ ਵਿਚੋਂ ਇੱਕ ਨਿੱਕੇ ਜਿਹੇ ਆਦਮੀ ਨੇ ਵੱਡੀ ਬੰਦੂਕ ਪਾਈ ਹੋਈ ਹੈ, ਤਾਂ ਮਿਸਤਰਡੇਰੀ ਕਰਨੈਲ ਸਿੰਘ ਜੀ ਨੇ ਦੱਸਿਆ ਕਿ ਮੈਂ ਆਪਣੇ ਸਾਈਕਲ ਤੇ ਆਪਣੇ ਪਿਤਾ ਜੀ ਨੂੰ ਬਿਠਾ ਕੇ ਡੇਰੇ ਆ ਰਿਹਾ ਸੀ। ਮੇਰੇ ਸਾਈਕਲ ਦੇ ਪਿੱਛੇ ਮੇਰੇ ਪਿਤਾ ਜੀ ਬੈਠੇ ਹੋਏ ਸਨ। ਜਿੰਨ੍ਹਾਂ ਦੇ ਪਾਸ ਲੰਬੀ ਬੰਦੂਕ ਸੀ ਅਤੇ ਉਹ ਕੱਦ ਦੇ ਛੋਟੇ ਸਨ। ਦੂਸਰੇ ਸਾਈਕਲ ਤੇ ਮੇਰੇ ਚਾਚਾ ਜੀ ਮਿਸਤਰੀ ਅਰਜਨ ਸਿੰਘ ਜੀ ਸਨ। ਜਦੋਂ ਅਸੀਂ ਡੇਰੇ ਪਹੁੰਚ ਕੇ ਮਹਾਰਾਜ ਜੀ ਨੂੰ ਮੱਥਾ ਟੇਕਿਆ ਤਾਂ ਮਹਾਰਾਜ ਜੀ ਨੇ ਕਿਹਾ, "ਆਹ ਦੇਖ ਲਉ, ਛੋਟੇ ਕੱਦ ਦਾ ਆਦਮੀ ਵੱਡੀ ਬੰਦੂਕ ਵਾਲਾ ਆ ਗਿਆ"। ਬੈਠੀ ਹੋਈ ਸੰਗਤ ਨੇ ਦੱਸਿਆ ਕਿ ਤੁਹਾਡੇ ਪਹੁੰਚਣ ਤੋਂ ਪਹਿਲਾਂ ਜਾਣੀ ਜਾਣ ਮਹਾਰਾਜ ਸਰਵਣ ਦਾਸ ਜੀ ਨੇ ਤੁਹਾਡੇ ਤਿੰਨਾਂ ਦੇ ਆਉਣ ਬਾਰੇ ਦੱਸ ਦਿੱਤਾ ਸੀ।

ਖੁਦ ਮਿਸਤਰੀ ਕਰਨੈਲ ਸਿੰਘ ਪੁੱਤਰ ਸ਼੍ਰੀ ਦਲੀਪ ਸਿੰਘ,
ਅਬਾਦਪੁਰਾ, ਜਲੰਧਰ 20-06-03

## ਸਾਖੀ ਨੰਬਰ 42

## ਅਧਿਆਤਮਕ ਚੜ੍ਹਾਈ ਬਾਰੇ ਵਿਚਾਰ ਵਟਾਂਦਰਾ ਕਰਦੇ ਸਨ।

ਆਪ ਅਕਸਰ ਭਜਨੀਕ ਮਹਾਂਪੁਰਸ਼ਾਂ ਨੂੰ ਮਿਲਣ ਜਾਇਆ ਕਰਦੇ ਸਨ। 1940 ਵਿਚ ਸੰਤ ਸਰਵਣ ਦਾਸ ਜੀ ਗਿਆਨੀ ਬਿਸ਼ਨਾ ਰਾਮ ਨੂੰ ਨਾਲ ਲੈ ਕੇ ਬਾਬਾ ਸਾਵਣ ਸਿੰਘ ਜੀ ਨੂੰ ਡੇਰੇ ਬਿਆਸ ਵਿਖੇ ਮਿਲਣ ਗਏ। ਬਾਬਾ ਸਾਵਣ ਸਿੰਘ ਆਪਣੇ ਨਿਵਾਸ ਅਸਥਾਨ ਦੀ ਪਹਿਲੀ ਮੰਜ਼ਿਲ ਤੇ ਸੰਗਤਾਂ ਵਿਚ ਇਕ ਪਲੰਘ ਤੇ ਬਿਰਾਜਮਾਨ ਸਨ। ਸੰਤ ਸਰਵਣ ਦਾਸ ਜੀ ਨੂੰ ਆਪਣੇ ਪਾਸ ਆਉਂਦਿਆਂ ਦੇਖ ਕੇ ਉਹਨਾਂ ਪਲੰਘ ਤੋਂ ਉੱਠ ਕੇ ਆਪ ਜੀ ਨੂੰ ਹੱਥ ਜੋੜ ਕੇ ਨਮਸਕਾਰ ਕੀਤੀ। ਆਪ ਜੀ ਨੇ ਵੀ ਉਹਨਾਂ ਨੂੰ ਨਮਸਕਾਰ ਕੀਤੀ ਅਤੇ ਉਹਨਾਂ ਨੇ ਆਪ ਜੀ ਨੂੰ ਆਪਣੇ ਪਲੰਘ ਦੇ ਸਿਰਹਾਣੇ ਵਾਲੇ ਪਾਸੇ ਬਿਠਾਇਆ ਅਤੇ ਆਪਸ ਵਿਚ 1 ਘੰਟਾ ਅਧਿਆਤਮਕ ਚੜ੍ਹਾਈ ਬਾਰੇ ਵਿਚਾਰ ਵਟਾਂਦਰਾ ਕਰਦੇ ਰਹੇ।ਆਪ ਜੀ ਦਾ ਸਾਰੇ ਸੰਤ ਸਮਾਜ ਨਾਲ ਬਹੁਤ ਪਿਆਰ ਸੀ।

## ਸਾਖੀ ਨੰਬਰ 43

### ਸ਼੍ਰੀ 108 ਸੰਤ ਸਰਵਣ ਦਾਸ ਮਹਾਰਾਜ ਜੀ ਦੀ ਦਿੱਲੀ ਯਾਤਰਾ ਅਤੇ ਮਾਨਵਤਾ ਦੇ ਮਸੀਹਾ ਡਾ. ਅੰਬੇਡਕਰ ਜੀ ਨਾਲ ਮੇਲ

ਗਿਆਨੀ ਬਿਸ਼ਨਾ ਰਾਮ ਜੀ ਵਿਰਦੀ, ਸ. ਫਕੀਰ ਸਿੰਘ ਬੱਲ, ਸ਼੍ਰੀ ਪੂਰਨ ਚੰਦ ਬਿਆਸ ਪਿੰਡ, ਸ਼੍ਰੀ ਭਗਤ ਸਿੰਘ ਮੱਲ, ਸ਼੍ਰੀ ਨਾਮਾ ਰਾਮ ਜੀ ਦਿਹਾਣਾ, ਸ਼੍ਰੀ ਨਿਰੰਜਣ ਸਿੰਘ ਹੋਠੀ ਬੱਲ ਇਹ ਸਾਰੇ ਹੀ ਦਿੱਲੀ ਵਿਖੇ ਸਰਕਾਰੀ ਨੌਕਰੀਆਂ ਕਰਦੇ ਸਨ। ਹਰ ਹਫ਼ਤੇ ਡਾ. ਅੰਬੇਡਕਰ ਜੀ ਨਾਲ ਮੁਲਾਕਾਤ ਕਰਦੇ ਸਨ। ਇਹ ਸਾਰੇ ਅਕਸਰ ਉਹਨਾਂ ਦੇ ਸੰਪਰਕ ਵਿਚ ਰਹਿੰਦੇ ਸਨ। ਗਿਆਨੀ ਬਿਸ਼ਨਾ ਰਾਮ ਜੀ ਪਿੰਡ ਬੱਲ ਜੋ ਕਿ ਬਾਬਾ ਸਾਹਿਬ ਜੀ ਦੇ ਸੰਪਰਕ ਵਿਚ 1942 ਈਸਵੀ ਤੋਂ 1956 ਈਸਵੀ ਤੱਕ ਰਹੇ, ਗਿਆਨੀ ਬਿਸ਼ਨਾ ਰਾਮ ਜੀ ਬਾਬਾ ਸਾਹਿਬ ਜੀ ਨੂੰ ਸੰਤ ਸਰਵਣ ਦਾਸ ਜੀ ਮਹਾਰਾਜ ਬਾਰੇ ਦੱਸਿਆ ਕਰਦੇ ਸਨ ਕਿ ਸੰਤ ਸਰਵਣ ਦਾਸ ਜੀ ਮਹਾਰਾਜ ਬਹੁਤ ਪਰਉਪਕਾਰੀ ਮਹਾਤਮਾ ਹਨ ਅਤੇ ਆਪਣੀ ਕੌਮ ਦੇ ਲੋਕਾਂ ਤੇ ਦਲਿਤਾਂ ਦੇ ਵਿਕਾਸ ਬਾਰੇ ਅਕਸਰ ਸੋਚਦੇ ਰਹਿੰਦੇ ਹਨ ਜੀ। ਜਿੱਥੇ ਉਹ ਪ੍ਰਮਾਤਮਾ ਦਾ ਨਾਮ ਜੱਪਦੇ ਹਨ, ਉੱਥੇ ਉਹ ਸਤਿਸੰਗ ਅਤੇ ਸ਼੍ਰੀ ਗੁਰੂ ਰਵਿਦਾਸ ਮਿਸ਼ਨ ਦਾ ਪ੍ਰਚਾਰ ਕਰਦੇ ਹਨ ਜੀ। ਉਹ ਹਮੇਸ਼ਾਂ ਬੱਚਿਆਂ ਨੂੰ ਪੜ੍ਹਨ ਲਈਅਤੇ ਆਪਸੀ ਪਿਆਰ ਦਾ ਉਪਦੇਸ਼ ਦਿੰਦੇ ਹਨ। ਉਹਨਾਂ ਨੇ ਸਮੁੱਚੀ ਜਨਤਾ ਉੱਪਰ ਪਰਉਪਕਾਰ ਕੀਤੇ ਹਨ। ਆਪ ਦੇ ਅਟੱਲ ਵਚਨਾਂ ਅਤੇ ਰੂਹਾਨੀ ਤਾਕਤ ਨੇ

ਲੋਕਾਂ ਦੇ ਜੀਵਨ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ।

ਸ਼੍ਰੀ 108 ਸੰਤ ਸਰਵਣ ਦਾਸ ਜੀ ਮਹਾਰਾਜ ਨੇ ਗਰੀਬ ਬੱਚਿਆਂ ਦੀ ਪੜ੍ਹਾਈ ਵਾਸਤੇ ਡੇਰੇ ਵਿਖੇ ਪਾਠਸ਼ਾਲਾ ਖੋਲ੍ਹੀ ਹੈ। ਉਹ ਬੱਚਿਆ ਨੂੰ ਹਰ ਰੋਜ਼ ਬਾਣੀ ਅਤੇ ਪੰਜਾਬੀ ਪੜ੍ਹਾਉਂਦੇ ਹਨ ਜੀ। ਹਰ ਐਤਵਾਰ ਡੇਰੇ ਵਿਖੇ ਸੰਤ ਸਰਵਣ ਦਾਸ ਜੀ ਮਹਾਰਾਜ ਦੇਸੀ ਘਿਉ ਦੇ ਮਾਲ੍ਹਪੂੜੇ, ਖੀਰ ਆਦਿ ਲੰਗਰ ਤਿਆਰ ਕਰਕੇ ਬੱਚਿਆਂ ਅਤੇ ਸੰਗਤਾਂ ਨੂੰ ਛਕਾਉਂਦੇ ਹਨ।

ਗਿਆਨੀ ਬਿਸ਼ਨਾ ਰਾਮ ਜੀ, ਸ. ਫਕੀਰ ਸਿੰਘ ਜੀ, ਸ. ਸਵਰਨ ਸਿੰਘ ਜੀ ਸਭਨਾਂ ਨੇ ਬਾਬਾ ਸਾਹਿਬ ਜੀ ਨੂੰ ਦੱਸਿਆ ਕਿ ਅਸੀਂ ਗਰੀਬ ਸਾਂ ਅਤੇ ਸਾਡੇ ਮਾਤਾ ਪਿਤਾ ਗਰੀਬ ਹੋਣ ਕਰਕੇ ਸਾਨੂੰ ਪੜ੍ਹਾ ਨਹੀਂ ਸਨ ਸਕਦੇ। ਸੰਤ ਸਰਵਣ ਦਾਸ ਜੀ ਮਹਾਰਾਜ ਨੇ ਸਾਨੂੰ ਆਪਣੇ ਖਰਚੇ ਤੇ ਪੜ੍ਹਾਇਆ ਹੈ ਜੀ ਅਤੇ ਉਹਨਾਂ ਦੀ ਕ੍ਰਿਪਾ ਨਾਲ ਅਸੀਂ ਦਿੱਲੀ ਵਿਖੇ ਨੌਕਰੀਆਂ ਪ੍ਰਾਪਤ ਕੀਤੀਆਂ ਹਨ ਜੀ। ਉਹ ਸਾਨੂੰ ਹਮੇਸ਼ਾਂ ਕਿਹਾ ਕਰਦੇ ਹਨ ਕਿ ਈਮਾਨਦਾਰੀ ਨਾਲ ਰਹਿਣਾ। ਡਾ. ਅੰਬੇਡਕਰ ਜੀ ਸੰਤ ਸਰਵਣ ਦਾਸ ਜੀ ਬਾਰੇ ਜਾਣ ਕੇ ਬਹੁਤ ਪ੍ਰਭਾਵਿਤ ਹੋਏ ਅਤੇ ਉਹਨਾਂ ਕਿਹਾ ਕਿ ਸਾਨੂੰ ਵੀ ਸੰਤਾਂ ਦੇ ਦਰਸ਼ਨ ਕਰਵਾਓ। ਗਿਆਨੀ ਬਿਸ਼ਨਾ ਰਾਮ ਜੀ ਅਤੇ ਦਿੱਲੀ ਦੀਆਂ ਸ਼ਰਧਾਲੂ ਸੰਗਤਾਂ ਦੀ ਬੇਨਤੀ ਤੇ ਸੰਤ ਸਰਵਣ ਦਾਸ ਜੀ ਮਹਾਰਾਜ 1949 ਈਸਵੀ ਨੂੰ ਅਪ੍ਰੈਲ-ਮਈ ਦੇ ਮਹੀਨੇ ਵਿੱਚ 50 ਦਿਨਾਂ ਦੀ ਦਿੱਲੀ ਯਾਤਰਾ ਤੇ ਗਏ। ਇਸੇ ਸਮੇਂ ਦੌਰਾਨ ਸੰਤ ਸਰਵਣ ਦਾਸ ਜੀ ਮਹਾਰਾਜ ਸੰਗਤਾਂ ਦੇ ਗ੍ਰਹਿ ਵਿਖੇ ਜਾਂਦੇ ਰਹੇ। ਗਿਆਨੀ ਬਿਸ਼ਨਾ ਰਾਮ ਜੀ ਅਤੇ ਸ਼੍ਰੀ ਨਿਰੰਜਣ ਸਿੰਘ ਜੀ ਹੋਠੀ ਦੇ ਗ੍ਰਹਿ ਵਿਖੇ ਸੰਤ ਸਤਿਸੰਗ ਕਰਦੇ ਸਨ। ਇਸ ਤੋਂ ਪਹਿਲੇ ਜਦੋਂ ਵੀ ਗਿਆਨੀ ਬਿਸ਼ਨਾ ਰਾਮ ਜੀ, ਸ. ਫਕੀਰ ਸਿੰਘ ਜੀ ਪਿੰਡ ਬੱਲਾਂ ਡੇਰੇ ਵਿਖੇ ਮਹਾਰਾਜ ਜੀ ਪਾਸ ਆਉਂਦੇ, ਬਾਬਾ ਸਾਹਿਬ ਜੀ ਨਾਲ ਆਪਣੀਆਂ ਮੁਲਾਕਾਤਾਂ ਬਾਰੇ ਦੱਸਦੇ ਸਨ। ਸੰਤ ਸਰਵਣ ਦਾਸ ਜੀ ਨੇ ਬਾਬਾ ਸਾਹਿਬ ਜੀ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ ਸੀ।

ਇਕ ਦਿਨ ਗਿਆਨੀ ਬਿਸ਼ਨਾ ਰਾਮ ਜੀ ਵਿਰਦੀ ਅਤੇ ਸਾਥੀ, ਸੰਤ ਸਰਵਣ ਦਾਸ ਜੀ ਨੂੰ ਨਾਲ ਲੈ ਕੇ ਡਾ. ਅੰਬੇਡਕਰ ਜੀ ਦੇ ਗ੍ਰਹਿ ਜਨਪਥ ਰੋਡ, ਈਸਟ੍ਰਨ ਕੋਰਟ ਵਿਖੇ ਮਿਲਣ ਗਏ। ਅੱਗੇ ਬਾਬਾ ਸਾਹਿਬ ਕੁਝ ਲੋਕਾਂ ਨਾਲ ਕੁਰਸੀਆਂ ਉੱਪਰ ਬੈਠ ਕੇ ਸਲਾਹ ਮਸ਼ਵਰਾ ਕਰ ਰਹੇ ਸਨ। ਬਾਬਾ ਸਾਹਿਬ ਜੀ ਕੁਰਸੀ ਤੋਂ ਉੱਠੇ ਅਤੇ ਖੜ੍ਹੇ ਹੋ ਕੇ ਸੰਤ ਸਰਵਣ ਦਾਸ ਜੀ ਮਹਾਰਾਜ ਦਾ ਹੱਥ ਜੋੜ ਕੇ ਸਤਿਕਾਰ ਕੀਤਾ ਅਤੇ ਬੈਠਣ ਦੀ ਬੇਨਤੀ ਕੀਤੀ। ਤਕਰੀਬਨ 1 ਘੰਟੇ ਦੀ ਆਪਸੀ ਗੱਲਬਾਤ ਤੋਂ ਬਾਅਦ ਸੰਤ ਸਰਵਣ ਦਾਸ ਜੀ ਨੇ ਬਾਬਾ ਸਾਹਿਬ ਜੀ ਨੂੰ ਪੰਜਾਬ ਦਾ ਦੌਰਾ ਕਰਨ ਲਈ ਕਿਹਾ ਸੀ। ਸੰਤ

ਸਰਵਣ ਦਾਸ ਜੀ ਮਹਾਰਾਜ ਕੌਮ ਦੀ ਦਰਦਨਾਕ ਸਥਿਤੀ ਬਾਰੇ ਹਮੇਸ਼ਾਂ ਚਿੰਤਤ ਰਹਿੰਦੇ ਸਨ।

ਬਾਬਾ ਸਾਹਿਬ ਜੀ 1951 ਈਸਵੀ ਵਿਚ ਪੰਜਾਬ ਵਿੱਚ ਬੂਟਾ ਮੰਡੀ, ਜਲੰਧਰ ਵਿਖੇ ਆਏ ਤਾਂ ਸੰਤ ਸਰਵਣ ਦਾਸ ਜੀ ਬਹੁਤ ਭੀੜ ਹੋਣ ਕਾਰਣ ਬਾਬਾ ਸਾਹਿਬ ਪਾਸ ਨਾ ਪਹੁੰਚਣ ਕਰਕੇ ਇਕ ਪੱਤਰ ਡਾ. ਅੰਬੇਡਕਰ ਜੀ ਨੂੰ ਭੇਜਿਆ ਜੋ ਉੱਥੇ ਸੁਣਾਇਆ ਗਿਆ। ਜਿਸ ਵਿਚ ਉਨ੍ਹਾਂ ਲਿਖਿਆ, "ਮੇਰੇ ਸ਼ੇਰ ਪੁੱਤਰ! ਕੌਮ ਦੀ ਭਲਾਈ ਲਈ ਏਸੇ ਤਰ੍ਹਾਂ ਡਟਿਆ ਰਹੀਂ, ਕਾਮਯਾਬੀ ਖੁਦ ਤੇਰੇ ਪੈਰ ਚੁੰਮੇਗੀ ਅਤੇ ਲੋਕ ਤੇਰੇ ਤੇ ਮਾਣ ਮਹਿਸੂਸ ਕਰਿਆ ਕਰਨਗੇ"।

## ਸਾਖੀ ਨੰਬਰ 44

## ਸ਼੍ਰੀ ਖੁਸ਼ੀ ਰਾਮ ਦੇ ਪਿਛਲੇ ਜਨਮ ਦੀ ਕਥਾ ਦੱਸਣੀ।

ਸ਼੍ਰੀ ਖੁਸ਼ੀ ਰਾਮ ਪੁੱਤਰ ਸ਼੍ਰੀ ਈਸ਼ਰ ਦਾਸ ਤੇ ਬੀਬੀ ਬਿਮਲਾ ਦੇਵੀ ਜੀ ਪਿੰਡ ਢੱਡੇ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪਿਆਰ ਸੀ। ਇੱਕ ਸਮੇਂ ਇਨ੍ਹਾਂ ਦੋਹਾਂ ਨੇ ਮਹਾਰਾਜ ਸਰਵਣ ਦਾਸ ਜੀ ਅੱਗੇ ਅਰਦਾਸ ਕੀਤੀ ਕਿ ਮਹਾਰਾਜ ਜੀ! ਸਾਡੇ ਘਰ ਕੋਈ ਔਲਾਦ ਨਹੀਂ ਹੈ ਤਾਂ ਕੁਝ ਦੇਰ ਬਾਅਦ ਮਹਾਰਾਜ ਜੀ ਨੇ ਫ਼ਰਮਾਇਆ, "ਖੁਸ਼ੀ ਰਾਮਾਂ! ਤੂੰ ਪਿਛਲੇ ਜਨਮ ਵਿਚ ਹਿਰਨੀ ਦੇ ਬੱਚੇ ਮਾਰੇ ਸਨ। ਇਸ ਲਈ ਤੇਰੇ ਕਰਮਾਂ ਵਿਚ ਕੋਈ ਔਲਾਦ ਨਹੀਂ। ਪਰ ਤੂੰ ਫਿਕਰ ਨਾ ਕਰੀਂ। ਤੇਰੀ ਭੈਣ ਦੇ ਬੱਚੇ ਤੇਰੀ ਇੰਨੀ ਸੇਵਾ ਕਰਨਗੇ ਕਿ ਤੈਨੂੰ ਕਦੀ ਆਪਣੇ ਬੱਚਿਆਂ ਦੀ ਕਮੀ ਮਹਿਸੂਸ ਨਹੀਂ ਹੋਵੇਗੀ" ਖੁਸ਼ੀ ਰਾਮ ਦੀ ਪਤਨੀ ਬੀਬੀ ਬਿਮਲਾ ਦੇਵੀ ਨੇ ਦੱਸਿਆ ਕਿ ਖੁਸ਼ੀ ਰਾਮ ਦੀ ਭੈਣ ਬੀਬੀ ਜਵਾਲੀ ਤੇ ਉਸਦੇ ਪਤੀ ਧੰਨਾ ਰਾਮ (ਹੀਰਾ ਪੁਰ ਹੁਸ਼ਿਆਰਪੁਰ) ਦੇ ਪੁੱਤ-ਪੋਤਰਿਆਂ ਦਾ ਸਾਡੇ ਨਾਲ ਏਨਾ ਪਿਆਰ ਹੈ ਕਿ ਸਾਨੂੰ ਕਦੀ ਆਪਣੇ ਬੱਚਿਆਂ ਦੀ ਘਾਟ ਮਹਿਸੂਸ ਹੀ ਨਹੀਂ ਹੋਈ।ਮਹਾਰਾਜ ਜੀ ਦੇ ਬਚਨ ਅੱਟਲ ਹੋਏ।

(ਖੁਸ਼ੀ ਰਾਮ ਪਿਛਲੇ ਜਨਮ ਵਿਚ ਰਾਜਾ ਸੀ, ਹਰਨੀ ਦੇ 2 ਬੱਚੇ ਸ਼ਿਕਾਰ ਖੇਡਦੇ ਨੇ ਮਾਰੇ ਸਨ।)

(ਖੁਦ ਬੀਬੀ ਬਿਮਲਾ ਦੇਵੀ ਪਤਨੀ ਸਵ. ਸ਼੍ਰੀ ਖੁਸ਼ੀ ਰਾਮ ਪਿੰਡ ਢੱਡੇ, ਜਲੰਧਰ 22-06-2003)

## ਸਾਖੀ ਨੰਬਰ 45

## ਸ੍ਰੀ ਕਿਸ਼ਨ ਸਿੰਘ ਮਸਤਾਨਾ ਦੀ ਪੁੱਤਰੀ ਗੇਜੋ ਦੀ ਰੱਖਿਆ ਕਰਨੀ।

ਸ੍ਰੀ ਕਿਸ਼ਨ ਸਿੰਘ ਮਸਤਾਨਾ ਪੁੱਤਰ ਸ੍ਰੀ ਚੰਦੂ ਰਾਮ ਤੇ ਬੀਬੀ ਬਚਨੀ ਪਿੰਡ ਨਾਹਲਾਂ, ਨੇੜੇ ਬਸਤੀ ਦਾਨਿਸ਼ਮੰਦਾਂ, ਜਲੰਧਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪਿਆਰ ਸੀ।ਉਨ੍ਹਾਂ ਦੀ ਲੜਕੀ ਗੇਜੋ ਦਾ ਵਿਆਹ ਸ੍ਰੀ ਮਹਿੰਦਰ ਪਾਲ ਕੋਟਲੀ ਥਾਨ ਸਿੰਘ, ਜਲੰਧਰ ਨਾਲ ਹੋਇਆ ਸੀ।ਬੀਬੀ ਗੇਜੋ ਜਿਸਦਾ ਇੱਕ ਛੋਟਾ ਬੱਚਾ ਸੀ ਉਹ ਦਾ ਨਾਮ ਅਮਰੀਕ ਸੀ, ਵਾਢੀਆਂ ਵਿੱਚ ਆਪਣੇ ਪੇਕੇ ਪਿੰਡ ਨਾਹਲਾਂ ਆਏ।ਇਹ ਗੱਲ ਲਗਭਗ 1963-64 ਦੀ ਹੈ।

ਸ਼ਾਮ ਚਾਰ ਵਜੇ ਬੀਬੀ ਗੇਜੋ ਦਾ ਸਾਹ ਆਉਣਾ ਪੂਰੀ ਤਰ੍ਹਾਂ ਰੁੱਕ ਗਿਆ। ਸਾਰਿਆਂ ਨੇ ਜਾਣਿਆਂ ਕਿ ਇਹ ਲੜਕੀ ਹੁਣ ਮਰ ਗਈ ਹੈ ਅਤੇ ਸਾਰੇ ਰਿਸ਼ਤੇਦਾਰਾਂ ਨੂੰ ਸੁਨੇਹੇ ਭੇਜਣੇ ਸ਼ੁਰੂ ਕਰ ਦਿੱਤੇ।ਦਰੀ ਵਿਛਾ ਦਿੱਤੀ ਗਈ ਅਤੇ ਪਿੰਡ ਦੇ ਲੋਕ ਅਫਸੋਸ ਕਰਨ ਆਉਣੇ ਸ਼ੁਰੂ ਹੋ ਗਏ।ਤਕਰੀਬਨ ਤਿੰਨ ਘੰਟੇ ਬਾਅਦ ਸੱਤ ਕੁ ਵਜੇ ਉਸਨੂੰ ਫਿਰ ਸਾਹ ਆਉਣਾ ਸ਼ੁਰੂ ਹੋ ਗਿਆ ਤੇ ਗੇਜੋ ਉੱਠ ਕੇ ਬੈਠ ਗਈ। ਇਸ ਕੌਤਕ ਨੂੰ ਦੇਖ ਕੇ ਸਾਰੇ ਲੋਕ ਹੈਰਾਨ ਹੋ ਗਏ। ਲੜਕੀ ਨੂੰ ਪੁੱਛਿਆ, "ਤੈਨੂੰ ਕੀ ਹੋਇਆ ਸੀ ?" ਉਸਨੇ ਕਿਹਾ, ਜਦੋਂ ਮਰ ਕੇ ਮੇਰੀ ਆਤਮਾ ਉੱਪਰ ਗਈ ਤਾਂ ਅੱਗੇ ਸੰਤ ਸਰਵਣ ਦਾਸ ਜੀ ਖੜ੍ਹੇ ਸਨ।ਉਨ੍ਹਾਂ ਫ਼ਰਮਾਇਆ, ਕੁੜੇ ਤੂੰ ਵਾਪਸ ਜਾਹ ! ਤੂੰ ਬਹੁਤ ਰੰਗ ਦੇਖਣੇ ਹਨ"।ਗੇਜੋ ਨੇ ਕਿਹਾ ਕਿ ਮੈਨੂੰ ਛੇਤੀ ਨਾਲ ਸੰਤ ਸਰਵਣ ਦਾਸ ਜੀ ਪਾਸ ਲੈ ਚਲੋ।

ਸ੍ਰੀ ਕਿਸ਼ਨ ਸਿੰਘ ਮਸਤਾਨਾ ਅਤੇ ਉਨ੍ਹਾਂ ਦੇ ਜਵਾਈ ਮਹਿੰਦਰ ਪਾਲ ਨੇ ਕਿਹਾ ਕਿ ਆਪਾਂ ਸਾਰੇ ਸਵੇਰੇ ਮਹਾਰਾਜ ਜੀ ਪਾਸ ਚੱਲਾਂਗੇ।ਦੂਸਰੇ ਦਿਨ ਬੀਬੀ ਗੇਜੋ, ਉਸਦਾ ਪਤੀ ਮਹਿੰਦਰ ਪਾਲ ਤੇ ਪਿਤਾ ਕਿਸ਼ਨ ਸਿੰਘ ਮਸਤਾਨਾ ਜੀ ਡੇਰੇ ਮਹਾਰਾਜ ਜੀ ਪਾਸ ਪੁੱਜੇ। ਉਸ ਸਮੇਂ ਮਹਾਰਾਜ ਜੀ ਥੜ੍ਹੇ ਉੱਪਰ ਬਿਰਾਜਮਾਨ ਸਨ। ਸਾਰਿਆਂ ਵੱਲੋਂ ਮਹਾਰਾਜ ਜੀ ਨੂੰ ਨਮਸਕਾਰ ਕਰਨ ਤੋਂ ਬਾਅਦ ਇਕ ਦਿਨ ਪਹਿਲਾਂ ਵਾਲੀ ਸਾਰੀ ਘਟਨਾ ਦੱਸੀ।ਮਹਾਰਾਜ ਸਰਵਣ ਦਾਸ ਜੀ ਨੇ ਸ੍ਰੀ ਮਹਿੰਦਰ ਪਾਲ ਜੀ ਨੂੰ ਕਿਹਾ, "ਸਾਡੇ ਕਮਰੇ ਵਿਚ ਪਏ ਪੀਪੇ ਚੋਂ ਦਵਾਈ ਕਾਗਜ਼ ਤੇ ਪਾ ਕੇ ਲਿਆ"।ਮਹਿੰਦਰ ਪਾਲ ਹੁਰੀਂ ਅੰਦਰੋਂ ਆ ਕੇ ਦੱਸਿਆ, "ਮਹਾਰਾਜ ਜੀ ! ਅੰਦਰ ਪੀਪੇ ਨੂੰ ਜਿੰਦਰਾ ਲੱਗਿਆ ਹੋਇਆ ਹੈ" ਤਾਂ ਮਹਾਰਾਜ ਜੀ ਨੇ ਕਿਹਾ, ਜਾਹ ! ਪੀਪੇ ਚੋਂ ਦਵਾਈ ਪਾ ਕੇ ਲਿਆ।

ਜਦੋਂ ਮਹਿੰਦਰ ਪਾਲ ਨੇ ਅੰਦਰ ਜਾ ਕੇ ਪੀਪੇ ਵੱਲ ਦੇਖਿਆ ਤਾਂ ਪੀਪੇ ਨਾਲ ਕੋਈ ਜਿੰਦਰਾ ਨਹੀਂ ਸੀ।ਇਹ ਕੌਤਕ ਦੇਖ ਕੇ ਮਹਿੰਦਰ ਪਾਲ ਜੀ ਬਹੁਤ ਹੈਰਾਨ ਹੋਏ ਅਤੇ ਪੀਪੇ ਚੋਂ ਦਵਾਈ ਲਿਆ ਕੇ ਮਹਾਰਾਜ ਜੀ ਨੂੰ ਫੜਾਈ ਤਾਂ ਉਹ ਦਵਾਈ ਮਹਾਰਾਜ

ਜੀ ਨੇ ਬੀਬੀ ਗੇਜੋ ਨੂੰ ਖਾਣ ਵਾਸਤੇ ਸਮਝਾਈ।

ਸ਼੍ਰੀ ਹਰਭਜਨ ਸਿੰਘ ਲਾਲੀ ਪੁੱਤਰ ਸ਼੍ਰੀ ਕਿਸ਼ਨ ਸਿੰਘ ਮਸਤਾਨਾ ਨੇ ਦੱਸਿਆ ਕਿ ਮਹਾਰਾਜ ਜੀ ਨੇ ਇਸ ਪ੍ਰਕਾਰ ਮੇਰੀ ਭੈਣ ਗੇਜੋ ਤੇ ਕਿਰਪਾ ਕੀਤੀ ਤੇ ਉਸਦੇ ਅੱਜ ਤਿੰਨ ਲੜਕੇ ਤੇ ਇੱਕ ਲੜਕੀ ਹੈ ਅਤੇ ਸਾਰੇ ਵਿਆਹੇ ਹੋਏ ਹਨ। ਉਨ੍ਹਾਂ ਦੱਸਿਆ ਕਿ ਮੇਰੀ ਭੈਣ ਹੁਣ ਵੀ ਡੇਰੇ ਬੱਲਾਂ ਵਿਚ ਆਉਂਦੀ ਹੈ ਪਰ ਜੀਜਾ ਮਹਿੰਦਰ ਪਾਲ ਜੀ ਕੁਝ ਸਾਲ ਪਹਿਲਾਂ ਸਵਰਗਵਾਸ ਹੋ ਗਏ।

(ਸ਼੍ਰੀ ਹਰਭਜਨ ਸਿੰਘ ਲਾਲੀ ਪੁੱਤਰ ਸ਼੍ਰੀ ਕਿਸ਼ਨ ਸਿੰਘ ਮਸਤਾਨਾ ਪਿੰਡ ਨਾਹਲਾਂ,
ਨੇੜੇ ਬਸਤੀ ਦਾਨਿਸ਼ਮੰਦਾ, ਜਲੰਧਰ, ਮਈ 2003)

************

## ਸਾਖੀ ਨੰਬਰ 46

## ਸ਼੍ਰੀ ਸਵਰਨ ਦਾਸ ਨੂੰ ਲੜਕਿਆਂ ਦੀ ਬਖ਼ਸ਼ਿਸ਼ ਕਰਨੀ।

ਸ਼੍ਰੀ ਸਵਰਨ ਦਾਸ (ਪੁੱਤਰ ਸ਼੍ਰੀ ਮਾੜਾ ਰਾਮ) ਤੇ ਬੀਬੀ ਪ੍ਰੀਤਮ ਕੌਰ ਪਿੰਡ ਕਬੂਲ ਪੁਰ, ਜਲੰਧਰ ਦੇ ਵਸਨੀਕ ਹਨ। ਉਹਨਾਂ ਦੇ ਘਰ ਲੜਕੀਆਂ ਹੀ ਸਨ। ਪੁੱਤਰ ਕੋਈਨਹੀਂ ਸੀ। ਉਹਨਾਂ ਦੇ ਤਿੰਨ ਪੁੱਤਰ ਅੱਠ-ਅੱਠ ਸਾਲਾਂ ਦੇ ਹੋ ਕੇ ਮਰ ਚੁੱਕੇ ਸਨ। ਉਹਨਾਂ ਨੂੰ ਕਿਸੇ ਨੇ ਸੰਤ ਸਰਵਣ ਦਾਸ ਜੀ ਦੀ ਉਸਤੱਤ ਕਰਦੇ ਹੋਏ ਉਹਨਾਂ ਦੇ ਚਰਨਾਂ ਵਿਚ ਜਾਣ ਲਈ ਕਿਹਾ।

ਸ਼੍ਰੀ ਸਵਰਨ ਦਾਸ ਤੇ ਬੀਬੀ ਪ੍ਰੀਤਮ ਕੌਰ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ 2 ਫੱਗਣ 1958 ਨੂੰ ਡੇਰੇ ਵਿਖੇ ਪਹੁੰਚੇ। ਉਸ ਸਮੇਂ ਸੰਤ ਸਰਵਣ ਦਾਸ ਜੀ ਮਹਾਰਾਜ ਥੜ੍ਹੇ ਉੱਪਰ ਬਿਰਾਜਮਾਨ ਸਨ। ਉਹਨਾਂ ਦੇ ਪਾਸ ਸੰਤ ਹਰੀ ਦਾਸ ਜੀ ਤੇ ਸੰਤ ਚੇਤਨ ਦਾਸ ਜੀ ਬੈਠੇ ਹੋਏ ਸਨ। ਪਤੀ-ਪਤਨੀ ਨੂੰ ਦੂਰੋਂ ਆਉਂਦੇ ਵੇਖ ਕੇ ਸੰਤ ਸਰਵਣ ਦਾਸ ਜੀ ਮਹਾਰਾਜ ਨੇ ਫ਼ਰਮਾਇਆ, "ਚੇਤਨ ਦਾਸਾ! ਉਹ ਜਿਹੜਾ ਬੰਦਾ ਤੇ ਬੀਬੀ ਆ ਰਹੇ ਹਨ ਉਹਨਾਂ ਦੇ ਤਿੰਨ ਲੜਕੇ ਅੱਠ-ਅੱਠ ਸਾਲ ਦੀ ਉਮਰ ਦੇ ਹੋ ਕੇ ਮਰ ਚੁੱਕੇ ਹਨ। ਇਹ ਬਹੁਤ ਦੁਖੀ ਹਨ। ਇਹਨਾਂ ਨੂੰ ਕਿਤੋਂ ਵੀ ਪੁੱਤਰ ਦੀ ਦਾਤ ਪ੍ਰਾਪਤ ਨਹੀਂ ਹੋਈ"। ਇਹ ਸਾਰੇ ਬਚਨ ਸੁਣ ਕੇ ਸ਼੍ਰੀ ਸਵਰਨ ਦਾਸ ਤੇ ਉਹਨਾਂ ਦੀ ਪਤਨੀ ਦੋਨਾਂ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ ਆਪ ਜਾਣੀ ਜਾਣ ਹੋ। ਸਾਡੇ ਉੱਪਰ ਕਿਰਪਾ ਕਰੋ ਜੀ। ਮਹਾਰਾਜ ਨੇ ਵਚਨ ਕੀਤਾ, "ਤੁਸੀਂ ਕੋਈ ਫਿਕਰ ਨਾ ਕਰੋ, ਤੁਹਾਡੇ ਘਰ ਪਰੇ ਇੱਕ ਸਾਲ ਬਾਦ ਇਕ ਲੜਕਾ ਪੈਦਾ ਹੋਵੇਗਾ ਅਤੇ ਉਸ ਤੋਂ ਬਾਦ ਇਕ ਹੋਰ ਲੜਕਾ ਪੈਦਾ ਹੋਵੇਗਾ"।

ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਠੀਕ ਇਕ ਸਾਲ ਬਾਦ 2 ਫੱਗਣ 1959 ਨੂੰ ਉਹਨਾਂ ਦੇ ਗ੍ਰਹਿ ਵਿਖੇ ਇਕ ਲੜਕੇ ਨੇ ਜਨਮ ਲਿਆ। ਜਿਸ ਦਾ ਨਾਮ ਨਿਰੰਜਣ ਦਾਸ ਰੱਖਿਆ ਗਿਆ। ਉਸ ਤੋਂ ਕੁਝ ਸਾਲਾਂ ਬਾਦ ਉਹਨਾਂ ਦੇ ਘਰ ਇਕ ਹੋਰ ਪੁੱਤਰ ਨੇ ਜਨਮ ਲਿਆ।

(ਖੁਦ ਸ਼੍ਰੀ ਨਿਰੰਜਣ ਦਾਸ ਪੁੱਤਰ ਸ਼੍ਰੀ ਸਵਰਨ ਦਾਸ, ਕਬੂਲਪੁਰ, ਜਲੰਧਰ)

*********

## ਸਾਖੀ ਨੰਬਰ 47

## ਸ. ਚੰਨਣ ਸਿੰਘ ਨੂੰ ਵਰਦਾਨ ਦੇਣਾ।

ਠੇਕੇਦਾਰ ਚੰਨਣ ਸਿੰਘ ਪਿੰਡ ਖੜਿਆਲਾ ਨੇੜੇ ਬੁੱਲੋਵਾਲ ਹੁਸ਼ਿਆਰਪੁਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। 1964 ਈਸਵੀ ਵਿਚ ਮਹਾਰਾਜ ਜੀ ਸ. ਚੰਨਣ ਸਿੰਘ ਜੀ ਦੇ ਘਰ ਸਤਿਸੰਗ ਤੇ ਗਏ। ਉਹਨੀਂ ਦਿਨੀਂ ਪਿੰਡ ਦੇ ਸਾਰੇ ਮਕਾਨ ਕੱਚੇ ਸਨ। ਉਹਨਾਂ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਕਿਰਪਾ ਕਰੋ, ਸਾਰੇ ਮਕਾਨ ਕੱਚੇ ਹਨ। ਮਹਾਰਾਜ ਜੀ ਨੇ ਫ਼ਰਮਾਇਆ, "ਫ਼ਿਕਰ ਨਾ ਕਰੋ ਚੁਬਾਰੇ ਪੈਣਗੇ"। ਮਹਾਰਾਜ ਜੀ ਦੇ ਵਚਨ ਅਟੱਲ ਹੋਏ, ਅੱਜ ਉਸ ਪਰਿਵਾਰ ਦੇ ਸਾਰੇ ਮਕਾਨ ਪੱਕੇ ਹਨ ਅਤੇ ਚੁਬਾਰੇ ਹਨ।

(ਖੁਦ ਸ਼੍ਰੀ ਗੁਰਮੁਖ ਸਿੰਘ ਪੁੱਤਰ ਠੇਕੇਦਾਰ ਚੰਨਣ ਸਿੰਘ ਪਿੰਡ ਖੜਿਆਲਾ ਨੇੜੇ ਬੁੱਲੋਵਾਲ ਹੁਸ਼ਿਆਰਪਰ 23-06-2003)

## ਸਾਖੀ ਨੰਬਰ 48

## ਸ਼੍ਰੀ ਇੰਦਰ ਦਾਸ ਤੇ ਬੀਬੀ ਗਿਆਨ ਨੂੰ ਲੜਕੇ ਦੀ ਬਖ਼ਸ਼ਿਸ਼ ਕਰਨੀ।

ਸ਼੍ਰੀ ਗਰੀਬ ਦਾਸ ਪਿੰਡ ਖੜਿਆਲਾ, ਹੁਸ਼ਿਆਰਪੁਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਇਕ ਸਮੇਂ ਮਹਾਰਾਜ ਜੀ ਸ਼੍ਰੀ ਗਰੀਬ ਦਾਸ ਜੀ ਦੇ ਘਰ ਖੜਿਆਲੇ ਵਿਖੇ ਪ੍ਰੋਗਰਾਮ ਤੇ ਗਏ। ਸ਼੍ਰੀ ਗਰੀਬ ਦਾਸ ਜੀ ਨੇ ਮਹਾਰਾਜ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਸਾਡੇ ਰਿਸ਼ਤੇਦਾਰ ਸ਼੍ਰੀ ਇੰਦਰ ਦਾਸ ਤੇ ਬੀਬੀ ਗਿਆਨ ਪਿੰਡ ਫੱਤੋਵਾਲ ਰਹਿੰਦੇ ਹਨ। ਆਪ ਕਿਰਪਾ ਕਰੋ ਇਹਨਾਂ ਦੇ ਕੋਈ ਲੜਕਾ ਨਹੀਂ ਹੈ ਕੇਵਲ ਲੜਕੀਆਂ ਹੀ ਹਨ। ਮਹਾਰਾਜ ਜੀ ਨੇ ਫ਼ਰਮਾਇਆ ਕਿ ਸਾਰੇ ਉੱਠ ਕੇ ਖੜੇ ਹੋ ਜਾਉ। ਫਿਕਰ ਨਾ ਕਰੋ ਤੁਹਾਡੇ ਘਰ ਦੋ ਪੁੱਤਰ ਜਨਮ ਲੈਣਗੇ। ਮਹਾਰਾਜ ਜੀ ਦੇ ਵਚਨ ਅਟੱਲ ਹੋਏ ਉਹਨਾਂ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ।

## ਸਾਖੀ ਨੰਬਰ 49

## ਸ਼੍ਰੀ ਕਰਤਾਰ ਚੰਦ ਨੂੰ ਪੁੱਤਰ ਦੀ ਦਾਤ ਬਖ਼ਸ਼ਿਸ਼ ਕਰਨੀ।

ਸ਼੍ਰੀ ਸੋਹਣ ਸਿੰਘ ਪੁੱਤਰ ਸ਼੍ਰੀ ਗਰੀਬ ਦਾਸ ਪਿੰਡ ਖੜਿਆਲਾ ਹੁਸ਼ਿਆਰਪੁਰ ਵਾਲਿਆਂ ਦਾ ਮਹਾਰਾਜ ਜੀ ਨਾਲ ਬਹੁਤ ਪ੍ਰੇਮ ਸੀ। ਸ਼੍ਰੀ ਗਰੀਬ ਦਾਸ ਜੀ ਦੇ ਸਾਲੇ ਸ਼੍ਰੀ ਕਰਤਾਰ ਚੰਦ ਪਿੰਡ ਮਸੀਤੀ ਵਾਲਿਆਂ ਦੇ ਘਰ ਕੇਵਲ ਲੜਕੀਆਂ ਹੀ ਸਨ ਅਤੇ ਕੋਈ ਪੁੱਤਰ ਨਹੀਂ ਸੀ। ਇਕ ਸਮੇਂ ਸ਼੍ਰੀ ਗਰੀਬ ਦਾਸ ਜੀ ਆਪਣੇ ਸਾਲੇ ਤੇ ਉਸ ਦੀ ਪਤਨੀ ਨੂੰ ਡੇਰੇ ਮਹਾਰਾਜ ਜੀ ਪਾਸ ਲੈ ਕੇ ਆਏ। ਉਸ ਸਮੇਂ ਮਹਾਰਾਜ ਜੀ ਥੜ੍ਹੇ ਉਪਰ ਬਿਰਾਜਮਾਨ ਸਨ। ਸਭਨਾਂ ਨੇ ਨਮਸਕਾਰ ਕੀਤੀ ਤੇ ਸ਼੍ਰੀ ਗਰੀਬ ਦਾਸ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਆਪ ਇਹਨਾਂ (ਸ਼੍ਰੀ ਕਰਤਾਰ ਚੰਦ) ਤੇ ਕਿਰਪਾ ਕਰੋ ਜੀ। ਇਹਨਾਂ ਦੇ ਕੇਵਲ ਲੜਕੀਆਂ ਹੀ ਹਨ ਪੁੱਤਰ ਨਹੀਂ ਹੈ।

ਮਹਾਰਾਜ ਜੀ ਨੇ ਫ਼ਰਮਾਇਆ ਕਿ ਫਿਕਰ ਨਾ ਕਰੋ ਇਕ ਲੜਕਾ ਹੋਵੇਗਾ। ਮਹਾਰਾਜ ਜੀ ਦੇ ਵਚਨ ਅਨੁਸਾਰ ਉਹਨਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਨਿਰੰਜਨ ਰੱਖਿਆ ਗਿਆ।

(ਸ਼੍ਰੀ ਸੋਹਣ ਸਿੰਘ ਪੁੱਤਰ ਸ਼੍ਰੀ ਗਰੀਬ ਦਾਸ ਪਿੰਡ ਖੜਿਆਲਾ, ਹੁਸ਼ਿਆਰਪੁਰ)

## ਸਾਖੀ ਨੰਬਰ 50

## ਸ਼੍ਰੀ ਦਰਸ਼ਨ ਸਿੰਘ ਨੂੰ ਪੁੱਤਰਾਂ ਦੀ ਬਖ਼ਸ਼ਿਸ਼ ਕਰਨੀ।

ਇਕ ਸਮੇਂ ਸੰਤ ਸਰਵਣ ਦਾਸ ਜੀ ਪਿੰਡ ਖੰਬਲਾ ਵਿਖੇ ਸ਼੍ਰੀ ਦਰਸ਼ਨ ਸਿੰਘ ਪੁੱਤਰ ਠੇਕੇਦਾਰ ਦਿਆਲ ਸਿੰਘ ਦੇ ਗ੍ਰਹਿ ਵਿਖੇ ਗਏ। ਸ਼੍ਰੀ ਗਰੀਬ ਦਾਸ ਖੜਿਆਲਾ ਵਾਲਿਆਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਕਿਰਪਾ ਕਰੋ ਦਰਸ਼ਨ ਸਿੰਘ ਦੇ ਘਰ 7 ਲੜਕੀਆਂ ਹਨ ਅਤੇ ਲੜਕਾ ਕੋਈ ਨਹੀਂ ਹੈ। ਮਹਾਰਾਜ ਜੀ ਨੇ ਫ਼ਰਮਾਇਆ, "ਫਿਕਰ ਨਹੀਂ ਕਰਨਾ"। ਗੁਰੂ ਮਹਾਰਾਜ ਜੀ ਦੀ ਕਿਰਪਾ ਦੇ ਨਾਲ ਤੁਹਾਡੇ ਘਰ ਦੋ ਪੁੱਤਰ ਜਨਮ ਲੈਣਗੇ। ਮਹਾਰਾਜ ਜੀ ਦੇ ਵਚਨਾਂ ਅਨੁਸਾਰ ਉਹਨਾਂ ਦੇ ਘਰ ਦੋ ਲੜਕਿਆਂ ਨੇ ਜਨਮ ਲਿਆ।

(ਸ਼੍ਰੀ ਸੋਹਣ ਸਿੰਘ ਪੁੱਤਰ ਸ਼੍ਰੀ ਗਰੀਬ ਦਾਸ
ਪਿੰਡ ਖੜਿਆਲਾ, ਹੁਸ਼ਿਆਰਪੁਰ) 23-06-03)

## ਸਾਖੀ ਨੰਬਰ 51

## ਜਾਦੂਗਰ ਨੇ ਤੌਬਾ ਕਰਨੀ

1967-68 ਈਸਵੀ ਦੀ ਗੱਲ ਹੈ ਕਿ ਇਕ ਜਾਦੂਗਰ ਡੇਰੇ ਵਿਖੇ ਆ ਕੇ ਇੱਕ

ਘੰਟੇ ਤੋਂ ਆਪਣੇ ਕਰਤੱਵ ਤਾਸ਼ ਦੇ ਪੱਤਿਆ ਰਾਹੀਂ ਦਿਖਾ ਰਿਹਾ ਸੀ। ਉਸ ਸਮੇਂ ਸੰਤ ਸਰਵਣ ਦਾਸ ਤੇ ਕੁਝ ਸੰਗਤਾਂ ਵਿਚ ਸ਼੍ਰੀ ਸੋਹਣ ਸਿੰਘ ਮੌਜੂਦ ਸਨ। ਮਹਾਰਾਜ ਜੀ ਨੇ ਫ਼ਰਮਾਇਆ, "ਜਾਦੂਗਰ ਨਿਗ੍ਹਾ ਬੰਨ੍ਹ ਲੈਂਦੇ ਹਨ। ਉਸ ਤੋਂ ਬਾਅਦ ਉਹ ਜਾਦੂਗਰ ਆਪਣਾ ਕੋਈ ਵੀ ਕਰਤੱਵ ਨਹੀਂ ਦਿਖਾ ਸਕਿਆ। ਉਸ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਨਮਸਕਾਰ ਕੀਤੀ ਅਤੇ ਦਿਲ ਹੀ ਦਿਲ ਵਿਚ ਮਹਾਰਾਜ ਜੀ ਤੋਂ ਭੁੱਲ ਬਖ਼ਸ਼ਾਈ। ਫਿਰ ਉਸ ਦਾ ਕਰਤੱਵ ਚੱਲਣ ਲੱਗਾ ਸੀ।

(ਸ਼੍ਰੀ ਸੋਹਣ ਸਿੰਘ ਪੁੱਤਰ ਸ਼੍ਰੀ ਗਰੀਬ ਦਾਸ ਖਡਿਆਲਾ ਹੁਸ਼ਿਆਰਪੁਰ 23-06-03)

## ਸਾਖੀ ਨੰਬਰ 52

## ਸ. ਆਸਾ ਸਿੰਘ ਸੈਣੀ ਨੂੰ ਪੋਤਰਿਆਂ ਦੀ ਦਾਤ ਬਖ਼ਸ਼ਿਸ਼ ਕਰਨੀ।

ਇਕ ਸਮੇਂ ਸੰਤ ਸਰਵਣ ਦਾਸ ਮਹਾਰਾਜ ਜੀ ਸ਼੍ਰੀ ਗਰੀਬ ਦਾਸ ਪਿੰਡ ਖਡਿਆਲਾ ਦੇ ਗ੍ਰਹਿ ਵਿਖੇ ਗਏ। ਉਸ ਪਿੰਡ ਵਿਚ ਸ. ਆਸਾ ਸਿੰਘ ਸੈਣੀ ਦੇ ਦੋ ਪੁੱਤਰ ਸ. ਰਜੀਲ ਸਿੰਘ ਅਤੇ ਸ. ਜਸਵੰਤ ਸਿੰਘ ਸਨ। ਦੋਨਾਂ ਦੇ ਕੋਈ ਔਲਾਦ ਨਹੀਂ ਸੀ। ਉਹਨਾਂ ਸ਼੍ਰੀ ਗਰੀਬ ਦਾਸ ਜੀ ਨੂੰ ਮਹਾਰਾਜ ਅੱਗੇ ਬੇਨਤੀ ਕਰਨ ਲਈ ਕਿਹਾ। ਸ਼੍ਰੀ ਗਰੀਬ ਦਾਸ ਜੀ ਨੇ ਮਹਾਰਾਜ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਸ. ਰਜੀਲ ਸਿੰਘ ਅਤੇ ਸ. ਜਸਵੰਤ ਦੋਨੋਂ ਭਰਾ ਹਨ। ਇਹਨਾਂ ਦੇ ਕੋਈ ਔਲਾਦ ਨਹੀਂ ਹੈ, ਆਪ ਕਿਰਪਾ ਕਰੋ ਜੀ। ਮਹਾਰਾਜ ਜੀ ਨੇ ਫ਼ਰਮਾਇਆ ਕਿ ਆਪ ਫਿਕਰ ਨਾ ਕਰੋ। ਦੋਨਾਂ ਦੇ ਘਰ ਇਕ-ਇਕ ਪੁੱਤਰ ਦਾ ਜਨਮ ਹੋਵੇਗਾ। ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਕੁਝ ਸਾਲਾਂ ਬਾਅਦ ਦੋਨਾਂ ਭਰਾਵਾਂ ਦੇ ਘਰ ਇਕ-ਇਕ ਪੁੱਤਰ ਨੇ ਜਨਮ ਲਿਆ। ਸ. ਰਜੀਲ ਸਿੰਘ ਦੇ ਪੁੱਤਰ ਦਾ ਨਾਮ ਸ. ਮੰਗਲ ਸਿੰਘ ਅਤੇ ਸ. ਜਸਵੰਤ ਸਿੰਘ ਦੇ ਪੁੱਤਰ ਦਾ ਨਾਮ ਸ. ਦਇਆ ਸਿੰਘ ਰੱਖਿਆ ਗਿਆ ਸੀ। ਦੋਨੋਂ ਭਰਾ ਆਪਣੇ ਦੋਨੋਂ ਪੁੱਤਰਾਂ ਨੂੰ ਅਤੇ ਸ਼੍ਰੀ ਗਰੀਬ ਦਾਸ ਨੂੰ ਨਾਲ ਲੈ ਕੇ ਮਹਾਰਾਜ ਜੀ ਦੇ ਚਰਨਾਂ ਵਿਚ ਮੱਥਾ ਟੇਕ ਕੇ ਗਏ ਸਨ।

(26-06-03 ਸ਼੍ਰੀ ਗਰੀਬ ਦਾਸ ਪੁੱਤਰ ਸ਼੍ਰੀ ਚੰਦੂ ਰਾਮ ਖਡਿਆਲਾ, ਹੁਸ਼ਿਆਰਪੁਰ)

## ਸਾਖੀ ਨੰਬਰ 53

## ਸ਼੍ਰੀ ਗਰੀਬ ਦਾਸ ਨੂੰ ਜ਼ਮੀਨਦਾਰ ਬਣਾਉਣਾ।

ਇਕ ਸਮੇਂ ਸ਼੍ਰੀ ਗਰੀਬ ਦਾਸ ਪੁੱਤਰ ਸ਼੍ਰੀ ਚੰਦੂ ਰਾਮ ਪਿੰਡ ਖਡਿਆਲਾ ਵਾਲੇ ਡੇਰੇ ਵਿਖੇ ਮਹਾਰਾਜ ਸਰਵਣ ਦਾਸ ਜੀ ਦੇ ਦਰਸ਼ਨ ਕਰਨ ਆਏ। ਜਦੋਂ ਉਸ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤਾਂ ਮਹਾਰਾਜ ਜੀ ਨੇ ਫ਼ਰਮਾਇਆ ਜ਼ਮੀਨਦਾਰ ਆ

ਗਿਆਂ। ਉਸ ਨੇ ਬੇਨਤੀ ਕੀਤੀ ਮਹਾਰਾਜ ਮੈਂ ਕਾਹਦਾ ਜ਼ਮੀਨਦਾਰ ? ਮੈਂ ਤਾਂ ਜ਼ਮੀਨ ਲੈ ਕੇ ਹਾਲੇ ਤੇ ਵਾਹੀ ਕਰਦਾ ਹਾਂ। ਮਹਾਰਾਜ ਜੀ ਨੇ ਵਚਨ ਕੀਤਾ ਕਿ ਫਿਕਰ ਨਾ ਕਰੋ ਤੁਹਾਡੀ ਆਪਣੀ ਜ਼ਮੀਨ ਵੀ ਹੋਵੇਗੀ। ਸ਼੍ਰੀ ਗਰੀਬ ਦਾਸ ਹੁਣਾਂ ਦੱਸਿਆ ਕਿ ਕੁਝ ਸਾਲਾਂ ਬਾਅਦ ਮਹਾਰਾਜ ਜੀ ਦੀ ਕਿਰਪਾ ਨਾਲ ਗਿਆਰਾਂ ਖੇਤ ਜ਼ਮੀਨ ਦੇ ਖਰੀਦੇ। ਹੁਣ ਪੰਜ ਖੇਤ ਹੋਰ ਖਰੀਦੇ ਹਨ। ਮੇਰੇ ਕੋਲ 16 ਖੇਤ ਜ਼ਮੀਨ ਹੈ। ਇਸ ਤਰਾਂ ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਉਹਨਾਂ ਦੀ ਕਿਰਪਾ ਨੇ ਮੈਨੂੰ ਜ਼ਮੀਨਦਾਰ ਬਣਾ ਦਿੱਤਾ।

(ਖੁਦ ਸ਼੍ਰੀ ਗਰੀਬ ਦਾਸ ਪੁੱਤਰ ਸ਼੍ਰੀ ਚੰਦੂ ਰਾਮ, ਪਿੰਡ ਖੜਿਆਲਾ, ਹੁਸ਼ਿਆਰਪੁਰ, 26-06-03)

## ਸਾਖੀ ਨੰਬਰ 54

## ਸ. ਅਮਰੀਕ ਸਿੰਘ ਨੂੰ ਪੁੱਤਰਾਂ ਦੀ ਦਾਤ ਬਖ਼ਸ਼ਿਸ਼ ਕਰਨੀ।

ਸ. ਅਮਰੀਕ ਸਿੰਘ ਪੁੱਤਰ ਸ. ਹਰਬੰਸ ਸਿੰਘ ਪਿੰਡ ਬੱਲ ਵਾਲਿਆਂ ਨੇ ਦੱਸਿਆ ਕਿ ਮੇਰਾ ਵਿਆਹ 1972 ਈਸਵੀ ਵਿਚ ਹੋਇਆ। ਜਦੋਂ ਅਸੀਂ ਮੀਆਂ ਬੀਬੀ ਮਹਾਰਾਜ ਜੀ ਦੇ ਦਰਬਾਰ ਵਿਚ ਮੱਥਾ ਟੇਕਣ ਆਏ ਤਾਂ ਸੰਤ ਸਰਵਣ ਦਾਸ ਜੀ ਨੇ ਮੇਰੀ ਪਤਨੀ ਨੂੰ ਦੋ ਸੇਬ ਦਿੱਤੇ ਕਿਹਾ, "ਬੇਟੀ, ਇਹ ਦੋਨੋਂ ਸੇਬ ਤੂੰ ਆਪ ਖਾਵੀਂ"। ਮਹਾਰਾਜ ਜੀ ਦੀ ਕਿਰਪਾ ਨਾਲ ਸਾਡੇ ਦੋ ਪੁੱਤਰ ਹਨ ਧਰਮਿੰਦਰ ਤੇ ਜਤਿੰਦਰ।

(ਖੁਦ ਸ. ਅਮਰੀਕ ਸਿੰਘ ਪੁੱਤਰ ਸ. ਹਰਬੰਸ ਸਿੰਘ, ਪਿੰਡ ਬੱਲ, ਜਲੰਧਰ 26-06-03)

## ਸਾਖੀ ਨੰਬਰ 55

## ਸ. ਪਿਆਰਾ ਸਿੰਘ ਨੂੰ ਜ਼ਮੀਨ ਦੀ ਬਖ਼ਸ਼ਿਸ਼ ਕਰਨੀ।

ਸ. ਪਿਆਰਾ ਸਿੰਘ ਤੇ ਬੀਬੀ ਬੇਅੰਤ ਕੌਰ ਪਿੰਡ ਲਾਂਬੜਾ ਹੁਸ਼ਿਆਰਪੁਰ ਵਾਲਿਆਂ ਦਾ ਮਹਾਰਾਜ ਜੀ ਨਾਲ ਬਹੁਤ ਪ੍ਰੇਮ ਸੀ। ਇਕ ਸਮੇਂ ਸੰਤ ਸਰਵਣ ਦਾਸ ਜੀ ਪਿੰਡ ਲਾਂਬੜੇ ਵਿਖੇ ਗਏ। ਮਹਾਰਾਜ ਜੀ ਉਹਨਾਂ ਦੀ ਜ਼ਮੀਨ ਤੇ ਗਏ ਸਨ। ਸ. ਪਿਆਰਾ ਸਿੰਘ ਨੇ ਕਿਹਾ ਕਿ ਮਹਾਰਾਜ ਜੀ ਸਾਡੇ ਦੋ ਖੇਤ ਹਨ।

ਮਹਾਰਾਜ ਜੀ ਨੇ ਫ਼ਰਮਾਇਆ ਕਿੰਨੀ ਜ਼ਮੀਨ ਚਾਹੀਦੀ ਹੈ। ਬੀਬੀ ਬੇਅੰਤ ਕੌਰ ਨੇ ਕਿਹਾ, "ਮਹਾਰਾਜ ਜੀ ਆਪ ਸਮਰੱਥ ਹੋ। ਮਹਾਰਾਜ ਜੀ ਦੋਨਾਂ ਨੂੰ ਨਾਲ ਲੈ ਕੇ ਕੁਝ ਖੇਤਾਂ ਦੇ ਚਾਰ ਚੁਫ਼ੇਰੇ ਘੁੰਮਦਿਆਂ ਕਿਹਾ ਕਿ ਇਹ ਸਾਰੀ ਜ਼ਮੀਨ ਤੇਰੀ ਹੋਵੇਗੀ। ਸ. ਅਮਰੀਕ ਸਿੰਘ ਨੇ ਦੱਸਿਆ ਕਿ ਅੱਜ ਮਹਾਰਾਜ ਜੀ ਦੇ ਅਟੱਲ ਵਚਨਾਂ ਅਨੁਸਾਰ ਸਾਰੀ ਜ਼ਮੀਨ ਸਾਡੀ ਹੈ।

(ਸ. ਅਮਰੀਕ ਸਿੰਘ ਪੁੱਤਰ ਸਵ. ਸ. ਪਿਆਰਾ ਸਿੰਘ ਲਾਂਬੜਾ, ਹੁਸ਼ਿਆਰਪੁਰ 26-06-03)

## ਸਾਖੀ ਨੰਬਰ 56

## ਪਹਿਲਾ ਬੋਰ ਹੀ ਚੱਲੇਗਾ।

ਸ. ਪਿਆਰਾ ਸਿੰਘ ਤੇ ਬੀਬੀ ਬੇਅੰਤ ਕੌਰ ਪਿੰਡ ਲਾਂਬੜਾ ਹੁਸ਼ਿਆਰਪੁਰ ਵਾਲਿਆਂ ਨੇ ਆਪਣੀ ਜ਼ਮੀਨ ਵਿਖੇ ਨਵਾਂ ਟਿਊਬਵੈੱਲ ਲਗਾਉਣ ਲਈ ਬੋਰ ਕਰਵਾਇਆ। ਅਚਾਨਕ ਉਹ ਬੋਰ ਖਰਾਬ ਹੋ ਗਿਆ। ਉਹਨਾਂ ਦੂਸਰੀ ਜਗ੍ਹਾ ਬੋਰ ਕਰਵਾਇਆ ਪਰ ਉੱਥੇ ਵੀ ਪਾਣੀ ਨਹੀਂ ਚੱਲਿਆ।

ਸ. ਪਿਆਰਾ ਸਿੰਘ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਬੋਰ ਨਵੀਂ ਜਗ੍ਹਾ ਕਰਵਾਇਆ ਹੈ ਪਰ ਉਹ ਵੀ ਠੀਕ ਨਹੀਂ ਰਿਹਾ, ਆਪ ਕਿਰਪਾ ਕਰੋ।ਮਹਾਰਾਜ ਜੀ ਨੇ ਫ਼ਰਮਾਇਆ, ਕਿ ਪਹਿਲਾ ਹੀ ਬੋਰ ਠੀਕ ਹੈ ਅਤੇ ਉਹੀ ਬੋਰ ਚੱਲੇਗਾ। ਅਸੀਂ ਦੁਬਾਰਾ ਉਹ ਬੋਰ ਕਰਵਾਇਆ।ਉਹ ਠੀਕ ਚੱਲ ਪਿਆ।ਅੱਜ ਉਸ ਬੋਰ ਨੂੰ ਲੱਗਭਗ 40 ਸਾਲ ਹੋ ਗਏ ਹਨ। ਸਾਡੇ ਪਿੰਡ ਦੇ ਆਲੇ-ਦੁਆਲੇ ਦੀਆਂ ਬਹੁਤੀਆਂ ਮੋਟਰਾਂ ਪਾਣੀ ਛੱਡ ਗਈਆਂ ਪਰ ਉਹ ਬੋਰ ਨਿਰੰਤਰ ਠੀਕ ਚੱਲ ਰਿਹਾ ਹੈ।

(ਖੁਦ ਸ. ਅਮਰੀਕ ਸਿੰਘ ਪੁੱਤਰ ਸ. ਪਿਆਰਾ ਸਿੰਘ ਲਾਂਬੜਾ, ਹੁਸ਼ਿਆਰਪੁਰ, 26-06-03)

## ਸਾਖੀ ਨੰਬਰ 57

## ਸ਼੍ਰੀ ਉਜਾਗਰ ਰਾਮ ਨੂੰ ਜ਼ਮੀਨ ਦੀ ਬਖ਼ਸ਼ਿਸ਼ ਕਰਨੀ।

ਸ਼੍ਰੀ ਉਜਾਗਰ ਰਾਮ ਪੁੱਤਰ ਸਵ. ਸ਼੍ਰੀ ਮਈਆ ਰਾਮ ਉਹਨਾਂ ਦਾ ਪਹਿਲਾਂ ਪਿੰਡ ਮੁਫੋਡੇ ਸੀ।ਉਹ ਗੁਰੂ ਰਵਿਦਾਸ ਪੁਰਾ ਫਿਲੌਰ ਵਿਖੇ ਰਹਿ ਰਹੇ ਸਨ ਅਤੇ ਉੱਥੇ ਉਹਨਾਂ ਦਾ ਚਮੜੇ ਦਾ ਕਾਰੋਬਾਰ ਸੀ।

ਲਗਭਗ 1970 ਈਸਵੀ ਦੀ ਗੱਲ ਹੈ ਕਿ ਸੰਤ ਸਰਵਣ ਦਾਸ ਜੀ ਮਹਾਰਾਜ ਡੇਰਾ 108 ਸੰਤ ਮੇਲਾ ਰਾਮ ਜੀ ਨਗਰ ਵਿਖੇ ਗਏ।ਵਾਪਸ ਆਉਂਦੇ ਹੋਏ ਮਹਾਰਾਜ ਜੀ ਸ਼੍ਰੀ ਉਜਾਗਰ ਰਾਮ ਦੇ ਗ੍ਰਿਹਿ ਵਿਖੇ ਗਏ। ਉਹਨਾਂ ਦਿਨਾਂ ਵਿਚ ਇਕ ਕਨਾਲ ਜ਼ਮੀਨ ਵਿਚ ਉਹਨਾਂ ਦਾ ਘਰ ਸੀ।ਸੜਕ ਤੋਂ ਪਾਰ ਜ਼ਮੀਨ ਸੀ ਜਿਸ ਵਿੱਚ ਉਹਨਾਂ ਦਾ ਚਮੜੇ ਦਾ ਕਾਰੋਬਾਰ ਸੀ।

ਮਹਾਰਾਜ ਜੀ ਉਹਨਾਂ ਦੇ ਘਰ ਚਰਨ ਪਾਉਣ ਤੋਂ ਬਾਅਦ ਕੁੱਨਾਂ ਵਾਲੀ ਜ਼ਮੀਨ ਵਿਚ ਜਿਸ ਸਮੇਂ ਗਏ ਤਾਂ ਮਹਾਰਾਜ ਜੀ ਨੇ ਪੁੱਛਿਆ, "ਉਜਾਗਰ ਸਿੰਘ, ਜ਼ਮੀਨ ਕਿਸ ਦੀ ਹੈ" ? ਉਹਨਾਂ ਉੱਤਰ ਦਿੱਤਾ, "ਮਹਾਰਾਜ, ਇਹ ਜ਼ਮੀਨ ਕਿਰਾਏ ਤੇ ਹੈ"। ਮਹਾਰਾਜ ਜੀ ਨੇ ਫ਼ਰਮਾਇਆ, "ਇਹ ਜ਼ਮੀਨ ਤੁਹਾਡੀ ਹੈ"। ਮਹਾਰਾਜ ਜੀ ਦੇ

ਵਚਨ ਅਟੱਲ ਹੋਏ। ਲਗਭਗ ਇਕ ਮਹੀਨੇ ਵਿਚ ਹੀ ਉਹ ਜ਼ਮੀਨ ਅਸੀਂ ਖਰੀਦ ਲਈ ਸੀ।

(ਸ਼੍ਰੀ ਉਜਾਗਰ ਰਾਮ ਪੁੱਤਰ ਸ਼੍ਰੀ ਸਵ. ਮਈਆ ਰਾਮ, ਗੁਰੂ ਰਵਿਦਾਸਪੁਰਾ, ਫਿਲੌਰ 26-06-03)

## ਸਾਖੀ ਨੰਬਰ 58

## ਸ਼੍ਰੀ ਭਗਤ ਰਾਮ ਨੂੰ ਜ਼ਮੀਨ ਦੀ ਬਖ਼ਸ਼ਿਸ਼ ਕਰਨੀ।

ਸ਼੍ਰੀ ਭਗਤ ਰਾਮ (ਸਵ.) ਪੁੱਤਰ ਸ਼੍ਰੀ ਲੱਭੂ ਰਾਮ ਪਿੰਡ ਦੋਲੀਕੇ (ਅੱਜ ਕੱਲ 731, ਜੇ.ਪੀ. ਨਗਰ) ਜਲੰਧਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪਿਆਰ ਸੀ। ਭਾਰਤ-ਪਾਕਿ ਵੰਡ ਤੋਂ ਪਹਿਲਾਂ ਉਹ ਲਾਹੌਰ ਵਿਖੇ ਕੰਮ ਕਰਨ ਲਈ ਜਾਇਆ ਕਰਦੇ ਸਨ। 1947 ਈਸਵੀ ਵਿਚ ਭਾਰਤ-ਪਾਕਿ ਵੰਡ ਤੋਂ ਬਾਅਦ ਉਹਨਾਂ ਜਲੰਧਰ ਵਿਖੇ ਪੰਜ ਖੇਤਾਂ ਤੇ ਕਬਜਾ ਕੀਤਾ ਸੀ। ਉਹਨਾਂ ਦੀ ਜ਼ਮੀਨ ਉੱਪਰ ਦੂਸਰੀ ਪਾਰਟੀ ਵਾਲਿਆਂ ਨੇ ਦਾਅਵਾ ਕਰ ਦਿੱਤਾ। ਕੇਸ ਅਦਾਲਤ ਵਿਚ ਚੱਲਣ ਲੱਗਾ।

1962 ਈਸਵੀ ਵਿੱਚ ਉਹਨਾਂ ਤੇ ਬਹੁਤ ਗਰੀਬੀ ਆ ਗਈ। ਉਹਨਾਂ ਮਹਾਰਾਜ ਜੀ ਅੱਗੇ ਬੇਨਤੀ ਕੀਤੀ। ਮਹਾਰਾਜ ਜੀ ਨੇ ਬਚਨ ਕੀਤਾ ਕਿ ਭਗਤ ਰਾਮਾ! ਜਿੱਤ ਤੇਰੀ ਹੋਵੇਗੀ। ਸ਼੍ਰੀ ਭਗਤ ਰਾਮ ਜੀ ਨੇ ਆਪਣੇ ਮਨ ਵਿਚ ਧਾਰ ਲਿਆ ਕਿ ਜੇਕਰ ਮੈਂ ਜ਼ਮੀਨ ਦਾ ਕੇਸ ਜਿੱਤ ਗਿਆ ਤਾਂ ਇਕ ਕਮਰਾ ਡੇਰੇ ਵਿਖੇ ਬਣਾਵਾਂਗਾ। ਕੇਸ ਮੁੱਢਲੀ ਅਦਾਲਤ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਚੱਲਿਆ। 1986 ਵਿਚ ਸੁਪਰੀਮ ਕੋਰਟ ਨੇ ਫੈਸਲਾ ਸ਼੍ਰੀ ਭਗਤ ਰਾਮ ਦੇ ਹੱਕ ਵਿਚ ਦਿੱਤਾ। ਇਸ ਪ੍ਰਕਾਰ ਮਹਾਰਾਜ ਜੀ ਦੇ ਬਚਨ ਅਟੱਲ ਹੋਏ। ਉਹਨਾਂ ਉਹ ਪੰਜ ਖੇਤ ਜ਼ਮੀਨ ਦੇ ਵੇਚ ਕੇ ਹੋਰ ਥਾਂ ਅਲਾਵਲ ਪੁਰ ਜ਼ਮੀਨ ਖਰੀਦੀ ਸੀ।1991 ਈਸਵੀ ਵਿਚ ਸ਼੍ਰੀ ਭਗਤ ਰਾਮ ਜੀ ਨੇ ਡੇਰੇ ਵਿਖੇ ਇਕ ਕਮਰਾ ਬਣਵਾਇਆ ਸੀ।

(ਸ਼੍ਰੀ ਦੇਸ ਰਾਜ ਪੁੱਤਰ ਸਵ. ਸ਼੍ਰੀ ਭਗਤ ਰਾਮ (ਦੋਲੀਕੇ) 26-06-03)

## ਸਾਖੀ ਨੰਬਰ 59

## ਸ਼੍ਰੀ ਭਾਗ ਰਾਮ ਭੰਡਾਰੀ ਦੀ ਇੱਛਾ ਪੂਰਨ ਕਰਨੀ।

ਸ਼੍ਰੀ ਭਾਗ ਮੱਲ ਭੰਡਾਰੀ ਪਿੰਡ ਸ਼ੇਰਪਰ ਸ਼ੇਖ਼ੇ, ਜਲੰਧਰ ਜੋ ਕਿ ਮਹਾਰਾਜ ਜੀ ਦੇ ਦਰਬਾਰ ਵਿਚ ਭੰਡਾਰੀ ਸਨ। ਉਹਨਾਂ ਨੇ ਇਹ ਗੱਲ ਦੱਸਦੇ ਹੋਏ ਕਿਹਾ ਕਿ ਇਹ ਗੱਲ

1971 ਈਸਵੀ ਦੀ ਹੈ ਜਦੋਂ ਉਹ (ਭਾਗਮੱਲ) ਪਿੰਡ ਸ਼ੇਰਪੁਰ ਸ਼ੇਖ਼ੇ ਤੋਂ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਡੇਰੇ ਆ ਰਹੇ ਸਨ। ਉਹਨਾਂ ਨੇ ਮਨ ਵਿਚ ਸੰਕਲਪ ਕੀਤਾ ਕਿ ਅੱਜ ਮਹਾਰਾਜ ਜੀ ਦੇ ਦਰਸ਼ਨ ਕੁਟੀਆ ਗੇਟ ਤੇ ਹੋ ਜਾਣ।

ਜਦੋਂ ਉਹ ਡੇਰੇ ਪੁੱਜੇ ਤੇ ਸੰਤ ਸਰਵਣ ਦਾਸ ਜੀ ਮਹਾਰਾਜ ਬਾਹਰ ਗੇਟ ਤੇ ਖੜ੍ਹੇ ਸਨ। ਸ਼੍ਰੀ ਭਾਗਮੱਲ ਜੀ ਨੇ ਨਮਸਕਾਰ ਕੀਤੀ। ਉਹਨਾਂ ਦੇ ਮਨ ਨੂੰ ਇਹ ਪੂਰਨ ਯਕੀਨ ਹੋ ਗਿਆ ਕਿ ਮਹਾਰਾਜ ਜੀ ਜਾਣੀ ਜਾਣ ਹਨ। ਜਿਨ੍ਹਾਂ ਮੇਰੇ ਮਨ ਦਾ ਸੰਕਲਪ ਪੂਰਾ ਕੀਤਾ।

(ਖੁਦ ਸ਼੍ਰੀ ਭਾਗਮੱਲ ਭੰਡਾਰੀ ਡੇਰਾ ਸੱਚ ਖੰਡ ਬੱਲਾਂ, 27-06-03)

## ਸਾਖੀ ਨੰਬਰ 60

## ਸ਼੍ਰੀ ਕਰਮ ਚੰਦ ਨੂੰ ਪੁੱਤਰ ਦੀ ਬਖ਼ਸ਼ਿਸ਼ ਕਰਨੀ।

ਸਵ. ਸ਼੍ਰੀ ਕਰਮ ਚੰਦ ਤੇ ਬੀਬੀ ਤੇਜ ਕੌਰ ਪਿੰਡ ਠੱਕਰੋਵਾਲ ਹੁਸ਼ਿਆਰਪੁਰ ਵਾਲਿਆਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪਿਆਰ ਸੀ। 1968 ਈਸਵੀ ਦੀ ਗੱਲ ਹੈ। ਉਹਨਾਂ ਆਪਣੇ ਗ੍ਰਿਹਿ ਵਿਖੇ ਸਤਿਸੰਗ ਕਰਵਾਇਆ। ਸੰਤ ਸਰਵਣ ਦਾਸ ਜੀ ਉਹਨਾਂ ਦੇ ਗ੍ਰਿਹਿ ਵਿਖੇ ਗਏ। ਮਹਾਰਾਜ ਜੀ ਨੇ ਰਾਤ ਉਹਨਾਂ ਦੇ ਚੁਬਾਰੇ ਵਿਚ ਬਿਤਾਈ। ਦੂਸਰੇ ਦਿਨ ਸ਼੍ਰੀ ਕਰਮ ਚੰਦ ਤੇ ਬੀਬੀ ਤੇਜ ਕੌਰ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਆਪ ਕਿਰਪਾ ਕਰੋ। ਸਾਡੇ ਘਰ ਪੰਜ ਲੜਕੀਆਂ ਹਨ ਅਤੇ ਕੋਈ ਪੁੱਤਰ ਨਹੀ ਹੈ। ਮਹਾਰਾਜ ਜੀ ਆਪ ਕਿਰਪਾ ਕਰੋ ਤਾਂ ਕਿ ਸਾਡੇ ਘਰ ਕੋਈ ਪੁੱਤਰ ਹੋਵੇ। ਮਹਾਰਾਜ ਜੀ ਨੇ ਫ਼ਰਮਾਇਆ ਕਿ ਤੁਹਾਡੇ ਘਰ ਇਕ ਪੁੱਤਰ ਜਨਮ ਲਵੇਗਾ। ਫਿਕਰ ਨਾ ਕਰੋ। ਭਜਨ ਸਿਮਰਨ ਕਰਿਆ ਕਰੋ। ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਉਹਨਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਮ ਮਹਾਰਾਜ ਜੀ ਨੇ ਰਾਮ ਕਿਸ਼ਨ ਰੱਖਿਆ ਅਤੇ ਜੋ ਅੱਜ ਪੁਲਿਸ ਵਿਚ ਨੌਕਰੀ ਕਰਦੇ ਹਨ।

(ਖੁਦ ਬੀਬੀ ਤੇਜ ਕੌਰ ਪਤਨੀ ਸਵ. ਸ਼੍ਰੀ ਕਰਮ ਚੰਦ, ਪਿੰਡ ਠੱਕਰਵਾਲ, ਹੁਸ਼ਿਆਰਪੁਰ, 26/06/03)

## ਸਾਖੀ ਨੰਬਰ 61

## ਸ਼੍ਰੀ ਗੁਰਮੀਤ ਸਿੰਘ ਨੂੰ ਤੱਰਕੀ ਬਖ਼ਸ਼ਿਸ਼ ਕਰਨੀ।

ਸ਼੍ਰੀ ਗੁਰਮੀਤ ਸਿੰਘ ਪੁੱਤਰ ਸ਼੍ਰੀ ਦੌਲਤ ਰਾਮ ਪਿੰਡ ਲਿਤਰਾਂ, ਡਾ. ਸੈਂਚਾਂ, ਹੁਸ਼ਿਆਰਪੁਰ ਅੱਜ ਕੱਲ ਨੇੜੇ ਬਿਜਲੀ ਘਰ ਟਾਂਡਾ ਦੇ ਰਹਿਣ ਵਾਲੇ ਹਨ। ਉਹਨਾਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪਿਆਰ ਸੀ।

ਜਦੋਂ ਮਹਾਰਾਜ ਜੀ ਉਹਨਾਂ ਦੇ ਸਾਂਢੂ ਸ਼੍ਰੀ ਕਰਮ ਚੰਦ ਪਿੰਡ ਠੱਕਰ ਵਿਖੇ ਗਏ ਸਨ। ਉਸ ਸਮੇਂ ਸ਼੍ਰੀ ਗੁਰਮੀਤ ਸਿੰਘ ਵੀ ਉਥੇ ਗਏ ਸਨ। ਜਦੋਂ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੈਂ ਮਿਲਟਰੀ ਵਿਚ ਹਵਾਲਦਾਰ ਹਾਂ, ਆਪ ਕਿਰਪਾ ਕਰੋ। ਮਹਾਰਾਜ ਜੀ ਨੇ ਫ਼ਰਮਾਇਆ ਛੇਤੀ ਤਰੱਕੀ ਹੋਵੇਗੀ। ਮਹਾਰਾਜ ਜੀ ਦੇ ਵਚਨਾਂ ਅਨੁਸਾਰ ਮੇਰੀ ਛੇਤੀ ਤਰੱਕੀ ਹੋ ਗਈ। ਅਪ੍ਰੈਲ 1993 ਨੂੰ ਮੈਂ ਕੈਪਟਨ ਰਿਟਾਇਰ ਹੋਇਆ।

(ਖੁਦ ਸ਼੍ਰੀ ਗੁਰਮੀਤ ਸਿੰਘ ਪੁੱਤਰ ਸਵ. ਸ਼੍ਰੀ ਦੌਲਤ ਰਾਮ, ਟਾਂਡਾ, 27-06-03)

## ਸਾਖੀ ਨੰਬਰ 62

## ਸ਼੍ਰੀ ਗੁਰਮੀਤ ਸਿੰਘ ਦੀ ਯੁੱਧ ਵਿਚ ਰੱਖਿਆ ਕਰਨੀ।

ਸ਼੍ਰੀ ਗੁਰਮੀਤ ਸਿੰਘ ਪੁੱਤਰ ਸਵ. ਸ਼੍ਰੀ ਦੌਲਤ ਰਾਮ ਪਿੰਡ ਲਿਤਰਾਂ ਨੇੜੇ ਸੈਂਚਾਂ, ਟਾਂਡੇ ਦੇ ਰਹਿਣ ਵਾਲੇ ਸਨ। ਸੰਤ ਸਰਵਣ ਦਾਸ ਜੀ ਮਹਾਰਾਜ ਦੇ ਸ਼ਰਧਾਲੂ ਸਨ ਅਤੇ ਮਿਲਟਰੀ ਵਿਚ ਨੌਕਰੀ ਕਰਦੇ ਸਨ। 1971 ਈਸਵੀ ਦੀ ਭਾਰਤ-ਪਾਕਿ ਯੁੱਧ ਸਮੇਂ ਉਹ ਆਪਣੇ ਸਾਥੀਆਂ ਸਮੇਤ ਸਿਆਲਕੋਟ ਸਰਹੱਦ ਤੇ ਲੜਾਈ ਕਰ ਰਹੇ ਸਨ। ਉਹਨਾਂ ਦੇ ਚਾਰੇ ਪਾਸੇ ਬੰਬ ਡਿੱਗ ਰਹੇ ਸਨ। ਉਸ ਸਮੇਂ ਉਹਨਾਂ ਨੇ ਮਹਾਰਾਜ ਜੀ ਨੂੰ ਯਾਦ ਕੀਤਾ ਅਤੇ ਫਰਿਆਦ ਕੀਤੀ ਕਿ ਮਹਾਰਾਜ ਜੀ ਆਪ ਨੇ ਇਸ ਮੁਸ਼ਕਲ ਦੀ ਘੜੀ ਵਿਚ ਦਾਸ ਤੇ ਕਿਰਪਾ ਕਰਨੀ। ਮਹਾਰਾਜ ਜੀ ਦੀ ਕਿਰਪਾ ਨਾਲ ਉਹਨਾਂ ਸਭਨਾਂ ਦਾ ਬਚਾਅ ਹੋ ਗਿਆ। ਯੁੱਧ ਸਮਾਪਤ ਹੋਣ ਤੋਂ ਬਾਅਦ ਉਹਨਾਂ ਡੇਰੇ ਵਿਖੇ ਆ ਕੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ।

(ਖੁਦ ਸ਼੍ਰੀ ਗੁਰਮੀਤ ਸਿੰਘ ਪੁੱਤਰ ਸਵ. ਸ਼੍ਰੀ ਦੌਲਤ ਰਾਮ, ਟਾਂਡਾ, 27-06-03)

## ਸਾਖੀ ਨੰਬਰ 63

## ਸ. ਹਰੀ ਸਿੰਘ ਦੀ ਮਨੋਕਾਮਨਾ ਪੂਰਨ ਕਰਨੀ।

ਸ. ਹਰੀ ਸਿੰਘ ਹਵਾਲਦਾਰ ਪੁੱਤਰ ਸਵ. ਸ਼੍ਰੀ ਗੱਜੂ, ਪਿੰਡ ਕੰਦੋਲਾ, ਜਲੰਧਰ ਦੇ ਵਸਨੀਕ ਹਨ। ਉਹਨਾਂ ਦੇ ਮਨ ਵਿਚ ਇਹ ਸੰਕਲਪ ਸੀ ਕਿ ਮੈਂ ਉਹਨਾਂ ਸੰਤਾਂ ਨੂੰ ਗੁਰੂ ਧਾਰਨ ਕਰਨਾ ਹੈ ਜਿਹੜੇ ਮੇਰੇ ਮਨ ਦੀ ਗੱਲ ਜਾਣਕੇ ਮੈਨੂੰ ਆਪ ਨਾਮ ਭਜਨ ਦੇਣਗੇ।

1965 ਈਸਵੀ ਦੀ ਗੱਲ ਹੈ ਕਿ ਉਹਨਾਂ ਸੰਤ ਸਰਵਣ ਦਾਸ ਜੀ ਦੀ ਕਿਸੇ ਸੱਜਣ ਪਾਸੋਂ ਉਸਤਤ ਸੁਣੀ ਅਤੇ ਡੇਰੇ ਵਿਖੇ ਮਹਾਰਾਜ ਜੀ ਦੇ ਦਰਸ਼ਨ ਕਰਨ ਆਉਣ ਲੱਗ ਪਏ। ਉਹਨਾਂ ਨੂੰ ਡੇਰੇ ਆਉਂਦਿਆਂ 6 ਕੁ ਮਹੀਨੇ ਹੋ ਗਏ ਸਨ।

ਇਕ ਦਿਨ ਉਹਨਾਂ ਮਨ ਵਿਚ ਇਹ ਗੱਲ ਧਾਰਨ ਕਰ ਲਈ ਕਿ ਜੇ ਸੰਤ

ਸਰਵਣ ਦਾਸ ਜੀ ਮਹਾਰਾਜ ਬ੍ਰਹਮਗਿਆਨੀ ਹਨ ਤਾਂ ਅੱਜ ਮੇਰੀ ਮਨੋਕਾਮਨਾ ਪੂਰਨ ਕਰਨਗੇ। ਸ. ਹਰੀ ਸਿੰਘ ਜੀ ਡੇਰੇ ਵਿਖੇ ਆਏ। ਉਸ ਸਮੇਂ ਮਹਾਰਾਜ ਜੀ ਥੜ੍ਹੇ ਉੱਪਰ ਬਿਰਾਜਮਾਨ ਸਨ। ਕੁਝ ਸੰਗਤਾਂ ਬੈਠੀਆਂ ਸਨ। ਹਰੀ ਸਿੰਘ ਜੀ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਸੰਗਤਾਂ ਦੇ ਪਿੱਛੇ ਬੈਠ ਗਏ। ਅਜੇ ਉਹਨਾਂ ਨੂੰ ਬੈਠਿਆਂ ਕੁਝ ਸਮਾਂ ਹੀ ਹੋਇਆ ਸੀ ਕਿ ਮਹਾਰਾਜ ਜੀ ਨੇ ਉਹਨਾਂ ਨੂੰ ਆਪਣੇ ਪਾਸ ਬੁਲਾਇਆ ਅਤੇ ਕਮਰੇ ਵਿਚ ਲੈ ਗਏ ਅਤੇ ਨਾਮ ਦਾਨ ਦੀ ਬਖ਼ਸ਼ਿਸ਼ ਕੀਤੀ। ਉਹਨਾਂ ਦੱਸਿਆ ਕਿ ਇਸ ਪ੍ਰਕਾਰ ਮਹਾਰਾਜ ਜੀ ਨੇ ਮੇਰੇ ਮਨ ਦਾ ਸੰਕਲਪ ਪੂਰਾ ਕੀਤਾ।

(ਖੁਦ ਸ. ਹਰੀ ਸਿੰਘ ਪੁੱਤਰ ਸਵ. ਸ਼੍ਰੀ ਗੱਜੂ, ਕੰਦੋਲਾ, ਜਲੰਧਰ 26-06-03)

## ਸਾਖੀ ਨੰਬਰ 64

## ਸ਼੍ਰੀ ਆਇਆ ਸਿੰਘ ਪਰਾਇਆ ਨੂੰ ਕਵੀ ਬਣਾਉਣਾ।

ਕਵੀ ਆਇਆ ਸਿੰਘ ਪਰਾਇਆ ਪੁੱਤਰ ਸਵ. ਸ਼੍ਰੀ ਭਾਨ ਸਿੰਘ ਪਿੰਡ ਗੜ੍ਹੀ (ਨੇੜੇ ਨੰਗਲ ਫਰੀਦ) ਹੁਸ਼ਿਆਰਪੁਰ ਵਾਲਿਆ ਦੇ ਮਕਾਨ ਵਿਚ ਸੰਤ ਗਿਰ ਜੀ ਰਹਿੰਦੇ ਸਨ ਅਤੇ ਸੰਤ ਗਿਰ ਜੀ ਸੰਤ ਸਰਵਣ ਦਾਸ ਪਾਸ ਆਇਆ ਕਰਦੇ ਸਨ ਅਤੇ ਉਹਨਾਂ ਦੇ ਨਾਲ ਅਕਸਰ ਕਵੀ ਆਇਆ ਸਿੰਘ ਪਰਾਇਆ ਵੀ ਆਉਂਦੇ ਸਨ। ਇਕ ਵਾਰੀ ਉਹਨਾਂ ਨੇ ਕਵਿਤਾ ਲਿਖੀ ਅਤੇ ਜ਼ਿੰਦਗੀ ਵਿਚ ਪਹਿਲੀ ਵਾਰ ਉਹ ਕਵਿਤਾ, ਮਹਾਰਾਜ ਜੀ ਨੂੰ ਸੁਣਾਈ। ਮਹਾਰਾਜ ਜੀ ਨੇ ਫ਼ਰਮਾਇਆ ਇਕ ਵਾਰ ਫਿਰ ਸੁਣਾਓ। ਉਹਨਾਂ ਕਵਿਤਾ ਫਿਰ ਸੁਣਾਈ। ਦੂਸਰੀ ਵਾਰ ਕਵਿਤਾ ਸੁਣਨ ਤੋਂ ਬਾਅਦ ਮਹਾਰਾਜ ਜੀ ਨੇ ਉਹਨੂੰ ਅਸ਼ੀਰਵਾਦ ਦਿੱਤਾ ਅਤੇ ਫ਼ਰਮਾਇਆ ਕਿ ਅੱਜ ਤੋਂ ਬਾਅਦ ਤੁਸੀਂ ਇਕ ਮਹਾਨ ਕਵੀ ਬਣੋਗੇ। ਉਸ ਤੋਂ ਬਾਅਦ ਉਹਨਾਂ ਨੇ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਮਹਾਰਾਜ ਜੀ ਦੀ ਕਿਰਪਾ ਨਾਲ ਉਹ ਮਹਾਨ ਕਵੀ ਬਣੇ। ਉਹਨਾਂ ਨੇ ਅੱਜ 28-06-03 ਦਿਨ ਸ਼ਨੀਵਾਰ ਨੂੰ, ਬ੍ਰਹਮਲੀਨ ਸੰਤ ਨਰਾਇਣ ਦਾਸ ਜੀ ਦੀ ਬਰਸੀ ਸਮੇ ਪਿੰਡ ਜੱਟਾਂ ਦਾ ਕੰਧਾਲਾ, ਹੁਸ਼ਿਆਰਪੁਰ ਵਿਖੇ, ਸਟੇਜ ਉਪਰ ਇਹ ਕਥਾ ਸੁਣਾਈ ਅਤੇ ਕਿਹਾ ਕਿ ਸੰਤ ਸਰਵਣ ਦਾਸ ਜੀ ਪੂਰਨ ਬ੍ਰਹਮਗਿਆਨੀ ਸੰਤ ਸਨ ਤੇ ਜਿਸ ਜੀਵ ਤੇ ਉਹਨਾਂ ਦੀ ਕਿਰਪਾ ਹੋਈ ਉਹ ਭਵ ਸਾਗਰ ਤੋਂ ਤਰ ਗਿਆ। ਮੈਨੂੰ ਜੋ ਕੁਝ ਵੀ ਮਿਲਿਆ ਇਹ ਸਭ ਸੰਤ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੀ ਕਿਰਪਾ ਸਦਕਾ ਪ੍ਰਾਪਤ ਹੋਇਆ। ਮੈਂ ਉਹਨਾਂ ਦੀ ਮਹਿਮਾ ਬਿਆਨ ਨਹੀਂ ਕਰ ਸਕਦਾ।

(28-06-03 ਕਵੀ ਆਇਆ ਸਿੰਘ ਪਰਾਇਆ ਪੁੱਤਰ ਸਵ. ਸ. ਭਾਨ ਸਿੰਘ ਗੜ੍ਹੀ, ਹੁਸ਼ਿਆਰਪੁਰ, ਖੁਦ)

## ਸਾਖੀ ਨੰਬਰ 65

ਪੁੱਤਰ ਦੀ ਮੌਤ ਬਾਰੇ ਦੱਸਣਾ

ਸ਼੍ਰੀ ਪਿਆਰੇ ਲਾਲ ਪੁੱਤਰ ਸ਼੍ਰੀ ਸੰਤ ਰਾਮ ਅਤੇ ਬੀਬੀ ਸਵਰਨੀ ਪਿੰਡ ਬਢਿਆਣਾਂ, ਜਲੰਧਰ ਵਿਖੇ ਰਹਿੰਦੇ ਹਨ ਅਤੇ ਸੰਤ ਸਰਵਣ ਦਾਸ ਮਹਾਰਾਜ ਦੇ ਸ਼ਰਧਾਲੂ ਸਨ। 1960-61 ਈਸਵੀ ਦੀ ਗੱਲ ਹੈ ਕਿ ਸ਼੍ਰੀ ਪਿਆਰੇ ਲਾਲ ਤੇ ਬੀਬੀ ਸਵਰਨੀ ਜੀ ਦੇ ਗ੍ਰਹਿ ਵਿਖੇ ਇਕ ਲੜਕੇ ਨੇ ਜਨਮ ਲਿਆ। ਉਸੇ ਦਿਨ ਸ਼੍ਰੀ ਪਿਆਰੇ ਲਾਲ ਜੀ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਪਾਸ ਲੱਡੂਆਂ ਦਾ ਪ੍ਰਸ਼ਾਦ ਲੈ ਕੇ ਹਾਜ਼ਰ ਹੋਏ ਅਤੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੀ, ਕਾਕੇ ਦਾ ਨਾਮ ਤੁਸੀਂ ਆਪਣੇ ਮੁਖ਼ਾਰਬਿੰਦ ਤੋਂ ਬਖ਼ਸ਼ਿਸ਼ ਕਰੋ ਜੀ। ਮਹਾਰਾਜ ਜੀ ਨੇ ਫ਼ਰਮਾਇਆ ਲੜਕੇ ਨੇ ਚੌਥੇ (ਚੌਥੇ ਦਿਨ) ਨੂੰ ਇਕ ਵਜੇ ਚੜ੍ਹਾਈ ਕਰ ਜਾਣਾ ਹੈ ਅਤੇ ਸੰਤ ਸਰਵਣ ਦਾਸ ਜੀ ਨੇ ਬਚਨ ਕੀਤੇ ਕਿ ਪਰਿਵਾਰ ਦੇ ਬਾਕੀ ਜੀਵ ਪੂਰੀ ਉਮਰ ਭੋਗਣ ਗਏ। ਅਜਿਹਾ ਹੀ ਹੋਇਆ ਚੌਥੇ ਦਿਨ ਇਕ ਵਜੇ ਉਹ ਲੜਕਾ ਮਰ ਗਿਆ। ਮਹਾਰਾਜ ਜੀ ਦੇ ਵਚਨਾਂ ਨਾਲ ਅੱਜ ਸ਼੍ਰੀ ਪਿਆਰਾ ਲਾਲ ਜੀ ਤੇ ਬੀਬੀ ਸਵਰਨੀ ਦੇ ਘਰ 3 ਲੜਕੇ 2 ਲੜਕੀਆਂ ਹਨ।

(ਖੁਦ ਸ਼੍ਰੀ ਪਿਆਰੇ ਲਾਲ ਪੁੱਤਰ ਸਵ. ਸ਼੍ਰੀ ਸੰਤ ਰਾਮ ਬਡਿਆਣਾ, ਜਲੰਧਰ)

## ਸਾਖੀ ਨੰਬਰ 66

### ਸ. ਬਿੱਕਰ ਸਿੰਘ ਨੂੰ ਔਲਾਦ ਦੀ ਬਖ਼ਸ਼ਿਸ਼ ਕਰਨੀ।

ਸ. ਬਿੱਕਰ ਸਿੰਘ (ਪੁੱਤਰ ਸ. ਬਿਸ਼ਨ ਸਿੰਘ) ਤੇ ਬੀਬੀ ਪ੍ਰਕਾਸ਼ ਕੌਰ ਪਿੰਡ ਰਾਏਪੁਰ ਰਸੂਲਪੁਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਚਪਨ ਤੋਂ ਹੀ ਬਹੁਤ ਪਿਆਰ ਸੀ। ਉਹਨਾਂ ਦੀ ਸ਼ਾਦੀ ਬੀਬੀ ਪ੍ਰਕਾਸ਼ ਕੌਰ ਨਾਲ ਹੋਈ ਸੀ। ਉਹਨਾਂ ਦੇ ਘਰ ਇੱਕ ਲੜਕੀ ਤੋਂ ਬਾਅਦ ਦੋ ਪੁੱਤਰਾਂ ਨੇ ਜਨਮ ਲਿਆ ਅਤੇ ਪੂਰੇ ਹੋ ਗਏ। ਉਹਨਾਂ ਨੇ ਆਪਣੀ ਪਤਨੀ ਸਮੇਤ ਮਹਾਰਾਜ ਜੀ ਅੱਗੇ ਫ਼ਰਿਆਦ ਕੀਤੀ ਕਿ ਮਹਾਰਾਜ ਜੀ ਸਾਡੇ ਘਰ ਦੋ ਪੁੱਤਰ ਪੈਦਾ ਹੋਏ ਅਤੇ ਦੋਨੋਂ ਜਨਮ ਲੈ ਕੇ ਮਰ ਗਏ ਹਨ। ਆਪ ਕਿਰਪਾ ਕਰੋ ਜੀ। ਮਹਾਰਾਜ ਜੀ ਨੇ ਫ਼ਰਮਾਇਆ, ਅੱਗੇ ਤੋਂ ਇਸ ਤਰ੍ਹਾਂ ਬੱਚੇ ਨਹੀਂ ਮਰਨਗੇ। ਭਜਨ ਸਿਮਰਨ ਕਰਿਆ ਕਰੋ। ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਸ. ਬਿੱਕਰ ਸਿੰਘ ਦੇ ਘਰ 6 ਪੁੱਤਰਾਂ ਨੇ ਜਨਮ ਲਿਆ। ਉਹਨਾਂ ਦੱਸਿਆ ਕਿ ਸੰਤ ਸਰਵਣ ਦਾਸ ਜੀ ਖੁਦ ਪਰਮਾਤਮਾ ਸਨ। ਜਿਹਨਾਂ ਨੇ ਐਸੀ ਬਖ਼ਸ਼ਿਸ਼ ਅਣਗਿਣਤ ਜੀਵਾਂ ਤੇ ਕੀਤੀ।

(ਖੁਦ ਸ. ਬਿੱਕਰ ਸਿੰਘ ਪੁੱਤਰ ਸਵ. ਸ. ਬਿਸ਼ਨ ਸਿੰਘ, ਪਿੰਡ ਰਾਏਪੁਰ ਰਸੂਲਪੁਰ 30-06-03)

## ਸਾਖੀ ਨੰਬਰ 67

## ਸ. ਕਰਮ ਸਿੰਘ ਤੇ ਬੀਬੀ ਮਹਿੰਦਰ ਕੌਰ ਤੇ ਔਲਾਦ ਦੀ ਬਖ਼ਸ਼ਿਸ਼ ।

ਸ. ਬਿੱਕਰ ਸਿੰਘ ਹੁਣਾਂ ਦੱਸਿਆ ਕਿ ਉਹਨਾਂ ਦੀ ਸਾਲੀ ਸ਼੍ਰੀਮਤੀ ਮਹਿੰਦਰ ਕੌਰ ਤੇ ਉਹਨਾਂ ਦੇ ਪਤੀ ਸ. ਕਰਮ ਸਿੰਘ ਪਿੰਡ ਲੱਖਣਕੇ ਕਪੂਰਥਲਾ ਦੇ ਰਹਿਣ ਵਾਲੇ ਸਨ।ਉਹਨਾਂ ਦੇ ਵਿਆਹ ਨੂੰ ਕਾਫ਼ੀ ਸਾਲ ਹੋ ਗਏ।ਉਹਨਾਂ ਦੇ ਘਰ ਕੋਈ ਔਲਾਦ ਨਹੀਂ ਸੀ। ਸ. ਬਿੱਕਰ ਸਿੰਘ ਜੀ ਉਹਨਾਂ ਦੋਨਾਂ ਪਤੀ ਪਤਨੀ ਨੂੰ ਨਾਲ ਲੈ ਕੇ ਸੰਤ ਸਰਵਣ ਦਾਸ ਜੀ ਮਹਾਰਾਜ ਪਾਸ ਆਏ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ ਇਹਨਾਂ ਉੱਪਰ ਕਿਰਪਾ ਕਰੋ ਇਹਨਾਂ ਦੇ ਕੋਈ ਔਲਾਦ ਨਹੀਂ ਹੈ। ਮਹਾਰਾਜ ਜੀ ਨੇ ਵਚਨ ਕੀਤਾ ਫ਼ਿਕਰ ਨਾ ਕਰੋ ਤੁਹਾਡੇ ਘਰ ਬੱਚੇ ਜਨਮ ਲੈਣਗੇ।ਮਹਾਰਾਜ ਜੀ ਦੇ ਵਚਨ ਅਟੱਲ ਹੋਏ ਅਤੇ ਉਹਨਾਂ ਦੇ ਘਰ ਬੱਚਿਆਂ ਨੇ ਜਨਮ ਲਿਆ।

(ਖੁਦ ਸ. ਬਿੱਕਰ ਸਿੰਘ ਪੁੱਤਰ ਸਵ. ਸ. ਬਿਸ਼ਨ ਸਿੰਘ, ਪਿੰਡ ਰਾਏਪੁਰ ਰਸੂਲਪੁਰ 30-06-03)

## ਸਾਖੀ ਨੰਬਰ 68

## ਫੌਜੀ ਜੋਗਿੰਦਰ ਸਿੰਘ ਦੀ ਘਰ ਵਾਪਿਸੀ

ਸ. ਬਿੱਕਰ ਸਿੰਘ ਜੀ ਦੇ ਤਾਏ ਦੀ ਲੜਕੀ ਬੀਬੀ ਚਰਨ ਕੌਰ ਤੇ ਉਸਦਾ ਪਤੀ ਗੁਰਬਚਨ ਸਿੰਘ ਪਿੰਡ ਗੋਂਦਪੁਰ ਨੇੜੇ ਨਿੱਝਰਾਂ ਜਲੰਧਰ ਦੇ ਰਹਿਣ ਵਾਲੇ ਹਨ ਅਤੇ ਉਹਨਾਂ ਦਾ ਲੜਕਾ ਜਗਿੰਦਰ ਸਿੰਘ ਫ਼ੌਜ ਵਿਚ ਨੌਕਰੀ ਕਰਦਾ ਸੀ ਅਤੇ ਟੈਂਕ ਚਲਾਉਂਦਾ ਸੀ। 1965 ਈਸਵੀ ਭਾਰਤ-ਪਾਕਿ ਯੁੱਧ ਖਤਮ ਹੋਣ ਤੋਂ ਬਾਅਦ ਇਕ ਮਹੀਨਾ ਉਸ ਦਾ ਕੋਈ ਪਤਾ ਨਾ ਲੱਗਾ ਤਾਂ ਉਹਨਾਂ ਦੇ ਮਾਤਾ-ਪਿਤਾ ਬਹੁਤ ਚਿੰਤਤ ਹੋਏ। ਉਹਨਾਂ ਸੋਚਿਆ ਕਿ ਸ਼ਾਇਦ ਲੜਾਈ ਵਿਚ ਸ਼ਹੀਦ ਹੋ ਗਿਆ। ਉਹ ਸਰਦਾਰ ਬਿੱਕਰ ਸਿੰਘ ਨੂੰ ਨਾਲ ਲੈ ਕੇ ਡੇਰੇ ਵਿਖੇ ਸੰਤ ਸਰਵਣ ਦਾਸ ਜੀ ਮਹਾਰਾਜ ਪਾਸ ਆਏ ਅਤੇ ਰੋਂਦੇ ਹੋਏ ਲੜਕੇ ਦੇ ਲੜਾਈ ਵਿਚ ਲਾਪਤਾ ਹੋਣ ਬਾਰੇ ਦੱਸਿਆ।ਮਹਾਰਾਜ ਜੀ ਨੇ ਫ਼ਰਮਾਇਆ ਫਿਕਰ ਨਾ ਕਰੋ, ਲੜਕਾ ਕੁਝ ਦਿਨਾਂ ਵਿਚ ਘਰ ਆ ਜਾਵੇਗਾ ਅਤੇ ਉਸ ਦੇ ਘਰ ਆਉਣ ਤੋਂ ਬਾਅਦ ਤੁਸੀਂ ਆਪਣੇ ਘਰ ਸਤਿਸੰਗ ਜ਼ਰੂਰ ਕਰਾਉਣਾ। ਮਹਾਰਾਜ ਜੀ ਦੇ ਵਚਨਾਂ ਅਨੁਸਾਰ ਉਹਨਾਂ ਦੇ ਲੜਕੇ ਦੇ ਸੁਰੱਖਿਅਤ ਹੋਣ ਦਾ ਕੁਝ ਦਿਨਾਂ ਵਿਚ ਪਤਾ ਲੱਗ ਗਿਆ। ਜਦੋਂ ਲੜਕਾ ਘਰ ਆਇਆ ਤਾਂ ਸ. ਗੁਰਬਚਨ ਸਿੰਘ ਜੀ ਸ. ਬਿੱਕਰ ਸਿੰਘ ਜੀ ਨੂੰ ਨਾਲ ਲੈ ਕੇ ਲੜਕੇ ਸਮੇਤ ਡੇਰੇ ਪੁੱਜੇ।ਮਹਾਰਾਜ ਜੀ ਦੇ ਹੁਕਮ ਅਨੁਸਾਰ ਉਹਨਾਂ ਆਪਣੇ ਗ੍ਰਹਿ ਵਿਖੇ ਸਤਿਸੰਗ ਕਰਾਇਆ। ਸਤਿਸੰਗ ਵਾਲੇ ਦਿਨ ਮਹਾਰਾਜ ਜੀ ਸ. ਬਿੱਕਰ ਸਿੰਘ ਨੂੰ ਨਾਲ ਲੈ ਕੇ ਪਿੰਡ ਗੋਂਦਪੁਰ ਵਿਖੇ ਗਏ।

(ਸ. ਬਿੱਕਰ ਸਿੰਘ 30-06-03)

## ਸਾਖੀ ਨੰਬਰ 69

## ਸ. ਦਰਸ਼ਨ ਸਿੰਘ ਨੂੰ ਔਲਾਦ ਦੀ ਬਖ਼ਸ਼ਿਸ਼।

ਸ. ਦਰਸ਼ਨ ਸਿੰਘ ਪੁੱਤਰ ਸ. ਮੇਲਾ ਸਿੰਘ ਬੀਬੀ ਪ੍ਰੀਤਮ ਕੌਰ ਪਿੰਡ ਸੰਘਵਾਲ ਦੇ ਰਹਿਣ ਵਾਲੇ ਸਨ।ਉਹਨਾਂ ਦੇ ਚਾਰ ਬੱਚੇ 7 ਦਿਨ ਜਾਂ 7 ਮਹੀਨਿਆਂ ਦੇ ਹੋ ਕੇ ਮਰ ਚੁੱਕੇ ਸਨ। ਇਕ ਦਿਨ ਸ. ਦਰਸ਼ਨ ਸਿੰਘ ਜੀ ਆਪਣੀ ਪਤਨੀ ਸਮੇਤ, ਸ. ਸੋਹਣ ਸਿੰਘ, ਜਿਹਨਾਂ ਦਾ ਮਹਾਰਾਜ ਜੀ ਨਾਲ ਬਹੁਤ ਪਿਆਰ ਸੀ ਨੂੰ ਨਾਲ ਲੈ ਕੇ ਡੇਰੇ ਵਿਖੇ ਸੰਤ ਸਰਵਣ ਦਾਸ ਜੀ ਮਹਾਰਾਜ ਪਾਸ ਆਏ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ ਸਾਡੇ ਘਰ ਚਾਰ ਬੱਚੇ ਹੋਏ ਉਹ ਜਾਂ ਤੇ 7ਵੇਂ ਦਿਨ ਜਾਂ 7ਵੇਂ ਮਹੀਨੇ ਮਰ ਗਏ ਹਨ।ਆਪ ਕਿਰਪਾ ਕਰੋ ਜੀ।ਮਹਾਰਾਜ ਜੀ ਨੇ ਫ਼ਰਮਾਇਆ ਲੜਕਾ ਹੋਏਗਾ ਅਤੇ ਬਿਲਕੁਲ ਠੀਕ ਰਹੇਗਾ।

ਮਹਾਰਾਜ ਜੀ ਦੇ ਅਟੱਲ ਵਚਨਾਂ ਨਾਲ ਸ. ਦਰਸ਼ਨ ਸਿੰਘ ਜੀ ਦੇ ਘਰ ਪੁੱਤਰ ਨੇ ਜਨਮ ਲਿਆ। ਸ. ਦਰਸ਼ਨ ਸਿੰਘ ਜੀ ਮਹਾਰਾਜ ਜੀ ਪਾਸ ਲੜਕੇ ਦਾ ਨਾਮ ਰੱਖਣ ਲਈ ਆਏ ਪਰ ਮਹਾਰਾਜ ਜੀ ਨੇ ਲੜਕੇ ਦਾ ਨਾਮ ਨਹੀਂ ਰੱਖਿਆ। ਇਸ ਗੱਲ ਦੀ ਚਿੰਤਾਂ ਕਰਦੇ ਹੋਏ ਸ. ਦਰਸ਼ਨ ਸਿੰਘ ਨੇ ਸ. ਸੋਹਣ ਸਿੰਘ ਨੂੰ ਕਿਹਾ, "ਪਤਾ ਨਹੀਂ ਕੀ ਗੱਲ ਹੈ ? ਮਹਾਰਾਜ ਜੀ ਨੇ ਲੜਕੇ ਦਾ ਨਾਮ ਨਹੀਂ ਰੱਖਿਆ ਕਿਤੇ ਪਹਿਲਾਂ ਵਾਂਗ ਨਾ ਹੋਵੇ"। ਸ. ਸੋਹਣ ਸਿੰਘ ਨੇ ਕਿਹਾ ਕਿ ਫਿਕਰ ਨਾ ਕਰ ਮਹਾਰਾਜ ਜੀ ਸਮਰੱਥ ਹਨ।

ਉਸ ਦਿਨ ਰਾਤ ਨੂੰ ਸ. ਸੋਹਣ ਸਿੰਘ ਤੇ ਸ. ਦਰਸ਼ਨ ਸਿੰਘ ਨੂੰ ਸੁਪਨਾ ਆਇਆ ਜਿਸ ਵਿਚ ਉਹਨਾਂ ਦੇਖਿਆ ਕਿ ਸ. ਦਰਸ਼ਨ ਸਿੰਘ ਦੇ ਘਰ ਨਿੰਮ ਦੇ ਬੂਟੇ ਕੋਲ ਇਕ ਜਮਦੂਤ ਖੜ੍ਹਾ ਹੈ।ਉਸ ਦੇ ਅੱਗੇ ਸੰਤ ਸਰਵਣ ਦਾਸ ਜੀ ਖੂੰਡਾ ਲੈ ਕੇ ਖੜ੍ਹੇ ਹਨ।ਮਹਾਰਾਜ ਜੀ ਉਸ ਨੂੰ ਕਹਿ ਰਹੇ ਹਨ ਕਿ ਅਸੀਂ ਤੈਨੂੰ ਲੜਕੇ ਨੂੰ ਲਿਜਾਣ ਨਹੀਂ ਦੇਣਾ ਅਤੇ ਫਿਰ ਅਸੀਂ ਲੜਕੇ ਦੇ 40 ਦਿਨਾਂ ਦੀ ਉਮਰ ਹੋਣ ਤੋਂ ਬਾਅਦ ਲੜਕੇ ਦਾ ਨਾਮ ਰੱਖਣਾ ਹੈ। ਦੂਸਰੀ ਸਵੇਰ ਸ. ਦਰਸ਼ਨ ਸਿੰਘ ਨੇ ਰਾਤ ਦੇ ਸੁਪਨੇ ਦੀ ਸਾਰੀ ਵਾਰਤਾ ਸ. ਸੋਹਣ ਸਿੰਘ ਨੂੰ ਦੱਸੀ। ਸ. ਸੋਹਣ ਸਿੰਘ ਨੇ ਕਿਹਾ ਕਿ ਮੇਰੇ ਸੁਪਨੇ ਵਿਚ ਵੀ ਅਜਿਹਾ ਹੀ ਹੋਇਆ।

ਲੜਕੇ ਦੀ 40 ਦਿਨਾਂ ਦੀ ਉਮਰ ਹੋਣ ਤੋ ਬਾਅਦ ਮਹਾਰਾਜ ਜੀ ਨੇ ਦਰਸ਼ਨ ਸਿੰਘ ਨੂੰ ਸੁਨੇਹਾ ਭੇਜ ਕੇ ਸਤਿਸੰਗ ਕਰਵਾਉਣ ਲਈ ਕਿਹਾ। ਸਤਿਸੰਗ ਵਾਲੇ ਦਿਨ ਸੰਤ ਸਰਵਣ ਦਾਸ ਜੀ ਮਹਾਰਾਜ ਉਹਨਾਂ ਦੇ ਘਰ ਗਏ ਅਤੇ ਲੜਕੇ ਦਾ ਨਾਮਕਰਨ ਕੀਤਾ।

(ਸ. ਸੋਹਣ ਸਿੰਘ ਪਿੰਡ ਸੰਘਵਾਲ, ਜਲੰਧਰ 01-07-03)

## ਸਾਖੀ ਨੰਬਰ 70

## ਸ਼੍ਰੀ ਗੁਲਵੰਤ ਸਿੰਘ ਨੂੰ ਤਰੱਕੀ ਬਖ਼ਸ਼ਿਸ਼ ਕਰਨੀ।

ਸ਼੍ਰੀ ਗੁਲਵੰਤ ਸਿੰਘ ਪੁੱਤਰ ਚੌਧਰੀ ਉੱਤਮ ਰਾਮ 351 ਸ਼ਿਵ ਨਗਰ ਜਲੰਧਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪ੍ਰੇਮ ਸੀ।ਉਹਨਾਂ 1960 ਈਸਵੀ ਤੋਂ ਡੇਰੇ ਵਿਖੇ ਆਉਣਾ ਸ਼ੁਰੂ ਕੀਤਾ। 1972 ਈਸਵੀ ਜੂਨ ਦੇ ਪਹਿਲੇ ਹਫਤੇ ਦੀ ਗੱਲ ਹੈ ਕਿ ਉਹਨਾਂ ਸੰਤ ਸਰਵਣ ਦਾਸ ਜੀ ਮਹਾਰਾਜ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਮਹਾਰਾਜ ਜੀ ਮੈਂ 1954 ਈਸਵੀ ਵਿਚ P.W.D.ਦੇ ਵਿਭਾਗ ਇਰੀਗੇਸ਼ਨ ਵਿਚ J.D.M. ਭਰਤੀ ਹੋਇਆ ਸੀ।ਮੇਰੀ ਅੱਜ ਤੱਕ ਤੱਰਕੀ ਨਹੀਂ ਹੋਈ ਕਿਰਪਾ ਕਰੋ।

ਮਹਾਰਾਜ ਜੀ ਨੇ ਫ਼ਰਮਾਇਆ ਭਜਨ ਸਿਮਰਨ ਕਰਦੇ ਰਿਹਾ ਕਰੋ ਤਰੱਕੀ ਬਹੁਤ ਛੇਤੀ ਹੋਵੇਗੀ।9 ਜੂਨ 1972 ਈਸਵੀ ਨੂੰ ਉਹਨਾਂ ਦੀ ਡ੍ਰਾਫਟਮੈਨ ਵਜੋਂ ਤਰੱਕੀ ਹੋ ਗਈ। 11 ਜੂਨ 1972 ਈਸਵੀ ਨੂੰ ਉਹ ਅੰਮ੍ਰਿਤਸਰ ਵਿਖੇ ਹੈੱਡ ਆਫਿਸ ਤੋਂ ਤਰੱਕੀ ਦੇ ਕਾਗਜ਼ ਲੈ ਕੇ ਆਏ ਸਨ। ਇਸ ਪ੍ਰਕਾਰ ਉਹਨਾਂ ਉੱਪਰ ਮਹਾਰਾਜ ਜੀ ਦੀ ਕਿਰਪਾ ਹੋਈ।ਅੱਜ ਜੋ ਡੇਰੇ ਵਿਖੇ ਵਿਸ਼ਾਲ ਮੰਦਰ ਸੰਤ ਸਰਵਣ ਦਾਸ ਜੀ ਮਹਾਰਾਜ ਦੀ ਯਾਦ ਵਿਚ ਬਣਿਆ ਹੈ ਉਸ ਦਾ ਨਕਸ਼ਾ ਸ਼੍ਰੀ ਗੁਲਵੰਤ ਸਿੰਘ ਜੀ ਨੇ ਤਿਆਰ ਕੀਤਾ ਸੀ।

-- ਖੁਦ ਗੁਲਵੰਤ ਸਿੰਘ ਪੁੱਤਰ ਸ਼੍ਰੀ ਉੱਤਮ ਰਾਮ
351 ਸ਼ਿਵ ਨਗਰ ਜਲੰਧਰ-01-07-03

## ਸਾਖੀ ਨੰਬਰ 71

### ਸੰਤਾਂ ਦਾ ਸਤਿਕਾਰ

ਸੰਤ ਸਰਵਣ ਦਾਸ ਜੀ ਤੇ ਸੰਤ ਪ੍ਰੇਮ ਦਾਸ ਜੀ (ਡੇਰਾ 108 ਸੰਤ ਸੀਤਲ ਦਾਸ ਜੀ ਬੌਹਣ) ਨਾਲ ਬਹੁਤ ਪਿਆਰ ਸੀ। ਸ਼੍ਰੀ ਮੱਲੂ ਰਾਮ ਬਿਆਸ ਪਿੰਡ ਵਾਲੇ ਸੰਤ ਪ੍ਰੇਮ ਦਾਸ ਜੀ ਦੇ ਸੇਵਕ ਸਨ। ਹਰ ਕਾਰਜ ਉਹਨਾਂ ਦੀ ਆਗਿਆ ਅਨੁਸਾਰ ਕਰਦੇ ਸਨ। ਜਦੋਂ ਉਹਨਾਂ ਕੋਈ ਕਾਰਜ ਕਰਨਾ ਤਾਂ ਸੰਤ ਪ੍ਰੇਮ ਦਾਸ ਜੀ ਪਾਸੋਂ ਆਗਿਆ ਲੈ ਕੇ ਕਰਦੇ ਸਨ। ਕਈ ਵਾਰ ਸੰਤ ਪ੍ਰੇਮ ਦਾਸ ਜੀ ਕਹਿੰਦੇ ਸਨ ਕਿ ਤੁਹਾਡੇ ਲਾਗੇ ਸੰਤ ਸਰਵਣ ਦਾਸ ਜੀ ਮਹਾਰਾਜ ਹਨ ਉਹਨਾਂ ਕੋਲੋ ਆਗਿਆ ਲੈ ਲਿਆ ਕਰੋ। ਜੋ ਉਹਨਾਂ ਦਾ ਹੁਕਮ ਲੱਗੇ ਸਾਨੂੰ ਦੱਸ ਦੇਣਾ।

- ਸਵ. ਸ਼੍ਰੀ ਮੱਲੂ ਰਾਮ ਦਾ ਭਤੀਜਾ ਸ਼੍ਰੀ ਸਵਰਨ ਚੰਦ ਪੁੱਤਰ ਸਵ. ਸ਼੍ਰੀ ਫੁੰਮਣ ਰਾਮ
ਬਿਆਸ ਪਿੰਡ

## ਸਾਖੀ ਨੰਬਰ 72

## ਸ਼੍ਰੀ ਫੁੰਮਣ ਰਾਮ ਦੀ ਇੱਛਾ ਜਾਨਣੀ।

ਸੰਤ ਸਰਵਣ ਦਾਸ ਜੀ ਮਹਾਰਾਜ, 108 ਸੰਤ ਪ੍ਰੇਮ ਦਾਸ ਜੀ ਡੇਰਾ 108 ਸੰਤ ਸੀਤਲ ਦਾਸ ਜੀ ਦਾ ਆਪਸ ਵਿੱਚ ਬਹੁਤ ਪਿਆਰ ਸੀ। ਸਵ. ਸ਼੍ਰੀ ਫੁੰਮਣ ਰਾਮ ਪੁੱਤਰ ਸਵ. ਸੁਲਤਾਨੀ ਰਾਮ ਬਿਆਸ ਪਿੰਡ ਵਾਲਿਆਂ ਦਾ ਦੋਨਾਂ ਮਹਾਂਪਰਸ਼ਾਂ ਨਾਲ ਬਹੁਤ ਪ੍ਰੇਮ ਸੀ। ਫੁੰਮਣ ਦਾਸ ਜੀ ਨੇ ਸੰਤ ਬਾਬਾ ਪ੍ਰੇਮ ਦਾਸ ਜੀ ਤੋਂ ਨਾਮ ਦਾਨ ਪ੍ਰਾਪਤ ਕੀਤਾ ਸੀ। ਆਜ਼ਾਦੀ ਤੋਂ ਪਹਿਲਾਂ ਸ਼੍ਰੀ ਫੁੰਮਣ ਰਾਮ ਜੀ ਦਾ ਲਾਇਲਪੁਰ ਗੋਜਰਾ (ਅੱਜ ਕੱਲ ਪਾਕਿਸਤਾਨ) ਵਿਖੇ ਚਮੜੇ ਦਾ ਕਾਰਖਾਨਾ ਸੀ ਅਤੇ ਕਾਰੋਬਾਰ ਬਹੁਤ ਵਧੀਆ ਸੀ। 1947 ਈਸਵੀ ਦੀ ਭਾਰਤ-ਪਾਕਿ ਵੰਡ ਤੋਂ ਕੁੱਝ ਮਹੀਨੇ ਪਹਿਲਾਂ ਦੋਨਾਂ ਸੰਤ ਮਹਾਂਪੁਰਸ਼ਾਂ ਨੇ ਸ਼੍ਰੀ ਫੁੰਮਣ ਰਾਮ ਜੀ ਨੂੰ ਪੱਤਰ ਲਿਖੇ ਅਤੇ ਉਹ ਦੋਨੋਂ ਪੱਤਰ ਉਹਨਾਂ ਨੂੰ ਇੱਕਠੇ ਮਿਲੇ। ਜਦ ਉਹਨਾਂ ਨੇ ਉਹ ਦੋਨੋਂ ਪੱਤਰ ਖੋਲ੍ਹੇ ਤਾਂ ਉਹਨਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਕਿਉਂਕਿ ਦੋਨਾਂ ਚਿੱਠੀਆਂ ਵਿੱਚ ਇਕ ਹੀ ਗੱਲ ਅਤੇ ਇਕ ਹੀ ਕਵਿਤਾ ਜੋ ਹੇਠ ਲਿਖੀ ਹੈ, ਲਿਖੀ ਹੋਈ ਸੀ ਅਤੇ ਇਹ ਵੀ ਲਿਖਿਆ ਸੀ ਕਿ ਕੁਝ ਮਹੀਨਿਆਂ ਬਾਅਦ ਸਮਾਂ ਭਿਆਨਕ ਆ ਰਿਹਾ ਹੈ ਤੁਸੀਂ ਆਪਣਾ ਕੰਮਕਾਰ ਛੱਡ ਕੇ ਜਲੰਧਰ ਆ ਜਾਉ।

ਸੇਬ ਸਾਵਤੀ ਦਾ ਸੌਦਾ ਰੱਖ ਅੰਦਰ,<br>
ਪੂਰਾ ਬੋਲਣਾ ਪੂਰਾ ਤੋਲਣਾਂ,<br>
ਦੇਹੀ ਜਾਣ ਤੂੰ ਸੱਚ ਦੀ ਹਟੱੜੀ ਏ,<br>
ਸੰਤ ਆਖਦੇ ਵੇਦ ਨੂੰ ਖ਼ਬਰ ਨਾਹੀ,<br>
ਜਿੱਥੇ ਮੰਜ਼ਿਲ ਫਕੀਰ ਦੀ ਉਪੜਦੀ ਏ।<br>
ਪ੍ਰੇਮ ਪਿਆਰ ਦੀ ਲਹਿਰ ਅੰਦਰ,<br>
ਸਾਧ ਸੰਤ ਸਾਰੇ ਭੁੱਲ ਜਾਂਵਦੇ ਨੇ।

ਇਸ ਪ੍ਰਕਾਰ ਦੋਨਾਂ ਸੰਤਾਂ ਨੇ ਸ਼੍ਰੀ ਫੁੰਮਣ ਰਾਮ ਜੀ ਨੂੰ ਆਉਣ ਵਾਲੇ ਭਿਆਨਕ ਸਮੇਂ ਬਾਰੇ ਜਾਣੂ ਕੀਤਾ। ਦੋਨਾਂ ਮਹਾਂ-ਪੁਰਸ਼ਾਂ ਦੇ ਬਚਨ ਅਟੱਲ ਹੋਏ। ਕੁੱਝ ਮਹੀਨਿਆਂ ਬਾਅਦ ਭਾਰਤ-ਪਾਕਿ ਦੀ ਵੰਡ ਹੋਣ ਨਾਲ ਦੰਗੇ ਭੜਕ ਗਏ ਸਨ।

(ਸਵਰਨ ਚੰਦ ਪੁੱਤਰ ਸਵ. ਫੁੰਮਣ ਰਾਮ, ਪਿੰਡ ਬਿਆਸ ਪਿੰਡ 02-07-2003)

## ਸਾਖੀ ਨੰਬਰ 73

## ਮਿਸਤਰੀ ਹਰੀ ਸਿੰਘ ਤੇ ਬੀਬੀ ਗੁਰਬਚਨ ਕੌਰ ਨੂੰ ਔਲਾਦ ਦੀ ਬਖ਼ਸ਼ਿਸ਼ ਕਰਨੀ।

ਮਿਸਤਰੀ ਹਰੀ ਸਿੰਘ ਜੀ ਪੁੱਤਰ ਸਵ. ਸ਼੍ਰੀ ਝੰਡਾ ਰਾਮ ਜੱਸਲ ਅਤੇ ਬੀਬੀ ਗੁਰਬਚਨ ਕੌਰ ਪਿੰਡ ਨਿਜਾਮਦੀਨ ਪੁਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਜੀ ਨਾਲ ਬਹੁਤ ਪ੍ਰੇਮ ਸੀ। ਇਕ ਸਮੇਂ ਉਹਨਾਂ ਆਪਣੇ ਮਕਾਨ ਦਾ ਮਹੂਰਤ ਕੀਤਾ। ਇਸ ਸ਼ੁੱਭ ਅਵਸਰ ਤੇ ਮਹਾਰਾਜ ਸਰਵਣ ਦਾਸ ਜੀ ਗਏ। ਉਸ ਸਮੇਂ ਮਹਾਰਾਜ ਜੀ ਨੇ ਬੀਬੀ ਗੁਰਬਚਨ ਕੌਰ ਨੂੰ ਚਾਰ ਅਖਰੋਟ ਖਾਣ ਵਾਸਤੇ ਦਿੱਤੇ ਅਤੇ ਬਚਨ ਕੀਤਾ ਕਿ ਤੁਹਾਡੇ ਘਰ ਚਾਰ ਪੁੱਤਰ ਤੇ ਚਾਰ ਲੜਕੀਆਂ ਜਨਮ ਲੈਣਗੀਆਂ। ਮਹਾਰਾਜ ਜੀ ਦੇ ਬਚਨ ਅਟੱਲ ਹੋਏ। ਉਹਨਾਂ ਦੇ ਗ੍ਰਹਿ ਵਿਖੇ ਚਾਰ ਪੁੱਤਰ ਤੇ ਚਾਰ ਧੀਆਂ ਨੇ ਜਨਮ ਲਿਆ।

(ਬੀਬੀ ਗੁਰਬਚਨ ਕੌਰ ਸੁਪਤਨੀ ਮਿਸਤਰੀ ਹਰੀ ਸਿੰਘ, ਪਿੰਡ ਨਿਜਾਮਦੀਨਪੁਰ, ਜਲੰਧਰ, 02-07-2003)

## ਸਾਖੀ ਨੰਬਰ 74

## ਬੀਬੀ ਗੁਰਮੀਤ ਕੌਰ ਨੂੰ ਪੁੱਤਰਾਂ ਦੀ ਬਖ਼ਸ਼ਿਸ਼ ਕਰਨੀ।

ਸ਼੍ਰੀ ਨਸੀਬ ਚੰਦ ਪੁੱਤਰ ਸਵ. ਸ਼੍ਰੀ ਬਰਿਆਣਾ ਰਾਮ ਪਿੰਡ ਰਮਦਾਸਪੁਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਨਾਲ ਬਹੁਤ ਪਿਆਰ ਸੀ। ਉਹਨਾਂ ਦੀ ਸ਼ਾਦੀ ਬੀਬੀ ਗੁਰਮੀਤ ਕੌਰ ਪਿੰਡ ਕਾਲਾ ਬਾਹੀਆਂ ਨਾਲ ਹੋਈ। ਬੀਬੀ ਗੁਰਮੀਤ ਪਿੰਡ ਨੰਗਲ ਨੇੜੇ ਸਪਰੋੜ (ਨੇੜੇ ਚਹੇੜੂ) ਦੇ ਰਹਿਣ ਵਾਲੀ ਸੀ ਜੋ ਕਿ ਬਚਪਨ ਤੋਂ ਆਪਣੇ ਮਾਮੇ ਗੰਗੂ ਤੇ ਮਾਮੀ ਨੰਦੀ ਨਾਲ ਨਾਨਕੇ ਪਿੰਡ ਕਾਲੇ ਬਾਹੀਆਂ ਜਲੰਧਰ ਵਿਖੇ ਰਹਿੰਦੀ ਸੀ। ਜਦੋਂ ਉਹਨਾਂ ਦਾ ਵਿਆਹ ਕਾਲੇ ਬਾਹੀਆਂ ਵਿਖੇ ਹੋਇਆ, ਵਾਪਸ ਰਮਦਾਸਪੁਰ ਜਾਂਦੇ ਹੋਏ ਡੇਰੇ ਮੱਥਾ ਟੇਕਣ ਆਏ। ਜਦੋਂ ਸ਼੍ਰੀ ਨਸੀਬ ਚੰਦ ਤੇ ਬੀਬੀ ਗੁਰਮੀਤ ਕੌਰ ਨੇ ਮਹਾਰਾਜ ਜੀ ਨੂੰ ਮੱਥਾ ਟੇਕਿਆ ਤਾਂ ਮਹਾਰਾਜ ਜੀ ਨੇ ਬੀਬੀ ਗੁਰਮੀਤ ਕੌਰ ਨੂੰ 7 ਬਦਾਮ ਦਿੱਤੇ ਅਤੇ ਫ਼ਰਮਾਇਆ ਕਿ ਬੇਟੀ ਇਹ ਸੱਤ ਬਦਾਮ ਤੂੰ ਇੱਕਲੀ ਨੇ ਖਾਣੇ। ਜਨੇਤ ਸਮੇਤ ਸਭ ਪਿੰਡ ਰਮਦਾਸਪੁਰ ਨੂੰ ਚਲੇ ਗਏ। ਦੂਸਰੇ ਦਿਨ ਸਵੇਰੇ ਜਿਸ ਸਮੇਂ ਬੀਬੀ ਗੁਰਮੀਤ ਕੌਰ 7 ਬਦਾਮ ਆਪਣੇ ਬੈਗ ਵਿਚੋਂ ਕੱਢ ਕੇ ਖਾਣ ਲੱਗੀ ਤਾਂ ਉਸ ਵਿਚੋਂ 2 ਬਦਾਮ ਕੱਢ ਕੇ ਬੀਬੀ ਗੁਰਮੀਤ ਕੌਰ ਦੀ ਨਨਾਣ ਨੇ ਖਾ ਲਏ ਜਿਸ ਦੀ ਸ਼ਾਦੀ ਕਰਤਾਰਪੁਰ ਵਿਖੇ ਹੋਈ ਸੀ।

ਕੁਝ ਦਿਨਾਂ ਬਾਅਦ ਜਦੋਂ ਸ਼੍ਰੀ ਨਸੀਬ ਚੰਦ ਤੇ ਬੀਬੀ ਗੁਰਮੀਤ ਕੌਰ ਡੇਰੇ ਵਿਖੇ ਮਹਾਰਾਜ ਜੀ ਪਾਸ ਆਏ ਅਤੇ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਜੋ ਆਪ ਜੀ ਨੇ ਸੱਤ ਬਦਾਮ ਗੁਰਮੀਤ ਕੌਰ ਨੂੰ ਦਿੱਤੇ ਸਨ ਉਸ ਵਿੱਚੋਂ ਦੋ ਬਦਾਮ ਮੇਰੀ ਭੈਣ ਬਿੰਸੀ ਨੇ ਖਾ ਲਏ ਹਨ।

ਮਹਾਰਾਜ ਜੀ ਨੇ ਫ਼ਰਮਾਇਆ, ਕੁੜੇ ਤੇਰੀ ਕੁੱਖੋਂ 7 ਪੁੱਤਰ ਜਨਮ ਲੈਣਗੇ, ਦੋ ਪੁੱਤਰ ਮਰ ਜਾਣਗੇ ਅਤੇ 5 ਪੁੱਤਰ ਠੀਕ ਰਹਿਣਗੇ। 2 ਪੁੱਤਰ ਤੇਰੀ ਨਨਾਣ ਦੇ ਘਰ ਪੈਦਾ ਹੋਣਗੇ। ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਬੀਬੀ ਗੁਰਮੀਤ ਕੌਰ ਦੀ ਕੁੱਖੋਂ ਸੱਤ ਪੁੱਤਰਾਂ ਨੇ ਜਨਮ ਲਿਆ। ਜਿਹਨਾਂ ਵਿਚੋਂ ਦੋ ਪੁੱਤਰ ਮਰ ਗਏ ਅਤੇ ਪੰਜ ਜਿਉਂਦੇ ਹਨ। ਦੋ ਪੁੱਤਰ ਉਸਦੀ ਨਨਾਣ ਬਿੰਸੀ (ਕਰਤਾਰਪੁਰ) ਦੇ ਹਨ। ਇਸ ਪ੍ਰਕਾਰ ਮਹਾਰਾਜ ਜੀ ਦੇ ਵਚਨ ਅਟੱਲ ਹੋਏ।

– ਬੀਬੀ ਗੁਰਮੀਤ ਕੌਰ ਸੁਪਤਨੀ ਸ਼੍ਰੀ ਨਸੀਬ ਚੰਦ

ਪਿੰਡ ਰਮਦਾਸਪੁਰ ਜਲੰਧਰ, 03-07-03

*******

## ਸਾਖੀ ਨੰਬਰ 75

## ਸ. ਗੁਰਮੀਤ ਸਿੰਘ ਦੀ ਸਪੁਤਨੀ ਬਖ਼ਸ਼ੀਸ਼ ਕੌਰ ਦੀ ਬਿਮਾਰੀ ਹਟਾਉਣੀ।

ਸ. ਗੁਰਮੀਤ ਸਿੰਘ ਪੁੱਤਰ ਸਵ. ਅਰਜਨ ਸਿੰਘ ਪਿੰਡ ਸੰਘਵਾਲ ਜਲੰਧਰ ਦੇ ਰਹਿਣ ਵਾਲੇ ਹਨ। ਉਹਨਾਂ ਦੀ ਪਤਨੀ ਬੀਬੀ ਬਖ਼ਸ਼ੀਸ਼ ਕੌਰ ਬਹੁਤ ਬਿਮਾਰ ਰਹਿੰਦੀ ਸੀ। ਉਹਨਾਂ ਨੇ ਉਸ ਦਾ ਵੱਡੇ-ਵੱਡੇ ਡਾਕਟਰਾਂ ਕੋਲੋਂ ਇਲਾਜ ਕਰਾਇਆ ਪਰ ਉਸ ਨੂੰ ਆਰਾਮ ਨਹੀਂ ਸੀ ਆਇਆ। ਜਿੱਥੇ ਕਿਸੇ ਨੇ ਦੱਸਿਆ ਉਹ ਬੀਬੀ ਜੀ ਨੂੰ ਉੱਥੇ ਲੈ ਕੇ ਗਏ। ਅਖੀਰ ਉਹਨਾਂ ਨੇ ਆਪਣੀ ਸਾਰੀ ਦੁੱਖ ਭਰੀ ਕਹਾਣੀ ਸ਼੍ਰੀ ਸੋਹਣ ਸਿੰਘ ਸੰਘਵਾਲ ਨੂੰ ਦੱਸੀ ਜੋ ਕਿ ਮਹਾਰਾਜ ਸਰਵਣ ਦਾਸ ਜੀ ਦੇ ਸ਼ਰਧਾਲੂ ਸਨ। ਸ਼੍ਰੀ ਸੋਹਣ ਸਿੰਘ ਨੇ ਸ. ਗੁਰਮੀਤ ਸਿੰਘ ਨੂੰ ਕਿਹਾ ਕਿ ਆਪਾ ਸਵੇਰੇ ਬਖ਼ਸ਼ੀਸ਼ ਕੌਰ ਨੂੰ ਮਹਾਰਾਜ ਜੀ ਪਾਸ ਲੈ ਕੇ ਚੱਲਾਂਗੇ।

ਦੂਸਰੇ ਦਿਨ ਸਵੇਰੇ ਸ਼੍ਰੀ ਸੋਹਣ ਸਿੰਘ ਜੀ ਸ. ਗੁਰਮੀਤ ਸਿੰਘ ਤੇ ਬੀਬੀ ਬਖਸ਼ੀਸ਼ ਕੌਰ ਨੂੰ ਨਾਲ ਲੈ ਕੇ ਡੇਰੇ ਵਿਖੇ ਪਹੁੰਚੇ। ਉਸ ਸਮੇਂ ਸੰਤ ਸਰਵਣ ਦਾਸ ਜੀ ਮਹਾਰਾਜ ਥੜ੍ਹੇ ਉੱਪਰ ਬੈਠੇ ਸਨ। ਜਦੋਂ ਸ. ਸੋਹਣ ਸਿੰਘ ਤੋਂ ਬਾਅਦ ਦੋਨੋਂ ਪਤੀ-ਪਤਨੀ ਮਹਾਰਾਜ ਜੀ ਨੂੰ ਨਮਸਕਾਰ ਕਰਨ ਲੱਗੇ ਤਾਂ ਮਹਾਰਾਜ ਜੀ ਨੇ ਫ਼ਰਮਾਇਆ ਜੇਕਰ ਹੋਰ ਕੋਈ ਡਾਕਟਰ ਰਹਿੰਦਾ ਹੈ ਤਾਂ ਉੱਥੇ ਵੀ ਜਾ ਆਉ। ਦੋਨੋਂ ਪਤੀ-ਪਤਨੀ ਮਹਾਰਾਜ ਜੀ

ਨੂੰ ਨਮਸਕਾਰ ਕਰਕੇ ਬੈਠ ਗਏ। ਸ. ਗੁਰਮੀਤ ਸਿੰਘ ਜੀ ਨੇ ਮਨ ਵਿਚ ਵਿਚਾਰ ਕੀਤੀ ਮਹਾਰਾਜ ਜੀ ਪੂਰਨ ਮਹਾਤਮਾ ਹਨ ਇਹਨਾਂ ਨਾਲ ਕਿਸੇ ਕਿਸਮ ਦਾ ਤਰਕ-ਵਿਤਰਕ ਨਹੀਂ ਹੋਣਾ ਚਾਹੀਦਾ। ਸ. ਸੋਹਣ ਸਿੰਘ ਨੇ ਦੱਸਿਆ ਕਿ ਮਹਾਰਾਜ ਜੀ ਬੀਬੀ ਬਖਸ਼ੀਸ਼ ਕੌਰ ਕਈ ਸਾਲਾਂ ਤੋਂ ਬਿਮਾਰ ਹੈ। ਅਰਾਮ ਨਹੀਂ ਆਉਂਦਾ। ਆਪ ਦੀ ਸ਼ਰਨ ਆਏ ਹਾਂ। ਆਪ ਕਿਰਪਾ ਕਰੋ ਜੀ।

ਮਹਾਰਾਜ ਜੀ ਨੇ ਫ਼ਰਮਾਇਆ ਫਿਕਰ ਨਾ ਕਰੋ। ਸਭ ਕੁਝ ਠੀਕ ਹੋ ਜਾਵੇਗਾ। ਇਹ ਕਾੜ੍ਹਾ ਦਵਾਈ ਦਾ ਬਣਾ ਕੇ ਇਸ ਨੂੰ ਘਰ ਜਾ ਕੇ ਪਿਲਾ ਦਿਉ। ਸ. ਗੁਰਮੀਤ ਸਿੰਘ ਜੀ ਨੇ ਘਰ ਜਾ ਕੇ ਬੀਬੀ ਬਖਸ਼ੀਸ਼ ਕੌਰ ਨੂੰ ਕਾੜ੍ਹਾ ਬਣਾਕੇ ਪਿਲਾਇਆ ਅਤੇ ਆਪ ਖੂਹ ਤੇ ਪਸ਼ੂਆਂ ਨੂੰ ਪੱਠੇ ਪਾਉਣ ਚਲੇ ਗਏ। ਜਦੋਂ ਵਾਪਸ ਆਏ ਤਾਂ ਉਹਨਾਂ ਦੀ ਹੈਰਾਨੀ ਦੀ ਕੋਈ ਹੱਦ ਨਹੀਂ ਰਹੀ। ਉਹਨਾਂ ਦੀ ਪਤਨੀ ਬਿਲਕੁਲ ਠੀਕ ਹੋ ਗਈ ਅਤੇ ਰੋਟੀ ਬਣਾ ਰਹੀ ਸੀ। ਬਖਸ਼ੀਸ਼ ਕੌਰ ਨੇ ਕਿਹਾ ਕਿ ਮੈਂ ਸੰਤਾਂ ਦੀ ਕਿਰਪਾ ਨਾਲ ਬਿਲਕੁਲ ਠੀਕ ਹਾਂ। ਇਸ ਪ੍ਰਕਾਰ ਮਹਾਰਾਜ ਜੀ ਨੇ ਉਹਨਾਂ ਤੇ ਕਿਰਪਾ ਕੀਤੀ।

## ਸਾਖੀ ਨੰਬਰ 76

## ਸ. ਗੁਰਮੀਤ ਨੂੰ ਦੋ ਪੁੱਤਰਾਂ ਦੀ ਬਖ਼ਸ਼ਿਸ ਕਰਨੀ।

ਇਸ ਤੋਂ ਬਾਅਦ ਸ. ਗੁਰਮੀਤ ਸਿੰਘ ਜੀ ਹਰ ਐਤਵਾਰ ਸ. ਸੋਹਣ ਸਿੰਘ ਦੇ ਨਾਲ ਡੇਰੇ ਵਿਖੇ ਆ ਕੇ ਲੰਗਰ ਵਿਚ ਸੇਵਾ ਕਰਨ ਲੱਗੇ ਅਤੇ ਰਾਤ ਸਮੇਂ ਮਹਾਰਾਜ ਜੀ ਨਾਲ ਪਿੰਡ ਵਾਲੇ ਮੰਦਰ ਵਿਖੇ ਜਾ ਕੇ ਕਥਾ ਸਰਵਣ ਕਰਿਆ ਕਰਦੇ ਸਨ। ਇਕ ਦਿਨ ਸ਼ਾਮ ਦੀ ਗੱਲ ਹੈ ਜਦੋਂ ਸ਼੍ਰੀ ਬੇਲਾ ਸਿੰਘ ਅਤੇ ਸ. ਜਾਗਰ ਸਿੰਘ ਬੱਲਾਂ ਵਾਲਿਆ ਨੇ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਕਥਾ ਸ਼ੁਰੂ ਕਰੀਏ! ਮਹਾਰਾਜ ਜੀ ਨੇ ਫ਼ਰਮਾਇਆ ਕਿ ਗੁਰਮੀਤ ਸਿੰਘ ਆ ਰਿਹਾ ਹੈ ਉਸ ਨੂੰ ਪਹੁੰਚ ਲੈਣ ਦਿਉ। ਕੁਝ ਮਿੰਟਾਂ ਬਾਅਦ ਸ. ਗੁਰਮੀਤ ਸਿੰਘ ਪਿੰਡ ਵਾਲੇ ਮੰਦਰ ਪਹੁੰਚੇ ਅਤੇ ਕਥਾ ਸ਼ੁਰੂ ਕੀਤੀ ਗਈ।ਦੂਸਰੇ ਦਿਨ, ਤੜਕੇ 3 ਵਜੇ ਗੁਰਮੀਤ ਸਿੰਘ ਮਹਾਰਾਜ ਜੀ ਨੂੰ ਇਸ਼ਨਾਨ ਕਰਾ ਰਹੇ ਸਨ ਕਿ ਮਹਾਰਾਜ ਜੀ ਨੇ ਅਚਾਨਕ ਫ਼ਰਮਾਇਆ ਗੁਰਮੀਤ! ਤੇਰੇ 4 ਕੁੜੀਆਂ ਹਨ। ਅੱਛਾ, ਕੋਈ ਫਿਕਰ ਨਹੀਂ ਕਰਨਾ। ਇਕ ਸਾਲ ਦੇ ਅੰਦਰ-ਅੰਦਰ ਆਪ ਦੇ ਘਰ ਲੜਕਾ ਜਨਮ ਲਵੇਗਾ। ਮਹਾਰਾਜ ਜੀ ਦੇ ਅਟੱਲ ਵਚਨਾਂ ਅਨੁਸਾਰ 11 ਮਹੀਨੇ 11 ਦਿਨ ਬਾਅਦ ਇਕ ਸਾਲ ਦੇ ਵਿਚ ਹੀ ਸ. ਗੁਰਮੀਤ ਸਿੰਘ ਦੇ ਘਰ ਇਕ ਲੜਕੇ ਨੇ ਜਨਮ ਲਿਆ, ਜਿਸ ਦਾ ਨਾਮ ਰਵਿੰਦਰ ਸਿੰਘ ਰੱਖਿਆ।

ਕੁਝ ਕੁ ਸਾਲਾਂ ਬਾਅਦ ਤੜਕੇ ਪਿੰਡ ਡੇਰੇ ਵਿਖੇ ਸੰਤ ਸਰਵਣ ਦਾਸ ਜੀ ਮਹਾਰਾਜ ਨੂੰ ਸ. ਗੁਰਮੀਤ ਸਿੰਘ ਇਸ਼ਨਾਨ ਕਰਾ ਰਹੇ ਸਨ ਅਤੇ ਮਹਾਰਾਜ ਜੀ ਨੇ

ਦੁਬਾਰਾ ਬਚਨ ਕੀਤੇ, "ਗੁਰਮੀਤ! ਕਾਕਿਆਂ ਦਾ ਜੋੜਾ ਬਣ ਜਾਉਗਾ"। ਸ. ਗੁਰਮੀਤ ਸਿੰਘ ਨੇ ਕਿਹਾ, "ਸਤਿਬਚਨ ਮਹਾਰਾਜ ਜੀ"। ਫਿਰ ਉਹਨਾਂ ਦੇ ਘਰ ਇਕ ਹੋਰ ਲੜਕੇ ਨੇ ਜਨਮ ਲਿਆ ਜਿਸ ਦਾ ਨਾਮ ਜਰਮਨ ਸਿੰਘ ਰੱਖਿਆ ਗਿਆ।

ਇਸ ਪ੍ਰਕਾਰ ਮਹਾਰਾਜ ਜੀ ਦੇ ਅਟੱਲ ਵਚਨਾਂ ਅਨੁਸਾਰ ਸ. ਗੁਰਮੀਤ ਸਿੰਘ ਦੇ ਘਰ 2 ਪੁੱਤਰਾਂ ਨੇ ਜਨਮ ਲਿਆ।

## ਸਾਖੀ ਨੰਬਰ 77

## ਸ਼੍ਰੀ ਉਜਾਗਰ ਸਿੰਘ ਤੇ ਕਿਰਪਾ ਕਰਨੀ।

ਸ਼੍ਰੀ ਉਜਾਗਰ ਸਿੰਘ ਪੁੱਤਰ ਸਵ. ਸ਼੍ਰੀ ਸੁੰਦਰ ਦਾਸ ਜੀ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਅਥਾਹ ਪਿਆਰ ਸੀ। ਉਹ ਪਰਿਵਾਰ ਸਮੇਤ ਬਸਤੀ ਨੌਂ (ਨਿਜਾਤਮ ਨਗਰ) ਵਿਖੇ ਰਹਿੰਦੇ ਸਨ। 1970 ਈਸਵੀ ਵਿਚ ਉਹਨਾਂ ਨੇ ਪਿੰਡ ਸਰਨਾਣਾ ਨੇੜੇ ਕੋਟਲੀ ਥਾਨਸਿੰਘ ਜਲੰਧਰ ਵਿਖੇ 15 ਕਿੱਲੇ ਜ਼ਮੀਨ ਦਾ 70,000 ਰੁਪਏ ਬਿਆਨਾ ਦੇ ਦਿੱਤਾ। ਉਹਨਾਂ ਦੀ 22 ਕਨਾਲ ਜ਼ਮੀਨ ਨਿਜਾਤਮ ਨਗਰ ਵਿਖੇ ਸੀ। ਉਹਨਾਂ ਦਾ ਵਿਚਾਰ ਸੀ ਕਿ 22 ਕਨਾਲ ਜ਼ਮੀਨ ਵਿਕਣ ਨਾਲ ਉਹ ਬਾਕੀ ਰੁਪਏ ਦੇ ਕੇ 15 ਖੇਤਾਂ ਦੀ ਰਜਿਸਟਰੀ ਕਰਵਾ ਲੈਣਗੇ।ਪ੍ਰੰਤੂ ਉਹਨਾਂ ਦੀ ਨਿਜਾਮਤ ਨਗਰ ਵਾਲੀ ਜ਼ਮੀਨ ਨਾ ਵਿਕਣ ਕਰਕੇ, ਬਿਆਨੇ ਦੀ ਤਾਰੀਖ ਸਮਾਪਤ ਹੋ ਗਈ।ਜ਼ਮੀਨ ਦੇ ਮਾਲਕ ਨੇ ਉਹਨਾਂ ਅੱਗੇ ਇਹ ਸ਼ਰਤ ਰੱਖੀ ਕਿ ਜਿੰਨਾ ਚਿਰ ਬਾਕੀ ਰੁਪਏ ਨਹੀਂ ਦਿੰਦੇ ਉੱਨਾ ਚਿਰ ਹਰ ਸਾਲ ਮੈਨੂੰ ਸੱਤ ਸੌ ਰੁਪਏ ਦੇਈ ਜਾਉ।ਸੰਨ 1971 ਈਸਵੀ ਦੀ ਭਾਰਤ-ਪਾਕਿ ਦੀ ਲੜਾਈ ਲੱਗ ਗਈ। ਲੜਾਈ ਬੰਦ ਹੋਣ ਤੇ ਸ਼੍ਰੀ ਉਜਾਗਰ ਸਿੰਘ ਨੇ ਇਕ ਦਿਨ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ! ਮੈਂ ਗਰੀਬੀ ਕਾਰਨ ਬਹੁਤ ਤੰਗ ਹਾਂ। 1970 ਈਸਵੀ ਵਿਚ ਜਿਸ ਜ਼ਮੀਨ (15 ਖੇਤ ਦਾ ਬਿਆਨਾ ਕੀਤਾ ਸੀ) ਬਾਰੇ ਸੋਚਿਆ ਸੀ ਕਿ ਸਾਡੀ 22 ਕਨਾਲ ਜ਼ਮੀਨ ਵੇਚ ਕੇ ਬਾਕੀ ਪੈਸੇ ਦੇ ਕੇ ਰਜਿਸਟਰੀ ਕਰਵਾ ਲਵਾਂਗੇ ਪਰ ਮਹਾਰਾਜ ਜੀ ਸਾਡੀ ਜ਼ਮੀਨ ਨਹੀਂ ਵਿਕ ਰਹੀ। ਇਸ ਕਾਰਨ, ਦੋ ਸਾਲ ਤੋਂ ਹਰ ਸਾਲ ਜ਼ਮੀਨ ਦੇ ਮਾਲਕ ਨੂੰ ਸੱਤ ਸੌ ਰੁਪਏ ਦੇ ਰਹੇ ਹਾਂ।ਜਿੰਨਾਂ ਚਿਰ ਤੁਸੀਂ ਸਾਡੇ ਉੱਤੇ ਕਿਰਪਾ ਨਹੀਂ ਕਰਦੇ ਮੈਂ ਉੱਨਾਂ ਚਿਰ ਡੇਰਿਓ ਨਹੀਂ ਜਾਣਾ।ਉਹ ਦੋ ਦਿਨ ਲਗਾਤਾਰ ਡੇਰੇ ਰਹੇ। ਜਦੋਂ ਤੀਸਰੇ ਦਿਨ ਦੀ ਸਵੇਰ ਹੋਈ ਤਾਂ ਮਹਾਰਾਜ ਸਰਵਣ ਦਾਸ ਜੀ ਨੇ ਸ਼੍ਰੀ ਉਜਾਗਰ ਸਿੰਘ ਨੂੰ ਫ਼ਰਮਾਇਆ, "ਜਾਓ ਉਜਾਗਰ ਸਿੰਘ ਤੁਹਾਡਾ ਕੰਮ ਬਣ ਗਿਆ ਹੈ"। ਉਸ ਸਮੇਂ ਮਹਾਰਾਜ ਜੀ ਤੋਂ ਅਸ਼ੀਰਵਾਦ ਲੈ ਕੇ ਉਜਾਗਰ ਸਿੰਘ ਘਰ ਆਏ ਤਾਂ ਉਹਨਾਂ ਦੇ ਸਪੁੱਤਰਾਂ ਨੇ ਦੱਸਿਆ ਕਿ ਆਪਣੀ ਜ਼ਮੀਨ ਵਿਚੋਂ ਚਾਰ ਪਲਾਟ ਵਿਕੇ ਹਨ। ਇਹਨਾਂ

ਰੁਪਇਆਂ ਦੇ ਨਾਲ ਅਸੀਂ ਆਪਣੀ ਜ਼ਮੀਨ (15 ਖੇਤ) ਦੀ ਰਜਿਸਟਰੀ ਕਰਵਾ ਲਵਾਂਗੇ। ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਉਜਾਗਰ ਸਿੰਘ ਨੇ ਬਾਕੀ ਰੁਪਏ ਦੇ ਕੇ ਰਜਿਸਟਰੀ ਕਰਵਾ ਲਈ। ਬਾਅਦ ਵਿਚ ਉਹਨਾਂ ਦੇ ਹੋਰ ਪਲਾਟ ਵਿਕਣ ਨਾਲ, ਨਾਲ ਲੱਗਦੀ ਹੋਰ ਜ਼ਮੀਨ ਖਰੀਦ ਲਈ ਗਈ।

–5 ਜੁਲਾਈ 2003 ਸ਼੍ਰੀ ਰਾਮ ਸਰਨ ਪੁੱਤਰ ਸ਼੍ਰੀ ਉਜਾਗਰ ਸਿੰਘ,
ਬਸਤੀ ਨੌਂ ਨਿਜਾਤਮ ਨਗਰ, ਜਲੰਧਰ

## ਸਾਖੀ ਨੰਬਰ 78

## ਸ. ਲਾਲ ਸਿੰਘ ਨੂੰ ਪੁੱਤਰਾਂ ਦੀ ਬਖ਼ਸ਼ਿਸ਼ ਕਰਨੀ।

ਸ. ਲਾਲ ਸਿੰਘ ਪੁੱਤਰ ਸ. ਲਛਮਣ ਸਿੰਘ ਤੇ ਉਹਨਾਂ ਦੀ ਸੁਪਤਨੀ ਬੀਬੀ ਨਿਰੰਜਣ ਕੌਰ ਜੀ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਇਕ ਸਮੇਂ ਦੋਨਾਂ ਨੇ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਸਾਡੇ ਕੇਵਲ ਲੜਕੀ ਹੀ ਹੈ ਆਪ ਕਿਰਪਾ ਕਰਕੇ ਪੁੱਤਰ ਦੀ ਦਾਤ ਬਖ਼ਸ਼ਿਸ਼ ਕਰੋ ਜੀ। ਮਹਾਰਾਜ ਸਰਵਣ ਦਾਸ ਜੀ ਨੇ ਵਚਨ ਕੀਤਾ ਕਿ ਤੁਹਾਡੇ ਘਰ ਪੁੱਤਰ ਜਨਮ ਲਵੇਗਾ। ਮਹਾਰਾਜ ਜੀ ਦੀ ਕਿਰਪਾ ਨਾਲ ਉਹਨਾਂ ਦੇ ਘਰ ਪੁੱਤਰ ਨੇ ਜਨਮ ਲਿਆ। ਜਿਸ ਦਾ ਨਾਮ ਜਸਵੀਰ ਸਿੰਘ ਰੱਖਿਆ ਗਿਆ। 11 ਜੂਨ 1972 ਨੂੰ ਮਹਾਰਾਜ ਸਰਵਣ ਦਾਸ ਜੀ ਜੋਤੀ ਜੋਤ ਸਮਾ ਗਏ ਉਹਨਾਂ ਤੋਂ ਬਾਦ ਸੰਤ ਹਰੀ ਦਾਸ ਜੀ ਡੇਰੇ ਦੇ ਸੰਚਾਲਕ ਬਣੇ। ਇਕ ਸਮੇਂ ਲਾਲ ਸਿੰਘ ਜੀ ਨੇ ਮਹਾਰਾਜ ਹਰੀ ਦਾਸ ਜੀ ਦੇ ਚਰਨ ਪਕੜ ਲਏ ਤੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੇਰੇ ਲੜਕੇ ਜਸਵੀਰ ਦੀ ਬਖ਼ਸ਼ਿਸ਼ ਸੰਤ ਸਰਵਣ ਦਾਸ ਜੀ ਮਹਾਰਾਜ ਨੇ ਕੀਤੀ ਸੀ। ਆਪ ਵੀ ਕਿਰਪਾ ਕਰੋ ਇਕ ਹੋਰ ਪੁੱਤਰ ਦੀ ਬਖ਼ਸ਼ਿਸ਼ ਕਰੋ। ਅਜਿਹੀ ਬੇਨਤੀ ਜਦੋਂ ਲਾਲ ਸਿੰਘ ਨੇ ਤੀਸਰੀ ਵਾਰ ਕੀਤੀ ਤਾਂ ਕੁਝ ਸਮਾਂ ਅੰਤਰ ਧਿਆਨ ਹੋਣ ਤੋਂ ਬਾਦ ਮਹਾਰਾਜ ਹਰੀ ਦਾਸ ਜੀ ਨੇ ਫ਼ਰਮਾਇਆ, "ਭਾਈ, ਜਿਸ ਤਰ੍ਹਾਂ ਤੂੰ ਕਹਿੰਦਾ ਹੈ, ਮਹਾਰਾਜ ਸਰਵਣ ਦਾਸ ਜੀ ਦੀ ਕਿਰਪਾ ਨਾਲ ਉਸ ਤਰ੍ਹਾਂ ਹੀ ਹੋਵੇਗਾ। ਮਹਾਰਾਜ ਹਰੀ ਦਾਸ ਜੀ ਦੇ ਵਚਨ ਅਟੱਲ ਹੋਏ। ਸ. ਲਾਲ ਸਿੰਘ ਦੇ ਘਰ ਇਕ ਹੋਰ ਪੁੱਤਰ ਨੇ ਜਨਮ ਲਿਆ। ਜਿਸ ਦਾ ਨਾਮ ਬਲਵੀਰ ਸਿੰਘ ਰੱਖਿਆ ਗਿਆ। ਸ. ਲਾਲ ਸਿੰਘ ਨੇ ਦੱਸਿਆ ਕਿ ਅੱਜ ਮਹਾਰਾਜ ਦੀ ਕਿਰਪਾ ਨਾਲ ਮੈਨੂੰ ਕਿਸੇ ਗੱਲ ਦੀ ਕਮੀ ਨਹੀਂ ਹੈ ਉਹਨਾਂ ਨੇ ਮੇਰੀ ਹਰ ਮਨੋਕਾਮਨਾ ਪੂਰੀ ਕੀਤੀ ਹੈ।

–ਖੁਦ ਸ. ਲਾਲ ਸਿੰਘ ਸਪੁੱਤਰ ਸ. ਲਛਮਣ ਸਿੰਘ
ਪਿੰਡ ਨੌਗੱਜਾ, ਜਲੰਧਰ, 5 ਜੁਲਾਈ, 2003)

## ਸਾਖੀ ਨੰਬਰ 79

### ਸ. ਸਵਰਨ ਸਿੰਘ ਵਿਦੇਸ਼ ਮੰਤਰੀ ਦੀ ਸ਼ੰਕਾਂ ਨਵਿਰਤ ਕਰਨੀ।

ਸਵ. ਮਾਸਟਰ ਗੁਰਬੰਤਾ ਸਿੰਘ ਜੀ ਖੇਤੀਬਾੜੀ ਮੰਤਰੀ ਪੰਜਾਬ ਪਿੰਡ ਧਾਲੀਵਾਲ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਅਕਸਰ ਆਪ ਮਹਾਰਾਜ ਜੀ ਪਾਸ ਆਇਆ ਕਰਦੇ ਸਨ। ਇਕ ਵਾਰ ਆਪ ਭਾਰਤ ਦੇ ਵਿਦੇਸ਼ ਮੰਤਰੀ ਸ. ਸਵਰਨ ਸਿੰਘ ਨੂੰ ਨਾਲ ਲੈ ਕੇ ਮਹਾਰਾਜ ਜੀ ਪਾਸ ਡੇਰੇ ਵਿਖੇ ਆਏ। ਉਸ ਸਮੇਂ ਮਹਾਰਾਜ ਸਰਵਣ ਦਾਸ ਜੀ ਥੜ੍ਹੇ ਤੇ ਬੈਠੇ ਸਨ। ਸ. ਸਵਰਨ ਸਿੰਘ ਅਤੇ ਸ. ਗੁਰਬੰਤਾ ਸਿੰਘ ਆਪਣੇ ਸਾਥੀਆਂ ਸਮੇਤ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਮਹਾਰਾਜ ਜੀ ਦੇ ਪਾਸ ਹੀ ਬੈਠ ਗਏ। ਉਸ ਸਮੇਂ ਗਿਆਨੀ ਬਿਸ਼ਨਾ ਰਾਮ ਜੀ ਪਿੰਡ ਬੱਲਾਂ ਵਾਲੇ ਵੀ ਮਹਾਰਾਜ ਜੀ ਦੇ ਪਾਸ ਹੀ ਬੈਠੇ ਸਨ। ਸ. ਸਵਰਨ ਸਿੰਘ ਕਹਿਣ ਲੱਗੇ ਕਿ ਮੈਂ ਵਿਦੇਸ਼ੀ ਮੁਲਕਾਂ ਵਿਚ ਜਾ ਕੇ ਆਇਆ ਹਾਂ। ਆਪ ਵੀ ਬਾਹਰਲੇ ਦੇਸ਼ਾਂ ਦੀ ਸੈਰ ਕਰ ਆਉ। ਮਹਾਰਾਜ ਜੀ ਨੇ ਪ੍ਰਸ਼ਨ ਕੀਤਾ ਕਿ ਤੁਸੀਂ ਕਿਸ ਕਿਸ ਮੁਲਕ ਵਿਚ ਗਏ ਹੋ ? ਸ. ਸਵਰਨ ਸਿੰਘ ਜੀ ਜਿਸ ਵੀ ਮੁਲਕ ਦਾ ਨਾਮ ਲੈਣ, ਮਹਾਰਾਜ ਸਰਵਣ ਦਾਸ ਜੀ ਉਸ ਮੁਲਕ ਦੇ ਲੋਕਾਂ ਦੇ ਸੁਭਾਅ ਅਤੇ ਪਹਿਰਾਵੇ ਬਾਰੇ ਸ. ਸਵਰਨ ਸਿੰਘ ਨੂੰ ਨਾਲੋ ਨਾਲ ਦੱਸਦੇ ਜਾ ਰਹੇ ਸਨ ਅਤੋਂ ਇਕ ਜਗ੍ਹਾ ਰੁੱਕ ਕੇ ਮਹਾਰਾਜ ਜੀ ਨੇ ਸਵਰਨ ਸਿੰਘ ਨੂੰ ਪ੍ਰਸ਼ਨ ਕੀਤਾ ਕਿ ਕੀ ਤੂੰ ਫਲਾਣੇ ਮੁਲਕ ਵਿਚ ਫਲਾਣੀ ਇਤਿਹਾਸਕ ਜਗ੍ਹਾ ਦੇਖੀ ਹੈ ? ਸੰਤਾਂ ਦੇ ਮੁੱਖ ਤੋਂ ਅਜਿਹਾ ਪ੍ਰਸ਼ਨ ਸੁਣ ਕੇ ਵਿਦੇਸ਼ ਮੰਤਰੀ ਇਕ ਦਮ ਚੁੱਪ ਹੋ ਗਿਆ ਅਤੇ ਕਹਿਣ ਲੱਗਾ ਕਿ ਮਹਾਰਾਜ ਜੀ ਆਪ ਨੇ ਇਹਨਾਂ ਮੁਲਕਾਂ ਵਿਚ ਭ੍ਰਮਣ ਕੀਤਾ ਹੈ ? ਅੱਗੋਂ ਮਹਾਰਾਜ ਜੀ ਨੇ ਫ਼ਰਮਾਇਆ, "ਮੰਤਰੀ ਜੀ, ਜਾ ਕੇ ਦੇਖਣ ਦੀ ਲੋੜ ਤਾਂ ਤੁਹਾਡੇ ਵਰਗੇ ਬੰਦਿਆਂ ਨੂੰ ਹੈ ਅਤੇ ਪ੍ਰਮਾਤਮਾ ਦੇ ਭਜਨ ਕਰਨ ਵਾਲਿਆਂ ਨੂੰ ਅੰਦਰੂਨੀ ਅਨੁਭਵ ਰਾਹੀਂ ਹੀ ਸਭ ਕੁਝ ਪਤਾ ਚੱਲ ਜਾਂਦਾ ਹੈ"। ਸ. ਸਵਰਨ ਸਿੰਘ ਜੀ ਮਹਾਰਾਜ ਜੀ ਦੇ ਸੰਸਾਰਿਕ ਅਤੇ ਪ੍ਰਮਾਰਥੀ ਵਚਨਾਂ ਤੋਂ ਬਹੁਤ ਪ੍ਰਭਾਵਿਤ ਹੋਏ। ਉਹ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਸ. ਗੁਰਬੰਤਾ ਸਿੰਘ ਨਾਲ ਆਇਆ ਕਰਦੇ ਸਨ।

–ਗਿਆਨੀ ਬਿਸ਼ਨਾਂ ਰਾਮ ਜੀ ਪਿੰਡ ਬੱਲ, ਜਲੰਧਰ 5 ਜੁਲਾਈ 2003

## ਸਾਖੀ ਨੰਬਰ 80

### ਸ. ਪਾਖਰ ਸਿੰਘ ਤੇ ਬੀਬੀ ਬਖਸ਼ੀਸ਼ ਕੌਰ ਨੂੰ ਪੁੱਤਰ ਦੀ ਬਖ਼ਸ਼ਿਸ਼ ਕਰਨੀ।

ਸ. ਪਾਖਰ ਸਿੰਘ ਪੁੱਤਰ ਸਵ. ਜਵਾਲਾ ਸਿੰਘ ਤੇ ਬੀਬੀ ਬਖਸ਼ੀਸ਼ ਕੌਰ ਪਿੰਡ ਨੌਗੱਜੇ ਦੇ ਰਹਿਣ ਵਾਲੇ ਸਨ। ਉਹਨਾਂ ਦੇ ਘਰ ਦੋ ਲੜਕੀਆਂ ਸਨ ਅਤੇ ਦੋ ਜਨਮ ਲੈ ਕੇ

ਮਰ ਗਈਆਂ ਸਨ। ਦੋਨੋਂ ਪਤੀ-ਪਤਨੀ ਦਾ ਮਹਾਰਾਜ ਜੀ ਨਾਲ ਬਹੁਤ ਪਿਆਰ ਸੀ। ਇਕ ਦਿਨ ਦੋਨਾਂ ਨੇ ਮਹਾਰਾਜ ਸਰਵਣ ਦਾਸ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਸਾਡੇ ਘਰ ਦੋ ਲੜਕੀਆਂ ਹਨ ਅਤੇ ਦੋ ਲੜਕੀਆਂ ਮਰ ਗਈਆਂ ਹਨ। ਸਾਡੇ ਘਰ ਕੋਈ ਪੁੱਤਰ ਨਹੀਂ ਹੈ। ਆਪ ਕਿਰਪਾ ਕਰੋ।

ਮਹਾਰਾਜ ਜੀ ਨੇ ਫ਼ਰਮਾਇਆ, "ਫਿਕਰ ਨਾ ਕਰੋ, ਭਜਨ ਸਿਮਰਨ ਕਰਿਆ ਕਰੋ, ਪੁੱਤਰ ਜਨਮ ਲਵੇਗਾ"। ਠੀਕ ਇਕ ਕੁ ਸਾਲ ਬਾਅਦ ਬੀਬੀ ਬਖਸ਼ੀਸ਼ ਕੌਰ ਘਰ ਪੁੱਤਰ ਨੇ ਜਨਮ ਲਿਆ। ਜਿਸ ਦਾ ਨਾਮ ਮਹਾਰਾਜ ਜੀ ਨੇ ਸੁਖਦੇਵ ਸਿੰਘ ਰੱਖਿਆ। ਮਹਾਰਾਜ ਜੀ ਦੇ ਵਚਨ ਅਟੱਲ ਹੋਏ।

-ਖੁਦ ਬੀਬੀ ਬਖਸ਼ੀਸ਼ ਕੌਰ ਪਤਨੀ ਸ. ਪਾਖਰ ਸਿੰਘ ਜੀ
ਪਿੰਡ ਨੌਗੱਜਾ ਜਲੰਧਰ 6 ਜੁਲਾਈ 2003

## ਸਾਖੀ ਨੰਬਰ 81
## ਸੰਗਤਾਂ ਦੀ ਇੱਛਾ ਪੂਰਨ ਕਰਨੀ।

ਇਕ ਸਮੇਂ ਸੰਤ ਸਰਵਣ ਦਾਸ ਜੀ ਮਹਾਰਾਜ ਥੜ੍ਹੇ ਤੇ ਬਿਰਾਜਮਾਨ ਸਨ। ਉਨ੍ਹਾਂ ਦੇ ਅੱਗੇ ਦਰੀ ਉਪਰ ਕੁਝ ਸੰਗਤਾਂ ਬੈਠੀਆਂ ਹੋਈਆਂ ਸਨ। ਮਹਾਰਾਜ ਜੀ ਨੇ ਫ਼ਰਮਾਇਆ, "ਮਹਿੰਗਿਆ, ਸੰਗਤਾਂ ਨੂੰ ਲੱਡੂਆਂ ਨਾਲ ਚਾਹ ਪਿਲਾਉਣੀ ਹੈ"। (ਸ਼੍ਰੀ ਮਹਿੰਗਾ ਸਿੰਘ ਤੇਲੀ ਪਿੰਡ ਬੱਲ) ਸ਼੍ਰੀ ਮਹਿੰਗਾ ਰਾਮ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਲੱਡੂਆਂ ਦਾ ਪ੍ਰਸ਼ਾਦ ਨਹੀਂ ਹੈ ਤਾਂ ਮਹਾਰਾਜ ਜੀ ਨੇ ਫ਼ਰਮਾਇਆ, "ਮਹਿੰਗਿਆ ਸਾਈਕਲ ਤੇ ਬੈਠ ਕੇ ਲੈ ਆ"। ਸ਼੍ਰੀ ਮਹਿੰਗਾ ਰਾਮ ਸੱਤ ਬਚਨ ਕਹਿਕੇ ਸਾਈਕਲ ਲੈ ਕੇ ਕਿਸ਼ਨਗੜ੍ਹ ਨੂੰ ਚੱਲ ਪਏ। ਜਦੋਂ ਉਹ ਕਿਸ਼ਨਗੜ੍ਹ ਪਹੁੰਚੇ ਤਾਂ ਉੱਥੇ ਬੀਬੀ ਕਿਸ਼ਨੋ ਬੱਸ ਰਾਹੀਂ ਟਾਂਡੇ ਤੋਂ ਪਹੁੰਚੀ ਹੋਈ ਸੀ। ਉਸ ਪਾਸ ਲੱਡੂਆਂ ਦੇ ਡੱਬੇ ਸਨ। ਜੋ ਉਹ ਮਹਾਰਾਜ ਜੀ ਵਾਸਤੇ ਲੈ ਕੇ ਆ ਰਹੀ ਸੀ। ਸ਼੍ਰੀ ਮਹਿੰਗਾ ਰਾਮ ਜੀ ਨੇ ਉਸ ਨੂੰ ਸਾਰੀ ਵਾਰਤਾ ਦੱਸੀ ਕਿ ਮਹਾਰਾਜ ਜੀ ਨੇ ਮੈਨੂੰ ਤੁਹਾਨੂੰ ਲਿਆਉਣ ਵਾਸਤੇ ਭੇਜਿਆ ਹੈ। ਜਦੋਂ ਮਹਿੰਗਾ ਰਾਮ ਜੀ ਬੀਬੀ ਕਿਸ਼ਨ ਕੌਰ ਜੀ ਨੂੰ ਸਾਈਕਲ ਤੇ ਬੈਠਾ ਕੇ ਡੇਰੇ ਲਿਆਏ ਤਾਂ ਦੋਨੋਂ ਜਣੇ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਬੈਠ ਗਏ ਮਹਾਰਾਜ ਜੀ ਨੇ ਫ਼ਰਮਾਇਆ ਕਿ ਮਹਿੰਗਿਆ ਤੂੰ ਕਹਿੰਦਾ ਸੀ ਕਿ ਲੱਡੂਆਂ ਦਾ ਪ੍ਰਸ਼ਾਦ ਹੈ ਨਹੀਂ ਤਾਂ ਮਹਿੰਗੇ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਤੁਹਾਡੀਆਂ ਤੁਸੀਂ ਜਾਣੋ। ਕੁਝ ਸਮੇਂ ਬਾਅਦ ਸ਼੍ਰੀ ਕਿਰਪਾ ਰਾਮ ਜੀ ਤੇ ਕਰਮੀ ਰਸੂਲਪੁਰ, ਸ. ਗੁਰਦਿਆਲ ਸਿੰਘ ਨੂਰਪੁਰ ਅਤੇ ਸੋਮਨਾਥ ਰਮਦਾਸਪੁਰ ਵਾਲੇ ਲੱਡੂਆਂ ਦੇ ਡੱਬੇ ਲੈ ਕੇ ਮਹਾਰਾਜ ਪਾਸ ਪਹੁੰਚੇ। ਮਹਾਰਾਜ ਜੀ ਦੇ ਹੁਕਮਾਂ

ਅਨੁਸਾਰ ਸਭ ਸੰਗਤਾਂ ਨੂੰ ਲੱਡੂਆਂ ਨਾਲ ਚਾਹ ਪਿਲਾਈ ਗਈ।

(ਖੁਦ ਬੀਬੀ ਕਿਸ਼ਨ ਕੌਰ ਪਤਨੀ ਸ਼੍ਰੀ ਭਾਗਮੱਲ, ਟਾਂਡਾ)

## ਸਾਖੀ ਨੰਬਰ 82

## ਸ਼੍ਰੀ ਗਰੀਬ ਦਾਸ ਤੇ ਕਿਰਪਾ ਕਰਨੀ।

ਸ਼੍ਰੀ ਪ੍ਰੀਤਮ ਦਾਸ ਵੈਦ ਪਿੰਡ ਰੇਰੂ ਵਾਲੇ (ਉਸ ਸਮੇਂ ਪਿੰਡ ਅਲਾਵਲਪੁਰ) ਸੰਤ ਸਰਵਣ ਦਾਸ ਜੀ ਮਹਾਰਾਜ ਦੇ ਚਰਨਾਂ ਵਿਚ ਰਹਿ ਕੇ ਡੇਰੇ ਵਿਖੇ ਦੇਸੀ ਦਵਾਈਆਂ ਦੀ ਸੇਵਾ ਕਰਿਆ ਕਰਦੇ ਸਨ।ਲੱਗਭਗ ਸੰਨ 1965 ਈਸਵੀ ਦੀ ਗੱਲ ਹੈ ਸ਼੍ਰੀ ਪ੍ਰੀਤਮ ਦਾਸ ਵੈਦ ਜੀ ਦਾ ਲੜਕਾ ਗਰੀਬ ਦਾਸ ਜੋ ਕਿ ਸੱਤਵੀ ਕਲਾਸ ਵਿੱਚ ਪੜ੍ਹਦਾ ਸੀ। ਸੰਤ ਸਰਵਣ ਦਾਸ ਮਹਾਰਾਜ ਜੀ ਵਾਸਤੇ ਟਕਾਂਨੂੰਆ ਨੂੰ ਸਾਫ ਕਰਕੇ ਮਾਲਾ ਪਰੋ ਕੇ ਲਿਆਇਆ।ਉਸ ਨੇ ਡੇਰੇ ਵਿਖੇ ਆ ਕੇ ਮਹਾਰਾਜ ਜੀ ਦੇ ਗਲ ਵਿਚ ਪਾ ਕੇ ਨਮਸਕਾਰ ਕੀਤੀ ਤਾਂ ਮਹਾਰਾਜ ਜੀ ਨੇ ਪੁੱਛਿਆ, "ਕਾਕਾ ਇਹ ਕਾਹਦੀ ਮਾਲਾ ਬਣਾਈ ਹੈ"। ਕਾਕੇ ਗਰੀਬ ਦਾਸ ਨੇ ਉੱਤਰ ਦਿੱਤਾ, ਮਹਾਰਾਜ ਜੀ ਟਕਾਨੂੰਆ ਦੀ ਮਾਲਾ ਆਪ ਵਾਸਤੇ ਬਣਾਕੇ ਲਿਆਇਆ ਹਾਂ ਤਾਂ ਸੰਤ ਸਰਵਣ ਦਾਸ ਮਹਾਰਾਜ ਜੀ ਨੇ ਆਸ਼ੀਰਵਾਦ ਦਿੰਦੇ ਹੋਏ ਫ਼ਰਮਾਇਆ ਕਿ ਤੂੰ ਇੰਜੀਨੀਅਰ ਬਣੇਗਾ।ਮਹਾਰਾਜ ਜੀ ਤੇ ਵਚਨ ਅਟੱਲ ਹੋਏ। ਕਾਕੇ ਗਰੀਬ ਦਾਸ ਨੇ ਦੱਸਵੀ ਕਲਾਸ ਪਾਸ ਕਰਨ ਤੋਂ ਬਾਅਦ ਸਰਵੇਅਰ ਇੰਜੀਨੀਅਰ ਦਾ ਡਿਪਲੋਮਾ ਕੀਤਾ। ਡਿਪਲੋਮਾ ਕਰਨ ਤੋਂ ਬਾਅਦ ਉਸ ਨੂੰ SOIL & WATER CONSERVATION ENGINEERING DEPT. ਵਿਚ ਸਰਵੇਅਰ ਵਜੋਂ ਨੌਕਰੀ ਮਿਲੀ। ਸ਼੍ਰੀ ਗਰੀਬ ਦਾਸ ਨੇ ਦੱਸਿਆ ਕਿ ਅੱਜ ਮੈਂ ਮਹਾਰਾਜ ਜੀ ਦੀ ਕਿਰਪਾ ਨਾਲ ਇਸ ਡਿਪਾਰਟਮੈਂਟ ਵਿਚ ਸੇਵਾ ਨਿਭਾ ਰਿਹਾ ਹਾਂ ਅਤੇ ਮੈਨੂੰ ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਹੈ।

– ਖੁਦ ਸ਼੍ਰੀ ਗਰੀਬ ਦਾਸ ਸਪੁੱਤਰ ਸਵਰਗਵਾਸੀ ਸ਼੍ਰੀ ਪ੍ਰੀਤਮ ਦਾਸ ਵੈਦ,
ਪਿੰਡ ਰੇਰੂ, 08-07-2003

## ਸਾਖੀ ਨੰਬਰ 83

## ਸ਼੍ਰੀ ਕਿਰਪਾ ਰਾਮ ਦੀ ਇੱਛਾ ਪੂਰਨ ਕਰਨੀ।

ਸ਼੍ਰੀ ਕਿਰਪਾ ਰਾਮ ਜੀ ਅਤੇ ਬੀਬੀ ਕਰਮੀ ਪਿੰਡ ਰਸੂਲਪੁਰ ਬ੍ਰਾਹਮਣਾਂ ਦੇ ਰਹਿਣ ਵਾਲੇ ਸਨ।ਸ਼੍ਰੀ ਕਿਰਪਾ ਰਾਮ ਜੀ ਦੇ ਮਨ ਵਿਚ ਇਹ ਪੱਕਾ ਨਿਸ਼ਚਾ ਸੀ ਕਿ ਮੈਂ ਗੁਰੂ ਉਸ ਮਹਾਤਮਾ ਨੂੰ ਧਾਰਣ ਕਰਨਾ ਹੈ ਜੋ ਮਹਾਤਮਾ ਮੈਨੂੰ ਸੁਪਨੇ ਵਿਚ ਆ ਕੇ

ਪਹਿਲਾਂ ਦਰਸ਼ਨ ਦੇਣਗੇ। ਇਕ ਸਮੇਂ ਉਹਨਾਂ ਨੂੰ ਰਾਤ ਸਮੇਂ ਸੁਪਨਾ ਆਇਆ। ਸੁਪਨੇ ਵਿਚ ਉਨ੍ਹਾਂ ਨੂੰ ਇਕ ਮਹਾਤਮਾ ਜੀ ਦੇ ਦਰਸ਼ਨ ਹੋਏ। ਪਰ ਉਹ ਉਹਨਾਂ ਦੇ ਨਾਮ ਤੋਂ ਵਾਕਿਫ਼ ਨਹੀਂ ਸਨ। ਇਕ ਵਾਰ ਕਿਰਪਾ ਰਾਮ ਜੀ ਨਹਿਰ ਦੇ ਕਿਨਾਰੇ ਜਲੰਧਰ ਨੂੰ ਜਾ ਰਹੇ ਸਨ ਤੇ ਉਨ੍ਹਾਂ ਨੂੰ ਡੇਰੇ ਦੀ ਕੋਲ ਵਾਲੀ ਨਹਿਰ ਤੇ ਸੰਤ ਸਰਵਣ ਦਾਸ ਜੀ ਮਹਾਰਾਜ ਦੇ ਦਰਸ਼ਨ ਹੋਏ। ਸ਼੍ਰੀ ਕਿਰਪਾ ਰਾਮ ਜੀ ਨੇ ਸੰਤ ਸਰਵਣ ਦਾਸ ਮਹਾਰਾਜ ਜੀ ਨੂੰ ਮੱਥਾ ਟੇਕਿਆ ਤਾਂ ਮਹਾਰਾਜ ਸਰਵਣ ਦਾਸ ਜੀ ਉਸ ਨੂੰ ਕੁਟੀਆ ਵਿਖੇ ਨਾਲ ਲੈ ਕੇ ਆਏ। ਕਿਰਪਾ ਰਾਮ ਜੀ ਬਹੁਤ ਖੁਸ਼ ਸਨ ਕਿ ਅੱਜ ਮੈਨੂੰ ਪੂਰਨ ਮਹਾਤਮਾ ਮਿਲ ਗਏ ਹਨ। ਜਿਨ੍ਹਾਂ ਨੇ ਮੇਰੇ ਮਨ ਦਾ ਸਕੰਲਪ ਪਰਾ ਕੀਤਾ ਹੈ। ਇਸ ਤੋਂ ਬਾਅਦ ਕਿਰਪਾ ਰਾਮ ਜੀ ਅਤੇ ਬੀਬੀ ਕਰਮੀ ਛੇਤੀ-ਛੇਤੀ ਮਹਾਰਾਜ ਜੀ ਦੇ ਦਰਸ਼ਨ ਲਈ ਕੁਟੀਆ ਵਿਖੇ ਆਉਣ ਲੱਗ ਪਏ। ਉਨ੍ਹਾਂ ਦੋਨਾਂ ਨੂੰ ਮਹਾਰਾਜ ਜੀ ਨੇ ਨਾਮਦਾਨ ਦੀ ਬਖ਼ਸ਼ਿਸ਼ ਕੀਤੀ। ਬਹੁਤ ਵਾਰ ਮਹਾਰਾਜ ਸਰਵਣ ਦਾਸ ਜੀ ਰਸੂਲਪੁਰ ਸਵੇਰੇ 4 ਵਜੇ ਸ਼੍ਰੀ ਕਿਰਪਾ ਰਾਮ ਜੀ ਦੇ ਘਰ ਜਾਇਆ ਕਰਦੇ ਸਨ। ਬੀਬੀ ਕਰਮੀ ਜੀ ਦੀ ਮਾਤਾ ਬੀਬੀ ਭਾਨੀ ਜੀ ਡੇਰੇ ਵਿਖੇ ਰਹਿ ਕੇ ਸੇਵਾ ਕਰਿਆ ਕਰਦੇ ਸਨ। ਕਿਰਪਾ ਰਾਮ ਜੀ ਅਤੇ ਬੀਬੀ ਕਰਮੀ ਜੀ ਬਹੁਤ ਸਮਾਂ ਡੇਰੇ ਵਿਖੇ ਬਤੀਤ ਕਰਿਆ ਕਰਦੇ ਸਨ ਅਤੇ ਲੰਗਰ ਵਿੱਚ ਸੇਵਾ ਕਰਿਆ ਕਰਦੇ ਸਨ।

## ਸਾਖੀ ਨੰਬਰ 84

## ਸ਼੍ਰੀ ਕਿਰਪਾ ਰਾਮ ਨੂੰ ਗੰਗਾ ਦੇ ਦਰਸ਼ਨ ਕਰਾਉਣੇ।

ਇਕ ਸਮੇਂ ਸੰਤ ਸਰਵਣ ਦਾਸ ਮਹਾਰਾਜ ਜੀ ਨੇ ਸੰਗਤਾਂ ਸਮੇਤ ਕੁੰਭ ਦੇ ਅਵਸਰ ਤੇ ਹਰਿਦੁਆਰ ਜਾਣ ਦਾ ਪ੍ਰੋਗਰਾਮ ਬਣਾਇਆ। ਜਿਸ ਦਿਨ ਮਹਾਰਾਜ ਜੀ ਸ਼ਰਧਾਲੂਆਂ ਸਮੇਤ ਹਰਿਦੁਆਰ ਨੂੰ ਜਾਣ ਲੱਗੇ ਤਾਂ ਸ਼੍ਰੀ ਕਿਰਪਾ ਰਾਮ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਸਾਨੂੰ ਵੀ ਆਪਣੇ ਨਾਲ ਹਰਿਦੁਆਰ ਲੈ ਚੱਲੋ। ਮੈਂ ਵੀ ਗੰਗਾ ਤੇ ਇਸ਼ਨਾਨ ਕਰ ਲਵਾਂਗਾ। ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ, ਕਿਰਪਾ ਰਾਮ ਇੱਥੇ ਹੀ ਗੰਗਾ ਹੈ ਅਤੇ ਨਾਲ ਹੀ ਮਹਾਰਾਜ ਜੀ ਨੇ ਫ਼ਰਮਾਇਆ ਕਿ ਸਾਡੇ ਆਉਣ ਤੱਕ ਤੁਸੀਂ ਡੇਰੇ ਵਿਖੇ ਹੀ ਰਹਿਣਾ ਹੈ। ਮਹਾਰਾਜ ਜੀ ਸੰਗਤਾਂ ਸਮੇਤ ਹਰਿਦੁਆਰ ਚਲੇ ਗਏ। ਸ਼੍ਰੀ ਕਿਰਪਾ ਰਾਮ ਜੀ ਦੇ ਮਨ ਵਿਚ ਸ਼ੰਕਾਂ ਰਹੀ ਕਿ ਮਹਾਰਾਜ ਜੀ ਬਾਕੀ ਸੰਗਤ ਨਾਲ ਲੈ ਗਏ ਤੇ ਮੈਨੂੰ ਕਹਿੰਦੇ ਹਨ ਕਿ ਇੱਥੇ ਹੀ ਗੰਗਾ ਹੈ। ਰਾਤ ਨੂੰ ਡੇਰੇ ਵਿਖੇ ਸੌਂ ਰਹੇ ਸਨ ਉਨ੍ਹਾਂ ਸੁਪਨੇ ਵਿਚ ਦੇਖਿਆ ਕਿ ਕੁਟੀਆ ਵਿਖੇ ਮਹਾਰਾਜ ਜੀ ਦੇ ਥੜ੍ਹੇ ਅੱਗੇ ਇਕ ਨਲਕਾ ਹੈ ਜਿਥੇ ਇਕ ਬਹੁਤ ਸੁੰਦਰ ਬੀਬੀ ਹੈ ਅਤੇ ਉਸ ਦੇ ਆਲੇ ਦੁਆਲੇ ਰੌਸ਼ਨੀ ਹੈ।

ਕਿਰਪਾ ਰਾਮ ਨੇ ਉਸ ਬੀਬੀ ਨੂੰ ਪੁੱਛਿਆ ਕਿ ਬੀਬੀ ਤੂੰ ਕੌਣ ਹੈ ? ਅਤੇ ਇੱਥੇ ਕਿਸ ਤਰ੍ਹਾਂ ਆਈ ਹੈ ? ਤਾਂ ਉਸ ਬੀਬੀ ਨੇ ਕਿਹਾ ਕਿ ਮੈਂ ਗੰਗਾ ਹਾਂ ਸੰਸਾਰੀ ਲੋਕ ਇਸ਼ਨਾਨ ਕਰਕੇ ਬਹੁਤ ਪਾਪ ਚਾੜ੍ਹ ਦਿੰਦੇ ਹਨ ਇਸ ਲਈ ਸੰਤਾਂ ਦੀ ਸੇਵਾ ਕਰਕੇ ਮੈਂ ਸ਼ੁੱਧ ਹੋਣ ਆਈ ਹਾਂ। ਇਸ ਤੋਂ ਬਾਅਦ ਕਿਰਪਾ ਰਾਮ ਜੀ ਦੀ ਅੱਖ ਖੁੱਲ੍ਹ ਗਈ ਉਸ ਨੇ ਮਨ ਵਿਚ ਹੀ ਵਿਚਾਰਿਆ ਕਿ ਸੰਤ ਸਰਵਣ ਦਾਸ ਜੀ ਸਹੀ ਫ਼ਰਮਾਉਦੇ ਸਨ ਕਿ ਇੱਥੇ ਹੀ ਗੰਗਾ ਹੈ।

ਜਦੋਂ ਕੁਝ ਦਿਨਾਂ ਬਾਅਦ ਮਹਾਰਾਜ ਸਰਵਣ ਦਾਸ ਜੀ ਸੰਗਤਾਂ ਨੂੰ ਹਰਿਦੁਆਰ ਦੀ ਯਾਤਰਾ ਕਰਵਾ ਕੇ ਵਾਪਸ ਡੇਰੇ ਪਹੁੰਚੇ ਤਾ ਬਜ਼ੁਰਗ ਕਿਰਪਾ ਰਾਮ ਜੀ ਨੇ ਮਹਾਰਾਜ ਨੂੰ ਡੰਡ ਵੱਤ ਚਰਨ ਵੰਦਨ ਕੀਤੀ ਤਾਂ ਮਹਾਰਾਜ ਜੀ ਨੇ ਫ਼ਰਮਾਇਆ ਕਿਉਂ ਕਿਰਪਾ ਰਾਮ ਗੰਗਾ ਵੇਖ ਲਈ ? ਤਾਂ ਬਜ਼ੁਰਗ ਕਿਰਪਾ ਰਾਮ ਨੇ ਕਿਹਾ ਕਿ ਮਹਾਰਾਜ ਜੀ ਤੁਸੀ ਧੰਨ ਹੋ। ਇਸ ਤੋਂ ਬਾਅਦ ਸ਼੍ਰੀ ਕਿਰਪਾ ਰਾਮ ਜੀ ਨੇ ਆਪਣੇ ਮਨ ਵਿਚ ਇਹ ਸੰਕਲਪ ਕਰ ਲਿਆ ਸੀ ਕਿ ਜਿਸ ਨਲਕੇ ਤੇ ਗੰਗਾ ਜੀ ਦੇ ਦਰਸ਼ਨ ਹੋਏ ਹਨ ਉਸ ਨਲਕੇ ਤੇ ਮੈਂ ਮੋਟਰ ਲਗਵਾਉਣੀ ਹੈ।

(ਇਹ ਵਾਰਤਾ ਦਾਸ ਨੇ ਖੁਦ ਸ਼੍ਰੀ ਕਿਰਪਾ ਰਾਮ ਜੀ ਅਤੇ ਬੀਬੀ ਕਰਮੀ ਜੀ ਦੇ ਮੁਖ਼ਾਰਬਿੰਦ ਤੋਂ ਸਰਵਣ ਕੀਤੀ ਹੈ)

## ਸਾਖੀ ਨੰਬਰ 85

## ਸ਼੍ਰੀ ਕਿਰਪਾ ਰਾਮ ਦੀ ਰੱਖਿਆ ਕਰਨੀ।

ਸ਼੍ਰੀ ਕਿਰਪਾ ਰਾਮ ਜੀ ਅਤੇ ਬੀਬੀ ਕਰਮੀ ਪਿੰਡ ਰੂਲਪੁਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪਿਆਰ ਸੀ। ਇਕ ਵਾਰ ਦੀ ਗੱਲ ਹੈ ਸ਼੍ਰੀ ਕਿਰਪਾ ਰਾਮ ਜੀ ਆਪਣੇ ਪਿੰਡ ਵਿਖੇ ਆਪਣੀ ਜ਼ਮੀਨ ਵਿੱਚ ਬੱਲਦਾਂ ਨਾਲ ਹੱਲ ਚਲਾ ਰਹੇ ਸਨ। ਉਹਨਾਂ ਦੀ ਲੱਤ ਤੇ ਸੱਪ ਲੜ ਗਿਆ। ਉਹ ਹੱਲ ਵਾਹੁਣਾ ਛੱਡ ਕੇ ਡੇਰੇ ਵੱਲ ਦੌੜੇ ਆ ਰਹੇ ਸਨ। ਜਦੋਂ ਉਹ ਪੁਲ ਕੋਲ ਆਏ ਤਾਂ ਉਨ੍ਹਾਂ ਦੇ ਸਰੀਰ ਨੂੰ ਇੰਨੀ ਤੜਸ ਲੱਗੀ ਕਿ ਉਨ੍ਹਾਂ ਨੇ ਨਹਿਰ ਵਿਚ ਛਾਲ ਮਾਰ ਦਿੱਤੀ। ਇੱਧਰ ਜਾਣੀ ਜਾਣ ਸੰਤ ਸਰਵਣ ਦਾਸ ਜੀ ਮਹਾਰਾਜ ਖੂੰਡਾ ਲੈ ਕੇ ਪੁਲ ਦੇ ਪਾਸ ਪਹੁੰਚੇ ਉਨ੍ਹਾਂ ਫ਼ਰਮਾਇਆ, "ਉਏ, ਕਿਰਪਿਆ ਇੱਥੇ ਕੀ ਕਰਦਾ। ਤੈਂ ਮੈਨੂੰ ਬਹੁਤ ਤੰਗ ਕੀਤਾ ਹੈ। ਚੱਲ ਨਹਿਰ ਚੋਂ ਬਾਹਰ ਨਿਕਲ। ਤਾਂ ਕਿਰਪਾ ਰਾਮ ਨੇ ਨਹਿਰ ਚੋਂ ਬਾਹਰ ਨਿਕਲ ਕੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਉਨ੍ਹਾਂ ਨੇ ਜਿੱਥੇ ਲੱਤ ਤੇ ਸੱਪ ਲੜ ਗਿਆ ਸੀ ਹੱਥ ਲਾ ਕੇ ਦੱਸਿਆ ਕਿ ਮਹਾਰਾਜ ਜੀ ਇੱਥੇ ਸੱਪ ਲੜ ਗਿਆ ਸੀ। ਮਹਾਰਾਜ ਜੀ ਨੇ ਸੱਪ ਲੜਨ ਵਾਲੀ ਜਗ੍ਹਾ ਦੇ ਦੁਆਲੇ ਖੂੰਡਾ ਫੇਰਿਆ ਅਤੇ ਫ਼ਰਮਾਇਆ, "ਚੱਲ, ਕੁਟੀਆ ਜਾ ਕੇ

ਚਾਹ ਪੀ, ਤੈਨੂੰ ਕੁਝ ਨਹੀਂ ਹੋਇਆ" ਤਾਂ ਸ਼੍ਰੀ ਕਿਰਪਾ ਰਾਮ ਜੀ ਸਤਿ ਵਚਨ ਕਹਿ ਕੇ ਡੇਰੇ ਵੱਲ ਤੁਰ ਪਏ ਤੇ ਉਨ੍ਹਾਂ ਦੇ ਸਰੀਰ ਦੀ ਸਾਰੀ ਹੀ ਤੜਸ ਖਤਮ ਹੋ ਗਈ। ਉਨ੍ਹਾਂ ਨੇ ਡੇਰੇ ਆ ਕੇ ਚਾਹ ਪੀਤੀ ਅਤੇ ਕੁਝ ਦੇਰ ਸੇਵਾ ਕਰਕੇ ਮਹਾਰਾਜ ਤੋਂ
ਆਗਿਆ ਲੈ ਕੇ ਵਾਪਸ ਆਪਣੇ ਪਿੰਡ ਪਹੁੰਚ ਕੇ ਹੱਲ ਵਾਹੁਣ ਲਗ ਪਏ।

(09-07-2003 ਹੈੱਡਮਾਸਟਰ ਜੋਗੀ ਸਿੰਘ ਜੀ ਢੇਪੁਰ, ਕਠਾਰ)

## ਸਾਖੀ ਨੰਬਰ 86

## ਬੀਬੀ ਰੱਖੀ ਤੇ ਕਿਰਪਾ ਕਰਨੀ।

ਗਰਮੀਆਂ ਦੇ ਦਿਨ ਸਨ। ਹੈੱਡਮਾਸਟਰ ਜੋਗੀ ਜੀ ਅਤੇ ਉਨਾਂ ਤੇ ਪਿਤਾ ਸ਼੍ਰੀ ਮਿਹਰ ਦਾਸ ਢੇਪੁਰ ਵਾਲਿਆਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਸ਼੍ਰੀ ਮਿਹਰ ਦਾਸ ਜੀ ਦੀ ਸਾਲੇਹਾਰ ਸ਼੍ਰੀਮਤੀ ਰੱਖੀ ਜੀ ਸ਼੍ਰੀ ਠਾਕਰ ਦਾਸ ਜੀ ਨਾਲ ਵਿਆਹੀ ਹੋਈ ਸੀ ਅਤੇ ਉਨ੍ਹਾਂ ਦੇ ਦੋ ਲੜਕੇ ਅਤੇ ਦੋ ਲੜਕੀਆਂ ਸਨ। 1960 ਈਸਵੀ ਦੀ ਗੱਲ ਹੈ ਕਿ ਸ਼੍ਰੀ ਮਿਹਰ ਦਾਸ ਜੀ ਦੀ ਸਾਲੇਹਾਰ ਬੀਬੀ ਰੱਖੀ ਦੀ ਪਿੱਠ ਤੇ ਘੰਬੀਰ ਨਿਕਲਿਆ ਹੋਇਆ ਸੀ। ਉਸ ਨੂੰ ਕਿਤਿਓਂ ਵੀ ਅਰਾਮ ਨਹੀਂ ਸੀ ਆਉਂਦਾ ਅਤੇ ਡਾਕਟਰਾਂ ਤੇ ਹਕੀਮਾਂ ਨੇ ਉਸ ਨੂੰ ਜਵਾਬ ਦੇ ਦਿੱਤਾ ਸੀ। ਇਕ ਦਿਨ ਸ਼੍ਰੀ ਮਿਹਰ ਦਾਸ ਦੀ ਦਾਦੀ ਬੀਬੀ ਗੰਗੀ ਤੇ ਬੀਮਾਰ ਰੱਖੀ ਸੁਪਤਨੀ ਸ਼੍ਰੀ ਠਾਕਰ ਦਾਸ ਸਭ ਇੱਕਠੇ ਹੋ ਕੇ ਸੰਤ ਸਰਵਣ ਦਾਸ ਜੀ ਮਹਾਰਾਜ ਪਾਸ ਆਏ। ਉਸ ਸਮੇਂ ਕਾਕਾ ਜੋਗੀ ਉਨ੍ਹਾਂ ਦੇ ਨਾਲ ਸਨ। ਸਭ ਡੇਰੇ ਵਿਖੇ ਆ ਕੇ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਬੈਠ ਗਏ। ਕਿਸੇ ਨੇ ਕੋਈ ਗੱਲ ਨਹੀਂ ਕੀਤੀ ਕਿਉਂਕਿ ਇਸ ਤੋਂ ਪਹਿਲੇ ਸ਼੍ਰੀ ਮਿਹਰ ਦਾਸ ਨੂੰ ਸੰਤ ਸਰਵਣ ਦਾਸ ਜੀ ਮਹਾਰਾਜ ਨੇ ਕਿਹਾ ਸੀ ਕਿ ਸਾਡੇ ਨਾਲ ਕੋਈ ਘਰੇਲੂ ਗੱਲ ਨਹੀਂ ਕਰਨੀ। ਜਾਣੀ ਜਾਣ ਮਹਾਰਾਜ ਜੀ ਨੇ ਪੁੱਛਿਆ ਮਿਹਰ ਦਾਸ ਇਹ ਬਿਮਾਰ ਬੀਬੀ ਕੌਣ ਹੈ ? ਤਾਂ ਮਿਹਰ ਦਾਸ ਬੇਨਤੀ ਕੀਤੀ ਕਿ ਮਹਾਰਾਜ ਜੀ ਮੇਰੀ ਸਾਲੇਹਾਰ ਰੱਖੀ ਪਿੰਡ ਬਜਵਾੜਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਰਹਿਣ ਵਾਲੇ ਹਨ। ਆਪ ਕਿਰਪਾ ਕਰੋ। ਮਹਾਰਾਜ ਜੀ ਨੇ ਪੁੱਛਿਆ "ਇਸ ਬੀਮਾਰ ਬੀਬੀ ਦੀਆਂ ਲੜਕੀਆਂ ਕਿੰਨੀਆਂ ਹਨ" ? ਮਿਹਰ ਦਾਸ ਜੀ ਨੇ ਜੁਆਬ ਦਿੱਤਾ ਕਿ ਦੋ ਲੜਕੀਆਂ ਹਨ। ਮਹਾਰਾਜ ਜੀ ਨੇ ਫ਼ਰਮਾਇਆ ਇਸ ਦੀ ਵੱਡੀ ਲੜਕੀ ਦਾ ਵਿਆਹ ਕਰ ਦਿਉ। ਜਦੋਂ ਕਿ ਰਿਸ਼ਤਾ ਵੀ ਕੋਈ ਨਹੀਂ ਸੀ ਹੋਇਆ। ਸ਼੍ਰੀ ਮਿਹਰ ਦਾਸ ਜੀ ਨੇ ਬੇਨਤੀ ਕੀਤੀ, ਮਹਾਰਾਜ ਜੀ ਵਿਆਹ ਕਦੋਂ ਕਰੀਏ ? ਤਾਂ ਮਹਾਰਾਜ ਜੀ ਨੇ ਫ਼ਰਮਾਇਆ ਕਿ ਇਹ ਐਤਵਾਰ ਛੱਡ ਕੇ ਅਗਲੇ ਐਤਵਾਰ ਕਰ ਦਿਉ। ਰਾਤ ਨੂੰ ਬਰਾਤ ਆਏ ਅਤੇ ਤੜਕੇ 4 ਵਜੇ ਉਸ ਲੜਕੀ ਦੇ ਫੇਰੇ ਕਰਨੇ। ਸਾਰੇ ਜਣੇ ਮਹਾਰਾਜ

ਜੀ ਨੂੰ ਨਮਸਕਾਰ ਕਰਕੇ ਆਪੋਂ ਆਪਣੀ ਘਰੀਂ ਚਲੇ ਗਏ। ਦੋ ਦਿਨ ਬਾਅਦ ਹੀ ਸ਼੍ਰੀ ਠਾਕਰ ਦਾਸ ਅਤੇ ਬੀਬੀ ਰੱਖੀ ਦੀ ਲੜਕੀ ਦਾ ਰਿਸ਼ਤਾ ਅੰਮ੍ਰਿਤਸਰ ਪੱਕਾ ਹੋ ਗਿਆ। ਇਕ ਐਤਵਾਰ ਛੱਡ ਕੇ ਦੂਸਰੇ ਐਤਵਾਰ ਦਾ ਵਿਆਹ ਰੱਖ ਦਿੱਤਾ ਗਿਆ। ਜਨੇਤ ਸ਼ਨੀਵਾਰ ਰਾਤ ਦੀ ਆਉਣੀ ਤੈਅ ਹੋ ਗਈ। ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਉਨ੍ਹਾਂ ਦੀ ਵੱਡੀ ਲੜਕੀ ਦਰਸ਼ੋ ਦਾ ਵਿਆਹ ਇਕ ਐਤਵਾਰ ਛੱਡ ਕੇ ਅਗਲੇ ਐਤਵਾਰ ਹੋਇਆ। ਬਰਾਤ ਅੰਮ੍ਰਿਤਸਰ ਤੋਂ ਰਾਤ ਨੂੰ ਆਈ ਅਤੇ ਸਵੇਰੇ ਤੜਕੇ 4 ਵਜੇ ਫੇਰੇ ਕਰ ਦਿੱਤੇ ਗਏ। ਉਸ ਤੋਂ ਬਾਅਦ ਬੀਬੀ ਰੱਖੀ ਦੀ ਸਿਹਤ ਵਿਚ ਸੁਧਾਰ ਹੋਣਾ ਸ਼ੁਰੂ ਹੋ ਗਿਆ। ਲੱਗਭਗ ਤਿੰਨ ਮਹੀਨਿਆਂ ਵਿਚ ਸਾਰਾ ਘੰਭੀਰ ਰੋਗ ਹਟ ਗਿਆ। ਉਸ ਤੋਂ ਬਾਅਦ ਬੀਬੀ ਰੱਖੀ ਨੇ ਇਕ ਲੜਕੇ (ਜਿਸ ਦਾ ਨਾਮ ਮਨਸਾ ਰਾਮ ਰੱਖਿਆ ਗਿਆ ਜੋ ਕੇ ਅਜਕੱਲ ਪਟਵਾਰੀ ਦੀ ਨੌਕਰੀ ਕਰ ਰਿਹਾ ਹੈ ਅਤੇ ਇਕ ਲੜਕੀ ਸੀਤਾ ਨੂੰ ਜਨਮ ਦਿੱਤਾ। ਇਸ ਪ੍ਰਕਾਰ ਮਹਾਰਾਜ ਜੀ ਨੇ ਬੀਬੀ ਰੱਖੀ ਦਾ ਕਸ਼ਟ ਨਿਵਾਰਨ ਕੀਤਾ। ਸ਼੍ਰੀ ਠਾਕਰ ਦਾਸ ਅਤੇ ਬੀਬੀ ਰੱਖੀ ਜੀ ਸ਼੍ਰੀ ਹੁਕਮ ਚੰਦ ਜੱਜ ਸਾਹਿਬ ਦੇ ਸਕੇ ਚਾਚਾ ਜੀ ਅਤੇ ਚਾਚੀ ਜੀ ਸਨ।

## ਸਾਖੀ ਨੰਬਰ 87
## ਸ਼੍ਰੀ ਸੁੰਦਰ ਰਾਮ ਦੀ ਸ਼ੰਕਾਂ ਨਵਿਰਤ ਕਰਨੀ।

ਹੈੱਡ ਮਾਸਟਰ ਜੋਗੀ ਰਾਮ ਜੀ ਦੇ ਦਾਦਾ ਜੀ ਸਰਪੰਚ ਸ਼੍ਰੀ ਸੁੰਦਰ ਰਾਮ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਇਕ ਸਮੇਂ ਸ਼੍ਰੀ ਸੁੰਦਰ ਰਾਮ ਜੀ ਮਹਾਰਾਜ ਜੀ ਪਾਸ ਡੇਰੇ ਵਿਖੇ ਆਏ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ ਸ਼੍ਰੀ ਮਿਹਰ ਦਾਸ ਜੀ ਦੇ ਛੋਟੇ ਪੁੱਤਰ ਸ਼੍ਰੀ ਭਾਗ ਰਾਮ ਦੀ ਕੁੜਮਾਈ ਕਰਨੀ ਹੈ। ਮਹਾਰਾਜ ਸਰਵਣ ਦਾਸ ਜੀ ਨੇ ਤਿੰਨ ਵਾਰ ਫ਼ਰਮਾਇਆ ਕਿ ਕੁੜਮਾਈ ਨਾ ਕਰੋ। ਫਿਰ ਦੁਬਾਰਾ ਸ਼੍ਰੀ ਸੁੰਦਰ ਦਾਸ ਜੀ ਨੇ ਕਿਹਾ ਮਹਾਰਾਜ ਜੀ ਜੇਕਰ ਉਥੇ ਕੁੜਮਾਈ ਨਾ ਕੀਤੀ ਤਾਂ ਮੇਰੀ ਭੈਣ ਧਾਮੀਆਂ ਵਾਲੀ ਨੇ ਗੁੱਸੇ ਹੋ ਜਾਣਾ ਹੈ। ਕਿਉਂਕਿ ਇਹ ਰਿਸ਼ਤਾ ਉਸ ਨੇ ਕੀਤਾ ਹੈ ਤਾਂ ਮਹਾਰਾਜ ਜੀ ਨੇ ਫ਼ਰਮਾਇਆ ਕਿ ਭਾਗ ਰਾਮ ਜੀ ਕੁੜਮਾਈ ਕਰ ਲਓ ਪਰ ਅਸੀਂ ਕੁੜਮਾਈ ਤੇ ਨਹੀਂ ਆਉਣਾ। ਸ਼੍ਰੀ ਸੁੰਦਰ ਰਾਮ ਜੀ ਦੇ ਬਹੁਤ ਵਾਰੀ ਕਹਿਣ ਤੇ ਮਹਾਰਾਜ ਜੀ ਨੇ ਫ਼ਰਮਾਇਆ ਕਿ ਅਸੀਂ ਆਵਾਂਗੇ ਜ਼ਰੂਰ ਪਰ ਪ੍ਰਾਹੁਣਿਆਂ ਦੇ ਮੱਥੇ ਨਹੀਂ ਲੱਗਣਾ। ਜਿਸ ਦਿਨ ਕੁੜਮਾਈ ਹੋਈ ਸੀ ਤਾਂ ਮਹਾਰਾਜ ਸਰਵਣ ਦਾਸ ਜੀ ਸ਼੍ਰੀ ਸੁੰਦਰ ਦਾਸ ਜੀ ਦੇ ਘਰ ਜਾ ਕੇ ਵਾਪਸ ਆ ਗਏ। ਉਸ ਦਿਨ ਸ਼੍ਰੀ ਭਾਗ ਰਾਮ ਦੀ ਕੁੜਮਾਈ ਹੋਈ ਤੇ ਤੀਸਰੇ ਦਿਨ ਉਨ੍ਹਾਂ ਦੇ ਘਰ ਸੁਨੇਹਾ ਆ ਗਿਆ ਕਿ ਕੁੜਮਾਈ ਵਾਲੀ ਲੜਕੀ

ਮਰ ਗਈ ਹੈ ਤਾਂ ਉਸ ਤੋਂ ਅਗਲੇ ਦਿਨ ਸ਼੍ਰੀ ਸੁੰਦਰ ਰਾਮ ਤੇ ਉਨ੍ਹਾਂ ਦਾ ਪੋਤਾ ਜੋਗੀ ਰਾਮ ਮਹਾਰਾਜ ਜੀ ਪਾਸ ਡੇਰੇ ਆਏ।ਜਦੋਂ ਉਹ ਮਹਾਰਾਜ ਜੀ ਨੂੰ ਨਮਸਕਾਰ ਕਰਨ ਲੱਗੇ ਤਾਂ ਮਹਾਰਾਜ ਜੀ ਨੇ ਫ਼ਰਮਾਇਆ, "ਸਰਪੰਚਾਂ, ਕਰ ਆਇਆ ਕੁੜਮਾਈਆਂ"। ਤਾਂ ਸ਼੍ਰੀ ਸੁੰਦਰ ਰਾਮ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਜੇਕਰ ਆਪ ਜੀ ਨੂੰ ਪਤਾ ਸੀ ਕਿ ਇਸ ਤਰ੍ਹਾਂ ਹੋਣਾ ਹੈ ਤਾਂ ਪਹਿਲਾਂ ਹੀ ਦੱਸ ਦਿੰਦੇ। ਮਹਾਰਾਜ ਜੀ ਨੇ ਫ਼ਰਮਾਇਆ ਕਿ ਅਸੀਂ ਤੈਨੂੰ ਤਿੰਨ ਵਾਰ ਤਾਂ ਕਿਹਾ ਸੀ ਕਿ ਕੁੜਮਾਈ ਨਾ ਕਰੋ।

## ਸਾਖੀ ਨੰਬਰ 88

## ਸ਼੍ਰੀ ਸਿਮਰਨ ਦਾਸ ਨੂੰ ਪੁੱਤਰਾਂ ਦੀ ਦਾਤ ਬਖ਼ਸ਼ਿਸ਼ ਕਰਨੀ।

ਸ਼੍ਰੀ ਸਿਮਰਨ ਦਾਸ ਜੀ ਪੁੱਤਰ ਸ਼੍ਰੀ ਧੰਨਾ ਰਾਮ ਜੀ ਅਤੇ ਉਨ੍ਹਾਂ ਦੀ ਪਤਨੀ ਬੀਬੀ ਪ੍ਰਕਾਸ਼ ਕੌਰ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਸ਼ਰਧਾਲੂ ਸਨ।ਉਨ੍ਹਾਂ ਦੀਆਂ ਤਿੰਨ ਲੜਕੀਆਂ ਸਨ ਅਤੇ ਦੋ ਲੜਕੇ ਜਨਮ ਲੈ ਕੇ ਮਰ ਗਏ ਸਨ।1969 ਈਸਵੀ ਦੀ ਗੱਲ ਹੈ ਕਿ ਸ਼੍ਰੀ ਸਿਮਰਨ ਦਾਸ ਜੀ ਦੀ ਭੈਣ ਬੀਬੀ ਗੁਰਮੀਤ ਕੌਰ ਸੁਪਤਨੀ ਸ਼੍ਰੀ ਲਸ਼ਕਰ ਰਾਮ ਪਿੰਡ ਰਮਦਾਸਪੁਰ ਵਾਲੇ ਇਕ ਦਿਨ ਸ਼੍ਰੀ ਸਿਮਰਨ ਦਾਸ ਅਤੇ ਬੀਬੀ ਪ੍ਰਕਾਸ਼ ਕੌਰ ਨੂੰ ਨਾਲ ਲੈ ਕੇ ਮਹਾਰਾਜ ਸਰਵਣ ਦਾਸ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੇਰੇ ਭਰਾ ਦੇ ਘਰ ਤਿੰਨ ਲੜਕੀਆਂ ਹਨ ਅਤੇ ਇਨ੍ਹਾਂ ਦੇ ਦੋ ਲੜਕੇ ਜਨਮ ਲੈ ਕੇ ਮਰ ਚੁੱਕੇ ਹਨ। ਇਹਨਾਂ ਦੇ ਘਰ ਕੋਈ ਪੁੱਤਰ ਨਹੀਂ ਹੈ ਆਪ ਕਿਰਪਾ ਕਰੋ। ਮਹਾਰਾਜ ਸਰਵਣ ਦਾਸ ਜੀ ਨੇ ਸ਼੍ਰੀ ਸਿਮਰਨ ਦਾਸ ਜੀ ਨੂੰ ਆਪਣੇ ਕੋਲ ਬੁਲਾਇਆ ਅਤੇ ਉਸ ਨੂੰ ਦੋ ਥਾਪੜੇ ਦਿੱਤੇ ਅਤੇ ਫ਼ਰਮਾਇਆ, "ਕੋਈ ਫਿਕਰ ਨਹੀਂ ਕਰਨਾ, ਤੁਹਾਡੇ ਘਰ ਦੋ ਲੜਕੇ ਜਨਮ ਲੈਣਗੇ"।ਮਹਾਰਾਜ ਜੀ ਦੇ ਵਚਨ ਅਟੱਲ ਹੋਏ।ਉਹਨਾਂ ਦੇ ਘਰ 1970 ਈਸਵੀ ਵਿਚ ਇਕ ਲੜਕੇ ਨੇ ਜਨਮ ਲਿਆ ਜਿਸ ਦਾ ਨਾਮ ਸ਼੍ਰੀ ਜਸਪਾਲ ਰੱਖਿਆ ਗਿਆ।ਉਸ ਤੋਂ ਬਾਅਦ 1977 ਈਸਵੀ ਵਿੱਚ ਦੂਸਰੇ ਲੜਕੇ ਨੇ ਜਨਮ ਲਿਆ ਜਿਸ ਦਾ ਨਾਮ ਸ਼੍ਰੀ ਰਾਜੇਸ਼ ਕੁਮਾਰ ਰੱਖਿਆ ਗਿਆ।ਇਸ ਪ੍ਰਕਾਰ ਮਹਾਰਾਜ ਸਰਵਣ ਦਾਸ ਜੀ ਨੇ ਉਹਨਾਂ ਨੂੰ ਪੁੱਤਰਾਂ ਦੀ ਦਾਤ ਬਖ਼ਸ਼ਿਸ਼ ਕੀਤੀ।

-- ਖੁਦ ਸ਼੍ਰੀ ਸਿਮਰਨ ਦਾਸ ਪੁੱਤਰ ਸ਼੍ਰੀ ਧੰਨਾ ਰਾਮ ਜੀ,
ਪਿੰਡ ਕੰਗਣੀਵਾਲ, 09-07-03

## ਸਾਖੀ ਨੰਬਰ 89

## ਸ਼੍ਰੀ ਗੁਰਬਚਨ ਸਿੰਘ ਵਿਰਦੀ ਨੂੰ ਔਲਾਦ ਦੀ ਬਖ਼ਸ਼ਿਸ਼ ਕਰਨੀ।

ਸ਼੍ਰੀ ਗੁਰਬਚਨ ਸਿੰਘ ਵਿਰਦੀ ਪੁੱਤਰ ਸ਼੍ਰੀ ਭਗਤ ਰਾਮ ਅਤੇ ਬੀਬੀ ਰਮੇਸ਼ ਕੌਰ ਰਾਏਪੁਰ ਰਸੂਲਪੁਰ ਵਾਲੇ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਸ਼ਰਧਾਲੂ ਸਨ।ਉਹਨਾਂ ਦੇ ਘਰ ਤਿੰਨ ਲੜਕੇ ਅਤੇ ਇਕ ਲੜਕੀ ਜਨਮ ਲੈ ਕੇ ਮਰ ਗਏ ਸਨ। 1948 ਈਸਵੀ ਦੀ ਗੱਲ ਹੈ ਕਿ ਸ਼੍ਰੀ ਗੁਰਬਚਨ ਸਿੰਘ ਅਤੇ ਬੀਬੀ ਰਮੇਸ਼ ਕੌਰ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ "ਮਹਾਰਾਜ ਜੀ ਸਾਡੇ ਘਰ ਤਿੰਨ ਲੜਕੇ ਅਤੇ ਇਕ ਲੜਕੀ ਜਨਮ ਲੈ ਕੇ ਮਰ ਚੁੱਕੇ ਹਨ।ਆਪ ਕਿਰਪਾ ਕਰੋ"।ਮਹਾਰਾਜ ਜੀ ਨੇ ਫ਼ਰਮਾਇਆ," ਫਿਕਰ ਨਾ ਕਰੋ, ਲੜਕੀ ਦਾ ਜਨਮ ਹੋਵੇਗਾ"।ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਇੱਕ ਸਾਲ ਬਾਅਦ ਉਹਨਾਂ ਦੇ ਘਰ ਲੜਕੀ ਨੇ ਜਨਮ ਲਿਆ। ਜਿਸ ਦਾ ਨਾਮ ਮਹਾਰਾਜ ਜੀ ਨੇ ਮਿਹਰ ਕੌਰ ਰੱਖਿਆ। ਇਸ ਤੋਂ ਕੁਝ ਸਾਲਾਂ ਬਾਅਦ ਉਹਨਾਂ ਦੇ ਘਰ ਇਕ ਹੋਰ ਲੜਕੀ ਨੇ ਜਨਮ ਲਿਆ। ਜਿਸ ਦਾ ਨਾਮ ਮਹਾਰਾਜ ਜੀ ਨੇ ਕਿਹਰ ਕੌਰ ਰੱਖਿਆ (ਕੇਹਰੋ)।

ਇਸ ਤੋਂ ਕੁਝ ਸਾਲਾਂ ਬਾਅਦ ਸ਼੍ਰੀ ਗੁਰਬਚਨ ਸਿੰਘ ਨੇ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਆਪ ਜੀ ਦੀ ਕਿਰਪਾ ਨਾਲ ਮੇਰੇ ਘਰ ਦੋ ਲੜਕੀਆਂ ਹਨ।ਮੈਂ ਬਹੁਤ ਖੁਸ਼ ਹਾਂ, ਆਪ ਦੀ ਮਰਜ਼ੀ ਹੈ ਜੇਕਰ ਆਪ ਨੇ ਮੇਰੇ ਤੇ ਕਿਰਪਾ ਕਰਨੀ ਹੈ ਤਾਂ ਮੈਨੂੰ ਲੜਕੇ ਦੀ ਦਾਤ ਬਖ਼ਸ਼ਿਸ਼ ਕਰੋ।ਮਹਾਰਾਜ ਜੀ ਨੇ ਫ਼ਰਮਾਇਆ "ਇਸ ਵਾਰ ਲੜਕਾ ਜਨਮ ਲਵੇਗਾ"।ਮਹਾਰਾਜ ਜੀ ਦੇ ਵਚਨਾਂ ਅਨੁਸਾਰ ਉਹਨਾਂ ਦੇ ਗ੍ਰਹਿ ਵਿਖੇ ਇਕ ਲੜਕੇ ਨੇ ਜਨਮ ਲਿਆ। ਜਿਸ ਦਾ ਨਾਮ ਮਹਾਰਾਜ ਜੀ ਨੇ ਸ਼੍ਰੀ ਬਲਦੇਵ ਸਿੰਘ ਰੱਖਿਆ।ਬੀਬੀ ਰਮੇਸ਼ ਕੌਰ ਨੂੰ ਔਲਾਦ ਦੀ ਬਖ਼ਸ਼ਿਸ਼ ਕੀਤੀ।

–ਖੁਦ ਬੀਬੀ ਮਿਹਰ ਕੌਰ ਪਤਨੀ ਸ਼੍ਰੀ ਜਗਜੀਤ ਸਿੰਘ ਸੱਤੋਵਾਲੀ,
ਸ਼੍ਰੀ ਗੁਰਬਚਨ ਸਿੰਘ ਵਿਰਦੀ ਦੀ ਲੜਕੀ)

## ਸਾਖੀ ਨੰਬਰ 90

## ਸ਼੍ਰੀ ਸੋਹਣ ਸਿੰਘ ਨੂੰ ਔਲਾਦ ਦੀ ਬਖ਼ਸ਼ਿਸ਼ ਕਰਨੀ।

ਸ਼੍ਰੀ ਸੋਹਣ ਲਾਲ ਪੁੱਤਰ ਸ਼੍ਰੀ ਬਰਿਜ ਲਾਲ, ਬੀਬੀ ਬਚਨੀ ਪਿੰਡ ਰਾਏਪੁਰ ਸੰਤ ਸਰਵਣ ਦਾਸ ਜੀ ਮਹਾਰਾਜ ਦੇ ਸ਼ਰਧਾਲੂ ਸਨ।ਉਹਨਾਂ ਦੇ ਘਰ 5 ਲੜਕੀਆਂ ਸਨ।ਸ਼੍ਰੀ ਸੋਹਣ ਲਾਲ ਜੀ ਸਾਲ ਬਾਅਦ ਆਪਣੇ ਘਰ ਵਿਖੇ ਸਤਿਸੰਗ ਕਰਵਾਂਦੇ ਸਨ ਅਤੇ ਮਹਾਰਾਜ ਜੀ ਜਾਂਦੇ ਸਨ।

1945 ਈਸਵੀ ਦੀ ਗੱਲ ਹੈ। ਇਕ ਦਿਨ ਸਵੇਰੇ ਸ਼੍ਰੀ ਸੋਹਣ ਲਾਲ ਜੀ ਮਹਾਰਾਜ ਜੀ ਪਾਸ ਆਏ। ਉਸ ਸਮੇਂ ਮਹਾਰਾਜ ਜੀ ਗੇਟ ਵਿਚ ਖੜ੍ਹੇ ਸਨ। ਸ਼੍ਰੀ ਸੋਹਣ ਲਾਲ ਜੀ ਨੇ ਨਮਸਕਾਰ ਕੀਤੀ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੇਰੀਆਂ 5 ਲੜਕੀਆਂ ਹਨ। ਆਪ ਕਿਰਪਾ ਕਰਕੇ ਪੁੱਤਰ ਦੀ ਦਾਤ ਬਖ਼ਸ਼ਿਸ਼ ਕਰੋ ਜੀ।

ਮਹਾਰਾਜ ਜੀ ਨੇ ਫ਼ਰਮਾਇਆ," ਦੋ ਲੜਕੇ ਹੋਣਗੇ, ਭਜਨ ਸਿਮਰਨ ਕਰਿਆ ਕਰੋ"। ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਪਹਿਲਾਂ ਲੜਕਾ ਪੈਦਾ ਹੋਇਆ ਉਸ ਦਾ ਨਾਮ ਮਹਾਰਾਜ ਜੀ ਨੇ ਓਮ ਪ੍ਰਕਾਸ਼ ਰੱਖਿਆ। ਕੁਝ ਸਾਲਾਂ ਬਾਅਦ ਦੂਸਰੇ ਲੜਕੇ ਨੇ ਜਨਮ ਲਿਆ, ਜਿਸ ਦਾ ਨਾਮ ਸਾਲਗਰਾਮ ਰੱਖਿਆ। ਇਸ ਪ੍ਰਕਾਰ ਸੰਤ ਸਰਵਣ ਦਾਸ ਜੀ ਨੇ ਸ਼੍ਰੀ ਸੋਹਣ ਲਾਲ ਨੂੰ 2 ਪੁੱਤਰਾਂ ਦੀ ਬਖ਼ਸ਼ਿਸ਼ ਕੀਤੀ।

-10-07-03 ਖੁਦ ਸ਼੍ਰੀ ਸੋਹਣ ਲਾਲ ਪੁੱਤਰ ਸ਼੍ਰੀ ਬਰਿਜ ਲਾਲ
ਰਾਏਪੁਰ, ਜਲੰਧਰ

## ਸਾਖੀ ਨੰਬਰ 91

## ਬਾਬੂ ਮਿਹਰ ਚੰਦ ਦੀ ਇੱਛਾ ਪੂਰਨ ਕਰਨੀ।

ਬਾਬੂ ਮਿਹਰ ਚੰਦ ਪੁੱਤਰ ਸ਼੍ਰੀ ਕਰਨਾ ਰਾਮ ਬੀਬੀ ਭਾਗਵੰਤੀ ਪ੍ਰੀਤ ਨਗਰ ਜਲੰਧਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪ੍ਰੇਮ ਸੀ। ਬਾਬੂ ਮਿਹਰ ਚੰਦ ਜੀ ਹਰ ਐਤਵਾਰ ਮਹਾਰਾਜ ਜੀ ਦੇ ਦਰਬਾਰ ਵਿਚ ਸੰਗਤਾਂ ਦੇ ਜੋੜੇ ਜਮਾਂ ਕਰਨ ਦੀ ਸੇਵਾ ਕਰਿਆ ਕਰਦੇ ਸਨ।ਉਹਨਾਂ ਦੇ 6 ਪੁੱਤਰ ਤੇ 3 ਲੜਕੀਆਂ ਸਨ।

ਇਕ ਸਮੇਂ ਬਾਬੂ ਮਿਹਰ ਚੰਦ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਮਹਾਰਾਜ ਜੀ ਤਿੰਨੋਂ ਲੜਕੀਆਂ ਜਵਾਨ ਹਨ, ਇਹਨਾਂ ਦੇ ਕਿਤੇ ਰਿਸ਼ਤੇ ਨਹੀਂ ਹੋ ਰਹੇ।ਆਪ ਕਿਰਪਾ ਕਰੋ ਜੀ। ਮਹਾਰਾਜ ਜੀ ਨੇ ਫ਼ਰਮਾਇਆ,"ਭਜਨ ਸਿਮਰਨ ਕਰਿਆ ਕਰੋ, ਤਿੰਨਾਂ ਲੜਕੀਆਂ ਦੇ ਵਿਆਹ ਸਰਕਾਰੀ ਨੌਕਰੀਆਂ ਕਰਦੇ ਹੋਏ ਲੜਕਿਆਂ ਨਾਲ ਹੋਣਗੇ। ਅਜਿਹੇ ਵਚਨ ਕਰਦਿਆਂ ਮਹਾਰਾਜ ਜੀ ਨੇ ਸੂਰਾਂ ਨੁੱਸੀ, ਜੰਡੂ ਸਿੰਘਾ ਅਤੇ ਰਮਦਾਸਪੁਰ ਪਿੰਡਾਂ ਵੱਲ ਇਸ਼ਾਰਾ ਕੀਤਾ। ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਤਿੰਨਾਂ ਲੜਕੀਆਂ ਦੀ ਸ਼ਾਦੀ ਉਪਰੋਕਤ ਤਿੰਨਾਂ ਪਿੰਡਾਂ ਵਿਚ ਹੋਈ ਅਤੇ ਤਿੰਨੋਂ ਲੜਕੇ ਨੌਕਰੀਆਂ ਕਰਦੇ ਸਨ। ਅੱਜ ਵੀ ਉਹ ਤਿੰਨੋਂ ਲੜਕੇ ਨੌਕਰੀਆਂ ਕਰਦੇ ਹਨ।(ਤਿੰਨ ਲੜਕੀਆਂ ਸ਼ਕੁੰਤਲਾ, ਕੁਸ਼ੱਲਿਆ ਅਤੇ ਬੀਬੀ ਨਿਰਮਲਾ)

-- ਬੀਬੀ ਕੁਸ਼ੱਲਿਆ ਪਤਨੀ ਸ਼੍ਰੀ ਜੋਗਿੰਦਰ ਪਾਲ
ਰਾਮਦਾਸਪੁਰ, 11-07-03

## ਸਾਖੀ ਨੰਬਰ 92

## ਸ਼੍ਰੀ ਕਰਮ ਚੰਦ ਤੇ ਕਿਰਪਾ ਕਰਨੀ।

ਸ਼੍ਰੀ ਮਾਘੀ ਰਾਮ ਜੀ ਬਿਆਸ ਪਿੰਡ ਦੇ ਰਹਿਣ ਵਾਲੇ ਸਨ। ਉਹਨਾਂ ਬਾਬਾ ਪਿੱਪਲ ਦਾਸ ਜੀ ਮਹਾਰਾਜ ਪਾਸੋਂ ਨਾਮਦਾਨ ਪ੍ਰਾਪਤ ਕੀਤਾ ਸੀ। ਉਹਨਾਂ ਦੇ ਦੋ ਸਪੁੱਤਰ ਸਨ। ਸ਼੍ਰੀ ਅਜੀਤ ਰਾਮ ਤੇ ਸ਼੍ਰੀ ਕਰਮ ਚੰਦ। ਦੋਨੋਂ ਨਿਰੋਟ ਮਹਿਰਾ ਪਠਾਨਕੋਟ ਵਿਖੇ ਚਮੜੇ ਦਾ ਕਾਰੋਬਾਰ ਕਰਦੇ ਸਨ। ਸ਼੍ਰੀ ਕਰਮ ਚੰਦ ਜੀ ਪਠਾਨਕੋਟ ਵਿਖੇ ਰਹਿੰਦੇ ਸਨ।

ਇਕ ਵਾਰ ਦੀ ਗੱਲ ਹੈ ਕਿ ਸ਼੍ਰੀ ਕਰਮ ਚੰਦ ਹੁਣਾ ਨੂੰ ਪਹਾੜੀਆਂ ਨੇ ਕਤਲ ਦੇ ਝੂਠੇ ਕੇਸ ਵਿਚ ਫਸਾ ਦਿਤਾ। ਪੁਲਿਸ ਨੇ ਉਹਨਾਂ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਅਤੇ ਮੁਕੱਦਮਾ ਚੱਲਣ ਲੱਗਾ।

ਸ਼੍ਰੀ ਅਜੀਤ ਰਾਮ ਨੇ ਸੰਤ ਸਰਵਣ ਦਾਸ ਮਹਾਰਾਜ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ ਮੇਰੇ ਭਰਾ ਕਰਮ ਚੰਦ ਨੂੰ ਝੂਠੇ ਕੇਸ ਵਿਚ ਫਸਾ ਦੱਤਾ ਹੈ। ਆਪ ਜੀ ਕਿਰਪਾ ਕਰੋ।

ਮਹਾਰਾਜ ਜੀ ਨੇ ਵਚਨ ਕੀਤਾ ਕਿ ਕਰਮ ਚੰਦ ਕੇਸ ਤੋਂ ਬਰੀ ਹੋ ਜਾਵੇਗਾ ਅਤੇ ਪਿੰਡ ਦਾ ਸਰਪੰਚ ਵੀ ਬਣੇਗਾ। ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਸ਼੍ਰੀ ਕਰਮ ਚੰਦ ਜੀ ਕਤਲ ਦੇ ਕੇਸ ਚੋਂ ਬਰੀ ਹੋ ਗਏ ਅਤੇ ਨਿਰੋੜ ਮਹਿਰਾ ਪਿੰਡ ਦੇ ਸਰਪੰਚ ਬਣੇ।

-- ਖੁਦ ਸ਼੍ਰੀ ਰੂਪ ਲਾਲ ਪੁੱਤਰ ਸ਼੍ਰੀ ਅਜੀਤ ਰਾਮ

ਬਿਆਸ ਪਿੰਡ 11-07-03)

## ਸਾਖੀ ਨੰਬਰ 93

## ਸ਼੍ਰੀ ਸਾਧੂ ਰਾਮ ਦੀ ਇੱਛਾ ਪੂਰਨ ਕਰਨੀ।

ਸ਼੍ਰੀ ਸਾਧੂ ਰਾਮ ਲੰਬੜਦਾਰ ਪੁੱਤਰ ਸ਼੍ਰੀ ਇੰਦਰ ਦਾਸ ਤੇ ਬੀਬੀ ਅਮਰੋ ਪਿੰਡ ਲੱਧੇਵਾਲੀ ਜਲੰਧਰ ਵਾਲੇ ਸੰਤ ਸਰਵਣ ਦਾਸ ਜੀ ਮਹਾਰਾਜ ਦੇ ਸ਼ਰਧਾਲੂ ਸਨ।

ਇਕ ਵਾਰ ਦੀ ਗੱਲ ਹੈ ਕਿ ਗਰਮੀਆਂ ਦੇ ਦਿਨ ਸਨ। ਸ਼੍ਰੀ ਸਾਧੂ ਰਾਮ ਜੀ ਮਹਾਰਾਜ ਨੂੰ ਪੱਖੇ ਨਾਲ ਝੱਲ ਮਾਰ ਰਹੇ ਸਨ। ਉਹਨਾਂ ਨੂੰ ਝੱਲ ਮਾਰਦਿਆਂ ਖਿਆਲ ਆਇਆ ਕਿ ਹੋਰ ਕੋਈ ਆਦਮੀ ਮੇਰੀ ਜਗ੍ਹਾ ਆ ਕੇ ਮਹਾਰਾਜ ਜੀ ਨੂੰ ਝੱਲ ਮਾਰੇ। ਉਸ ਹੀ ਸਮੇਂ ਜਾਣੀ ਜਾਣ ਮਹਾਰਾਜ ਜੀ ਨੇ ਫ਼ਰਮਾਇਆ, "ਸਾਧੂ ਰਾਮ, ਬਸ ਕਰ ਹੁਣ ਸਾਨੂੰ ਝੱਲ ਨਾ ਮਾਰ"। ਸਾਧੂ ਰਾਮ ਜੀ ਮਨ ਹੀ ਮਨ ਵਿਚ ਬਹੁਤ ਸ਼ਰਮਿੰਦੇ ਹੋਏ ਅਤੇ ਸਤਿ ਵਚਨ ਕਹਿ ਕੇ ਬੈਠ ਗਏ।

(ਸ਼੍ਰੀ ਸਾਧੂ ਰਾਮ ਲੰਬੜਦਾਰ ਪੁੱਤਰ ਸ਼੍ਰੀ ਇੰਦਰ ਦਾਸ

ਪਿੰਡ ਲੱਧੇਵਾਲੀ ਜਲੰਧਰ 12-07-03)

## ਸਾਖੀ ਨੰਬਰ 94

## ਸ਼੍ਰੀ ਤਰਸੇਮ ਲਾਲ ਨੂੰ ਨੌਕਰੀ ਦੀ ਬਖ਼ਸ਼ਿਸ਼ ਕਰਨੀ।

ਸ਼੍ਰੀ ਹਰੀ ਰਾਮ ਤੇ ਬੀਬੀ ਜਵਾਲੀ ਜੋ ਕਿ ਪਹਿਲਾਂ ਪਿੰਡ ਬੱਲ ਵਿਖੇ ਰਹਿੰਦੇ ਸਨ। ਬਾਅਦ ਵਿਚ ਮਕਸੂਦਾਂ ਵਿਖੇ ਰਹਿਣ ਲੱਗੇ ਸਨ। ਬਾਬਾ ਪਿੱਪਲ ਦਾਸ ਜੀ ਦੇ ਸਮੇਂ ਤੋਂ ਡੇਰੇ ਵਿਖੇ ਆਉਂਦੇ ਸਨ। ਬਾਬਾ ਜੀ ਦੇ ਬ੍ਰਹਮਲੀਨ ਹੋਣ ਤੋਂ ਬਾਅਦ ਅਕਸਰ ਸੰਤ ਸਰਵਣ ਦਾਸ ਜੀ ਮਹਾਰਾਜ ਪਾਸ ਆਇਆ ਕਰਦੇ ਸਨ। ਇਕ ਸਮੇਂ ਸ਼੍ਰੀ ਤਰਸੇਮ ਲਾਲ ਜੀ ਆਪਣੇ ਪਿਤਾ ਸ਼੍ਰੀ ਹਰੀ ਰਾਮ ਜੀ ਨੂੰ ਸਾਈਕਲ ਪਿੱਛੇ ਬਿਠਾ ਕੇ ਡੇਰੇ ਵਿਖੇ ਆਏ। ਇਹ ਗੱਲ ਲਗਭਗ 1955 ਈਸਵੀ ਦੀ ਹੈ। ਸੰਤ ਸਰਵਣ ਦਾਸ ਜੀ ਉਹਨਾਂ ਨੂੰ ਨਹਿਰ ਦੀ ਪੁਲੀ ਤੇ ਮਿਲੇ। ਜਦੋਂ ਉਹਨਾਂ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤਾਂ ਮਹਾਰਾਜ ਜੀ ਨੇ ਫ਼ਰਮਾਇਆ ਕਿ ਕੁਟੀਆ ਚਲੋ, ਅਸੀਂ ਆਉਂਦੇ ਹਾਂ।

ਜਦੋਂ ਮਹਾਰਾਜ ਜੀ ਡੇਰੇ ਵਿਖੇ ਆ ਕੇ ਥੜ੍ਹੇ ਉੱਪਰ ਬਿਰਾਜਮਾਨ ਹੋਏ। ਉਹਨਾਂ ਦੇ ਪਾਸ ਸ਼੍ਰੀ ਹਰੀ ਰਾਮ, ਉਹਨਾਂ ਦਾ ਸਪੁੱਤਰ ਸ਼੍ਰੀ ਤਰਸੇਮ ਲਾਲ ਤੇ ਕੁਝ ਹੋਰ ਸੰਗਤਾਂ ਬੈਠੀਆਂ ਸਨ।

ਮਹਾਰਾਜ ਜੀ ਨੇ ਫ਼ਰਮਾਇਆ " ਹਰੀ ਰਾਮਾਂ ਤੇਰੇ ਇਸ ਪੁੱਤਰ ਨੇ ਠਾਣੇਦਾਰ ਬਣਨਾ ਹੈ"। ਸ਼੍ਰੀ ਹਰੀ ਰਾਮ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਆਪ ਜੀ ਦੀ ਇੱਛਾ ਹੈ ਜੋ ਮਰਜ਼ੀ ਬਣਾ ਦਿਉ ਜੀ।

ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਸ਼੍ਰੀ ਤਰਸੇਮ ਲਾਲ ਜੀ 1963 ਈਸਵੀ ਵਿਚ ਪੁਲਿਸ ਵਿਚ ਭਰਤੀ ਹੋਏ ਅਤੇ 1996 ਈਸਵੀ ਵਿਚ ਠਾਣੇਦਾਰ ਰਿਟਾਇਰਡ ਹੋਏ।

-- ਖੁਦ ਸ਼੍ਰੀ ਤਰਸੇਮ ਲਾਲ ਪੁੱਤਰ ਸ਼੍ਰੀ ਹਰੀ ਰਾਮ

ਮਕਸੂਦਾਂ, 13-07-03

## ਸਾਖੀ ਨੰਬਰ 95

## ਸਤਿਗੁਰ ਆਪਣੇ ਸੇਵਕਾਂ ਦੀ ਆਪ ਰੱਖਿਆਂ ਕਰਦੇ ਹਨ

ਇਹ ਸਾਖੀ ਉਸ ਸਮੇਂ ਦੀ ਹੈ ਕਿ ਜਦੋਂ 1971 ਦੀ ਭਾਰਤ-ਪਾਕਿ ਜੰਗ ਸਮੇਂ ਸਾਰਾ ਦੇਸ਼ ਸਹਿਮਿਆਂ ਹੋਇਆ ਸੀ ਹੱਦਾਂ ਉੱਤੇ ਲੜਾਈ ਲੜ ਰਹੇ ਬਹੁਤ ਸਾਰੇ ਸੈਨਿਕਾਂ ਦੇ ਸੰਪਰਕ ਆਪਣੇ ਪ੍ਰੀਵਾਰਕ ਮੈਂਬਰਾਂ ਨਾਲ ਵੀ ਨਹੀਂ ਸਨ ਹੋ ਰਹੇ। ਜਿਸ ਕਾਰਣ ਉਨ੍ਹਾਂ ਦੇ ਪ੍ਰੀਵਾਰਕ ਰਿਸ਼ਤੇਦਾਰ ਅਤੇ ਸਕੇ ਸੰਬੰਧੀ ਵੀ ਚਿੰਤੁਤ ਸਨ। ਟੈਲੀਵੀਯਨ ਮੋਬਾਇਲ ਸਾਡੇ ਸਮਾਜ ਵਿਚ ਇਤਨੇ ਨਹੀਂ ਸਨ ਲੋਕ ਜਿਆਦਾਤਰ ਰੇਡੀਓ ਤੋਂ ਹੀ ਜੰਗ ਸੰਬੰਧੀ ਸੰਖੇਪ ਖ਼ਬਰਾਂ ਸੁਣਿਆਂ ਕਰਦੇ ਸਨ। ਸ਼੍ਰੀ ਰਾਮ ਲਾਲ ਸਪੁੱਤਰ ਸ਼੍ਰੀ ਭਗਤ ਰਾਮ ਵਾਸੀ

ਬਰਨਾਲਾ ਜੋ ਕਿ ਭਾਰਤੀ ਸੈਨਾ ਵਿਚ ਸਨ ਅਤੇ ਇਸ ਲੜਾਈ ਦੌਰਾਨ ਸਰਹੱਦ ਤੇ ਦੇਸ਼ ਦੀ ਰਖਵਾਲੀ ਲਈ ਤਾਇਨਾਤ ਸਨ। ਉਹਨਾਂ ਸੰਬੰਧੀ ਵੀ ਘਰ ਵਾਲਿਆਂ ਨੂੰ ਕੋਈ ਉੱਘ-ਸੁੱਘ ਨਹੀਂ ਸੀ ਮਿਲ ਰਹੀ। ਪ੍ਰੀਵਾਰ ਪੂਰੀ ਤਰ੍ਹਾਂ ਪ੍ਰੇਸ਼ਾਨ ਸੀ ਅਤੇ ਸੰਤ ਸੇਵੀ ਪ੍ਰੀਵਾਰ ਹੋਣ ਕਾਰਣ ਉਹਨਾਂ ਆਪਣੇ ਸਤਿਗੁਰ ਸੁਆਮੀ ਸਰਵਣ ਦਾਸ ਜੀ ਦੇ ਚਰਨਾਂ ਵਿਚ ਅਰਜੋਈ ਕੀਤੀ ਕਿ ਮਹਾਰਾਜ ਜੀ ਰਾਮ ਲਾਲ ਦਾ ਕੋਈ ਫ਼ੋਨ ਖ਼ਬਰ ਨਹੀਂ ਆਈ। ਮਹਾਰਾਜ ਜੀ ਨੇ ਪ੍ਰੀਵਾਰ ਨੂੰ ਭਰੋਸਾ ਦਿੱਤਾ,ਆਪ ਜਾਓ ਉਸਦਾ ਕੋਈ ਵਾਲ ਬਿੰਗਾਂ ਨਹੀਂ ਕਰ ਸਕਦਾ। ਪੂਰਨ ਬ੍ਰਹਮਗਿਆਨੀ,ਸਭ ਦੇ ਦਿਲਾਂ ਦੀਆਂ ਜਾਨਣ ਵਾਲੇ ਸਤਿਗੁਰ ਸਰਵਣ ਦਾਸ ਜੀ ਨੇ ਰਾਮ ਲਾਲ ਜੀ ਨੂੰ ਸਰਹੱਦ ਉੱਤੇ ਮੋਰਚੇ ਵਿਚ ਜਾ ਕੇ ਪ੍ਰਤੱਖ ਦਰਸ਼ਨ ਦਿੱਤੇ ਅਤੇ ਬਚਨ ਕੀਤੇ ਕਿ ਆਪ ਚਿੰਤਾ ਨਹੀਂ ਕਰਨੀ ਆਪ ਦੇਸ਼ ਦੀ ਰੱਖਿਆ ਲਈ ਡਟੇ ਰਹੋ ਦੁਸ਼ਮਣ ਤੁਹਾਡਾ ਕੁਝ ਨਹੀਂ ਵਿਗਾੜ ਸਕਦਾ। ਥੋੜੇ ਸਮੇਂ ਬਾਦ ਹੀ ਜੰਗਬੰਦੀ ਦਾ ਐਲਾਨ ਹੋ ਗਿਆ ਅਤੇ ਰਾਮ ਲਾਲ ਵੀ ਛੁੱਟੀ ਲੈ ਕੇ ਵਾਪਿਸ ਘਰ ਬਰਨਾਲੇ ਪਰਤ ਆਇਆ। ਉਸਨੇ ਆਪਣੀ ਇਹ ਹੱਡਬੀਤੀ ਆਪਣੇ ਲੜਕੇ ਕੁਲਵਿੰਦਰ ਸਿੰਘ ਅਤੇ ਪ੍ਰੀਵਾਰਕ ਮੈਂਬਰਾਂ ਨੂੰ ਸੁਣਾਈ। ਸਾਰਾ ਪ੍ਰੀਵਾਰ ਧੰਨ ਗੁਰਦੇਵ ਉਚਾਰਨ ਲੱਗਾ ਅਤੇ ਸੁਕਰਾਨੇ ਦੀ ਅਰਦਾਸ ਕਰਨ ਲਈ ਅਗਲੀ ਸਵੇਰ ਡੇਰਾ ਸੱਚਖੰਡ ਬੱਲਾਂ ਵਿਖੇ ਪਹੁੰਚਾ। ਇਸ ਪ੍ਰਕਾਰ ਸਤਿਗੁਰ ਆਪਣੇ ਸੇਵਕਾਂ ਦੀ ਆਪ ਰੱਖਿਆ ਕਰਦੇ ਹਨ ਲੋੜ ਸਿਰਫ ਵਿਸ਼ਵਾਸ਼ ਦੀ ਹੁੰਦੀ ਹੈ।

## ਸਾਖੀ ਨੰਬਰ 96

## ਸ਼੍ਰੀ ਖੁਸ਼ੀ ਰਾਮ ਤੇ ਬੀਬੀ ਬਚਨੀ ਤੇ ਬਖ਼ਸ਼ਿਸ਼ ਕਰਨੀ।

**ਸ਼੍ਰੀ ਖੁਸ਼ੀ ਰਾਮ ਪੁੱਤਰ ਸ਼੍ਰੀ ਮੀਹਾ ਰਾਮ ਤੇ ਬੀਬੀ ਬਚਨੀ ਸਰਮਸਤਪੁਰ ਦੇ ਰਹਿਣ ਵਾਲੇ ਹਨ। ਉਹਨਾਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪ੍ਰੇਮ ਸੀ। ਹਰ ਐਤਵਾਰ ਮਹਾਰਾਜ ਜੀ ਦੇ ਚਰਨਾਂ ਵਿਚ ਸੇਵਾ ਕਰਨ ਆਇਆ ਕਰਦੇ ਸਨ। 1945 ਈਸਵੀ ਦੀ ਗੱਲ ਹੈ ਕਿ ਉਹਨਾਂ ਦੇ ਘਰ ਇਕ ਪੁੱਤਰ ਜਨਮ ਲੈ ਕੇ ਮਰ ਗਿਆ।**

**ਸ਼੍ਰੀ ਖੁਸ਼ੀ ਰਾਮ ਤੇ ਬੀਬੀ ਬਚਨੀ ਨੇ ਮਹਾਰਾਜ ਜੀ ਦੇ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਸਾਡੇ ਘਰ ਪੁੱਤਰ ਜਨਮ ਲੈ ਕੇ ਮਰ ਗਿਆ ਹੈ।ਮਹਾਰਾਜ ਜੀ ਨੇ ਫ਼ਰਮਾਇਆ,"ਭਜਨ ਸਿਮਰਨ ਕਰਿਆ ਕਰੋ।ਚਾਰ ਕਾਕੇ ਤੇ ਗੁੱਡੀਆਂ ਵੀ ਹੋਣਗੀਆਂ"। ਮਹਾਰਾਜ ਜੀ ਦੇ ਵਚਨ ਅੱਟਲ ਹੋਏ। ਉਹਨਾਂ ਦੇ ਘਰ ਚਾਰ ਪੁੱਤਰ ਹਨ ਅਤੇ ਲੜਕੀਆਂ ਹਨ।**

**-- ਬੀਬੀ ਬਚਨੀ ਸੁਪਤਨੀ ਸ਼੍ਰੀ ਖੁਸ਼ੀ ਰਾਮ**

**ਪਿੰਡ ਸਰਮਸਤਪੁਰ ਜਲੰਧਰ 13-07-03**

## ਸਾਖੀ ਨੰਬਰ 97

## ਭਾਰਤ ਦੀ ਆਜ਼ਾਦੀ ਬਾਰੇ ਦੱਸਣਾ।

ਕਵੀ ਮਿਹਰੂ ਰਾਮ ਅਤੇ ਉਹਨਾਂ ਦੇ ਪਰਿਵਾਰ ਪਿੰਡ ਸੰਘਵਾਲ ਵਾਲਿਆਂ ਦਾ ਸੰਤ ਸਰਵਣ ਦਾਸ ਮਹਾਰਾਜ ਜੀ ਨਾਲ ਬਹੁਤ ਪ੍ਰੇਮ ਸੀ। ਬਾਬਾ ਪਿੱਪਲ ਦਾਸ ਜੀ ਅਕਸਰ ਪਿੰਡ ਸੰਘਵਾਲ ਅਤੇ ਨੇੜੇ ਦੇ ਪਿੰਡਾਂ ਵਿਚ ਗਜਾ ਕਰਨ ਜਾਇਆ ਕਰਦੇ ਸਨ। ਬਹੁਤ ਵਾਰ ਸੰਤ ਸਰਵਣ ਦਾਸ ਜੀ ਵੀ ਨਾਲ ਜਾਇਆ ਕਰਦੇ ਸਨ ਅਤੇ ਅਕਸਰ ਤੜਕੇ ਉੱਠ ਕੇ ਸੰਗਤਾਂ ਨੂੰ ਭਜਨ ਕਰਨ ਲਈ ਪ੍ਰੇਰਿਆ ਕਰਦੇ ਸਨ। ਕਵੀ ਮਿਹਰੂ ਰਾਮ ਜੀ ਅਕਸਰ ਸੰਤ ਸਰਵਣ ਦਾਸ ਮਹਾਰਾਜ ਜੀ ਨੂੰ ਮਿਲਣ ਆਇਆ ਕਰਦੇ ਸਨ।

ਸੰਨ 1945 ਈਸਵੀ ਦੀ ਗੱਲ ਹੈ ਕਿ ਸ਼੍ਰੀ ਮਿਹਰੂ ਰਾਮ ਜੀ ਮਹਾਰਾਜ ਜੀ ਪਾਸ ਡੇਰੇ ਵਿਖੇ ਆਏ। ਸੰਤ ਸਰਵਣ ਦਾਸ ਜੀ ਮਹਾਰਾਜ ਰਾਤ ਨੂੰ ਉਨ੍ਹਾਂ ਨੂੰ ਪਿੰਡ ਲੈ ਗਏ। ਮਹਾਰਾਜ ਜੀ ਨੇ ਰਾਤ ਨੂੰ ਕਥਾ ਕੀਤੀ। ਉਸ ਤੋਂ ਬਾਅਦ ਰਾਤ ਸ਼੍ਰੀ ਮਿਹਰੂ ਰਾਮ ਜੀ ਨੇ ਤੜਕੇ ਚਾਰ ਵਜੇ ਉਠ ਕੇ ਇਸ਼ਨਾਨ ਕੀਤਾ ਅਤੇ ਉਸ ਤੋਂ ਬਾਅਦ ਮਹਾਰਾਜ ਜੀ ਨੇ ਸਭਨਾਂ ਨੂੰ ਭਜਨ ਕਰਨ ਲਈ ਹੁਕਮ ਕੀਤਾ। ਜਦੋਂ ਸੂਰਜ ਨਿਕਲਣ ਨੂੰ ਥੋੜ੍ਹੀ ਦੇਰ ਸੀ ਤਾਂ ਮਹਾਰਾਜ ਜੀ ਨੇ ਮਿਹਰੂ ਰਾਮ ਜੀ ਨੂੰ ਕਿਹਾ " ਆ ਲੈ ਸ਼ੀਸ਼ਾ, ਇਸ ਦੇ ਵਿੱਚ ਦੇਖ ਸੂਰਜ ਪੂਰਾ ਚੜ੍ਹਿਆ ਹੈ"। ਸ਼੍ਰੀ ਮਿਹਰੂ ਰਾਮ ਨੇ ਸ਼ੀਸ਼ੇ ਵਿੱਚ ਵੇਖਿਆ ਤਾਂ ਸੂਰਜ ਅੱਧੇ ਤੋਂ ਵੀ ਘੱਟ ਅਤੇ ਵਿੰਗਾ ਦਿਸਿਆ। ਉਹਨਾਂ ਨੇ ਇਸੇ ਤਰ੍ਹਾਂ ਮਹਾਰਾਜ ਜੀ ਨੂੰ ਦੱਸਿਆ ਤਾਂ ਮਹਾਰਾਜ ਜੀ ਨੇ ਫ਼ਰਮਾਇਆ " ਅੱਛਾ, ਹੁਣ ਅੰਗਰੇਜ਼ਾਂ ਦਾ ਰਾਜ ਨਹੀਂ ਰਹਿਣਾ"। ਮਹਾਰਾਜ ਜੀ ਦੇ ਵਚਨ ਅਟੱਲ ਹੋ ਗਏ। ਦੋ ਸਾਲ ਦੇ ਅੰਦਰ ਅੰਦਰ ਅੰਗਰੇਜ਼ਾਂ ਦਾ ਰਾਜ ਭਾਰਤ ਵਿਚੋਂ ਖਤਮ ਹੋ ਗਿਆ ਅਤੇ ਭਾਰਤ ਆਜ਼ਾਦ ਹੋ ਗਿਆ।

-ਖੁਦ ਸ਼੍ਰੀ ਰਾਮ ਕਿਸ਼ਨ ਸਪੁੱਤਰ ਕਵੀ ਮਿਹਰੂ ਰਾਮ

ਸੰਘਵਾਲ ਜਲੰਧਰ 16-07-03

## ਸਾਖੀ ਨੰਬਰ 98

## ਬੀਬੀ ਹਰਜੀਤ ਕੌਰ ਦੀ ਸ਼ੰਕਾ ਨਵਿਰਤ ਕਰਨੀ।

ਸ਼੍ਰੀ ਰੱਖਾ ਸਿੰਘ ਪਿੰਡ ਆਦਮਵਾਲ ਹੁਸ਼ਿਆਰਪੁਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪ੍ਰੇਮ ਸੀ। ਮਹਾਰਾਜ ਸਰਵਣ ਦਾਸ ਜੀ ਵੀ ਆਦਮਵਾਲ ਜਾਇਆ ਕਰਦੇ ਸਨ। 1969 ਈਸਵੀ ਦੀ ਗੱਲ ਹੈ ਕਿ ਬੀਬੀ ਹਰਜੀਤ ਕੌਰ ਸਪੁੱਤਰੀ ਸ਼੍ਰੀ ਰੱਖਾ ਸਿੰਘ ਗੌਰਮਿੰਟ ਟ੍ਰੇਨਿੰਗ ਕਾਲਜ ਲਾਡੋਵਾਲੀ ਵਿਖੇ ਬੀ. ਐੱਡ ਕਰਦੇ ਸਨ ਅਤੇ ਕਦੀ ਵੀ ਕਾਲਜ ਤੋਂ ਛੁੱਟੀ ਨਹੀਂ ਕਰਦੀ ਸੀ। ਸੰਗਰਾਂਦ ਵਾਲੇ ਦਿਨ

ਦੀ ਗੱਲ ਹੈ ਕਿ ਬੀਬੀ ਹਰਜੀਤ ਕੌਰ ਕਾਲਜ ਜਾਣ ਤੋਂ ਪਹਿਲਾਂ ਮਹਾਰਾਜ ਜੀ ਪਾਸੋਂ ਮਹੀਨੇ ਦਾ ਨਾਮ ਸਰਵਣ ਕਰਨ ਵਾਸਤੇ ਆਈ। ਮਹਾਰਾਜ ਜੀ ਨੇ ਫ਼ਰਮਾਇਆ,"ਸਤਿਸੰਗ ਖਤਮ ਹੋਣ ਤੋਂ ਬਾਅਦ ਜਾਣਾ"।ਬੀਬੀ ਹਰਜੀਤ ਕੌਰ ਸੱਤ ਵਚਨ ਕਹਿ ਕੇ ਬੈਠ ਗਏ ਅਤੇ ਮਨ ਵਿਚ ਵਿਚਾਰਿਆ ਕਿ ਅੱਜ ਮੈਨੂੰ ਲੇਟ ਜਾਣ ਤੇ ਟੀਚਰ ਨੇ ਡਾਂਟਨਾ ਹੈ।ਬੀਬੀ ਹਰਜੀਤ ਕੌਰ ਜੀ ਜਦੋਂ ਸਤਿਸੰਗ ਖਤਮ ਹੋਣ ਤੋਂ ਬਾਅਦ ਕਾਲਜ ਵਿਖੇ ਪਹੁੰਚੇ ਤਾਂ ਉਨ੍ਹਾਂ ਨੂੰ ਪਤਾ ਲਗਾ ਕਿ ਅੱਜ ਕਿਸੇ ਕਾਰਨ ਕਰਕੇ ਕਲਾਸ ਹੀ ਨਹੀਂ ਲੱਗੀ। ਬੀਬੀ ਹਰਜੀਤ ਕੌਰ ਨੇ ਮਨ ਵਿਚ ਵਿਚਾਰਿਆ ਕਿ ਸੰਤ ਸਰਵਣ ਦਾਸ ਜੀ ਮਹਾਰਾਜ ਜਾਣੀ ਜਾਣ ਹਨ। ਨਹੀਂ ਤਾਂ ਅੱਗੇ ਹਮੇਸ਼ਾ ਮੈਨੂੰ ਕਹਿੰਦੇ ਹੁੰਦੇ ਸਨ ਕਿ ਬੀਬਾ ਚਾਹ ਪਾਣੀ ਪੀ ਕੇ ਛੇਤੀ ਜਾ, ਤਾਂ ਕੇ ਤੇਰੀ ਪੜ੍ਹਾਈ ਖਰਾਬ ਨਾ ਹੋਵੇ

-- ਖੁਦ ਬੀਬੀ ਹਰਜੀਤ ਕੌਰ ਸਪੁੱਤਰੀ ਰੱਖਾ ਸਿੰਘ ਮਹੇ,
ਪਿੰਡ ਆਦਮਵਾਲ, ਹੁਸ਼ਿਆਰਪੁਰ

## ਸਾਖੀ ਨੰਬਰ 99

## ਭਾਈ ਅੰਮੀ ਸਿੰਘ ਦੇ ਲੜਕੇ ਸ. ਪ੍ਰਕਾਸ਼ ਸਿੰਘ ਨੂੰ ਨੌਕਰੀ ਦੀ ਬਖ਼ਸ਼ਿਸ਼ ਕਰਨੀ।

ਸ਼੍ਰੀ ਜੀਵਨ ਰਾਮ ਅਤੇ ਬੀਬੀ ਪੂਰੋ ਪਿੰਡ ਪਥਿਆਲ ਹੁਸ਼ਿਆਰਪੁਰ ਵਾਲਿਆਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਅਕਸਰ ਮਹਾਰਾਜ ਜੀ ਪਾਸ ਆਇਆ ਕਰਦੇ ਸਨ। ਇਸ ਲਈ ਉਹਨਾਂ ਦਾ ਪੁੱਤਰ ਭਾਈ ਅੰਮੀ ਸਿੰਘ ਅਤੇ ਬੀਬੀ ਚੰਨਣ ਕੌਰ ਸਮੂਹ ਪਰਿਵਾਰ ਦਾ ਮਹਾਰਾਜ ਜੀ ਨਾਲ ਬਹੁਤ ਪ੍ਰੇਮ ਸੀ। ਜਿਸ ਵੇਲੇ ਮਹਾਰਾਜ ਜੀ ਫੱਤੋਵਾਲ, ਲਾਂਬੜੇ ਗਰਮੀਆਂ ਦੇ ਦਿਨਾਂ ਵਿਚ ਅੰਬ ਚੂਪਣ ਜਾਇਆ ਕਰਦੇ ਸਨ ਤਾਂ ਮਹਾਰਾਜ ਜੀ ਅਕਸਰ ਪਿੰਡ ਪਥਿਆਲ ਜਾਂਦੇ ।

1971 ਈਸਵੀ ਦੀ ਗੱਲ ਹੈ ਇਕ ਸਮੇਂ ਭਾਈ ਅੰਮੀ ਸਿੰਘ ਦਾ ਲੜਕਾ ਸ. ਪ੍ਰਕਾਸ਼ ਸਿੰਘ ਆਪਣੀ ਮਾਤਾ ਚੰਨਣ ਕੌਰ ਨਾਲ ਡੇਰੇ ਵਿਖੇ ਆਏ।ਉਨ੍ਹੀਂ ਦਿਨੀਂ ਉਹ ਫਰੀਦਾਬਾਦ ਵਿਖੇ ਆਇਸ਼ਰ ਟਰੈਕਟਰ ਕੰਪਨੀ ਵਿਚ ਮਕੈਨਿਕ ਦਾ ਕੰਮ ਕਰਦਾ ਸੀ। ਜਾਣ ਸਮੇਂ ਸ਼੍ਰੀ ਪ੍ਰਕਾਸ਼ ਸਿੰਘ ਅਤੇ ਉਹਨਾਂ ਦੀ ਮਾਤਾ ਚੰਨਣ ਕੌਰ ਨੇ ਮਹਾਰਾਜ ਜੀ ਪਾਸੋਂ ਘਰ ਜਾਣ ਦੀ ਆਗਿਆ ਮੰਗੀ ਕਿ ਕੱਲ੍ਹ ਅਸੀਂ ਪਿੰਡ ਕੰਦੋਲੇ ਜਾਣਾ ਹੈ। ਇਸ ਲਈ ਤੁਸੀਂ ਸਾਡੇ ਨਾਲ ਹੀ ਜਾਣਾ ਹੈ। ਆਉਂਦੇ ਹੋਏ ਅਸੀਂ ਤੈਨੂੰ ਆਦਮਪੁਰ ਛੱਡ ਦਿਆਂਗੇ। ਜਦੋਂ ਦੂਜੇ ਦਿਨ ਮਹਾਰਾਜ ਜੀ ਜੀਪ ਵਿਚ ਬੈਠ ਕੇ ਸ਼੍ਰੀ ਪ੍ਰਕਾਸ਼ ਸਿੰਘ ਜੀ ਹੋਰਾਂ ਨਾਲ ਕੰਦੋਲੇ ਜਾ ਰਹੇ ਸਨ ਤਾਂ ਮਹਾਰਾਜ ਜੀ ਨੇ ਫਰਮਾਇਆ,"ਪ੍ਰਕਾਸ਼ ਤੇਰੀ ਨੌਕਰੀ ਦਾ ਕਿੱਦਾਂ"। ਉਹਨਾਂ ਨੇ ਉੱਤਰ ਦਿਤਾ ਮਹਾਰਾਜ ਜੀ ਮੈਂ ਫਰੀਦਾਬਾਦ ਵਿਖੇ

ਆਇਸ਼ਰ ਟਰੈਕਟਰ ਕੰਪਨੀ ਵਿਚ ਕੱਚੀ ਨੌਕਰੀ ਕਰਦਾ ਹਾਂ ਅਤੇ ਪੱਕੀ ਨੌਕਰੀ ਵਾਸਤੇ ਇੰਟਰਵਿਊ ਦਿੱਤੀ ਹੈ। ਜਿਸਦਾ ਕੋਈ ਜੁਆਬ ਨਹੀਂ ਆਇਆ। ਮਹਾਰਾਜ ਜੀ ਨੇ ਫ਼ਰਮਾਇਆ ਤੇਰੀ ਨੌਕਰੀ ਪੱਕੀ ਹੈ। ਤੈਨੂੰ ਨੌਕਰੀ ਮਿਲ ਜਾਣੀ ਹੈ।

ਜਦੋਂ ਕੰਦੋਲੇ ਤੋਂ ਵਾਪਸ ਆਉਂਦੇ ਹੋਏ ਮਹਾਰਾਜ ਜੀ ਨੇ ਸ਼੍ਰੀ ਪ੍ਰਕਾਸ਼ ਸਿੰਘ ਨੂੰ ਆਦਮਪੁਰ ਉਤਾਰ ਦਿੱਤਾ। ਜਦੋਂ ਉਹ ਫਰੀਦਾਬਾਦ ਵਿਖੇ ਪਹੁੰਚੇ ਤਾਂ ਮਾਲਕ ਮਕਾਨ ਨੇ ਉਹਨਾਂ ਨੂੰ ਪਹੁੰਚਣ ਤੇ ਦੱਸਿਆ ਕਿ ਤੁਹਾਡੀ ਪੱਕੀ ਨੌਕਰੀ ਦੀ ਚਿੱਠੀ ਆ ਗਈ ਹੈ। ਇਸ ਪ੍ਰਕਾਰ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਵਚਨ ਅਟੱਲ ਹੋਏ।

– ਭਾਈ ਅੰਮੀ ਸਿੰਘ ਪੁੱਤਰ ਸ਼੍ਰੀ ਜੀਵਨ ਰਾਮ ਪਿੰਡ ਪਥਿਆਲ,
ਹੁਸ਼ਿਆਰਪੁਰ, 16-07-03

## ਸਾਖੀ ਨੰਬਰ 100

## ਸ਼੍ਰੀ ਸੁਰੈਣ ਦਾਸ ਦੇ ਪਰਿਵਾਰ ਤੇ ਕਿਰਪਾ ਕਰਨੀ।

ਸ਼੍ਰੀ ਪੁੰਨੂੰ ਰਾਮ ਅਤੇ ਬੀਬੀ ਬੰਤੀ ਰਾਏਪੁਰ ਰਸੂਲਪੁਰ ਵਾਲਿਆਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪਿਆਰ ਸੀ। ਉਹ ਸਾਰਾ ਪਰਿਵਾਰ ਮਹਾਰਾਜ ਜੀ ਦਾ ਸ਼ਰਧਾਲੂ ਸੀ। ਲਗਭਗ 1958 ਈਸਵੀ ਦੀ ਗੱਲ ਹੈ ਕਿ ਪਠਾਨਕੋਟ ਰੋਡ ਬਣ ਰਿਹਾ ਸੀ। ਸ਼੍ਰੀ ਪੁੰਨੂੰ ਰਾਮ ਦੇ ਲੜਕੇ ਸ਼੍ਰੀ ਸੁਰੈਣ ਦਾਸ ਅਤੇ ਉਹਨਾਂ ਦੇ ਦੋ ਛੋਟੇ ਭਰਾ ਸ਼੍ਰੀ ਸ਼ਰਧਾ ਰਾਮ ਤੇ ਸ਼੍ਰੀ ਸੋਹਣ ਲਾਲ ਸੜਕ ਉੱਪਰ ਵੱਟੇ ਪਾ ਰਹੇ ਸਨ। ਉਹਨਾਂ ਦੇ ਪਾਸ ਦੀ ਮਹਾਰਾਜ ਸਰਵਣ ਦਾਸ ਜੀ ਲੰਘੇ ਤਾਂ ਉਹਨਾਂ ਸੰਤ ਸਰਵਣ ਦਾਸ ਜੀ ਨੂੰ ਨਮਸਕਾਰ ਕਰਕੇ ਬੇਨਤੀ ਕੀਤੀ ਸਾਡੇ ਟੋਕਰੇ ਕਦੋਂ ਬੰਦ ਹੋਣਗੇ? ਤਾਂ ਮਹਾਰਾਜ ਜੀ ਨੇ ਫ਼ਰਮਾਇਆ, "ਹੁਣੇ ਹੀ ਬੰਦ ਕਰ ਦਿਓ"। ਉਹਨਾਂ ਤਿੰਨਾਂ ਭਰਾਵਾਂ ਨੇ ਠੇਕੇਦਾਰ ਨੂੰ ਦੱਸ ਦਿੱਤਾ ਅੱਜ ਤੋਂ ਅਸਾਂ ਇਹ ਕੰਮ ਨਹੀਂ ਕਰਨਾ। ਮਹਾਰਾਜ ਤੋਂ ਪੁੱਛਿਆ, "ਕੀ ਕਰੀਏ"। ਮਹਾਰਾਜ ਜੀ ਨੇ ਕਿਹਾ, "ਤੁਸੀਂ ਸੋਡਾ ਵਾਟਰ ਵੇਚਿਆ ਕਰੋ"। ਭਰਾਵਾਂ ਨੇ ਕਿਹਾ, "ਸਤਿਬਚਨ"। ਨਾਲ ਹੀ ਮਹਾਰਾਜ ਜੀ ਨੇ ਫ਼ਰਮਾਇਆ, "ਹਰ ਐਤਵਾਰ ਡੇਰੇ ਆ ਕੇ ਕੁਝ ਬੋਤਲਾਂ ਸੰਤਾਂ ਅਤੇ ਸੰਗਤਾਂ ਨੂੰ ਪਿਲਾਇਆ ਕਰੋ"। ਉਹਨਾਂ ਅਜਿਹਾ ਹੀ ਕੀਤਾ।

ਮਹਾਰਾਜ ਜੀ ਦੀ ਐਸੀ ਕਿਰਪਾ ਹੋਈ ਕਿ 1961 ਈਸਵੀ ਵਿਖੇ ਸ਼੍ਰੀ ਸੁਰੈਣ ਦਾਸ ਦੇ ਛੋਟੇ ਭਰਾ ਸ਼੍ਰੀ ਰਾਮ ਚੰਦ ਵਿਰਦੀ ਇੰਗਲੈਂਡ ਚਲੇ ਗਏ। ਉਸ ਤੋਂ ਕੁਝ ਸਾਲਾਂ ਬਾਅਦ ਇੱਕ ਹੋਰ ਭਰਾ ਸ਼੍ਰੀ ਮੀਤ ਰਾਮ ਵੀ ਇੰਗਲੈਂਡ ਚਲੇ ਗਏ। ਸ਼੍ਰੀ ਸੁਰੈਣ ਦਾਸ ਦੇ ਲੜਕੇ ਸ਼੍ਰੀ ਕੁੰਦਨ ਲਾਲ ਨੇ ਦੱਸਿਆ ਕਿ ਸਾਡੇ ਪਰਿਵਾਰ ਤੇ ਮਹਾਰਾਜ ਸਰਵਣ ਦਾਸ ਜੀ ਨੇ ਐਸੀ ਕਿਰਪਾ ਕੀਤੀ। ਸਾਡੇ ਪਰਿਵਾਰ ਵਿੱਚੋਂ ਕਿਸੇ ਨੇ ਟੋਕਰੀ ਚੁੱਕਣ ਦੀ

ਮਜ਼ਦੂਰੀ ਨਹੀਂ ਕੀਤੀ।

-ਸ਼੍ਰੀ ਕੁੰਦਨ ਲਾਲ ਪੁੱਤਰ ਸਰੈਣ ਦਾਸ
ਪਿੰਡ ਰਾਏਪੁਰ ਰਸੂਲਪੁਰ 19-07-03

## ਸਾਖੀ ਨੰਬਰ 101

## ਸ਼੍ਰੀ ਹਰਜੀ ਮੱਲ ਨੂੰ ਤਰੱਕੀ ਬਖ਼ਸ਼ਿਸ਼ ਕਰਨੀ।

ਸ਼੍ਰੀ ਪਾਲਾ ਰਾਮ ਜੀ ਤੇ ਉਹਨਾਂ ਦੀ ਪਤਨੀ ਬੀਬੀ ਗਾਬੀ ਜੀ ਅਤੇ ਸਭ ਪਰਿਵਾਰ ਬਿਆਸ ਪਿੰਡ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪ੍ਰੇਮ ਸੀ। ਉਹ ਅਕਸਰ ਮਹਾਰਾਜ ਜੀ ਦੇ ਪਾਸ ਆਉਂਦੇ ਸਨ। ਕਈ-ਕਈ ਦਿਨ ਡੇਰੇ ਵਿਖੇ ਰਿਹਾ ਕਰਦੇ ਸਨ।

ਸ਼੍ਰੀ ਪਾਲਾ ਰਾਮ ਜੀ ਦਾ ਲੜਕਾ ਸ਼੍ਰੀ ਹਰਜੀ ਮੱਲ ਬੀਮਾ ਕੰਪਨੀ ਵਿਚ ਸਰਵਿਸ ਕਰਦੇ ਸਨ। ਲਗਭਗ 1965 ਈਸਵੀ ਦੀ ਗੱਲ ਹੈ ਕਿ ਸ਼੍ਰੀ ਹਰਜੀ ਮੱਲ ਨੇ ਆਪਣੀ ਪਤਨੀ ਬੀਬੀ ਰੇਸ਼ਮ ਕੌਰ ਨੂੰ ਦੱਸਿਆ ਕਿ ਮੈਂ ਨੌਕਰੀ ਛੱਡ ਦੇਣੀ ਹੈ। ਇੱਕ ਤਾਂ ਤਨਖ਼ਾਹ ਬਹੁਤ ਘੱਟ ਹੈ। ਦੂਸਰਾ ਤਰੱਕੀ ਵੀ ਨਹੀਂ ਹੁੰਦੀ।

ਕੁਝ ਦਿਨਾਂ ਬਾਅਦ ਸ਼੍ਰੀ ਹਰਜੀ ਮੱਲ ਤੇ ਬੀਬੀ ਰੇਸ਼ਮ ਕੌਰ ਜੀ ਮਹਾਰਾਜ ਪਾਸ ਆ ਕੇ ਨਮਸਕਾਰ ਕੀਤੀ। ਬੀਬੀ ਰੇਸ਼ਮ ਕੌਰ ਨੇ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਇਹ ਕਹਿੰਦੇ ਹਨ ਕਿ ਨੌਕਰੀ ਛੱਡ ਦੇਣੀ ਹੈ, ਇੱਕ ਤਾਂ ਤਨਖ਼ਾਹ ਬਹੁਤ ਘੱਟ ਹੈ। ਦੂਸਰਾ ਤਰੱਕੀ ਵੀ ਨਹੀਂ ਹੁੰਦੀ।

ਮਹਾਰਾਜ ਜੀ ਨੇ ਫ਼ਰਮਾਇਆ, "ਹਰਜੀ ਮੱਲ ਨੌਕਰੀ ਨਹੀਂ ਛੱਡਣੀ, ਫਿਕਰ ਨਾ ਕਰਨਾ। ਤਰੱਕੀ ਛੇਤੀ ਹੋ ਜਾਵੇਗੀ, ਭਜਨ ਸਿਮਰਨ ਕਰਦੇ ਰਹੋ"।

ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਸ਼੍ਰੀ ਹਰਜੀ ਮੱਲ ਦੀ ਇਕ ਮਹੀਨੇ ਬਾਅਦ ਤਰੱਕੀ ਹੋ ਗਈ।

ਬੀਬੀ ਰੇਸ਼ਮ ਕੌਰ
ਬਿਆਸ ਪਿੰਡ, ਜਲੰਧਰ) 20-07-03

## ਸਾਖੀ ਨੰਬਰ 102

## ਸ. ਗੁਰਬਚਨ ਸਿੰਘ ਤੇ ਬੀਬੀ ਸੁਰਜੀਤ ਕੌਰ ਨੂੰ ਪੁੱਤਰਾਂ ਦੀ ਬਖ਼ਸ਼ਿਸ਼ ਕਰਨੀ।

ਸ. ਵੀਰ ਸਿੰਘ ਜੀ ਪਿੰਡ ਬੱਲਾਂ ਦੇ ਵਸਨੀਕ ਸਨ। ਸਭ ਪਰਿਵਾਰ ਦਾ ਮਹਾਰਾਜ ਜੀ ਨਾਲ ਬਹੁਤ ਪ੍ਰੇਮ ਸੀ। ਉਹਨਾਂ ਦੀ ਜ਼ਮੀਨ ਕੁਟੀਆ ਦੇ ਪਾਸ ਹੀ ਹੈ।

ਇਕ ਸਮੇਂ ਉਹਨਾਂ ਦੇ ਸਪੁੱਤਰ ਸ. ਗੁਰਬਚਨ ਸਿੰਘ ਤੇ ਉਹਨਾਂ ਦੀ ਪਤਨੀ ਬੀਬੀ ਸੁਰਜੀਤ ਕੌਰ (ਅੱਜਕੱਲ ਫਤਿਆਬਾਦ ਹਰਿਆਣਾ ਵਿਚ) ਮਹਾਰਾਜ ਜੀ ਪਾਸ ਆਏ। ਉਹਨਾਂ ਮਹਾਰਾਜ ਜੀ ਨੂੰ ਨਮਸਕਾਰ ਕਰਨ ਤੋਂ ਬਾਦ ਬੇਨਤੀ ਕੀਤੀ ਕਿ ਮਹਾਰਾਜ ਜੀ ਸਾਡੇ ਘਰ ਚਾਰ ਲੜਕੀਆਂ ਹਨ। ਕਿਰਪਾ ਕਰਕੇ ਪੁੱਤਰ ਦੀ ਦਾਤ ਬਖ਼ਸ਼ਿਸ਼ ਕਰੋ। ਉਸ ਸਮੇਂ ਬੀਬੀ ਸੁਰਜੀਤ ਕੌਰ ਗਰਭਵਤੀ ਸੀ। ਮਹਾਰਾਜ ਜੀ ਨੇ ਫ਼ਰਮਾਇਆ ,“ ਭਜਨ ਸਿਮਰਨ ਕਰਿਆ ਕਰੋ, ਫਿਕਰ ਨਹੀਂ ਕਰਨਾਂ, ਇਸ ਵਾਰੀ ਲੜਕੀ ਜਨਮ ਲਵੇਗੀ। ਉਸ ਤੋਂ ਬਾਅਦ ਤਿੰਨ ਪੁੱਤਰ ਜਨਮ ਲੈਣਗੇ”। ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਉਹਨਾਂ ਦੇ ਘਰ ਕੁਝ ਮਹੀਨਿਆਂ ਬਾਅਦ ਇਕ ਲੜਕੀ ਨੇ ਜਨਮ ਲਿਆ। ਉਸ ਤੋਂ ਬਾਦ ਤਿੰਨ ਪੁੱਤਰਾਂ ਸਰਦਾਰ ਤਰਸੇਮ ਸਿੰਘ, ਗੁਰਨਾਮ ਸਿੰਘ ਅਤੇ ਰਵਿੰਦਰ ਸਿੰਘ ਨੇ ਜਨਮ ਲਿਆ।

– ਖੁਦ ਬੀਬੀ ਸੁਰਜੀਤ ਕੌਰ ਪਤਨੀ ਸ. ਗੁਰਬਚਨ ਸਿੰਘ
ਪਿੰਡ ਬੱਲ- 20-07-2003

## ਸਾਖੀ ਨੰਬਰ 103
## ਸ. ਕਰਮ ਸਿੰਘ ਹਵਾਲਦਾਰ ਦੀ ਰੱਖਿਆ ਕਰਨੀ।

ਸ. ਕਰਮ ਸਿੰਘ ਹਵਾਲਦਾਰ ਪੁੱਤਰ ਸ. ਜਵਾਲਾ ਸਿੰਘ ਅਬਾਦਪੁਰਾ ਜਲੰਧਰ ਵਿਖੇ ਰਹਿੰਦੇ ਸਨ। ਉਹ ਮਿਲਟਰੀ ਵਿਚ ਸੇਵਾ ਕਰਦੇ ਸਨ। ਸ਼੍ਰੀ ਕਰਮ ਸਿੰਘ ਤੇ ਉਹਨਾਂ ਦੀ ਪਤਨੀ ਬੀਬੀ ਅਮਰ ਕੌਰ ਤੇ ਸਭ ਪਰਿਵਾਰ ਦਾ ਮਹਾਰਾਜ ਜੀ ਨਾਲ ਬਹੁਤ ਪਿਆਰ ਸੀ।

ਪਹਿਲੇ, ਦੂਸਰੇ ਮਹਾਂਯੁੱਧ 1939–45 ਈਸਵੀ ਦੀ ਗੱਲ ਹੈ ਕਿ ਉਸ ਸਮੇਂ ਭਾਰਤ ਅੰਗਰੇਜ਼ਾਂ ਦੇ ਅਧੀਨ ਸੀ ਇਸ ਲਈ ਅੰਗਰੇਜ਼ਾਂ ਨੇ ਭਾਰਤੀਆਂ ਨੂੰ ਨਾ ਚਾਹੁੰਦੇ ਹੋਏ ਵੀ ਯੁੱਧ ਵਿਚ ਸ਼ਾਮਲ ਕਰ ਲਿਆ, 11000 ਫੌਜੀ ਇੰਗਲੈਂਡ ਨੇ ਭਾਰਤ ਤੋਂ ਜਪਾਨ ਯੁੱਧ ਲਈ ਭੇਜੇ। ਉਸ ਸਮੇਂ ਸ਼੍ਰੀ ਕਰਮ ਸਿੰਘ ਵੀ ਸੈਨਾ ਵਿਚ ਸਨ। ਅਮਰੀਕਾ ਨੇ ਜਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਤੇ ਦੋ ਐਟਮ ਬੰਬ ਸੁੱਟੇ। ਜਿਸ ਕਾਰਣ ਉੱਥੇ ਜਾਨੀ ਤੇ ਮਾਲੀ ਨੁਕਸਾਨ ਬਹੁਤ ਹੋਇਆ। ਯੁੱਧ ਬੰਦ ਹੋ ਗਿਆ ਸੀ।

ਬੀਬੀ ਅਮਰ ਕੌਰ ਨੇ ਮਹਾਰਾਜ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੇਰੇ ਪਤੀ ਸ. ਕਰਮ ਸਿੰਘ ਦਾ ਕੋਈ ਪਤਾ ਨਹੀਂ ਆਇਆ।

ਮਹਾਰਾਜ ਜੀ ਨੇ ਫ਼ਰਮਾਇਆ,“ਭਾਰਤ ਤੋਂ ਗਏ ਸੈਨਿਕਾਂ ਵਿਚੋਂ ਜ਼ਿਆਦਾਤਰ ਲੜਾਈ ਵਿਚ ਸ਼ਹੀਦ ਹੋ ਗਏ ਹਨ। ਇਸ ਸਮੇਂ ਸ. ਕਰਮ ਸਿੰਘ ਤੇ

ਉਹਨਾਂ ਦੇ 50 ਸਾਥੀ ਠੀਕ ਹਨ। ਉਹਨਾਂ ਉਥੋਂ ਸਿਆਲਕੋਟ ਮਿਲਟਰੀ ਕੈਂਟ ਵਿਚ ਪਹੁੰਚਣ ਤੋਂ ਬਾਅਦ ਘਰਾਂ ਨੂੰ ਵਾਪਸ ਆਉਣਾ ਹੈ।

ਮਹਾਰਾਜ ਜੀ ਦੇ ਵਚਨ ਅਟੱਲ ਹੋਏ।ਮਹੀਨੇ ਕੁ ਬਾਅਦ ਸ.ਕਰਮ ਸਿੰਘ ਜੀ ਘਰ ਪਹੁੰਚੇ ਉਸ ਸਮੇਂ ਉਹ ਰੋਗੀ ਸਨ ਉਹਨਾਂ ਨੂੰ ਦੌਰੇ ਪੈਂਦੇ ਸਨ।ਕੁਝ ਦਿਨਾਂ ਬਾਅਦ ਦੋਨੋਂ ਪਤੀ ਪਤਨੀ ਮਹਾਰਾਜ ਜੀ ਦੇ ਪਾਸ ਆਏ।ਮਹਾਰਾਜ ਜੀ ਨੂੰ ਸ. ਕਰਮ ਸਿੰਘ ਨੇ ਦੱਸਿਆ ਕਿ ਮਹਾਰਾਜ ਜੀ 11000 ਭਾਰਤੀ ਸੈਨਿਕਾਂ ਵਿਚੋਂ ਕੇਵਲ 50 ਕੁ ਸੈਨਿਕ ਹੀ ਜ਼ਿੰਦਾ ਵਾਪਸ ਆਏ ਹਨ। ਉਹਨਾਂ ਕਿਹਾ ਮਹਾਰਾਜ ਜੀ ਦੀ ਕਿਰਪਾ ਨਾਲ ਮੈਂ ਜਪਾਨ ਤੋਂ ਸਿੰਘਾਪੁਰ ਫਿਰ ਮਦਰਾਸ ਤੋਂ ਸਿਆਲਕੋਟ ਆਪਣੇ 50 ਕੁ ਸਾਥੀਆ ਸਮੇਤ ਪੁੱਜਾ ਹਾਂ ਜੀ।

ਮਹਾਰਾਜ ਜੀ ਨੇ ਉਹਨਾਂ ਦਾ ਦਵਾਈ ਨਾਲ ਇਲਾਜ ਕੀਤਾ ਅਤੇ ਉਹ ਠੀਕ ਹੋ ਗਏ।ਉਸ ਤੋਂ ਬਾਅਦ ਉਹ ਬੀਬੀ ਅਮਰ ਕੌਰ ਨੂੰ ਆਪਣੇ ਨਾਲ ਸਿਆਲਕੋਟ ਵਿਖੇ ਨਾਲ ਲੈ ਗਏ ਸਨ। ਭਾਰਤ-ਪਾਕਿ ਦੀ ਵੰਡ ਤੱਕ ਉਹ ਸਿਆਲਕੋਟ ਰਹੇ। ਉਸ ਤੋਂ ਬਾਅਦ ਉਹ ਭਾਰਤ ਆ ਕੇ ਗਦਾਈਪੁਰ ਪਿੰਡ ਵਿਖੇ ਰਹਿਣ ਲੱਗੇ ਸਨ।

## ਸਾਖੀ ਨੰਬਰ 104

## ਸ. ਕਰਮ ਸਿੰਘ ਦੀ ਮੁਕਤੀ ਕਰਨੀ।

ਤਕਰੀਬਨ 10 ਕੁ ਸਾਲ ਬਾਅਦ ਸ.ਕਰਮ ਸਿੰਘ ਜੀ ਬਹੁਤ ਬਿਮਾਰ ਹੋ ਗਏ ਸਨ।ਉਹਨਾਂ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਮਹਾਰਾਜ ਜੀ ਆਪ ਕਿਰਪਾ ਕਰੋ ਜਾਂ ਤਾਂ ਮੈਨੂੰ ਠੀਕ ਕਰ ਦਿਉ ਜਾਂ ਫਿਰ ਮੇਰੀ ਮੁਕਤੀ ਕਰ ਦਿਉ।

ਮਹਾਰਾਜ ਜੀ ਨੇ ਦੋਨਾਂ ਪਤੀ ਪਤਨੀ ਨੂੰ ਕਿਹਾ ਕਿ ਭਜਨ ਕਰਿਆ ਕਰੋ, ਜਾਂ ਤਾ ਕਰਮ ਸਿੰਘ ਐਤਵਾਰ ਤੱਕ ਠੀਕ ਹੋ ਜਾਵੇਗਾ ਜਾਂ ਤਾਂ ਫਿਰ ਇਸ ਦੀ ਮੁਕਤੀ ਹੋ ਜਾਵੇਗੀ।ਐਤਵਾਰ ਸਵੇਰੇ ਸ.ਕਰਮ ਸਿੰਘ ਜੀ ਪ੍ਰਲੋਕ ਸਿਧਾਰ ਗਏ।

## ਸਾਖੀ ਨੰਬਰ 105

## ਚਾਰੇ ਪੁੱਤਰਾਂ ਦਾ ਸਰਕਾਰੀ ਮੁਲਾਜਮ ਹੋਣਾ

ਜਦੋਂ ਸ. ਕਰਮ ਸਿੰਘ ਪ੍ਰਲੋਕ ਸਿਧਾਰ ਗਏ ਤਾਂ ਕੁਝ ਦਿਨਾਂ ਬਾਅਦ ਮਹਾਰਾਜ ਜੀ ਉਹਨਾਂ ਦੇ ਘਰ ਗਦਾਈਪੁਰ ਗਏ। ਬੀਬੀ ਅਮਰ ਕੌਰ ਨੇ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੇਰੀਆਂ 2 ਲੜਕੀਆਂ ਹਨ ਅਤੇ ਚਾਰ ਲੜਕੇ ਹਨ। ਵੱਡਾ ਲੜਕਾ ਤਰਸੇਮ ਲਾਲ ਦੀ ਉਮਰ 14 ਸਾਲ ਹੈ। ਉਸ ਤੋਂ ਛੋਟਾ ਲੜਕਾ

ਅਮਰੀਕ 3 ਸਾਲ ਦਾ ਹੈ। ਅਮਰੀਕ ਤੋਂ ਛੋਟਾ ਲੜਕਾ ਮਦਨ ਡੇਢ ਸਾਲ ਦਾ ਹੈ ਅਤੇ ਸਭ ਤੋਂ ਛੋਟਾ ਲੜਕਾ 22 ਦਿਨਾਂ ਦਾ ਹੈ।

ਮਹਾਰਾਜ ਜੀ ਨੇ ਫ਼ਰਮਾਇਆ,"ਅਮਰ ਕੌਰ ਮਾਲਕ ਦਾ ਹੁਕਮ ਹੈ ਪਰ ਕੋਈ ਫਿਕਰ ਨਹੀਂ ਕਰਨਾ। ਤੇਰੇ ਚਾਰੇ ਪੁੱਤਰ ਅਫ਼ਸਰ ਬਣਨਗੇ"। ਬੀਬੀ ਅਮਰ ਕੌਰ ਨੇ ਅੱਜ ਦੱਸਿਆ ਕਿ ਮਹਾਰਾਜ ਜੀ ਹਮੇਸ਼ਾਂ ਮੇਰੀ ਹੌਸਲਾ ਅਫ਼ਜਾਈ ਕਰਦੇ ਰਹਿੰਦੇ ਸਨ। ਮੈਂ ਪਸ਼ੂ ਰੱਖਕੇ ਉਹਨਾਂ ਦਾ ਦੁੱਧ ਵੇਚ ਕੇ ਸਾਰੇ ਬੱਚੇ ਪੜ੍ਹਾਏ। ਅੱਜ ਸੰਤ ਸਰਵਣ ਦਾਸ ਜੀ ਦੀ ਕਿਰਪਾ ਨਾਲ ਮੇਰਾ ਵੱਡਾ ਲੜਕਾ ਜਿਸ ਦੀ ਮੌਤ ਹੋ ਚੁੱਕੀ ਹੈ ਮਿਲਟਰੀ ਵਿਚੋਂ ਰਿਟਾਇਰਡ ਹੋਇਆ ਸੀ। ਦੂਸਰਾ ਲੜਕਾ ਅਮਰੀਕ ਜਿਸ ਨੇ ਐੱਮ. ਏ. ਕੀਤੀ ਹੈ ਅੱਜ ਉਹ ਬੈਂਕ ਆਫ ਬੜੋਦਾ ਵਿਚ ਮੈਨੇਜਰ ਹੈ। ਤੀਸਰਾ ਲੜਕਾ ਮਦਨ ਲਾਲ ਨਹਿਰਾਂ ਦੇ ਵਿਭਾਗ ਵਿਚ ਸਰਵਿਸ ਕਰਦਾ ਹੈ ਤੇ ਚੌਥਾ ਲੜਕਾ ਸੁਗਰੀਵ ਕੁਮਾਰ ਵੀ ਐੱਮ. ਏ. ਪੜ੍ਹਿਆ ਹੈ। ਉਹ ਵੀ ਸਰਕਾਰੀ ਨੌਕਰੀ ਕਰਦਾ ਹੈ। ਇਹ ਸਭ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੀ ਕਿਰਪਾ ਹੈ।

– ਖੁਦ ਬੀਬੀ ਅਮਰ ਕੌਰ ਪਤਨੀ ਸ਼੍ਰੀ ਕਰਮ ਸਿੰਘ,
ਗਦਾਈਪੁਰ, ਜਲੰਧਰ, 21-07-03

## **ਸਾਖੀ ਨੰਬਰ 106**

## **ਸ. ਕਰਮ ਸਿੰਘ ਤੇ ਕਿਰਪਾ ਕਰਨੀ।**

ਸ. ਕਰਮ ਸਿੰਘ ਹਵਾਲਦਾਰ ਪੁੱਤਰ ਸ. ਮਹਿੰਗਾ ਸਿੰਘ ਬੱਧਣ ਪਿੰਡ ਪੰਡੋਰੀ ਨਿਝੱਰਾ ਨੇੜੇ ਆਦਮਪੁਰ ਦੇ ਵਸਨੀਕ ਹਨ। ਉਹ ਫ਼ੌਜ ਵਿਚ ਸੇਵਾ ਕਰਦੇ ਸਨ। ਜਦੋਂ ਵੀ ਉਹ ਫ਼ੌਜ ਵਿੱਚ ਛੁੱਟੀ ਕੱਟ ਕੇ ਜਾਂਦੇ ਤਾਂ ਮਹਾਰਾਜ ਸਰਵਣ ਦਾਸ ਜੀ ਨੂੰ ਨਮਸਕਾਰ ਕਰਕੇ ਜਾਂਦੇ ਸਨ। ਇਕ ਸਮੇਂ ਉਹਨਾਂ ਦੀ ਡਿਊਟੀ ਲੇਹ ਲੱਦਾਖ ਵਿਖੇ ਸੀ। ਜਦੋਂ ਉਹ ਛੁੱਟੀ ਕੱਟ ਕੇ ਵਾਪਸ ਜਾ ਰਹੇ ਸਨ ਤਾਂ ਉਹਨਾਂ ਮਹਾਰਾਜ ਪਾਸ ਡੇਰੇ ਵਿਖੇ ਆ ਕੇ ਨਮਸਕਾਰ ਕਰਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੇਰੀ ਨੌਕਰੀ ਦੂਰ ਲੇਹ ਲੱਦਾਖ ਵਿਖੇ ਹੈ। ਮੈਂ ਛੁੱਟੀ ਕੱਟ ਕੇ ਵਾਪਸ ਜਾ ਰਿਹਾ ਹਾਂ। ਆਪ ਆਸ਼ੀਰਵਾਦ ਦਿਓ।

ਮਹਾਰਾਜ ਜੀ ਨੇ ਫ਼ਰਮਾਇਆ,"ਜੇਕਰ ਤੁਹਾਡੀ ਦੂਰ ਦੀ ਨੌਕਰੀ ਹੈ ਤਾਂ ਤੁਸੀਂ ਬਹੁਤ ਛੇਤੀ ਨੇੜੇ ਆ ਜਾਓਗੇ।" ਜਿਸ ਸਮੇਂ ਸ. ਕਰਮ ਸਿੰਘ ਬੱਧਣ ਮਹਾਰਾਜ ਜੀ ਤੋਂ ਆਸ਼ੀਰਵਾਦ ਲੈ ਕੇ ਲੇਹ ਲੱਦਾਖ ਵਿਖੇ ਆਪਣੇ ਕੈਂਪ ਵਿਖੇ ਪੁੱਜੇ ਤਾਂ ਉਸ ਸਮੇਂ ਉਹਨਾਂ ਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਈ ਕਿ ਉਹਨਾਂ ਦੇ ਪੰਜਾਬ ਦੀ ਬਦਲੀ ਦੇ ਆਰਡਰ ਹੋ

ਚੁੱਕੇ ਹਨ। ਮਹਾਰਾਜ ਜੀ ਦੇ ਵਚਨ ਅਟੱਲ ਹੋਏ ਉਹ ਕੁਝ ਦਿਨਾਂ ਬਾਅਦ ਪੰਜਾਬ ਆ ਗਏ।

–ਬਲਵਿੰਦਰ ਸਿੰਘ ਬੱਧਣ ਪੁੱਤਰ ਸ਼੍ਰੀ ਕਰਮ ਸਿੰਘ ਬੱਧਣ,
ਪਿੰਡ ਪੰਡੋਰੀ ਨਿੱਝਰਾਂ, ਜਲੰਧਰ)

## ਸਾਖੀ ਨੰਬਰ 107

ਬਲਟੋਈ ਦੁਬਾਰਾ ਖੀਰ ਨਾਲ ਭਰਨੀ

ਸ਼੍ਰੀ ਫੱਗਣ ਰਾਮ ਅਤੇ ਉਹਨਾਂ ਦੇ ਸਾਰੇ ਪਰਿਵਾਰ ਪਿੰਡ ਸਰਮਸਤਪੁਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪਿਆਰ ਸੀ। ਉਹ ਡੇਰੇ ਵਿਖੇ ਲੰਗਰ ਦੀ ਸੇਵਾ ਕਰਿਆ ਕਰਦੇ ਸਨ। ਸ਼੍ਰੀ ਸਦਾ ਰਾਮ ਜੀ ਦੀ ਉਮਰ 12 ਕੁ ਸਾਲ ਸੀ। ਮਹਾਰਾਜ ਜੀ ਨੇ ਸੰਗਤਾਂ ਵਾਸਤੇ ਖੀਰ ਬਣਾਈ। ਦੁਪਹਿਰ ਦੀ ਪੰਗਤ ਲਗਾਈ ਗਈ ਅਤੇ ਸਾਰੀ ਖੀਰ ਸੰਗਤਾਂ ਨੂੰ ਵਰਤਾਈ ਗਈ। ਉਸਤੋਂ ਬਾਦ ਕੁਝ ਸੰਗਤ ਡੇਰੇ ਵਿਖੇ ਹੋਰ ਆ ਗਈ। ਸਭ ਸੰਗਤਾਂ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਬੈਠ ਗਈਆਂ। ਉਸ ਸਮੇਂ ਸ਼੍ਰੀ ਕਿਰਪਾ ਰਾਮ ਰਸੂਲਪੁਰ, ਸ਼੍ਰੀ ਸੰਤੂ ਰਾਮ ਜੀ ਕਿਸ਼ਨਗੜ੍ਹ, ਸ਼੍ਰੀ ਫੱਗਣ ਰਾਮ ਸਰਮਸਤਪੁਰ ਅਤੇ ਖੁਦ ਸ਼੍ਰੀ ਸਦਾ ਰਾਮ ਜੀ ਜਿਨ੍ਹਾਂ ਦੀ ਉਮਰ 12 ਸਾਲ ਅਤੇ ਸ਼੍ਰੀ ਜਗਤ ਰਾਮ ਰਸੋਈਆ ਡੇਰੇ ਵਿਖੇ ਮੌਜੂਦ ਸਨ। ਸ਼੍ਰੀ ਫੱਗਣ ਰਾਮ ਅਤੇ ਸ਼੍ਰੀ ਜਗਤ ਰਾਮ ਰਸੋਈਏ ਨੇ ਸ਼੍ਰੀ ਸਦਾ ਰਾਮ ਨੂੰ ਮਹਾਰਾਜ ਪਾਸ ਭੇਜਿਆ। ਉਹਨਾਂ ਮਹਾਰਾਜ ਜੀ ਨੂੰ ਦੱਸਿਆ ਕਿ ਖੀਰ ਸਮਾਪਤ ਹੋ ਗਈ ਹੈ,ਤਾਂ ਮਹਾਰਾਜ ਸਰਵਣ ਦਾਸ ਜੀ ਨੇ ਕਿਹਾ ਕਿ ਚਲੋ ਅਸੀਂ ਚੱਲ ਕੇ ਵੇਖਦੇ ਹਾਂ।

ਜਦੋਂ ਮਹਾਰਾਜ ਜੀ ਨੇ ਸਭ ਸੇਵਾਦਾਰਾਂ ਨੂੰ ਨਾਲ ਲੈ ਕੇ ਰਸੋਈ ਵਿਚ ਖੀਰ ਵਾਲੀ ਬਲਟੋਈ ਦੇਖੀ ਤਾਂ ਉਸ ਸਮੇਂ ਬਲਟੋਈ ਖੀਰ ਨਾਲ ਭਰੀ ਹੋਈ ਸੀ। ਮਹਾਰਾਜ ਸਰਵਣ ਦਾਸ ਜੀ ਕਹਿਣ ਲੱਗੇ,"ਤੁਸੀਂ ਕਹਿੰਦੇ ਕਿ ਖੀਰ ਹੈ ਨਹੀਂ, ਖੀਰ ਤਾਂ ਬਹੁਤ ਹੈ"। ਸਭ ਸੰਗਤਾਂ ਹੈਰਾਨ ਹੋ ਗਈਆਂ ਤੇ ਮਹਾਰਾਜ ਜੀ ਵੀ ਮੁਸਕਰਾਉਣ ਲੱਗੇ। ਆਈਆਂ ਸੰਗਤਾਂ ਨੂੰ ਖੀਰ ਖਵਾਈ ਗਈ।

## ਸਾਖੀ ਨੰਬਰ 108

**ਸ਼੍ਰੀ ਸਦਾ ਰਾਮ ਤੇ ਬੀਬੀ ਹਰਬੰਸ ਕੌਰ ਦੀ ਸ਼ੰਕਾ ਨਵਿਰਤ ਕਰਨੀ।**

ਇਕ ਸਮੇਂ ਦੀ ਗੱਲ ਹੈ ਕਿ ਸਰਮਸਤਪੁਰ ਤੋਂ ਸ਼੍ਰੀ ਸਦਾ ਰਾਮ ਅਤੇ ਉਹਨਾਂ ਦੀ ਪਤਨੀ ਬੀਬੀ ਹਰਬੰਸ ਕੌਰ ਨੇ ਡੇਰੇ ਵਿਚ ਆਉਣਾ ਸੀ। ਸ਼੍ਰੀ ਸਦਾ ਰਾਮ ਨੇ ਆਪਣੀ

ਘਰ ਵਾਲੀ ਨੂੰ ਕਿਹਾ ਕਿ ਦੋ ਰੁਪਏ ਮੇਰੀ ਜੇਬ ਵਿਚ ਪਾ ਦਿਉ। ਆਪਾ ਸੰਤਾਂ ਨੂੰ ਨਮਸਕਾਰ ਕਰਨੀ ਹੈ ਤਾਂ ਬੀਬੀ ਹਰਬੰਸ ਕੌਰ ਨੇ ਉਹਨਾਂ ਦੀ ਜੇਬ ਵਿਚ ਦੋ ਰੁਪਏ ਪਾ ਦਿੱਤੇ ਤੇ ਕਿਹਾ,“ ਸੰਤਾਂ ਨੂੰ ਮੱਥਾ ਇਕ ਰੁਪਏ ਨਾਲ ਵੀ ਟੇਕਿਆ ਜਾ ਸਕਦਾ ਹੈ”।

ਜਦੋਂ ਉਹ ਦੋਨੋਂ ਡੇਰੇ ਪਹੁੰਚੇ ਤਾਂ ਸ਼੍ਰੀ ਸਦਾ ਰਾਮ ਨੇ ਮਹਾਰਾਜ ਸਰਵਣ ਦਾਸ ਜੀ ਅੱਗੇ ਦੋ ਰੁਪਏ ਰੱਖੇ ਅਤੇ ਦੋਨਾਂ ਨੇ ਨਮਸਕਾਰ ਕੀਤੀ ਤਾਂ ਮਹਾਰਾਜ ਜੀ ਨੇ ਫ਼ਰਮਾਇਆ,“ਕੁੜੇ ਇਕ ਰੁਪਏ ਨਾਲ ਵੀ ਮੱਥਾ ਟੇਕਿਆ ਜਾ ਸਕਦਾ ਹੈ”।ਕਹਿੰਦੇ ਹੋਏ ਮਹਾਰਾਜ ਜੀ ਨੇ ਇਕ ਰੁਪਇਆ ਬੀਬੀ ਹਰਬੰਸ ਕੌਰ ਨੂੰ ਵਾਪਸ ਕਰ ਦਿੱਤਾ।ਦੋਵੇਂ ਜੀ ਇਹ ਕੌਤਕ ਦੇਖ ਕੇ ਹੈਰਾਨ ਰਹਿ ਗਏ।

## ਸਾਖੀ ਨੰਬਰ 109

### ਸੰਤ ਮਾਰਗ ਪਵਿੱਤਰਤਾ ਦਾ ਮਾਰਗ ਹੈ

ਇਕ ਸਮੇਂ ਸ਼੍ਰੀ ਸਦਾ ਰਾਮ ਅਤੇ ਬੀਬੀ ਹਰਬੰਸ ਕੌਰ ਡੇਰੇ ਵਿਖੇ ਮਹਾਰਾਜ ਜੀ ਨੂੰ ਨਮਸਕਾਰ ਕਰਨ ਲਈ ਗੜਵੀ ਵਿੱਚ ਦੁੱਧ ਪਾ ਕੇ ਮੱਥਾ ਟੇਕਣ ਆ ਰਹੇ ਸਨ।ਬੀਬੀ ਹਰਬੰਸ ਕੌਰ ਨੇ ਦੁੱਧ ਵਾਲੀ ਗੜਵੀ ਰਸਤੇ ਵਿੱਚ ਹੀ ਰੱਖ ਦਿੱਤੀ ਅਤੇ ਬੱਲਾਂ ਵਾਲੀਆਂ ਸੇਵਾਦਾਰ ਬੀਬੀਆਂ ਨਾਲ ਜੱਫੀਆਂ ਪਾ ਕੇ ਮਿਲਣ ਲੱਗ ਪਈ।ਜਦੋਂ ਬੀਬੀ ਮਹਾਰਾਜ ਜੀ ਦੇ ਚਰਨਾਂ ਵਿਚ ਦੁੱਧ ਦੀ ਗੜਵੀ ਰੱਖ ਕੇ ਮੱਥਾ ਟੇਕਣ ਲੱਗੀ ਤਾਂ ਸੰਤ ਸਰਵਣ ਦਾਸ ਜੀ ਮਹਾਰਾਜ ਕਹਿਣ ਲੱਗੇ, ਜਾ ਕੁੜੇ ਪਹਿਲਾਂ ਦੁੱਧ ਵਾਲੀ ਗੜਵੀ ਨੂੰ ਬਾਹਰੋਂ ਪਾਣੀ ਨਾਲ ਧੋ ਕੇ ਲਿਆ।ਦੁੱਧ ਵਾਲੀ ਗੜਵੀ ਕਦੇ ਥੱਲੇ ਨਹੀਂ ਰੱਖੀ ਦੀ।”

ਜਦੋਂ ਮਹਾਂ-ਪੁਰਸ਼ਾਂ ਦੇ ਦਰਸ਼ਨਾਂ ਨੂੰ ਆਉਣਾ ਹੋਵੇ ਫਿਰ ਸਿੱਧਾ ਆਉਣਾ ਚਾਹੀਦਾ ਹੈ। ਰਸਤੇ ਵਿਚ ਰੁਕਣਾ ਨਹੀਂ ਚਾਹੀਦਾ ਹੈ। ਬੀਬੀ ਹਰਬੰਸ ਕੌਰ ਅਤੇ ਸ਼੍ਰੀ ਸਦਾ ਰਾਮ ਜੀ ਨੇ ਮਹਾਰਾਜ ਜੀ ਕੋਲੋਂ ਮਾਫ਼ੀ ਮੰਗੀ ਅਤੇ ਦੋਨੋਂ ਜੀਅ ਮਹਾਰਾਜ ਸੁਆਮੀ ਸਰਵਣ ਦਾਸ ਜੀ ਦੀ ਅਧਿਆਤਮਿਕ ਸ਼ਕਤੀ ਤੋਂ ਹੈਰਾਨ ਰਹਿ ਗਏ।

## ਸਾਖੀ ਨੰਬਰ 110

### ਔਲਾਦ ਦੀ ਬਖ਼ਸ਼ਿਸ਼ ਕਰਨੀ।

ਇੱਕ ਸਮੇਂ ਦੀ ਗੱਲ ਹੈ ਸ਼੍ਰੀ ਸਦਾ ਰਾਮ ਜੀ ਜਦੋਂ ਵੀ ਫ਼ੌਜ ਵਿੱਚੋਂ ਛੁੱਟੀ ਆਉਂਦੇ ਤਾਂ ਡੇਰੇ ਵਿਖੇ ਮਹਾਰਾਜ ਦੀ ਸੰਗਤ ਵਿਚ ਆ ਜਾਂਦੇ। ਸਿਆਲਾਂ ਦੇ ਦਿਨ ਸਨ, ਦੋਨੋਂ ਪਤੀ-ਪਤਨੀ ਡੇਰੇ ਵਿਖੇ ਮਹਾਰਾਜ ਜੀ ਪਾਸ ਬੈਠੇ ਸਨ। ਉਸ ਸਮੇਂ ਇੱਕ ਬੀਬੀ ਡੇਰੇ

ਵਿਖੇ ਆਈ। ਉਸਨੇ ਮਹਾਰਾਜ ਜੀ ਪਾਸ ਬੇਨਤੀ ਕੀਤੀ ਕਿ "ਮਹਾਰਾਜ ਜੀ ਮੇਰੇ ਕੋਈ ਔਲਾਦ ਨਹੀਂ, ਕਿਰਪਾ ਕਰੋ"।

ਮਹਾਰਾਜ ਜੀ ਨੇ ਸੰਤ ਚੇਤਨ ਦਾਸ ਨੂੰ ਆਵਾਜ਼ ਮਾਰੀ, "ਚੇਤਨ ਦਾਸਾ ਬੀਬੀ ਕੁਝ ਮੰਗਦੀ ਹੈ"। ਸਭ ਸੰਗਤਾਂ ਦੇਖਦੀਆਂ ਸਨ। ਉਸ ਸਮੇਂ ਡੇਰੇ ਵਿਖੇ ਅੰਬਾਂ ਦੇ ਬਹੁਤ ਬੂਟੇ ਸਨ ਅਤੇ ਇਕ ਅੰਬ ਦੇ ਬੂਟੇ ਨੂੰ ਇੱਕ ਹੀ ਬੇਮੌਸਮਾ ਅੰਬ ਲੱਗਾ ਹੋਇਆ ਸੀ। ਸੰਤ ਚੇਤਨ ਦਾਸ ਜੀ ਨੇ ਉਸ ਅੰਬ ਥੱਲੇ ਲੋਈ ਕੀਤੀ। ਝੋਲੀ ਵਿਚ ਅੰਬ ਡਿੱਗ ਪਿਆ। ਉਹਨਾਂ ਅੰਬ ਮਹਾਰਾਜ ਜੀ ਨੂੰ ਲਿਆ ਕੇ ਦੇ ਦਿੱਤਾ ਅਤੇ ਕਿਹਾ, "ਮਹਾਰਾਜ ਜੀ ਇਹ ਅੰਬ ਇਸ ਬੀਬੀ ਦੀ ਝੋਲੀ ਪਾ ਦਿਉ"। ਮਹਾਰਾਜ ਸਰਵਣ ਦਾਸ ਜੀ ਨੇ ਉਹ ਅੰਬ ਬੀਬੀ ਦੀ ਝੋਲੀ ਪਾ ਦਿੱਤਾ। ਇਸ ਕੌਤਕ ਨੂੰ ਸ਼੍ਰੀ ਸਦਾ ਰਾਮ ਅਤੇ ਬੀਬੀ ਹਰਬੰਸ ਕੌਰ ਤੋਂ ਇਲਾਵਾ ਹੋਰ ਸੰਗਤਾਂ ਵੀ ਵੇਖ ਰਹੀਆਂ ਸਨ।

ਸਾਲ ਬਾਅਦ ਫਿਰ ਇਕ ਦਿਨ ਸ਼੍ਰੀ ਸਦਾ ਰਾਮ ਪਤਨੀ ਸਮੇਤ ਡੇਰੇ ਵਿਖੇ ਆਏ। ਉਸ ਵਕਤ ਉਹ ਬੀਬੀ ਜਿਸਨੂੰ ਸੰਤਾਂ ਨੇ ਅੰਬ ਦਾ ਫ਼ਲ ਦਿੱਤਾ ਸੀ, ਉਹ ਬੀਬੀ ਆਪਣੇ ਕੁੱਛੜ ਪੁੱਤਰ ਨੂੰ ਚੁੱਕੀ ਸੰਤਾਂ ਦੇ ਮੱਥਾ ਟੇਕਣ ਆਈ ਹੋਈ ਸੀ। ਇਸ ਪ੍ਰਕਾਰ ਮਹਾਰਾਜ ਜੀ ਨੇ ਉਸ ਬੀਬੀ ਨੂੰ ਪੁੱਤਰ ਦੀ ਦਾਤ ਬਖ਼ਸ਼ੀ।

-ਖੁਦ ਸ਼੍ਰੀ ਸਦਾ ਰਾਮ ਅਤੇ ਉਹਨਾਂ ਦੀ ਬੀਬੀ ਹਰਬੰਸ ਕੌਰ
ਪਿੰਡ ਸਰਮਸਤਪੁਰ **ਮਿਤੀ** 22.07.2003

## **ਸਾਖੀ ਨੰਬਰ 111**

## **ਬੀਬੀ ਦੇ ਰੋਗ ਕੱਟਣੇ।**

1965 ਈਸਵੀ ਦੀ ਗੱਲ ਹੈ ਕਿ ਸ਼੍ਰੀ ਕਰਮ ਚੰਦ ਪੁੱਤਰ ਸ਼੍ਰੀ ਬੀਰੂ ਰਾਮ ਪਿੰਡ ਦੂਹੜੇ ਵਾਲੇ ਡੇਰੇ ਵਿਖੇ ਮਹਾਰਾਜ ਜੀ ਦੇ ਦਰਸ਼ਨ ਕਰਨ ਆਏ ਹੋਏ ਸਨ। ਗਰਮੀਆਂ ਦੇ ਦਿਨ ਸਨ। ਮਹਾਰਾਜ ਜੀ ਥੜ੍ਹੇ ਉੱਪਰ ਬਿਰਾਜਮਾਨ ਸਨ। ਸੰਗਤਾਂ ਸਤਿਸੰਗ ਸਰਵਣ ਕਰ ਰਹੀਆਂ ਸਨ। ਐਨੇ ਨੂੰ ਇਕ ਬੀਬੀ ਜਿਸ ਕੋਲ ਸਾਲ ਕੁ ਦਾ ਬੱਚਾ ਸੀ। ਰੋਂਦੀ ਹੋਈ ਨੇ ਮਹਾਰਾਜ ਜੀ ਦੇ ਚਰਨਾਂ ਉੱਪਰ ਮੱਥਾ ਟੇਕਿਆ। ਮਹਾਰਾਜ ਜੀ ਨੇ ਚਾਰ-ਪੰਜ ਜੋੜੇ ਮਾਰੇ ਅਤੇ ਕਿਹਾ ਕਿ, "ਉਸ ਅੰਬ ਥੱਲੇ ਬੈਠ"।

15 ਕੁ ਮਿੰਟ ਬਾਅਦ ਉਸ ਬੀਬੀ ਨੂੰ ਆਪਣੇ ਪਾਸ ਬੁਲਾਇਆ ਅਤੇ ਕਿਹਾ, "ਲੰਗਰ ਵਿਚੋਂ ਚਾਹ-ਪਾਣੀ ਪੀ ਕੇ ਆ"। ਜਦੋਂ ਉਹ ਚਾਹ-ਪਾਣੀ ਪੀ ਕੇ ਵਾਪਸ ਆਈ ਤੇ ਮਹਾਰਾਜ ਜੀ ਨੇ ਕਿਹਾ, "ਦੱਸ ਕੁੜੇ ਕੀ ਗੱਲ ਹੈ" ? ਬੀਬੀ ਨੇ ਕਿਹਾ, "ਮਹਾਰਾਜ ਜੀ ਮੈਨੂੰ ਬਹੁਤ ਚਿਰ ਤੋਂ ਬੇਚਿੰਤੀ ਸੀ, ਮੈਂ ਬਹੁਤ ਇਲਾਜ ਕਰਵਾਇਆ,

ਪਰ ਆਪ ਨੇ ਜੋ ਜੋੜੇ ਲਗਾਏ ਹਨ ਉਸ ਨਾਲ ਮੈਂ ਸ਼ਾਂਤ ਹੋ ਗਈ ਹਾਂ"। ਇਹ ਕੌਤਕ ਸ਼੍ਰੀ ਕਰਮ ਚੰਦ ਤੇ ਕੁਝ ਸੰਗਤਾਂ ਦੇਖ ਕੇ ਹੈਰਾਨ ਰਹਿ ਗਈਆਂ।

-- ਸ਼੍ਰੀ ਕਰਮ ਚੰਦ ਪੁੱਤਰ ਸ਼੍ਰੀ ਬੀਰੂ ਰਾਮ
ਪਿੰਡ ਦੂਹੜੇ, ਜਲੰਧਰ, ਮਿਤੀ 22-07-2003

## ਸਾਖੀ ਨੰਬਰ 112
## ਅਮਰੂ ਉੱਠ ਕੇ ਬੈਠ ਜਾਹ।

ਐਤਵਾਰ ਦਾ ਦਿਨ ਸੀ। ਸੰਨ 1976 ਦੇ ਮਾਰਚ ਮਹੀਨੇ ਦੀ 14 ਤਰੀਕ ਸੀ (14.03.1976)। ਸਰਦੀ ਦਾ ਮੌਸਮ ਸੀ। ਸੌਣ ਤੋਂ ਪਹਿਲਾਂ ਅਮਰ ਨਾਥ (ਪਿੰਡ ਮੰਨਣ) ਨੇ ਦੁਕਾਨ ਦਾ ਸ਼ਟਰ ਬੰਦ ਕੀਤਾ ਤੇ ਸੌਂ ਗਿਆ। ਤਕਰੀਬਨ ਗਿਆਰਾਂ ਵਜੇ ਦਾ ਸਮਾਂ ਸੀ। ਅਮਰ ਨਾਥ ਨੂੰ ਖੜਾਕ ਸੁਣਾਈ ਦਿੱਤੀ। ਇਹ ਕੀ ? ਇਹ ਤਾਂ ਚੋਰ ਸਨ ਜੋ ਅਮਰ ਨਾਥ ਦੀ ਦੁਕਾਨ ਦੇ ਨਾਲ ਵਾਲੀਆਂ ਦੁਕਾਨਾਂ ਦੇ ਤਾਲੇ ਤੋੜ ਕੇ ਸਮਾਨ ਲੁੱਟ ਰਹੇ ਸਨ। ਜਦੋਂ ਕੋਈ ਗੱਡੀ ਆਉਂਦੀ ਤੇ ਰੌਸ਼ਨੀ ਹੁੰਦੀ ਉਹ ਛੁੱਪ ਜਾਂਦੇ। ਗੱਡੀ ਦੇ ਲੰਘ ਜਾਣ ਮਗਰੋਂ ਫਿਰ ਆਪਣਾ ਕੰਮ ਸ਼ੁਰੂ ਕਰ ਦਿੰਦੇ। ਆਸ-ਪਾਸ ਦੀਆਂ ਕਈ ਦੁਕਾਨਾਂ ਉਨ੍ਹਾਂ ਲੁੱਟੀਆਂ। ਇੱਧਰ ਅਮਰ ਨਾਥ ਸਰਦੀ ਦੀ ਠੰਡੀ ਰਾਤ ਵਿਚ ਹੀ ਘਬਰਾਹਟ ਕਾਰਨ ਪਸੀਨੇ ਨਾਲ ਲੱਥ ਪੱਥ ਸੀ। ਚੋਰ ਗਿਣਤੀ ਵਿਚ ਜ਼ਿਆਦਾ ਸਨ। ਅਮਰ ਨਾਥ ਨੂੰ ਡਰ ਸੀ ਕਿ ਦੁਕਾਨ ਲੁੱਟ ਜਾਣ ਦੇ ਨਾਲ-ਨਾਲ ਕਿਤੇ ਚੋਰ ਉਸਨੂੰ ਖਤਮ ਨਾ ਕਰ ਦੇਣ। ਹੁਣ ਉਸਨੂੰ ਦੁਕਾਨ ਵਿਚ ਪਈ ਰਕਮ ਅਤੇ ਸਾਰਾ ਸਮਾਨ ਆਪਣੀ ਜਾਨ ਸਾਹਮਣੇ ਤੁੱਛ ਜਾਪ ਰਿਹਾ ਸੀ। ਪਤਾ ਨਹੀਂ ਚੋਰ ਲੁੱਟਣ ਤੋਂ ਬਾਅਦ ਉਸਨੂੰ ਜਿਉਂਦਾ ਛੱਡਣਗੇ ਜਾਂ ਮਾਰ ਦੇਣਗੇ। ਇਹੀ ਸੋਚਾਂ ਉਸਨੂੰ ਪਾਣੀ-ਪਾਣੀ ਕਰੀ ਜਾ ਰਹੀਆਂ ਸਨ।

ਇਨ੍ਹਾਂ ਸੋਚਾਂ ਅਤੇ ਡਰ ਦੇ ਤੂਫ਼ਾਨ ਵਿੱਚੋਂ ਪਾਰ ਲੰਘਾਉਣ ਹਿੱਤ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਦਾ ਨੂਰਾਨੀ ਸਰੂਪ ਅਮਰ ਨਾਥ ਪਾਸ ਆਇਆ। ਚਾਨਣ ਹੀ ਚਾਨਣ ਹੋ ਗਿਆ। ਉੱਧਰ ਚੋਰ ਆਸ -ਪਾਸ ਦੀਆਂ ਦੁਕਾਨਾਂ ਲੁੱਟਣ ਤੋਂ ਬਾਦ ਅਮਰ ਨਾਥ ਦੀ ਦੁਕਾਨ ਦੇ ਸ਼ਟਰ ਨੂੰ ਚੁੱਕਣ ਲਈ ਦੋਹੀਂ ਪਾਸੀਂ ਸੱਬਲਾਂ ਫਸਾ ਰਹੇ ਹਨ। ਏਧਰ ਸਤਿਗੁਰੂ ਜੀ ਦਾ ਨੂਰੀ ਸਰੂਪ ਅਮਰ ਨਾਥ ਪਾਸ ਖੜ੍ਹਾ ਹੈ। ਚੋਰਾਂ ਕੋਲੋਂ ਸ਼ਟਰ ਚੁੱਕ ਨਾ ਹੋਇਆ। ਥੱਕ ਹਾਰ ਕੇ ਚਲੇ ਗਏ।

ਉਪਰੋਕਤ ਘਟਨਾ 14.03.76 ਅਤੇ ਇਸ ਤੋਂ ਪਿਛਲੀ ਘਟਨਾ ਜਿਸ ਵਿਚ ਮਹਾਰਾਜ ਜੀ ਨੇ ਅਮਰ ਨਾਥ ਹੋਰਾਂ ਨੂੰ ਸਬਜ਼ੀ ਵੇਚਣ ਦਾ ਕੰਮ ਸ਼ੁਰੂ ਕਰਨ ਲਈ ਆਖਿਆ ਸੀ, ਜੋ 26.01.1970 ਦੀ ਘਟਨਾ ਸੀ ਦੇ ਵਿਸ਼ੇ-ਵਸਤੂ ਦੇ ਮੱਦੇ ਨਜ਼ਰ

ਸਤਿਗੁਰੂ ਸਵਾਮੀ ਸਰਵਣ ਦਾਸ ਜੀ ਦੇ ਵਿਸਮਾਦੀ ਪ੍ਰੇਮ ਵਿਚ ਭਿੱਜ ਕੇ ਅਮਰ ਨਾਥ ਨੇ ਅੱਗੇ ਲਿਖੀ ਕਵਿਤਾ ਜੋੜੀ–

26.01.1970 ਸੰਨ ਜਾਣੋ ਯਾਦ ਇਨ੍ਹਾਂ ਨੂੰ ਕੀਤਾ
ਜਿਹੜੇ ਵਚਨ ਜ਼ਬਾਨੋਂ ਬੋਲੇ ਰੱਬ ਦਿਆਂ ਇਨ੍ਹਾਂ ਸ਼ਰੀਕਾਂ
ਉਹ ਤਾਂ ਮਿਟਣੇ ਨਹੀਂ ਉਹ ਪੱਥਰਾਂ ਤੇ ਲੀਕਾਂ

ਉਹ ਤਾਂ ਮਿਟਣੇ ਨਹੀਂ।................
14.03.1976 ਜਾਣੋ ਐਤਵਾਰ ਦਿਨ ਆ ਗਿਆ,
ਅਮਰੂ ਉੱਠ ਕੇ ਬਹਿ ਜਾਹ ਜੋਗੀ ਇੱਕ ਜਗਾ ਗਿਆ।
ਐਤਵਾਰ ਫਿਰ ਤੁਰ ਕੇ ਲੰਘ ਗਿਆ,
ਟਾਇਮ ਸੌਣ ਦਾ ਆ ਗਿਆ,
ਅਮਰੂ ਉੱਠ..................
9.35 ਦਾ ਟਾਇਮ ਹੋ ਗਿਆ,
ਜ਼ੋਰ ਨੀਂਦ ਨੇ ਪਾ ਲਿਆ
ਅਮਰੂ ਉੱਠ................
ਇਸ ਜੋਗੀ ਦੀ ਕੀ ਨਿਸ਼ਾਨੀ
ਨਾ ਕੰਨ ਮੁੰਦਰਾਂ ਨਾ ਗੱਲ ਗਾਨੀ
ਇਹ ਤਾਂ ਰੱਬ ਨੇ ਰੂਪ ਵਟਾ ਲਿਆ।
ਅਮਰੂ ਉੱਠ................
ਜਦੋਂ ਟਾਇਮ ਗਿਆਰਾਂ ਹੋਇਆ
ਇਹ ਬੱਲਾਂ ਵਿਚੋਂ ਆ ਗਿਆ
ਇਕ ਮਸਤਾਨਾ ਜੋਗੀ
ਇਹ ਆ ਕੇ ਗੱਲ ਸਮਝਾ ਗਿਆ
ਅਮਰੂ ਉੱਠ................
ਹੁਣ ਸਤਿਗੁਰ ਤੇਰਾ ਆ ਗਿਆ
ਰਾਖਾ ਵੀ ਤੇਰਾ ਆ ਗਿਆ
ਅਮਰੂ ਉੱਠ................
ਜਦ ਅਮਰੂ ਨੇ ਸੁਰਤ ਸੰਭਾਲੀ ਦੀਵਾ ਬੱਤੀ ਲਾ ਲਿਆ
ਅਮਰੂ ਉੱਠ................
ਆਸੇ ਪਾਸੇ ਜਿੰਦੇ ਟੁੱਟ ਗਏ

ਚੋਰਾਂ ਨੇ ਘੇਰਾ ਪਾ ਲਿਆ
ਅਮਰੂ ਉੱਠ................
ਦਿਲ ਅਮਰੂ ਦਾ ਡੋਲਾ ਖਾ ਗਿਆ
ਅਮਰੂ ਉੱਠ ਕੇ ਬਹਿ ਜਾ ਇਹ ਬੱਲਾਂ ਵਿਚੋਂ ਆ ਗਿਆ
ਅਮਰੂ ਉੱਠ................
ਜੋਗੀ ਆਪਣਾ ਨਾਮ ਜਪਾ ਗਿਆ
ਅਮਰੂ ਨੂੰ ਸਤਿਨਾਮ ਜਪਾ ਗਿਆ
ਅਮਰੂ ਉੱਠ ਕੇ ਬਹਿ ਜਾਹ ਇਹ ਚੋਰਾਂ ਤੋਂ ਛੁਡਾ ਗਿਆ
ਅਮਰੂ ਉੱਠ................
ਅੱਗੋਂ ਹਾਲ ਸਤਿਗੁਰੂ ਜਾਣੇ
ਅਮਰੂ ਦਾ ਦਿਲ ਘਬਰਾ ਗਿਆ
ਅਮਰੂ ਉੱਠ................
ਉਹੋ ਗੱਲ ਲਿਖੀ ਹੈ ਇੱਥੇ
ਜਿਹੜੀ ਗੱਲ ਲਿਖਾ ਗਿਆ
ਅਮਰੂ ਉੱਠ................
ਉਸ ਦਿਨ ਦੀ ਇਹ ਗੱਲ
ਜਿਸ ਦਿਨ ਕਰਮੇ ਨੂੰ ਨਾਲ ਸੁਲਾ ਲਿਆ
ਅਮਰੂ ਉੱਠ................
ਹੋ ਜਾਣਗੇ ਸਬੱਬ ਨਾਲ ਮੇਲੇ
ਵਿਛੜੀਆਂ ਸੰਗਤਾਂ ਦੇ
ਅੰਗ ਸੰਗ ਹੋ ਕੇ ਸਹਾਇਤਾ ਉਹੋ ਕਰਦੇ ਆ
ਕਿਤੇ ਗਇਓ ਨਹੀਂ ਹਾਜ਼ਰ ਨਾਜ਼ਰ ਆ।
29.03.76 ਨੂੰ ਗੁਰਮੇਲ ਮੇਰੇ ਕੋਲ ਆਇਆ ਸੀ
ਉਹਨੂੰ ਇਹ ਭਜਨ ਸੁਣਾਇਆ ਸੀ
ਗੁਰਮੇਲ ਇਹੋ ਗੱਲ ਕਹਿੰਦਾ ਸੀ
ਮੈਂ ਹੋਰ ਵੀ ਵਾਧਾ ਕਰਨਾ ਸੀ
ਗੁਰਮੇਲ ਨੂੰ ਚੁੱਪ ਕਰਾਇਆ ਸੀ
ਗੁਰਮੇਲ ਘਰਾਂ ਨੂੰ ਆਇਆ ਸੀ

ਮਗਰੋਂ ਇਹ ਲੇਖ ਲਿਖਾਇਆ ,
ਗੁਰਮੇਲ ਇਹੋ ਗੱਲ ਕਹਿੰਦਾ ਆ
ਜਿਹੜਾ ਨਾਂ ਸੰਤਾਂ ਦਾ ਲੈਂਦਾ ਆ
ਬੂਟੇ ਨੂੰ ਇਹ ਗੱਲ ਕਹਿ ਦਈਂ
ਗੁਰਮੇਲ ਇਹੋ ਗੱਲ ਕਹਿੰਦਾ ਆ
ਜਿਹੜਾ ਵਿਚ ਕੁਟੀਆ ਦੇ ਰਹਿੰਦਾ ਆ
ਇਕ ਬੂਟਾ ਲਾ ਗਇਓ ਆ ਕੁਟੀਆ ਵਿਚ ਜਿਸਨੂੰ ਹਵਾਈਗਰ ਕਹਿ ਕੇ ਆਵਾਜ਼ ਮਾਰਦੇ ਹੁੰਦੇ ਸੀ
ਇਹ ਗੱਲ ਵੀ ਚੰਗੀ ਲੱਗਦੀ ਆ
ਕਿੰਗ ਜੋੜੀ ਅੰਦਰੋਂ ਵੱਜਦੀ ਆ
ਜੈ ਸੰਤਾਂ ਦੀ।

--------

## ਸਾਖੀ ਨੰਬਰ 113

## ਸ਼੍ਰੀ ਜੈਮਲ ਸਿੰਘ ਦੇ ਅੱਖਾਂ ਦੀ ਰੌਸ਼ਨੀ ਠੀਕ ਕਰਨੀ।

ਸ਼੍ਰੀ ਜੈਮਲ ਸਿੰਘ ਜੀ ਪਿੰਡ ਰਾਊਵਾਲੀ ਦੇ ਵਸਨੀਕ ਸਨ ਅਤੇ ਉਨ੍ਹਾਂ ਦਾ ਸੰਤ ਸਰਵਣ ਦਾਸ ਮਹਾਰਾਜ ਜੀ ਨਾਲ ਬਹੁਤ ਪਿਆਰ ਸੀ। ਉਹ ਹਰ ਸੰਗਰਾਂਦ, ਹਰ ਪੁੰਨਿਆਂ ਅਤੇ ਹਰ ਮੱਸਿਆ ਵਾਲੇ ਦਿਨ ਡੇਰੇ ਵਿਖੇ ਆ ਕੇ ਖੜਤਾਲਾਂ ਵਜਾ ਕੇ ਸ਼੍ਰੀ ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ। ਇੱਕ ਸਮੇਂ ਦੀ ਗੱਲ ਹੈ ਕਿ ਉਨ੍ਹਾਂ ਨੂੰ ਦਿਖਾਈ ਦੇਣੋ ਹਟ ਗਿਆ। ਕੁਝ ਦਿਨ ਉਹ ਡੇਰੇ ਨਾ ਆਏ। ਜਿਸ ਸਮੇਂ ਸੰਤ ਸਰਵਣ ਦਾਸ ਜੀ ਮਹਾਰਾਜ ਰਾਊਵਾਲੀ ਦੇਖਣ ਉਹਨਾਂ ਦੇ ਘਰ ਗਏ ਤਾਂ ਸ਼੍ਰੀ ਜੈਮਲ ਸਿੰਘ ਨੇ ਕਿਹਾ ਕਿ ਮੇਰੀ ਨਿਗ੍ਹਾ ਬੰਦ ਹੋ ਗਈ ਹੈ ਇਸ ਕਰਕੇ ਮੈਂ ਡੇਰੇ ਨਹੀਂ ਆ ਸਕਿਆ। ਉਸ ਸਮੇਂ ਰਸਤੇ ਕੱਚੇ ਹੁੰਦੇ ਸਨ। ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ ਕਿ ਤੁਸੀਂ ਕੁਝ ਪੈਸੇ ਦੇ ਕੇ ਕਿਸੇ ਲੜਕੇ ਨੂੰ ਨਾਲ ਲੈ ਕੇ ਡੇਰੇ ਆ ਜਾਇਆ ਕਰੋ। ਉਹ ਕੁਝ ਮਹੀਨੇ ਇਸ ਤਰ੍ਹਾਂ ਕਰਦੇ ਰਹੇ। ਇਕ ਸਮੇਂ ਉਹ ਡੇਰੇ ਆਏ ਤਾਂ ਸੰਤ ਸਰਵਣ ਦਾਸ ਜੀ ਮਹਾਰਾਜ ਅੱਗੇ ਬੇਨਤੀ ਕੀਤੀ ਕਿ, "ਮਹਾਰਾਜ ਜੀ ਜਾਂ ਤਾਂ ਮੇਰੀ ਮੁਕਤੀ ਕਰ ਦਿਉ ਜਾਂ ਫਿਰ ਮੇਰੀ ਨਿਗ੍ਹਾ ਠੀਕ ਕਰ ਦਿਉ"। ਮਹਾਰਾਜ ਸਰਵਣ ਦਾਸ ਜੀ ਨੇ ਪਾਸ ਬੈਠੀ ਇਕ ਬੀਬੀ ਨੂੰ ਕਿਹਾ ਕੇ ਕੁੜੇ ਇਸ ਬੰਦੇ ਦੀਆਂ ਅੱਖਾਂ ਤੇ ਹੱਥ ਫੇਰ ਦੇ। ਪਰ ਉਸ ਬੀਬੀ

ਨੇ ਅਜਿਹਾ ਨਾ ਕੀਤਾ। ਜਦੋਂ ਮਹਾਰਾਜ ਜੀ ਨੇ ਤੀਸਰੀ ਵਾਰ ਕਿਹਾ ਤਾਂ ਉਸ ਨੇ ਆਪਣਾ ਹੱਥ ਸ਼੍ਰੀ ਜੈਮਲ ਸਿੰਘ ਜੀ ਦੀਆਂ ਅੱਖਾਂ ਤੇ ਫੇਰ ਦਿੱਤਾ।ਅਜਿਹਾ ਕਰਨ ਤੋਂ ਬਾਅਦ ਉਸ ਨੂੰ ਥੋੜ੍ਹਾ ਸਾਫ਼ ਦਿਖਾਈ ਦੇਣ ਲੱਗਾ। ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ ਕਿ ਇਹ ਬੀਬੀ ਭਜਨ ਬੰਦਗੀ ਕਰਨ ਵਾਲੀ ਹੈ। ਜਿਸ ਦੇ ਇਸ ਤਰ੍ਹਾਂ ਕਰਨ ਨਾਲ ਸ਼੍ਰੀ ਜੈਮਲ ਸਿੰਘ ਤੁਹਾਨੂੰ ਥੋੜ੍ਹਾ ਦਿਖਾਈ ਦੇਣ ਲੱਗਾ ਹੈ, ਤਾਂ ਉਸ ਬੀਬੀ ਨੇ ਕਿਹਾ ਕਿ,"ਮਹਾਰਾਜ ਜੀ, ਮੇਰਾ ਤਾਂ ਪੱਜ ਹੀ ਹੈ ਸਭ ਕੁਝ ਤਾਂ ਆਪ ਹੀ ਕਰ ਰਹੇ ਹੋ"। ਇਸ ਘਟਨਾ ਤੋਂ ਬਾਅਦ ਸ਼੍ਰੀ ਜੈਮਲ ਸਿੰਘ ਜੀ ਦੀ ਅੱਖਾਂ ਦੀ ਰੌਸ਼ਨੀ ਆਉਣੀ ਸ਼ੁਰੂ ਹੋ ਗਈ ਅਤੇ ਇਸ ਤੋਂ ਬਾਅਦ ਉਹ ਅਕਸਰ ਡੇਰੇ ਵਿਖੇ ਆ ਕੇ ਸਵੇਰੇ ਚਾਰ ਵਜੇ ਕੀਰਤਨ ਕਰਿਆ ਕਰਦੇ ਸਨ।

(ਸ. ਸੋਹਣ ਸਿੰਘ ਸੰਘਵਾਲ, ਮਿਤੀ 23-07-2003)

## ਸਾਖੀ ਨੰਬਰ 114

## ਸਵਰਨ ਦਾਸ ਪਹਿਲਵਾਨ ਦੀ ਭਵਿੱਖਬਾਣੀ ਕਰਨੀ

ਸ਼੍ਰੀ ਭਗਤ ਰਾਮ ਤੇ ਬੀਬੀ ਨਾਮੀ ਪਿੰਡ ਰਾਏਪੁਰ ਰਸੂਲਪੁਰ ਵਾਲੇ ਸੰਤ ਸਰਵਣ ਦਾਸ ਜੀ ਮਹਾਰਾਜ ਦੇ ਸ਼ਰਧਾਲੂ ਸਨ।ਮਹਾਰਾਜ ਜੀ ਉਹਨਾਂ ਦੇ ਗ੍ਰਹਿ ਵਿਖੇ ਜਾਇਆ ਕਰਦੇ ਸਨ।

ਇਕ ਸਮੇਂ ਸੰਤ ਸਰਵਣ ਦਾਸ ਜੀ ਉਹਨਾਂ ਦੇ ਘਰ ਗਏ। ਉਸ ਸਮੇਂ ਬਾਲਕ ਸਵਰਨ ਦਾਸ ਜਿਸ ਦੀ ਉਮਰ ਲਗਭਗ ਦੋ ਸਾਲ ਦੀ ਸੀ। ਜਦੋਂ ਬੀਬੀ ਨਾਮੀ ਨੇ ਇਸ ਬਾਲਕ ਦਾ ਮੱਥਾ ਮਹਾਰਾਜ ਜੀ ਨੂੰ ਟੇਕਿਆ ਤਾਂ ਉਸ ਸਮੇਂ ਮਹਾਰਾਜ ਜੀ ਨੇ ਫ਼ਰਮਾਇਆ,"ਇਸ ਬਾਲਕ ਨੇ ਵੱਡਾ ਹੋ ਕੇ ਡੇਰੇ ਵਿਖੇ ਸੇਵਾ ਕਰਨੀ ਹੈ"।

ਮਹਾਰਾਜ ਜੀ ਦੇ ਬੱਚਨ ਅਟੱਲ ਹੋਏ।ਸ਼੍ਰੀ ਸਵਰਨ ਦਾਸ ਪਹਿਲਵਾਨ ਹਰ ਰੋਜ਼ ਰਾਤ ਨੂੰ ਡੇਰੇ ਵਿੱਚ ਰਿਹਾ ਕਰਦੇ ਸਨ ਅਤੇ ਛੁੱਟੀ ਵਾਲੇ ਦਿਨ ਡੇਰੇ ਵਿੱਚ ਕਠਿਨ ਸੇਵਾ ਕਰਿਆ ਕਰਦੇ ਸਨ।

-ਬੀਬੀ ਚੰਨਣ ਕੌਰ ਪਤਨੀ ਸਵ. ਸ਼੍ਰੀ ਸਵਰਨ ਦਾਸ ਪਹਿਲਵਾਨ,
ਮਿਤੀ 26-07-03

## ਸਾਖੀ ਨੰਬਰ 115

## 1965 ਈਸਵੀ ਦੀ ਲੜਾਈ ਬਾਰੇ ਪਹਿਲਾਂ ਹੀ ਦੱਸਣਾ।

ਸੰਤ ਸਰਵਣ ਦਾਸ ਜੀ ਮਹਾਰਾਜ ਦਾ ਸੰਤ ਸਮਾਜ ਨਾਲ ਬਹੁਤ ਪ੍ਰੇਮ ਸੀ। ਮਹਾਰਾਜ ਜੀ ਅਕਸਰ ਸੰਤਾਂ ਨੂੰ ਮਿਲਣ ਜਾਇਆ ਕਰਦੇ ਸਨ।

1965 ਈਸਵੀ ਦੀ ਗੱਲ ਹੈ।ਡੇਰਾ 108 ਸੰਤ ਮੇਲਾ ਰਾਮ ਜੀ ਨਗਰ, ਫਿਲੌਰ ਵਿਖੇ ਸੰਤ ਸੰਮੇਲਨ ਸੀ। ਜਿਸ ਵਿਚ ਅਨੇਕਾਂ ਸੰਤ ਮਹਾਤਮਾ ਪੁੱਜੇ। ਸੰਤਾਂ ਮਹਾਪੁਰਸ਼ਾਂ ਨੇ ਪ੍ਰਵਚਨ ਕੀਤੇ।ਸੰਤ ਸਰਵਣ ਦਾਸ ਜੀ ਨੇ ਸਭ ਜੀਵਾਂ ਨੂੰ ਪਰਮਾਤਮਾ ਦਾ ਸਿਮਰਨ ਕਰਨ ਦਾ, ਪ੍ਰੇਮ ਪਿਆਰ ਨਾਲ ਰਹਿਣ ਦਾ ਪਾਵਨ ਉਪਦੇਸ਼ ਦਿੱਤਾ।ਮਹਾਰਾਜ ਜੀ ਨੇ ਸਭ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਫ਼ਰਮਾਇਆ, "ਕੁਝ ਦਿਨਾਂ ਬਾਅਦ ਸਮਾਂ ਭਿਆਨਕ ਆਏਗਾ"।ਸੰਗਤਾਂ ਸੋਚਣ ਲੱਗੀਆਂ ਕਿ ਇਹ ਸੰਤਾਂ ਨੇ ਕੀ ਕਹਿ ਦਿੱਤਾ ਹੈ। ਦੇਸ਼ ਵਿਚ ਸਭ ਪਾਸੇ ਸ਼ਾਂਤੀ ਹੈ।

ਮਹਾਰਾਜ ਜੀ ਦੇ ਵਚਨ ਅਟੱਲ ਹੋਏ।ਜਦੋਂ ਕੁਝ ਕੁ ਦਿਨਾਂ ਬਾਅਦ ਭਾਰਤ ਤੇ ਪਾਕਿਸਤਾਨ ਨੇ ਅਚਾਨਕ ਹਮਲਾ ਕਰ ਦਿੱਤਾ ਸੀ।

(ਇਹ ਸਾਖੀ ਸੰਤ ਦਰਸਨ ਦਾਸ ਜੀ ਮਹਾਰਾਜ ਨੇ ਸੰਤ ਗਰੀਬ ਦਾਸ ਜੀ ਮਹਾਰਾਜ ਨੂੰ ਸੁਣਾਈ ਸੀ)

## ਸਾਖੀ ਨੰਬਰ 116

## ਸ਼੍ਰੀ ਧੰਨਾ ਸਿੰਘ ਨੂੰ ਜ਼ਮੀਨ ਦੀ ਬਖ਼ਸ਼ਿਸ਼ ਕਰਨੀ।

ਸ਼੍ਰੀ ਧੰਨਾ ਸਿੰਘ ਅਤੇ ਉਹਨਾਂ ਦੀ ਸੁਪਤਨੀ ਬੀਬੀ ਬੰਤ ਕੌਰ ਪਿੰਡ ਟਾਂਡਾ ਰਾਮ ਸਹਾਏ ਤਹਿਸੀਲ ਦਸੂਹਾ ਜ਼ਿਲਾ ਹੁਸ਼ਿਆਰਪੁਰ ਦੇ ਵਸਨੀਕ ਸਨ।ਉਹਨਾਂ ਨੇ 1949 ਈਸਵੀ ਵਿਚ ਸੰਤ ਮਹਾਰਾਜ ਸਰਵਣ ਦਾਸ ਜੀ ਦੇ ਪਾਵਨ ਚਰਨ ਕੰਵਲਾਂ ਵਿਚ ਆਉਣਾ ਸ਼ੁਰੂ ਕੀਤਾ।1950 ਈਸਵੀ ਦੀ ਗੱਲ ਹੈ ਕਿ ਇਕ ਸਮੇਂ ਉਹਨਾਂ ਨੇ ਮਹਾਰਾਜ ਸਰਵਣ ਦਾਸ ਜੀ ਦੇ ਪਾਸ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ! ਸਾਡੇ ਪਿੰਡ 12 ਘੁਮਾ ਜ਼ਮੀਨ ਵਿਕਦੀ ਹੈ।ਅਸੀਂ ਤਿੰਨ ਜਣੇ ਮੈਂ, ਸ਼੍ਰੀ ਬੰਤਾਂ ਰਾਮ ਅਤੇ ਹੀਰਾ ਸਿੰਘ ਤਿੰਨੇ ਮਿਲ ਕੇ ਇਹ ਜ਼ਮੀਨ ਖਰੀਦਣਾ ਚਾਹੁੰਦੇ ਹਾਂ। ਆਪ ਕਿਰਪਾ ਕਰੋ ਜੀ। ਮਹਾਰਾਜ ਸਰਵਣ ਦਾਸ ਜੀ ਨੇ ਬਚਨ ਕੀਤੇ "ਧੰਨਾ ਸਿੰਘ, ਕੋਈ ਫਿਕਰ ਨਹੀਂ ਕਰਨਾ। ਉਹ ਜ਼ਮੀਨ ਆਪ ਤਿੰਨਾਂ ਨੇ ਮਿਲ ਕੇ ਖਰੀਦਣੀ ਹੈ। ਭਜਨ ਸਿਮਰਨ ਕਰਦੇ ਰਹਿਣਾ"। ਧੰਨਾ ਸਿੰਘ ਨੇ ਬੇਨਤੀ ਕੀਤੀ "ਮਹਾਰਾਜ ਜੀ! ਮੈਂ ਗਰੀਬ ਹਾਂ।ਮੈਂ ਉਹ ਜ਼ਮੀਨ ਕਿਵੇਂ ਖਰੀਦਾਂਗਾ"। ਮਹਾਰਾਜ ਸਰਵਣ ਦਾਸ ਜੀ ਨੇ ਵਚਨ ਕੀਤੇ ਕਿ 6 ਸਾਲ ਬਾਦ ਉਹ ਜ਼ਮੀਨ ਤੁਹਾਨੂੰ ਤਿੰਨਾਂ ਨੂੰ ਮਿਲਣੀ ਹੈ।

ਮਹਾਰਾਜ ਸਰਵਣ ਦਾਸ ਜੀ ਦੇ ਵਚਨ ਅਟੱਲ ਹੋਏ।6 ਸਾਲ ਬਾਅਦ 1956 ਈਸਵੀ ਵਿਚ ਉਹ 12 ਘੁਮਾ ਜ਼ਮੀਨ ਸ਼੍ਰੀ ਧੰਨਾ ਸਿੰਘ, ਸ਼੍ਰੀ ਬੰਤਾ ਰਾਮ ਅਤੇ ਸ਼੍ਰੀ ਹੀਰਾ ਸਿੰਘ ਨੇ ਖਰੀਦੀ।ਸ਼੍ਰੀ ਧੰਨਾ ਰਾਮ ਅਕਸਰ ਸੰਤ ਸਰਵਣ ਦਾਸ ਜੀ ਮਹਾਰਾਜ ਦੇ ਚਰਨਾਂ

ਵਿਚ ਡੇਰੇ ਵਿਚ ਰਹਿ ਕੇ ਲੰਗਰ ਵਿਚ ਸੇਵਾ ਕਰਿਆ ਕਰਦੇ ਸਨ। ਉਹਨਾਂ ਨੇ ਖਰੀਦੀ ਹੋਈ ਜ਼ਮੀਨ ਵਿਚ ਇਕ ਵੱਖਰਾ ਨਗਰ ਵਸਾਇਆ ਜਿੱਥੇ ਉਹਨਾਂ ਸ਼੍ਰੀ ਗੁਰੂ ਰਵਿਦਾਸ ਮੰਦਰ ਦੀ ਉਸਾਰੀ ਕਰਵਾਈ।

--ਸ਼੍ਰੀ ਤਰਸੇਮ ਲਾਲ ਪੁੱਤਰ ਸ਼੍ਰੀ ਧੰਨਾ ਸਿੰਘ, ਮਿਤੀ 27.09.2003

**ਸਾਖੀ ਨੰਬਰ 117**

**ਸ਼੍ਰੀ ਸਾਧੂ ਰਾਮ ਜੀ ਬੀਬੀ ਦਾਨੀ ਦੇਵੀ ਨੂੰ ਔਲਾਦ ਦੀ ਬਖ਼ਸ਼ਿਸ ਕਰਨੀ।**

ਸ਼੍ਰੀ ਸਾਧੂ ਰਾਮ ਸਪੁੱਤਰ ਸ਼੍ਰੀ ਸੁੰਦਰ ਦਾਸ ਪਿੰਡ ਛੱਤੀ ਚੱਕ ਡੋਗਰਾ, ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿਖੇ ਰਹਿੰਦੇ ਸਨ। 1947 ਈਸਵੀ ਪਾਕਿਸਤਾਨ ਬਣਨ ਤੋਂ ਬਾਅਦ ਸਾਰਾ ਪਰਿਵਾਰ ਪਾਕਿਸਤਾਨ ਛੱਡ ਕੇ ਲਾਡੋਵਾਲੀ, ਜਲੰਧਰ ਵਿਖੇ ਰਹਿਣ ਲੱਗ ਪਏ। ਸ਼੍ਰੀ ਸਾਧੂ ਰਾਮ ਤੇ ਉਹਨਾਂ ਦੀ ਸੁਪਤਨੀ ਬੀਬੀ ਦਾਨੀ ਦੇਵੀ ਦੇ ਗ੍ਰਹਿ ਵਿਖੇ ਇਕ ਲੜਕਾ ਜਿਸ ਦੀ ਉਮਰ ਸੱਤ ਸਾਲ ਦੀ ਸੀ। ਉਸ ਦੀ ਮੌਤ ਹੋ ਗਈ ਸੀ। ਇਸ ਕਾਰਨ ਉਹ ਮੀਆਂ ਬੀਵੀ ਬਹੁਤ ਉਦਾਸ ਰਿਹਾ ਕਰਦੇ ਸਨ। ਇਕ ਦਿਨ ਉਹਨਾਂ ਨੇ ਆਪਣੇ ਰਿਸ਼ਤੇਦਾਰ ਸ਼੍ਰੀ ਈਸ਼ਰ ਦਾਸ ਪਿੰਡ ਰਾਏਪੁਰ ਵਾਲਿਆਂ ਤੋਂ ਸੰਤ ਸਰਵਣ ਦਾਸ ਮਹਾਰਾਜ ਜੀ ਦੀ ਉਸਤਤਿ ਸਰਵਨ ਕੀਤੀ। ਸ਼੍ਰੀ ਈਸ਼ਰ ਦਾਸ ਜੀ ਨੇ ਦੱਸਿਆ ਕਿ ਸੰਤ ਸਰਵਣ ਦਾਸ ਜੀ ਮਹਾਰਾਜ ਪੂਰਨ ਬ੍ਰਹਮ ਗਿਆਨੀ ਹਨ। ਜਿਨ੍ਹਾਂ ਦੀ ਸ਼ਰਨ ਵਿਚ ਜੋ ਜੀਵ ਜਾਂਦਾ ਹੈ ਉਸ ਦੀਆਂ ਸਭ ਮਨੋਕਾਮਨਾਂਵਾਂ ਪੂਰੀਆਂ ਹੋ ਜਾਂਦੀਆਂ ਹਨ।ਇਕ ਦਿਨ ਸ਼੍ਰੀ ਸਾਧੂ ਰਾਮ ਜੀ ਆਪਣੀ ਪਤਨੀ ਸਮੇਤ ਕੁਟੀਆ ਵਿਖੇ ਸੰਤ ਸਰਵਣ ਦਾਸ ਜੀ ਮਹਾਰਾਜ ਦੇ ਚਰਨਾਂ ਵਿਚ ਆਏ। ਉਸ ਸਮੇਂ ਮਹਾਰਾਜ ਜੀ ਥੜ੍ਹੇ ਉੱਤੇ ਬਿਰਾਜਮਾਨ ਸਨ ਤੇ ਉਹਨਾਂ ਅੱਗੇ ਕੁਝ ਸੰਗਤਾਂ ਬੈਠੀਆਂ ਸਨ। ਦੋਨੋਂ ਪਤੀ ਪਤਨੀ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਬੈਠ ਗਏ। ਮਹਾਰਾਜ ਜੀ ਨੇ ਸਭ ਸੰਗਤਾਂ ਨੂੰ ਚਾਹ ਪਾਣੀ ਪੀਣ ਲਈ ਭੇਜਿਆ। ਦੋਨੋਂ ਪਤੀ ਪਤਨੀ ਚਾਹ ਪਾਣੀ ਪੀਣ ਤੋਂ ਬਾਦ ਆ ਕੇ ਮਹਾਰਾਜ ਜੀ ਪਾਸ ਬੈਠ ਗਏ। ਮਹਾਰਾਜ ਜੀ ਨੇ ਸ਼੍ਰੀ ਸਾਧੂ ਰਾਮ ਜੀ ਨੂੰ ਪੁੱਛਿਆ 'ਅੱਜ ਆਪ ਕਿਸ ਤਰ੍ਹਾਂ ਆਏ ਹੋ' ? ਸ਼੍ਰੀ ਸਾਧੂ ਰਾਮ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ ਜੀ ! ਸਾਡਾ ਇੱਕ ਪੁਤਰ ਸੱਤ ਸਾਲ ਦੀ ਉਮਰ ਦਾ ਮਰ ਚੁੱਕਾ ਹੈ। ਹੁਣ ਸਾਡੇ ਕੋਈ ਔਲਾਦ ਨਹੀਂ ਹੈ। ਆਪ ਸਾਡੇ ਤੇ ਕਿਰਪਾ ਕਰੋ ਜੀ। ਕੁਝ ਚਿਰ ਚੁੱਪ ਰਹਿਣ ਤੋਂ ਬਾਦ ਮਹਾਰਾਜ ਜੀ ਨੇ ਫ਼ਰਮਾਇਆ ਕਿ ਤੁਹਾਡੇ ਘਰ ਤਿੰਨ ਲੜਕੇ ਦੋ ਲੜਕੀਆਂ ਹੋਣਗੀਆਂ। ਕੋਈ ਫਿਕਰ ਨਹੀਂ ਕਰਨਾ। ਪਰਮਾਤਮਾ ਦਾ ਸਿਮਰਨ ਕਰਿਆ ਕਰੋ। ਇਹ ਮਾਨਸ ਜਨਮ ਬਾਰ-ਬਾਰ ਨਹੀਂ ਮਿਲਦਾ। ਮਹਾਰਾਜ ਜੀ ਤੋਂ ਆਸ਼ੀਰਵਾਦ ਲੈ ਕੇ ਦੋਨੋਂ ਪਤੀ ਪਤਨੀ ਵਾਪਸ

ਘਰ ਆ ਗਏ। ਉਹਨਾਂ ਹਰ ਐਤਵਾਰ ਮਹਾਰਾਜ ਜੀ ਦੇ ਚਰਨਾਂ ਵਿਚ ਆਉਣਾ ਸ਼ੁਰੂ ਕਰ ਦਿੱਤਾ। ਮਹਾਰਾਜ ਜੀ ਦੇ ਵਚਨ ਅੱਟਲ ਹੋਏ। ਉਹਨਾਂ ਦੇ ਘਰ ਤਿੰਨ ਪੁੱਤਰ ਤੇ ਦੋ ਲੜਕੀਆਂ ਨੇ ਜਨਮ ਲਿਆ।

## ਸਾਖੀ ਨੰਬਰ 118

## ਸ਼੍ਰੀ ਸਾਧੂ ਰਾਮ ਜੀ ਤੇ ਬਖ਼ਸਿਸ਼ ਕਰਨੀ।

ਸੰਨ 1947 ਈਸਵੀ ਤੇ ਪਾਕਿਸਤਾਨ ਬਣਨ ਤੋਂ ਬਾਦ ਸ਼੍ਰੀ ਸਾਧੂ ਰਾਮ ਜੀ ਤੇ ਉਹਨਾਂ ਦਾ ਪਰਿਵਾਰ ਪਿੰਡ 36 ਚੱਕ ਡੋਗਰਾ, ਜ਼ਿਲ੍ਹਾ ਲਾਇਲਪੁਰ ਪਾਕਿਸਤਾਨ ਤੋਂ ਆ ਕੇ ਪੰਜਾਬ ਵਿਚ ਲਾਡੋਵਾਲੀ, ਜਲੰਧਰ ਵਿਖੇ ਪੰਜਾਬ ਤੋਂ ਗਏ ਮੁਸਲਮਾਨਾਂ ਦੀ ਜਗ੍ਹਾ ਤੇ ਮਕਾਨ ਬਣਾ ਕੇ ਰਹਿਣ ਲੱਗ ਪਏ। ਉਹ ਜਗ੍ਹਾ ਵਾਕਫ ਬੋਰਡ ਦੀ ਸੀ। ਵਕਫ ਬੋਰਡ ਦੇ ਨਾਲ ਸ਼੍ਰੀ ਸਾਧੂ ਰਾਮ ਜੀ ਦਾ ਜਗ੍ਹਾ ਦੀ ਮਲਕੀਅਤ ਲਈ ਮੁਕੱਦਮਾ ਚੱਲ ਪਿਆ। 1952 ਈਸਵੀ ਦੀ ਗੱਲ ਹੈ ਕਿ ਸ਼੍ਰੀ ਸਾਧੂ ਰਾਮ ਜੀ ਜੋ ਮਹਾਰਾਜ ਜੀ ਦੇ ਦਰਬਾਰ ਵਿਚ ਹਰ ਐਤਵਾਰ ਨੂੰ ਆਇਆ ਕਰਦੇ ਸਨ ਨੇ ਮਹਾਰਾਜ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਜਿਸ ਮਕਾਨ ਵਿਚ ਅਸੀਂ ਰਹਿ ਰਹੇ ਹਾਂ ਉਹ ਜਗ੍ਹਾ ਭਾਰਤ ਤੋਂ ਪਾਕਿਸਤਾਨ ਗਏ ਮੁਸਲਮਾਨਾਂ ਦੀ ਸੀ। ਮੈਂ ਇਸ ਜਗ੍ਹਾ ਤੇ 1947 ਈਸਵੀ ਤੋਂ ਰਹਿ ਰਿਹਾ ਹਾਂ। ਮੇਰਾ ਵਾਕਫ ਬੋਰਡ ਨਾਲ ਮੁਕੱਦਮਾ ਚੱਲ ਰਿਹਾ ਹੈ, ਉਸ ਸਮੇਂ ਮਾਹਾਰਾਜ ਜੀ ਥੜ੍ਹੇ ਤੇ ਬਿਰਾਜਮਾਨ ਸਨ। ਮਹਾਰਾਜ ਜੀ ਨੇ ਕੁਝ ਚਿਰ ਚੁੱਪ ਰਹਿ ਕੇ ਬਚਨ ਕੀਤਾ 'ਸਾਧੂ ਰਾਮ ਤੂੰ ਮੁਕੱਦਮਾ ਜਿੱਤ ਗਿਆ ਹੈਂ, ਕੱਲ ਤੈਨੂੰ ਮੁਕੱਦਮਾ ਜਿੱਤਣ ਦੀ ਸੂਚਨਾ ਮਿਲ ਜਾਵੇਗੀ'। ਮਹਾਰਾਜ ਸਰਵਣ ਦਾਸ ਜੀ ਦੇ ਬਚਨ ਅਟੱਲ ਹੋਏ। ਦੂਸਰੇ ਦਿਨ ਉਹਨਾਂ ਦੇ ਵਕੀਲ ਦੀ ਚਿੱਠੀ ਆ ਗਈ ਜਿਸ ਤੇ ਲਿਖਿਆ ਹੋਇਆ ਸੀ ਕਿ ਆਪ ਮੁਕੱਦਮਾ ਜਿੱਤ ਗਏ ਹੋ। ਸਰਕਾਰ ਵਲੋਂ ਮਕਾਨ ਵਾਲੀ ਥਾਂ ਆਪ ਨੂੰ ਅਲਾਟ ਕਰ ਦਿੱਤੀ ਗਈ ਹੈ।

## ਸਾਖੀ ਨੰਬਰ 119

## ਸ਼੍ਰੀ ਸਾਧੂ ਰਾਮ ਜੀ ਦੀ ਸ਼ੰਕਾ ਨਵਿਰਤ ਕਰਨੀ।

ਸ਼੍ਰੀ ਸਾਧੂ ਰਾਮ ਜੀ ਹਰ ਐਤਵਾਰ ਨੂੰ ਡੇਰੇ ਆ ਕੇ ਲੰਗਰ ਵਿਚ ਸੇਵਾ ਕਰਿਆ ਕਰਦੇ ਸਨ। 1961 ਈਸਵੀ ਦੀ ਗੱਲ ਹੈ ਕਿ ਉਹਨਾਂ ਦੇ ਘਰ ਐਨੀ ਗਰੀਬੀ ਆਈ ਕਿ ਘਰ ਵਿਚ ਕੋਈ ਪੈਸਾ ਨਹੀਂ ਸੀ। ਉਹਨਾਂ ਨੇ ਮਨ ਵਿਚ ਵਿਚਾਰ ਕੀਤਾ ਕਿ ਅੱਜ ਮੈਂ ਡੇਰੇ ਨਹੀਂ ਜਾਣਾ ਕਿਉਂਕਿ ਜੇ ਰਸਤੇ ਵਿਚ ਸਾਈਕਲ ਪੈਂਚਰ ਹੋ ਗਿਆ ਤਾਂ ਮੈਂ ਸਾਈਕਲ ਨੂੰ ਪੈਂਚਰ ਕਿੱਥੋਂ ਲਗਾਵਾਂਗਾ, ਨਾਲ ਹੀ ਮਨ ਵਿਚ ਇਹ ਵੀ ਵਿਚਾਰ ਆਈ ਕਿ ਜੇਕਰ ਅੱਜ ਮੈਂ ਮਹਾਰਾਜ ਸਰਵਣ ਦਾਸ ਜੀ ਦੇ ਦਰਸ਼ਨ ਕਰਨ ਨਾ ਗਿਆ ਤਾਂ ਮੈਂ ਐਤਵਾਰ ਦੀ ਲੰਗਰ ਦੀ ਸੇਵਾ ਤੋਂ ਵਾਂਝਾ ਰਹਿ ਜਾਵਾਂਗਾ। ਉਹਨਾਂ ਦੀ ਪਤਨੀ ਬੀਬੀ ਦਾਨੀ ਦੇਵੀ ਨੇ

ਉਹਨਾਂ ਨੂੰ ਪ੍ਰਸ਼ਨ ਕੀਤਾ ਕਿ ਕੀ ਅੱਜ ਤੁਸੀਂ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਕੁਟੀਆ ਨਹੀਂ ਜਾਣਾ ? ਤਾਂ ਸ਼੍ਰੀ ਸਾਧੂ ਰਾਮ ਜੀ ਆਪਣੇ ਮਨ ਦੀ ਸਾਰੀ ਗੱਲ ਦੱਸ ਦਿਤੀ ਕਿ ਮੇਰੇ ਪਾਸ ਕੋਈ ਪੈਸਾ ਨਹੀਂ ਹੈ। ਉਸ ਦੀ ਪਤਨੀ ਨੇ ਕਿਹਾ ਕਿ ਆਪ ਡੇਰੇ ਜ਼ਰੂਰ ਜਾਓ ਮਹਾਰਾਜ ਜੀ ਜਾਣੀ ਜਾਣ ਹਨ। ਸ਼੍ਰੀ ਸਾਧੂ ਰਾਮ ਜੀ ਸਾਈਕਲ ਤੇ ਘਰੋਂ ਡੇਰੇ ਵੱਲ ਨੂੰ ਚੱਲ ਪਏ। ਜਦੋਂ ਉਹ ਘਰ ਤੋਂ ਦੋ ਕਿਲੋਮੀਟਰ ਦੂਰ ਆਏ ਤਾਂ ਉਹਨਾਂ ਦੀ ਨਜ਼ਰ ਰਸਤੇ ਵਿਚ ਪਏ ਹੋਏ 5 ਰੁਪਏ ਦੇ ਨੋਟ ਤੇ ਪਈ। ਉਸ ਨੇ ਸਾਈਕਲ ਤੋਂ ਉੱਤਰ ਕੇ 5 ਰੁਪਏ ਦਾ ਨੋਟ ਉਠਾਇਆ ਅਤੇ ਅੱਗੇ ਰੇਲਵੇ ਚੌਂਕ ਵਿਚ ਆ ਕੇ ਦੋ ਰੁਪਏ ਦੇ ਮਹਾਰਾਜ ਜੀ ਵਾਸਤੇ ਅੰਬ ਖਰੀਦੇ। ਸ਼੍ਰੀ ਸਾਧੂ ਰਾਮ ਜੀ ਡੇਰੇ ਪਹੁੰਚੇ। ਉਸ ਵੇਲੇ ਮਹਾਰਾਜ ਸਰਵਣ ਦਾਸ ਜੀ ਕੁਰਸੀ ਤੇ ਬਿਰਾਜਮਾਨ ਸਨ ਤੇ ਉਹਨਾਂ ਦੇ ਅੱਗੇ ਇਕ ਮੇਜ਼ ਤੇ ਅੰਬ ਰੱਖ ਕੇ ਨਾਲ 2 ਰੁਪਏ ਰੱਖ ਕੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤਾਂ ਮਹਾਰਾਜ ਜੀ ਨੇ ਫ਼ਰਮਾਇਆ, "ਸਾਧੂ ਰਾਮਾ 2 ਰੁਪਏ ਆਪਣੇ ਕੋਲ ਰੱਖ ਲੈ। ਕਈ ਵਾਰੀ ਸਾਈਕਲ ਦਾ ਪੈਂਚਰ ਲਗਵਾਉਣ ਨੂੰ ਕੋਲ ਪੈਸੇ ਨਹੀਂ ਹੁੰਦੇ"। ਮਹਾਰਾਜ ਜੀ ਦੇ ਐਸੇ ਬਚਨ ਸੁਣ ਕੇ ਉਹਨਾਂ ਨੇ ਮਹਾਰਾਜ ਜੀ ਦੇ ਚਰਨ ਫੜ੍ਹ ਲਏ ਤੇ ਬੇਨਤੀ ਕੀਤੀ ਕਿ ਮਹਾਰਾਜ ਜੀ ਤੁਸੀਂ ਜਾਣੀ ਜਾਣ ਹੋ। ਅਸੀਂ ਸੰਸਾਰੀ ਜੀਵ ਭੁੱਲਣ ਹਾਰ ਹਾਂ ਤੇ ਤੁਸੀਂ ਬਖ਼ਸ਼ਣਹਾਰ ਹੋ।

## ਸਾਖੀ ਨੰਬਰ 120

## ਸ਼੍ਰੀ ਸਾਧੂ ਰਾਮ ਜੀ ਨੂੰ ਅੰਤਿਮ ਸਮੇਂ ਦਰਸ਼ਨ ਦੇਣੇ ਤੇ ਸਹਾਈ ਹੋਣਾ।

ਸ਼੍ਰੀ ਸਾਧੂ ਰਾਮ ਜੀ ਦਾ ਜਦੋਂ ਅੰਤ ਸਮਾਂ ਆਇਆ, ਉਸ ਸਮੇਂ ਉਹ ਬੀਮਾਰ ਹੋ ਗਏ।28 ਮਾਰਚ 1988 ਨੂੰ ਉਹਨਾਂ ਨੂੰ ਜਲੰਧਰ ਵਿਖੇ ਹਸਪਤਾਲ ਵਿਚ ਦਾਖ਼ਿਲ ਕਰਾ ਦਿੱਤਾ ਗਿਆ। 30 ਮਾਰਚ 1988 ਨੂੰ ਦੁਪਿਹਰ ਦੇ ਸਮੇਂ ਉਹਨਾਂ ਨੇ ਆਪਣੇ ਪੁੱਤਰ ਸ਼੍ਰੀ ਰੇਸ਼ਮ ਲਾਲ ਨੂੰ ਬੁਲਾਇਆ ਤੇ ਕਿਹਾ ਕਿ ਮੈਂ ਕੱਲ ਇੱਕ ਵਜੇ ਸੰਸਾਰ ਛੱਡ ਕੇ ਚਲੇ ਜਾਣਾ ਹੈ। ਜਦੋਂ 31 ਮਾਰਚ ਇਕ ਵਜੇ ਦਾ ਟਾਇਮ ਆਇਆ, ਤਾਂ ਉਸ ਸਮੇਂ ਉਹਨਾਂ ਦੇ ਕੋਲ ਸ਼੍ਰੀ ਧਰਮਪਾਲ ਫੋਰਮੈਨ ਪਿੰਡ ਜਮਸ਼ੇਰ, ਸ਼੍ਰੀ ਕੇਵਲ ਕ੍ਰਿਸ਼ਨ ਇੰਜੀਨੀਅਰ ਗਾਂਧੀ ਕੈਂਪ ਜਲੰਧਰ, ਸ਼੍ਰੀ ਮੰਗਤ ਰਾਮ, ਸ਼੍ਰੀ ਅਜੇ ਕੁਮਾਰ, ਬੀਬੀ ਗੁਰਮੀਤੋ ਖੁਰਲਾ ਕੀਂਗਰਾ ਅਤੇ ਖੁਦ ਸ਼੍ਰੀ ਰੇਸ਼ਮ ਲਾਲ ਹਾਜ਼ਰ ਸਨ। ਇਸ ਸਮੇਂ ਸ਼੍ਰੀ ਸਾਧੂ ਰਾਮ ਨੇ ਕਿਹਾ ਕਿ ਮੈਂ ਹੁਣ ਜਾ ਰਿਹਾ ਹਾਂ। ਮੈਨੂੰ ਲੈਣ ਵਾਸਤੇ ਬਾਬਾ ਪਿੱਪਲ ਦਾਸ ਜੀ, ਸੰਤ ਸਰਵਣ ਦਾਸ ਜੀ ਅਤੇ ਸੰਤ ਹਰੀ ਦਾਸ ਜੀ ਆ ਗਏ ਹਨ। ਕੁਝ ਸਮੇਂ ਵਿਚ ਹੀ ਉਹਨਾਂ ਨੇ ਆਪਣਾ ਪੰਜ ਭੌਤਕ ਸਰੀਰ ਤਿਆਗ ਦਿੱਤਾ

–ਸ਼੍ਰੀ ਰੇਸਮ ਲਾਲ ਪੁੱਤਰ ਸ਼੍ਰੀ ਸਾਧੂ ਰਾਮ, ਲਾਡੋ ਵਾਲੀ, ਜਲੰਧਰ

## ਸਾਖੀ ਨੰਬਰ 121

## ਸ. ਲਛਮਣ ਸਿੰਘ ਤੇ ਬੀਬੀ ਕਰਮ ਕੌਰ ਤੇ ਕਿਰਪਾ ਕਰਨੀ।

ਸ. ਲਛਮਣ ਸਿੰਘ ਤੇ ਬੀਬੀ ਕਰਮ ਕੌਰ ਪਿੰਡ ਗਾਖਲਾਂ, ਜਲੰਧਰ ਦੇ ਰਹਿਣ ਵਾਲੇ ਸਨ। ਦੋਨਾਂ ਦੀ ਸ਼ਾਦੀ ਤੋਂ ਕੁਝ ਸਾਲਾਂ ਬਾਅਦ ਲਛਮਣ ਸਿੰਘ ਇੰਗਲੈਂਡ ਚਲੇ ਗਏ। ਜਦੋਂ ਉਹ ਇੰਗਲੈਂਡ ਵਿਚ ਪੱਕੇ ਹੋ ਗਏ ਤਾਂ ਉਹਨਾਂ ਬੀਬੀ ਕਰਮ ਕੌਰ ਤੇ ਬੱਚਿਆਂ ਨੂੰ ਵਿਦੇਸ਼ ਮੰਗਵਾਉਣ ਲਈ ਕਾਗਜ਼ ਭਰ ਦਿੱਤੇ ਪਰ ਉਹਨਾਂ ਦੇ ਕਾਗਜ਼ ਨਿਕਲ ਨਹੀਂ ਸੀ ਰਹੇ। ਇਸ ਕਾਰਨ ਸ. ਲਛਮਣ ਸਿੰਘ ਇੰਗਲੈਂਡ ਵਿਚ ਤੇ ਬੀਬੀ ਕਰਮ ਕੌਰ ਭਾਰਤ ਵਿਚ ਬਹੁਤ ਪ੍ਰੇਸ਼ਾਨ ਰਹਿੰਦੇ ਸਨ। ਇਕ ਦਿਨ ਬੀਬੀ ਕਰਮ ਕੌਰ ਨੇ ਕਿਸੇ ਪਾਸੋਂ ਮਹਾਰਾਜ ਸਰਵਣ ਦਾਸ ਜੀ ਦੀ ਉਸਤਤਿ ਸੁਣੀ ਕਿ ਮਹਾਰਾਜ ਸਰਵਣ ਦਾਸ ਜੀ ਐਸੇ ਸੰਤ ਹਨ ਜਿਹਨਾਂ ਦੇ ਦਰ ਤੋਂ ਕੋਈ ਖਾਲੀ ਨਹੀਂ ਮੁੜਦਾ। ਇਕ ਦਿਨ ਬੀਬੀ ਕਰਮ ਕੌਰ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਕੁਟੀਆ ਵਿਖੇ ਆਣ ਪਹੁੰਚੀ। ਉਸ ਸਮੇਂ ਸੰਤ ਸਰਵਣ ਦਾਸ ਜੀ ਮਹਾਰਾਜ ਥੜ੍ਹੇ ਤੇ ਬਿਰਾਜਮਾਨ ਸਨ। ਬੀਬੀ ਕਰਮ ਕੌਰ ਨੇ ਜਦੋਂ ਮਹਾਰਾਜ ਜੀ ਦੇ ਦਰਸ਼ਨ ਕੀਤੇ ਤਾਂ ਉਸ ਦਾ ਮਨ ਨਿਹਾਲ ਹੋ ਗਿਆ। ਉਹਨਾਂ ਨੇ ਮਨ ਵਿਚ ਵਿਚਾਰ ਕੀਤੀ ਕਿ ਸੱਚੇ ਗੁਰੂ ਮਿਲ ਗਏ ਹਨ। ਹੁਣ ਮੇਰੀਆਂ ਸਾਰੀਆਂ ਮੁਸ਼ਕਲਾਂ ਹੱਲ ਹੋ ਜਾਣਗੀਆਂ। ਬੀਬੀ ਕਰਮ ਕੌਰ ਜੀ ਮਹਾਰਾਜ ਜੀ ਨੂੰ ਨਮਸਕਾਰ ਕਰ ਕੇ ਮਹਾਰਾਜ ਜੀ ਪਾਸ ਬੈਠ ਗਈ। ਮਹਾਰਾਜ ਜੀ ਨੇ ਉਸ ਨੂੰ ਲੰਗਰ ਵਿਚ ਜਾ ਕੇ ਚਾਹ ਪਾਣੀ ਛਕਣ ਲਈ ਕਿਹਾ। ਬੀਬੀ ਕਰਮ ਕੌਰ ਜੀ ਲੰਗਰ ਵਿਚ ਚਾਹ ਪਾਣੀ ਛਕਣ ਤੋਂ ਬਾਦ ਮਹਾਰਾਜ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਮੇਰੇ ਪਤੀ ਨੂੰ ਇੰਗਲੈਂਡ ਵਿਚ ਗਏ ਨੂੰ ਕਾਫ਼ੀ ਸਾਲ ਹੋ ਗਏ ਹਨ। ਉਹ ਇੰਗਲੈਂਡ ਵਿਚ ਪੱਕੇ ਹਨ। ਉਹਨਾਂ ਮੇਰੇ ਕਾਗਜ਼ ਅਪਲਾਈ ਕੀਤੇ ਹਨ ਪਰ ਉਹ ਨਿਕਲ ਨਹੀਂ ਰਹੇ। ਆਪ ਕਿਰਪਾ ਕਰੋ ਜੀ। ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ, "ਕੁੜੇ ਫਿਕਰ ਨਾ ਕਰ ਤੂੰ ਕੁਝ ਮਹੀਨਿਆਂ ਵਿਚ ਹੀ ਵਲੈਤ ਚਲੀ ਜਾਣਾ ਹੈ ਅਤੇ ਤੈਨੂੰ ਉੱਧਰ ਕਮੀ ਨਹੀਂ ਰਹਿਣੀ। ਤੁਸੀਂ ਆਪਣੇ ਘਰ ਵਾਲੇ ਦਾ ਪਤਾ ਲਿਆਇਓ। ਅਸੀਂ ਉਸ ਨੂੰ ਆਪ ਚਿੱਠੀ ਲਿਖਾਂਗੇ।

ਕੁਝ ਦਿਨਾਂ ਬਾਅਦ ਬੀਬੀ ਕਰਮ ਕੌਰ ਆਪਣੇ ਪਤੀ ਦਾ ਪਤਾ ਲੈ ਕੇ ਆਈ। ਸੰਤ ਸਰਵਣ ਦਾਸ ਜੀ ਮਹਾਰਾਜ ਨੇ ਆਪਣੀ ਤਰਫੋਂ ਸ. ਲਛਮਣ ਸਿੰਘ ਨੂੰ ਚਿੱਠੀ ਲਿਖੀ ਜਿਸ ਵਿਚ ਉਹਨਾਂ ਨੇ ਸ. ਲਛਮਣ ਸਿੰਘ ਨੂੰ ਫ਼ਰਮਾਇਆ ਕਿ ਤੁਸੀਂ ਕਰਮ ਕੌਰ ਦੇ ਕਾਗਜ਼ਾਂ ਦੀ ਪੜਤਾਲ ਕਰੋ ਅਤੇ ਉਹਨਾਂ ਨੂੰ ਇੰਗਲੈਂਡ ਮੰਗਵਾਉਣ ਦੀ ਕੋਸ਼ਿਸ਼ ਕਰੋ, ਪ੍ਰਮਾਤਮਾ ਦੀ ਕਿਰਪਾ ਨਾਲ ਬੀਬੀ ਕਰਮ ਕੌਰ ਦਾ ਇੰਗਲੈਂਡ ਛੇਤੀ ਆਉਣ ਦਾ

ਪ੍ਰਬੰਧ ਬਣ ਜਾਏਗਾ। ਸੰਤ ਸਰਵਣ ਦਾਸ ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਕੁਝ ਮਹੀਨੇ ਬਾਦ ਹੀ ਬੀਬੀ ਕਰਮ ਕੌਰ ਦਾ ਇੰਗਲੈਂਡ ਜਾਣ ਦਾ ਕੰਮ ਬਣ ਗਿਆ। ਬੀਬੀ ਕਰਮ ਕੌਰ ਜੀ ਮਹਾਰਾਜ ਜੀ ਤੋਂ ਆਸ਼ੀਰਵਾਦ ਲੈ ਕੇ ਇੰਗਲੈਂਡ ਪਹੁੰਚ ਗਈ। ਜਦੋਂ ਵੀ ਬੀਬੀ ਕਰਮ ਕੌਰ ਇੰਗਲੈਂਡ ਤੋਂ ਆਉਂਦੇ ਤਾਂ ਮਹਾਰਾਜ ਜੀ ਦੀ ਕੁਟੀਆਂ ਵਿਚ ਹੀ ਰਹਿੰਦੇ ਸਨ। ਇਸ ਪ੍ਰਕਾਰ ਸੰਤ ਸਰਵਣ ਦਾਸ ਜੀ ਮਹਾਰਾਜ ਨੇ ਸ. ਲਛਮਣ ਸਿੰਘ ਤੇ ਬੀਬੀ ਕਰਮ ਕੌਰ ਤੇ ਕਿਰਪਾ ਕੀਤੀ।

ਬੀਬੀ ਕਰਮ ਕੌਰ ਨੇ ਮਹਾਰਾਜ ਸਰਵਣ ਦਾਸ ਜੀ ਦੀ ਉਸਤਤਿ ਵਿਚ ਇਹ ਕਵਿਤਾ ਲਿਖੀ ਸੀ–

ਤੇਰੀ ਹੱਸਤੀ ਤੋਂ ਜਾਵਾਂ ਬਲਿਹਾਰੇ ਨਹਿਰ ਕੰਢੇ ਰਹਿਣ ਵਾਲਿਆ।
ਧੰਨ ਮਾਤਾ ਪਿਤਾ ਜਿਨ੍ਹਾਂ ਐਸਾ ਪੁੱਤਰ ਜਾਇਆ।
ਜਨਮ ਬੰਦੇ ਦਾ ਪੂਰਾ ਮੁੱਲ ਪਾਇਆ।
ਛੱਡ ਗਏ ਦੁਨੀਆ ਤੇ ਰੌਸ਼ਨੀ ਜਾਹਰੀ
ਤੇਰੀ ਹਸਤੀ ਤੋਂ ਜਾਵਾਂ..........
ਇਹ ਹਸਤੀ ਨਹੀਂ ਮਿਲੀ ਨਰਮਾਈ ਨਾਲ,
ਇਹ ਹਸਤੀ ਮਿਲੀ ਸੱਚ ਦੀ ਕਮਾਈ ਨਾਲ,
ਪਹਿਲਾਂ ਵਿਸ਼ਿਆ ਦੇ ਸਿਰ ਲੱਤ ਮਾਰੀ,
ਤੇਰੀ ਹਸਤੀ ਤੋਂ........
ਇਹ ਹਸਤੀ ਲਈ ਮਨ ਜਾਗ ਨੱਥਿਆ,
ਐਰ ਗੈਰ ਕੋਲੋ ਇਹ ਜਾਂਦਾ ਨਹੀਂ ਨੱਥਿਆ,
ਤਾਂ ਹੀ ਨਾ ਰੱਖਿਆ ਬਲਿਕਾਰੀ
ਤੇਰੀ ਹਸਤੀ ਤੋਂ......
ਇਹ ਹਸਤੀ ਲਈ ਮਿੱਟੀ ਜਾਣਿਆ ਸਰੀਰ ਨੂੰ
ਹੱਥ ਚੋਂ ਨਾ ਛੱਡਿਆ ਕਮਾਨ ਅਤੇ ਤੀਰ ਨੂੰ
ਤਾਹੀਂਓ ਨਾਮ ਰੱਖਿਆ ਬ੍ਰਹਮਚਾਰੀ,
ਤੇਰੀ ਹਸਤੀ ਤੋਂ.......
ਇਹ ਹਸਤੀ ਨਾ ਵਿਕੇ ਵਿਚ ਬਜ਼ਾਰਾਂ ਦੇ,
ਰੋਂਦੇ ਗਏ ਕਈ ਇੱਥੋਂ ਮਾਲਕ ਹਜ਼ਾਰਾ ਦੇ,
ਇਹ ਤਾਂ ਮੰਗਦੀ ਹੈ ਪ੍ਰੇਮ ਦੀ ਪਜਾਰੀ,
ਤੇਰੀ ਹਸਤੀ ਤੋਂ ......

ਇਹ ਹਸਤੀ ਨੂੰ ਉਹੀ ਫ਼ੜ੍ਹ ਸਕਦਾ,
ਅੰਦਰੋਂ ਅੰਦਰ ਜਿਹੜਾ ਗੱਲ ਪੜ੍ਹ ਸਕਦਾ,
ਉਹ ਦੀ ਭਰਦੀ ਹੈ ਫੁੱਲਾਂ ਨਾਲ ਖਾਰੀ,
ਤੇਰੀ ਸ਼ਕਤੀ ਤੋਂ......
ਇਹ ਹਸਤੀ ਦੇ ਉਹੀ ਫ਼ਲ ਤੋੜਦਾ,
ਦੁਨੀਆਂ ਦੇ ਵਿਸ਼ਿਆਂ ਤੋਂ ਮਨ ਜਿਹੜਾ ਮੋੜਦਾ
ਜਿਸ ਨੂੰ ਚੜ੍ਹ ਜਾਵੇ ਨਾਮ ਦੀ ਖੁਮਾਰੀ,
ਤੇਰੀ ਸ਼ਕਤੀ ਤੋਂ ਜਾਵਾਂ......
ਇਹ ਹਸਤੀ ਦਾ ਮਹਿਕ ਉਸ ਨੂੰ ਚੜ੍ਹਦਾ,
ਖੁੱਲ ਜਾਂਦਾ ਜਿਸ ਦੇ ਅੰਦਰ ਵਾਲਾ ਪਰਦਾ,
ਉਸ ਨੂੰ ਭੁੱਲ ਜਾਂਦੀ ਦੁਨੀਆਂ ਏ ਸਾਰੀ,
ਤੇਰੀ ਹਸਤੀ ਦੇ .....
ਹੋ ਕੇ ਵੱਡਾ ਦਾਤਾ ਸਤਿਗੁਰੂ ਦਾਨੀ ਵੀ ਕਹਾ ਗਿਆ,
ਦੁਖੀ ਦਿਲਗੀਰ ਨੂੰ ਤੂੰ ਗਲੇ ਨਾਲ ਲਾ ਲਿਆ,
ਮੈਥੋਂ ਹੋਣੀ ਨਾ ਸਿਫ਼ਤ ਤੇਰੀ ਸਾਰੀ,
ਨਹਿਰ ਕੰਡੇ ਰਹਿਣ ਵਾਲਿਆ...
ਉਮਰ ਦਾਤਾ ਜੀ ਮੇਰੀ ਦਿਨੋ ਦਿਨ ਲੰਘਦੀ,
ਖੜ੍ਹੀ ਹਾਂ ਦੁਆਰੇ ਤੇਰੇ ਨਾਮ ਦਾਨ ਮੰਗਦੀ,
ਮੈਨੂੰ ਮਿਲ ਜਾਵੇ ਨਾਮ ਦੀ ਖੁਮਾਰੀ,
ਨਹਿਰ ਕੰਢੇ ਰਹਿਣ ਵਾਲਿਆ ਤੇਰੀ ਸ਼ਕਤੀ ਤੋਂ ਜਾਵਾਂ ਬਲਿਹਾਰੀ।

**ਸਾਖੀ ਨੰਬਰ 122**

**ਸ. ਦਰਸ਼ਨ ਸਿੰਘ ਦੀ 1971 ਈਸਵੀ ਦੀ ਲੜਾਈ ਸਮੇਂ ਰੱਖਿਆ ਕਰਨੀ।**

ਬਾਬਾ ਪਿੱਪਲ ਦਾਸ ਜੀ ਮਹਾਰਾਜ ਪਿੰਡ (ਬੁੱਲ੍ਹੋਵਾਲ) ਲਾਂਬੜਾ ਵਿਖੇ ਗਰਮੀਆਂ ਦੇ ਦਿਨਾਂ ਵਿਚ ਲਾਂਬੜੇ ਪਿੰਡ ਵਿਖੇ ਕਈ ਦਿਨ ਰਹਿ ਕੇ ਅੰਬ ਚੂਪਣ ਜਾਇਆ ਕਰਦੇ ਸਨ। ਉਹਨਾਂ ਨਾਲ ਸੰਤ ਸਰਵਣ ਦਾਸ ਜੀ ਮਹਾਰਾਜ ਵੀ ਜਾਇਆ ਕਰਦੇ ਸਨ। ਇਸ ਪਿੰਡ ਦੇ ਵਸਨੀਕ ਸ. ਮਹਿੰਗਾ ਸਿੰਘ ਤੇ ਬੀਬੀ ਧੰਤੀ ਦੋਨੋਂ ਬਾਬਾ ਪਿੱਪਲ ਦਾਸ ਜੀ ਦੇ ਸ਼ਰਧਾਲੂ ਸਨ। ਬਾਬਾ ਜੀ ਦੇ ਬ੍ਰਹਮਲੀਨ ਹੋਣ ਤੋਂ ਬਾਅਦ ਸੰਤ

ਸਰਵਣ ਦਾਸ ਜੀ ਮਹਾਰਾਜ ਵੀ ਪਿੰਡ ਲਾਂਬੜੇ ਜਾਇਆ ਕਰਦੇ ਸਨ।

1971 ਈਸਵੀ ਦੀ ਗੱਲ ਹੈ ਕਿ ਸ. ਮਹਿੰਗਾ ਸਿੰਘ ਦੇ ਸਪੁੱਤਰ ਜੋ ਕਿ ਫ਼ੌਜ ਵਿਚ ਨੌਕਰੀ ਕਰਦੇ ਸਨ। ਨਵੰਬਰ ਦੇ ਮਹੀਨੇ ਸ. ਦਰਸ਼ਨ ਸਿੰਘ ਜੀ ਨੇ ਮਹਾਰਾਜ ਜੀ ਦੇ ਪਾਸ ਕੁਟੀਆ ਵਿਖੇ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਆਪ ਕਿਰਪਾ ਕਰੋ ਅਸੀਂ ਆਪ ਜੀ ਦੇ ਹੁਕਮਾਂ ਅਨੁਸਾਰ ਆਪਣੇ ਗ੍ਰਹਿ ਵਿਖੇ ਸਤਿਸੰਗ ਕਰਵਾਉਣੇ ਹਨ। ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ ਕਿ ਦਰਸ਼ਨ ਸਿੰਘ ਤੈਨੂੰ ਕਸ਼ਟਾਂ ਵਾਲੀ ਜਗ੍ਹਾ ਤੇ ਜਾਣਾ ਪੈਣਾ ਹੈ ਇਸ ਲਈ ਆਪਾਂ ਛੇਤੀ ਸਤਿਸੰਗ ਕਰਵਾਉਣੇ ਹਨ। ਕੱਲ੍ਹ ਹੀ ਸਵੇਰੇ ਸਤਿਸੰਗ ਰੱਖੋ। ਅਸੀਂ ਸਭ ਰਾਸ਼ਨ ਇੱਥੋਂ ਹੀ ਭੇਜ ਦਿੰਦੇ ਹਾਂ ਤਾਂ ਸ. ਦਰਸ਼ਨ ਸਿੰਘ ਨੇ ਬੇਨਤੀ ਕੀਤੀ ਕਿ ਮਹਾਰਾਜ ਇੱਕ ਦਿਨ ਦਾ ਵਖਵਾ ਦੇ ਦਿਉ। ਮਹਾਰਾਜ ਜੀ ਦੀ ਆਗਿਆ ਅਨੁਸਾਰ ਸ. ਦਰਸ਼ਨ ਸਿੰਘ ਦੇ ਗ੍ਰਹਿ ਵਿਖੇ ਤੀਸਰੇ ਦਿਨ ਸਤਿਸੰਗ ਰੱਖੇ ਗਏ। ਸਤਿਸੰਗ ਵਾਲੇ ਦਿਨ ਮਹਾਰਾਜ ਜੀ ਸਵੇਰੇ ਤੜਕੇ ਹੀ ਪਿੰਡ ਪਹੁੰਚੇ ਤੇ ਮਹਾਰਾਜ ਜੀ ਨੇ ਸਤਿਸੰਗ ਕੀਤਾ।

ਉਸ ਤੋਂ ਕੁਝ ਦਿਨਾਂ ਬਾਅਦ ਹੀ 1971 ਈਸਵੀ ਦੀ ਭਾਰਤ-ਪਾਕਿਸਤਾਨ ਯੁੱਧ ਸ਼ੁਰੂ ਹੋ ਗਿਆ। ਸ. ਦਰਸ਼ਨ ਸਿੰਘ ਜੀ ਨੂੰ ਟੈਲੀਗ੍ਰਾਮ ਰਾਹੀਂ ਬੁਲਾਇਆ ਗਿਆ ਅਤੇ ਭਾਰਤ-ਪਾਕਿ ਸੀਮਾ ਤੇ ਛੰਭਜੋੜੀਆਂ ਮੋਰਚੇ ਤੇ ਲਗਾਇਆ ਗਿਆ। 11-12 ਦਸੰਬਰ ਰਾਤ ਦੀ ਗੱਲ ਹੈ। ਸ. ਦਰਸ਼ਨ ਸਿੰਘ ਸਮੇਤ 6 ਫੌਜੀ ਕਾਫੀ ਦਿਨਾਂ ਦੇ ਉਨੀਂਦੇ ਸਨ। ਇਹਨਾਂ ਸਭਨਾਂ ਨੂੰ ਨੀਂਦ ਆ ਗਈ। ਮਹਾਰਾਜ ਜੀ ਨੇ ਉਸ ਜਗ੍ਹਾ ਮੋਰਚੇ ਤੇ ਪ੍ਰਗਟ ਹੋ ਕੇ ਸ. ਦਰਸ਼ਨ ਸਿੰਘ ਤੇ ਬਾਕੀ ਫੋਜੀਆਂ ਨੂੰ ਹੱਥ ਨਾਲ ਹਿਲਾ ਕੇ ਜਗਾਉਂਦੇ ਹੋਏ ਫ਼ਰਮਾਇਆ, "ਸਾਉਣਾ ਨਹੀਂ ਹੈ, ਉੱਠੋ"।

ਇਹ ਕੌਤਕ ਦੇਖ ਕੇ ਸਾਰੇ ਹੈਰਾਨ ਰਹਿ ਗਏ। ਕੁਝ ਸਮੇਂ ਬਾਅਦ ਮਹਾਰਾਜ ਜੀ ਅਲੋਪ ਹੋ ਗਏ।

(ਸ. ਦਰਸ਼ਨ ਸਿੰਘ ਪੁੱਤਰ ਸ਼੍ਰੀ ਮਹਿੰਗਾ ਸਿੰਘ ਪਿੰਡ ਲਾਂਬੜਾ, ਹੁਸ਼ਿਆਰਪੁਰ)

## ਸਾਖੀ ਨੰਬਰ 123

## ਮਹਾਰਾਜ ਸਰਵਣ ਦਾਸ ਜੀ ਦਾ ਸੰਤ ਗੁਰਦਿੱਤ ਰਾਮ ਨਾਲ ਮਿਲਾਪ।

ਲਗਭਗ 1961 ਈਸਵੀ ਦੀ ਗੱਲ ਹੈ ਸਰਦਾਰ ਪਿਆਰਾ ਸਿੰਘ ਤੇ ਬੀਬੀ ਬੇਅੰਤ ਕੌਰ ਤੇ ਸਭ ਪਰਿਵਾਰ ਨੇ ਮਿਲ ਕੇ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਆਦੇਸ਼ ਅਨੁਸਾਰ ਆਪਣੇ ਗ੍ਰਹਿ ਪਿੰਡ ਲਾਂਬੜਾ ਨੇੜੇ ਬੁੱਲੋਵਾਲ ਵਿਖੇ ਸਤਿਸੰਗ ਰਖਵਾਇਆ। ਜਿਸ ਵਿਚ ਸੰਤ ਵਰਖਾ ਦਾਸ ਜੀ, ਸੰਤ ਰਾਮ ਲਾਲ ਜੀ ਮਹਿਲੇ ਵਾਲੇ, ਸੰਤ ਉੱਧਮ ਦਾਸ ਜੀ ਲਾਂਬੜਾ, ਸੰਤ ਕਰਤਾਰ ਸਿੰਘ ਵੈਦ ਅਤੇ ਸ਼੍ਰੀ ਪਿਆਰਾ ਸਿੰਘ ਦਾ ਲੜਕਾ ਸ਼੍ਰੀ

ਗੁਰਦੇਵ ਸਿੰਘ ਪਾਠ ਕਰਨ ਦੀ ਸੇਵਾ ਨਿਭਾ ਰਹੇ ਸਨ। ਸਤਿਸੰਗ ਤੋਂ ਇਕ ਦਿਨ ਪਹਿਲਾਂ ਸੰਤ ਸਰਵਣ ਦਾਸ ਜੀ ਮਹਾਰਾਜ ਖੰਡਿਆਲੇ ਵਿਖੇ ਬੱਸ ਰਾਹੀਂ ਪਹੁੰਚੇ। ਉਥੋਂ ਮਹਾਰਾਜ ਜੀ ਨੂੰ ਸਰਦਾਰ ਗੁਰਦੇਵ ਸਿੰਘ ਜੀ ਆਪਣੇ ਘਰ ਲੈ ਕੇ ਗਏ। ਮਹਾਰਾਜ ਜੀ ਦੇ ਲਾਂਬੜੇ ਪਹੁੰਚਣ ਤੇ ਬਹੁਤ ਸੰਗਤਾਂ ਇਕੱਠੀਆਂ ਹੋਈਆਂ। ਮਹਾਰਾਜ ਜੀ ਨੇ ਸਤਿਸੰਗ ਕੀਤਾ। ਰਾਤ ਦਾ ਲੰਗਰ ਛਕਣ ਤੋਂ ਬਾਅਦ ਮਹਾਰਾਜ ਜੀ ਨੇ ਸ਼੍ਰੀ ਪਿਆਰਾ ਸਿੰਘ ਨੂੰ ਆਪਣੇ ਪਾਸ ਬੁਲਾ ਕੇ ਕਿਹਾ ਕਿ "ਕੱਲ੍ਹ ਤੜ੍ਹਕੇ ਅਸੀਂ ਸੰਤ ਗੁਰਦਿਤ ਰਾਮ ਨੂੰ ਸੈਣਪੁਰ ਵਿਖੇ ਮਿਲਣ ਜਾਣਾ ਹੈ"। ਮਹਾਰਾਜ ਜੀ ਨੇ ਸ਼੍ਰੀ ਪਿਆਰਾ ਸਿੰਘ ਨੂੰ ਕਹਿ ਕੇ ਆਪਣੇ ਕਮੰਡਲ ਵਿੱਚ ਬਦਾਮਾਂ ਦੀਆਂ ਗਿਰੀਆਂ ਪਵਾਈਆਂ। ਦੂਸਰੇ ਦਿਨ ਤੜ੍ਹਕੇ ਸਵੇਰੇ ਚਾਰ ਵਜੇ ਮਹਾਰਾਜ ਜੀ ਨੇ ਬੀਬੀ ਬੇਅੰਤ ਕੌਰ ਨੂੰ ਕਹਿ ਕੇ ਤਾਜ਼ਾ ਮੱਖਣ ਡੱਬੇ ਵਿੱਚ ਪਵਾਇਆਂ ਤੇ ਨਾਲ ਹੀ ਬਦਾਮਾਂ ਦੀਆਂ ਗਿਰੀਆਂ ਕੱਢਵਾ ਕੇ ਥਰਮੋਸ ਦੁੱਧ ਦੀ ਭਰ ਕੇ ਉਸ ਵਿੱਚ ਪਵਾ ਲਈਆਂ। ਮਹਾਰਾਜ ਜੀ ਨੇ ਕੁਝ ਥਾਲ ਅਤੇ ਗਿਲਾਸ ਵੀ ਨਾਲ ਲੈ ਲਏ। ਮਹਾਰਾਜ ਜੀ ਸਰਦਾਰ ਪਿਆਰਾ ਸਿੰਘ ਅਤੇ ਕੁਝ ਹੋਰ ਸੰਗਤਾਂ ਨੂੰ ਨਾਲ ਲੈ ਕੇ ਸੰਤ ਗੁਰਦਿੱਤ ਰਾਮ ਜੀ ਦੀ ਕੁਟੀਆ ਸੈਣਪੁਰ ਖੂਹ ਤੇ ਮਿਲਣ ਲਈ ਲਾਂਬੜੇ ਤੋਂ ਚੱਲ ਪਏ। ਦੂਜੇ ਪਾਸੇ ਸੰਤ ਗੁਰਦਿੱਤ ਰਾਮ ਜੀ ਮਹਾਰਾਜ ਜੀ ਨੂੰ ਮਿਲਣ ਵਾਸਤੇ ਲਾਂਬੜੇ ਵੱਲ ਨੂੰ ਚੱਲ ਪਏ। ਸੰਤ ਗੁਰਦਿੱਤ ਰਾਮ ਜੀ ਅਤੇ ਸੰਤ ਸਰਵਣ ਦਾਸ ਜੀ ਦਾ ਮਿਲਾਪ ਸੈਣਪੁਰ ਅਤੇ ਪਿੰਡ ਲਾਂਬੜੇ ਦੇ ਬਸੀਵੇਂ ਉੱਪਰ ਹੋਇਆ। ਦੋਨਾਂ ਸੰਤਾਂ ਨੇ ਇਕ ਦੂਸਰੇ ਨੂੰ ਨਮਸਕਾਰ ਕੀਤੀ। ਸੰਤ ਗੁਰਦਿੱਤ ਰਾਮ ਜੀ ਨੇ ਮਹਾਰਾਜ ਸਰਵਣ ਦਾਸ ਜੀ ਨੂੰ ਕਿਹਾ ਮਹਾਰਾਜ ਅਸੀਂ ਤੁਹਾਨੂੰ ਲੈਣ ਆਏ ਹਾਂ। ਦੋਨੋਂ ਸੰਤ ਸੰਗਤਾਂ ਸਮੇਤ ਸੰਤ ਗੁਰਦਿੱਤ ਰਾਮ ਜੀ ਦੀ ਕੁਟੀਆ ਤੇ ਪਹੁੰਚੇ। ਕੁਟੀਆ ਪਹੁੰਚਣ ਤੇ ਸੰਤ ਸਰਵਣ ਦਾਸ ਜੀ ਨੇ ਮਹਾਰਾਜ ਗੁਰਦਿੱਤ ਰਾਮ ਜੀ ਨੂੰ ਦੁੱਧ ਅਤੇ ਮੱਖਣ ਛਕਣ ਲਈ ਦਿੱਤਾ ਤੇ ਉਹਨਾਂ ਨੇ ਕਿਹਾ ਮਹਾਰਾਜ ਸਰਵਣ ਦਾਸ ਜੀ ਪਹਿਲਾਂ ਤੁਸੀਂ ਛਕੋ। ਫਿਰ ਸਾਰੀ ਸੰਗਤ ਨੂੰ ਛਕਾਇਆ ਗਿਆ। ਇਸੇ ਤਰ੍ਹਾਂ ਦੋਨੋਂ ਮਹਾਪੁਰਸ਼ ਕਾਫ਼ੀ ਸਮਾਂ ਸਤਿਸੰਗ ਕਰਦੇ ਰਹੇ। ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ ਕਿ ਇੱਕ ਵਾਰੀ ਅਸੀਂ ਇਹਨਾਂ ਮਹਾਪੁਰਸ਼ਾਂ ਨੂੰ ਕਿਹਾ ਕਿ ਕੁੰਭ ਤੇ ਤੁਸੀਂ ਵੀ ਚੱਲੋ, ਅਸੀਂ ਵੀ ਜਾਣਾ ਹੈ। ਸੰਤ ਗੁਰਦਿੱਤ ਰਾਮ ਨੇ ਕਿਹਾ ਕਿ ਮਹਾਰਾਜ ਜੀ ਦੱਸੋਂ ਕਦੋਂ ਪਹੁੰਚਣਾ ਹੈ। ਤੁਸੀਂ ਆਪਣੀ ਗੱਡੀ ਤੇ ਜਾਣਾ ਹੈ, ਅਸੀਂ ਆਪਣੀ ਗੱਡੀ ਤੇ ਜਾਣਾ ਹੈ। ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ ਕਿ ਮਹਾਰਾਜ ਗੁਰਦਿੱਤ ਰਾਮ ਜੀ ਤੁਰ ਕੇ ਹੀ ਮੇਰੇ ਤੋਂ ਪਹਿਲਾਂ ਹਰਿਦੁਆਰ ਪਹੁੰਚ ਗਏ। ਇਸ ਤਰ੍ਹਾਂ ਦੋਨਾਂ ਮਹਾਪੁਰਸ਼ਾਂ ਦੀ ਗਿਆਨ ਚਰਚਾ ਸੁਣ ਕੇ ਸੰਗਤਾਂ ਨਿਹਾਲ ਹੋਈਆਂ। ਮਹਾਰਾਜ ਸਰਵਣ ਦਾਸ ਜੀ ਸੰਗਤਾਂ ਸਮੇਤ ਮਹਾਰਾਜ ਗੁਰਦਿੱਤ ਰਾਮ ਜੀ ਤੋਂ

ਵਿਦਾਇਗੀ ਲੈ ਕੇ ਪਿੰਡ ਲਾਂਬੜੇ ਪਹੁੰਚੇ, ਉਸ ਤੋਂ ਬਾਅਦ ਮਹਾਰਾਜ ਸਰਵਣ ਦਾਸ ਜੀ ਨੇ ਉੱਥੇ ਸਤਿਸੰਗ ਕੀਤਾ। ਉਸ ਤੋਂ ਬਾਅਦ ਮਹਾਰਾਜ ਜੀ ਸੰਗਤਾਂ ਨੂੰ ਆਸ਼ੀਰਵਾਦ ਦੇ ਕੇ ਡੇਰੇ ਵਿਖੇ ਪਹੁੰਚੇ।

-ਮਿਤੀ 06-08-03, ਸ਼੍ਰੀ ਗੁਰਦੇਵ ਸਿੰਘ ਪੁੱਤਰ ਸ. ਪਿਆਰਾ ਸਿੰਘ,
ਪਿੰਡ ਲਾਂਬੜਾ

## ਸਾਖੀ ਨੰਬਰ 124

## ਤੇਰੇ ਸਾਰੇ ਬੱਚੇ ਵਿੱਦਿਆ ਪੜ੍ਹਨਗੇ ਅਤੇ ਨੌਕਰੀਆਂ ਕਰਨਗੇ।

ਸ਼੍ਰੀ ਬਾਲਮੁਕੰਦ ਜੀ ਉਹਨਾਂ ਦੀ ਸੁਪਤਨੀ ਬੀਬੀ ਕ੍ਰਿਸ਼ਨਾ ਦੇਵੀ ਜੀ ਪਿੰਡ ਕੌਹਜਾ ਨੇੜੇ ਸ਼ਾਮ ਚੌਰਾਸੀ ਦੇ ਵਸਨੀਕ ਸਨ। ਉਹਨਾਂ ਨੇ 1963 ਈਸਵੀ ਤੋਂ ਮਹਾਰਾਜ ਸਰਵਣ ਦਾਸ ਜੀ ਦੇ ਚਰਨਾਂ ਵਿਚ ਆਉਣਾ ਸ਼ੁਰੂ ਕੀਤਾ ਅਤੇ ਉਹਨਾਂ ਦੇ ਚਰਨਾਂ ਦੇ ਹੀ ਸੇਵਕ ਬਣ ਗਏ। 1969 ਈਸਵੀ ਦੀ ਗੱਲ ਹੈ ਕਿ ਸ਼੍ਰੀ ਬਾਲ ਮੁਕੰਦ ਪਟਵਾਰੀ ਜੀ ਦੇ ਪਿਤਾ ਜੀਵਨ ਯਾਤਰਾ ਪੂਰੀ ਕਰ ਗਏ। ਸ਼੍ਰੀ ਬਾਲ ਮੁਕੰਦ ਜੀ ਨੇ ਮਹਾਰਾਜ ਸਰਵਣ ਦਾਸ ਜੀ ਦੀ ਆਗਿਆ ਅਨੁਸਾਰ ਆਪਣੇ ਗ੍ਰਹਿ ਵਿਖੇ ਸਤਿਸੰਗ ਰਖਾਏ। ਜਿਸ ਦੇ ਭੋਗ 26 ਅਗਸਤ ਨੂੰ ਪਾਏ ਗਏ। ਜਿਸ ਵਿਚ ਸੰਤ ਪ੍ਰੇਮ ਦਾਸ ਨੰਗਲ ਬਾਹਦਾ ਵਾਲੇ ਪਾਠੀ ਸਨ। ਸ਼੍ਰੀ ਕਿਸ਼ਨ ਸਿੰਘ ਜੀ ਮਸਤਾਨਾ ਜੀ ਨਾਹਲਾਂ ਵਾਲੇ ਕੀਰਤਨੀਏ ਸਨ। ਸਤਿਸੰਗ ਵਾਲੇ ਦਿਨ ਸਵੇਰੇ ਸੰਤ ਹਰੀ ਦਾਸ ਜੀ, ਸੰਤ ਗਰੀਬ ਦਾਸ ਜੀ, ਸੰਤ ਨਿਰਜੰਣ ਦਾਸ ਜੀ ਤੜਕੇ ਹੀ ਸ੍ਰੀ ਬਾਲ ਮੁਕੰਦ ਜੀ ਦੇ ਗ੍ਰਹਿ ਵਿਖੇ ਪਹੁੰਚ ਗਏ। ਸੰਤ ਸਰਵਣ ਦਾਸ ਜੀ ਮਹਾਰਾਜ ਤਕਰੀਬਨ ਬਾਰ੍ਹਾਂ ਕੁ ਵਜੇ ਉਹਨਾਂ ਦੇ ਗ੍ਰਹਿ ਵਿਖੇ ਪਹੁੰਚੇ। ਮਹਾਰਾਜ ਸਰਵਣ ਦਾਸ ਜੀ ਸੰਗਤਾਂ ਨੂੰ ਸਤਿਸੰਗ ਸਰਵਣ ਕਰਾਇਆ। ਇਸ ਤੋਂ ਉਪਰੰਤ ਮਹਾਰਾਜ ਜੀ ਨੇ ਪ੍ਰਸ਼ਾਦਾ ਛਕਿਆ। ਸ਼੍ਰੀ ਬਾਲ ਮੁਕੰਦ ਜੀ ਆਪਣੇ ਬੱਚਿਆ ਚਾਰ ਲੜਕੇ ਇਕ ਲੜਕੀ ਸਮੇਤ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਬੇਨਤੀ ਕੀਤੀ ਆਪ ਇਹਨਾਂ ਬੱਚਿਆਂ ਤੇ ਕਿਰਪਾ ਕਰਨੀ। ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ, "ਤੁਹਾਡੇ ਸਾਰੇ ਬੱਚੇ ਵਿੱਦਿਆ ਪੜ੍ਹਨਗੇ ਅਤੇ ਸਰਕਾਰੀ ਨੌਕਰੀਆਂ ਕਰਨਗੇ"। ਸੰਤ ਸਰਵਣ ਦਾਸ ਮਹਾਰਾਜ ਜੀ ਦੇ ਵਚਨ ਅਟੱਲ ਹੋਏ ਉਹਨਾਂ ਦੇ ਪੰਜੇ ਹੀ ਬੱਚਿਆ ਨੇ ਸਿੱਖਿਆ ਪ੍ਰਾਪਤ ਕੀਤੀ ਅਤੇ ਸਰਕਾਰੀ ਨੌਕਰੀਆਂ ਪ੍ਰਾਪਤ ਕੀਤੀਆਂ। ਇਸ ਤਰ੍ਹਾਂ ਮਹਾਰਾਜ ਜੀ ਬਾਲ ਮੁਕੰਦ ਦੇ ਪਰਿਵਾਰ ਤੇ ਕਿਰਪਾ ਕੀਤੀ।

-ਖੁਦ ਸ਼੍ਰੀ ਬਾਲ ਮੁਕੰਦ ਪੁੱਤਰ ਸ਼੍ਰੀ ਦਾਸ ਰਾਮ ਪਿੰਡ ਕੌਹਜਾਂ,
ਅੱਜ ਕੱਲ੍ਹ ਅਬਾਦਪੁਰਾ ਜਲੰਧਰ, ਪੰਜਾਬ, ਮਿਤੀ 23-12-2003)

## ਸਾਖੀ ਨੰਬਰ 125

## ਸ਼੍ਰੀ ਨਸੀਬ ਰਾਮ ਦੀ ਸ਼ੰਕਾਂ ਨਵਿਰਤ ਕਰਨੀ।

ਮਾਸਟਰ ਨਸੀਬ ਰਾਮ ਪੁੱਤਰ ਸ਼੍ਰੀ ਚੰਦੂ ਰਾਮ ਪਿੰਡ ਰਾਜਪੁਰਾ ਨੇੜੇ ਭੋਗਪੁਰ ਦੇ ਵਸਨੀਕ ਹਨ। ਉਹ ਪੂਰਨ ਗੁਰੂ ਦੀ ਤਲਾਸ਼ ਵਿਚ ਕਈ ਸਾਲ ਘੁੰਮਦੇ ਰਹੇ। ਅਖੀਰ 1955-56 ਈਸਵੀ ਦੀ ਗੱਲ ਹੈ ਕਿ ਉਹਨਾਂ ਨੇ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਸ਼ਰਧਾਲੂ ਪਾਸੋਂ ਉਹਨਾਂ ਦੀ ਮਹਿਮਾ ਸਰਵਣ ਕੀਤੀ। ਕੁਝ ਦਿਨਾਂ ਬਾਅਦ ਉਹ ਕੁਟੀਆ ਵੱਲ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਚੱਲ ਪਏ ਅਤੇ ਮਨ ਵਿਚ ਵਿਚਾਰਦੇ ਹਨ ਕਿ ਜੇਕਰ ਸੰਤ ਸਰਵਣ ਦਾਸ ਜੀ ਪੂਰਨ ਮਹਾਤਮਾ ਹਨ ਤਾਂ ਮੇਰੇ ਮਨ ਦੀ ਗੱਲ ਬੁੱਝ ਲੈਣਗੇ ਕਿ ਮੈਂ ਪੂਰਨ ਗੁਰੂ ਦੀ ਤਲਾਸ਼ ਕਰਦਾ ਬਹੁਤ ਥੱਕ ਗਿਆ ਹਾਂ।

ਜਿਸ ਸਮੇਂ ਉਹ ਕੁਟੀਆ ਵਿਖੇ ਪਹੁੰਚੇ ਉਸ ਸਮੇਂ ਸੰਤ ਸਰਵਣ ਦਾਸ ਜੀ ਮਹਾਰਾਜ ਥੜ੍ਹਾ ਸਾਹਿਬ ਤੇ ਬਿਰਾਜਮਾਨ ਸਨ। ਸ਼੍ਰੀ ਨਸੀਬ ਰਾਮ ਜੀ ਦਾ ਮਹਾਰਾਜ ਜੀ ਦੇ ਦਰਸ਼ਨ ਕਰਦੇ ਸਾਰ ਹੀ ਮਨ ਆਨੰਦਿਤ ਹੋ ਗਿਆ। ਜਦੋਂ ਉਹਨਾਂ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤਾਂ ਮਹਾਰਾਜ ਜੀ ਨੇ ਫ਼ਰਮਾਇਆ, "ਬਹੁਤ ਪਾਸੇ ਭਟਕ ਕੇ ਤੁਸੀਂ ਥੱਕ ਕੇ ਆਏ ਹੋ ਹੁਣ ਵੀ ਚੰਗਾ ਹੋ ਗਿਆ ਤੁਸੀਂ ਚੰਗੇ ਸਮੇਂ ਆ ਗਏ ਹੋ"। ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਐਸੇ ਵਚਨ ਸਰਵਣ ਕਰਕੇ ਸ਼੍ਰੀ ਨਸੀਬ ਰਾਮ ਜੀ ਦੇ ਸਾਰੇ ਸ਼ੰਕੇ ਨਵਿਰਤ ਹੋ ਗਏ ਅਤੇ ਬੇਨਤੀ ਕੀਤੀ ਮੈਂ ਬਹੁਤ ਭਟਕ ਕੇ ਆਪ ਜੀ ਦੇ ਪਾਸ ਆਇਆ ਹਾਂ ਹੁਣ ਆਪ ਮੇਰੇ ਤੇ ਕਿਰਪਾ ਕਰਕੇ ਮੈਨੂੰ ਨਾਮ ਦਾਨ ਬਖ਼ਸ਼ਿਸ਼ ਕਰੋ ਜੀ।

ਇਸ ਤਰ੍ਹਾ ਸ਼੍ਰੀ ਨਸੀਬ ਰਾਮ ਜੀ ਮਹਾਰਾਜ ਜੀ ਦੇ ਸੇਵਕ ਬਣ ਗਏ।

## ਸਾਖੀ ਨੰਬਰ 126

## ਤੁਹਾਡੀ ਇੱਛਾ ਪੂਰੀ ਹੋਵੇਗੀ।

ਸ਼੍ਰੀ ਨਸੀਬ ਰਾਮ ਜੀ ਅਤੇ ਉਹਨਾਂ ਦੀ ਸੁਪਤਨੀ ਬੀਬੀ ਰਤਨ ਕੌਰ ਮਹਾਰਾਜ ਜੀ ਦੀ ਸੇਵਾ ਵਿਚ ਆਇਆ ਕਰਦੇ ਸਨ ਉਹਨਾਂ ਦੀ ਇਕ ਲੜਕੀ ਸੀ। ਦੋਨਾਂ ਦੇ ਮਨ ਵਿਚ ਤੀਬਰ ਇੱਛਾ ਸੀ ਕਿ ਸਾਡੇ ਘਰ ਵਿਚ ਇੱਕ ਪੁੱਤਰ ਪੈਦਾ ਹੋਵੇ। ਪਰ ਨਸੀਬ ਰਾਮ ਦੇ ਮਨ ਦੇ ਵਿਚਾਰ ਸਨ ਮੇਰੇ ਸਤਿਗੁਰ ਜਾਣੀ - ਜਾਣ ਹਨ ਉਹ ਮੇਰੇ ਮਨ ਦੀ ਇੱਛਾ ਪੂਰੀ ਕਰਨਗੇ। 1969 ਈਸਵੀ ਦੀ ਗੱਲ ਹੈ ਕਿ ਮਹਾਰਾਜ ਜੀ ਨੇ ਸ਼੍ਰੀ ਨਸੀਬ ਰਾਮ ਜੀ ਨੂੰ ਮਾਘੀ ਤੋਂ ਇੱਕ ਦਿਨ ਪਹਿਲਾਂ ਡੇਰੇ ਆਉਣ ਦਾ ਹੁਕਮ ਕੀਤਾ। ਮਹਾਰਾਜ ਜੀ ਦੇ ਹੁਕਮ ਅਨੁਸਾਰ ਮਾਘੀ ਤੋਂ ਇਕ ਦਿਨ ਪਹਿਲਾਂ ਹੀ ਉਹ ਮਹਾਰਾਜ ਜੀ ਪਾਸ ਆ ਗਏ।

ਰਾਤ ਨੂੰ ਮਹਾਰਾਜ ਸਰਵਣ ਦਾਸ ਜੀ ਸ਼੍ਰੀ ਨਸੀਬ ਰਾਮ ਜੀ ਨੂੰ ਪਿੰਡ ਡੇਰੇ ਵਿਖੇ

ਲੈ ਗਏ।ਦੂਸਰੇ ਦਿਨ ਤੜਕੇ ਜਦੋਂ ਮਹਾਰਾਜ ਜੀ ਵਾਪਸ ਕੁਟੀਆ ਚੱਲਣ ਲੱਗੇ ਤਾਂ ਮਾਸਟਰ ਨਸੀਬ ਰਾਮ ਨੇ ਮਨ ਚ ਸੋਚਿਆ ਕਿ ਮੇਰੀ ਸੁਪਤਨੀ ਗਰਭਵਤੀ ਹੈ ਸਾਡੇ ਘਰ ਵਿੱਚ ਪੁੱਤਰ ਦਾ ਜਨਮ ਹੋਵੇ। ਉਹ ਅਜਿਹਾ ਸੋਚ ਹੀ ਰਹੇ ਸਨ ਕਿ ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ, "ਮਾਸਟਰ ਜੀ ਤੁਹਾਡੇ ਮਨ ਦੀ ਇੱਛਾ ਪੂਰੀ ਹੋਵੇਗੀ ਤੁਹਾਡੇ ਘਰ ਲੜਕਾ ਜਨਮ ਲਵੇਗਾ"। ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਮਾਸਟਰ ਜੀ ਦੇ ਘਰ ਜੁਲਾਈ ਦੇ ਮਹੀਨੇ ਲੜਕੇ ਨੇ ਜਨਮ ਲਿਆ। ਜਿਸ ਦਾ ਨਾਂ ਮਹਾਰਾਜ ਜੀ ਨੇ ਬਲਰਾਜ ਸਿੰਘ ਰੱਖਿਆ।

## ਸਾਖੀ ਨੰਬਰ 127

## 'ਮੀਂਹ ਬਹੁਤ ਆ ਰਿਹਾ ਹੈ'

ਗਰਮੀਆਂ ਦੇ ਦਿਨ ਸਨ ਮਾਸਟਰ ਨਸੀਬ ਚੰਦ ਜੀ ਤੇ ਉਹਨਾਂ ਦੀ ਪਤਨੀ ਡੇਰੇ ਵਿਖੇ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਆਏ। ਮਹਾਰਾਜ ਜੀ ਨੇ ਸਤਿਸੰਗ ਕੀਤਾ ਉਸ ਤੋਂ ਉਪਰੰਤ 12 ਵਜੇ ਪੰਗਤ ਲਗਾਈ ਗਈ। ਸਭ ਸੰਗਤਾਂ ਨੇ ਲੰਗਰ ਛਕਿਆ। ਜਦੋਂ ਸਭ ਸੰਗਤਾਂ ਲੰਗਰ ਛਕਣ ਤੋਂ ਬਾਅਦ ਮਹਾਰਾਜ ਜੀ ਪਾਸ ਆ ਕੇ ਬੈਠ ਗਈਆਂ ਤਾਂ ਮਹਾਰਾਜ ਜੀ ਨੇ ਸਭਨਾਂ ਨੂੰ ਹੁਕਮ ਕਰਦੇ ਹੋਏ ਫ਼ਰਮਾਇਆ, "ਛੇਤੀ ਨਾਲ ਸਭ ਆਪੋ-ਆਪਣੇ ਘਰਾਂ ਨੂੰ ਚਲੇ ਜਾਓ, ਮੀਂਹ ਬਹੁਤ ਜ਼ੋਰ ਨਾਲ ਆ ਰਿਹਾ ਹੈ"। ਸਭ ਸੰਗਤਾਂ ਨੇ ਦੇਖਿਆ ਕਿ ਅਸਮਾਨ ਬਿਲਕੁਲ ਸਾਫ਼ ਹੈ ਕਿ ਕਿਤੇ ਵੀ ਬੱਦਲ ਨਹੀਂ ਹੈ। ਸਭ ਸੰਗਤਾਂ ਮਹਾਰਾਜ ਜੀ ਦਾ ਹੁਕਮ ਮੰਨ ਕੇ ਘਰਾਂ ਨੂੰ ਚੱਲ ਪਈਆਂ। ਕੁਝ ਮਿੰਟਾਂ ਬਾਦ ਪਤਾ ਨਹੀਂ ਕਿੱਧਰੋ ਬੱਦਲ ਆ ਗਿਆ। ਬਹੁਤ ਜ਼ੋਰ ਦੀ ਵਰਖਾ, ਲਗਭਗ ਦੋ ਕੁ ਘੰਟੇ ਲਗਾਤਾਰ ਹੁੰਦੀ ਰਹੀ। ਇਹ ਕੌਤਕ ਮਾਸਟਰ ਜੀ ਨੇ ਆਪਣੀ ਅੱਖੀਂ ਦੇਖਿਆ।

## ਸਾਖੀ ਨੰਬਰ 128

## ਲੰਗਰ ਬੇਅੰਤ ਹੈ।

ਇਕ ਸਮੇਂ ਦੀ ਗੱਲ ਹੈ ਕਿ ਮਾਸਟਰ ਨਸੀਬ ਚੰਦ ਜੀ ਕੁਟੀਆਂ ਵਿਖੇ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਆਏ ਤੇ ਮਹਾਰਾਜ ਜੀ ਨੇ ਉਹਨਾਂ ਨੂੰ ਲੰਗਰ ਦੀ ਸੇਵਾ ਕਰਨ ਲਈ ਹੁਕਮ ਦਿੱਤਾ। ਮਾਸਟਰ ਜੀ ਲੰਗਰ ਦੀ ਸੇਵਾ ਕਰਨ ਲੱਗ ਪਏ। ਸਭ ਸੰਗਤਾਂ ਨੂੰ 12 ਵਜੇ ਲੰਗਰ ਛਕਾਇਆ ਗਿਆ। ਇਸ ਉਪਰੰਤ ਸੰਗਤਾਂ ਮਹਾਰਾਜ ਜੀ ਤੋਂ ਇਜਾਜ਼ਤ ਲੈ ਕੇ ਆਪਣੇ ਘਰਾਂ ਨੂੰ ਵਾਪਸ ਚਲੀਆਂ ਗਈਆਂ।ਮਾਸਟਰ ਜੀ ਅਤੇ ਸ਼੍ਰੀ ਸਾਧੂ ਰਾਮ ਪਿੰਡ ਲੜੋਈ ਅਤੇ ਕੁਝ ਹੋਰ ਸੇਵਾਦਾਰ ਮਹਾਰਾਜ ਜੀ ਪਾਸ ਆ ਕੇ ਬੈਠ

ਗਏ। ਥੋੜ੍ਹੇ ਸਮੇਂ ਬਾਅਦ ਹੀ 20 ਕੁ ਦੇ ਕਰੀਬ ਗਿਣਤੀ ਵਿਚ ਸੰਗਤਾਂ ਆਈਆਂ ਸਭ ਮਹਾਰਾਜ ਜੀ ਨੂੰ ਨਮਸਕਾਰ ਕਰ ਕੇ ਮਹਾਰਾਜ ਜੀ ਪਾਸ ਬੈਠ ਗਏ। ਮਹਾਰਾਜ ਜੀ ਨੇ ਮਾਸਟਰ ਜੀ ਸਮੇਤ ਕੁਝ ਸੇਵਾਦਾਰਾਂ ਨੂੰ ਸੰਗਤਾਂ ਨੂੰ ਲੰਗਰ ਛਕਾਉਣ ਲਈ ਹੁਕਮ ਕੀਤਾ ਜਦੋਂ ਮਾਸਟਰ ਜੀ ਨੇ ਲੰਗਰ ਵਾਲੇ ਕਮਰੇ ਵਿਚ ਜਾ ਕੇ ਦੇਖਿਆ ਕਿ ਛਾਬੇ ਵਿਚ ਕੇਵਲ ਪੰਜ ਕੁ ਪਰਸ਼ਾਦੇ ਹੀ ਹਨ। ਸੇਵਾਦਾਰ ਨੇ ਮਹਾਰਾਜ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਛਾਬੇ ਵਿਚ ਕੇਵਲ ਪੰਜ ਕੁ ਪਰਸ਼ਾਦੇ ਹੀ ਹਨ ਆਪ ਹੁਕਮ ਕਰੋ ਅਸੀਂ ਪਰਸ਼ਾਦੇ ਹੋਰ ਬਣਾ ਲਈਏ। ਮਹਾਰਾਜ ਜੀ ਨੇ ਸੇਵਾਦਾਰ ਨੂੰ ਹੁਕਮ ਕੀਤਾ ਕਿ "ਛਾਬੇ ਉੱਪਰ ਕੱਪੜਾ ਪਾ ਕੇ ਸਾਡੇ ਪਾਸ ਆ ਜਾਉ"। ਸੇਵਾਦਾਰ ਮਹਾਰਾਜ ਜੀ ਦਾ ਹੁਕਮ ਮੰਨ ਕੇ ਛਾਬੇ ਉੱਪਰ ਕੱਪੜਾ ਦੇ ਕੇ ਵਾਪਸ ਮਹਾਰਾਜ ਜੀ ਪਾਸ ਆਇਆ ਤਾਂ ਮਹਾਰਾਜ ਜੀ ਨੇ ਫ਼ਰਮਾਇਆ ਕਿ ਛਾਬੇ ਉੱਪਰੋਂ ਕੱਪੜਾ ਨਹੀਂ ਚੁੱਕਣਾ। ਇਕ ਪਾਸਿਓ ਦੀ ਥੋੜ੍ਹਾ ਕੱਪੜਾ ਚੁੱਕ ਕੇ ਛਾਬੇ ਚੋਂ ਪਰਸ਼ਾਦੇ ਚੱਕ ਕੇ ਲੰਗਰ ਛਕਾਓ। ਲੰਗਰ ਬੇਅੰਤ ਹੈ। ਜਦੋਂ ਸੇਵਾਦਾਰਰਾਂ ਨੇ ਅੰਦਰ ਜਾ ਕੇ ਦੇਖਿਆ ਤੇ ਛਾਬਾ ਪਰਸ਼ਾਦਿਆਂ ਨਾਲ ਭਰਿਆ ਹੋਇਆ ਸੀ। ਸਭ ਸੰਗਤਾਂ ਲੰਗਰ ਛੱਕ ਗਈਆਂ ਪਰ ਛਾਬੇ ਵਿਚ ਅਜੇ ਵੀ ਬਹੁਤ ਪ੍ਰਸ਼ਾਦੇ ਸਨ। ਇਹ ਸਭ ਕੌਤਕ ਮਾਸਟਰ ਨਸੀਬ ਰਾਮ ਜੀ ਸਮੇਤ ਸਭ ਸੇਵਾਦਾਰਾਂ ਨੇ ਅੱਖੀ ਦੇਖਿਆ।

## ਸਾਖੀ ਨੰਬਰ 129

## ਸ. ਗੁਰਦੇਵ ਸਿੰਘ ਨੂੰ ਆਪਰੇਸ਼ਨ ਤੋਂ ਬਚਾਉਣਾ।

1973 ਈਸਵੀ ਦੀ ਗੱਲ ਹੈ ਕਿ ਸ. ਗੁਰਦੇਵ ਸਿੰਘ ਜੀ ਮਿਲਟਰੀ ਵਿਚ ਸਰਵਿਸ ਕਰਦੇ ਸਨ। ਉਹ ਦਿੱਲੀ ਵਿਖੇ ਮਿਲਟਰੀ 977 ਏ. ਡੀ. ਰੈਜੀਮੈਂਟ ਵਰਕਸ਼ਾਪ ਵਿਖੇ ਐਜੂਕੇਸ਼ਨ ਮਾਸਟਰ ਦੀ ਨੌਕਰੀ ਕਰਦੇ ਸਨ। ਸਤੰਬਰ ਦੇ ਮਹੀਨੇ ਉਹਨਾਂ ਦੇ ਗੁਰਦੇ ਵਿਚ ਬਹੁਤ ਜ਼ਬਰਦਸਤ ਦਰਦ ਹੋਈ। ਉਹ ਦੋ ਮਹੀਨੇ ਦੀ ਛੁੱਟੀ ਲੈ ਕੇ ਨਵੰਬਰ ਦੇ ਮਹੀਨੇ ਵਾਪਸ ਨੌਕਰੀ ਤੇ ਪਹੁੰਚੇ। ਦਸੰਬਰ ਨੂੰ ਮਿਲਟਰੀ ਹਸਪਤਾਲ ਦਿੱਲੀ ਵਿਖੇ ਦਾਖਲ ਹੋ ਗਏ।

ਉਹ 20 ਦਿਨ ਹਸਪਤਾਲ ਵਿਖੇ ਦਾਖਿਲ ਰਹੇ। ਇਸ ਦੌਰਾਨ ਉਹਨਾਂ ਦੇ ਐਕਸ-ਰੇ ਲਏ ਗਏ, ਟੈਸਟ ਕੀਤੇ ਗਏ। ਉਹਨਾਂ ਨੂੰ ਪੱਥਰੀ ਨਿਕਲਣ ਦੀਆਂ ਬਹੁਤ ਦਵਾਈਆ ਦਿੱਤੀਆਂ ਗਈਆਂ। ਪਰ ਪੱਥਰੀ ਨਹੀਂ ਨਿਕਲੀ। ਫਿਰ ਉਹਨਾਂ ਦੇ I.V.P. X-Ray ਲਏ ਗਏ। ਅਖੀਰ 24 ਵੇਂ ਦਿਨ ਬਰਗੇਡੀਅਰ ਸਚਦੇਵਾ ਨਿਰੀਖਣ ਕਰਦੇ ਹੋਏ ਉਹਨਾਂ ਪਾਸ ਪਹੁੰਚੇ। ਕਹਿਣ ਲੱਗੇ ਇਸ ਨੂੰ ਕਿੰਨਾਂ ਕੁ ਚਿਰ ਲਟਕਾਈ ਰੱਖਣਾ ਹੈ,

ਇਸ ਦਾ ਆਪਰੇਸ਼ਨ ਕਰੋ।

ਸ. ਗੁਰਦੇਵ ਸਿੰਘ ਦਾ ਆਪਰੇਸ਼ਨ ਕਰਨ ਲਈ ਨਾਮ ਲਿਖ ਦਿੱਤਾ ਗਿਆ। ਕਰਨਲ ਤੀਰਥ ਸਿੰਘ ਸਰਜੀਕਲ ਸਪੈਸ਼ਲਿਸਟ ਨੇ ਸ. ਗੁਰਦੇਵ ਸਿੰਘ ਦਾ ਆਪਰੇਸ਼ਨ ਕਰਨਾ ਸੀ।

ਆਪਰੇਸ਼ਨ ਕਰਨ ਤੋਂ ਇਕ ਦਿਨ ਪਹਿਲਾਂ ਸ਼ਾਮ ਨੂੰ ਅਰਦਾਸ ਕਰਨ ਤੋਂ ਬਾਅਦ ਉਹ ਬੈੱਡ ਤੇ ਨੇਤਰ ਬੰਦ ਕਰਕੇ ਲੇਟ ਗਏ।

ਅਚਾਨਕ ਸੰਤ ਸਰਵਣ ਦਾਸ ਜੀ ਨੇ ਆਵਾਜ਼ ਮਾਰੀ "ਫ਼ਿਕਰ ਨਾ ਕਰ ਬਲਦੇਵ ਅਸੀਂ ਆ ਗਏ ਹਾਂ"। ਸ਼੍ਰੀ ਬਲਦੇਵ ਸਿੰਘ ਨੇ ਮਨ ਵਿਚ ਵਿਚਾਰ ਕੀਤੀ ਕਿ ਮਹਾਰਾਜ ਸਾਲ ਹੋ ਗਿਆ ਤੁਹਾਨੂੰ ਚੋਲਾ ਛੱਡਿਆ, ਹੁਣ ਤੁਸੀਂ ਕੀ ਆਉਣਾ ਹੈ।

ਮਹਾਰਾਜ ਜੀ ਨੇ ਦੂਸਰੀ ਵਾਰ ਫਿਰ ਇਸ ਪ੍ਰਕਾਰ ਆਵਾਜ਼ ਮਾਰੀ, "ਫ਼ਿਕਰ ਨਾ ਕਰ ਬਲਦੇਵ ਸਿੰਘ ਅਸੀਂ ਆ ਗਏ ਹਾਂ"। (ਗੁਰਦੇਵ ਸਿੰਘ ਨੂੰ ਮਹਾਰਾਜ ਜੀ ਪ੍ਰੇਮ ਨਾਲ ਬਲਦੇਵ ਕਿਹਾ ਕਰਦੇ ਸਨ)

ਫਿਰ ਸ. ਗੁਰਦੇਵ ਸਿੰਘ ਨੂੰ ਮਹਾਰਾਜ ਜੀ ਬੈੱਡ ਦੇ ਕੋਲ ਖੜ੍ਹੇ ਭੱਗਵੀ ਪੱਗੜੀ, ਚਿੱਟਾ ਕੁੜਤਾ ਤੇ ਧੋਤੀ ਪਹਿਨੇ ਨਜ਼ਰ ਆਏ।

"ਬਲਦੇਵ ਅਸੀਂ ਆ ਗਏ ਹਾਂ"।

ਜਦੋਂ ਸ. ਗੁਰਦੇਵ ਸਿੰਘ ਨੇ ਅੱਖਾਂ ਖੋਲ੍ਹ ਕੇ ਦੇਖਿਆ ਤਾਂ ਉਸਨੂੰ ਕੁਝ ਵੀ ਨਜ਼ਰ ਨਾ ਆਇਆ।ਉਸ ਨੇ ਮਨ ਵਿਚ ਵਿਚਾਰਿਆ ਇਹ ਕੀ ਕੌਤਕ ਹੈ।ਮੇਰਾ ਕੱਲ ਆਪ੍ਰੇਸ਼ਨ ਹੋਣਾ ਹੈ।

ਇੰਨੇ ਨੂੰ ਸ. ਗੁਰਦੇਵ ਸਿੰਘ ਦੇ ਬਹੁਤ ਜ਼ੋਰ ਨਾਲ ਦਰਦ ਹੋਈ। ਉਹ ਬੜੇ ਮੁਸ਼ਕਲ ਨਾਲ ਬਾਥਰੂਮ ਪਹੁੰਚੇ। ਉਹਨਾਂ ਨੂੰ ਬੜੀ ਜ਼ੋਰ ਦੀ ਪੇਸ਼ਾਬ ਨਾਲ ਖੂਨ ਆਇਆ। ਉਸ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਪੱਥਰੀ ਬਾਹਰ ਨਿਕਲ ਗਈ ਹੋਵੇ।ਤੜਕੇ ਚਾਰ ਵਜੇ ਨਰਸਿੰਗ ਐਸਿਸਟੈਂਟ ਆਇਆ। ਉਸ ਨੇ ਪੇਟ ਦੀ ਸਫ਼ਾਈ ਲਈ ਅਨੀਮਾ ਲਗਾਇਆ। ਉਸ ਤੋਂ ਬਾਅਦ ਉਸ ਨੂੰ ਐਕਸ-ਰੇ ਲਈ ਲੈ ਗਏ, ਜਿੱਥੇ ਹਵਾਲਦਾਰ ਨੇ ਐਕਸਰਾ ਲਿਆ। ਫਿਰ ਆਪ੍ਰੇਸ਼ਨ ਥੀਏਟਰ ਵਿਚ ਲੈ ਗਏ। ਜਦੋਂ ਸ. ਗੁਰਦੇਵ ਸਿੰਘ ਦੇ ਡਾਕਟਰ ਆਪ੍ਰੇਸ਼ਨ ਕਰਨ ਲਈ ਟੀਕਾ ਲਗਾਉਣ ਲੱਗੇ ਤੇ ਸ. ਗੁਰਦੇਵ ਸਿੰਘ ਨੇ ਕਿਹਾ ਕਿ ਮੇਰੇ ਟੀਕਾ ਨਾ ਲਗਾਉਣਾ ਜਦੋਂ ਤੱਕ ਕਰਨਲ ਤੀਰਥ ਸਿੰਘ ਨਹੀਂ ਆਉਂਦਾ।ਉਸ ਤੋਂ ਬਾਅਦ O.R.A. ਆਇਆ, ਸਾਇਨ ਕਰ ਦਿੱਤੇ ਗਏ। ਉਸ ਤੋਂ ਬਾਅਦ ਕਰਨਲ ਤੀਰਥ ਸਿੰਘ ਆਏ ਉਹਨਾਂ ਨੇ ਕੱਲ੍ਹ ਵਾਲਾ ਅਤੇ ਅੱਜ ਸਵੇਰੇ ਵਾਲਾ ਦੋਨੋਂ ਐਕਸ-ਰੇ ਦੇਖੇ।ਦੋਨੇ ਐਕਸਰਿਆਂ ਵਿੱਚੋ ਅੱਜ ਵਾਲੇ ਵਿੱਚ ਪੱਥਰੀ ਨਜ਼ਰ

ਨਹੀਂ ਆਈ। ਫਿਰ ਉਹ ਦੋਨੋ ਐਕਸ-ਰੇ ਲੈ ਕੇ ਸਰਜੀਕਲ ਐਡਵਾਈਜ਼ਰ ਬਰਗੇਡੀਅਰ ਸੱਚਦੇਵਾ ਕੋਲ ਗਏ ਅਤੇ ਕਿਹਾ ਕਿ ਕੱਲ੍ਹ ਵਾਲੇ ਐਕਸ-ਰੇ ਵਿੱਚ ਪੱਥਰੀ ਸੀ ਪਰ ਅੱਜ ਸਵੇਰੇ ਵਾਲੇ ਐਕਸ-ਰੇ ਵਿੱਚ ਪੱਥਰੀ ਨਹੀਂ ਹੈ, ਮੈਂ ਕਿਸ ਚੀਜ਼ ਦਾ ਆਪ੍ਰੇਸ਼ਨ ਕਰਾਂ। ਇਹ ਬਿਲਕੁਲ ਠੀਕ ਹੈ। ਕੱਲ੍ਹ ਐਡੀ ਪੱਥਰੀ ਸੀ ਰਾਤੋ ਰਾਤ ਕਿੱਥੇ ਗਾਇਬ ਹੋ ਗਈ। ਉਸ ਤੋਂ ਬਾਅਦ ਸ. ਗੁਰਦੇਵ ਸਿੰਘ ਦਾ ਇੱਕ ਹਰ ਐਕਸਰਾ ਕੀਤਾ ਗਿਆ ਜੋ ਕਿ ਉਸ ਦਾ 14ਵਾਂ ਐਕਸਰਾ ਸੀ। ਰੇਡੀਓਲੋਜੀ ਸਪੈਸ਼ਲਿਸਟ ਚੰਦਰ ਪ੍ਰਕਾਸ਼ ਨੇ ਖੁਦ ਐਕਸਰਾ ਲਿਆ ਅਤੇ 14 ਦੇ 14 ਐਕਸ-ਰੇ ਸਕਰੀਨ ਲਗਾ ਕੇ ਦੇਖੇ। ਪਹਿਲੇ 12 ਐਕਸਰਿਆਂ ਵਿਚ ਪੱਥਰੀ ਨਜ਼ਰ ਆਈ ਪਰ 2 ਐਕਸ-ਰੇ ਜੋ ਆਪ੍ਰੇਸ਼ਨ ਵਾਲੇ ਦਿਨ ਲਏ ਗਏ ਸਨ ਉਹਨਾਂ ਵਿਚ ਪੱਥਰੀ ਨਹੀਂ ਨਜ਼ਰ ਆਈ। ਲਿਖ ਕੇ ਰਿਪੋਰਟ ਸ. ਗੁਰਦੇਵ ਸਿੰਘ ਨੂੰ ਦਿੱਤੀ ਗਈ। ਜਿਸ ਵਿਚ ਲਿਖਿਆ ਸੀ, Stone has moved out. You can not be operated.

ਫਿਰ ਸ. ਗੁਰਦੇਵ ਸਿੰਘ ਨੇ ਰਾਤ ਵਾਲਾ ਸਾਰਾ ਕੌਤਕ ਕਰਨਲ ਤੀਰਥ ਸਿੰਘ ਨੂੰ ਦੱਸਿਆ। ਉਹਨਾਂ ਕਿਹਾ,"ਕਾਕਾ ਜਦੋਂ ਮੈਂ ਤੇਰੇ ਬੈੱਡ ਕੋਲ ਆਉਂਦਾ ਸੀ ਤੇਰਾ ਆਪ੍ਰੇਸ਼ਨ ਕਰਨ ਨੂੰ ਮੇਰਾ ਦਿਲ ਨਹੀਂ ਸੀ ਕਰਦਾ"।

ਉਸ ਤੋਂ ਬਾਅਦ ਸ. ਗੁਰਦੇਵ ਸਿੰਘ ਦਿੱਲੀ ਤੋਂ ਕੁਝ ਦਿਨਾਂ ਬਾਅਦ ਛੁੱਟੀ ਲੈ ਕੇ ਸਿੱਧੇ ਡੇਰੇ ਪਹੁੰਚੇ। ਜਦੋਂ ਉਹਨਾਂ ਆ ਕੇ ਨਮਸਕਾਰ ਕੀਤੀ ਤਾਂ ਜਾਣੀ ਜਾਣ ਸੰਤ ਹਰੀ ਦਾਸ ਜੀ ਮਹਾਰਾਜ ਨੇ ਫ਼ਰਮਾਇਆ, "ਅਸੀਂ ਕਿਹਾ ਕਿਤੇ ਸਾਂਈ ਲੋਕ ਮਾਰਿਆ ਨਾ ਜਾਵੇ, ਸਾਨੂੰ ਤੇਰਾ ਬਹੁਤ ਫ਼ਿਕਰ ਸੀ"।ਸ. ਗੁਰਦੇਵ ਸਿੰਘ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਤੁਸੀਂ ਫ਼ਿਕਰ ਕੀਤਾ ਤੇ ਮੈਂ ਆਪ੍ਰੇਸ਼ਨ ਤੋਂ ਬੱਚ ਗਿਆ, ਤੁਸੀ ਮੇਰੀ ਪੱਥਰੀ ਕੱਢ ਦਿੱਤੀ।

(ਮਿਤੀ 08-06-03, ਖੁਦ ਸ. ਗੁਰਦੇਵ ਸਿੰਘ)

## ਸਾਖੀ ਨੰਬਰ 130

## ਸਤਿਗੁਰੂ ਜੀ ਦੁਆਰਾ ਮਾਸਟਰ ਰਤਨ ਚੰਦ ਜੀ ਨੂੰ ਨਾਮ ਦੀ ਬਖ਼ਸ਼ਿਸ਼ ਕਰਨੀ।

ਮਾਸਟਰ ਰਤਨ ਚੰਦ ਪਿੰਡ ਬੋਦਲਾ ਨੇੜੇ ਟਾਂਡਾ ਦੇ ਵਸਨੀਕ ਸਨ। ਉਹਨਾਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪਿਆਰ ਸੀ। ਇਕ ਸਮੇਂ ਉਹਨਾਂ ਨੇ ਸਤਿਗੁਰੂ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਦਾਸ ਨੂੰ ਨਾਮ ਦਾਨ ਦੀ ਬਖ਼ਸ਼ਿਸ਼ ਕਰੋ। ਹਜ਼ੂਰ ਮਹਾਰਾਜ ਜੀ ਨੇ ਫ਼ਰਮਾਇਆ ਕਿ ਅਸੀਂ ਆਪ ਨੂੰ ਨਾਮ ਦੀ ਬਖ਼ਸ਼ਿਸ਼ ਉਸ ਸਮੇਂ ਕਰਨੀ ਹੈ, ਜਿਸ ਸਮੇਂ ਬਹੁਤ ਵਰਖਾ ਹੋਵੇਗੀ। ਉਸ ਤੋਂ ਬਾਅਦ ਮਾਸਟਰ ਰਤਨ

ਚੰਦ ਜੀ ਇਕ ਸਾਲ ਲਗਾਤਾਰ ਡੇਰੇ ਆਉਂਦੇ ਰਹੇ।

1970 ਈਸਵੀ ਗਰਮੀ ਰੁੱਤ ਦੀ ਗੱਲ ਹੈ ਕਿ ਜਦੋਂ ਮਾਸਟਰ ਰਤਨ ਚੰਦ ਸਵੇਰੇ ਡੇਰੇ ਵਿਖੇ ਆਏ। ਮਹਾਰਾਜ ਜੀ ਨੂੰ ਨਮਸਕਾਰ ਕਰਕੇ ਸਤਿਗੁਰੂ ਜੀ ਪਾਸ ਬੈਠ ਗਏ। ਮਹਾਰਾਜ ਜੀ ਨੇ ਮਾਸਟਰ ਰਤਨ ਚੰਦ ਨੂੰ ਫ਼ਰਮਾਇਆ ਕਿ "ਮਾਸਟਰ ਜੀ ਤੁਸੀਂ ਅੱਜ ਸਾਡੇ ਪਾਸ ਹੀ ਰਹਿਣਾ।" ਜਿਸ ਸਮੇਂ ਦੁਪਿਹਰ ਦੇ ਦੋ ਵੱਜੇ ਤਾਂ ਹਜ਼ੂਰ ਮਹਾਰਾਜ ਨੇ ਮਾਸਟਰ ਰਤਨ ਚੰਦ ਨੂੰ ਕਿਹਾ ਕਿ ਤੁਸੀਂ ਸਾਡੇ ਕਮਰੇ ਵਿਚ ਚੱਲੋ। ਅੱਜ ਤੁਹਾਨੂੰ ਨਾਮ-ਦਾਨ ਦੀ ਬਖ਼ਸ਼ਿਸ਼ ਕਰਨੀ ਹੈ। ਮਾਸਟਰ ਜੀ ਨੇ ਮਹਾਰਾਜ ਦਾ ਹੁਕਮ ਮਨ ਕੇ ਸਤਿਗੁਰੂ ਜੀ ਦੇ ਕਮਰੇ ਅੰਦਰ ਚਲੇ ਗਏ ਅਤੇ ਮਨ ਵਿਚ ਵਿਚਾਰ ਕਰਦਾ ਹੈ ਕਿ ਮਹਾਰਾਜ ਜੀ ਕਹਿੰਦੇ ਸਨ ਕਿ ਜਿਸ ਦਿਨ ਆਪ ਨੂੰ ਨਾਮ ਦੀ ਬਖ਼ਸ਼ਿਸ਼ ਕਰਨੀ ਹੈ, ਉਸ ਦਿਨ ਬਹੁਤ ਵਰਖਾ ਹੋਵੇਗੀ। ਪਰ ਅੱਜ ਤਾਂ ਵਰਖਾ ਹੋਣ ਦਾ ਕੋਈ ਅਨੁਮਾਨ ਨਹੀਂ। ਆਕਾਸ਼ ਬਿਲਕੁੱਲ ਸਾਫ਼ ਹੈ। ਕੋਈ ਬੱਦਲ ਨਹੀਂ। ਜਿਸ ਵੇਲੇ ਮਾਸਟਰ ਜੀ ਅੰਦਰ ਜਾ ਕੇ ਬੈਠੇ ਤਾਂ ਕੁਝ ਮਿੰਟਾਂ ਵਿਚ ਪਤਾ ਨਹੀਂ ਕਿੱਧਰੋ ਬੱਦਲ ਆ ਗਏ ਤੇ ਵਰਖਾ ਸ਼ੁਰੂ ਹੋ ਗਈ। ਉਸ ਸਮੇਂ ਮਹਾਰਾਜ ਜੀ ਨੇ ਮਾਸਟਰ ਨੂੰ ਨਾਮ ਦੀ ਬਖ਼ਸ਼ਿਸ਼ ਕੀਤੀ। ਮਾਸਟਰ ਜੀ ਇਹ ਕੌਤਕ ਦੇਖ ਕੇ ਬਹੁਤ ਹੈਰਾਨ ਹੋਏ। ਇਸ ਪ੍ਰਕਾਰ ਮਹਾਰਾਜ ਜੀ ਦੇ ਵਚਨ ਅਟੱਲ ਹੋਏ ਅਤੇ ਦੋ ਘੰਟੇ ਬਹੁਤ ਜ਼ੋਰ ਦੀ ਵਰਖਾ ਹੋਈ।

(ਮਿਤੀ 21-08-03, ਖੁਦ ਮਾਸਟਰ ਰਤਨ ਚੰਦ ਪੁੱਤਰ ਸ਼੍ਰੀ ਨਾਮਾ ਰਾਮ, ਪਿੰਡ ਬੋਂਦਲਾ, ਟਾਂਡਾ)

**ਸਾਖੀ ਨੰਬਰ 131**

**ਸ. ਗੁਰਦੀਪ ਸਿੰਘ ਤੇ ਬੀਬੀ ਹਰਬੰਸ ਕੌਰ ਨੂੰ ਪੁੱਤਰ ਦੀ ਦਾਤ ਬਖ਼ਸ਼ਿਸ਼ ਕਰਨੀ।**

ਸ. ਗੁਰਦੀਪ ਸਿੰਘ ਤੇ ਉਹਨਾਂ ਦੀ ਪਤਨੀ ਬੀਬੀ ਹਰਬੰਸ ਕੌਰ ਜਿਹੜੇ ਕਿ ਪਿੰਡ ਨੂਰਪੁਰ ਦੇ ਵਸਨੀਕ ਸਨ। ਉਹਨਾਂ ਦੇ ਘਰ ਤਿੰਨ ਲੜਕੀਆਂ ਸਨ। ਉਹਨਾਂ ਦੇ ਘਰ ਪੁੱਤਰ ਦੀ ਘਾਟ ਸੀ। ਕਿਸੇ ਨੇ ਉਹਨਾਂ ਨੂੰ ਦੱਸਿਆ ਕਿ ਤੁਸੀਂ ਸੰਤਾਂ ਮਹਾਤਮਾਵਾਂ ਕੋਲ ਜਾਓ। ਤੁਹਾਡੀ ਮਨੋ-ਕਾਮਨਾ ਪੂਰੀ ਹੋਵੇਗੀ। ਪਰ ਉਹਨਾਂ ਦੇ ਮਨ ਵਿਚ ਵਿਚਾਰ ਸੀ ਕਿ ਜੇ ਸਾਡੀ ਕਿਸਮਤ ਵਿਚ ਲੜਕਾ ਹੋਇਆ ਤਾਂ ਸਾਨੂੰ ਜ਼ਰੂਰ ਮਿਲੇਗਾ।

ਇਕ ਦਿਨ ਉਨਾਂ ਨੇ ਆਪਣੇ ਪਿੰਡ ਦੇ ਵਸਨੀਕ ਮਿਸਤਰੀ ਗੁਰਦਿਆਲ ਸਿੰਘ ਤੇ ਬੀਬੀ ਮੇਹਰ ਕੋਰ ਕੋਲੋਂ ਸੰਤ ਸਰਵਣ ਦਾਸ ਮਹਾਰਾਜ ਦੀ ਉਸਤਤਿ ਸਰਵਣ ਕੀਤੀ। ਫਿਰ ਇਕ ਦਿਨ ਸ. ਗੁਰਦਿਆਲ ਸਿੰਘ ਅਤੇ ਬੀਬੀ ਮੇਹਰ ਕੌਰ ਸ. ਗੁਰਦੀਪ ਸਿੰਘ ਨੂੰ ਨਾਲ ਲੈ ਕੇ ਸੰਤ ਸਰਵਣ ਦਾਸ ਮਹਾਰਾਜ ਜੀ ਪਾਸ ਆ ਕੇ ਨਮਸਕਾਰ ਕੀਤੀ। ਸ. ਗੁਰਦਿਆਲ ਸਿੰਘ ਜੀ ਨੇ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਇਹਨਾਂ ਦੇ ਘਰ ਤਿੰਨ ਲੜਕੀਆਂ ਹਨ। ਆਪ ਕਿਰਪਾ ਕਰਕੇ ਪੁੱਤਰ ਦੀ ਦਾਤ ਬਖ਼ਸ਼ਿਸ਼

ਕਰੋ। ਮਹਾਰਾਜ ਸਰਵਣ ਦਾਸ ਜੀ ਨੇ ਵਚਨ ਕੀਤਾ ਕਿ ਤੁਹਾਡੇ ਘਰ ਪੁੱਤਰ ਪੈਦਾ ਹੋਵੇਗਾ। ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਉਹਨਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ।

## ਸਾਖੀ ਨੰਬਰ 132

## ਸ. ਗੁਰਦਿਆਲ ਸਿੰਘ ਨੂੰ ਬਚਾਉਣਾ।

ਸ. ਗੁਰਦਿਆਲ ਸਿੰਘ ਪਿੰਡ ਨੂਰਪੁਰ ਦੇ ਵਸਨੀਕ ਸਨ। ਉਹ ਮਹਾਰਾਜ ਸਰਵਣ ਦਾਸ ਜੀ ਦੇ ਸੇਵਕ ਸਨ। ਇਕ ਸਮੇਂ ਦੀ ਗੱਲ ਹੈ ਕਿ ਸ. ਗੁਰਦਿਆਲ ਸਿੰਘ ਜਲੰਧਰ ਸ਼ਹਿਰ ਵਿਖੇ ਮਕਾਨ ਦੀ ਉਸਾਰੀ ਕਰ ਰਹੇ ਸਨ। ਜਦੋਂ ਉਹ ਮਕਾਨ ਦੀ ਤੀਸਰੀ ਮੰਜ਼ਿਲ ਦੀ ਤਿਆਰੀ ਕਰ ਰਹੇ ਸਨ ਤਾਂ ਅਚਾਨਕ ਪੈੜ੍ਹ ਟੁੱਟ ਗਈ। ਉਸੇ ਸਮੇਂ ਸ. ਗੁਰਦਿਆਲ ਸਿੰਘ ਜੀ ਨੇ ਮਹਾਰਾਜ ਸਰਵਣ ਦਾਸ ਜੀ ਨੂੰ ਯਾਦ ਕੀਤਾ, ਜਦੋਂ ਉਹ ਤੀਸਰੀ ਮੰਜ਼ਿਲ ਤੋਂ ਜ਼ਮੀਨ ਤੇ ਡਿੱਗ ਪਏ ਉਹਨਾਂ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਜਿਵੇਂ ਸੰਤ ਸਰਵਣ ਦਾਸ ਮਹਾਰਾਜ ਜੀ ਨੇ ਉਸਨੂੰ ਆਪਣੇ ਹੱਥਾਂ ਤੇ ਚੁੱਕਿਆ ਹੋਵੇ। ਉਹਨਾਂ ਦੇ ਕੇਵਲ ਚੂਲੇ ਤੇ ਹੀ ਸੱਟ ਲੱਗੀ। ਉਸੇ ਰਾਤ ਨੂੰ ਹੀ ਮਹਾਰਾਜ ਸਰਵਣ ਦਾਸ ਜੀ ਨੇ ਸ. ਗੁਰਦਿਆਲ ਸਿੰਘ ਜੀ ਦੇ ਸੁਪਨੇ ਵਿਚ ਪ੍ਰਗਟ ਹੋ ਕੇ ਕਿਹਾ,"ਕਿ ਤੂੰ ਬਿਲਕੁਲ ਠੀਕ-ਠਾਕ ਹੈ ਕੋਈ ਫ਼ਿਕਰ ਨਹੀਂ ਕਰਨਾ"। ਮਹਾਰਾਜ ਜੀ ਦੀ ਕਿਰਪਾ ਨਾਲ ਕੁਝ ਦਿਨਾਂ ਵਿਚ ਹੀ ਸ. ਗੁਰਦਿਆਲ ਸਿੰਘ ਬਿਲਕੁਲ ਠੀਕ ਹੋ ਗਏ।

ਬੀਬੀ ਮੇਹਰ ਕੌਰ ਪਤਨੀ ਸ. ਗੁਰਦਿਆਲ ਸਿੰਘ,
ਨੂਰਪੁਰ, ਜਲੰਧਰ

## ਸਾਖੀ ਨੰਬਰ 133

## ਸ਼੍ਰੀ ਰਾਮ ਲਾਲ ਜੀ ਦੀ ਸ਼ੰਕਾਂ ਨਵਿਰਤ ਕਰਨੀ।

ਸ਼੍ਰੀ ਪਾਲਾ ਰਾਮ ਜੀ ਅਤੇ ਉਹਨਾਂ ਦੀ ਸੁਪਤਨੀ ਬੀਬੀ ਗਾਬੀ ਦੇਵੀ ਬਿਆਸ ਪਿੰਡ ਵਾਲਿਆ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪਿਆਰ ਸੀ। ਸ਼੍ਰੀ ਪਾਲਾ ਰਾਮ ਜੀ ਅਕਸਰ ਮਹਾਰਾਜ ਜੀ ਦੇ ਚਰਨਾਂ ਵਿਚ ਰਹਿ ਕੇ ਸੇਵਾ ਕਰਿਆ ਕਰਦੇ ਸਨ। ਇਕ ਸਮੇਂ ਸ਼੍ਰੀ ਪਾਲਾ ਰਾਮ ਜੀ ਨੇ ਆਪਣੇ ਸਪੁੱਤਰ ਸ਼੍ਰੀ ਰਾਮ ਲਾਲ ਜੀ ਨੂੰ ਮਹਾਰਾਜ ਜੀ ਪਾਸ ਭੇਜਿਆ। ਉਹਨਾਂ ਦਿਨਾਂ ਵਿਚ ਕਿਸ਼ਨਗੜ੍ਹ ਦੇ ਪਾਸ ਜਿੱਥੇ ਅੱਜ ਪੈਟਰੋਲ ਪੰਪ ਹੈ, ਉਥੇ ਬਹੁਤ ਕਿੱਕਰਾਂ ਹੁੰਦੀਆਂ ਸਨ। ਉੱਥੋਂ ਦੀ ਬਿਆਸ ਪਿੰਡ ਤੋਂ ਡੇਰੇ ਨੂੰ ਕੱਚਾ ਰਸਤਾ ਆਉਂਦਾ ਸੀ। ਸ਼੍ਰੀ ਰਾਮ ਲਾਲ ਜੀ ਜਦੋਂ ਆਪਣੇ ਘਰ ਤੋਂ ਤੜਕੇ ਤੁਰ ਕੇ ਡੇਰੇ ਮਹਾਰਾਜ

ਜੀ ਨੂੰ ਮਿਲਣ ਆ ਰਹੇ ਸਨ ਤਦ ਜਦੋਂ ਉਹ ਕਿੱਕਰਾਂ ਪਾਸ ਆਏ ਤਾਂ ਰਸਤੇ ਵਿਚ ਕਿਸੇ ਨੇ ਟੂਣਾ ਕੀਤਾ ਹੋਇਆ ਸੀ। ਸ਼੍ਰੀ ਰਾਮ ਲਾਲ ਜੀ ਦਾ ਪੈਰ ਟੂਣੇ ਉੱਪਰ ਰੱਖ ਹੋ ਗਿਆ। ਮਹਾਰਾਜ ਸਰਵਣ ਦਾਸ ਜੀ ਹਮੇਸ਼ਾ ਸੰਗਤਾਂ ਨੂੰ ਵਹਿਮਾਂ ਭਰਮਾਂ, ਜਾਦੂ-ਟੂਣੇ ਅਤੇ ਕਰਮ ਕਾਂਡਾਂ ਤੋਂ ਮੁਕਤ ਹੋ ਕੇ ਪਰਮਾਤਮਾ ਦਾ ਨਾਮ ਜੱਪਣ ਦਾ ਉਪਦੇਸ਼ ਦਿਆ ਕਰਦੇ ਸਨ। ਜਦੋਂ ਸ਼੍ਰੀ ਰਾਮ ਲਾਲ ਜੀ ਡੇਰੇ ਵਿਖੇ ਪਹੁੰਚੇ। ਉਸ ਸਮੇਂ ਮਹਾਰਾਜ ਜੀ ਕੁਰਸੀ ਤੇ ਬਿਰਾਜਮਾਨ ਸਨ। ਸ਼੍ਰੀ ਰਾਮ ਲਾਲ ਜੀ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤਾਂ ਜਾਣੀ ਜਾਣ ਘਟ-ਘਟ ਦੀਆਂ ਜਾਨਣ ਵਾਲੇ ਮਹਾਰਾਜ ਜੀ ਨੇ ਸ਼੍ਰੀ ਰਾਮ ਲਾਲ ਦੀ ਸ਼ੰਕਾਂ ਨਵਿਰਤ ਕਰਦੇ ਹੋਏ ਫ਼ਰਮਾਇਆ, "ਰਾਮ ਲਾਲ ਰਸਤੇ ਵਿਚ ਆਉਂਦੇ ਹੋਏ ਤੇਰਾ ਪੈਰ ਟੂਣੇ ਉੱਪਰ ਰੱਖ ਹੋ ਗਿਆ, ਇਹ ਤੇਰੇ ਮਨ ਦਾ ਭਰਮ ਹੈ। ਟੂਣੇ ਉੱਪਰ ਪੈਰ ਰੱਖਣ ਨਾਲ ਕੁਝ ਨਹੀਂ ਹੁੰਦਾਂ। ਪਰਮਾਤਮਾ ਦਾ ਸਿਮਰਨ ਕਰਿਆ ਕਰੋ"। ਮਹਾਰਾਜ ਜੀ ਦੇ ਮੁੱਖ ਤੋਂ ਇਹ ਵਚਨ ਸੁਣ ਕੇ ਸ਼੍ਰੀ ਰਾਮ ਲਾਲ ਜੀ ਹੈਰਾਨ ਰਹਿ ਗਏ ਕਿ ਮਹਾਰਾਜ ਜੀ ਨੂੰ ਇਸ ਗੱਲ ਦਾ ਪਤਾ ਕਿਵੇਂ ਲੱਗ ਗਿਆ। ਮਹਾਰਾਜ ਸਰਵਣ ਦਾਸ ਜੀ ਜਾਣੀ-ਜਾਣ ਹਨ। ਜਿਨ੍ਹਾਂ ਨੇ ਮੇਰੇ ਮਨ ਦਾ ਭਰਮ ਦੂਰ ਕਰ ਦਿੱਤਾ।

ਖ਼ੁਦ ਸ਼੍ਰੀ ਰਾਮ ਲਾਲ ਜੀ ਪੁੱਤਰ ਸ਼੍ਰੀ ਪਾਲਾ ਰਾਮ
ਬਿਆਸ ਪਿੰਡ, ਮਿਤੀ 23-08-03

## ਸਾਖੀ ਨੰਬਰ 134
## ਸ਼੍ਰੀ ਗੁਰਦਾਸ ਰਾਮ ਸੁੱਚੀ ਪਿੰਡ ਵੱਲੋਂ ਪਹਿਲੀ ਵਾਰ ਕੁਟੀਆ ਤੇ ਆਉਣਾ

ਸ਼੍ਰੀ ਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ ਦੇ ਅਨੇਕਾਂ ਸ਼ਰਧਾਲੂਆ ਚੋਂ ਸ਼੍ਰੀ ਗੁਰਦਾਸ ਰਾਮ ਜੀ ਬੱਧਣ ਸੁੱਚੀ ਪਿੰਡ ਵਾਲੇ ਮਹਾਰਾਜ ਜੀ ਦੇ ਅਨਿਨ ਸ਼ਰਧਾਲੂ ਹਨ। ਉਹ 1962 ਈਸਵੀ ਤੋਂ ਲੈ ਕੇ ਅੱਜ ਤੱਕ ਹਰ ਐਤਵਾਰ ਹਰ ਸੰਗਰਾਂਦ ਅਤੇ ਹੋਰ ਸਾਲਾਨਾ ਸਮਾਗਮਾਂ ਵਿੱਚ ਬਿਨ੍ਹਾਂ ਕਿਸੇ ਨਾਗੇ ਦੇ ਮਹਾਰਾਜ ਜੀ ਦੇ ਦਰਬਾਰ ਵਿਚ ਸੀਸ ਨਿਵਾਉਣ ਆਉਂਦੇ ਹਨ। ਉਹਨਾਂ ਨੇ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਮਹਾਰਾਜ ਦੀ ਯਾਦ ਵਿਚ ਇਕ ਸੁੰਦਰ ਮੰਦਿਰ ਦੀ ਉਸਾਰੀ ਆਪਣੀ ਕਿਰਤ ਕਮਾਈ ਚੋਂ ਕਰਵਾਈ ਹੈ।

ਮੈਨੂੰ ਸ਼ੁਰੂ ਤੋਂ ਹੀ ਸੰਤਾਂ ਮਹਾਪੁਰਸ਼ਾਂ ਦੀ ਸੰਗਤ ਕਰਨ ਦਾ ਸ਼ੌਂਕ ਸੀ। ਸਾਡੇ ਪਿੰਡ ਇਕ ਮਹਾਤਮਾ ਸੰਤ ਕੂਕਰ ਦਾਸ ਢੱਡਿਆ ਵਾਲੇ ਆਇਆ ਕਰਦੇ ਸਨ। ਉਸ ਸਮੇਂ ਸਾਡਾ ਪੁਰਾਣਾ ਘਰ ਜੋ ਪਿੰਡ ਦੇ ਵਿਚਕਾਰ ਸੀ। ਸੰਤ ਕੂਕਰ ਦਾਸ ਉਥੇ ਆਇਆ ਕਰਦੇ। ਮੈਂ ਉਹਨਾਂ ਨੂੰ ਭੋਜਨ ਛਕਾਉਣਾ ਅਤੇ ਉਹਨਾਂ ਨੇ ਸਾਨੂੰ ਸੰਤਾਂ ਦੀਆਂ ਸਾਖੀਆ

ਸੁਣਾਇਆ ਕਰਨੀਆਂ ਜੋ ਕਿ ਮੈਨੂੰ ਬਹੁਤ ਚੰਗੀਆਂ ਲੱਗਦੀਆਂ ਸਨ। ਫਿਰ ਉਹਨਾਂ ਨੇ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ ਸੰਬੰਧੀ ਸਾਖੀਆਂ ਸੁਣਾਉਣੀਆਂ। ਉਹਨਾਂ ਨੇ ਦੱਸਣਾ ਕਿ ਕਿਵੇਂ ਮਹਾਰਾਜ ਗੁਰੂ ਰਵਿਦਾਸ ਜੀ ਨੇ ਜਾਤ-ਪਾਤ ਵਿਰੁੱਧ ਅੰਦੋਲਨ ਛੇੜਿਆ ਅਤੇ ਰਾਜੇ ਮਹਾਰਾਜਿਆਂ ਨੂੰ ਆਪਣੇ ਸੇਵਕ ਬਣਾਇਆ। ਕਿਵੇਂ ਮਹਾਰਾਜ ਜੀ ਨੇ ਮੀਰਾਂ ਬਾਈ, ਝਾਲਾਂ ਬਾਈ,ਰਾਜਾ ਨਾਗਰ ਮੱਲ ਅਤੇ ਰਾਜਾ ਪੀਪਾ ਆਦਿ ਨੂੰ ਆਪਣੇ ਸੇਵਕ ਬਣਾਇਆ ਕਿਵੇਂ ਮਹਾਰਾਜ ਜੀ ਨੇ ਉਲਟੀ ਗੰਗਾ ਬਹਾਈ। ਚੌਹਾਂ ਯੁਗਾਂ ਦੇ ਜੰਜੂ ਕੱਢ ਕੇ ਦਿਖਾਏ। ਕਿਸ ਤਰ੍ਹਾਂ ਗੰਗਾਂ ਤੇ ਪੱਥਰੀ ਤਰਾਈ ਅਤੇ ਕਿਵੇਂ ਗੋਰਖ ਨਾਥ ਦਾ ਮਾਣ ਤੋੜਿਆ ਅਤੇ ਕਿਸ ਤਰ੍ਹਾਂ ਮਹਾਰਾਜ ਜੀ ਸਿਕੰਦਰ ਲੋਧੀ ਦੀ ਜੇਲ੍ਹ ਚੋਂ ਬਾਹਰ ਆਏ। ਉਹਨਾਂ ਨੂੰ ਆਪਣਾ ਸੇਵਕ ਬਣਾਇਆ।

ਸੋ ਇਹਨਾਂ ਕਥਾ ਕਹਾਣੀਆਂ ਨੂੰ ਸੁਣ ਕੇ ਮੇਰਾ ਮਨ ਹਲੂਣਿਆ ਜਾਣਾ ਅਤੇ ਮੈਂ ਆਪਣੇ ਮਨ ਵਿਚ ਸੋਚਣਾ ਕਿ ਉਸ ਸਮੇਂ ਸਾਡੇ ਲੋਕ ਕਿਸ ਤਰ੍ਹਾਂ ਦੇ ਹੋਣਗੇ, ਜੋ ਮਹਾਰਾਜ ਗੁਰੂ ਰਵਿਦਾਸ ਜੀ ਦੇ ਪੈਰੋਕਾਰ ਨਹੀਂ ਬਣੇ ਜਾਂ ਉਹਨਾਂ ਦੇ ਪਿੱਛੇ ਨਹੀਂ ਲੱਗੇ। ਕਾਸ਼ ਮਹਾਰਾਜ ਜੀ ਅੱਜ ਹੁੰਦੇ ਅਤੇ ਅਸੀਂ ਉਹਨਾਂ ਦੇ ਸ਼ਰਧਾਲੂ ਬਣਦੇ ਅਤੇ ਉਹਨਾਂ ਦੇ ਮਿਸ਼ਨ ਨੂੰ ਅੱਗੇ ਤੋਰਦੇ।

ਮੇਰੀ ਪਤਨੀ ਬਹੁਤ ਬਿਮਾਰ ਰਹਿੰਦੀ ਸੀ। ਇਕ ਦਿਨ ਮੇਰੇ ਰਿਸ਼ਤੇਦਾਰ ਸ਼੍ਰੀ ਮੰਗਤ ਰਾਮ ਜਿਹੜੇ ਕਿ ਪ੍ਰੀਤ ਨਗਰ ਦੇ ਰਹਿਣ ਵਾਲੇ ਸਨ ਅਤੇ ਟਾਂਡਾ ਰੋਡ ਤੇ ਕੰਮ ਕਰਦੇ ਸਨ ਉਨ੍ਹਾਂ ਮੈਨੂੰ ਕਿਹਾ ਕਿ ਗੁਰਦਾਸ ਤੂੰ ਕਿਉ ਪੈਸੇ ਖ਼ਰਾਬ ਕਰ ਰਿਹਾ ਹੈ। ਕਿਸੇ ਦਿਨ ਆਪਣੀ ਘਰਵਾਲੀ ਨੂੰ ਨਾਲ ਲੈ ਕੇ ਮੇਰੇ ਨਾਲ ਸਾਡੇ ਸੰਤਾਂ ਦੀ ਕੁਟੀਆ ਚੱਲ। ਸ਼ਾਇਦ ਉਥੋਂ ਹੀ ਉਸ ਨੂੰ ਅਰਾਮ ਆ ਜਾਵੇ। ਉਹਨਾਂ ਨੇ ਮੈਨੂੰ ਬੱਲਾਂ ਵਾਲੇ ਸੰਤ ਸ਼੍ਰੀ ਗੁਰੂ ਸਰਵਣ ਦਾਸ ਜੀ ਦੀ ਮਹਿਮਾ ਸੁਣਾਈ। ਉਹਨਾਂ ਦੀਆਂ ਗੱਲਾਂ ਸੁਣ ਕੇ ਮੇਰੇ ਮਨ ਨੂੰ ਇੰਜ ਲੱਗਾ ਕਿ ਜਿਵੇਂ ਮੈਨੂੰ ਮੇਰੀ ਮੰਜ਼ਿਲ ਮਿਲਣ ਵਾਲੀ ਹੋਵੇ। ਉਹਨਾਂ ਨੇ ਮੇਰੇ ਨਾਲ ਸਲਾਹ ਕੀਤੀ ਕਿ ਮੈਂ ਲੋਹੜੀ ਵਾਲੇ ਦਿਨ ਉਹਨਾਂ ਨਾਲ ਸੰਤਾਂ ਦੀ ਕੁਟੀਆ ਨੂੰ ਜਾਵਾਂਗਾ। ਸੰਤਾਂ ਦੇ ਦਰਸ਼ਨ ਕਰਨ ਦਾ ਮੇਰੇ ਮਨ ਨੂੰ ਬਹੁਤ ਚਾਅ ਸੀ ਇਸੇ ਦੌਰਾਨ ਮੇਰੇ ਪਿਤਾ ਜੀ ਦੇ ਮਾਮੇ ਦਾ ਪੁੱਤਰ ਸ਼੍ਰੀ ਲਛਮਣ ਦਾਸ ਜੀ ਸਰਮਸਤਪੁਰ ਵਾਲੇ ਸਾਡੇ ਘਰ ਆਏ। ਉਹਨਾਂ ਨੇ ਵੀ ਮੇਰੀ ਘਰਵਾਲੀ ਦੀ ਹਾਲਤ ਦੇਖ ਕੇ ਮੈਨੂੰ ਸੰਤਾਂ ਦੇ ਕੋਲ ਜਾਣ ਦੀ ਸਲਾਹ ਦਿੱਤੀ। ਉਹਨਾਂ ਨੇ ਮੈਨੂੰ ਕਿਹਾ ਕਿ ਤੂੰ ਮੰਗਤੇ ਨੂੰ ਨਾਲ ਲੈ ਕੇ ਸੰਤਾਂ ਨੂੰ ਮਿਲ ਅਤੇ ਕੁੜੀ (ਬੀਬੀ ਬਚਨੀ) ਦੀ ਬੀਮਾਰੀ ਬਾਰੇ ਉਹਨਾਂ ਨੂੰ ਦੱਸੀ।

ਸੋ ਯੋਜਨਾ ਅਨੁਸਾਰ ਮੈਂ ਸਾਇਕਲ ਤੇ ਬਾਈਪਾਸ ਤੋਂ ਹੁੰਦਾ ਹੋਇਆ ਸਰਮਸਤਪੁਰ ਪਹੁੰਚਿਆ ਅਤੇ ਸ਼੍ਰੀ ਲਛਮਣ ਦਾਸ ਹੁਰਾਂ ਨੇ ਮੈਨੂੰ ਸੰਤਾਂ ਦੀ ਕੁਟੀਆ ਦਾ

ਰਸਤਾ ਸਮਝਾਇਆ ਅਤੇ ਮੈਂ ਸਾਇਕਲ ਤੇ ਸੰਤਾਂ ਦੀ ਕੁਟੀਆ ਦੇ ਦਰਵਾਜ਼ੇ ਤੇ ਪਹੁੰਚ ਗਿਆ। ਉਸ ਸਮੇਂ ਮਹਾਰਾਜ ਜੀ ਦੀ ਕੁਟੀਆ ਵਿਖੇ ਇਕ-ਦੋ ਕਮਰੇ ਹੀ ਸਨ ਅਤੇ ਆਸੇ ਪਾਸੇ ਕੰਡਿਆਂ ਦੀ ਵਾੜ ਲਗਾਈ ਸੀ। ਸੋ ਮੈਂ ਆਪਣੀ ਸਾਇਕਲ ਖੜ੍ਹੀ ਕਰ ਕੇ ਮਹਾਰਾਜ ਦੇ ਕਮਰੇ ਵੱਲ ਨੂੰ ਅੱਗੇ ਵਧਿਆ। ਡੇਰੇ ਦੇ ਅੰਦਰ ਮਹਾਰਾਜ ਜੀ ਦੀ ਕੁਟੀਆ ਦੁਆਲੇ ਬਹੁਤ ਸਾਰੇ ਅੰਬਾਂ ਦੇ ਅਤੇ ਅਮਰੂਦਾਂ ਦੇ ਬੂਟੇ ਸਨ। ਉਸ ਸਮੇਂ ਮਹਾਰਾਜ ਜੀ ਥੜੇ ਤੇ ਬਿਰਾਜਮਾਨ ਸਨ। ਮੈਨੂੰ ਦੇਖ ਕੇ (ਜਿਵੇਂ ਕਿ ਮਹਾਰਾਜ ਜੀ ਮੈਨੂੰ ਉਡੀਕ ਰਹੇ ਸਨ) ਮਹਾਰਾਜ ਜੀ ਥੜ੍ਹੇ ਤੋਂ ਉੱਠ ਕੇ ਬਾਹਰ ਵੱਲ ਨੂੰ ਆ ਰਹੇ ਸਨ, ਮੈਂ ਦੇਖਿਆ ਕਿ ਨੂਰਾਨੀ ਜੋਤ ਸਫੈਦ ਕੁੜਤਾ, ਸਫੈਦ ਧੋਤੀ ਅਤੇ ਹਲਕੀ ਭਗਵੀਂ ਦਸਤਾਰ ਅਤੇ ਲਾਲ ਨੂਰਾਨੀ ਚਿਹਰੇ ਤੇ ਰੰਗਦਾਰ ਚਸ਼ਮਾ ਲਗਾਈ ਅਤੇ ਇਕ ਹੱਥ ਵਿਚ ਖੂੰਡੀ ਫੜੀ ਮੇਰੇ ਵੱਲ ਨੂੰ ਵੱਧ ਰਹੀ ਹੈ ਅਤੇ ਮੇਰੇ ਕੋਲ ਆ ਕੇ ਰੁਕ ਗਏ। ਜਦੋ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਦੇ ਦਰਸ਼ਨ ਕੀਤੇ ਅਤੇ ਚਰਨਾਂ ਤੇ ਆਪਣਾ ਸੀਸ ਰੱਖਿਆ ਮੈਨੂੰ ਇੰਜ ਪ੍ਰਤੀਤ ਹੋਇਆ ਜਿਵੇਂ ਕਿ ਮੈਨੂੰ ਅੱਜ ਸਤਿਗੁਰੂ ਰਵਿਦਾਸ ਜੀ ਮਿਲ ਗਏ ਹੋਣ ਅਤੇ ਮੈਥੋਂ ਸਤਿਗੁਰੂ ਦੇ ਚਿਹਰੇ ਦਾ ਜਲੌਅ ਨਹੀਂ ਸੀ ਝੱਲਿਆ ਜਾ ਰਿਹਾ। ਸੋ ਮੈਂ ਸਤਿਗੁਰੂ ਜੀ ਨਾਲ ਡੇਰੇ ਦੇ ਅੰਦਰ ਗਿਆ। ਮਹਾਰਾਜ ਜੀ ਫਿਰ ਥੜੇ ਤੇ ਬੈਠ ਗਏ ਅਤੇ ਮੈਨੂੰ ਕਿਹਾ ਕਿ ਤੂੰ ਪਹਿਲਾਂ ਅੰਦਰ ਜਾ ਕੇ ਲੰਗਰ ਛੱਕ ਕੇ ਆ ਅਤੇ ਫਿਰ ਸਾਡੇ ਕੋਲ ਬੈਠ ਫਿਰ ਅਸੀਂ ਤੇਰੀ ਗੱਲ ਸੁਣਾਗੇ ।ਉਸ ਸਮੇਂ ਕੁਟੀਆ ਦਾ ਅਕਾਰ ਬਹੁਤ ਛੋਟਾ ਸੀ।

"ਜੈਸਾ ਸਤਿਗੁਰ ਸੁਣੀਦਾ, ਤੈਸਾ ਹੀ ਮੈਂ ਡੀਠ"

ਹਜ਼ੂਰ ਮਹਾਰਾਜ ਸਤਿਗੁਰ ਸਰਵਣ ਦਾਸ ਜੀ ਦੀ ਮਹਿਮਾ ਤਾਂ ਮੈਂ ਆਪਣੀ ਦੁਕਾਨ ਤੇ ਆਉਂਦੇ ਸੰਤਾਂ ਦੇ ਸ਼ਰਧਾਲੂਆਂ ਤੋਂ ਸੁਣੀ ਸੀ। ਪਰ ਅੱਜ ਦਰਸ਼ਨ ਕਰਕੇ ਮੈਂ ਧੰਨ ਹੋ ਗਿਆ ਸੀ। ਜਿਸ ਤਰ੍ਹਾਂ ਦਾ ਸਤਿਗੁਰੂ ਬਾਰੇ ਸੁਣਿਆ ਸੀ ਵੈਸਾ ਹੀ ਮੈਂ ਦੇਖਿਆ।

ਸੋ ਲੰਗਰ ਛਕਣ ਉਪਰੰਤ ਮੈਂ ਮਹਾਰਾਜ ਜੀ ਦੇ ਕੋਲ ਆ ਕੇ ਬੈਠ ਗਿਆ।

ਮਹਾਰਾਜ ਜੀ ਨੇ ਮੈਨੂੰ ਆਪਣੇ ਕੋਲ ਬੁਲਾਇਆ ਅਤੇ ਮੇਰੇ ਆਉਣ ਦਾ ਕਾਰਨ ਪੁੱਛਿਆ। ਮੈਂ ਮਹਾਰਾਜ ਜੀ ਨੂੰ ਸਾਰੀ ਵਿੱਥਿਆ ਸੁਣਾਈ। ਮਹਾਰਾਜ ਜੀ ਨੇ ਫ਼ਰਮਾਇਆ,"ਤੂੰ ਐਤਵਾਰ ਨੂੰ ਆਈ ਅਤੇ ਉਹ ਕੁੜੀ ਆਪਣੀ ਘਰਵਾਲੀ ਨੂੰ ਨਾਲ ਲੈ ਕੇ ਆਈ। ਅਸੀਂ ਕੁੜੀ ਨੂੰ ਦਵਾਈ ਦੇਵਾਂਗੇ"।

ਫਿਰ ਮਹਾਰਾਜ ਜੀ ਨੇ ਮੈਨੂੰ ਕਿਹਾ, "ਤੂੰ ਕੀ ਕਰਦਾ ਏ"।

"ਜੀ ਮੈਂ ਸਾਇਕਲ ਰਿਪੇਅਰ ਦਾ ਕੰਮ ਕਰਦਾ ਹਾਂ"। ਮੈਂ ਉੱਤਰ ਦਿਤਾ।

"ਤੂੰ ਫ਼ਿਕਰ ਨਾ ਕਰੀਂ ਅਸੀਂ ਤੇਰੇ ਸਾਰੇ ਕੰਮ ਕਰਨੇ ਹਨ"। ਮਹਾਰਾਜ ਜੀ ਨੇ ਮੈਨੂੰ ਆਸ਼ੀਰਵਾਦ ਦਿੱਤਾ।

ਇਹ ਸੁਣ ਕੇ ਮੈਂ ਬਹੁਤ ਪ੍ਰਸੰਨ ਹੋਇਆ। ਮੈਨੂੰ ਇੰਜ ਮਹਿਸੂਸ ਹੋਇਆ ਕਿ ਮੈਨੂੰ ਤਾਂ ਅੱਜ ਸੱਚਮੁਚ ਸਤਿਗੁਰੂ ਰਵਿਦਾਸ ਜੀ ਮਿਲ ਗਏ ਹਨ। ਪੂਰੇ ਸਤਿਗੁਰੂ ਮਿਲ ਗਏ ਹਨ, ਜਿਹਨਾਂ ਦੀ ਮੈਨੂੰ ਬਚਪਨ ਤੋਂ ਹੀ ਤਲਾਸ਼ ਸੀ।

ਸ਼ਾਮ ਨੂੰ ਮੈਂ ਮਹਾਰਾਜ ਜੀ ਤੋਂ ਆਗਿਆ ਮੰਗੀ ਕਿ ਮਹਾਰਾਜ ਮੈਨੂੰ ਇਜਾਜ਼ਤ ਦਿਉ ਤਾਂ ਕਿ ਮੈਂ ਘਰ ਨੂੰ ਜਾਵਾਂ। ਚਰਨਾਂ ਤੇ ਸੀਸ ਝੁਕਾਇਆ ਅਤੇ ਸਾਇਕਲ ਚਲਾ ਕੇ ਆਪਣੇ ਘਰ ਸੁੱਚੀ ਪਿੰਡ ਪਹੁੰਚਿਆ। ਘਰ ਪਹੁੰਚ ਕੇ ਮੈਂ ਆਪਣੇ ਘਰਵਾਲੀ (ਬੀਬੀ ਬਚਨੀ) ਨੂੰ ਦੱਸਿਆ ਕਿ ਅੱਜ ਮੈਂ ਬੱਲਾਂ ਵਾਲੇ ਸੰਤਾਂ ਦੇ ਦਰਸ਼ਨ ਕਰਕੇ ਆ ਰਿਹਾ ਹਾਂ ਅਤੇ ਉਹਨਾਂ ਨੇ ਮੈਨੂੰ ਕਿਹਾ ਕਿ ਉਹ ਦਵਾਈ ਦੇਣਗੇ ਅਤੇ ਤੂੰ ਬਿਲਕੁਲ ਠੀਕ ਹੋ ਜਾਵੇਗੀ। ਮਹਾਰਾਜ ਜੀ ਦੀ ਮਹਿਮਾ ਸੁਣ ਕੇ ਮੇਰੇ ਘਰਵਾਲੀ ਨੂੰ ਬਹੁਤ ਖੁਸ਼ੀ ਹੋਈ ਅਤੇ ਆਪਣੇ ਠੀਕ ਹੋਣ ਦਾ ਹੌਂਸਲਾ ਜਿਹਾ ਬਣ ਗਿਆ।

ਹੁਣ ਐਤਵਾਰ ਦੇ ਦਿਨ ਦੀ ਮੈਂ ਬਹੁਤ ਬੇਸਬਰੀ ਨਾਲ ਉਡੀਕ ਕਰ ਰਿਹਾ ਸੀ ਕਿਉਂਕਿ ਮੈਨੂੰ ਹੁਣ ਪੂਰਨ ਗੁਰੂ ਮਿਲ ਗਏ ਸਨ ਅਤੇ ਉਹਨਾਂ ਦੇ ਦਰਸ਼ਨ ਕਰਨ ਦਾ ਮੈਨੂੰ ਬਹੁਤ ਚਾਅ ਰਹਿੰਦਾ ਸੀ।

ਇਸ ਤਰ੍ਹਾਂ ਐਤਵਾਰ ਦਾ ਦਿਨ ਆਇਆ, ਮੈਂ ਆਪਣੀ ਘਰਵਾਲੀ ਅਤੇ ਆਪਣੀ ਬੇਟੀ ਨੂੰ ਸਾਇਕਲ ਉੱਪਰ ਬੈਠਾ ਕੇ ਡੇਰੇ ਲੈ ਗਿਆ। ਸਮਾਂ ਬੀਤਦਾ ਗਿਆ। ਅਸੀਂ ਹਰ ਐਤਵਾਰ ਅਤੇ ਹਰ ਸੰਗਰਾਂਦ, ਹਰ ਮਹੀਨੇ ਦੇ ਨਰਾਤੇ ਅਤੇ ਵਿਸਾਖੀ ਉੱਪਰ ਡੇਰੇ ਜਾਣ ਲੱਗ ਪਏ ਅਤੇ ਮਹਾਰਾਜ ਜੀ ਤੋਂ ਸਤਿਸੰਗ ਸੁਣਦੇ। ਸੰਗਰਾਂਦ ਤੇ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਪਵਿੱਤਰ ਮਹੀਨੇ ਦਾ ਨਾਮ ਸੁਣਦੇ। ਮਹਾਰਾਜ ਜੀ ਜੋ ਕਿ ਹਿਕਮਤ ਦੇ ਬਹੁਤ ਮਾਹਿਰ ਸਨ ਅਤੇ ਡੇਰੇ ਵਿਚ ਹੀ ਜੜ੍ਹੀਆ ਬੂਟੀਆ ਤੋਂ ਦਵਾਈਆਂ ਤਿਆਰ ਕਰਵਾਉਂਦੇ ਅਤੇ ਰੋਗੀਆਂ ਨੂੰ ਦਿੰਦੇ ਸਨ। ਮਹਾਰਾਜ ਜੀ ਨੇ ਸਾਨੂੰ ਦਵਾਈ ਦਿਤੀ। ਹੌਲੀ-ਹੌਲੀ ਮੇਰੀ ਘਰਵਾਲੀ ਠੀਕ ਹੋਣੀ ਸ਼ੁਰੂ ਹੋ ਗਈ।

– ਸ਼੍ਰੀ ਗੁਰਦਾਸ ਰਾਮ ਜੀ ਬੱਧਣ ਸੁੱਚੀ ਪਿੰਡ ਜਲੰਧਰ

## ਸਾਖੀ ਨੰਬਰ 135

## ਮਹਾਰਾਜ ਜੀ ਦਾ ਚਾਰ ਸਾਲ ਦੀ ਬੱਚੀ ਨੇ ਕੁੜਤਾ ਖਿੱਚਣਾ ਤੇ ਚਾਰ ਕਾਕੇ ਮੰਗਣੇ।

ਇਕ ਵਾਰੀ ਦੀ ਗੱਲ ਹੈ ਕਿ ਅਸੀਂ ਡੇਰੇ ਨੂੰ ਜਾ ਰਹੇ ਸੀ। ਅਜੇ ਛੋਟੀ ਪੁਲੀ ਤੇ ਪਹੁੰਚੇ ਸੀ ਕਿ ਮਹਾਰਾਜ ਜੀ ਨਹਿਰ ਦੇ ਕੰਢੇ ਤੇ ਖੜ੍ਹੇ ਸਨ ਸੋ ਇਸ ਲਈ ਅਸੀਂ ਸਾਇਕਲ ਇਕ ਪਾਸੇ ਖੜ੍ਹਾ ਕਰਕੇ ਮਹਾਰਾਜ ਜੀ ਨੂੰ ਮੱਥਾ ਟੇਕਿਆ। ਸਾਡੇ ਨਾਲ ਮੇਰੀ ਬੇਟੀ ਸੀਤਾ ਵੀ ਸੀ। ਜੋ ਉਦੋਂ ਚਾਰ ਕੁ ਸਾਲ ਦੀ ਹੀ ਸੀ ਨੇ ਮਹਾਰਾਜ ਜੀ ਦਾ ਕੁੜਤਾ ਫੜ੍ਹ ਕੇ

ਖਿਚਣਾ ਸ਼ੁਰੂ ਕਰ ਦਿਤਾ ਅਤੇ ਕਹਿਣ ਲੱਗੀ ਕਿ ਮੈਂ ਤਾਂ ਅੱਜ ਕਾਕਾ ਲੈ ਕੇ ਹੀ ਜਾਣਾ ਹੈ। ਮਹਾਰਾਜ ਜੀ ਮੁਸਕਰਾਏ ਅਤੇ ਕਹਿਣ ਲੱਗੇ ਕਿ ਅੱਛਾ ਦਿਆਂਗੇ। ਪ੍ਰੰਤੂ ਸੀਤਾ ਨੇ ਜ਼ਿੱਦ ਨਾ ਛੱਡੀ ਤਾਂ ਮਹਾਰਾਜ ਜੀ ਨੇ ਆਪਣੇ ਹੱਥ ਖੋਲ੍ਹ ਕੇ ਕਿਹਾ ਕਿ ਦੱਸ ਤੈਨੂੰ ਕਿੰਨੇ ਕਾਕੇ ਚਾਹੀਦੇ ਹਨ ਤਾਂ ਸੀਤਾ ਨੇ ਮਹਾਰਾਜ ਜੀ ਦੇ ਹੱਥ ਦੀਆ ਚਾਰ ਉਗਲੀਆਂ ਫੜ ਕੇ ਕਿਹਾ ਕਿ ਮੈਨੂੰ ਚਾਰ ਕਾਕੇ ਚਾਹੀਦੇ ਹਨ ਇਹ ਸੁਣ ਕੇ ਸਤਿਗੁਰੂ ਜੀ ਲਾ ਜੁਆਬ ਹੋ ਗਏ ਅਤੇ ਦਿਆਲ ਹੋ ਕੇ ਕਿਹਾ ਕਿ ਜਾ ਤੈਨੂੰ ਚਾਰ ਭਰਾ ਮਿਲਣਗੇ। ਸੋ ਸਤਿਗੁਰਾ ਦੇ ਵਚਨਾ ਨਾਲ ਅੱਜ ਮੇਰੇ ਚਾਰ ਸਪੁੱਤਰ ਹਨ ਇਹ ਸਭ ਮਹਾਰਾਜ ਜੀ ਦੀ ਹੀ ਕਿਰਪਾ ਹੈ। ਜਿਸ ਨੂੰ ਵੱਡੇ-ਵੱਡੇ ਡਾਕਟਰ ਕਹਿੰਦੇ ਸਨ ਕਿ ਇਸ ਔਰਤ ਨੂੰ ਬੱਚਾ ਨਹੀਂ ਹੋ ਸਕਦਾ। ਅੱਜ ਮਹਾਰਾਜ ਜੀ ਦੀ ਕਿਰਪਾ ਨਾਲ ਪੁੱਤਰਾਂ ਪੋਤਿਆਂ ਨਾਲ ਖੇਡ ਰਹੀ ਹੈ।

-ਸ਼੍ਰੀ ਗੁਰਦਾਸ ਰਾਮ ਜੀ ਬੱਧਣ ਸੁੱਚੀ ਪਿੰਡ ਜਲੰਧਰ)

## ਸਾਖੀ ਨੰਬਰ 136
## ਡੇਰੇ ਦੇ ਹੋਰ ਸਰਧਾਲੂਆਂ ਨਾਲ ਮਿਲਾਪ

ਡੇਰੇ ਆਉਂਦਿਆ ਜਾਂਦਿਆ ਮੇਰਾ ਮਿਲਾਪ ਮਹਾਰਾਜ ਜੀ ਦੇ ਅਨਿਨ ਸ਼ਰਧਾਲੂ ਸ੍ਰੀ ਕਿਰਪਾ ਰਾਮ ਜੀ ਅਤੇ ਉਹਨਾਂ ਦੀ ਪਤਨੀ ਬੀਬੀ ਕਰਮੀ ਜੀ ਨਾਲ ਹੋਇਆ ਜਿਹੜੇ ਕਿ ਮਹਾਰਾਜ ਜੀ ਦੇ ਸ਼ਰਧਾਲੂ ਹਨ ਜਿਹੜੇ ਕਿ ਬਚਪਨ ਤੋਂ ਹੀ ਮਹਾਰਾਜ ਜੀ ਦੇ ਡੇਰੇ ਆਉਂਦੇ ਸਨ ਉਹਨਾਂ ਨੇ ਤਾਂ ਮਹਾਰਾਜ ਜੀ ਦੇ ਪਿਤਾ ਜੀ ਬਾਬਾ ਪਿੱਪਲ ਦਾਸ ਜੀ ਦੇ ਵੀ ਦਰਸ਼ਨ ਕੀਤੇ ਹਨ। ਇਸ ਤੋ ਇਲਾਵਾ ਸ਼੍ਰੀ ਸੋਹਣ ਸਿੰਘ ਸੰਘਵਾਲ ਵਾਲੇ, ਸ਼੍ਰੀ ਬੇਲੀ ਰਾਮ ਜੀ ਬੱਲਾ ਵਾਲੇ, ਸ਼੍ਰੀ ਬਿੱਕਰ ਸਿੰਘ ਰਾਏ ਪੁਰ ਵਾਲੇ ਅਤੇ ਹੋਰ ਅਨੇਕਾ ਸ਼ਰਧਾਲੂਆਂ ਨਾਲ ਮੇਰਾ ਮਿਲਾਪ ਹੋਇਆ।

## ਸਾਖੀ ਨੰਬਰ 137
## ਸ਼੍ਰੀ ਗੁਰਦਾਸ ਰਾਮ ਨੂੰ ਡੇਰੇ ਤੋਂ ਘਰ ਭੇਜਣਾ

ਇਹ ਘਟਨਾ 1963 ਦੀ ਹੈ ਕਿ ਮੈਂ ਮਹਾਰਾਜ ਜੀ ਨੂੰ ਦੱਸਿਆ ਕਿ ਮੇਰੀ ਘਰਵਾਲੀ ਦੇ ਬੱਚੇ ਨਹੀਂ ਬਚਦੇ ਤਾਂ ਮਹਾਰਾਜ ਜੀ ਨੇ ਦਵਾਈ ਦਿੱਤੀ ਅਤੇ ਕਿਹਾ ਕਿ ਇਸ ਨਾਲ ਸਭ ਠੀਕ ਹੋ ਜਾਵੇਗਾ। ਉਸ ਸਮੇਂ ਸੰਤ ਗਰੀਬ ਦਾਸ ਜੀ ਮਹਾਰਾਜ ਦਵਾਈਆਂ ਤਿਆਰ ਕਰਦੇ ਸਨ ਅਤੇ ਮਹਾਰਾਜ ਜੀ ਉਹਨਾਂ ਨੂੰ ਦਿਸ਼ਾ ਨਿਰਦੇਸ਼ ਦਿੰਦੇ ਸਨ। ਛੋਟੇ ਮਹਾਰਾਜ ਸੰਤ ਹਰੀ ਦਾਸ ਜੀ ਡੇਰੇ ਸਤਿਸੰਗ ਕਰਿਆ ਕਰਦੇ ਸਨ।

ਮੈਂ ਹਰੇਕ ਐਤਵਾਰ ਡੇਰੇ ਜਾਂਦਾ ਸੀ। ਇਕ ਵਾਰ ਮੈਨੂੰ ਮਹਾਰਾਜ ਜੀ ਕਹਿਣ

ਲੱਗੇ ਕਿ ਤੂੰ ਜਲਦੀ ਨਾਲ ਘਰ ਚਲੇ ਜਾ। ਮੈਂ ਮਹਾਰਾਜ ਜੀ ਤੋ ਪ੍ਰਸ਼ਾਦਿ ਲੈ ਕੇ ਜਲਦੀ ਨਾਲ ਘਰ ਨੂੰ ਰਵਾਨਾ ਹੋ ਗਿਆ ਅਤੇ ਘਰ ਪਹੁੰਚਦਿਆ ਹੀ ਮੈਂ ਬਹੁਤ ਹੈਰਾਨ ਹੋਇਆ ਕਿ ਮੇਰੇ ਘਰ ਅੱਗੇ ਬਹੁਤ ਔਰਤਾਂ ਇਕੱਠੀਆ ਹੋਈਆਂ ਦੇਖਕੇ ਮੈਂ ਬਹੁਤ ਚਿੰਤਤ ਹੋਇਆ। ਉਸ ਦਿਨ ਕੱਤਕ ਦੀ ਸੰਗਰਾਂਦ ਦਾ ਦਿਨ ਸੀ। ਇਸ ਦਿਨ ਮੇਰੇ ਘਰ ਮੇਰੇ ਪਹਿਲੇ ਲੜਕੇ ਸੁਖਦੇਵ ਦਾ ਜਨਮ ਹੋਇਆ। ਮੈਨੂੰ ਸਮਝਣ ਵਿੱਚ ਜ਼ਰਾ ਦੇਰ ਨਾ ਲੱਗੀ ਕਿ ਕਿਉਂ ਮਹਾਰਾਜ ਜੀ ਨੇ ਮੈਨੂੰ ਜਲਦੀ ਘਰ ਭੇਜਿਆ ਸੀ ਕਿਉਂਕਿ ਸਤਿਗੁਰੂ ਸਭ ਜਾਣੀ-ਜਾਣ ਸਨ। ਇਹ ਮੇਰਾ ਲੜਕਾ ਸੱਤਮਾਂਹ ਸੀ ਇਸ ਕਰਕੇ ਇਹ ਬਹੁਤ ਕਮਜ਼ੋਰ ਸੀ। ਦੂਸਰੇ ਦਿਨ ਮੈਂ ਖੁਸ਼ੀ ਨਾਲ ਪ੍ਰਸ਼ਾਦਿ ਲੈ ਕੇ ਮਹਾਰਾਜ ਜੀ ਦੇ ਡੇਰੇ ਪਹੁੰਚਿਆ ਅਤੇ ਮਹਾਰਾਜ ਜੀ ਨੂੰ ਦੱਸਿਆ ਕਿ ਕਾਕੇ ਦਾ ਜਨਮ ਹੋਇਆ ਹੈ ਪਰ ਕਾਕਾ ਸੱਤਮਾਂਹ ਹੈ ਇਹ ਸੁਣ ਕੇ ਮਹਾਰਾਜ ਜੀ ਚੁੱਪ ਕਰ ਗਏ ਤਾਂ ਮੈਂ ਮਹਾਰਾਜ ਜੀ ਨੂੰ ਕਿਹਾ ਕਿ ਮਹਾਰਾਜ ਜੀ ਕਾਕੇ ਦੀ ਜੰਤਰੀ ਦੇਖਕੇ ਉਸ ਦਾ ਨਾਮ ਰੱਖੋ ਪਰ ਮਹਾਰਾਜ ਜੀ ਚੁੱਪ ਰਹੇ ਇਹ ਵੇਖ ਕੇ ਮੈਂ ਚਿੰਤਤ ਹੋ ਗਿਆ ਕਿ ਪਤਾ ਨਹੀਂ ਕਾਕਾ ਬਚੇਗਾ ਕਿ ਨਹੀਂ, ਤਾਂ ਮਹਾਰਾਜ ਜੀ ਕਹਿਣ ਲੱਗੇ,"ਫ਼ਿਕਰ ਵਾਲੀ ਕੋਈ ਗੱਲ ਨਹੀਂ ਇਹ ਲੜਕਾ ਬਹੁਤ ਵੱਡਾ ਆਦਮੀ ਬਣੇਗਾ" ਇਸ ਦਾ ਨਾਮ ਅਸੀਂ ਫੇਰ ਰੱਖਾਗੇ। ਸੋ ਮੈਨੂੰ ਮਹਾਰਾਜ ਜੀ ਨੇ ਕਾਕੇ ਦੇ ਪਹਿਨਾਉਣ ਲਈ ਕੱਪੜਾ ਦਿਤਾ। ਮੈਂ ਇਹ ਲੈ ਕੇ ਘਰ ਪਹੁੰਚਿਆ। ਕਾਕਾ ਸੱਤਮਾਂਹ ਹੋਣ ਕਰਕੇ ਬਹੁਤ ਹੀ ਕਮਜ਼ੋਰ ਸੀ ਇਸ ਲਈ ਉਸ ਨੂੰ ਲੋਈ ਵਿਚ ਹੀ ਲਪੇਟ ਕੇ ਰੱਖਦੇ ਸੀ।

ਹੁਣ ਮੇਰੀ ਇਹ ਇੱਛਾ ਸੀ ਕਿ ਮੈਂ ਕਾਕੇ ਦੀ ਛਟੀ ਕਰਾਂ ਅਤੇ ਆਪਣੇ ਘਰ ਸਤਿਸੰਗ ਕਰਵਾਵਾਂ ਅਤੇ ਮਹਾਰਾਜ ਜੀ ਦੇ ਚਰਨ ਵੀ ਆਪਣੇ ਘਰ ਪੁਆਵਾਂ। ਇਸ ਬਾਬਤ ਮੈਂ ਮਹਾਰਾਜ ਜੀ ਨੂੰ ਬੇਨਤੀ ਕੀਤੀ। ਮਹਾਰਾਜ ਜੀ ਨੇ ਫ਼ਰਮਾਇਆ ਕਿ ਜੇ ਤੇਰੀ ਐਸੀ ਹੀ ਸ਼ਰਧਾ ਹੈ ਤਾਂ ਅਸੀਂ ਜ਼ਰੂਰ ਆਵਾਂਗੇ। ਮਹਾਰਾਜ ਜੀ ਨੇ ਸ਼੍ਰੀ ਬੇਲੀ ਰਾਮ ਅਤੇ ਭਾਈ ਅਮੀ ਸਿੰਘ ਹੁਰਾਂ ਦੀ ਡਿਊਟੀ ਲਗਾਈ ਕਿ ਸੁੱਚੀ ਪਿੰਡ ਭਾਈ ਗੁਰਦਾਸ ਦੇ ਘਰ ਸਤਿਸੰਗ ਆਰੰਭ ਕਰੋ ਤਾਂ ਕਿ ਉਹ ਕੁੜੀ ਬਚਨੀ ਡੇਰੇ ਆਉਣਾ ਫਿਰ ਸ਼ੁਰੂ ਕਰੇ। ਕਿਉਂਕਿ ਮੇਰੇ ਘਰਵਾਲੀ ਦੇ ਕਾਕਾ ਸੀ, ਜਿਸ ਕਰਕੇ ਉਹ ਡੇਰੇ ਨਹੀਂ ਆਉਂਦੀ ਸੀ।

ਇਸ ਤਰ੍ਹਾਂ ਸਤਿਗੁਰਾਂ ਦਾ ਵਚਨ ਲੈ ਕੇ ਸ਼੍ਰੀ ਬੇਲੀ ਰਾਮ ਹੁਰਾਂ ਨੇ ਮੇਰੇ ਗ੍ਰਹਿ ਵਿਖੇ ਸਤਿਸੰਗ ਕੀਤਾ। ਮੇਰੇ ਘਰ ਵਾਲੇ ਅਤੇ ਹੋਰ ਪਿੰਡ ਨਿਵਾਸੀ ਬਹੁਤ ਹੈਰਾਨ ਸਨ ਕਿ ਐਸੀ ਕਿਹੜੀ ਹਸਤੀ ਹੈ, ਕਿਸ ਦੀ ਕਿਰਪਾ ਨਾਲ ਮੇਰੇ ਘਰ ਵਿਚ ਰੌਣਕਾਂ ਸਨ ? ਪਹਿਲਾਂ ਤਾਂ ਸਾਰੇ ਸਮਝਦੇ ਸਨ ਕਿ ਪਤਾ ਨਹੀਂ ਅਸੀਂ ਕਿਹੜੇ ਚੇਲੇ ਦੇ ਜਾਂਦੇ ਹਾਂ। ਸਾਡੇ ਤੇ ਕਈ ਤਰ੍ਹਾਂ ਦੇ ਸ਼ੱਕ ਕਰਦੇ ਸਨ। ਹੁਣ ਉਹ ਸਭ ਹੈਰਾਨ ਸਨ। ਇਥੋਂ ਤੱਕ ਕਿ ਮੇਰੇ ਘਰ ਵਾਲੀ ਦੇ ਨੇੜੇ ਆਉਣ ਤੋਂ ਵੀ ਡਰਦੇ ਸਨ।

ਹੁਣ ਸਤਿਸੰਗ ਵਾਲਾ ਦਿਨ ਆਇਆ ਮੇਰੇ ਮਨ ਵਿਚ ਬਹੁਤ ਚਾਅ ਸੀ ਕਿਉਂਕਿ ਅੱਜ ਮੇਰੇ ਘਰ ਮੇਰੇ ਗੁਰੂ ਮਹਾਰਾਜ ਜੀ ਆਉਣ ਵਾਲੇ ਸਨ।

(ਸ਼੍ਰੀ ਗੁਰਦਾਸ ਰਾਮ ਜੀ ਬੱਧਣ ਸੁੱਚੀ ਪਿੰਡ ਜਲੰਧਰ)

**ਸਾਖੀ ਨੰਬਰ 138**

**ਹਜ਼ੂਰ ਦਾ ਮੇਰੇ ਘਰ ਵਿਖੇ ਚਰਨ ਪਾਉਣਾ।**

ਸਤਿਸੰਗ ਤੋਂ ਇਕ ਦਿਨ ਪਹਿਲਾਂ ਮੈਂ ਮਹਾਰਾਜ ਜੀ ਨੂੰ ਲੈਣ ਵਾਸਤੇ ਇਕ ਵੱਡਾ ਟੈਂਪੂ ਕਿਰਾਏ ਤੇ ਲੈ ਕੇ ਡੇਰੇ ਪਹੁੰਚਿਆ। ਮਹਾਰਾਜ ਜੀ ਤਾਂ ਪਹਿਲਾਂ ਹੀ ਮੇਰੀ ਉਡੀਕ ਕਰ ਰਹੇ ਸਨ। ਮੈਂ ਮਹਾਰਾਜ ਜੀ ਨੂੰ ਮੱਥਾ ਟੇਕਿਆ ਅਤੇ ਘਰ ਨੂੰ ਚੱਲਣ ਦੀ ਬੇਨਤੀ ਕੀਤੀ।

ਮਹਾਰਾਜ ਜੀ ਨੇ ਖੁਸ਼ੀ ਵਿਚ ਝੂਮਦਿਆਂ ਸੰਤ ਚੇਤਨ ਦਾਸ ਹੁਰਾਂ ਨੂੰ ਆਵਾਜ਼ ਮਾਰੀ "ਚੇਤਨ ਦਾਸਾ, ਆਜਾ ਭਾਈ ਚਲੀਏ ਸੁੱਚੀ ਪਿੰਡ ਨੂੰ, ਇਹ ਭਾਈ ਅਸਾਂ ਨੂੰ ਲੈਣ ਆਇਆ ਹੈ"।

ਮਹਾਰਾਜ ਜੀ ਦੇ ਨਾਲ ਸੰਤ ਚੇਤਨ ਦਾਸ, ਸ਼੍ਰੀ ਸੋਹਣ ਸਿੰਘ ਸੰਘਵਾਲ, ਸ਼੍ਰੀ ਦਰਸ਼ਨ ਸਿੰਘ ਸੰਘਵਾਲ, ਬੀਬੀ ਕਰਮੀ ਜੀ ਅਤੇ ਮਹਾਰਾਜ ਜੀ ਦੇ ਹਜ਼ੂਰੀ ਰਾਗੀ ਭਾਈ ਜੈਮਲ ਸਿੰਘ ਰਾਉਵਾਲੀ ਵਾਲੇ ਵੀ ਟੈਂਪੂ ਵਿਚ ਸਵਾਰ ਹੋ ਕੇ ਤਕਰੀਬਨ 8 ਕੁ ਵਜੇ ਮੇਰੇ ਪਿੰਡ ਪਹੁੰਚ ਗਏ।

ਜਿਉਂ ਹੀ ਮਹਾਰਾਜ ਜੀ ਟੈਂਪੂ ਤੋਂ ਉਤਰੇ ਤਾਂ ਮਹਾਰਾਜ ਜੀ ਦੇ ਦਰਸ਼ਨਾਂ ਲਈ ਸੁੱਚੀ ਪਿੰਡ ਦੀ ਸੰਗਤ ਦਾ ਹੜ੍ਹ ਜਿਹਾ ਆ ਗਿਆ ਕਿਉਂਕਿ ਅਜਿਹੀ ਇਲਾਹੀ ਜੋਤ ਪਹਿਲਾਂ ਕਦੇ ਵੀ ਸਾਡੇ ਪਿੰਡ ਵਿਖੇ ਨਹੀਂ ਆਈ ਸੀ। ਮਹਾਰਾਜ ਜੀ ਦਾ ਫੁੱਲਾਂ ਦੇ ਹਾਰ ਪਾ ਕੇ ਬਹੁਤ ਸਵਾਗਤ ਕੀਤਾ ਗਿਆ। ਪਿੰਡ ਦੇ ਬਾਹਰ ਤੋਂ ਮਹਾਰਾਜ ਜੀ ਦੀ ਸੁਆਰੀ ਦੇ ਅੱਗੇ-ਅੱਗੇ ਕੀਰਤਨ ਕਰਦੀਆਂ ਸੰਗਤਾਂ ਮਹਾਰਾਜ ਜੀ ਨੂੰ ਮੇਰੇ ਘਰ ਤੱਕ ਲੈ ਆਈਆਂ। ਮਹਾਰਾਜ ਜੀ ਵੀ ਬਹੁਤ ਖੁਸ਼ ਆ ਰਹੇ ਸਨ। ਸਾਰਾ ਦਿਨ ਸੰਗਤਾਂ ਦਾ ਮੇਰੇ ਘਰ ਆਉਂਣਾ ਜਾਣਾ ਲੱਗਾ ਰਿਹਾ। ਮਹਾਰਾਜ ਜੀ ਇੱਕ ਵੱਡੇ ਪਲੰਘ ਤੇ ਬਿਰਾਜਮਾਨ ਸਨ ਅਤੇ ਸੰਗਤਾਂ ਨੂੰ ਸਤਿਸੰਗ ਸੁਣਾ ਰਹੇ ਸਨ।

ਸ਼ਾਮ ਹੁੰਦਿਆਂ ਹੀ ਭਾਈ ਜੈਮਲ ਸਿੰਘ ਜੀ ਰਾਉਵਾਲੀ ਵਾਲਿਆ ਨੇ ਕੀਰਤਨ ਕੀਤਾ। ਇਸ ਤੋਂ ਉਪਰੰਤ ਸਾਰੀਆਂ ਸੰਗਤਾਂ ਅਤੇ ਮਹਾਰਾਜ ਜੀ ਨੇ ਭੋਜਨ ਛਕਿਆ। ਰਾਤ ਸਮੇਂ ਵੀ ਮਹਾਰਾਜ ਜੀ ਦੇਰ ਰਾਤ ਤੱਕ ਸਾਨੂੰ ਕਥਾ ਸੁਣਾਉਂਦੇ ਰਹੇ। ਮੈਨੂੰ ਤਾਂ ਮੇਰਾ ਘਰ ਅੱਜ ਬੈਕੁੰਠ ਹੀ ਨਜ਼ਰ ਆ ਰਿਹਾ ਸੀ ਕਿਉਂਕਿ ਅੱਜ ਮੇਰੇ ਗੁਰੂਦੇਵ ਮੇਰੇ ਘਰ ਵਿਖੇ ਪਧਾਰੇ ਸਨ। ਮਹਾਰਾਜ ਜੀ ਨੇ ਫ਼ਰਮਾਇਆ, "ਦੇਖੋ ਭਾਈ ਅਸੀਂ ਅੱਜ ਤੱਕ ਕਿਸੇ ਦੇ ਘਰ

ਰਾਤ ਨਹੀਂ ਠਹਿਰੇ, ਪਰ ਭਾਈ ਗੁਰਦਾਸ ਦਾ ਪ੍ਰੇਮ ਸਾਨੂੰ ਇੱਥੇ ਖਿੱਚ ਕੇ ਲੈ ਆਇਆ ਹੈ। ਇਸ ਦੇ ਪ੍ਰੇਮ ਨੇ ਹੀ ਸਾਨੂੰ ਬੰਨ੍ਹ ਕੇ ਬਿਠਾਇਆ ਹੋਇਆ ਹੈ"। ਅੱਧੀ ਰਾਤ ਨੂੰ ਮਹਾਰਾਜ ਜੀ ਨੇ ਅਰਦਾਸ ਕੀਤੀ ਅਤੇ ਸੰਗਤਾਂ ਨੂੰ ਅਰਾਮ ਕਰਨ ਲਈ ਆਖਿਆ। ਉਸੇ ਰਾਤ ਨੂੰ ਹੀ ਕਾਕੇ ਸੁਖਦੇਵ ਅਤੇ ਉਸ ਦੀ ਮਾਤਾ ਨੂੰ ਬਹੁਤ ਬੁਖਾਰ ਹੋ ਗਿਆ। ਸੋ ਮੈਂ ਚਿੰਤਤ ਹੋ ਕ ਮਹਾਰਾਜ ਜੀ ਨੂੰ ਦੱਸਿਆ ਕਿ ਮਹਾਰਾਜ ਜੀ ਕਾਕੇ ਅਤੇ ਉਸ ਦੀ ਮਾਂ ਨੂੰ ਬਹੁਤ ਤੇਜ਼ ਬੁਖਾਰ ਹੋ ਗਿਆ ਹੈ। ਮਹਾਰਾਜ ਜੀ ਨੇ ਦੋਹਾਂ ਦੇ ਸਿਰ ਉਪਰ ਹੱਥ ਰੱਖ ਕੇ ਪਿਆਰ ਦਿੱਤਾ ਅਤੇ ਕਿਹਾ ਕੋਈ ਗੱਲ ਨਹੀਂ ਇਹ ਦੋਵੇਂ ਸਵੇਰ ਤੱਕ ਠੀਕ ਹੋ ਜਾਣਗੇ। ਮੇਰੇ ਘਰ ਵਿਚ ਬਹੁਤ ਸਫ਼ਾਈ ਦੇਖ ਕੇ ਮਹਾਰਾਜ ਜੀ ਬਹੁਤ ਖੁਸ਼ ਹੋਏ ਅਤੇ ਬੀਬੀ ਕਰਮੀ ਨੂੰ ਕਹਿਣ ਲੱਗੇ "ਕਰਮੋਂ ਦੇਖ ਕੁੜੀ ਨੇ ਘਰ ਵਿਚ ਕਿੰਨੀ ਸਫ਼ਾਈ ਰੱਖੀ ਹੋਈ ਹੈ" ਅਤੇ ਮੇਰੀ ਪਤਨੀ (ਬਚਨੀ) ਨੂੰ ਕਹਿਣ ਲੱਗੇ "ਕੁੜੇ ਪਿੰਡ ਵਾਲੇ ਤੈਨੂੰ ਕੀ ਕਹਿੰਦੇ ਸਨ ਕਿ ਪਤਾ ਨਹੀਂ ਕਿਹੜੇ ਚੇਲੇ ਦੇ ਜਾਂਦੇ ਹਨ। ਅੱਜ ਇਹਨਾਂ ਨੂੰ ਸਭ ਪਤਾ ਲੱਗ ਗਿਆ ਹੈ ਕਿ ਤੁਸੀਂ ਤਾਂ ਸਾਡੇ ਕੋਲ ਜਾਂਦੇ ਸੀ"। ਮਹਾਰਾਜ ਜੀ ਖਿੜ-ਖਿੜਾਕੇ ਹੱਸ ਪਏ
ਤਾਂ ਕਿਹਾ ਕਿ ਇਹ ਤਾਂ ਹੱਦ ਹੋ ਗਈ।

ਸਤਿਸੰਗ ਵਾਲੇ ਦਿਨ ਮਹਾਰਾਜ ਜੀ ਤੜਕੇ ਚਾਰ ਵਜੇ ਹੀ ਸੈਰ ਨੂੰ ਨਿਕਲ ਪਏ। ਉਹਨਾਂ ਦੇ ਨਾਲ ਸ਼੍ਰੀ ਸੋਹਣ ਸਿੰਘ, ਸ਼੍ਰੀ ਦਰਸ਼ਨ ਸਿੰਘ, ਸ਼੍ਰੀ ਬੇਲੀ ਰਾਮ ਅਤੇ ਮੈਂ ਵੀ ਸੈਰ ਨੂੰ ਬਾਹਰ ਚੌਹਕਾਂ ਵਾਲੀ ਨਹਿਰ ਨੂੰ ਚੱਲ ਪਏ। ਜਦੋਂ ਮਹਾਰਾਜ ਜੀ ਸਵੇਰ ਦੀ ਸੈਰ ਤੋਂ ਵਾਪਸ ਪਿੰਡ ਵਿਚ ਦਾਖਲ ਹੋ ਰਹੇ ਸਨ ਤਾਂ ਮੈਂ ਆਪਣੇ ਮਫ਼ਰਲ ਨਾਲ ਮਹਾਰਾਜ ਜੀ ਦੇ ਜੋੜੇ ਸਾਫ਼ ਕੀਤੇ ਜੋ ਕਿ ਧੂੜ ਮਿੱਟੀ ਨਾਲ ਭਰ ਗਏ ਸੀ ਅਤੇ ਮਹਾਰਾਜ ਜੀ ਦੇ ਚਰਨਾਂ ਦੀ ਧੂੜੀ ਨੂੰ ਆਪਣੇ ਮਸਤਕ ਨਾਲ ਲਾਇਆ।

ਪਿੰਡ ਵਿੱਚ ਦਾਖ਼ਲ ਹੁੰਦਿਆਂ ਹੁਣ ਦਿਨ ਕਾਫੀ ਚੜ੍ਹ ਚੁੱਕਾ ਸੀ। ਸੰਗਤਾਂ ਮਹਾਰਾਜ ਜੀ ਨੂੰ ਪ੍ਰਣਾਮ ਕਰ ਰਹੀਆਂ ਸਨ। ਜਿੱਥੇ ਵੀ ਮਹਾਰਾਜ ਜੀ ਗੁਜਰਦੇ ਸੰਗਤਾਂ ਉਹਨਾਂ ਨੂੰ ਮੱਥਾ ਟੇਕਦੀਆਂ। ਰਸਤੇ ਵਿਚ ਮਹਾਰਾਜ ਜੀ ਨੂੰ ਰੋਕ ਕੇ ਸ਼੍ਰੀ ਬਤਨਾ ਰਾਮ ਜੀ, ਸ਼੍ਰੀ ਉਦੈ ਰਾਮ ਦੇ ਪਿਤਾ ਜੀ ਨੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ ਉਸ ਦੇ ਘਰ ਵੀ ਚਰਨ ਪਾਉਣੇ। ਮਹਾਰਾਜ ਜੀ ਉਹਨਾਂ ਦੇ ਘਰ ਗਏ ਅਰਦਾਸ ਕੀਤੀ ਪ੍ਰਸ਼ਾਦਿ ਦਾ ਭੋਗ ਲਗਾਇਆ ਤੇ ਵਾਪਸ ਮੇਰੇ ਘਰ ਵੱਲ ਨੂੰ ਚੱਲ ਪਏ। ਰਸਤੇ ਵਿੱਚ ਇੱਕ ਹੋਰ ਪਿੰਡ ਦਾ ਬਜ਼ੁਰਗ ਸ਼੍ਰੀ ਬਾਰੂ ਰਾਮ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੇਰੇ ਘਰ ਵੀ ਚਰਨ ਪਾਉ ਕਿਉਂਕਿ ਮੇਰੇ ਘਰ ਬਹੁਤ ਦੇਰ ਤੋ ਕਿਸੇ ਚੀਜ਼ ਦਾ ਵਾਸ ਹੈ ਅਤੇ ਉਸੇ ਕਰਕੇ ਗੰਦੇ ਮੰਦੇ ਕੱਪੜੇ ਅਤੇ ਇੱਟਾ ਰੋੜੇ ਆਦਿ ਡਿੱਗਦੇ ਰਹਿੰਦੇ ਹਨ। ਸੋ ਮਹਾਰਾਜ ਜੀ ਉਹਨਾ ਦੇ ਘਰ ਵਿੱਚ ਦਾਖਲ ਹੋ ਕੇ ਬਾਹਰ ਆ ਗਏ ਅਤੇ ਕਿਹਾ ਕਿ ਲੈ ਭਾਈ ਅੱਜ ਤੋ ਬਾਅਦ ਇਥੇ ਅਜਿਹਾ ਕੁਝ ਨਹੀਂ ਹੋਵੇਗਾ। ਸੋ ਮਹਾਰਾਜ ਜੀ ਦੇ ਵਚਨ

ਅਨੁਸਾਰ ਉਦੋਂ ਤੋ ਅੱਜ ਤੱਕ ਉਥੇ ਕੋਈ ਇੱਟ ਰੋੜਾ ਆਦਿ ਨਹੀਂ ਡਿੱਗਿਆ।

ਹੁਣ ਮਹਾਰਾਜ ਜੀ ਵਾਪਸ ਮੇਰੇ ਘਰ ਵਿਖੇ ਪਹੁੰਚ ਗਏ ਇਸ਼ਨਾਨ ਕਰਨ ਉਪਰੰਤ ਮਹਾਰਾਜ ਜੀ ਨੇ ਜਲ ਪਾਨ ਕੀਤਾ। ਉੱਧਰ ਭਾਈ ਜੈਮਲ ਸਿੰਘ ਜੀ ਹੱਥ ਵਿੱਚ ਤੂੰਬਾ ਅਤੇ ਦੂਸਰੇ ਹੱਥ ਵਿੱਚ ਖੜਤਾਲ ਵਜਾਕੇ ਬਹੁਤ ਹੀ ਮਿੱਠੀ ਅਵਾਜ਼ ਵਿੱਚ ਅੰਮ੍ਰਿਤ ਵੇਲੇ ਤੋ ਹੀ ਕੀਰਤਨ ਕਰ ਰਹੇ ਸਨ। ਘਰ ਵਿੱਚ ਜਗ੍ਹਾ ਘੱਟ ਹੋਣ ਕਰਕੇ ਦੀਵਾਨ ਨੂੰ ਮੇਰੇ ਘਰ ਦੇ ਨਜ਼ਦੀਕ ਜਗ੍ਹਾ ਜਿਸ ਨੂੰ ਡਿਉੜੀ ਦਾ ਵਿਹੜਾ ਕਿਹਾ ਜਾਂਦਾ ਸੀ ਵਿਖੇ ਸਜਾਇਆ ਗਿਆ। ਗਿਆਨੀ ਠਾਕੁਰ ਦਾਸ ਬੱਸੀ ਵਾਲਿਆਂ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਅਤੇ ਸ਼ਬਦ ਪੜ੍ਹਿਆ-

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ ॥ ਰਹਾਉ ॥

ਉਹਨਾਂ ਤੋ ਬਾਅਦ ਗਿਆਨੀ ਜੈਮਲ ਸਿੰਘ ਨੇ ਭੂਮੀਏ ਸਿੰਘ ਦੀ ਸੰਗੀਤ ਮਈ ਸਾਖੀ ਸੁਣਾ ਕੇ ਸੰਗਤਾ ਨੂੰ ਨਿਹਾਲ ਕੀਤਾ। ਉਹਨਾਂ ਤੋਂ ਬਾਅਦ ਸ਼੍ਰੀ ਬੇਲੀ ਰਾਮ ਜੀ ਨੇ ਸਤਿਗੁਰੂ ਕਬੀਰ ਸਾਹਿਬ ਜੀ ਦਾ ਸ਼ਬਦ ਪੜ੍ਹਿਆ ਅਤੇ ਮਹਾਰਾਜ ਜੀ ਨੇ ਉਸ ਦੀ ਵਿਆਖਿਆ ਕੀਤੀ।

ਗੁਰ ਸੇਵਾ ਤੇ ਭਗਤਿ ਕਮਾਈ॥
ਤਬ ਇਹ ਮਾਨਸ ਦੇਹੀ ਪਾਈ॥
ਇਸ ਦੇਹੀ ਕੋ ਸਿਮਰਹਿ ਦੇਵ॥
ਸੋ ਦੇਹੀ ਭੁਜ ਹਰਿ ਕੀ ਸੇਵ॥੧॥
ਭਜਹੁ ਗੁਬਿਦ ਭੂਲਿ ਮਤ ਜਾਹੁ॥
ਮਾਨਸ ਜਨਮ ਜਾ ਏਹੀ ਲਾਹੁ॥੧॥ਰਹਾਉ

ਮਹਾਰਾਜ ਜੀ ਨੇ ਫ਼ਰਮਾਇਆ-

"ਭਰਾਵੋ! ਇਹ ਮਾਨਸ ਜਨਮ ਸਾਨੂੰ ਭਾਗਾਂ ਨਾਲ ਮਿਲਿਆ ਹੈ। ਪਿਛਲੇ ਜਨਮ ਵਿਚ ਕੀਤੀ ਭਗਤੀ ਕਾਰਨ ਹੀ ਇਹ ਮਾਨਸ ਜਨਮ ਸਾਨੂੰ ਮਿਲਿਆ ਹੈ। ਸੋ ਇਸ ਲਈ ਸਾਨੂੰ ਪਰਮਾਤਮਾ ਦੀ ਭਗਤੀ ਕਰਨੀ ਚਾਹੀਦੀ ਹੈ। ਕਿਉਂਕਿ ਇਸ ਮਾਨਸ ਦੇਹ(ਜੂਨ) ਨੂੰ ਤਾਂ ਦੇਵੀ ਦੇਵਤੇ ਵੀ ਤਰਸਦੇ ਹਨ ਕਿ ਪਰਮਾਤਮਾ ਸਾਨੂੰ ਮਾਨਸ ਜਨਮ ਦੇਵੇ ਤਾਂ ਅਸੀਂ ਉਸ ਪਰਮਾਤਮਾ ਦੀ ਭਗਤੀ ਕਰ ਕੇ ਜਨਮ ਮਰਨ ਤੋ ਰਹਿਤ ਹੋ ਜਾਈਏ ਅਤੇ ਸਾਡੀ ਮੁਕਤੀ ਹੋਵੇ। ਕਿਉਂਕਿ ਸੰਤ ਮਹਾਤਮਾ ਜਦੋਂ ਆਪਣੇ ਪੰਜ ਭੌਤਕ ਸਰੀਰ ਛੱਡ ਕੇ ਬੈਕੁੰਠ ਨੂੰ ਜਾਂਦੇ ਹਨ ਤਾਂ ਦੇਵੀ-ਦੇਵਤੇ ਆਪਣੇ ਮੱਥੇ ਤੇ ਹੱਥ ਮਾਰਕੇ ਰੋਂਦੇ ਹਨ। ਦੇਵੀ ਦੇਵਤੇ ਤਾਂ ਵਰਾਂ ਦੇ ਦਾਤੇ ਹਨ ਮੁਕਤੀ ਦੇ ਨਹੀਂ। ਮੁਕਤੀ ਤਾਂ ਕੇਵਲ ਗੁਰੂ ਕੋਲ ਹੀ ਹੈ।

ਹਾਏ ! ਹਾਏ ! ਅਸੀਂ ਤਾਂ ਕੋਡੀਆ ਹੀ ਖਰੀਦੀਆਂ ਹਨ ਪਰਮਾਤਮਾ ਸਾਨੂੰ ਵੀ ਮਾਨਸ ਜਨਮ ਦੇਵੇ ਤਾਂ ਅਸੀਂ ਵੀ ਉਸ ਦੀ ਭਗਤੀ ਕਰਕੇ ਜਨਮ ਮਰਨ ਤੋਂ ਮੁਕਤੀ ਪ੍ਰਾਪਤ ਕਰੀਏ। ਸੋ ਸਾਨੂੰ ਇਹ ਜਨਮ ਮਿਲਿਆ ਹੈ ਤਾਂ ਅਸੀਂ ਇਸ ਨੂੰ ਵਿਸ਼ੇ ਵਿਕਾਰਾ, ਸ਼ਰਾਬਾਂ, ਕਬਾਬਾਂ ਵਿਚ ਪੈ ਕੇ ਗੁਆ ਰਹੇ ਹਾਂ"। ਫਿਰ ਮਹਾਰਾਜ ਜੀ ਨੇ ਫ਼ਰਮਾਇਆ–

ਸੋ ਸੋ ਰੋਗ ਦਰੋ ਗਿਆ।

ਮਹਾਰਾਜ ਜੀ ਨੇ ਕਿਹਾ," ਭਰਾਵੋ ਇਸ ਸੰਸਾਰ ਵਿਚ ਸਭ ਜੀਅ ਦੁਖੀ ਹਨ, ਰਾਜੇ-ਮਹਾਰਾਜੇ, ਦੇਵੀ-ਦੇਵਤੇ, ਊਠ, ਭੇਡਾਂ, ਬੱਕਰੀਆਂ ਸਭ ਦੁਖੀ ਹਨ। ਕਿਉਂਕਿ ਸਭ ਵਿਸ਼ੇ ਵਿਕਾਰਾ, ਚੁਗਲੀ, ਨਿੰਦਿਆ ਵਿਚ ਫਸੇ ਹਨ। ਸਭ ਦੁਖੀ ਹਨ, ਸਿਰਫ ਸੰਤ ਮਹਾਪੁਰਸ਼ ਸੁਖੀ ਹਨ ਜਿਹੜੇ ਪਰਮਤਮਾਂ ਦਾ ਭਜਨ ਕਰਦੇ ਹਨ ਹੋਰ ਸਭ ਦੁਨੀਆਂ ਦੁਖੀ ਹੈ। ਦੁਖੀ ਆਉਂਦੇ ਅਤੇ ਦੁਖੀ ਚਲੇ ਜਾਂਦੇ ਹਨ। ਜਿਹੜੇ ਪਰਮਾਤਮਾ ਦਾ ਭਜਨ ਕਰਦੇ ਹਨ ਉਹ ਹੀ ਸੁੱਖ ਪ੍ਰਾਪਤ ਕਰਦੇ ਹਨ ਬਾਕੀ ਸਭ ਦੁਨੀਆ ਦੁਖੀ ਹੈ। ਮਹਾਰਾਜ ਜੀ ਨੇ ਜਗਤਗੁਰੂ ਰਵਿਦਾਸ ਜੀ ਦੀ ਮਹਿਮਾ ਵਿੱਚ ਇਹ ਸ਼ਬਦ ਉਚਾਰਿਆ:

**ਆਏ ਕਾਂਸ਼ੀ ਵਿਚ ਤਾਰਿਆ ਨਾਗਰ ਮੱਲ ਜਿਸ,**
**ਇਕਦਮ ਮਾਇਅ ਵਾਲੀ ਫਾਂਸੀ ਕਿਨ ਤੋੜੀ ਆ।**

ਇਸ ਸੰਸਾਰ ਵਿਚ ਜਿੰਨੇ ਵੀ ਸੰਤ ਮਹਾਪੁਰਸ਼ ਆਉਂਦੇ ਹਨ ਉਹ ਸਾਡੇ ਲਈ ਆਉਂਦੇ ਹਨ। ਜਿਸ ਤਰ੍ਹਾਂ ਸਤਿਗੁਰੂ ਰਵਿਦਾਸ ਜੀ ਆਏ, ਸਤਿਗੁਰੂ ਕਬੀਰ ਜੀ ਆਏ। ਉਹਨਾਂ ਨੇ ਸਾਡੇ ਵਾਸਤੇ ਜਾਤ-ਪਾਤ ਵਿਰੁੱਧ ਆਵਾਜ਼ ਉਠਾਈ। ਰਾਜੇ ਰਾਣਿਆ ਨਾਲ ਟੱਕਰ ਲਈ ਅਤੇ ਸਾਨੂੰ ਜਿਉਣ ਦੇ ਹੱਕ ਦਵਾਏ। ਸਾਨੂੰ ਉਹਨਾਂ ਦੀਆ ਸਿੱਖਿਆਵਾਂ ਤੇ ਚਲਣਾ ਚਾਹੀਦਾ ਹੈ। ਉਹਨਾਂ ਦੇ ਦਰਸਾਏ ਮਾਰਗ ਤੇ ਚਲਦੇ ਹੋਏ ਸਾਨੂੰ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਚਾਹੀਦਾ ਹੈ ਤਾਂ ਕਿ ਸਾਡੀ ਕੌਮ ਜੋ ਸਦੀਆ ਤੋਂ ਪੱਛੜੀ ਹੋਈ ਹੈ ਉਪਰ ਉੱਠ ਸਕੇ।

ਸਤਿਗੁਰੂ ਰਵਿਦਾਸ ਜੀ ਤੋਂ ਬਿਨਾਂ ਚੌਹਾਂ ਯੁੱਗਾਂ ਵਿਚ ਹੋਰ ਕਿਸੇ ਨੇ ਵੀ ਸਾਡੇ ਬਾਰੇ ਨਹੀਂ ਸੋਚਿਆ। ਸਗੋਂ ਸਾਨੂੰ ਹੋਰ ਦਬਾਇਆ। ਹਜ਼ਾਰਾਂ ਸੰਤ ਮਹਾਪੁਰਸ਼, ਰਿਸ਼ੀ ਮੁਨੀ ਅਤੇ ਦੇਵੀ-ਦੇਵਤੇ ਹੋਏ ਪਰ ਸਾਡੇ ਤੇ ਕਿਸੇ ਨੇ ਦਇਆ ਨਹੀਂ ਕੀਤੀ। ਸਾਡੇ ਤੋਂ ਜਿਉਣ ਦਾ ਹੱਕ ਖੋਹਿਆ। ਅੱਜ ਅਸੀਂ ਗੁਰੂ ਰਵਿਦਾਸ ਜੀ ਦੀ ਮਿਹਰ ਨਾਲ ਜਾਗ੍ਰਿਤ ਹੋਏ ਹਾਂ। ਸਾਡੇ ਗੁਰੂ ਰਵਿਦਾਸ ਜੀ ਹਨ।

ਗੁਰੂ ਜੀ ਦੇ ਮਿਸ਼ਨ ਨੂੰ ਅੱਜ ਬਾਵਾ ਸਾਹਿਬ ਭੀਮ ਰਾਉ ਅੰਬੇਡਕਰ ਨੇ ਅਮਲੀ ਜਾਮਾ ਪਹਿਨਾਇਆ ਅਤੇ ਸਾਨੂੰ ਜਿਉਂਣ ਦਾ ਹੱਕ ਦਿਤਾ। ਸੋ ਭਰਾਵੋ ਆਉ ਆਪਾ ਮਹਾਰਾਜ ਗੁਰੂ ਰਵਿਦਾਸ ਜੀ ਦੇ ਸੁਪਨੇ ਨੂੰ ਸਾਕਾਰ ਕਰੀਏ ਅਤੇ ਬੇਗਮਪੁਰੇ ਸ਼ਹਿਰ ਦੇ ਵਾਸੀ ਬਣੀਏ।

ਜੱਪੋ ਜੀ ਸਤਿਨਾਮ ਸਤਿਨਾਮ ॥

ਇਕ ਵਾਰ ਇਹ ਸਾਨੂੰ ਜਨਮ ਮਿਲਿਆ ਹੈ ਫਿਰ ਦੁਬਾਰਾ ਨਹੀਂ ਮਿਲਣਾ। ਸੋ ਸਾਨੂੰ ਪ੍ਰਮਾਤਮਾ ਦੀ ਭਗਤੀ ਕਰਕੇ ਜਨਮ ਨੂੰ ਸੁਧਾਰਨਾ ਚਾਹੀਦਾ ਹੈ।

ਇਹ ਨਾਮ ਤੁਹਾਡੇ ਅੰਦਰ ਹੈ। ਪੂਰੇ ਗੁਰੂ ਨੂੰ ਮਿਲ ਕੇ ਇਸ ਦੀ ਪਛਾਣ ਕਰੋ।

ਦੁਨੀਆਂ ਵਿਚ ਸਭ ਦੁਖੀ ਹਨ। ਊਠ, ਘੋੜੇ, ਬਕਰੀਆਂ ਅਤੇ ਸ਼ੇਰ ਆਦਿ ਸਭ ਦੁਖੀ ਹਨ। ਜਿਹਨਾਂ ਨੇ ਪ੍ਰਮਾਤਮਾ ਦਾ ਨਾਮ ਜੱਪਿਆ ਹੈ ਉਹ ਹੀ ਖੁਸ਼ੀਆਂ ਲੈ ਗਏ ਹਨ। ਇਸ ਲਈ ਸਾਨੂੰ ਉਸ ਪ੍ਰਮਾਤਮਾ ਦੀ ਭਗਤੀ ਕਰਕੇ ਇਸ ਮਾਨਸ ਜਨਮ ਦਾ ਲਾਹਾ ਲੈਣਾ ਚਾਹੀਦਾ ਹੈ।

ਸਤਿਗੁਰੂ ਕਬੀਰ ਸਾਹਿਬ ਜੀ ਸਾਨੂੰ ਚਿਤਾਵਨੀ ਦਿੰਦੇ ਹੋਏ ਕਹਿੰਦੇ ਹਨ ਕਿ ਹੇ ਭਾਈ, ਉਸ ਗੋਬਿੰਦ ਨੂੰ ਭਾਲੋ, ਫੇਰ-ਫੇਰ ਕਰਦੇ ਤਾਂ ਸਾਰੀ ਉਮਰ ਬੀਤ ਜਾਣੀ ਹੈ। ਇਸ ਲਈ ਹੁਣ ਤੋਂ ਹੀ ਪ੍ਰਭੂ ਦੀ ਭਗਤੀ ਕਰੋ ਕਿਉਂਕਿ ਬਿਰਧ ਅਵਸਥਾ ਵਿਚ ਮੂੰਹੋਂ ਸ਼ਬਦ ਕੁਝ ਉਚਾਰੋ ਅਤੇ ਨਿਕਲ ਕੁਝ ਹੋਰ ਜਾਂਦਾ ਹੈ। ਸੋ ਭਰਾਵੋਂ ਉਸ ਪ੍ਰਭੂ ਦੀ ਭਗਤੀ ਕਰੋ। ਇਸ ਸ਼ਬਦ ਤੋਂ ਬਾਅਦ ਮਹਾਰਾਜ ਜੀ ਨੇ ਗੁਰੂ ਰਵਿਦਾਸ ਜੀ ਦੇ ਸ਼ਬਦ

ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਉ ਨ ਦਰਸੈ ॥

ਦੀ ਵਿਆਖਿਆ ਕਰਦਿਆਂ ਸੰਗਤਾਂ ਨੂੰ ਫ਼ਰਮਾਇਆ ਕਿ ਭਰਾਵੋਂ, ਗੁਰੂ ਜੀ ਕਹਿੰਦੇ ਹਨ ਕਿ ਪੜੋ ਲਿਖੋ ਅਤੇ ਆਪਣੇ ਬੱਚਿਆਂ ਨੂੰ ਵੀ ਪੜਾਓ। ਕਿਉਂਕਿ ਲੋਹਾ ਉਦੋਂ ਤੱਕ ਸੋਨਾ ਨਹੀਂ ਬਣ ਸਕਦਾ ਜਦੋਂ ਤੱਕ ਉਸ ਨੂੰ ਪਾਰਸ ਨਹੀਂ ਛੋਹ ਲੈਂਦਾ। ਸੋ ਭਰਾਵੋ ਪੂਰੇ ਗੁਰੂ ਦੀ ਭਾਲ ਕਰਕੇ ਆਪਣੇ ਅੰਦਰ ਨਾਮ ਦੀ ਭਾਲ ਕਰੋ ਜੋ ਤੁਹਾਡੇ ਅੰਦਰ ਹੈ। ਜੰਗਲਾਂ, ਤੀਰਥਾਂ ਅਤੇ ਦੇਵੀ-ਦੇਵਤਿਆਂ ਕੋਲ ਕੁਝ ਵੀ ਨਹੀਂ ਹੈ। ਜੋ ਕੁਝ ਹੈ ਉਹ ਤੁਹਾਡੇ ਅੰਦਰ ਹੈ।

ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਇਹ ਸ਼ਬਦ ਸੁਣ ਕੇ ਸੰਗਤਾਂ ਧੰਨ-ਧੰਨ ਕਰ ਉੱਠੀਆ। ਮਹਾਰਾਜ ਜੀ ਨੇ ਅਰਦਾਸ ਕੀਤੀ ਕਿ ਇਹ ਲੜਕਾ ਬਹੁਤ ਵਿੱਦਿਆ ਵਾਲਾ ਹੋਵੇ। ਭਾਗਸ਼ਾਲੀ ਹੋਵੇ ਅਤੇ ਲੰਬੀ ਉਮਰ ਵਾਲਾ ਹੋਵੇ ਤੇ ਆਪਣੇ ਮਾਤਾ ਪਿਤਾ ਨੂੰ ਸੁਖ ਦੇਣ ਵਾਲਾ ਹੋਵੇ।

ਮੈਂ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ ਤੁਸੀਂ ਆਪਣੀ ਪਵਿੱਤਰ ਰਸਨਾ ਚੋਂ ਕਾਕੇ ਦਾ ਨਾਮ ਵੀ ਰੱਖੋ। ਸਤਿਗੁਰੂ ਜੀ ਬਹੁਤ ਹੀ ਪ੍ਰਸੰਨ ਹੋਏ, ਉਹਨਾਂ ਨੇ ਮੇਰੇ ਕੋਲੋਂ ਕਾਕੇ ਨੂੰ ਫੜ ਕੇ ਆਪਣੀ ਗੋਦੀ ਵਿਚ ਬਿਠਾਇਆ ਅਤੇ ਉਸ ਨੂੰ ਫੁੱਲ ਫੜਾਇਆ ਅਤੇ ਅਸ਼ੀਰਵਾਦ ਦਿੰਦੇ ਹੋਏ ਕਾਕੇ ਦਾ ਨਾਮ ਸੁਖਦੇਵ ਰੱਖਿਆ ਅਤੇ ਕਿਹਾ ਕਿ ਸੁਖਦੇਵ ਬਹੁਤ ਹੀ ਸੁਖ ਦੇਣ ਵਾਲਾ ਹੋਵੇਗਾ। ਬਹੁਤ ਹੀ ਆਗਿਆਕਾਰੀ

ਅਤੇ ਧਾਰਮਿਕ ਖਿਆਲਾ ਦਾ ਹੋਵੇਗਾ।

ਇਸ ਸੁਭਾਗੇ ਮੌਕੇ ਤੇ ਮੈਂ ਸਤਿਗੁਰੂ ਦੀ ਇਸ ਇਤਿਹਾਸਿਕ ਫੇਰੀ ਨੂੰ ਹਰ ਇਤਿਹਾਸਿਕ ਅਤੇ ਯਾਦਗਾਰ ਬਣਾਉਣ ਲਈ ਫੋਟੋਗ੍ਰਾਫਰ ਨੂੰ ਬੁਲਾਇਆ ਸੀ ਜਿਸ ਨੇ ਮਹਾਰਾਜ ਜੀ ਦੇ ਨਾਲ ਕਾਕੇ ਸੁਖਦੇਵ ਅਤੇ ਹੋਰ ਸੰਗਤਾਂ ਦੀਆਂ ਤਸਵੀਰਾਂ ਨੂੰ ਆਪਣੇ ਕੈਮਰੇ ਵਿਚ ਬੰਦ ਕੀਤਾ ਜੋ ਅੱਜ ਵੀ ਮੇਰੇ ਕੋਲ ਸੁਰੱਖਿਅਤ ਹਨ ਅਤੇ ਇਕ ਕਮਰੇ ਵਿਚ ਸੁਸ਼ੋਭਿਤ ਹਨ। ਜਦੋ ਵੀ ਮੇਰਾ ਮਨ ਕਰਦਾ ਹੈ ਤਾਂ ਮੈਂ ਮਹਾਰਾਜ ਜੀ ਦੇ ਦਰਸ਼ਨ ਕਰਕੇ ਉਸ ਸਮੇਂ ਨੂੰ ਯਾਦ ਕਰਦਾ ਹਾਂ।

ਦੁਪਹਿਰ ਦਾ ਲੰਗਰ ਛਕਣ ਤੋਂ ਬਾਅਦ ਗੁਰੂ ਜੀ ਨੇ ਸੰਗਤਾਂ ਨੂੰ ਇਜਾਜ਼ਤ ਦਿੱਤੀ ਕਿ ਉਹ ਆਪਣੇ ਆਪਣੇ ਘਰ ਨੂੰ ਜਾਣ। ਸ਼ਾਮ ਨੂੰ ਮਹਾਰਾਜ ਜੀ ਬਹੁਤ ਹੀ ਖੁਸ਼ੀ ਭਰੇ ਮੂਡ ਵਿਚ ਡੇਰੇ ਨੂੰ ਰਵਾਨਾ ਹੋ ਗਏ।

ਇਸ ਤਰ੍ਹਾਂ ਸਮਾਂ ਬੀਤਦਾ ਗਿਆ ਮੈਂ ਅਤੇ ਮੇਰੀ ਧਰਮ ਪਤਨੀ ਨੇ ਬੱਚਿਆ ਸਮੇਤ ਹਰ ਐਤਵਾਰ ਅਤੇ ਹਰ ਸੰਗਰਾਂਦ ਨੂੰ ਕੁਟੀਆ ਜਾਣਾ। ਜਿਉਂ ਸਮਾਂ ਬੀਤਦਾ ਗਿਆ ਵਿਸ਼ਵਾਸ ਮਹਾਰਾਜ ਜੀ ਵਿਚ ਇੰਨਾਂ ਪੱਕਾ ਹੋ ਗਿਆ ਕਿ ਜਿਹੜਾ ਵੀ ਕੰਮ ਕਰਦਾ ਸਭ ਤੋਂ ਪਹਿਲਾਂ ਮਹਾਰਾਜ ਜੀ ਦਾ ਹੁਕਮ ਲੈਣਾ ਅਤੇ ਫਿਰ ਉਹ ਕੰਮ ਕਰਨਾ। ਮਹਾਰਾਜ ਜੀ ਨੇ ਮੈਨੂੰ ਨਾਮ ਦੀ ਦਾਤ ਵੀ ਬਖਸ਼ੀ। ਉਸ ਸਮੇਂ ਮਹਾਰਾਜ ਜੀ ਬਹੁਤ ਜਲਦੀ ਨਾਮ ਭਜਨ ਨਹੀਂ ਦਿੰਦੇ ਸਨ। ਪਹਿਲਾਂ ਕਈ ਸਾਲ ਆਦਮੀ ਨੂੰ ਪਰਖਦੇ ਤਾਂ ਵੀ ਕਈ ਸਾਲਾਂ ਬਾਅਦ ਉਸ ਨੂੰ ਨਾਮ ਦਾਨ ਦਿੰਦੇ।

1965 ਦੌਰਾਨ ਮਹਾਰਾਜ ਜੀ ਵਲੋਂ ਬਨਾਰਸ ਵਿਖੇ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜਨਮ ਅਸਥਾਨ ਸੀਰ ਗਵਰਧਨਪੁਰ ਵਿਖੇ ਜਿਥੇ ਮਹਾਰਾਜ ਜੀ ਨੇ ਅਵਤਾਰ ਧਾਰਿਆ ਸੀ ਉਸ ਮਹਾਨ ਅਸਥਾਨ ਦੀ ਖੋਜ ਕਰਕੇ ਸੰਤ ਹਰੀ ਦਾਸ ਜੀ ਪਾਸੋਂ ਹਾੜ ਦੀ ਸੰਗਰਾਂਦ 1965 ਈ. ਨੂੰ ਨੀਂਹ ਪੱਥਰ ਰਖਵਾ ਕੇ ਇਕ ਬਹੁਤ ਵੱਡੇ ਮੰਦਿਰ ਦੀ ਉਸਾਰੀ ਕਰਵਾ ਰਹੇ ਸਨ ਅਤੇ ਉਸ ਦਾ ਕੰਮ ਅਜੇ ਵੀ ਚੱਲ ਰਿਹਾ ਸੀ। ਮੈਨੂੰ ਵੀ ਮਹਾਰਾਜ ਜੀ ਨੇ ਕਿਹਾ ਕਿ ਭਾਈ ਤੂੰ ਵੀ ਬਨਾਰਸ ਜਾ ਆ। ਸੋ ਮਹਾਰਾਜ ਜੀ ਦੇ ਹੁਕਮ ਅਨੁਸਾਰ ਮੈਂ 1967 ਈਸਵੀ ਵਿਚ ਪਹਿਲੀ ਵਾਰ ਬਨਾਰਸ ਗਿਆ।

ਮੰਦਿਰ ਦੀ ਉਸਾਰੀ ਦਾ ਸਾਰਾ ਖਰਚ ਮਹਾਰਾਜ ਜੀ ਵੱਲੋਂ ਹੀ ਕਰਵਾਇਆ ਜਾ ਰਿਹਾ ਸੀ। ਸੰਤ ਹਰੀ ਦਾਸ ਜੀ ਅਤੇ ਸੰਤ ਗਰੀਬ ਦਾਸ ਜੀ ਦੀ ਦੇਖ ਰੇਖ ਹੇਠ ਸੰਗਤਾਂ ਬਹੁਤ ਉਤਸ਼ਾਹ ਨਾਲ ਸੇਵਾ ਕਰ ਰਹੀਆਂ ਸਨ। ਉਸ ਸਮੇਂ ਬਨਾਰਸ ਵਿਚ ਬਹੁਤ ਛੂਆ-ਛਾਤ ਸੀ। ਪਰ ਪੰਜਾਬ ਦੀਆਂ ਸੰਗਤਾਂ ਨਾਲ ਬਨਾਰਸ ਵਿਖੇ ਬਹੁਤ ਘੱਟ ਛੂਆ-ਛਾਤ ਹੋ ਰਹੀ ਸੀ ਕਿਉਂਕਿ ਪੰਜਾਬੀ ਉੱਥੇ ਜਾ ਕੇ ਅਛੂਤ ਨਹੀਂ ਲੱਗਦੇ ਸਨ।

ਬਹੁਤ ਸੋਹਣੇ ਸਨ। ਉਥੋਂ ਦੇ ਗਵਾਲੇ ਰਾਜਪੂਤ ਸੰਗਤਾਂ ਨਾਲ ਬਹੁਤ ਘੁਲਮਿਲ ਕੇ ਰਹਿੰਦੇ ਸਨ ਅਤੇ ਆਪਣੇ ਖੂਹਾਂ ਤੇ ਨਹਾਉਣ ਦਿੰਦੇ ਸਨ। ਜਦ ਕਿ ਬਨਾਰਸ ਦੇ ਸਾਡੀ ਬਰਾਦਰੀ ਦੇ ਭਰਾਵਾਂ ਨਾਲ ਉਹ ਬਹੁਤ ਛੂਆ-ਛਾਤ ਕਰਦੇ ਸਨ।

ਮੇਰੇ ਮਨ ਵਿਚ ਤਾਂ ਬਚਪਨ ਤੋਂ ਹੀ ਇਕ ਖਵਾਹਿਸ਼ ਸੀ ਕਿ ਮੈਂ ਆਪਣੇ ਘਰ ਵਿਖੇ ਇਕ ਧਾਰਮਿਕ ਜਗ੍ਹਾ ਬਣਾਵਾਂ। ਸਤਿਗੁਰਾਂ ਦੇ ਮਿਲਣ ਨਾਲ ਮੇਰਾ ਇਰਾਦਾ ਹੋਰ ਪੱਕਾ ਹੋ ਗਿਆ ਕਿ ਮੈਂ ਆਪਣੇ ਸਤਿਗੁਰਾਂ ਦੀ ਯਾਦਗਾਰ ਆਪਣੇ ਘਰ ਵਿਖੇ ਬਣਾਵਾਂਗਾ।

ਸੋ ਇਕ ਵਾਰ ਮੈਂ ਮਹਾਰਾਜ ਸੁਆਮੀ ਸਰਵਣ ਦਾਸ ਜੀ ਹੁਰਾਂ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੈਂ ਘਰ ਵਿਚ ਤੁਹਾਡੀ ਯਾਦ ਵਿਚ ਇਕ ਮੰਦਿਰ ਬਣਾਉਣਾ ਚਾਹੁੰਦਾਂ ਹਾਂ ਤਾਂ ਸਤਿਗੁਰਾਂ ਨੇ ਕਿਹਾ ਕਿ ਤੂੰ ਮੰਦਿਰ ਕੀ ਕਰਨਾ ਹੈ, ਤਾਂ ਮੈਂ ਜਵਾਬ ਦਿਤਾ ਕਿ ਮਹਾਰਾਜ ਜੀ ਮੈਂ ਤੁਹਾਡੇ ਨਾਮ ਤੇ ਇਕ ਯਾਦਗਾਰ ਬਣਾਉਣੀ ਹੈ, ਤਾਂ ਕਿ ਮੈਂ ਕਹਿ ਸਕਾਂ ਕਿ ਮੇਰੇ ਸਤਿਗੁਰੂ ਜੀ ਮੇਰੇ ਘਰ ਆਏ ਸਨ ਅਤੇ ਮੈਂ ਉਹਨਾਂ ਦੀ ਯਾਦ ਵਿਚ ਇਹ ਮੰਦਿਰ ਬਣਵਾਇਆ ਹੈ।

ਇਹ ਸੁਣ ਕੇ ਮਹਾਰਾਜ ਜੀ ਮੁਸਕਰਾਏ ਅਤੇ ਚੁੱਪ ਕਰ ਗਏ। 1968 ਈਸਵੀ ਵਿਚ ਮੇਰੇ ਦੂਸਰੇ ਲੜਕੇ ਦੇ ਜਨਮ ਸਮੇਂ ਮੇਰੇ ਘਰ ਗੁਰੂ ਮਹਾਰਾਜ ਜੀ ਨੇ ਦੂਜੀ ਵਾਰ ਚਰਨ ਪਾਏ। ਮੇਰੇ ਘਰ ਵਿਚ ਜਗ੍ਹਾ ਬਹੁਤ ਘੱਟ ਸੀ। ਮਹਾਰਾਜ ਜੀ ਨੇ ਕਿਹਾ, "ਗੁਰਦਾਸ, ਘਰ ਵਿਚ ਬਹੁਤ ਥੋੜ੍ਹੀ ਜਗ੍ਹਾ ਹੈ।"

ਮੈਂ ਕਿਹਾ ਮਹਾਰਾਜ ਜੀ ਅਗਰ ਤੁਹਾਡੀ ਕਿਰਪਾ ਹੋਈ ਤਾਂ ਮੈਂ ਹੋਰ ਜਗ੍ਹਾ ਲੈ ਲਵਾਂਗਾ। ਮਹਾਰਾਜ ਜੀ ਨੇ ਆਸ਼ੀਰਵਾਦ ਦਿੱਤਾ ਅਤੇ ਕਿਹਾ, "ਅਸੀਂ ਤੇਰੇ ਬਹੁਤ ਕੰਮ ਕਰਨੇ ਹਨ ਕਿਉਂਕਿ ਤੂੰ ਬਹੁਤ ਭਰੋਸੇਵਾਲਾ ਹੈ ਜਾ ਤੈਨੂੰ ਇਹ ਵਚਨ ਹੈ ਕਿ ਜਿਸ ਕੰਮ ਨੂੰ ਹੱਥ ਪਾਵੇਗਾ ਉਹ ਸਫ਼ਲ ਹੋਵੇਗਾ"।

*******

## ਸਾਖੀ ਨੰਬਰ 139

### ਮਹਾਰਾਜ ਦਿਲਾਂ ਦੀਆਂ ਜਾਣਦੇ ਸਨ

ਸ਼੍ਰੀ ਕਿਰਪਾ ਰਾਮ ਜੀ ਰਸੂਲ ਪੁਰ ਵਾਲੇ ਮਹਾਰਾਜ ਜੀ ਦੇ ਬਹੁਤ ਸ਼ਰਧਾਲੂ ਸਨ। ਉਹਨਾਂ ਨੇ ਮੈਨੂੰ ਦੱਸਿਆ ਕਿ ਇਕ ਵਾਰ ਮੈਂ ਅਤੇ ਮੇਰੇ ਦੋ ਰਿਸ਼ਤੇਦਾਰ ਸ਼ਹਿਰ ਤੋਂ ਪਿੰਡ ਨੂੰ ਆ ਰਹੇ ਸੀ। ਜਦੋਂ ਅਸੀਂ ਸਰਮਸਤਪੁਰ ਕੋਲ ਆਏ ਮੈਂ ਆਪਣੇ ਰਿਸ਼ਤੇਦਾਰਾਂ ਨੂੰ ਕਿਹਾ ਕਿ ਤੁਸੀਂ ਪਿੰਡ ਨੂੰ ਚਲੋ। ਮੈਂ ਡੇਰੇ ਤੋਂ ਮਹਾਰਾਜ ਜੀ ਦੇ ਦਰਸ਼ਨ ਕਰਕੇ ਆਉਣਾ

ਹੈ।ਉਹਨਾਂ ਨੇ ਮੈਨੂੰ ਕਿਹਾ ਕਿ ਅਸੀਂ ਵੀ ਤੇਰੇ ਨਾਲ ਡੇਰੇ ਚਲਦੇ ਹਾਂ ਅਤੇ ਮਹਾਰਾਜ ਜੀ ਦੇ ਦਰਸ਼ਨ ਕਰ ਲਵਾਂਗੇ। ਨਾਲੇ ਅਸੀਂ ਸੁਣਿਆਂ ਹੈ ਕਿ ਸੰਤਾਂ ਦੇ ਡੇਰੇ ਜਲੇਬੀਆਂ ਮਿਲਦੀਆ ਹਨ ਅਤੇ ਉਹ ਮੇਰੇ ਨਾਲ ਚੱਲ ਪਏ।ਰਸਤੇ ਵਿਚ ਮੈਂ ਸੋਚਣ ਲੱਗਾ ਕਿ ਡੇਰੇ ਕਿਹੜੀਆਂ ਹਰ ਰੋਜ਼ ਜਲੇਬੀਆਂ ਨਿਕਲਦੀਆਂ ਹਨ।ਉਹ ਤਾਂ ਕਿਸੇ ਵੱਡੇ ਸਮਾਗਮ ਤੇ ਹੀ ਬਣਾਈਆਂ ਜਾਂਦੀਆਂ ਹਨ।

ਅੱਜ ਜੇ ਇਹਨਾਂ ਨੂੰ ਜਲੇਬੀਆਂ ਨਾ ਮਿਲੀਆਂ ਤਾਂ ਬਹੁਤ ਬੇਇਜ਼ੱਤੀ ਹੋਵੇਗੀ। ਮਹਾਰਾਜ ਮੇਰੀ ਲਾਜ ਰੱਖ ਲੈਣ।ਇਹ ਸੋਚਦੇ ਸੋਚਦੇ ਅਸੀਂ ਡੇਰੇ ਪਹੁੰਚ ਗਏ।ਮਹਾਰਾਜ ਸਰਵਣ ਦਾਸ ਜੀ ਆਪਣੇ ਆਸਣ ਤੇ ਬਿਰਾਜਮਾਨ ਸਨ। ਅਸੀਂ ਤਿੰਨਾਂ ਨੇ ਮੱਥਾ ਟੇਕਿਆ ਤੇ ਬੈਠ ਗਏ।ਹੁਣ ਮਹਾਰਾਜ ਜੀ ਤਾਂ ਸਭ ਕੁਝ ਜਾਣੀ ਜਾਣ ਸਨ।ਮੈਨੂੰ ਕਹਿਣ ਲੱਗੇ, "ਕਿਰਪੋ ਵੱਲ ਇਸ਼ਾਰਾ ਕਰਕੇ ਡੋਲੀ ਵਿਚ ਜਲੇਬੀਆਂ ਪਈਆ ਹਨ। ਇਹਨਾਂ ਨੂੰ ਲਿਆ ਕੇ ਖਾਣ ਵਾਸਤੇ ਦੇ"।ਬੜੇ ਚਾਅ ਨਾਲ ਮੈਂ ਸੱਤ ਵਚਨ ਕਹਿ ਡੋਲੀ 'ਚ ਪਈਆ ਜਲੇਬੀਆਂ ਬਾਟੀਆਂ ਵਿਚ ਪਾ ਕੇ ਉਹਨਾਂ ਦੋਹਾਂ ਨੂੰ ਖਾਣ ਲਈ ਦਿੱਤੀਆ। ਮੈਂ ਮਨ ਹੀ ਮਨ ਸੋਚਣ ਲੱਗਾ ਮਹਾਰਾਜ ਅੰਤਰਜਾਮੀ ਹਨ।ਅੱਜ ਉਹਨਾਂ ਨੇ ਮੇਰੀ ਲਾਜ ਰੱਖ ਲਈ।

ਮੈਂ ਫਿਰ ਦੁਬਾਰਾ ਮਹਾਰਾਜ ਜੀ ਦੇ ਚਰਨਾਂ ਵਿਚ ਮੱਥਾ ਟੇਕਿਆ। ਮਹਾਰਾਜ ਜੀ ਮੁਸਕਰਾਏ ਅਤੇ ਫ਼ਰਮਾਇਆ, "ਕਿਰਪਾ ਰਾਮ, ਇਹਨਾਂ ਨੂੰ ਵੀ ਨਾਲ ਲੈ ਜਾ ਅਤੇ ਚਾਹ ਪਾਣੀ ਪਿਲਾਉ"।

ਇਸ ਤਰ੍ਹਾਂ ਮਹਾਰਾਜ ਜੀ ਆਪਣੇ ਸੇਵਕਾਂ ਦੇ ਮਨ ਦੀ ਹਰ ਗੱਲ ਬੁੱਝ ਲੈਂਦੇ ਸਨ।

-ਸ਼੍ਰੀ ਗੁਰਦਾਸ ਰਾਮ ਜੀ ਬੱਧਣ ਸੁੱਚੀ ਪਿੰਡ ਜਲੰਧਰ

## ਸਾਖੀ ਨੰਬਰ 140

## ਅਲੋਪ ਹੋ ਜਾਣਾ।

ਇਕ ਵਾਰ ਦਾ ਜ਼ਿਕਰ ਹੈ ਕਿ ਐਤਵਾਰ ਦਾ ਦਿਨ ਸੀ। ਸ਼ਾਮ ਦੇ ਵੇਲੇ ਮੈਂ ਡੇਰੇ ਵਿਖੇ ਹੀ ਸੀ।ਮੈਂ ਅਤੇ ਕਿਰਪਾ ਰਾਮ ਡੇਰੇ ਤੋਂ ਬਾਹਰ ਮੋਖਿਆ ਵਾਲੀ ਨਹਿਰ ਵੱਲ ਨੂੰ ਸੈਰ ਕਰਨ ਨਿਕਲ ਪਏ। ਰਸਤੇ ਵਿਚ ਗੱਲਾਂ ਕਰਨ ਲੱਗ ਪਏ ਕਿ ਕਹਿੰਦੇ ਹਨ ਕਿ ਸਤਿਗੁਰੂ ਰਵਿਦਾਸ ਜੀ ਮਹਾਰਾਜ ਅਤੇ ਸਤਿਗੁਰੂ ਕਬੀਰ ਜੀ ਮਹਾਰਾਜ ਜਦੋਂ ਬ੍ਰਹਮਲੀਨ ਹੋਏ ਤਾਂ ਉਹਨਾਂ ਦਾ ਸਰੀਰ ਨਹੀਂ ਮਿਲਿਆ ਸੀ ਸਗੋਂ ਉਹਨਾਂ ਦੀ ਜਗ੍ਹਾ ਇਕ ਚਾਦਰ ਅਤੇ ਕੁਝ ਫੁੱਲ ਹੀ ਮਿਲੇ ਸਨ ਅਤੇ ਸੇਵਕਾਂ ਨੇ ਅੱਧੀ ਚਾਦਰ ਦਾ ਸੰਸਕਾਰ ਕਰ ਦਿੱਤਾ ਸੀ ਅਤੇ

ਮੁਸਲਮਾਨਾਂ ਨੇ ਅੱਧੀ ਚਾਦਰ ਨੂੰ ਦਫ਼ਨਾ ਦਿੱਤਾ ਸੀ। ਇਹ ਕਿਵੇਂ ਹੋ ਸਕਦਾ ਹੈ ਕਿ ਸਤਿਗੁਰੂ ਕਬੀਰ ਜੀ ਅਲੋਪ ਹੋ ਗਏ ਸਨ।

ਇਹ ਗੱਲਾਂ ਕਰਦੇ ਕਰਦੇ ਅਸੀਂ ਵਾਪਸ ਡੇਰੇ ਆ ਗਏ। ਬਾਹਰ ਹੱਥ ਮੂੰਹ ਧੋ ਕੇ ਅਸੀਂ ਮਹਾਰਾਜ ਜੀ ਕੋਲ ਆ ਕੇ ਬੈਠ ਗਏ। ਉਦੋਂ ਮਹਾਰਾਜ ਜੀ ਪਲੰਘ ਤੇ ਸਮਾਧੀ ਲਗਾ ਕੇ ਬੈਠੇ ਸਨ।

ਹੁਣ ਪੂਰਾ ਸਤਿਗੁਰੂ ਉਹੀ ਹੈ ਜੋ ਆਪਣੇ ਸੇਵਕਾਂ ਦੇ ਮਨ ਵਿਚ ਸ਼ੰਕਾਂ ਨਾ ਰਹਿਣ ਦੇਵੇ। ਹੋਰ ਵੀ ਸੰਗਤਾਂ ਬੈਠੀਆਂ ਸਨ। ਸੋ ਅਸੀਂ ਵੀ ਸੰਗਤਾਂ ਵਿਚ ਬੈਠ ਗਏ। ਕੁਝ ਮਿੰਟ ਹੋਏ ਤਾਂ ਮਹਾਰਾਜ ਜੀ ਆਪਣੇ ਪਲੰਘ ਤੇ ਆਰਾਮ ਕਰਨ ਲਈ ਲੇਟ ਗਏ

ਅਤੇ ਉੱਪਰ ਇਕ ਪਤਲੀ ਚਾਦਰ ਲੈ ਲਈ। ਦੱਸ ਕੁ ਮਿੰਟ ਹੋਏ ਤਾਂ ਅਸੀਂ ਵੇਖਿਆ ਕਿ ਮਹਾਰਾਜ ਜੀ ਪਲੰਘ ਤੇ ਨਹੀਂ ਸਨ ਸਿਰਫ ਚਾਦਰ ਹੀ ਵਿਛੀ ਪਈ ਸੀ ਮੈਂ ਅਤੇ ਕਿਰਪਾ ਰਾਮ ਇਕ ਦੂਸਰੇ ਦਾ ਮੂੰਹ ਤੱਕਣ ਲੱਗੇ। ਡੇਰੇ ਦੇ ਇੱਧਰ ਉੱਧਰ ਮਹਾਰਾਜ ਜੀ ਨੂੰ ਕਮਰੇ ਵਿਚ ਵੇਖਣ ਗਏ ਕਿ ਕਿਤੇ ਮਹਾਰਾਜ ਜੀ ਉੱਧਰ ਤਾਂ ਨਹੀਂ ਗਏ। ਪਰ ਮਹਾਰਾਜ ਜੀ ਕਿੱਧਰੇ ਵੀ ਨਹੀਂ ਸਨ। ਸੋ ਆਖਰ ਅਸੀਂ ਜਦੋਂ ਆਣ ਕੇ ਫਿਰ ਦੁਬਾਰਾ ਮਹਾਰਾਜ ਜੀ ਦੇ ਪਲੰਘ ਅੱਗੇ ਆ ਕੇ ਬੈਠ ਗਏ ਅਤੇ ਮੈਂ ਕਿਰਪਾ ਰਾਮ ਨੂੰ ਕਿਹਾ ਇਹ ਤਾਂ ਮਹਾਰਾਜ ਜੀ ਨੇ ਸਾਡੇ ਨਾਲ ਕੌਤਕ ਕੀਤਾ ਹੈ ਜਿਸ ਤਰ੍ਹਾਂ ਸਤਿਗੁਰੂ ਰਵਿਦਾਸ ਜੀ ਮਹਾਰਾਜ ਅਤੇ ਸਤਿਗੁਰੂ ਕਬੀਰ ਜੀ ਨੇ ਕੀਤਾ ਸੀ। ਮਹਾਰਾਜ ਜੀ ਸਾਨੂੰ ਛੱਡ ਕੇ ਚਲੇ ਗਏ ਹਨ ਹੁਣ ਆਪਾਂ ਕੀ ਕਰੀਏ। ਕਿਰਪਾ ਰਾਮ ਨੇ ਅੱਖਾਂ ਵਿਚ ਹੰਝੂ ਭਰ ਕੇ ਕਿਹਾ ਸੱਚ ਮੁੱਚ ਮਹਾਰਾਜ ਜੀ ਸਾਨੂੰ ਛੱਡ ਕੇ ਚਲੇ ਗਏ ਹਨ।

ਅਸੀਂ ਅਜੇ ਇਹ ਗੱਲਾਂ ਹੀ ਕਰ ਰਹੇ ਸਾਂ ਅਸੀਂ ਵੇਖਿਆ ਕਿ ਮਹਾਰਾਜ ਜੀ ਦੇ ਪਲੰਘ ਤੇ ਉਹ ਚਾਦਰ ਜਿਹੜੀ ਮਹਾਰਾਜ ਜੀ ਨੇ ਉਪਰ ਲਈ ਸੀ ਉਹ ਹੁਣ ਉੱਪਰ ਨੂੰ ਉੱਠ ਰਹੀ ਹੈ ਅਤੇ ਮਹਾਰਾਜ ਜੀ ਫਿਰ ਉਸੇ ਤਰ੍ਹਾਂ ਪ੍ਰਗਟ ਹੋ ਗਏ। ਮਹਾਰਾਜ ਜੀ ਉੱਠ ਕੇ ਬੈਠ ਗਏ। ਅਸੀਂ ਅਜੇ ਮਹਾਰਾਜ ਜੀ ਨੂੰ ਪੁੱਛਣ ਹੀ ਲੱਗੇ ਸੀ ਕਿ ਉਹ ਕਿੱਥੇ ਗਏ ਸਨ ਤਾਂ ਮਹਾਰਾਜ ਜੀ ਨੇ ਸਾਨੂੰ ਕਿਹਾ ਕਿ ਤੁਸੀਂ ਜਾਉ ਅਤੇ ਸੇਵਾ ਕਰੋ ਪਰ ਇਹ ਗੱਲ ਕਿਸੇ ਨੂੰ ਨਾ ਦੱਸਿਉ।

ਸੋ ਅਸੀਂ ਦੋਵੇਂ ਸਮਝ ਗਏ ਕਿ ਸਤਿਗੁਰੂ ਅੰਤਰਜਾਮੀ ਹਨ ਅਤੇ ਮਹਾਰਾਜ ਜੀ ਨੇ ਸਾਡੇ ਮਨ ਦਾ ਸ਼ੰਕਾਂ ਦੂਰ ਕਰਨ ਵਾਸਤੇ ਇਹ ਕੌਤਕ ਵਿਖਾਇਆ ਹੈ। ਸੋ ਧੰਨ ਧੰਨ ਸਤਿਗੁਰੂ ਜੀ ਜਿਹੜੇ ਆਪਣੇ ਸੇਵਕਾਂ ਦੇ ਮਨ ਦੇ ਅੰਦਰ ਕੋਈ ਸ਼ੰਕਾਂ ਨਹੀਂ ਰਹਿਣ ਦਿੰਦੇ। ਇਸ ਕੌਤਕ ਦਾ ਜ਼ਿਕਰ ਮੈਂ ਅੱਜ ਹੀ ਕਰ ਰਿਹਾ ਹਾਂ।

ਇਕ ਵਾਰ ਦੀ ਗੱਲ ਹੈ ਕਿ ਹਜ਼ੂਰ ਮਹਾਰਾਜ ਜੀ ਦਾ ਇਕ ਸੇਵਕ ਜੋ ਕਿ ਬਹੁਤ ਸ਼ਰਧਾਵਾਨ ਸੀ। ਇਕ ਵਾਰ ਉਹ ਪਹਾੜਾਂ ਵਿਚ ਕਿਸੇ ਕੰਮ ਨੂੰ ਗਿਆ। ਮਹੀਨੇ ਬਾਅਦ

ਉਹ ਡੇਰੇ ਆਇਆ ਤਾਂ ਉਹ ਸਾਨੂੰ ਇਹ ਗੱਲ ਸਣਾਉਣ ਲੱਗਾ ਕਿ ਮੈਨੂੰ ਜੰਗਲ ਵਿਚ ਇਕ ਸਾਧੂ ਮਿਲੇ ਸਨ ਜਿਹਨਾਂ ਨੇ ਧੂਣੀ ਲਾਈ ਹੋਈ ਸੀ ਜੋ ਕੋਈ ਵੀ ਉਹਨਾਂ ਨੂੰ ਕੋਈ ਚੀਜ਼ ਭੇਟਾਂ ਕਰਦਾ ਤਾਂ ਉਹ ਹਰ ਚੀਜ਼ ਅੱਗ ਵਿਚ ਸੁੱਟੀ ਜਾਂਦੇ ਸਨ। ਬੜੇ ਤਿਆਗੀ ਸਨ ਉਹਨਾਂ ਕੋਲ ਇਕ ਸ਼ੇਰ ਵੀ ਬੈਠਾ ਸੀ ਬਈ ਉਹ ਤਾਂ ਬਹੁਤ ਕਰਨੀ ਵਾਲੇ ਸੰਤ ਸਨ। ਆਪਣੇ ਸੰਤਾਂ ਨਾਲੋਂ ਵੀ ਜ਼ਿਆਦਾ।

ਇਹ ਗੱਲਾਂ ਕਰਦੇ ਕਰਦੇ ਉਹ ਡੇਰੇ ਵਿਖੇ ਮਹਾਰਾਜ ਜੀ ਨੂੰ ਨਮਸਕਾਰ ਕਰਨ ਆਇਆ। ਮਹਾਰਾਜ ਜੀ ਅੰਤਰਜਾਮੀ ਸਨ ਉਹਨਾਂ ਨੇ ਉਸ ਸੇਵਕ ਦੇ ਮਨ ਦੀ ਸ਼ੰਕਾਂ ਦੂਰ ਕਰਨੀ ਸੀ। ਇਹ ਸੇਵਕ ਡੇਰੇ ਅੰਦਰ ਆਇਆ ਤਾਂ ਮਹਾਰਾਜ ਜੀ ਦੇ ਚਰਨਾਂ ਵਿਚ ਮੱਥਾ ਟੇਕਿਆ ਤਾਂ ਕੀ ਵੇਖਦਾ ਹੈ ਕਿ ਮਹਾਰਾਜ ਜੀ ਕੋਲ ਦੋ ਸ਼ੇਰ ਬੈਠੇ ਹਨ ਇਕ ਸੱਜੇ ਪਾਸੇ ਅਤੇ ਇਕ ਦੂਸਰੇ ਖੱਬੇ ਪਾਸੇ। ਇਹ ਕੌਤਕ ਵੇਖ ਕੇ ਉਹ ਦੁਬਾਰਾ ਮਹਾਰਾਜ ਜੀ ਦੇ ਚਰਨਾਂ ਤੇ ਡਿੱਗ ਪਿਆ ਅਤੇ ਰੋਣ ਲੱਗਾ ਅਤੇ ਕਿਹਾ ਮਹਾਰਾਜ ਜੀ ਮੈਨੂੰ ਮੁਆਫ਼ ਕਰ ਦਿਉ ਤੁਹਾਡੇ ਤੋਂ ਵੱਡਾ ਕੋਈ ਨਹੀਂ ਤੁਸੀਂ ਤਾਂ ਅੰਤਰਜਾਮੀ ਹੋ ਮੈਂ ਭੁੱਲ ਗਿਆ ਸੀ ਮਹਾਰਾਜ ਜੀ ਖਿੜਖਿੜਾ ਕੇ ਹੱਸ ਪਏ ਤਾਂ ਕਹਿਣ ਲੱਗੇ ਕਿਉਂ ਭਾਈ ਉੱਥੇ ਜੰਗਲ ਵਿਚ ਸੰਤਾਂ ਕੋਲ ਸ਼ੇਰ ਬੈਠਾ ਸੀ। ਹੱਥ ਤੇ ਹੱਥ ਮਾਰ ਕੇ ਕਹਿਣ ਲੱਗੇ ਹੱਦ ਹੋ ਗਈ।

ਐਸੇ ਸਨ ਸਤਿਗੁਰੂ ਜੀ ਜੋ ਆਪਣੇ ਸੇਵਕਾਂ ਦੇ ਮਨ ਦੀ ਗੱਲ ਪਹਿਲਾਂ ਹੀ ਬੁੱਝ ਲੈਂਦੇ ਸਨ।

## ਸਾਖੀ ਨੰਬਰ 141

### ਪੜ੍ਹਾਈ ਅਤੇ ਸਫ਼ਾਈ ਨੂੰ ਪਹਿਲ

ਸਮਾਂ ਬੀਤਦਾ ਗਿਆ ਮੈਂ ਆਪਣੇ ਬੱਚਿਆਂ ਸਮੇਤ ਕੁਟੀਆ ਨੂੰ ਹਰ ਐਤਵਾਰ ਹਰ ਸੰਗਰਾਂਦ ਨੂੰ ਜਾਣਾ। ਸ਼ਾਮ ਨੂੰ ਅਸੀਂ ਜਦੋਂ ਮਹਾਰਾਜ ਜੀ ਤੋਂ ਆਗਿਆ ਮੰਗਣੀ ਕਿ ਮਹਾਰਾਜ ਜੀ ਸਾਨੂੰ ਛੁੱਟੀ ਦਿਉ ਤਾਂ ਕਿ ਅਸੀਂ ਘਰ ਨੂੰ ਜਾਈਏ ਤਾਂ ਮਹਾਰਾਜ ਜੀ ਨੇ ਕਹਿਣਾ ਅਜੇ ਥੋੜ੍ਹਾ ਠਹਿਰੋ। ਫਿਰ ਮਹਾਰਾਜ ਜੀ ਆਪਣੇ ਕਮਰੇ ਵਿਚ ਜਾਣਾ ਅਤੇ ਆਪਣੀ ਅਲਮਾਰੀ ਚੋਂ ਕੋਈ ਫਲ ਫਰੂਟ ਜਾਂ ਕੋਈ ਮਿਠਾਈ ਲਿਆ ਕੇ ਬੱਚਿਆ ਨੂੰ ਪ੍ਰਸ਼ਾਦ ਦੇਣਾ ਅਤੇ ਕਹਿਣਾ ਕਿ ਹੁਣ ਤੁਸੀਂ ਜਾਉ।

ਮਹਾਰਾਜ ਜੀ ਨੇ ਹਮੇਸ਼ਾ ਸੰਗਤਾਂ ਨੂੰ ਕਹਿਣਾ ਕਿ ਭਰਾਵੋ ਆਪਣੇ ਬੱਚਿਆਂ ਨੂੰ ਪੜ੍ਹਾਓ ਲਿਖਾਓ। ਖਾਸ ਤੌਰ ਤੇ ਮਹਾਰਾਜ ਜੀ ਲੜਕੀਆਂ ਦੀ ਪੜ੍ਹਾਈ ਤੇ ਬਹੁਤ ਜ਼ੋਰ ਦਿੰਦੇ ਸਨ ਅਤੇ ਕਹਿੰਦੇ ਸਨ ਕਿ ਅਗਰ ਸਾਡੀਆਂ ਕੁੜੀਆਂ ਪੜ੍ਹੀਆਂ ਲਿਖੀਆਂ ਹੋਣਗੀਆਂ ਤਾਂ ਸਾਡੀਆਂ ਅਗਲੀਆਂ ਪੀੜ੍ਹੀਆਂ ਵੀ ਪੜ੍ਹੀਆਂ ਲਿਖੀਆਂ ਹੋਣਗੀਆਂ।

ਮਹਾਰਾਜ ਜੀ ਹਰ ਸਮੇਂ ਪਰਮਾਤਮਾ ਨੂੰ ਇਹੀ ਅਰਦਾਸ ਕਰਦੇ ਸਨ ਕਿ ਮੇਰੀ ਕੌਮ ਪੜ੍ਹੀ ਲਿਖੀ ਹੋਵੇ। ਮੇਰੀ ਕੌਮ ਦੇ ਲੋਕ ਵੱਡੇ-ਵੱਡੇ ਅਫ਼ਸਰ ਲੱਗਣ ਅਤੇ ਇਹਨਾਂ

ਦਾ ਜੀਵਨ ਪੱਧਰ ਉੱਚਾ ਹੋਵੇ।

ਮਹਾਰਾਜ ਜੀ ਲੰਗਰ ਤਿਆਰ ਹੋਣ ਸਮੇਂ ਆਪ ਲੰਗਰ ਘਰ ਭੱਠੀਆਂ ਤੇ ਆ ਜਾਂਦੇ ਸਨ ਅਤੇ ਦੇਖਦੇ ਸਨ ਕਿ ਲੰਗਰ ਸਾਫ਼ ਸੁਥਰਾ ਤਿਆਰ ਹੋਵੇ। ਹਰ ਲੰਗਰ ਵਰਤਾਉਣ ਵਾਲਾ ਸੇਵਾਦਾਰ ਆਪਣੇ ਮੂੰਹ ਤੇ ਕੱਪੜਾ ਬੰਨ੍ਹ ਕੇ ਲੰਗਰ ਬਣਾਏ ਅਤੇ ਵਰਤਾਏ।

ਮਹਾਰਾਜ ਜੀ ਅਕਸਰ ਫ਼ਰਮਾਉਂਦੇ ਸਨ ਕਿ ਸੰਤਾਂ ਮਹਾਤਮਾ ਕੋਲ ਸਾਦੇ ਬਣ ਕੇ ਆਈਦਾ ਹੈ। ਕਿਸੇ ਦੀ ਇੰਨੀ ਹਿੰਮਤ ਨਹੀਂ ਹੁੰਦੀ ਸੀ ਕਿ ਉਹ ਮਹਾਰਾਜ ਜੀ ਦੇ ਚਿਹਰੇ ਨੂੰ ਤੱਕ ਸਕੇ ਉਹਨਾਂ ਦੇ ਚਿਹਰੇ ਦਾ ਜਲੌਅ ਹੀ ਐਸਾ ਸੀ ਉਹ ਤਾਂ ਨੂਰਾਨੀ ਜੋਤ ਸਨ।

## ਸਾਖੀ ਨੰਬਰ 142
## ਮੇਰਾ ਵੈਦ ਗੁਰੂ ਗੋਬਿੰਦਾ
## ਮੇਰੀ ਪਤਨੀ ਦੀ ਉਮਰ ਵਧਾਉਣੀ

ਇਹ ਗੱਲ 1972 ਦੀ ਹੈ ਕਿ ਮੇਰੇ ਘਰ ਵਾਲੀ (ਬੀਬੀ ਗੁਰਬਚਨ ਕੌਰ) ਨੂੰ ਛੇਵੇਂ ਮਹੀਨੇ ਗਰਭ ਸੀ ਇਸੇ ਦੌਰਾਨ ਉਹਨਾਂ ਨੂੰ ਬਹੁਤ ਤਕਲੀਫ਼ ਹੋ ਗਈ। ਸੋ ਮੈਂ ਗੁਰੂ ਮਹਾਰਾਜ ਜੀ ਦੇ ਡੇਰੇ ਗਿਆ ਤਾਂ ਮਹਾਰਾਜ ਜੀ ਨੂੰ ਕਿਹਾ ਕਿ ਮੇਰੇ ਘਰ ਵਾਲੀ ਦੀ ਸਿਹਤ ਬਹੁਤ ਖਰਾਬ ਹੋ ਗਈ ਹੈ। ਮਹਾਰਾਜ ਜੀ ਨੇ ਕਿਹਾ ਕਿ ਤੂੰ ਉਸ ਨੂੰ ਸ਼ਹਿਰ ਡਾਕਟਰ ਨੂੰ ਵਿਖਾ। ਸੋ ਮਹਾਰਾਜ ਜੀ ਦਾ ਹੁਕਮ ਲੈ ਕੇ ਆਪਣੇ ਘਰ ਵਾਲੀ ਨੂੰ ਲੇਡੀ ਡਾਕਟਰ ਨੂੰ ਦਿਖਾਇਆ। ਉਸ ਨੇ ਮੇਰੀ ਘਰ ਵਾਲੀ ਦੀ ਹਾਲਤ ਵੇਖੀ ਤਾਂ ਕਿਹਾ ਕਿ ਇਸ ਦੀ ਹਾਲਤ ਤਾਂ ਬਹੁਤ ਖਰਾਬ ਹੈ। ਇਸ ਸਮੇਂ ਬੱਚਾ ਅਤੇ ਉਸ ਦੀ ਮਾਂ ਨੂੰ ਜਾਨ ਦਾ ਬਹੁਤ ਖਤਰਾ ਹੈ। ਇਸ ਲਈ ਤੁਸੀਂ ਇਸ ਨੂੰ ਸਿਵਲ ਹਸਪਤਾਲ ਲੈ ਜਾਉ।

ਮੈਂ ਉਸੇ ਸਮੇਂ ਫਿਰ ਮਹਾਰਾਜ ਜੀ ਦੇ ਕੋਲ ਗਿਆ ਤਾਂ ਸਾਰੀ ਵਿਥਿਆ ਦੱਸੀ। ਸਤਿਗੁਰਾਂ ਨੇ ਕਿਹਾ ਕਿ ਤੂੰ ਏਥੇ ਕਿਉਂ ਆਇਆ ਜਲਦੀ ਨਾਲ ਕੁੜੀ ਨੂੰ ਹਸਪਤਾਲ ਲੈ ਕੇ ਜਾ। ਮਹਾਰਾਜ ਜੀ ਦਾ ਹੁਕਮ ਲੈ ਕੇ ਮੈਂ ਆਪਣੇ ਘਰ ਵਾਲੀ ਨੂੰ ਸਿਵਲ ਹਸਪਤਾਲ ਜਲੰਧਰ ਲੈ ਗਿਆ। ਡਾਕਟਰ ਨੇ ਉਸ ਦਾ ਮੁਆਇਨਾ ਕੀਤਾ ਅਤੇ ਕਿਹਾ ਕਿ ਇਹਨਾਂ ਦੋਨਾਂ ਦਾ ਬਚਣਾ ਬਹੁਤ ਮੁਸ਼ਕਿਲ ਹੈ ਫਿਰ ਵੀ ਅਸੀਂ ਕੋਸ਼ਿਸ਼ ਕਰ ਲੈਂਦੇ ਹਾਂ। ਮਰੀ ਪਤਨੀ ਤਕਰੀਬਨ 15 ਕੁ ਦਿਨ ਹਸਪਤਾਲ ਰਹੀ। ਆਖਰ ਡਾਕਟਰਾਂ ਨੇ ਉਸ ਨੂੰ ਜਵਾਬ ਦੇ ਦਿੱਤਾ ਤੇ ਕਿਹਾ ਕਿ ਇਹਨਾਂ ਨੂੰ ਘਰ ਲੈ ਜਾਉ ਅਤੇ ਬਸ ਸੇਵਾ ਕਰੋ। ਕਿਉਂਕਿ ਬੱਚੇ ਦੀ ਪੈਦਾਇਸ਼ ਹੋ ਰਹੀ ਸੀ ਅਤੇ ਉਹ ਮਰਿਆ ਹੋਇਆ ਸੀ। ਉੱਧਰ ਕੀ ਕੌਤਕ ਹੋਇਆ। ਮਹਾਰਾਜ ਜੀ ਦੇ ਸੇਵਕ ਸ਼੍ਰੀ ਸੋਹਣ ਸਿੰਘ ਸੰਘਵਾਲ ਵਾਲੇ ਦੀ ਪਤਨੀ

ਅਤੇ ਕੁਝ ਹੋਰ ਬੀਬੀਆਂ ਮੇਰੀ ਘਰ ਵਾਲੀ ਦੀ ਹਸਪਤਾਲ ਵਿਚ ਖ਼ਬਰ ਲੈ ਕੇ ਆ ਰਹੀਆਂ ਸਨ ਤਾਂ ਉਹਨਾਂ ਨੇ ਸੋਚਿਆ ਕਿ ਚਲੋ ਡੇਰੇ ਹੋ ਚਲਦੀਆਂ ਹਾਂ। ਸੋ ਉਹ ਡੇਰੇ ਆਈਆਂ ਤਾਂ ਉਹਨਾਂ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ। ਮਹਾਰਾਜ ਜੀ ਸਭ ਕੁਝ ਜਾਣੀ ਜਾਣ ਸਨ। ਉਹਨਾਂ ਨੇ ਉਹਨਾਂ ਬੀਬੀਆਂ ਨੂੰ ਪੁੱਛਿਆ ਕਿ "ਕੁੜੇ ਤੁਸੀਂ ਇਸ ਸਮੇਂ ਕਿੱਥੋ ਆਈਆਂ ਹੋ"। ਤਾਂ ਉਹਨਾਂ ਬੀਬੀਆਂ ਨੇ ਉੱਤਰ ਦਿੱਤਾ ਕਿ "ਮਹਾਰਾਜ ਜੀ ਅਸੀਂ ਸਿਵਲ ਹਸਪਤਾਲ ਜਲੰਧਰ ਗਈਆਂ ਸੀ ਸੁੱਚੀ ਪਿੰਡ ਵਾਲੀ ਬਚਨੀ ਦੀ ਖ਼ਬਰ ਲਈ"। ਕੁੜੇ ਹੁਣ ਉਸ ਕੁੜੀ ਦਾ ਕੀ ਹਾਲ ਹੈ" ਮਹਾਰਾਜ ਜੀ ਨੇ ਪੁੱਛਿਆ।

"ਮਹਾਰਾਜ ਜੀ ਉਸ ਦੀ ਹਾਲਤ ਤਾਂ ਬਹੁਤ ਖਰਾਬ ਹੈ। ਉਸ ਨੂੰ ਮਰਿਆ ਕਾਕਾ ਹੋਇਆ ਹੈ। ਡਾਕਟਰ ਨੇ ਤਾਂ ਉਸ ਨੂੰ ਜਵਾਬ ਦੇ ਦਿੱਤਾ ਹੈ ਕਿ ਹੁਣ ਉਹ ਵੀ ਨਹੀਂ ਬਚੇਗੀ ਅਤੇ ਇਸ ਲਈ ਡਾਕਟਰ ਨੇ ਕਿਹਾ ਹੈ ਕਿ ਕੱਲ ਨੂੰ ਉਸ ਨੂੰ ਘਰ ਲੈ ਜਾਉ ਉਹਨਾਂ ਦੇ ਵੱਸ ਦੀ ਕੋਈ ਗੱਲ ਨਹੀਂ"।

ਉਹਨਾਂ ਬੀਬੀਆਂ ਨੇ ਮਹਾਰਾਜ ਜੀ ਨੂੰ ਦੱਸਿਆ। ਮਹਾਰਾਜ ਜੀ ਕਹਿਣ ਲੱਗੇ "ਹੋਰ ਉਹ ਕੁੜੀ ਕੀ ਕਹਿੰਦੀ ਸੀ"।

"ਬਸ ਮਹਾਰਾਜ ਜੀ ਉਹ ਕਹਿੰਦੀ ਸੀ ਕਿ ਮਹਾਰਾਜ ਜੀ ਮੈਨੂੰ ਬਚਾ ਲੈਣਗੇ ਕਿ ਨਹੀਂ" ?

ਇਹ ਸੁਣ ਕੇ ਮਹਾਰਾਜ ਜੀ ਬਹੁਤ ਚਿੰਤਿਤ ਹੋਏ ਆਪਣੇ ਪਲੰਘ ਤੇ ਸਮਾਧੀ ਲਗਾ ਕੇ ਬੈਠ ਗਏ ਕਾਫ਼ੀ ਸਮਾਂ ਮਹਾਰਾਜ ਜੀ ਸਮਾਧੀ ਲਗਾ ਕੇ ਬੈਠੇ ਰਹੇ। ਫਿਰ ਮਹਾਰਾਜ ਜੀ ਦੀ ਸਮਾਧੀ ਖੁੱਲ੍ਹੀ ਤਾਂ ਮਹਾਰਾਜ ਜੀ ਖਿੜ ਖੜਾ ਕੇ ਹੱਸ ਪਏ ਤਾਂ ਬਚਨ ਕੀਤਾ।

"ਕੁੜੇ ਉਸ ਨੂੰ ਜਾ ਕੇ ਕਹਿ ਦਿਉ ਕਿ ਅਸੀਂ ਅਕਾਲ ਪੁਰਖ ਤੋਂ ਉਸ ਦੀ ਉਮਰ ਮੰਗ ਲਈ ਹੈ। ਉਸ ਦੇ ਤਾਂ ਛੋਟੇ ਛੋਟੇ ਬੱਚੇ ਹਨ। ਜਾਉ ਉਸ ਨੂੰ ਹੁਣ ਕੁਝ ਨਹੀਂ ਹੋਵੇਗਾ"।

ਮਹਾਰਾਜ ਜੀ ਦੇ ਬਚਨ ਸੁਣ ਕੇ ਬੀਬੀਆਂ ਹੈਰਾਨ ਹੋ ਗਈਆਂ ਅਤੇ ਸੋਚਣ ਲੱਗੀਆਂ ਕਿ ਉਹ ਤਾਂ ਬਸ ਮਰਨ ਵਾਲੀ ਹੀ ਹੈ ਅਤੇ ਮਹਾਰਾਜ ਜੀ ਉਸ ਦੇ ਜੀਣ ਦੀਆਂ ਗੱਲਾਂ ਕਰਦੇ ਹਨ।

ਸੋ ਮਹਾਰਾਜ ਜੀ ਸਾਰੀ ਰਾਤ ਬਹੁਤ ਚਿੰਤਿਤ ਰਹੇ ਅਤੇ ਸਾਰੀ ਰਾਤ ਘੋਰ ਤਪੱਸਿਆ ਕਰਦੇ ਅਰਦਾਸ ਕਰਦੇ ਰਹੇ ਕਿ ਉਸ ਕੁੜੀ ਦੀ ਜਾਨ ਬਚ ਜਾਵੇ ਕਿਉਂਕਿ ਉਸ ਦੇ ਛੋਟੇ ਛੋਟੇ ਬੱਚੇ ਹਨ।

## ਸਾਖੀ 143

## ਹਜ਼ੂਰ ਦਾ ਸਿਵਲ ਹਸਪਤਾਲ ਜਾਣਾ

ਦੂਸਰੇ ਦਿਨ ਮਹਾਰਾਜ ਜੀ ਬੀਬੀ ਕਰਮੀ ਰਸੂਲ ਪੁਰ ਤੇ ਕੁਝ ਸੇਵਕਾਂ ਨੂੰ ਨਾਲ ਲੈ ਕੇ ਸਿਵਲ ਹਸਪਤਾਲ ਜਲੰਧਰ ਪਹੁੰਚੇ। ਮਹਾਰਾਜ ਜਨਰਲ ਵਾਰਡ ਵਿਚ ਪਹੁੰਚੇ। ਮੇਰੇ ਘਰ ਵਾਲੀ ਦਾ ਬੈੱਡ ਦੂਸਰੀ ਮੰਜ਼ਿਲ ਤੇ ਸੀ। ਸੋ ਮਹਾਰਾਜ ਦੂਸਰੀ ਮੰਜ਼ਿਲ ਉੱਪਰ ਗਏ। ਹੋਰ ਮਰੀਜ਼ਾ ਨੂੰ ਆਪਣੇ ਹੱਥਾਂ ਨਾਲ ਫ਼ਲ ਵੰਡਦੇ ਵੰਡਦੇ ਮਹਾਰਾਜ ਮੇਰੀ ਪਤਨੀ ਦੇ ਬੈੱਡ ਕੋਲ ਪਹੁੰਚੇ ਅਤੇ ਰੁੱਕ ਗਏ। ਮੈਂ ਵੀ ਉਥੇ ਹੀ ਸਾਂ ਅਸੀਂ ਦੋਵੇਂ ਮਹਾਰਾਜ ਜੀ ਨੂੰ ਦੇਖ ਕੇ ਹੈਰਾਨ ਰਹਿ ਗਏ। ਸਾਰੇ ਹਸਪਤਾਲ ਦੇ ਮਰੀਜ਼ ਮਹਾਰਾਜ ਜੀ ਦੇ ਦਰਸ਼ਨ ਕਰਕੇ ਬਹੁਤ ਹੈਰਾਨ ਹੋਏ। ਡਾਕਟਰਾਂ ਨੇ ਮਹਾਰਾਜ ਜੀ ਦੇ ਨਾਲ ਉਹਨਾਂ ਦੀ ਅਗਵਾਈ ਕੀਤੀ।

ਆਖਰ ਵਿਚ ਮਹਾਰਾਜ ਸਰਵਣ ਦਾਸ ਜੀ ਮੇਰੇ ਘਰ ਵਾਲੀ ਦੇ ਬੈੱਡ ਕੋਲ ਰੁਕ ਗਏ। ਮੇਰੀ ਘਰ ਵਾਲੀ ਨੇ ਮਹਾਰਾਜ ਜੀ ਨੂੰ ਮੱਥਾ ਟੇਕਣਾ ਚਾਹਿਆ ਤਾਂ ਮਹਾਰਾਜ ਜੀ ਨੇ ਰੋਕਦਿਆ ਕਿਹਾ "ਨਾ ਕੁੜੇ ਤੂੰ ਅਜੇ ਬਹੁਤ ਕਮਜ਼ੋਰ ਹੈਂ ਤੁਸੀਂ ਬੈਠੇ ਰਹੋ"। ਮੈਂ ਮਹਾਰਾਜ ਜੀ ਨੂੰ ਮੱਥਾ ਟੇਕਿਆ।

ਮਹਾਰਾਜ ਜੀ ਨੇ ਆਪਣੇ ਗਲੇ ਵਿਚੋਂ ਇਕ ਹਾਰ ਉਤਾਰ ਕੇ ਮੇਰੇ ਘਰ ਵਾਲੀ ਦੇ ਗਲ ਵਿਚ ਪਾ ਦਿਤਾ। ਫਿਰ ਦੂਸਰਾ ਹਾਰ ਉਤਾਰ ਕੇ ਮੇਰੇ ਗਲੇ ਵਿਚ ਪਾਇਆ ਅਤੇ ਕਹਿਣ ਲੱਗੇ "ਲੈ ਕੁੜੇ ਹੁਣ ਤੂੰ ਕੋਈ ਫਿਕਰ ਨਹੀਂ ਕਰਨਾ ਅਸੀਂ ਤੇਰੇ ਸਾਰੇ ਦੁੱਖ ਲੈ ਚੱਲੇ ਹਾਂ, ਤੂੰ ਇਕ ਪੁੱਤਰ ਨੂੰ ਨਹੀਂ ਰੋਣਾ ਤੇਰੇ ਦੋ ਪੁੱਤਰ ਹੋਰ ਹੋਣਗੇ"।
"ਮਹਾਰਾਜ ਜੀ ਹੁਣ ਕੀ ਫਿਕਰ ਕਰਨਾ, ਤੁਸੀਂ ਆਪ ਭਗਵਾਨ ਮੇਰੇ ਗਰੀਬ ਦੀ ਖ਼ਬਰ ਲੈਣ ਹਸਪਤਾਲ ਆਏ ਹੋ"। ਮੇਰੀ ਘਰ ਵਾਲੀ ਨੇ ਉੱਤਰ ਦਿੱਤਾ। ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ ਵੱਡਾ ਪੁੱਤਰ ਆਪ ਜੀ ਦਾ ਚਰਨਾਂ ਵਿਚ ਅਰਪਣ ਕਰਾਂਗੀ।

ਉਸ ਸਮੇਂ ਮੈਂ ਮਨ ਵਿਚ ਸੰਕਲਪ ਕੀਤਾ ਕਿ ਵੱਡਾ ਪੁੱਤਰ ਮਹਾਰਾਜ ਜੀ ਨੂੰ ਦੇ ਦੇਣਾ ਹੈ। ਹਸਪਤਾਲ ਵਿਚ ਸਭ ਡਾਕਟਰ ਅਤੇ ਸਭ ਮਰੀਜ਼ ਹੈਰਾਨ ਸਨ ਕਿ ਇਹ ਕਿਹੜੀ ਜੋਤ ਹੈ। ਜਿਸ ਦਾ ਏਨਾ ਤੇਜ਼ ਪ੍ਰਕਾਸ਼ ਹੈ। ਇਨੇ ਬਜ਼ੁਰਗ ਹੁੰਦੇ ਹੋਏ ਵੀ ਉਹਨਾਂ ਦਾ ਇੰਨਾ ਨੂਰ ਹੈ ਐਨਾ ਭਖ਼ਦਾ ਚਿਹਰਾ ਹੈ ।ਮਹਾਰਾਜ ਜੀ ਸਾਨੂੰ ਅਸ਼ੀਰਵਾਦ ਦੇ ਕੇ ਆਪ ਡੇਰੇ ਵੱਲ ਨੂੰ ਰਵਾਨਾ ਹੋ ਗਏ। ਸ਼ਾਮ ਨੂੰ ਅਸੀਂ ਵੀ ਡਾਕਟਰ ਦੇ ਕਹਿਣ ਤੇ ਘਰ ਸੁੱਚੀ ਪਿੰਡ ਆ ਗਏ। ਮਹਾਰਾਜ ਜੀ ਦੀ ਕਿਰਪਾ ਨਾਲ ਮੇਰੀ ਪਤਨੀ ਦੀ ਸਿਹਤ ਹੌਲੀ ਹੌਲੀ ਠੀਕ ਹੋਣੀ ਸ਼ੁਰੂ ਹੋ ਗਈ। ਅਸੀਂ ਸੋਚਿਆ ਕਿ ਕੁਝ ਦਿਨਾਂ ਤੱਕ ਅਸੀਂ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਬੜੇ ਚਾਅ ਨਾਲ ਜਾਵਾਂਗੇ। ਮਹਾਰਾਜ ਜੀ ਦੇ ਅਟੱਲ ਵਚਨਾਂ

ਅਨੁਸਾਰ ਮੇਰੇ ਘਰ ਇਕ ਲੜਕੇ ਨੇ ਜਨਮ ਲਿਆ। ਕੁਝ ਸਾਲਾਂ ਬਾਅਦ ਦੂਸਰੇ ਨੇ ਜਨਮ ਲਿਆ। ਜਿਸ ਦਾ ਨਾਮ ਸੁਰਿੰਦਰ ਦਾਸ ਰੱਖਿਆ ਗਿਆ। ਜਦੋਂ ਸੁਰਿੰਦਰ ਦਾਸ ਪੰਜ ਕੁ ਸਾਲ ਦਾ ਸੀ ਸੁੱਚੀ ਪਿੰਡ ਵਿਖੇ ਸੰਤ ਸੰਮੇਲਨ ਹੋਇਆ ਸੁਰਿੰਦਰ ਦਾਸ ਨੂੰ ਭਗਵਾ ਭੇਖ ਪਹਿਨਾ ਕੇ ਡੇਰੇ ਵਿਖੇ ਲੈ ਕੇ ਆਏ।

(ਸ਼੍ਰੀ ਗੁਰਦਾਸ ਰਾਮ ਜੀ ਬੱਧਣ ਸੁੱਚੀ ਪਿੰਡ ਜਲੰਧਰ)

## ਸਾਖੀ 144

## ਜੋਤੀ ਜੋਤ ਸਮਾਉਣ ਸੰਬੰਧੀ ਚਮਤਕਾਰ

11 ਜੂਨ 1972 ਈਸਵੀ ਦੀ ਗੱਲ ਹੈ। ਮੈਂ ਆਪਣੇ ਘਰ ਵਿਚ ਚੁੱਲੇ ਅੱਗੇ ਬੈਠਾ ਚਾਹ ਪੀ ਰਿਹਾ ਸੀ ਕਿ ਚੁੱਲੇ ਅੰਦਰ ਇਕ ਜ਼ਬਰਦਸਤ ਧਮਾਕਾ ਹੋਇਆ ਮੈਂ ਚਾਹ ਉਥੇ ਹੀ ਰੱਖ ਦਿੱਤੀ ਅਤੇ ਆਪਣੀ ਧਰਮ ਪਤਨੀ ਨੂੰ ਕਿਹਾ ਕਿ ਮੈਂ ਡੇਰੇ ਚੱਲਾਂ ਹਾਂ ਮਹਾਰਾਜ ਜੀ ਸਾਨੂੰ ਛੱਡ ਕੇ ਚਲੇ ਗਏ ਹਨ। ਉਹ ਕਹਿਣ ਲੱਗੀ ਕਿ ਤੁਹਾਨੂੰ ਕਿਵੇਂ ਪਤਾ ਲੱਗਾ ਹੈ ਮੈਂ ਕਿਹਾ ਬੱਸ ਮੈਨੂੰ ਪਤਾ ਲੱਗ ਗਿਆ ਹੈ। ਮੈਂ ਜਲਦੀ ਨਾਲ ਡੇਰੇ ਪਹੁੰਚਿਆ ਤਾਂ ਮੇਰੇ ਮਨ ਦਾ ਸ਼ੰਕਾਂ ਠੀਕ ਨਿਕਲਿਆ। ਸੰਗਤਾਂ ਦਾ ਰੋ ਰੋ ਕੇ ਬੁਰਾ ਹਾਲ ਸੀ। ਮਹਾਰਾਜ ਜੀ ਦੀ ਪਵਿੱਤਰ ਦੇਹ ਨੂੰ ਬੜੇ ਸਤਿਕਾਰ ਨਾਲ ਫੁੱਲਾਂ ਨਾਲ ਸਜਾਈ ਪਾਲਕੀ ਵਿਚ ਬੈਂਡ ਬਾਜਿਆਂ ਨਾਲ ਡੇਰੇ ਲਿਆਂਦਾ ਗਿਆ। ਮਹਾਰਾਜ ਜੀ ਦੇ ਕਮਰੇ ਦੇ ਬਾਹਰ ਬਰਾਂਡੇ ਵਿਚ ਮਹਾਰਾਜ ਜੀ ਦੀ ਪਵਿੱਤਰ ਦੇਹ ਨੂੰ ਸਰੀਰ ਜੋ ਕਿ ਫੁੱਲਾਂ ਨਾਲ ਢਕਿਆ ਹੋਇਆ ਸੀ ਰੱਖਿਆ ਗਿਆ। ਦੇਸ਼ਾਂ ਵਿਦੇਸ਼ਾਂ ਤੋਂ ਹਜ਼ਾਰਾ ਦੀ ਗਿਣਤੀ ਵਿਚ ਸੰਗਤਾਂ ਇਕੱਠੀਆਂ ਹੋਣ ਲੱਗੀਆਂ। ਸੰਗਤਾਂ ਆਉਂਦੀਆਂ ਜਾਂਦੀਆਂ ਰਹੀਆਂ ਅਤੇ ਮਹਾਰਾਜ ਜੀ ਦੇ ਦਰਸ਼ਨ ਕਰਦੀਆਂ। ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਦੇ ਪੰਜ ਭੌਤਿਕ ਸਰੀਰ ਵਿੱਚੋਂ ਖ਼ੂਨ ਦੀ ਧਾਰਾ ਨਿਕਲੀ ਜਿਸਦੇ ਕੁਝ ਛਿੱਟੇ ਸ਼੍ਰੀ ਗੁਰਦਾਸ ਰਾਮ ਜੀ ਉੱਪਰ ਪਏ। 11 ਜੂਨ 1972 ਨੂੰ ਮਹਾਰਾਜ ਜੀ ਦੀ ਪਵਿੱਤਰ ਦੇਹ ਨੂੰ ਠੂਠੀਆਂ, ਸ਼ੁਆਰਿਆ ਅਤੇ ਦੇਸੀ ਘਿਉ, ਚੰਦਨ ਦੀ ਲੱਕੜ ਅਤੇ ਹੋਰ ਸਮੱਗਰੀ ਨਾਲ ਸੰਸਕਾਰ ਕੀਤਾ ਗਿਆ।

ਹਜ਼ੂਰ ਮਹਾਰਾਜ ਹਰੀ ਦਾਸ ਜੀ ਨੂੰ ਮਹਾਰਾਜ ਸਰਵਣ ਦਾਸ ਜੀ ਦੇ ਗੱਦੀ ਨਸ਼ੀਨ ਨਿਵਾਜਿਆ ਗਿਆ। ਮਹਾਰਾਜ ਹਰੀਦਾਸ ਜੀ ਅਤੇ ਮਹਾਰਾਜ ਗਰੀਬਦਾਸ ਜੀ ਬਨਾਰਸ ਵਿਚ ਮਹਾਰਾਜ ਜੀ ਦੇ ਹੁਕਮ ਅਨੁਸਾਰ ਮੰਦਿਰ ਦੀ ਉਸਾਰੀ ਕਰਵਾ ਰਹੇ ਸਨ। ਉਹਨਾਂ ਦੇ ਸਿਰ ਤੇ ਡੇਰੇ ਦੀ ਜ਼ਿੰਮੇਵਾਰੀ ਵੀ ਆ ਗਈ। ਸੰਤ ਹਰੀ ਦਾਸ ਜੀ ਨੇ ਜਿੱਥੇ ਮਹਾਰਾਜ ਜੀ ਦਾ ਕਮਰਾ ਸੀ ਮਹਾਰਾਜ ਜੀ ਦੀ ਯਾਦ ਵਿਚ ਇਕ ਬਹੁਤ ਵਿਸ਼ਾਲ

ਮੰਦਰ ਦੀ ਉਸਾਰੀ ਸ਼ੁਰੂ ਕਰਵਾ ਦਿਤੀ। ਸੰਗਤਾਂ ਦੇ ਸਹਿਯੋਗ ਨਾਲ ਇਕ ਵਿਸ਼ਾਲ ਮੰਦਿਰ ਇਕ ਸਾਲ ਵਿਚ ਬਣ ਕੇ ਤਿਆਰ ਹੋ ਗਿਆ। ਮਹਾਰਾਜ ਜੀ ਦੀ ਪਹਿਲੀ ਬਰਸੀ 11 ਜੂਨ 1973 ਈਸਵੀ ਨੂੰ ਇਸ ਮੰਦਿਰ ਦਾ ਉਦਘਾਟਨ ਕੀਤਾ ਗਿਆ।

ਇੱਧਰ ਮੇਰੇ ਮਨ ਦੇ ਸੰਕਲਪ ਅਨੁਸਾਰ ਜਿਹੜੇ ਕਿ ਮੇਰੇ ਮਨ ਵਿਚ ਬਚਪਨ ਤੋਂ ਹੀ ਸੀ ਕਿ ਮੈਂ ਮਹਾਰਾਜ ਜੀ ਦੀ ਯਾਦਗਾਰ ਆਪਣੇ ਘਰ ਵਿਚ ਬਣਾਉਣੀ ਹੈ ਨੂੰ ਹੋਰ ਮਜ਼ਬੂਤੀ ਮਿਲੀ ਕਿ ਜਿਸ ਤਰ੍ਹਾਂ ਉਹਨਾਂ ਦੇ ਸ਼ਰਧਾਲੂਆ ਨੇ ਉਹਨਾਂ ਦੀ ਯਾਦ ਵਿਚ ਉਹ ਮੰਦਿਰਬਣਵਾਏ। ਮੈਂ ਵੀ ਉਹਨਾਂ ਦੀ ਯਾਦ ਵਿਚ ਆਪਣੇ ਘਰ ਵਿਚ ਅਤੇ ਆਪਣੇ ਖ਼ਰਚੇ ਤੇ ਉਹਨਾਂ ਦਾ ਯਾਦਗਾਰ (ਮੰਦਰ) ਜ਼ਰੂਰ ਬਣਾਉਣੀ ਹੈ।

ਹੁਣ ਦੁਬਾਰਾ ਮੈਂ ਮਹਾਰਾਜ ਹਰੀ ਦਾਸ ਜੀ ਦੇ ਸਮੇਂ ਦੀ ਗੱਲ ਕਰਦਾ ਹਾਂ। ਇਕ ਵਾਰੀ ਮੈਂ ਮਹਾਰਾਜ ਹਰੀਦਾਸ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਇਸ ਤਰ੍ਹਾਂ ਮੈਂ ਮਹਾਰਾਜ ਸਰਵਣ ਦਾਸ ਜੀ ਦੀ ਯਾਦ ਵਿਚ ਆਪਣੇ ਗ੍ਰਹਿ ਵਿਖੇ ਉਹਨਾਂ ਦੀ ਯਾਦਗਾਰ (ਮੰਦਰ) ਬਣਾਉਣਾ ਚਾਹੁੰਦਾ ਹਾਂ। ਮਹਾਰਾਜ ਜੀ ਨੇ ਕਿਹਾ "ਦੇਖ ਭਾਈ ਗੁਰਦਾਸ ਇਹ ਕੰਮ ਬਹੁਤ ਔਖੇ ਹਨ"।

ਮਹਾਰਾਜ ਜੀ ਦੀ ਕਿਰਪਾ ਨਾਲ ਮੇਰਾ ਕੰਮ ਬਹੁਤ ਅੱਛਾ ਸੀ ਘਰ ਦਾ ਖ਼ਰਚ ਕਰਕੇ ਮੈਂ ਕੁਝ ਰੁਪਏ ਬਚਾ ਲੈਂਦਾ ਸੀ ਕਿਉਂਕਿ ਮੇਰੇ ਅੰਦਰ ਤਾਂ ਇਕ ਹੀ ਧੁਨ ਸੁਆਰ ਸੀ ਕਿ ਮੈਂ ਆਪਣੇ ਸਤਿਗੁਰਾਂ ਦੀ ਯਾਦਗਾਰ ਬਣਾਉਣੀ ਹੈ।

1974 –75 ਵਿਚ ਮੈਂ ਆਪਣੇ ਪਿੰਡ ਦੇ ਬਾਹਰ ਬਾਹਰ ਜ਼ਿਮੀਂਦਾਰ ਕੋਲੋਂ 13 ਮਰਲੇ ਜਗ੍ਹਾ ਖਰੀਦੀ। ਮੈਂ ਇਹ ਗੱਲ ਮਹਾਰਾਜ ਹਰੀਦਾਸ ਜੀ ਨੂੰ ਦੱਸੀ ਤਾਂ ਉਹ ਬਹੁਤ ਖ਼ੁਸ਼ ਹੋਏ। ਹੁਣ ਮਹਾਰਾਜ ਜੀ ਨੂੰ ਵੀ ਯਕੀਨ ਹੋ ਚੁੱਕਾ ਸੀ ਕਿ ਇਹ ਭਾਈ ਜ਼ਰੂਰ ਕੁਝ ਨਾ ਕੁਝ ਕਰਕੇ ਆਪਣਾ ਸੰਕਲਪ ਪੂਰਾ ਕਰੇਗਾ।

ਸੋ ਮਹਾਰਾਜ ਜੀ ਨੇ ਹਰ ਐਤਵਾਰ ਨੂੰ ਮੈਨੂੰ ਪੁੱਛਣਾ ਕਿ "ਕਿੱਦਾਂ ਬਈ ਉਹ ਤੇਰਾ ਕੰਮ" ਮੈਂ ਕਹਿਣਾ ਮਹਾਰਾਜ ਜੀ ਤੁਸੀਂ ਕਦੇ ਨਾ ਕਦੇ ਤਾਂ ਕਰੋਗੇ ਹੀ ਐਸਾ ਮੇਰਾ ਯਕੀਨ ਹੈ। ਇਹ ਸੁਣ ਕੇ ਮਹਾਰਾਜ ਮੁਸਕਰਾ ਪੈਂਦੇ।

ਇਕ ਵਾਰੀ ਮੈਂ ਤੇ ਸ਼੍ਰੀ ਕ੍ਰਿਪਾ ਰਾਮ ਰਸੂਲ ਪੁਰ ਵਾਲੇ ਨੇ ਇਹ ਗੱਲ ਕੀਤੀ ਕਿ ਮੈਂ ਮਹਾਰਾਜ ਜੀ ਦੀ ਯਾਦਗਾਰ ਬਣਾਉਣੀ ਚਾਹੁੰਦਾਂ ਹਾਂ ਉਸ ਨੇ ਵੀ ਮੈਨੂੰ ਕਿਹਾ ਕਿ ਦੇਖ ਗੁਰਦਾਸ ਇਹ ਕੰਮ ਤਾਂ ਰਾਜੇ ਮਹਾਰਾਜਿਆਂ ਜਾਂ ਸੰਤਾਂ ਮਹਾਂਪੁਰਸ਼ਾਂ ਦੇ ਹਨ। ਆਪਣੇ ਬੱਸ ਦੇ ਨਹੀਂ।ਐਤਵਾਰ ਦਾ ਦਿਨ ਸੀ ਮੈਂ ਤੇ ਕਿਰਪਾ ਰਾਮ ਸ਼ਾਮ ਨੂੰ ਡੇਰੇ ਤੋਂ ਬਾਹਰ ਨਹਿਰ ਵੱਲ ਘੁੰਮਣ ਫਿਰਨ ਨਿਕਲੇ। ਕਿਰਪਾ ਰਾਮ ਕਹਿਣ ਲੱਗਾ "ਬਈ ਉਹ ਤੇਰਾ ਕੰਮ ਨਹੀਂ ਹੋਣਾ ਜਿਹੜਾ ਤੂੰ ਮੰਦਿਰ ਬਣਾਉਣ ਦਾ ਕਹਿੰਦਾ ਹੈ"। ਮੈਂ ਪੁੱਛਿਆ

"ਕਿਉਂ ਨਹੀਂ"। ਕਿਰਪਾ ਰਾਮ ਨੇ ਕਿਹਾ "ਜਦੋਂ ਤੱਕ ਕਿਸੇ ਜਗ੍ਹਾ ਤੇ ਕੋਈ ਮਹਾਂਪੁਰਸ਼ ਭਗਤੀ ਨਹੀਂ ਕਰਦਾ ਉਹ ਜਗ੍ਹਾ ਉੱਨੀ ਦੇਰ ਨਹੀਂ ਬਣ ਸਕਦੀ"। ਉਸ ਨੇ ਮੈਨੂੰ ਕਈ ਉਦਾਹਰਣਾਂ ਦਿੱਤੀਆਂ ਕਿ ਫਲਾਣੀ ਜਗ੍ਹਾ ਗੁਰਦੁਆਰੇ ਜਾਂ ਮੰਦਿਰ ਬਣਦੇ ਬਣਦੇ ਰਹਿ ਗਏ। ਸੋ ਮੈਂ ਕਿਹਾ "ਦੇਖ ਕਿਰਪਾ ਰਾਮ ਤੇਰੀ ਗੱਲ ਠੀਕ ਹੈ ਪਰ ਜੇ ਕਿਸੇ ਜਗ੍ਹਾ ਤੇ ਪੂਰੇ ਗੁਰੂ ਦੀ ਮਿਹਰ ਹੋਈ ਹੋਵੇ ਤਾਂ ਫਿਰ ਉਥੇ ਕਿਉਂ ਮੰਦਿਰ ਜਾਂ ਗੁਰਦੁਆਰਾ ਨਹੀਂ ਬਣ ਸਕਦਾ" ।ਮੈਂ ਕਿਹਾ ਉਥੇ ਮੇਰੇ ਸਤਿਗੁਰੂ ਦੀ ਮਿਹਰ ਹੋਈ ਹੈ। ਅਸੀਂ ਦੋਵੇਂ ਗੱਲਾਂ ਕਰਦੇ ਕਰਦੇ ਡੇਰੇ ਦੇ ਅੰਦਰ ਆ ਗਏ।

ਮਹਾਰਾਜ ਹਰੀਦਾਸ ਜੀ ਪਲੰਘ ਤੇ ਬਿਰਾਜਮਾਨ ਸਨ ਸਾਡੇ ਆਉਣ ਤੋਂ ਪਹਿਲਾਂ ਮਹਾਰਾਜ ਜੀ ਇਹ ਹੀ ਗੱਲ ਕਰ ਰਹੇ ਸਨ ਕਿ ਸੁੱਚੀ ਪਿੰਡੀਆ ਗੁਰਦਾਸ ਮਹਾਰਾਜ ਸਰਵਣ ਦਾਸ ਜੀ ਦੀ ਯਾਦ ਵਿਚ ਆਪਣੇ ਘਰ ਮੰਦਿਰ ਬਣਾਉਣਾ ਚਾਹੁੰਦਾ ਹੈ ਪਰ ਇਹ ਕੰਮ ਬਹੁਤ ਮੁਸ਼ਕਿਲ ਹੈ ਅਤੇ ਮੰਦਿਰ ਵੱਲ ਇਸ਼ਾਰਾ ਕਰਕੇ ਕਹਿਣ ਲੱਗੇ ਕਿ ਉਹ ਕਹਿੰਦਾ ਹੈ ਕਿ ਏਦਾ ਦਾ ਮੰਦਰ ਬਣਾਉਣਾ ਹੈ। ਭਾਈ ਇਹ ਕੰਮ ਬਹੁਤ ਮੁਸ਼ਕਿਲ ਹਨ।

ਕੋਲ ਬੈਠੇ ਬੇਲੀ ਰਾਮ ਬੱਲਾਂ ਵਾਲੇ ਨੇ ਕਿਹਾ "ਮਹਾਰਾਜ ਜੀ ਏਦਾ ਇਹ ਮੰਦਿਰ ਬਣਾਉਣ ਲਈ ਸਾਰੀ ਸੰਗਤ ਅਤੇ ਤੁਹਾਡਾ ਸਾਰਾ ਜ਼ੋਰ ਲੱਗ ਗਿਆ ਤਾਂ ਇਹ ਇੱਕਲਾ ਕਿਵੇਂ ਮੰਦਿਰ ਬਣਾ ਸਕਦਾ ਹੈ"।

ਮਹਾਰਾਜ ਜੀ ਕਹਿਣ ਲੱਗੇ,"ਹਾਂ ਭਾਈ ਇਹ ਗੱਲ ਤਾਂ ਠੀਕ ਹੈ"। ਉਸੇ ਸਮੇਂ ਮੈਂ ਉੱਠ ਕੇ ਖੜ੍ਹਾ ਹੋ ਕੇ ਦੋਨੇ ਹੱਥ ਜੋੜ ਕੇ ਕਿਹਾ "ਜੇ ਹੁਕਮ ਹੋਵੇ ਤਾਂ ਮਹਾਰਾਜ ਜੀ ਮੈਂ ਇਕ ਬੇਨਤੀ ਕਰਾਂ"।

"ਹਾਂ ਕਿਉਂ ਨਹੀਂ ਕਰ ਕਰ" ਮਹਾਰਾਜ ਹਰੀ ਦਾਸ ਜੀ ਨੇ ਕਿਹਾ।

"ਮਹਾਰਾਜ ਜੀ ਮੈਂ ਇਕ ਗਰੀਬ ਆਦਮੀ ਹਾਂ ਅਤੇ ਸਾਈਕਲਾਂ ਦੀ ਰਿਪੇਅਰ ਕਰ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦਾ ਹਾਂ ਸਾਥੋਂ ਤਾਂ ਆਪਣੇ ਘਰ ਦੇ ਖ਼ਰਚੇ ਹੀ ਪੂਰੇ ਨਹੀਂ ਹੁੰਦੇ। ਮੈਂ ਮੰਦਿਰ ਬਣਾਉਣ ਵਾਲਾ ਕੌਣ ਹੁੰਦਾ ਹਾਂ, ਹਾਂ ਮੇਰੇ ਮਨ ਨੂੰ ਇੰਨਾਂ ਵਿਸ਼ਵਾਸ ਜ਼ਰੂਰ ਹੈ ਕਿ ਅਗਰ ਮਹਾਰਾਜ ਜੀ ਤੁਹਾਡੀ ਕਿਰਪਾ ਹੋਈ ਤਾਂ ਇਹ ਮੰਦਿਰ ਤਾਂ ਕੁਝ ਵੀ ਨਹੀਂ (ਮੰਦਿਰ ਵੱਲ ਇਸ਼ਾਰਾ ਕਰਕੇ) ਅਗਰ ਤੁਹਾਡੀ ਮਿਹਰ ਹੋਵੇ ਤਾਂ ਮੈਂ ਸੋਨੇ ਦਾ ਮੰਦਿਰ ਆਪਣੇ ਗੁਰਾਂ ਦੀ ਯਾਦ ਵਿਚ ਬਣਵਾ ਸਕਦਾ ਹਾਂ"।

ਇਹ ਸੁਣ ਕੇ ਮਹਾਰਾਜ ਜੀ ਬਹੁਤ ਵੈਰਾਗ ਵਿਚ ਆ ਗਏ ਤਾਂ ਕਹਿਣ ਲੱਗੇ "ਹਾਂ ਦੱਸ ਬਈ ਬੇਲੀ ਰਾਮਾ"। ਇਹ ਭਾਈ ਕੀ ਕਹਿੰਦਾ ਹੈ। ਅਤੇ ਬੇਲੀ ਰਾਮ ਨੂੰ ਕੋਈ ਗੱਲ ਨਾ ਆਈ।

ਮਹਾਰਾਜ ਜੀ ਨੇ ਮੈਨੂੰ ਕਿਹਾ ਜਾ ਭਾਈ ਤੇਰਾ ਸਤਿਗੁਰੂ ਸਰਵਣ ਦਾਸ ਜੀ ਤੇ ਬਹੁਤ ਭਰੋਸਾ ਹੈ ਇਸ ਲਈ ਤੇਰੇ ਸਾਰੇ ਕੰਮ ਉਹਨਾਂ ਆਪ ਹੀ ਕਰਨੇ ਹਨ।

## ਸਾਖੀ 145

## ਮਹਾਰਾਜ ਸਰਵਣ ਦਾਸ ਜੀ ਦੀ ਯਾਦ ਵਿਚ ਸੁੱਚੀ ਪਿੰਡ ਵਿਖੇ ਸ਼੍ਰੀ ਗੁਰਦਾਸ ਰਾਮ ਵਲੋਂ ਮੰਦਰ ਦੀ ਉਸਾਰੀ ਕਰਵਾਉਣਾਂ।

ਸਮਾਂ ਬੀਤਦਾ ਗਿਆ ਹਰ ਵਕਤ ਮੈਨੂੰ ਇਹ ਹੀ ਯਾਦ ਸਤਾਉਂਦੀ ਰਹਿੰਦੀ ਸੀ ਕਿ ਮੈਂ ਸਤਿਗੁਰਾਂ ਦੀ ਯਾਦਗਾਰ ਬਣਾਉਣੀ ਹੈ ਉਹ ਵੀ ਆਪਣੇ ਘਰ ਅਤੇ ਆਪਣੇ ਖਰਚ ਨਾਲ।ਸੋ ਇਸ ਬਾਬਤ ਮੈਂ ਆਪਣੇ ਭਰਾ ਤਾਏ ਦੇ ਲੜਕੇ ਸ਼੍ਰੀ ਅਨੰਤ ਰਾਮ ਬੱਧਣ ਨਾਲ ਗੱਲ ਕੀਤੀ ਕਿ ਮੈਂ ਆਪਣੇ ਘਰ ਵਿਚ ਮਹਾਰਾਜ ਜੀ ਦੀ ਯਾਦਗਾਰ ਬਣਾਉਣੀ ਹੈ। ਉਸ ਨੇ ਕਿਹਾ ਠੀਕ ਹੈ। ਇਹ ਘਟਨਾ 1977 ਦੀ ਹੈ। ਉਸ ਸਮੇਂ ਪੰਜਾਬ ਵਿਚ ਅਕਾਲੀ ਗੌਰਮਿੰਟ ਸੀ। ਉਨ੍ਹਾਂ ਕਿਹਾ ਉਹ ਅਕਾਲੀ ਮੰਤਰੀ ਬੀਬੀ ਸਤਵੰਤ ਕੌਰ ਨੂੰ ਮਹਾਰਾਜ ਜੀ ਦੇ ਮੰਦਿਰ ਦਾ ਨੀਂਹ ਪੱਥਰ ਰਖਵਾਉਣ ਲਈ ਸੁੱਚੀ ਪਿੰਡ ਲੈ ਆਉਣਗੇ।

ਮਹਾਰਾਜ ਜੀ ਦੇ ਹੁਕਮ ਨਾਲ ਮੰਦਿਰ ਦਾ ਨੀਂਹ ਪੱਥਰ ਰੱਖਣ ਦਾ ਦਿਨ ਨਿਸ਼ਚਿਤ ਕੀਤਾ ਗਿਆ। ਦੋ ਦਿਨ ਪਹਿਲਾਂ ਸਤਿਸੰਗ ਆਰੰਭ ਕਰਵਾਇਆ ਗਿਆ। ਮੇਰੇ ਪੈਰ ਧਰਤੀ ਤੇ ਨਹੀਂ ਲੱਗ ਰਹੇ ਸਨ ਕਿਉਂਕਿ ਅੱਜ ਸਤਿਗੁਰੂ ਜੀ ਮੇਰੇ ਬਚਪਨ ਦਾ ਸੰਕਲਪ ਪੂਰਾ ਕਰਨ ਜਾ ਰਹੇ ਸਨ।

ਸਤਿਸੰਗ ਵਾਲੇ ਦਿਨ ਮੈਂ ਤੜਕੇ ਇਕ ਕਾਰ ਕਿਰਾਏ ਤੇ ਲੈ ਕੇ ਡੇਰੇ ਪਹੁੰਚਿਆ। ਮਹਾਰਾਜ ਜੀ ਨੂੰ ਮੱਥਾ ਟੇਕਿਆ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ "ਅੱਜ ਤੁਸੀਂ ਮੇਰਾ ਉਹ ਸੰਕਲਪ ਪੂਰਾ ਕਰਨ ਜਾ ਰਹੇ ਹੋ ਜਿਹੜਾ ਬਚਪਨ ਤੋਂ ਮੇਰੇ ਮਨ ਵਿਚ ਸੀ ਅਤੇ ਹਰ ਐਤਵਾਰ ਪੁੱਛਦੇ ਹੁੰਦੇ ਸੀ ਕਿ ਕਿੱਦਾ ਬਈ 'ਉਹ ਤੇਰਾ ਕੰਮ' ਅਤੇ ਮੈਂ ਕਹਿਣਾ ਕਿ 'ਮਹਾਰਾਜ ਜੀ ਕਦੇ ਤਾਂ ਤੁਸੀਂ ਕਰੋਗੇ ਹੀ'। ਸੋ ਅੱਜ ਤੁਸੀ ਉਹ ਕੰਮ ਪੂਰਾ ਕਰਨ ਜਾ ਰਹੇ ਹੋ।

ਇਹ ਸੁਣ ਕੇ ਮਹਾਰਾਜ ਜੀ ਵੈਰਾਗ ਵਿਚ ਆ ਗਏ ਅੱਖਾਂ ਵਿਚ ਹੰਝੂ ਲਿਆ ਕੇ ਕਹਿਣ ਲੱਗੇ "ਬਈ ਹੱਦ ਹੋ ਗਈ ਏਡਾ ਵੱਡਾ ਤੇਰਾ ਵਿਸ਼ਵਾਸ"। ਮਹਾਰਾਜ ਜੀ ਨੇ ਫ਼ਰਮਾਇਆ ਕਿ ਰਾਮ ਚੰਦਰ ਦੇ ਗੁਰੂ ਬਸ਼ਿਸਟ ਕਹਿਣ ਲੱਗੇ "ਹੇ ਰਾਮ, ਤੇਰਾ ਦੇਵ ਹੋਰ ਕੋਈ ਨਹੀਂ ਹੈ ਤੇਰਾ ਦੇਵ ਤਾਂ ਤੇਰਾ ਵਿਸ਼ਵਾਸ ਹੈ"।

ਇਸ ਲਈ ਭਾਈ ਗੁਰਦਾਸ ਇਹ ਸਾਰੇ ਤੇਰੇ ਕੰਮ ਤੇਰਾ ਵਿਸ਼ਵਾਸ ਹੀ ਕਰਵਾ ਰਿਹਾ ਹੈ।ਭਾਈ ਤੇਰੇ ਤੇ ਹਜ਼ੂਰ ਮਹਾਰਾਜ ਸਰਵਣ ਦਾਸ ਜੀ ਦੀ ਬਹੁਤ ਕਿਰਪਾ ਹੈ।

ਮਹਾਰਾਜ ਜੀ ਨੂੰ ਬਹੁਤ ਸਤਿਕਾਰ ਅਤੇ ਚਾਵਾਂ ਨਾਲ ਮੈਂ ਆਪਣੇ ਗ੍ਰਹਿ ਸੁੱਚੀ ਪਿੰਡ ਵਿਖੇ ਲੈ ਕੇ ਆਇਆ। ਮਹਾਰਾਜ ਜੀ ਨੇ ਮੰਦਿਰ ਦਾ ਨੀਂਹ ਪੱਥਰ ਰੱਖਿਆ ਅਤੇ ਬਾਅਦ ਵਿਚ ਬੀਬੀ ਸਤਵੰਤ ਕੌਰ ਨੇ ਨੀਂਹ ਪੱਥਰ ਰੱਖਿਆ ਅਤੇ ਉਹਨਾਂ ਨੇ ਮੈਨੂੰ ਪੰਜ ਹਜ਼ਾਰ ਰੁਪਏ ਦਾ ਸਮਾਨ ਮੰਦਿਰ ਵਾਸਤੇ ਦੇਣ ਦਾ ਵਾਅਦਾ ਕੀਤਾ।

ਇਸ ਤੋਂ ਇਲਾਵਾ ਮੌਕੇ ਤੇ ਇਕੱਤਰ ਸੰਗਤਾਂ ਅਤੇ ਰਿਸ਼ਤੇਦਾਰਾਂ ਨੇ ਇੱਕ-ਇੱਕ ਦੋ-ਦੋ ਰੁਪਏ ਇਕੱਠੇ ਕਰਕੇ ਮੈਨੂੰ ਮੰਦਿਰ ਦੀ ਉਸਾਰੀ ਵਾਸਤੇ ਦਿੱਤੇ।

ਦੂਸਰੇ ਦਿਨ ਬੜੇ ਚਾਵਾਂ ਨਾਲ ਮਿਸਤਰੀ ਕਰਨੈਲ ਸਿੰਘ ਜੀ ਜਿਹੜੇ ਕਿ ਮਿਸਤਰੀ ਦਲੀਪ ਸਿੰਘ (ਜਿਹਨਾਂ ਨੇ ਮਹਾਰਾਜ ਜੀ ਦਾ ਸੁੰਦਰ ਮੰਦਿਰ ਡੇਰੇ ਵਿਖੇ ਬਣਾਇਆ ਸੀ) ਦੇ ਪੁੱਤਰ ਸਨ ਹੁਰਾਂ ਨੇ ਮੰਦਿਰ ਦੀ ਉਸਾਰੀ ਸ਼ੁਰੂ ਕਰ ਦਿੱਤੀ।

ਮਹਾਰਾਜ ਜੀ ਦੀ ਮੇਰੇ ਤੇ ਬਹੁਤ ਕਿਰਪਾ ਸੀ ਅਤੇ ਮੇਰੀ ਦੁਕਾਨ ਤੇ ਕੰਮ ਵੀ ਬਹੁਤ ਵਧੀਆ ਸੀ। ਮੰਦਿਰ ਲਈ ਤਾਂ ਮੈਂ ਬਹੁਤ ਦੇਰ ਤੋਂ ਪੈਸਾ ਪੈਸਾ ਬਚਾ ਕੇ ਰੱਖਿਆ ਹੋਇਆ ਸੀ। ਸੋ ਮੰਦਿਰ ਦਾ ਕੰਮ ਲੈਂਟਰ ਤੱਕ ਪਹੁੰਚ ਗਿਆ।

ਮੰਦਿਰ ਲਈ ਜਿਹੜੀ ਗ੍ਰਾਂਟ ਬੀਬੀ ਸਤਵੰਤ ਕੌਰ ਨੇ ਮਨਜ਼ੂਰ ਕੀਤੀ ਸੀ ਉਹ ਪ੍ਰਾਪਤ ਕਰਨ ਲਈ ਮੈਂ ਬੀ. ਡੀ. ਓ. ਦੇ ਦਫ਼ਤਰ ਤੱਕ ਪਹੁੰਚ ਕੀਤੀ। ਉਸ ਸਮੇਂ ਜਿਹੜੇ ਜਲੰਧਰ ਦੇ ਬੀ. ਡੀ. ਓ. ਸਨ ਉਸ ਦੀ ਬਦਲੀ ਥੋੜ੍ਹੇ ਦਿਨ ਪਹਿਲਾਂ ਹੀ ਜਲੰਧਰ ਹੋਈ ਸੀ। ਮੈਂ ਉਹਨਾਂ ਨੂੰ ਉਹਨਾਂ ਦੇ ਦਫ਼ਤਰ ਵਿਚ ਮਿਲਿਆ ਤਾਂ ਉਹਨਾਂ ਨੇ ਕਿਹਾ ਕਿ ਤੁਹਾਨੂੰ ਪੰਜ ਹਜ਼ਾਰ ਦਾ ਸੀਮਿੰਟ, ਇੱਟਾਂ ਤੇ ਸਰੀਆ ਜਲਦੀ ਹੀ ਮਿਲ ਜਾਵੇਗਾ। ਇਸ ਤਰ੍ਹਾਂ ਕਈ ਦਿਨ ਬੀਤ ਗਏ ਪਰ ਸਮਾਨ ਪਿੰਡ ਨਾ ਪਹੁੰਚਿਆ। ਇਕ ਦਿਨ ਫਿਰ ਮੈਂ ਬੀ. ਡੀ. ਓ. ਸਾਹਿਬ ਨੂੰ ਮਿਲਿਆ। ਉਹਨਾਂ ਮੈਨੂੰ ਕਿਹਾ ਕਿ ਸਾਰਾ ਸਮਾਨ ਤੁਹਾਡੇ ਪਿੰਡ ਜਲਦੀ ਹੀ ਪਹੁੰਚ ਜਾਵੇਗਾ। ਸੋ ਕੁਝ ਹੀ ਦਿਨਾਂ ਵਿਚ ਸੀਮਿੰਟ, ਸਰੀਆ, ਇੱਟਾਂ ਅਤੇ ਰੇਤਾ ਦੇ ਟਰੱਕ ਘਰ ਪਹੁੰਚ ਗਏ। ਲੈਂਟਰ ਪਾਇਆ ਗਿਆ।

ਇਕ ਦਿਨ ਦੁਪਹਿਰ ਦਾ ਸਮਾਂ ਸੀ। ਮੈਂ ਆਪਣੀ ਦੁਕਾਨ ਤੇ ਕੰਮ ਕਰ ਰਿਹਾ ਸੀ। ਦੁਕਾਨ ਅੱਗੇ ਕਾਫੀ ਟਰੈਫਿਕ ਰੁਕੀ ਹੋਈ ਸੀ। ਮੈਂ ਉਥੇ ਬੀ. ਡੀ. ਓ. ਸਾਹਿਬ ਜੀ ਦੀ ਜੀਪ ਰੁਕੀ ਹੋਈ ਦੇਖੀ। ਮੈਂ ਜਾ ਕੇ ਬੀ. ਡੀ. ਓ. ਸਾਹਿਬ ਨੂੰ ਕਿਹਾ ਕਿ ਸਰਦਾਰ ਸਾਹਿਬ ਅੱਜ ਤੁਸੀਂ ਮੇਰੇ ਬਜ਼ਾਰ ਵਿਚ ਆਏ ਹੋ ਦੱਸੋ ਤੁਹਾਡੀ ਕੀ ਸੇਵਾ ਕਰਾਂ ਅਤੇ ਆਉ ਮੈਂ ਤੁਹਾਨੂੰ ਚਾਹ ਪਾਣੀ ਪਿਲਾਵਾ।

ਉਹਨਾਂ ਨੇ ਜਵਾਬ ਦਿੱਤਾ, " ਬਈ ਤੂੰ ਤਾਂ ਆਪ ਦੁਆਨੀ-ਦੁਆਨੀ ਦੇ ਪੈਂਚਰ ਲਗਾਉਂਦਾਂ ਹੈ ਤੂੰ ਸਾਡੀ ਸੇਵਾ ਕੀ ਕਰਨੀ ਹੈ"। ਇਹ ਕਹਿ ਕੇ ਉਹ ਚਲੇ ਗਏ।

ਕੁਝ ਦਿਨਾਂ ਬਾਅਦ ਮੈਂ ਸੀਮਿੰਟ ਲੈਣ ਉਹਨਾਂ ਦੇ ਘਰ ਗਿਆ ਅਤੇ ਕਿਹਾ ਕਿ

ਮੈਨੂੰ ਇਹ ਅਰਜ਼ੀ ਤਸਦੀਕ ਕਰ ਦਿਉ ਤਾਂ ਜੋ ਮੈਨੂੰ ਸੀਮਿੰਟ ਮਿਲ ਜਾਵੇ। ਉਸ ਦਿਨ ਉਹ ਬਹੁਤ ਪਰੇਸ਼ਾਨ ਸਨ ਉਹਨਾਂ ਨੇ ਮੈਨੂੰ ਕਿਹਾ ਕਿ "ਸਰਕਾਰ ਨੇ ਮੈਨੂੰ ਬਹੁਤ ਦੁਖੀ ਕੀਤਾ ਹੈ ਅਜੇ ਇਕ ਮਹੀਨਾ ਪਹਿਲਾਂ ਮੇਰੀ ਬਦਲੀ ਜਲੰਧਰ ਦੀ ਹੋਈ ਹੈ ਹੁਣ ਫਿਰ ਅੱਜ ਮੇਰੀ ਬਦਲੀ ਦੀ ਚਿੱਠੀ ਆ ਗਈ ਹੈ।

ਉਹਨਾਂ ਨੇ ਮੈਨੂੰ ਕਿਹਾ ਕਿ ਤੂੰ ਦਫ਼ਤਰ ਆ ਜਾਵੀਂ ਉਥੇ ਮੈਂ ਤੁਹਾਡੀ ਐਪਲੀਕੇਸ਼ਨ ਰਿਕਮੈਂਡ ਕਰ ਦੇਵਾਂਗਾ।

ਮੈਂ ਕਿਹਾ ਸਰਦਾਰ ਸਾਹਿਬ ਅਗਰ ਗੁਰੂ ਮਹਾਰਾਜ ਜੀ ਦੀ ਕਿਰਪਾ ਹੋਈ ਤਾਂ ਤੁਹਾਡੀ ਬਦਲੀ ਰੁਕ ਜਾਵੇਗੀ ਅਤੇ ਮੈਂ ਆਪਣੀ ਦੁਕਾਨ ਤੇ ਆ ਗਿਆ।

ਦੂਸਰੇ ਦਿਨ ਦੁਪਹਿਰ ਨੂੰ ਮੈਂ ਉਹਨਾਂ ਦੇ ਦਫ਼ਤਰ ਗਿਆ ਅਤੇ ਉਹਨਾਂ ਨੂੰ ਮਿਲਿਆ ਉਹ ਅੱਜ ਮੈਨੂੰ ਮਿਲ ਕੇ ਬਹੁਤ ਖੁਸ਼ ਹੋਏ। ਮੈਨੂੰ ਬੜੇ ਸਤਿਕਾਰ ਨਾਲ ਆਪਣੇ ਕੋਲ ਬਿਠਾਇਆ ਅਤੇ ਕਿਹਾ ਇਹ ਦੇਖੋ ਤੁਹਾਡੇ ਕਹਿਣ ਮੁਤਾਬਿਕ ਮੇਰੀ ਬਦਲੀ ਰੁਕ ਗਈ ਅਤੇ ਇਹ ਚਿੱਠੀ ਆ ਗਈ ਹੈ ਕਿ ਮੇਰੀ ਬਦਲੀ ਜਿਹੜੀ ਅੰਮ੍ਰਿਤਸਰ ਦੀ ਹੋ ਗਈ ਸੀ ਹੁਣ ਰੁਕ ਗਈ ਹੈ ਅਤੇ ਮੈਂ ਹੁਣ ਜਲੰਧਰ ਹੀ ਰਹਾਂਗਾ। ਇਹ ਸਭ ਤੁਹਾਡੀ ਹੀ ਮਿਹਰ ਹੋਈ ਹੈ।

ਮੈਂ ਕਿਹਾ ਸਰਦਾਰ ਸਾਹਿਬ ਮੈਂ ਤਾਂ ਸੁਭਾਵਿਕ ਹੀ ਕਿਹਾ ਸੀ ਪਰ ਇਹ ਤਾਂ ਸਭ ਕਿਰਪਾ ਮੇਰੇ ਗੁਰੂ ਮਹਾਰਾਜ ਜੀ ਦੀ ਹੈ।

ਬੀ. ਡੀ. ਓ. ਸਾਹਿਬ ਹੁਣ ਮੇਰੇ ਤੋਂ ਬਹੁਤ ਪ੍ਰਭਾਵਿਤ ਹੋਏ। ਜਦੋਂ ਵੀ ਜਾਣਾ ਮੈਨੂੰ ਜਿੰਨੇ ਵੀ ਸੀਮਿੰਟ ਦੇ ਬੋਰੇ ਚਾਹੀਦੇ ਹੁੰਦੇ ਮੈਂ ਫਾਰਮ ਭਰ ਕੇ ਦੇ ਦੇਣੇ ਤਾਂ ਉਹਨਾਂ ਨੇ ਉਨੇ ਹੀ ਬੋਰੇ ਮਨਜ਼ੂਰ ਕਰ ਦੇਣੇ। ਹੁਣ ਉਹਨਾਂ ਨੇ ਜਦੋਂ ਵੀ ਰੇਲਵੇ ਰੋਡ ਤੋਂ ਲੰਘਣਾ ਤਾਂ ਮੇਰੀ ਦੁਕਾਨ ਤੇ ਰੁਕ ਕੇ ਮੈਨੂੰ ਮਿਲ ਕੇ ਜਾਣਾ ਅਤੇ ਚਾਹ ਪਾਣੀ ਪੀ ਕੇ ਜਾਂਦੇ। ਬਜ਼ਾਰ ਵਾਲਿਆਂ ਨੇ ਵੇਖਣਾ ਕਿ ਇਸ ਕੋਲ ਤਾਂ ਬਹੁਤ ਵੱਡੇ ਵੱਡੇ ਅਫ਼ਸਰ ਆਉਂਦੇ ਹਨ। ਇਕ ਵਾਰ ਉਹਨਾਂ ਨੇ ਬੀ. ਡੀ. ਓ. ਨੂੰ ਪੁੱਛਿਆ ਕਿ ਤੁਹਾਡਾ ਇਥੇ ਸਾਇਕਲ ਰਿਪੇਅਰ ਦੀ ਦੁਕਾਨ ਤੇ ਕੀ ਕੰਮ ਤਾਂ ਉਹਨਾਂ ਨੇ ਜਵਾਬ ਦਿੱਤਾ ਬਈ ਇਹ ਕੋਈ ਔਰ ਗੈਰ ਸਧਾਰਨ ਆਦਮੀ ਨਹੀਂ ਹੈ ਇਸ ਤੇ ਇਹਨਾਂ ਦੇ ਗੁਰੂ ਮਹਾਰਾਜ ਜੀ ਦੀ ਬਹੁਤ ਕਿਰਪਾ ਹੈ। ਇਹ ਜੋ ਕਹਿੰਦਾ ਹੈ ਉਹ ਹੀ ਹੋ ਜਾਂਦਾ ਹੈ। ਧੰਨ ਹੈ ਇਹ ਭਾਈ ਅਤੇ ਧੰਨ ਹਨ ਇਸ ਦੇ ਗੁਰੂ ਮਹਾਰਾਜ ਜੀ।

ਸੋ ਇਹ ਸਭ ਗੁਰੂ ਕਿਰਪਾ ਦਾ ਫਲ ਹੈ। ਇਸ ਵਿਚ ਮੇਰੀ ਕੋਈ ਵਡਿਆਈ ਨਹੀਂ ਹੈ।

ਸੋ ਇਸ ਤਰ੍ਹਾਂ ਮੰਦਿਰ ਦੀ ਉਸਾਰੀ ਦਾ ਕੰਮ ਕਦੇ ਚਲਦਾ ਰਹਿਣਾ ਅਤੇ ਕਦੇ

ਮੈਂ ਉਸ ਨੂੰ ਰੁਕਵਾ ਦੇਣਾ ਕਿਉਂਕਿ ਮੈਂ ਇਕੱਲਾ ਸੀ ਅਤੇ ਕੰਮ ਬਹੁਤ ਵੱਡਾ ਸੀ ਸਤਿਗੁਰਾਂ ਦੀ ਕਿਰਪਾ ਨਾਲ ਮੰਦਰ ਦੀ ਉਸਾਰੀ ਦਾ ਕੰਮ ਇਕ ਸਾਲ ਵਿਚ ਮੁਕੰਮਲ ਹੋ ਗਿਆ। ਹੁਣ ਇਸ ਦੀ ਤਿਆਰੀ ਹੀ ਬਾਕੀ ਸੀ। ਘਰ ਦੇ ਖਰਚ ਤੋਂ ਜੋ ਕੁਝ ਵੀ ਬਚਦਾ ਮੈਂ ਅਤੇ ਮੇਰੇ ਘਰਵਾਲੀ ਸਾਂਭ ਕੇ ਰੱਖਦੇ। ਫਿਰ ਦਸ ਸਾਲ ਬਾਅਦ 1986-87 ਵਿਚ ਮੰਦਰ ਦੀ ਤਿਆਰੀ ਦਾ ਕੰਮ ਸ਼ੁਰੂ ਕੀਤਾ ਅਤੇ ਤਿੰਨ ਕੁ ਮਹੀਨਿਆਂ ਵਿਚ ਇਹ ਮੁਕੰਮਲ ਹੋ ਗਏ। ਕੁਝ ਮਹੀਨਿਆ ਬਾਦ ਫਰਸ਼ ਲਗਵਾਏ ਗਏ। ਮੰਦਿਰ ਦੀ ਉਸਾਰੀ ਵਿਚ ਸਭ ਤੋਂ ਵੱਧ ਸਹਿਯੋਗ ਮੇਰੀ ਧਰਮ ਪਤਨੀ ਗੁਰਬਚਨ ਕੌਰ ਦਾ ਰਿਹਾ ਅਤੇ ਨਾਲ ਮੇਰੇ ਬੱਚੇ ਵੀ ਮਿਸਤਰੀ ਨਾਲ ਮਜ਼ਦੂਰ ਦਾ ਕੰਮ ਕਰਵਾਉਂਦੇ। ਮਹਾਰਾਜ ਜੀ ਦੇ ਕੌਤਕਾਂ ਦਾ ਵਰਨਣ ਕਰਨਾ ਕੋਈ ਸੌਖੀ ਗੱਲ ਨਹੀਂ ਹੈ।

## ਸਾਖੀ 146

## ਮਹਾਰਾਜ ਜੀ ਨੇ ਤੜਕੇ ਚਾਰ ਵਜੇ ਹਾਜ਼ਿਰ ਹੋਣਾ।

ਸ਼੍ਰੀ ਕਿਰਪਾ ਰਮ ਜੀ ਦਾ ਸਾਰਾ ਪਰਿਵਾਰ ਮਹਾਰਾਜ ਜੀ ਦਾ ਬਹੁਤ ਹੀ ਸ਼ਰਧਾਲੂ ਹੈ। ਸ਼੍ਰੀ ਕਿਰਪਾ ਰਾਮ ਜੀ ਮੇਰੇ ਨਾਲ ਮਹਾਰਾਜ ਜੀ ਦੀਆਂ ਗੱਲਾਂ ਕਰਦੇ ਕਰਦੇ ਅਕਸਰ ਰੋ ਪਿਆ ਕਰਦੇ ਸਨ। ਇਕ ਵਾਰ ਮੇਰੇ ਘਰ ਮੇਰੀ ਲੜਕੀ ਦੀ ਸ਼ਾਦੀ ਸੀ ਤਾਂ ਸ਼੍ਰੀ ਕਿਰਪਾ ਰਾਮ ਅਤੇ ਬੀਬੀ ਕਰਮੀ ਜੀ ਘਰ ਰਾਤ ਨੂੰ ਹੀ ਆਏ। ਰਾਤ ਨੂੰ ਖਾਣਾ ਖਾਣ ਤੋਂ ਬਾਦ ਅਸੀਂ ਸਾਰੇ ਪਰਿਵਾਰ ਦੇ ਮੈਂਬਰ ਬੈਠ ਗਏ ਅਤੇ ਮਹਾਰਾਜ ਜੀ ਦੀਆਂ ਗੱਲਾਂ ਸ਼ੁਰੂ ਹੋ ਗਈਆਂ। ਬੀਬੀ ਕਰਮੀ ਜੀ ਨੇ ਦੱਸਿਆ ਕਿ ਮਹਾਰਾਜ ਸਰਵਣ ਦਾਸ ਜੀ ਤੜਕੇ ਹੀ ਸੈਰ ਨੂੰ ਨਿਕਲ ਪੈਂਦੇ ਸਨ। ਮੈਂ ਤੜਕੇ ਹੀ ਦੁੱਧ ਰਿੜਕਨਾ। ਇਕ ਵਾਰ ਮੈਂ ਦੁੱਧ ਰਿੜਕ ਰਹੀ ਸੀ ਮੇਰੇ ਮਨ ਵਿਚ ਖਿਆਲ ਆਇਆ ਕਿ ਮੱਖਣ ਬਹੁਤ ਨਿਕਲਿਆ ਹੈ। ਕਿੰਨਾ ਚੰਗਾ ਹੋਵੇ ਕਿ ਮਹਾਰਾਜ ਜੀ ਆ ਕੇ ਮੱਖਣ ਖਾਣ ਤੇ ਲੱਸੀ ਪੀਣ। ਇਹ ਗੱਲ ਤਾਂ ਅਜੇ ਮੇਰੇ ਮਨ ਵਿਚ ਹੀ ਸੀ ਕਿ ਬਾਹਰ ਮਹਾਰਾਜ ਜੀ ਨੇ ਤੜਕੇ ਹੀ ਆ ਕੇ ਦਰਵਾਜ਼ਾ ਖੜਕਾਇਆ ਅਤੇ ਅੰਦਰ ਆ ਗਏ ਕਹਿਣ ਲੱਗੇ ਲੈ ਬੀਬੀ ਕਰਮੋਂ ਅਸੀਂ ਆ ਗਏ ਹਾਂ, ਲਿਆ ਲੱਸੀ ਅਤੇ ਮੱਖਣ ਖਾਣ ਆਏ ਹਾਂ। ਤੂੰ ਕਹਿ ਰਹੀ ਸੀ ਕਿ ਕਿੰਨਾ ਚੰਗਾ ਹੋਵੇ ਕਿ ਅਸੀਂ ਆ ਕੇ ਲੱਸੀ ਅਤੇ ਮੱਖਣ ਖਾਈਏ।

ਮੈਂ ਮਹਾਰਾਜ ਜੀ ਦੇ ਅਚਾਨਕ ਦਰਸ਼ਨ ਕਰਕੇ ਹੈਰਾਨ ਹੋ ਗਈ। ਮਹਾਰਾਜ ਜੀ ਨੇ ਲੱਸੀ ਅਤੇ ਮੱਖਣ ਖਾਧਾ। ਸਾਨੂੰ ਕਹਿਣ ਲੱਗੇ ਕਰਮੋਂ ਅੱਜ ਅਸੀਂ ਬਹੁਤ ਖੁਸ਼ ਹਾਂ ਮੰਗ ਲੈ ਜੋ ਕੁਝ ਮੰਗਣਾ। ਮੈਂ ਕਿਹਾ ਮਹਾਰਾਜ ਜੀ ਸਾਨੂੰ ਸੁੱਖ ਸ਼ਾਂਤੀ ਅਤੇ ਆਪਣੇ ਚਰਨਾਂ ਦਾ ਆਸਰਾ ਬਖਸ਼ੋ। ਬੱਸ ਹੋਰ ਕੁਝ ਨਹੀਂ ਚਾਹੀਦਾ। ਮਹਾਰਾਜ ਜੀ ਨੇ ਕਿਹਾ ਜਾ ਇਸ ਤਰ੍ਹਾਂ

ਹੀ ਹੋਵੇਗਾ। ਬੀਬੀ ਕਰਮੀ ਜੀ ਅਤੇ ਸ਼੍ਰੀ ਕਿਰਪਾ ਰਾਮ ਜੀ ਸਾਰੀ ਉਮਰ ਮਹਾਰਾਜ ਜੀ ਦੇ ਚਰਨਾਂ ਦੇ ਭੌਰੇ ਰਹੇ ਅਤੇ ਉਹਨਾਂ ਦੇ ਬਾਅਦ ਉਹਨਾਂ ਦਾ ਪਰਿਵਾਰ ਪੁੱਤਰ ਪੋਤਰੇ ਵੀ ਉਹਨਾਂ ਵਾਂਗ ਮਹਾਰਾਜ ਜੀ ਦੇ ਸ਼ਰਧਾਲੂ ਸਨ। ਮਹਾਰਾਜ ਜੀ ਦੇ ਸ਼ਰਧਾਲੂ ਜਿਹਨਾਂ ਨੂੰ ਮਹਾਰਾਜ ਜੀ ਤੇ ਸਿਦਕ ਭਰੋਸਾ ਸੀ। ਜਦੋਂ ਮਹਾਰਾਜ ਜੀ ਨੂੰ ਯਾਦ ਕਰਦੇ ਸਨ ਮਹਾਰਾਜ ਜੀ ਉੱਥੇ ਜਾ ਕੇ ਉਹਨਾਂ ਨੂੰ ਦਰਸ਼ਨ ਦਿੰਦੇ ਸਨ।

## ਸਾਖੀ 147

## ਹਜ਼ੂਰ ਮਹਾਰਾਜ ਸਵਾਮੀ ਸਰਵਣ ਦਾਸ ਜੀ ਦੇ ਅਸਥੀ ਕਲਸ਼ ਹਰਿਦੁਆਰ ਲੈ ਕੇ ਜਾਣਾ।

ਮਹਾਰਾਜ ਜੀ ਦੇ ਪਵਿੱਤਰ ਅਸਥੀ ਕਲਸ਼ ਨੂੰ ਇਕ ਵਿਸ਼ਾਲ ਨਗਰ ਕੀਰਤਨ ਦੀ ਸ਼ਕਲ ਵਿਚ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿਚ ਡੇਰੇ ਤੋਂ ਜਲੰਧਰ ਰੇਲਵੇ ਸਟੇਸ਼ਨ ਤੱਕ ਇਕ ਬਹੁਤ ਵੱਡੇ ਮੋਟਰ ਕਾਰਾਂ ਦੇ ਕਾਫਲੇ ਦੇ ਰੂਪ ਵਿਚ ਫੁੱਲਾਂ ਦੇ ਹਾਰਾਂ ਨਾਲ ਸ਼ਿੰਗਾਰ ਕੇ ਵਾਜਿਆਂ ਅਤੇ ਬੈਂਡ ਦੀ ਧੁਨ ਨਾਲ ਸੰਗਤਾਂ 6 ਵਜੇ ਸਟੇਸ਼ਨ ਤੇ ਪਹੁੰਚੀਆਂ। ਮੇਰੀ ਦੁਕਾਨ ਰੇਲਵੇ ਰੋਡ ਤੇ ਸੀ ਸੋ ਮੈਂ ਵੀ ਸਟੇਸ਼ਨ ਤੇ ਮਹਾਰਾਜ ਹਰੀ ਦਾਸ ਜੀ ਅਤੇ ਮਹਾਰਾਜ ਗਰੀਬ ਦਾਸ ਜੀ ਅਤੇ ਸੰਗਤਾਂ ਦੇ ਦਰਸ਼ਨ ਨੂੰ ਪਹੁੰਚਿਆ। ਸੰਗਤਾਂ ਦਾ ਹੜ੍ਹ ਜਿਹਾ ਆਇਆ ਹੋਇਆ ਸੀ। ਸਭ ਸੰਗਤਾਂ ਹਰਿਦੁਆਰ ਜਾਣ ਨੂੰ ਤਿਆਰ ਸਨ। ਮੈਂ ਸੋਚਿਆ ਕਿ ਸਾਰੀਆਂ ਸੰਗਤਾਂ ਹਰਿਦੁਆਰ ਜਾ ਰਹੀਆਂ ਹਨ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਮੈਂ ਇਥੇ ਰਹਾਂ। ਮਨ ਵਿਚ ਬਹੁਤ ਵੈਰਾਗ ਆਇਆ। ਮੈਂ ਸੰਤ ਗਰੀਬ ਦਾਸ ਜੀ ਨੂੰ ਕਿਹਾ ਕਿ ਮਹਾਰਾਜ ਹਰਿਦੁਆਰ ਨੂੰ ਹੋਰ ਗੱਡੀ ਕਦੋਂ ਜਾਣੀ ਹੈ। ਉਹਨਾਂ ਨੇ ਕਿਹਾ ਕਿ ਇਕ ਗੱਡੀ ਰਾਤ ਨੂੰ 9 ਵਜੇ ਜਾਂਦੀ ਹੈ। ਲਕਸਰ ਤੋਂ ਇਕ ਡੱਬਾ ਉਸ ਨਾਲ ਲੱਥ ਕੇ ਦੂਸਰੀ ਗੱਡੀ ਨਾਲ ਜੋੜਿਆ ਜਾਣਾ ਹੈ। ਉਹ ਗੱਡੀ ਹਰਿਦੁਆਰ ਪਹੁੰਚ ਦੀ ਹੈ। ਸਟੇਸ਼ਨ ਤੇ ਮਹਾਰਾਜ ਗਰੀਬ ਦਾਸ ਜੀ ਨੇ ਮਹਾਰਾਜ ਸਰਵਣ ਦਾਸ ਜੀ ਦੀ ਇਕ ਪਵਿੱਤਰ ਨਿਸ਼ਾਨੀ ਮਹਾਰਾਜ ਜੀ ਦੇ ਪਹਿਨਣ ਵਾਲੀ ਦਸਤਾਰ ਰੂਪੀ ਨਿਸ਼ਾਨੀ ਮੈਨੂੰ ਬਖ਼ਸ਼ਿਸ਼ ਕੀਤੀ (ਜੋ ਅੱਜ ਤੱਕ ਮੇਰੇ ਕੋਲ ਮੌਜੂਦ ਹੈ ਜਦੋਂ ਮੇਰਾ ਮਨ ਕਰਦਾ ਹੈ ਮੈਂ ਉਸ ਦੇ ਦਰਸ਼ਨ ਕਰ ਲੈਂਦਾ ਹਾਂ) ਸੋ ਸ਼ਾਮ ਨੂੰ ਮੈਂ ਜਲਦੀ ਨਾਲ ਦੁਕਾਨ ਬੰਦ ਕਰਕੇ ਘਰ ਪਹੁੰਚ ਕੇ ਸਾਰੀ ਤਿਆਰੀ ਕਰਕੇ ਮੈਂ ਸਟੇਸ਼ਨ ਤੋਂ ਹਰਿਦੁਆਰ ਜਾਣ ਵਾਲੀ ਗੱਡੀ ਤੇ ਸਵਾਰ ਹੋ ਗਿਆ। ਇਹ ਹਰਿਦੁਆਰ ਜਾਣ ਦਾ ਮੇਰਾ ਪਹਿਲਾ ਮੌਕਾ ਸੀ। ਮੈਨੂੰ ਡਰ ਸੀ ਕਿ ਕਿਤੇ ਮੈਂ ਭੁੱਲ ਨਾ ਜਾਵਾਂ। ਅਜਿਹਾ ਨਾ ਹੋਵੇ ਕਿ ਮੇਰੇ ਜਾਣ ਤੋਂ ਪਹਿਲਾਂ ਹੀ ਮਹਾਰਾਜ ਜੀ ਦੇ ਅਸਥ ਜਲ ਪ੍ਰਵਾਹ ਕਰ ਦਿੱਤੇ ਜਾਣ। ਤਾਂ ਮੈਨੂੰ ਉਹਨਾਂ ਦੇ ਦਰਸ਼ਨ ਵੀ ਨਾ ਹੋਣ। ਪਰ

ਮੇਰੇ ਮਨ ਨੂੰ ਇਹ ਹੀ ਯਕੀਨ ਸੀ ਕਿ ਮੈਨੂੰ ਮਹਾਰਾਜ ਜੀ ਦੇ ਅਸਥ ਕਲਸ਼ ਦੇ ਦਰਸ਼ਨ ਜ਼ਰੂਰ ਹੋਣਗੇ। ਮੈਂ ਸਵੇਰ ਨੂੰ ਹਰਿਦੁਆਰ ਪਹੁੰਚ ਗਿਆ। ਪੁੱਛਦੇ ਪੁੱਛਦੇ ਮੈਂ ਨਿਰਮਲਾ ਛਾਉਣੀ ਵਿਚ ਗੁਰੂ ਰਵਿਦਾਸ ਆਸ਼ਰਮ ਪਹੁੰਚਿਆ। ਉਥੇ ਮੈਨੂੰ ਸੰਤ ਧਰਮਾਤਮਾ ਨੰਦ ਜੀ ਮਿਲੇ ਜਦੋਂ ਮੈਂ ਦੇਖਿਆ ਉਥੇ ਕੋਈ ਵੀ ਸੰਗਤ ਜਲੰਧਰ ਤੋਂ ਨਹੀਂ ਪਹੁੰਚੀ ਸੀ ਇਹ ਦੇਖ ਮੈਨੂੰ ਬੜੀ ਹੈਰਾਨੀ ਹੋਈ। ਸੰਤ ਧਰਮਾਤਮਾ ਨੰਦ ਨੂੰ ਮੈਂ ਦੱਸਿਆ ਕਿ ਸਭ ਸੰਗਤਾਂ ਅਤੇ ਸੰਤ ਹਰੀ ਦਾਸ ਜੀ ਅਤੇ ਸੰਤ ਗਰੀਬ ਦਾਸ ਜੀ ਮੇਰੇ ਤੋਂ ਤਿੰਨ ਚਾਰ ਘੰਟੇ ਪਹਿਲਾਂ ਦੇ ਚੱਲੇ ਹਨ ਫਿਰ ਉਹ ਕਿਵੇਂ ਅਜੇ ਤੱਕ ਇੱਥੇ ਨਹੀਂ ਪੁੱਜੇ। ਅਸੀਂ ਉਹਨਾਂ ਨੂੰ ਦੇਖਣ ਨੂੰ ਨਿਰਮਲਾ ਛਾਉਣੀ ਸਟੇਸ਼ਨ ਤੇ ਪੁੱਜੇ। ਜਲਦੀ ਹੀ ਅਸਥੀ ਕਲਸ਼ ਵਾਲੀ ਗੱਡੀ ਸਟੇਸ਼ਨ ਤੇ ਆ ਗਈ। ਸੰਗਤਾਂ ਨਗਰ ਕੀਰਤਨ ਦੀ ਸ਼ਕਲ ਵਿਚ ਇਕੱਠੀਆਂ ਹੋ ਕੇ ਮਹਾਰਾਜ ਜੀ ਦੀ ਪਵਿੱਤਰ ਅਗਵਾਈ ਵਿਚ ਅੱਗੇ ਨੂੰ ਵੱਧ ਰਹੀਆਂ ਸਨ। ਜਦੋਂ ਸਭ ਨੇ ਮੈਨੂੰ ਵੇਖਿਆ ਤਾਂ ਸਭ ਹੈਰਾਨ ਰਹਿ ਗਏ ਅਤੇ ਮੈਨੂੰ ਪੁੱਛਣ ਲੱਗੇ। ਮਹਾਰਾਜ ਜੀ ਨੇ ਮੈਨੂੰ ਕਿਹਾ ਕਿ ਇਹ ਕਿਵੇਂ ਹੋਇਆ ਤੂੰ ਤਾਂ ਸਾਨੂੰ ਸਟੇਸ਼ਨ ਤੇ ਗੱਡੀ ਚੜ੍ਹਾਉਣ ਆਇਆ ਸੀ। ਤੂੰ ਕਿਸ ਤਰ੍ਹਾਂ ਇੱਥੇ ਪਹੁੰਚ ਗਿਆ। ਮੈਂ ਕਿਹਾ ਮਹਾਰਾਜ ਜੀ ਮੈਨੂੰ ਤਾਂ ਤੁਸੀਂ ਆਪ ਉਡਾ ਕੇ ਇੱਥੇ ਪਹੁੰਚਾ ਦਿੱਤਾ। ਇਹ ਸਭ ਤੁਹਾਡੀ ਹੀ ਕਿਰਪਾ ਹੈ। ਇਹ ਤਾਂ ਤੁਸੀਂ ਹੀ ਜਾਣਦੇ ਹੋ।

ਸਭ ਸੰਗਤਾਂ ਆਸ਼ਰਮ ਤੋਂ ਜਲ ਪਾਨ ਕਰਕੇ ਨਗਰ ਕੀਰਤਨ ਦੀ ਸ਼ਕਲ ਵਿਚ ਬੈਂਡ ਵਾਜਿਆਂ ਸਮੇਤ ਮਹਾਰਾਜ ਜੀ ਦੀਆਂ ਅਸਥੀਆਂ ਜਲ ਪ੍ਰਵਾਹ ਕਰਨ ਲਈ ਗੰਗਾ ਤੱਟ ਤੇ ਪਹੁੰਚੀਆਂ।

ਸੰਤ ਹਰੀ ਦਾਸ ਜੀ ਦੀ ਆਗਿਆ ਨਾਲ ਸੰਤ ਗਰੀਬ ਦਾਸ ਜੀ ਨੇ ਅਰਦਾਸ ਕੀਤੀ ਅਤੇ ਜੈਕਾਰਿਆਂ ਦੀ ਗੂੰਜ ਵਿਚ ਮਹਾਰਾਜ ਜੀ ਦੇ ਪਵਿੱਤਰ ਅਸਥੀ ਕਲਸ਼ ਜਲ ਪ੍ਰਵਾਹ ਕੀਤੇ।

ਸ਼ਾਮ ਨੂੰ ਸਭ ਸੰਗਤਾਂ ਸਟੇਸ਼ਨ ਤੋਂ ਜਲੰਧਰ ਨੂੰ ਰਵਾਨਾ ਹੋ ਗਈਆਂ।

## ਸਾਖੀ 148

## ਸਾਧ ਬਚਨ ਅਟਲਾਧਾ

ਇੱਕ ਵਾਰ ਦੀ ਗੱਲ ਹੈ। ਇਹ ਘਟਨਾ ਮਹਾਰਾਜ ਹਰੀਦਾਸ ਜੀ ਦੇ ਸਮੇਂ ਦੀ ਹੈ। ਮੈਂ ਰੇਲਵੇ ਰੋਡ ਤੇ ਦੁਕਾਨ ਕਰ ਰਿਹਾ ਸੀ। ਮੇਰੀ ਦੁਕਾਨ ਸਮੇਤ ਉਥੇ 60 ਦੁਕਾਨਾਂ ਸਨ। ਇੱਥੇ ਜਲੰਧਰ ਇੰਪਰੂਵਮੈਂਟ ਟਰੱਸਟ ਦੀ ਦੁਕਾਨਾਂ ਨੂੰ ਢਾਹ ਕੇ ਚੌਂਕ ਬਣਾਉਣ ਦੀ ਸਕੀਮ ਸੀ ਅਤੇ ਹਾਈਕੋਰਟ ਦਾ ਫੈਸਲਾ ਸੀ ਕਿ ਇਥੇ ਮੋੜ ਤੇ ਬਹੁਤ ਭੀੜ ਰਹਿੰਦੀ ਹੈ ਸੋ

ਇਸ ਲਈ ਇਥੇ ਚੌਂਕ ਬਣਨਾ ਚਾਹੀਦਾ ਹੈ।

ਸਭ ਦੁਕਾਨਦਾਰਾਂ ਨੂੰ ਦੁਕਾਨਾਂ ਖਾਲੀ ਕਰਨ ਦੇ ਨੋਟਿਸ ਆ ਗਏ ਕਿ ਦੋ ਦਿਨਾਂ ਵਿਚ ਦੁਕਾਨਾਂ ਖਾਲੀ ਕਰ ਦਿਉ ਨਹੀਂ ਤਾਂ ਸਭ ਕੁਝ ਮਲੀਆ ਮੇਟ ਕਰ ਦਿੱਤਾ ਜਾਵੇਗਾ।

ਉਸ ਸਮੇਂ ਕਾਫੀ ਮੰਤਰੀ ਸੰਤ ਬੱਲਾਂ ਵਾਲਿਆਂ ਦੇ ਸ਼ਰਧਾਲੂ ਸਨ ਇਸ ਲਈ ਉਹ ਡੇਰੇ ਆਇਆ ਜਾਇਆ ਕਰਦੇ ਸਨ। ਸਾਰੇ ਦੁਕਾਨਦਾਰ ਇੱਕਠੇ ਹੋ ਕੇ ਡੇਰੇ ਜਾ ਕੇ ਸੰਤਾਂ ਨੂੰ ਮਿਲੀਏ ਅਤੇ ਉਹਨਾਂ ਨੂੰ ਬੇਨਤੀ ਕਰੀਏ ਕਿ ਮਹਾਰਾਜ ਤੁਸੀਂ ਮੰਤਰੀ ਜੀ ਨੂੰ ਕਹਿ ਕੇ ਇਹ ਚੌਂਕ ਬਣਾਉਣ ਦੀ
ਸਕੀਮ ਰੁਕਵਾ ਦਿਉ।

ਸਕੀਮ ਮੁਤਾਬਕ ਅਸੀਂ ਸਾਰੇ ਦੁਕਾਨਦਾਰ ਮਹਾਰਾਜ ਜੀ ਦੇ ਡੇਰੇ ਪਹੁੰਚੇ। ਮਹਾਰਾਜ ਜੀ ਨੂੰ ਨਮਸਕਾਰ ਕੀਤੀ। ਮਹਾਰਾਜ ਜੀ ਪਲੰਘ ਤੇ ਬਿਰਾਜਮਾਨ ਸਨ। ਸਾਨੂੰ ਕਿਹਾ ਕਿ ਪਹਿਲਾਂ ਤੁਸੀਂ ਸਾਰੇ ਜਣੇ ਚਾਹ ਪੀ ਕੇ ਆਉ। ਮਹਾਰਾਜ ਜੀ ਦੇ ਹੁਕਮ ਮੁਤਾਬਿਕ ਅਸੀਂ ਚਾਹ ਛੱਕ ਕੇ ਫਿਰ ਮਹਾਰਾਜ ਜੀ ਦੇ ਕੋਲ ਆ ਕੇ ਬੈਠ ਗਏ। ਅਸੀਂ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਅਸੀਂ ਸਾਰੇ ਗਰੀਬ ਦੁਕਾਨਦਾਰ ਹਾਂ ਸਾਡੀਆਂ ਦੁਕਾਨਾਂ ਰੇਲਵੇ ਰੋਡ ਤੇ ਹਨ। ਸਰਕਾਰ ਸਾਡੀਆਂ ਦੁਕਾਨਾਂ ਨੂੰ ਢਾਹ ਕੇ ਚੌਂਕ ਬਣਾਉਣਾ ਚਾਹੁੰਦੀ ਹੈ। ਇਸ ਤਰ੍ਹਾਂ ਅਸੀਂ ਉਜੜ ਜਾਵਾਂਗੇ। ਸੋ ਤੁਸੀਂ ਕਿਰਪਾ ਕਰਕੇ ਮੰਤਰੀ ਜੀ ਜਿਹੜੇ ਕਿ ਤੁਹਾਡੇ ਸੇਵਕ ਹਨ ਨੂੰ ਕਹਿ ਕੇ ਰੇਲਵੇ ਰੋਡ ਦੀ ਸਕੀਮ ਰੁਕਵਾ ਦਿਉ ਕਿਉਂਕਿ ਉਹ ਤੁਹਾਡੇ ਡੇਰੇ ਆਉਂਦੇ ਰਹਿੰਦੇ ਹਨ। ਮਹਾਰਾਜ ਜੀ ਨੇ ਸਾਡੀ ਗੱਲ ਸੁਣੀ ਅਤੇ ਸੋਚ ਕੇ ਸਾਨੂੰ ਸਾਰਿਆਂ ਨੂੰ ਇਕ ਸਾਖੀ ਸੁਣਾਈ।

ਮਹਾਰਾਜ ਨੇ ਕਿਹਾ ਮੁਗਲ ਬਾਦਸ਼ਾਹ ਨੇ ਹਿੰਦੋਸਤਾਨ ਤੇ ਹਮਲਾ ਕੀਤਾ ਕਿਉਂਕਿ ਸਾਡਾ ਦੇਸ਼ ਬਹੁਤ ਅਮੀਰ ਸੀ ਇਸ ਲਈ ਉਸ ਨੇ ਲਾਲਚ ਵੱਸ ਸਾਡੇ ਤੇ ਹਮਲਾ ਕੀਤਾ। ਜਦੋਂ ਉਹ ਆਪਣੀ ਸੈਨਾ ਨਾਲ ਹਮਲਾ ਕਰਨ ਆ ਰਿਹਾ ਸੀ ਤਾਂ ਰਸਤੇ ਵਿਚ ਉਸ ਨੂੰ ਗੁਰੂ ਨਾਨਕ ਦੇਵ ਜੀ ਬੈਠੇ ਮਿਲੇ। ਬਾਬਰ ਨੇ ਉਹਨਾਂ ਨੂੰ ਮੱਥਾ ਟੇਕਿਆ ਅਤੇ ਆਪਣੀ ਕਾਮਯਾਬੀ ਲਈ ਬੇਨਤੀ ਕੀਤੀ। ਮਹਾਰਾਜ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਅਸ਼ੀਰਵਾਦ ਦਿੱਤਾ। ਲੜਾਈ ਵਿਚ ਬਾਬਰ ਦੀ ਜਿੱਤ ਹੋਈ। ਵਾਪਸੀ ਸਮੇਂ ਬਾਬਰ ਬਹੁਤ ਸਾਰਾ ਧਨ ਦੌਲਤ ਲੁੱਟ ਕੇ ਆ ਰਿਹਾ ਸੀ ਤਾਂ ਉਸ ਦੀ ਮੁਲਾਕਾਤ ਫਿਰ ਗੁਰੂ ਜੀ ਨਾਲ ਹੋਈ। ਬਾਬਰ ਨੇ ਗੁਰੂ ਜੀ ਨੂੰ ਮੱਥਾ ਟੇਕਿਆ ਅਤੇ ਕਿਹਾ "ਮੰਗ ਲੈ ਸਾਧਾ ਜੋ ਕੁਝ ਮੰਗਣਾ" ਗੁਰੂ ਜੀ ਨੇ ਕਿਹਾ, "ਸਾਰੇ ਜ਼ਮਾਨੇ ਦਿਆਂ ਮੰਗਤਿਆਂ ਸਾਡੇ ਅਸ਼ੀਰਵਾਦ ਨਾਲ ਜਿੱਤ ਪ੍ਰਾਪਤ ਕਰਕੇ ਸਾਨੂੰ ਹੁਣ ਤੂੰ ਦਾਨ ਦੇ ਰਿਹਾ ਹੈ ਤੇ ਕਹਿ ਰਿਹਾ

ਹੈਂ ਕਿ ਅਸੀਂ ਤੇਰੇ ਤੋਂ ਧਨ ਦੌਲਤ ਮੰਗੀਏ। ਤੂੰ ਤਾਂ ਆਪ ਮੰਗਤਾ ਹੈਂ। ਤੂੰ ਸਾਨੂੰ ਕੀ ਦੇਵੇਂਗਾ"।ਬਾਬਰ ਗੁਰਾਂ ਦੇ ਚਰਨੀ ਢਹਿ ਪਿਆ ਅਤੇ ਮਾਫ਼ੀ ਮੰਗੀ।

"ਸੋ ਭਰਾਵੋ ਇਹ ਮੰਤਰੀ ਲੋਕ ਤਾਂ ਸਾਡੇ ਕੋਲੋਂ ਅਸ਼ੀਰਵਾਦ ਲੈਣ ਆਉਂਦੇ ਹਨ।

ਮਹਾਰਾਜ ਜੀ ਨੇ ਕਿਹਾ ਭਈ ਅਸੀਂ ਉਸ ਨੂੰ ਤੁਹਾਡੀ ਸਿਫਾਰਸ਼ ਨਹੀਂ ਕਰਨੀ ਪਰ ਹਾਂ ਜਾਉ ਤੁਹਾਡੀਆਂ ਦੁਕਾਨਾਂ ਨੂੰ ਕੁਝ ਨਹੀਂ ਹੋਵੇਗਾ। ਉਹਨਾਂ ਨੂੰ ਕੋਈ ਨਹੀਂ ਢਾਹੇਗਾ।

ਸੋ ਅਸੀਂ ਸਾਰੇ ਦੁਕਾਨਦਾਰ ਮਹਾਰਾਜ ਜੀ ਤੋਂ ਅਸ਼ੀਰਵਾਦ ਲੈ ਕੇ ਰੇਲਵੇ ਰੋਡ ਆ ਗਏ। ਉੱਥੇ ਆ ਕੇ ਸਾਨੂੰ ਪਤਾ ਲੱਗਿਆ ਕਿ ਸਾਨੂੰ ਸਟੇਅ ਮਿਲ ਗਿਆ ਹੈ ਅਤੇ ਸਰਕਾਰ ਨੇ ਦੁਕਾਨਾਂ ਢਾਉਣਾ ਮੁਲਤਵੀ ਕਰ ਦਿੱਤਾ ਹੈ। ਅਸੀਂ ਸਭ ਬਹੁਤ ਹੈਰਾਨ ਹੋਏ।

ਸੋ ਇਹ ਸਭ ਵਿਸ਼ਵਾਸ ਅਤੇ ਸ਼ਰਧਾ ਦੀਆਂ ਗੱਲਾਂ ਹਨ ਸੇਵਕ ਸ਼ਰਧਾ ਭਾਵਨਾ ਨਾਲ ਆਪਣੇ ਗੁਰੂ ਤੋਂ ਜੋ ਮਰਜ਼ੀ ਕਰਵਾ ਲੈਂਦਾ ਹੈ।ਇਹ ਸਭ ਗੁਰੂ ਦੀ ਮਹਿਮਾ ਹੈ।

ਰਵਿਦਾਸ ਸੋਇ ਸਾਧੁ ਭਲੋ ਨਿਰਮਲ ਜਾਨੈ ਬੈਨ।<br>ਜਾ ਕਰ ਦਰਸੁ ਔਰ ਪਰਸੁ ਸੋ ਮਨ ਉਪਜੇ ਸੁਖ ਚੈਨ॥

ਫਿਰ ਕਈ ਸਾਲ ਸਰਕਾਰ ਨੇ ਚੌਂਕ ਬਣਾਉਣ ਪ੍ਰਤੀ ਚੁੱਪ ਧਾਰੀ ਰੱਖੀ।1979 ਈਸਵੀ ਵਿਚ ਇੰਪਰੂਵਮੈਂਟ ਟਰੱਸਟ ਨੇ ਫਿਰ ਸਾਰੇ ਦੁਕਾਨਦਾਰਾਂ ਨੂੰ ਦੁਕਾਨਾਂ ਖਾਲੀ ਕਰਨ ਦੇ ਨੋਟਿਸ ਦੇ ਦਿੱਤੇ। ਦੋ ਸਰਕਾਰੀ ਛੁੱਟੀਆਂ ਸਨ ਤੀਜੇ ਦਿਨ ਐਤਵਾਰ ਸੀ। ਚੌਥੇ ਦਿਨ ਸਰਕਾਰ ਨੇ ਕਬਜ਼ਾ ਲੈਣਾ ਸੀ।ਛੁੱਟੀਆਂ ਵਿਚ ਕੋਈ ਸਟੇਅ ਜਾਂ ਅਪੀਲ ਨਾ ਹੋ ਸਕੀ ਸਾਰੇ ਦੁਕਾਨਦਾਰਾਂ ਨੇ ਦੌੜ ਭੱਜ ਕੀਤੀ ਪਰ ਕੁਝ ਨਾ ਬਣਿਆ। ਸਾਰਿਆਂ ਨੇ ਕਿਹਾ ਕਿ ਹੁਣ ਤਾਂ ਦੁਕਾਨਾਂ ਢਹਿਣੀਆਂ ਹਨ। ਕੋਈ ਰੋਕ ਨਹੀਂ ਸਕਦਾ। ਹਾਈਕੋਰਟ ਦਾ ਹੁਕਮ ਹੈ। ਸੋ ਸਾਰੇ ਦੁਕਾਨਦਾਰ ਇੱਕਠੇ ਹੋਏ ਅਤੇ ਸਲਾਹਾਂ ਬਣਾਉਣ ਲੱਗੇ ਕਿ ਕਿਵੇਂ ਕੀਤਾ ਜਾਵੇ।ਮੈਂ ਉਹਨਾਂ ਨੂੰ ਕਿਹਾ ਕਿ ਭਰਾਵੋ ਤੁਸੀਂ ਆਪਣੀ ਕੋਸ਼ਿਸ਼ ਕਰੋ ਮੈਂ ਤਾਂ ਆਪਣੇ ਸਤਿਗੁਰੂ ਦੇ ਕੋਲ ਜਾ ਕੇ ਉਹਨਾਂ ਦੇ ਚਰਨਾਂ ਵਿਚ ਬੇਨਤੀ ਕਰਾਂਗਾ।ਸੋ ਮੈਂ ਡੇਰੇ ਪਹੁੰਚਿਆ। ਮਹਾਰਾਜ ਹਰੀਦਾਸ ਜੀ ਆਪਣੇ ਆਸਣ ਤੇ ਬਿਰਾਜਮਾਨ ਸਨ। ਮੈਂ ਉਹਨਾਂ ਨੂੰ ਨਮਸਕਾਰ ਕੀਤੀ।ਉਹਨਾਂ ਨੇ ਮੈਨੂੰ ਚਾਹ ਛਕਣ ਲਈ ਕਿਹਾ।ਮੈਂ ਚਾਹ ਪੀ ਕੇ ਫਿਰ ਮਹਾਰਾਜ ਜੀ ਕੋਲ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਗੌਰਮਿੰਟ ਸਾਨੂੰ 60 ਦੁਕਾਨਦਾਰਾਂ ਨੂੰ ਉਠਾ ਕੇ ਚੌਂਕ ਬਣਾਉਣਾ ਚਾਹੁੰਦੀ ਹੈ। ਸਾਰੇ ਗਰੀਬ ਦੁਕਾਨਦਾਰ

ਹਨ। ਅਸੀਂ ਬਿਚਾਰੇ ਕਿੱਥੇ ਜਾਵਾਂਗੇ। ਕਿੱਥੋ ਰੋਟੀ ਕਮਾਵਾਂਗੇ। ਸੋ ਤੁਸੀਂ ਕਿਰਪਾ ਕਰਕੇ ਸਾਨੂੰ ਬਚਾ ਲਉ। ਮਹਾਰਾਜ ਜੀ ਸੋਚੀ ਪੈ ਗਏ ਅਤੇ ਮੈਨੂੰ ਇਸ਼ਾਰੇ ਨਾਲ ਕਿਹਾ ਤੂੰ ਚਲਾ ਜਾ। ਮੈਂ ਮਹਾਰਾਜ ਜੀ ਦਾ ਇਸ਼ਾਰਾ ਸਮਝ ਗਿਆ ਅਤੇ ਰੇਲਵੇ ਰੋਡ ਤੇ ਆਪਣੇ ਸਾਥੀ ਦੁਕਾਨਦਾਰਾਂ ਨੂੰ ਕਿਹਾ ਕਿ ਹੁਣ ਆਪਣੀਆਂ ਦੁਕਾਨਾਂ ਨੂੰ ਕੁਝ ਨਹੀਂ ਹੋਵੇਗਾ। ਮੇਰੇ ਗੁਰਾਂ ਦਾ ਮੈਨੂੰ ਅਸ਼ੀਰਵਾਦ ਹੈ। ਉਹ ਕਹਿਣ ਲੱਗੇ ਕਿ ਇਹ ਕਿਵੇਂ ਹੋ ਸਕਦਾ। ਕੁਝ ਦੁਕਾਨਦਾਰ ਡੀ. ਸੀ. ਨੂੰ ਮਿਲਣ ਗਏ ਹੋਏ ਸਨ। ਉਹ ਵੀ ਆ ਗਏ। ਡੀ. ਸੀ. ਨੇ ਉਹਨਾਂ ਨੂੰ ਕਿਹਾ ਕਿ ਮੈਂ ਸਰਕਾਰ ਨੂੰ ਤੁਹਾਡੀ ਸਿਫਾਰਸ਼ ਕਰਾਂਗਾ ਕਿ ਤੁਹਾਨੂੰ ਸਟੇਅ ਮਿਲ ਜਾਵੇ ਪਰ ਇਹ ਹਾਈ ਕਰਟ ਦਾ ਫੈਸਲਾ ਹੈ। ਮੈਂ ਕੁਝ ਨਹੀਂ ਕਰ ਸਕਦਾ।

ਸੋ ਸੋਮਵਾਰ ਕਬਜ਼ੇ ਦਾ ਦਿਨ ਆਇਆ। ਇੰਪਰੂਵਮੈਂਟ ਟਰੱਸਟ ਦੇ ਸਾਰੇ ਅਧਿਕਾਰੀ ਸੈਂਕੜੇ ਪੁਲਿਸ ਜਵਾਨਾ ਸਮੇਤ ਬੁਲਡੋਜ਼ਰਾ ਨਾਲ ਦੁਕਾਨਾਂ ਢਾਉਣ ਆ ਗਏ। ਦੁਕਾਨਾਂ ਨੂੰ ਘੇਰਾ ਪਾ ਲਿਆ ਅਤੇ ਕਿਹਾ ਕਿ ਕੋਈ ਵੀ ਨੇੜੇ ਨਾ ਆਏ। ਸਾਰੇ ਦੁਕਾਨਦਾਰਾਂ ਦੀ ਜਾਨ ਮੁੱਠੀ ਵਿਚ ਆ ਗਈ ਕਿ ਹੁਣ ਦੁਕਾਨਾਂ ਗਈਆ ਹੀ। ਪਰ ਮੈਨੂੰ ਆਪਣੇ ਸਤਿਗੁਰੂ ਤੇ ਪੂਰਾ ਭਰੋਸਾ ਸੀ।

ਟਰੱਸਟ ਵੱਲੋਂ ਦੁਕਾਨਾਂ ਢਾਉਣ ਦੀ ਪੂਰੀ ਤਿਆਰੀ ਸੀ ਕਿ ਚੰਡੀਗੜ੍ਹੋਂ ਟੈਲੀਫੋਨ ਆ ਗਿਆ ਕਿ ਰੇਲਵੇ ਰੋਡ ਦੀ ਸਕੀਮ ਅਜੇ ਰੋਕ ਦਿੱਤੀ ਜਾਵੇ ਅਤੇ ਦੁਕਾਨਾਂ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਜਾਵੇ। ਸਭ ਦੁਕਾਨਦਾਰਾਂ ਵਿਚ ਖੁਸ਼ੀ ਦੀ ਲਹਿਰ ਦੌੜ ਆਈ ਸਾਰੇ ਕਹਿਣ ਲੱਗੇ ਕਿ ਭਾਈ ਇਹ ਠੀਕ ਕਹਿੰਦਾ ਸੀ ਕਿ ਸੰਤਾਂ ਦਾ ਹੁਕਮ ਹੈ ਕਿ ਦੁਕਾਨਾਂ ਨੂੰ ਕੁਝ ਨਹੀਂ ਹੋਵੇਗਾ। ਕਰੀਬ 22 ਸਾਲ ਹੋ ਗਏ। ਮਹਾਰਾਜ ਜੀ ਦੇ ਅਸ਼ੀਰਵਾਦ ਸਦਕਾ ਉਹ ਦੁਕਾਨਾਂ ਅੱਜ ਵੀ ਉਥੇ ਹੀ ਹਨ। ਸੋ ਜੇ ਸਿੱਖ ਪੂਰੇ ਭਰੋਸੇ ਵਾਲਾ ਹੋਵੇ ਤਾਂ ਉਹ ਆਪਣੇ ਗੁਰੂ ਕੋਲੋਂ ਸਭ ਕੁਝ ਪ੍ਰਾਪਤ ਕਰ ਸਕਦਾ ਹੈ।

## ਸਾਖੀ 149

## ਗੁਰੂ ਦੀ ਉਸਤਤ

ਇਕ ਵਾਰ ਦੀ ਗੱਲ ਹੈ ਕਿ ਮਹਾਰਾਜ ਹਰੀ ਦਾਸ ਜੀ ਮੰਦਿਰ ਕੋਲ ਆਪਣੇ ਪਲੰਘ ਉੱਪਰ ਬਿਰਾਜਮਾਨ ਸਨ। ਮੈਂ ਵੀ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਸ਼ਾਮ ਦੀ ਚਾਹ ਪੀ ਕੇ ਆ ਬੈਠਾ। ਕੁਝ ਪ੍ਰੇਮੀ ਜੋ ਮਹਾਰਾਜ ਜੀ ਦੇ ਸ਼ਰਧਾਲੂ ਸਨ ਬਾਹਰ ਤੋਂ ਕਿਸੇ ਹੋਰ ਮਹਾਤਮਾ ਦੀ ਉਪਮਾਂ ਸੁਣਾ ਰਹੇ ਸਨ ਕਿ ਮਹਾਰਾਜ ਜੀ ਉਥੇ ਫਲਾਣੇ ਸੰਤ ਹਨ। ਜੋ ਬਹੁਤ ਤਿਆਗੀ ਹਨ ਬਹੁਤ ਹੀ ਘੱਟ ਖਾਂਦੇ ਹਨ ਜੋ ਕੋਈ ਉਹਨਾਂ ਨੂੰ ਦਾਨ ਕਰਦਾ ਹੈ ਉਹ ਉਸ ਚੀਜ਼ ਨੂੰ ਅੱਗ ਵਿਚ ਸੁੱਟ ਦਿੰਦੇ ਹਨ। ਬਹੁਤ ਹੀ ਪਹੁੰਚੇ ਹੋਏ ਸੰਤ ਹਨ।

ਇਹ ਸਭ ਮਹਾਰਾਜ ਜੀ ਬਹੁਤ ਹੀ ਧਿਆਨ ਨਾਲ ਸੁਣ ਰਹੇ ਸਨ। ਮੈਂ ਵੀ ਉਹਨਾਂ ਦੀ ਗੱਲ ਬਹੁਤ ਧਿਆਨ ਨਾਲ ਸੁਣੀ। ਇਕ ਸ਼ਰਧਾਲੂ ਮਹਾਰਾਜ ਜੀ ਨੂੰ ਪੱਖਾ ਝੱਲ ਰਿਹਾ ਸੀ। ਮੈਂ ਬਹਾਨੇ ਨਾਲ ਉਸ ਤੋਂ ਪੱਖਾ ਫੜ੍ਹ ਕੇ ਮਹਾਰਾਜ ਜੀ ਨੂੰ ਝੱਲ ਮਾਰਨ ਲੱਗ ਪਿਆ। ਜਦੋਂ ਉਹਨਾਂ ਦੀ ਗੱਲ ਖਤਮ ਹੋਈ ਤਾਂ ਮੈਂ ਹੱਥ ਜੋੜ ਕੇ ਕਿਹਾ "ਮਹਾਰਾਜ ਜੀ ਅਗਰ ਆਗਿਆ ਹੋਵੇ ਤਾਂ ਮੈਂ ਕੁਝ ਬੇਨਤੀ ਕਰਾਂ"। ਮਹਾਰਾਜ ਜੀ ਨੇ ਕਿਹਾ "ਹਾਂ ਭਾਈ ਜ਼ਰੂਰ ਕਰ ਤੂੰ ਕਿਉਂ ਨਹੀਂ, ਕਰ ਜ਼ਰੂਰ ਕਰ"।

ਮੈਂ ਕਿਹਾ ਜੀ ਮੈਂ ਤਾਂ ਉਹ ਹੀ ਕਹਿਣਾ ਹੈ ਜੋ ਮੈਂ ਤੁਹਾਡੀ ਸੰਗਤ ਤੋਂ ਸਿੱਖਿਆ ਹੈ। (ਸੰਗਤ ਵੱਲ ਧਿਆਨ ਕਰਕੇ) ਸਾਨੂੰ ਆਪਣੇ ਗੁਰੂ ਮਹਾਰਾਜ ਕੋਲ ਬੈਠ ਕੇ ਉਹਨਾਂ ਦੀ ਹੀ ਉਪਮਾ ਕਰਨੀ ਚਾਹੀਦੀ ਹੈ। ਇਹ ਸੁਣ ਕੇ ਮਹਾਰਾਜ ਜੀ ਉੱਠ ਕੇ ਚਲੇ ਗਏ। ਮੈਂ ਕਿਹਾ ਭਰਾਵੋ ਸਾਨੂੰ ਗੁਰੂ ਮਹਾਰਾਜ ਦੀ ਹਾਜ਼ਰੀ ਵਿਚ ਉਹਨਾਂ ਦੀ ਹੀ ਗੱਲ ਕਰਨੀ ਚਾਹੀਦੀ ਹੈ। ਬਾਅਦ ਵਿਚ ਭਾਵੇਂ ਜਿਸ ਦੀ ਮਰਜ਼ੀ ਗੱਲ ਕਰੋ, ਹੁਣ ਮਹਾਰਾਜ ਜੀ ਉੱਠ ਕੇ ਚਲੇ ਗਏ ਹਨ ਹੁਣ ਭਾਵੇਂ ਜਿਹੜੀ ਮਰਜ਼ੀ ਉਪਮਾਂ ਕਰੋ ਪਰ ਆਪਣੇ ਗੁਰੂ ਦੇ ਸਾਹਮਣੇ ਕਿਸੇ ਹੋਰ ਦੀ ਉਪਮਾ ਸ਼ੋਭਾ ਨਹੀਂ ਦਿੰਦੀ। ਗੁਰੂ ਤੇ ਭਰੋਸਾ ਨਹੀਂ ਰਹਿੰਦਾ।

ਕੋਲ ਬੈਠੇ ਮੰਨਣਾ ਵਾਲੇ ਸੰਤ ਅਮਰ ਦਾਸ ਕਹਿਣ ਲੱਗੇ ਕਿ ਇਹ ਗੱਲ ਠੀਕ ਹੈ। ਇਸ ਭਾਈ ਤੇ ਮਹਾਰਾਜ ਜੀ ਦੀ ਕਿਰਪਾ ਹੈ। ਕੋਲ ਬੈਠੇ ਇਕ ਹੋਰ ਆਦਮੀ ਨੇ ਕਿਹਾ ਹਾਂ ਭਾਈ ਇਸ ਉੱਪਰ ਮਹਾਰਾਜ ਜੀ ਦੀ ਬਹੁਤ ਕਿਰਪਾ ਹੈ ਜੇ ਕਿਰਪਾ ਨਾ ਹੁੰਦੀ ਤਾਂ ਸੰਗਤਾਂ ਨੂੰ ਸਟੇਸ਼ਨ ਤੇ ਤੋਰਨ ਆਇਆ ਸੰਗਤਾਂ ਤੋਂ ਕਈ ਘੰਟੇ ਪਹਿਲਾਂ

ਹਰਿਦੁਆਰ ਕਿਵੇਂ ਪਹੁੰਚ ਜਾਂਦਾ। ਇਹ ਸਭ ਕਿਰਪਾ ਦੀ ਗੱਲ ਹੈ। ਇਹ ਸੁਣ ਕੇ ਸਭ ਮੈਨੂੰ ਪੁੱਛਣ ਲੱਗੇ ਕਿ ਇਹ ਕਿਵੇਂ ਹੋਇਆ ਕਿ ਸੰਗਤਾਂ ਨੂੰ ਸਟੇਸ਼ਨ ਤੇ ਗੱਡੀ ਚੜ੍ਹਾਉਣ ਆਏ ਤੁਸੀਂ ਕਿਸ ਤਰ੍ਹਾਂ ਸਭ ਤੋਂ ਕਈ ਘੰਟੇ ਪਹਿਲਾਂ ਹਰਿਦੁਆਰ ਪਹੁੰਚ ਗਏ। ਮੈਂ ਅਜੇ ਇਹ ਸਭ ਦੱਸਣ ਹੀ ਲੱਗਾ ਸੀ ਕਿ ਉਧਰੋਂ ਮਹਾਰਾਜ ਹਰੀ ਦਾਸ ਜੀ ਨੇ ਕਿਸੇ ਆਦਮੀ ਨੂੰ ਭੇਜਿਆ ਕਿ ਮੈਂ ਇਸ ਗੱਲ ਨੂੰ ਇੱਥੇ ਹੀ ਰੋਕ ਦੇਵਾਂ। ਮੈਂ ਮਹਾਰਾਜ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਉਹ ਭੇਦ ਦੀ ਗੱਲ ਉੱਥੇ ਹੀ ਰੋਕ ਦਿੱਤੀ।

ਸੋ ਸਤਿਗੁਰੂ ਜੀ ਸਭ ਕੁਝ ਜਾਣੀ ਜਾਣ ਹਨ। ਸਾਡਾ ਹੀ ਭਰੋਸਾ ਹੋਣਾ ਚਾਹੀਦਾ ਹੈ। ਪਰ ਭਰੋਸਾ ਬਣਾਉਣਾ ਬਹੁਤ ਮੁਸ਼ਕਿਲ ਹੈ। ਕਿਉਂਕਿ ਗੁਰੂ ਮਹਾਰਾਜ ਆਪਣੇ ਸੇਵਕਾਂ ਦੇ ਕਈ ਤਰ੍ਹਾਂ ਨਾਲ ਇਮਤਿਹਾਨ ਲੈਂਦੇ ਹਨ। ਫਿਰ ਕਿਤੇ ਜਾ ਕੇ ਆਪਣੇ ਸੇਵਕਾਂ ਦੇ ਸਾਰੇ ਕੰਮ ਕਰਦੇ ਹਨ।

## ਸਾਖੀ 150

## ਮੰਦਿਰ ਬਣਾਉਣਾ

ਇਹ ਗੱਲ 1978 ਈਸਵੀ ਦੀ ਹੈ ਜਦੋਂ ਮੈਂ ਮਹਾਰਾਜ ਜੀ ਦੀ ਯਾਦ ਵਿਚ ਮੰਦਿਰ ਬਣਵਾ ਰਿਹਾ ਸੀ। ਬੀ. ਡੀ. ੳ. ਸਾਹਿਬ ਦੀ ਬਦਲੀ ਰੁਕ ਜਾਣ ਕਰਕੇ ਮੇਰਾ ਬਹੁਤ ਸਤਿਕਾਰ ਕਰਨ ਲੱਗ ਪਏ। ਜਿੰਨੇ ਵੀ ਬੋਰੇ ਸੀਮਿੰਟ ਚਾਹੀਦੇ ਹੁੰਦੇ ਉਹਨਾਂ ਨੇ ਫਾਰਮ ਰਿਕਮੈਂਡ ਕਰ ਦੇਣੇ ਅਤੇ ਮੈਨੂੰ ਉੱਨਾਂ ਹੀ ਸੀਮਿੰਟ ਮਿਲ ਜਾਣਾ। ਉਸ ਸਮੇਂ ਸੀਮਿੰਟ ਦੀ ਬਹੁਤ ਥੋੜ੍ਹ ਰਹਿੰਦੀ ਸੀ।

ਇਕ ਦਿਨ ਦੀ ਗੱਲ ਹੈ ਕਿ ਬੀ. ਡੀ. ੳ. ਸਾਹਿਬ ਮੈਨੂੰ ਕਹਿਣ ਲੱਗੇ ਕਿ ਐਨਾ ਸੀਮਿੰਟ ਤੁਸੀਂ ਕੀ ਕਰਦੇ ਹੋ ਤਾਂ ਮੈਂ ਉਹਨਾਂ ਨੂੰ ਸਾਰਾ ਹਾਲ ਦੱਸਿਆ ਕਿ ਮੈਂ ਇਸ ਤਰ੍ਹਾਂ ਆਪਣੇ ਗੁਰੂ ਮਹਾਰਾਜ ਜੀ ਦੀ ਯਾਦ ਵਿਚ ਆਪਣੇ ਹੀ ਘਰ ਵਿਚ ਅਤੇ ਆਪਣੇ ਹੀ ਖ਼ਰਚੇ ਤੇ ਇੱਕਲਾ ਹੀ ਮੰਦਿਰ ਬਣਵਾ ਰਿਹਾ ਹਾਂ। ਇਹ ਸੁਣ ਕੇ ਬੀ. ਡੀ. ੳ. ਸਾਹਿਬ ਬਹੁਤ ਹੀ ਹੈਰਾਨ ਹੋਏ। ਉਹ ਕਹਿਣ ਲੱਗੇ ਕਿ ਏਡਾ ਵੱਡਾ ਕੰਮ ਅਤੇ ਉਹ ਵੀ ਇਕੱਲਾ ਆਦਮੀ ਅਤੇ ਉਹ ਵੀ ਜਿਹੜਾ ਕਿ ਸਿਰਫ ਸਾਈਕਲ ਰਿਪੇਅਰ ਕਰਦਾ ਹੋਵੇ। ਸੱਚਮੁਚ ਇਹ ਤਾਂ ਤੁਹਾਡੇ ਉੱਪਰ ਸਤਿਗੁਰੂ ਦੀ ਕਿਰਪਾ ਹੈ। ਵਰਨਾ ਆਮ ਤੌਰ ਤੇ ਮੰਦਿਰ ਗੁਰਦਵਾਰੇ ਤਾਂ ਪਿੰਡਾਂ ਵਿਚ ਸਭਾਵਾਂ ਵਲੋਂ ਬਣਾਏ ਜਾਂਦੇ ਹਨ। ਇਹ ਮੈਂ ਪਹਿਲੀ ਵਾਰ ਦੇਖਿਆ ਹੈ ਕਿ ਇਕ ਇੱਕਲਾ ਆਦਮੀ ਮੰਦਿਰ ਬਣਾ ਰਿਹਾ ਹੋਵੇ ਉਹ ਵੀ ਬਿਨਾਂ ਕਿਸੇ ਬਾਹਰੀ ਮਦਦ ਦੇ। ਆਪਣੇ ਹੀ ਖਰਚੇ ਤੇ। ਵਾਕਿਆ ਹੀ ਤੁਹਾਡੇ ਤੇ ਤੁਹਾਡੇ ਗੁਰੂ ਦਾ ਹੱਥ ਹੈ ਅਤੇ ਇਹ ਸਭ ਉਹਨਾਂ ਦੀ ਹੀ ਕਿਰਪਾ ਹੈ।

ਪੂਰਨ ਸਤਿਗੁਰੂ ਆਪਣੇ ਸਿੱਖ ਦੇ ਜਨਮ ਮਰਨ ਦੇ ਬੰਧਨ ਕੱਟ ਦਿੰਦੇ ਹਨ ਪ੍ਰੰਤੂ ਜੇ ਸੇਵਕ ਬੁਰੇ ਕੰਮਾਂ ਤੋਂ ਹਟੇ। ਸਤਿਗੁਰ ਆਪਣੇ ਸੇਵਕ ਨੂੰ ਨਾਮ ਭਜਨ ਦਾ ਧਨ ਦਿੰਦੇ ਹਨ ਅਤੇ ਉਹ ਸਿੱਖ ਵੱਡੇ ਭਾਗਾਂ ਵਾਲਾ ਹੁੰਦਾ ਹੈ।

ਮੈਂ ਮੰਦਿਰ ਦੀ ਉਸਾਰੀ ਕਰਵਾ ਰਿਹਾ ਸੀ ਇਕੱਲੇ ਨੂੰ ਹੀ ਸਾਰੇ ਕੰਮ ਕਰਨੇ ਪੈਂਦੇ ਸਨ। ਦੁਕਾਨ ਵੀ ਖੋਲ੍ਹਣੀ। ਮਿਸਤਰੀ ਨੂੰ ਰੇਤ ਸੀਮਿੰਟ ਅਤੇ ਇੱਟਾਂ ਦਾ ਪ੍ਰਬੰਧ ਕਰ ਕੇ ਦੇਣਾ। ਬਹੁਤ ਹੀ ਦੌੜ-ਭੱਜ ਰਹਿੰਦੀ ਸੀ। ਕਿਉਂਕਿ ਬੱਚੇ ਅਜੇ ਛੋਟੇ ਸਨ। ਫਿਰ ਵੀ ਉਹ ਮਿਸਤਰੀ ਦੀ ਮਦਦ ਕਰਦੇ। ਘਰ ਵਾਲੀ ਨੇ ਮਿਸਤਰੀ ਅਤੇ ਮਜ਼ਦੂਰਾਂ ਲਈ ਰੋਟੀ ਅਤੇ ਚਾਹ ਪਾਣੀ ਤਿਆਰ ਕਰਨਾ। ਉਸ ਨੂੰ ਵੀ ਬਹੁਤ ਕੰਮ ਪੈਂਦਾ ਸੀ। ਪਰ ਸਤਿਗੁਰ ਨੇ ਏਨੀ ਹਿਮੰਤ ਅਤੇ ਹੌਂਸਲਾ ਬਖਸ਼ਿਆ ਸੀ ਕਿ ਅਸੀਂ ਦੋਨੋਂ ਕਦੇ ਵੀ ਨਿਰਾਸ਼ ਨਾ ਹੋਏ। ਕਦੇ ਉਸਾਰੀ ਦਾ ਕੰਮ ਬੰਦ ਕਰਵਾ ਦੇਣਾ। ਤਿੰਨ ਚਾਰ ਮਹੀਨਿਆਂ ਬਾਦ ਜਦੋਂ ਕੁਝ ਰੁਪਏ ਜਮ੍ਹਾਂ ਹੋ ਜਾਣੇ ਤਾਂ ਫਿਰ ਕੰਮ ਸ਼ੁਰੂ ਕਰਵਾ ਦੇਣਾ।

## ਸਾਖੀ151

### ਕਾਮਰੇਡ ਨੂੰ ਸੱਚ ਦਾ ਗਿਆਨ ਹੋਣਾ

ਇਹ ਘਟਨਾ ਹਜ਼ੂਰ ਮਹਾਰਾਜ ਸੁਵਾਮੀ ਸਰਵਣ ਦਾਸ ਜੀ ਦੇ ਸਮੇਂ ਦੀ ਹੈ। ਰਾਏਪੁਰ ਵਾਲੀ ਸੜਕ ਤੇ ਇਕ ਕਾਮਰੇਡ ਸ. ਦਿਆਲ ਸਿੰਘ ਹੁਰਾਂ ਦਾ ਖੂਹ ਸੀ। ਉਹਨਾਂ ਕੋਲ ਮਹਾਰਾਜ ਜੀ ਦਾ ਸ਼ਰਧਾਲੂ ਕੰਮ ਕਰਦਾ ਸੀ। ਜਿਹੜਾ ਕਿ ਉਹਨਾਂ ਦੇ ਪਸ਼ੂਆਂ ਵਗੈਰਾ ਦੀ ਦੇਖ ਭਾਲ ਕਰਦਾ ਸੀ। ਉਸ ਨੇ ਕਾਮਰੇਡ ਨੂੰ ਮਹਾਰਾਜ ਜੀ ਦੀਆਂ ਗੱਲਾਂ ਸੁਣਾਉਣੀਆਂ ਅਤੇ ਦੱਸਣਾ ਕਿ ਸਾਡੇ ਸੰਤ ਇਸ ਤਰ੍ਹਾਂ ਦੇ ਹਨ ਉਹ ਬਾਲ ਬ੍ਰਹਮਚਾਰੀ ਹਨ ਅਤੇ ਉਦਾਸੀ ਹਨ। ਕਾਮਰੇਡ ਜਿਹੜਾ ਕਿ ਪਰਮਾਤਮਾ ਵਿਚ ਘੱਟ ਵਿਸ਼ਵਾਸ ਰੱਖਦਾ ਸੀ। ਉਸ ਨੇ ਕਹਿਣਾ ਤੂੰ ਐਵੇਂ ਹੀ ਗੱਲਾਂ ਕਰਦਾ ਰਹਿੰਦਾ ਹੈ ਇਹ ਸੰਤ ਮਹਾਤਮਾ ਸਭ ਐਵੇਂ ਹੀ ਹੁੰਦੇ ਹਨ। ਰੱਬ ਆਦਿ ਨਾਮ ਦੀ ਕੋਈ ਚੀਜ਼ ਨਹੀਂ ਹੈ। ਇਹ ਵਿਗਿਆਨ ਦਾ ਯੁੱਗ ਹੈ। ਸੰਤ ਆਦਿ ਕੁਝ ਨਹੀਂ ਹਨ। ਉਸ ਕਾਮੇ ਨੇ ਕਾਮਰੇਡ ਨੂੰ ਫਿਰ ਵੀ ਮਹਾਰਾਜ ਜੀ ਦੇ ਕੌਤਕਾਂ ਬਾਰੇ ਦੱਸਦੇ ਰਹਿਣਾ ਪਰ ਕਾਮਰੇਡ ਨੇ ਇਸ ਨੂੰ ਐਵੇਂ ਕਹਿ ਕੇ ਟਾਲ ਦੇਣਾ।

ਸਮਾਂ ਬੀਤਦਾ ਗਿਆ। ਮਹਾਰਾਜ ਜੀ ਅੰਤਰਜਾਮੀ ਸਨ। ਇਕ ਦਿਨ ਐਸਾ ਹੋਇਆ ਕਿ ਮਹਾਰਾਜ ਜੀ ਸਵੇਰ ਦੇ ਸਮੇਂ ਨਹਿਰ ਨਹਿਰ ਸੈਰ ਕਰਦੇ ਕਾਮਰੇਡ ਦਿਆਲ ਸਿੰਘ ਦੇ ਖੇਤਾਂ ਵੱਲ ਆ ਰਹੇ ਸਨ। ਕਾਮਰੇਡ ਨੇ ਵੇਖਿਆ ਕਿ ਦੂਰੋਂ ਕਿਸੇ ਚੀਜ਼ ਦਾ ਲਿਸ਼ਕਾਰਾ ਪੈ ਰਿਹਾ ਹੈ। ਉਸ ਚਮਕਾਰੇ ਨੂੰ ਵੇਖਣ ਲਈ ਉਹ ਅੱਗੇ ਵਧਿਆ ਤਾਂ ਅੱਗੇ ਆ ਕੇ ਉਸ ਨੇ ਮਹਾਰਾਜ ਸਰਵਣ ਦਾਸ ਜੀ ਦੇ ਦਰਸ਼ਨ ਕੀਤੇ ਤਾਂ ਐਸੀ ਨੂਰੀ ਜੋਤ ਦਾ ਦਰਸ਼ਨ ਕਰਕੇ ਉਸ ਦਾ ਮਨ ਖਿੱਚਿਆ ਗਿਆ। ਉਸ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ। ਕਮਿਊਨਿਸਟ ਖਿਆਲਾਂ ਦਾ ਹੋਣ ਕਰਕੇ ਉਸ ਦਾ ਸੰਤਾਂ ਮਹਾਤਮਾ ਵਿਚ ਵਿਸ਼ਵਾਸ ਨਹੀਂ ਸੀ। ਉਸ ਨੇ ਮਹਾਰਾਜ ਜੀ ਦਾ ਇਮਤਿਹਾਨ ਲੈਣ ਲਈ ਕਿਹਾ "ਮਹਾਰਾਜ ਮੀਂਹ ਨਹੀਂ ਪੈਂਦਾ"।

"ਕੋਈ ਗੱਲ ਨਹੀਂ ਕੱਲ੍ਹ ਨੂੰ ਮੀਂਹ ਪੈ ਜਾਵੇਗਾ"।ਮਹਾਰਾਜ ਜੀ ਨੇ ਫ਼ਰਮਾਇਆ।

"ਕਿੰਨੇ ਵਜੇ" ਕਾਮਰੇਡ ਨੇ ਪੁੱਛਿਆ।

"ਕੱਲ ਨੂੰ ਗਿਆਰਾਂ ਵਜੇ ਮੀਂਹ ਪੈ ਜਾਵੇਗਾ" ਮਹਾਰਾਜ ਜੀ ਨੇ ਉੱਤਰ ਦਿੱਤਾ। ਇਹ ਕਹਿ ਕੇ ਸਤਿਗੁਰੂ ਡੇਰੇ ਵੱਲ ਨੂੰ ਚੱਲ ਪਏ। ਹੁਣ ਕਾਮਰੇਡ ਆਪਣੇ ਘਰ ਗਿਆ ਅਤੇ ਸਾਰੀ ਰਾਤ ਉਹ ਸੋਚਦਾ ਰਿਹਾ ਕਿ ਹਾਂ ਕਿੱਥੇ ਮੀਂਹ ਪੈਣਾ ਹੈ। ਇਦਾਂ ਸੰਤਾਂ ਦੇ ਕਹੇ ਮੀਂਹ ਪੈ ਕਿਵੇਂ ਸਕਦਾ ਹੈ।

ਦੂਸਰਾ ਦਿਨ ਹੋਇਆ। ਕਾਮਰੇਡ ਵੀ ਬੜੀ ਉਤਸੁਕਤਾ ਨਾਲ ਗਿਆਰਾਂ

ਵੱਜਣ ਦੀ ਉਡੀਕ ਕਰ ਰਿਹਾ ਸੀ। ਕਹਿਰ ਦੀ ਧੁੱਪ ਸੀ। ਪੌਣੇ ਗਿਆਰਾਂ ਵੱਜੇ ਸਨ ਕਿ ਕਿਧਰੇ ਵੀ ਕੋਈ ਬੱਦਲ ਦਾ ਨਾਮ ਨਿਸ਼ਾਨ ਨਹੀਂ ਸੀ। ਬਸ ਗਿਆਰਾਂ ਵੱਜਣ ਦੀ ਦੇਰ ਸੀ ਕਿ ਚਾਰੇ ਪਾਸਿਆਂ ਤੋਂ ਬੱਦਲ ਘਿਰ ਗਏ ਅਤੇ ਮਿੰਟਾਂ ਵਿਚ ਜਲ ਥਲ ਇਕ ਕਰ ਗਿਆ। ਅੱਧਾ ਘੰਟਾ ਜ਼ੋਰਾਂ ਦਾ ਮੀਂਹ ਪਿਆ। ਕਾਮਰੇਡ ਦਾ ਭਰਮ ਟੁੱਟ ਗਿਆ। ਉਹ ਦੌੜਾ ਦੌੜਾ ਮਹਾਰਾਜ ਜੀ ਦੇ ਡੇਰੇ ਪਹੁੰਚਿਆ। ਮਹਾਰਾਜ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਉਸ ਦਿਨ ਤੋਂ ਉਹ ਮਹਾਰਾਜ ਜੀ ਦਾ ਪੱਕਾ ਸ਼ਰਧਾਲੂ ਬਣ ਗਿਆ। ਹਰ ਐਤਵਾਰ ਡੇਰੇ ਆਉਣ ਜਾਣ ਲੱਗਾ। ਹੁਣ ਉਸ ਨੂੰ ਪਤਾ ਲੱਗ ਚੁੱਕਾ ਸੀ ਕਿ ਸਤਿਗੁਰੂ ਅੰਤਰ ਜਾਮੀ ਹਨ। ਜਿਹੜੇ ਆਪਣੇ ਸਿੱਖ ਸੇਵਕਾਂ ਦੇ ਮਨ ਦੀਆਂ ਗੱਲਾਂ ਨੂੰ ਜਾਣਦੇ ਹਨ ਅਤੇ ਉਹਨਾਂ ਦੇ ਭਰਮ ਦੂਰ ਕਰਦੇ ਹਨ।

ਇਕ ਵਾਰ ਕਾਮਰੇਡ ਮਹਾਰਾਜ ਜੀ ਨੂੰ ਕਹਿਣ ਲੱਗੇ ਕਿ ਮਹਾਰਾਜ ਜੀ ਬਹੁਤ ਮਾੜਾ ਹੋਇਆ ਕਿ ਮੇਰੇ ਕੋਲ ਇਕ ਵਹਿੜਾ (ਵੱਛਾ) ਹੈ। ਜਿਸ ਨੂੰ ਮੈਂ ਬਹੁਤ ਮਿਹਨਤ ਨਾਲ ਪਾਲਿਆ ਹੈ ਤਾਂ ਕਿ ਵੱਡਾ ਹੋ ਕੇ ਮੈਂ ਉਸ ਕੋਲੋਂ ਖੂਹ ਆਦਿ ਚਲਾਉਣ ਲਈ ਕੰਮ ਲੈ ਸਕਾਂ। ਉਹ ਟੋਏ ਵਿਚ ਡਿੱਗ ਪਿਆ ਅਤੇ ਉਸ ਦਾ ਲੱਕ ਟੁੱਟ ਗਿਆ ਹੈ। ਵਿਚਾਰਾ ਇਕ ਜਗ੍ਹਾ ਹੀ ਬੈਠਾ ਰਹਿੰਦਾ ਹੈ। ਇਸ ਕਰਕੇ ਤੁਸੀਂ ਕੋਈ ਦਵਾਈ ਦਿਉ ਤਾਂ ਕੇ ਉਹ ਠੀਕ ਹੋ ਜਾਏ।

ਮਹਾਰਾਜ ਜੀ ਨੇ ਸੋਚ ਕੇ ਕਿਹਾ ਤੁਸੀਂ ਉਸ ਨੂੰ ਜਦੋਂ ਵੀ ਪਾਣੀ ਪਿਲਾਉਣਾ ਹੋਵੇ ਤਾਂ ਉਸ ਨੂੰ ਬੇਹਾ ਹੀ ਪਾਣੀ ਪਿਲਾਉਣਾ। ਤਾਜ਼ਾ ਪਾਣੀ ਨਾ ਪਿਲਾਉਣਾ। ਕਾਮਰੇਡ ਨੇ ਗੁਰੂ ਜੀ ਦਾ ਵਚਨ ਸੁਣ ਕੇ ਸਤਿ ਬਚਨ ਕਹਿ ਕੇ ਇੰਜ ਹੀ ਕਰਨਾ ਸ਼ੁਰੂ ਕਰ ਦਿੱਤਾ। ਮਹੀਨਾ ਕੁ ਬੀਤਿਆ ਕਿ ਉਸ ਦਾ ਵਹਿੜਾ ਠੀਕ ਹੋ ਕੇ ਚੱਲਣ ਫਿਰਨ ਲੱਗਾ। ਕਾਮਰੇਡ ਹੁਣ ਬਹੁਤ ਖੁਸ਼ ਹੋਇਆ। ਸਤਿਗੁਰੂ ਤੇ ਉਸ ਦਾ ਵਿਸ਼ਵਾਸ ਭਰੋਸਾ ਹੋਰ ਪੱਕਾ ਹੋ ਗਿਆ। ਉਸ ਨੇ ਆਪਣੇ ਮਨ ਹੀ ਮਨ ਕਿਹਾ ਕਿ ਇਹ ਵਹਿੜਾ ਮੈਂ ਮਹਾਰਾਜ ਜੀ ਦੇ ਡੇਰੇ ਹੀ ਦੇ ਆਉਣਾ ਹੈ ਕਿਉਂਕਿ ਇਹ ਉਹਨਾਂ ਦੀ ਹੀ ਕਿਰਪਾ ਨਾਲ ਠੀਕ ਹੋਇਆ ਹੈ।

ਇਕ ਦਿਨ ਉਹ ਵਹਿੜੇ ਉੱਪਰ ਲਾਲ ਕੱਪੜਾ ਪਾ ਕੇ ਉਸ ਨੂੰ ਡੇਰੇ ਲੈ ਆਇਆ। ਮਹਾਰਾਜ ਜੀ ਨੂੰ ਨਮਸਕਾਰ ਕਰਕੇ ਕਿਹਾ ਕਿ ਮਹਾਰਾਜ ਜੀ ਵਹਿੜਾ ਠੀਕ ਹੋ ਗਿਆ ਹੈ ਇਸ ਲਈ ਮੈਂ ਇਹ ਤੁਹਾਨੂੰ ਅਰਪਣ ਕਰਦਾ ਹਾਂ। ਸਤਿਗੁਰਾਂ ਨੇ ਕਿਹਾ ਕਿ ਕਾਮਰੇਡਾ ਠੀਕ ਹੈ। ਇਹ ਵਹਿੜਾ ਸਾਡਾ ਹੋ ਗਿਆ। ਅਸੀਂ ਇਸ ਨੂੰ ਜਿਸ ਨੂੰ ਮਰਜ਼ੀ ਦੇ ਦੇਈਏ। ਤਾਂ ਤੈਨੂੰ ਕੋਈ ਇਤਰਾਜ਼ ਤਾਂ ਨਹੀਂ ਹੋਵੇਗਾ। ਕਾਮਰੇਡ ਨੇ ਕਿਹਾ ਕਿ ਮਹਾਰਾਜ ਜਦੋਂ ਇਹ ਤੁਹਾਡਾ ਹੀ ਹੋ ਗਿਆ ਤੁਸੀਂ ਇਸ ਨੂੰ ਜਿਸ ਨੂੰ ਮਰਜ਼ੀ ਦੇ ਦਿਉ। ਮੈਨੂੰ ਕੋਈ

ਇਤਰਾਜ਼ ਨਹੀਂ।

ਮਹਾਰਾਜ ਜੀ ਨੇ ਵਹਿੜੇ ਦਾ ਰੱਸਾ ਫੜ ਕੇ ਮਿੱਠੂ ਬਸਤੀ ਵਾਲੇ ਭਗਤ ਰਾਮ ਨੂੰ ਉਸ ਦਾ ਰੱਸਾ ਫੜਾ ਕੇ ਕਿਹਾ ਲੈ ਭਗਤ ਰਾਮ ਇਸ ਨੂੰ ਤੂੰ ਲੈ ਜਾ ਅਤੇ ਆਪਣੇ ਖੇਤਾਂ ਵਿਚ ਇਸ ਤੋਂ ਕੰਮ ਕਰਵਾ। ਭਗਤ ਰਾਮ ਵਹਿੜੇ ਨੂੰ ਆਪਣੇ ਘਰ ਲੈ ਗਿਆ ਅਤੇ ਕਈ ਸਾਲ ਉਸ ਨੇ ਉਸ ਵਹਿੜੇ ਤੋਂ ਕੰਮ ਕਰਵਾਇਆ। ਮਹਾਰਾਜ ਜੀ ਦੀ ਕਿਰਪਾ ਨਾਲ ਭਗਤ ਰਾਮ ਨੇ ਉਹ ਜ਼ਮੀਨ ਜਿੱਥੇ ਜੇ. ਪੀ. ਨਗਰ ਬਣਾਇਆ ਹੈ, ਲੱਖਾਂ ਰੁਪਏ ਵਿਚ ਵੇਚੀ।

## ਸਾਖੀ 152

## ਅਜੀਬ ਇਲਾਜ ਬਿਮਾਰੀ ਨੂੰ ਠੀਕ ਕਰਨਾ।

ਇਹ ਗੱਲ 1947 ਈਸਵੀ ਤੋਂ ਪਹਿਲਾਂ ਦੀ ਹੈ। ਉਸ ਸਮੇਂ ਛੂਤ-ਛਾਤ ਦਾ ਕਾਫੀ ਬੋਲਬਾਲਾ ਸੀ। ਇਕ ਹਿਮਾਚਲ ਦਾ ਰਿਟਾਇਰਡ ਮੈਜਿਸਟ੍ਰੇਟ ਸੀ। ਉਸ ਦੇ ਸਰੀਰ ਤੇ ਕੁਝ ਜ਼ਖਮ ਨਿਕਲ ਆਏ ਸਨ। ਉਸ ਨੇ ਉਹਨਾਂ ਦਾ ਬਹੁਤ ਇਲਾਜ ਕਰਵਾਇਆ। ਪ੍ਰੰਤੂ ਉਹ ਠੀਕ ਨਾ ਹੋਏ। ਜ਼ਖਮਾ ਤੇ ਜਲਣ ਹੋਣੀ ਅਤੇ ਸਾਰੀ ਰਾਤ ਨੀਂਦ ਨਾ ਆਉਣੀ। ਕਿਸੇ ਤੋਂ ਉਸ ਨੂੰ ਪਤਾ ਲੱਗਿਆ ਕਿ ਬੱਲਾਂ ਵਿਚ ਨਹਿਰ ਦੇ ਕੰਢੇ ਸੰਤਾਂ ਦੀ ਕੁਟੀਆ ਹੈ ਜਿਹੜੇ ਕਿ ਹਿਕਮਤ ਦੇ ਬਹੁਤ ਮਾਹਿਰ ਸਨ ਅਤੇ ਬਾਲ ਬ੍ਰਾਹਮਚਾਰੀ ਸੰਤ ਹਨ। ਸੋ ਇਸ ਬਾਬਤ ਉਹ ਮਹਾਰਾਜ ਸਵਾਮੀ ਸਰਵਣ ਦਾਸ ਜੀ ਮਹਾਰਾਜ ਦੇ ਡੇਰੇ ਆਇਆ। ਮਹਾਰਾਜ ਜੀ ਦੇ ਡੇਰੇ ਆ ਕੇ ਮਹਾਰਾਜ ਜੀ ਨੂੰ ਪ੍ਰਣਾਮ ਕੀਤਾ। ਮਹਾਰਾਜ ਜੀ ਤਾਂ ਅੰਤਰ ਜਾਮੀ ਸਨ। ਮਹਾਰਾਜ ਜੀ ਨੇ ਉਸ ਨੂੰ ਕਿਹਾ ਕਿ ਪਹਿਲਾਂ ਚਾਹ ਅਤੇ ਲੰਗਰ ਛਕੋ ਅਤੇ ਫਿਰ ਸਾਡੇ ਕੋਲ ਆ ਕੇ ਸਾਨੂੰ ਆਪਣੀ ਮੁਸ਼ਕਿਲ ਦੱਸਣਾ। ਸੋ ਉਸ ਨੇ ਲੰਗਰ ਛਕਿਆ ਅਤੇ ਫਿਰ ਆ ਕੇ ਮਹਾਰਾਜ ਜੀ ਕੋਲ ਬੈਠ ਗਿਆ। ਮਹਾਰਾਜ ਨੇ ਉਸ ਤੋਂ ਡੇਰੇ ਆਉਣ ਦਾ ਕਾਰਨ ਪੁੱਛਿਆ। ਉਸ ਨੇ ਦੱਸਿਆ ਕਿ ਮਹਾਰਾਜ ਜੀ ਮੇਰੇ ਸਰੀਰ ਤੇ ਜ਼ਖਮ ਹੋ ਗਏ ਇਹਨਾਂ ਵਿਚ ਬਹੁਤ ਜਲਣ ਹੁੰਦੀ ਰਹਿੰਦੀ ਹੈ ਸਾਰੀ ਰਾਤ ਨੀਂਦ ਨਹੀਂ ਆਉਂਦੀ। ਮਹਾਰਾਜ ਜੀ ਨੇ ਉਸ ਦੇ ਸਰੀਰ ਦੇ ਜ਼ਖਮਾਂ ਨੂੰ ਵੇਖਿਆ ਅਤੇ ਕਿਹਾ ਭਾਈ ਇਸ ਦਾ ਇਲਾਜ ਹੈ ਵੀ ਅਤੇ ਨਹੀਂ ਵੀ। ਜੇ ਹੈ ਤਾਂ ਬਹੁਤ ਮੁਸ਼ਕਿਲ ਹੈ।

ਤੁਸੀਂ ਇਸ ਤਰ੍ਹਾਂ ਕਰੋ ਕਿ ਆਪਣੇ ਘਰ ਜਾਉ ਅਤੇ ਇਕ ਹਫ਼ਤਾ ਤੁਸੀਂ ਮੂਲੀਆਂ ਜ਼ਿਆਦਾ ਮਾਤਰਾ ਵਿਚ ਖਾਣਾ। ਚਾਹੇ ਉਹਨਾਂ ਦੀ ਸਬਜ਼ੀ ਬਣਾਕੇ ਖਾਣਾ ਚਾਹੇ ਉਂਜ ਹੀ ਖਾਣਾ। ਇਕ ਹਫ਼ਤੇ ਬਾਅਦ ਤੁਸੀਂ ਸਾਡੇ ਕੋਲ ਆਇਓ ਤਾਂ ਅਸੀਂ ਤੁਹਾਨੂੰ ਦਵਾਈ ਦੇਵਾਂਗੇ। ਪਰ ਜਿਥੋਂ ਕਿਤੋਂ ਵੀ ਤੁਹਾਨੂੰ ਮੂਲੀਆਂ ਮਿਲਣ ਇਕ ਹਫ਼ਤਾ ਜ਼ਰੂਰ ਖਾਣਾ।

ਇਸ ਤਰ੍ਹਾਂ ਉਹ ਭਾਈ ਆਪਣੇ ਘਰ ਗਿਆ। ਉਸ ਨੇ ਆਪਣੇ ਘਰ ਦੇ ਨੇੜੇ ਤੇੜੇ ਖੇਤਾਂ ਵਿਚ ਦੇਖਿਆ ਪਰ ਮੂਲੀਆਂ ਨਾ ਮਿਲੀਆਂ। ਪ੍ਰੰਤੂ ਇਕ ਜਗ੍ਹਾ ਇਕ ਜ਼ਿਮੀਂਦਾਰ ਦੇ ਖੂਹ ਤੇ ਉਸ ਜ਼ਿਮੀਂਦਾਰ ਨੇ ਆਪਣੇ ਵਾਸਤੇ ਇਕ ਕਿਆਰੀ ਮੂਲੀਆਂ ਬੀਜੀਆਂ ਸਨ। ਉਸ ਨੇ ਉਸ ਜ਼ਿਮੀਂਦਾਰ ਨੂੰ ਕਿਹਾ ਕਿ ਇਹ ਮੂਲੀਆਂ ਤੁਸੀਂ ਮੈਨੂੰ ਦੇ ਦਿਉ। ਜਿੰਨੇ ਮਰਜ਼ੀ ਪੈਸੇ ਲੈ ਲਉ ਪਰ ਜ਼ਿਮੀਂਦਾਰ ਨੇ ਕਿਹਾ ਪੈਸਿਆਂ ਦੀ ਕੋਈ ਲੋੜ ਨਹੀਂ ਜਿੰਨੀਆਂ ਮਰਜ਼ੀ ਮੂਲੀਆਂ ਤੁਸੀਂ ਲੈ ਜਾਉ। ਪਹਿਲੇ ਦਿਨ ਭਾਈ ਨੇ ਮੂਲੀਆਂ ਦੀ ਸਬਜ਼ੀ ਬਣਾ ਕੇ ਖਾਧੀ ਅਤੇ ਕੁਝ ਮੂਲੀਆਂ ਸਲਾਦ ਦੇ ਰੂਪ ਵਿਚ ਖਾਧੀਆਂ। ਰਾਤ ਨੂੰ ਉਸ ਨੂੰ ਬਹੁਤ ਚੰਗੀ ਨੀਂਦ ਆਈ ਅਤੇ ਜ਼ਖਮਾਂ ਵਿਚ ਜਲਣ ਨੂੰ ਵੀ ਬਹੁਤ ਆਰਾਮ ਮਿਲਿਆ। ਸੋ ਇਸ ਤਰ੍ਹਾਂ ਉਸ ਨੇ ਦੂਸਰੇ ਦਿਨ ਵੀ ਮੂਲੀਆਂ ਖਾਧੀਆਂ। ਦਿਨੋ ਦਿਨ ਉਸ ਨੂੰ ਕਾਫੀ ਆਰਾਮ ਆਉਣ ਲੱਗਾ ਉਸ ਦੇ ਜ਼ਖਮ ਵੀ ਸੁੱਕਣ ਲੱਗੇ। ਰਾਤ ਨੂੰ ਨੀਂਦ ਵੀ ਬਹੁਤ ਵਧੀਆਂ ਆਉਣੀ। ਜ਼ਖਮਾਂ ਵਿਚ ਵੀ ਠੰਡਕ ਪੈਣ ਲੱਗੀ। ਇਨ੍ਹਾਂ ਮੂਲੀਆਂ ਦੇ ਸੇਵਣ ਨਾਲ ਉਸ ਨੂੰ ਕਾਫੀ ਆਰਾਮ ਆ ਗਿਆ। ਉਸ ਨੇ ਸੋਚਿਆ ਇਹ ਤਾਂ ਇਲਾਜ ਹੀ ਬਹੁਤ ਸਸਤਾ ਅਤੇ ਵਧੀਆ ਹੈ ਮੈਂ ਤਾਂ ਐਵੇਂ ਹੀ ਭਟਕਦਾ ਰਿਹਾ ਅਤੇ ਪੈਸੇ ਖਰਾਬ ਕਰਦਾ ਰਿਹਾ।

ਹੁਣ ਹਫ਼ਤੇ ਬਾਅਦ ਉਹ ਭਾਈ ਮਹਾਰਾਜ ਜੀ ਦੇ ਹੁਕਮ ਮੁਤਾਬਿਕ ਡੇਰੇ ਆਇਆ। ਮਹਾਰਾਜ ਜੀ ਨੇ ਉਸਦੀ ਸਿਹਤ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆਂ ਕਿ ਹੁਣ ਉਸ ਨੂੰ ਰੁਪਏ ਤੋਂ ਸੱਤਰ ਪੈਸੇ ਆਰਾਮ ਹੈ। ਉਸ ਨੇ ਮਹਾਰਾਜ ਜੀ ਨੂੰ ਕਿਹਾ ਕਿ ਮਹਾਰਾਜ ਜੀ ਤੁਸੀਂ ਤਾਂ ਕਹਿੰਦੇ ਸੀ ਇਸ ਬੀਮਾਰੀ ਦਾ ਇਲਾਜ ਬਹੁਤ ਮੁਸ਼ਕਿਲ ਹੈ ਪ੍ਰੰਤੂ ਮੈਨੂੰ ਤਾਂ ਸਿਰਫ ਮੂਲੀਆਂ ਖਾਣ ਨਾਲ ਹੀ ਆਰਾਮ ਆ ਗਿਆ। ਮਹਾਰਾਜ ਜੀ ਮੁਸਕਰਾਏ ਅਤੇ ਫ਼ਰਮਾਇਆ ਕਿ ਅਸੀਂ ਫਿਰ ਵੀ ਕਹਿੰਦੇ ਹਾਂ ਕਿ ਇਸ ਦਾ ਇਲਾਜ ਬਹੁਤ ਮੁਸ਼ਕਿਲ ਹੈ। ਉਸ ਭਾਈ ਨੇ ਕਿਹਾ ਉਹ ਕਿਵੇਂ ਮਹਾਰਾਜ ਜੀ।

ਸਤਿਗੁਰੂ ਜੀ ਨੇ ਕਿਹਾ ਕਿ ਉਹ ਇਸ ਤਰ੍ਹਾਂ ਹੈ ਕਿ ਇਕ ਬਹੁਤ ਜ਼ਹਿਰੀਲਾ ਫਨੀਅਰ ਸੱਪ ਲਿਆ ਜਾਵੇ ਫਿਰ ਉਸ ਨੂੰ ਮਾਰਿਆ ਜਾਵੇ। ਮਾਰ ਕੇ ਉਸ ਨੂੰ ਜ਼ਮੀਨ ਵਿਚ ਦੱਬਿਆ ਜਾਵੇ ਉਹ ਵੀ ਐਸੀ ਜ਼ਮੀਨ ਵਿਚ ਜਿੱਥੇ ਕਿਸੇ ਦਰੱਖਤ ਦੀ ਛਾਂ ਰਹਿੰਦੀ ਹੋਵੇ ਅਤੇ ਸੂਰਜ ਦੀ ਰੌਸ਼ਨੀ ਘੱਟ। ਫਿਰ ਕੁਝ ਸਾਲਾਂ ਬਾਅਦ ਜਦੋਂ ਉਹ ਸੱਪ ਗਲ ਸੜ੍ਹ ਜਾਵੇ ਤਾਂ ਉਸ ਜ਼ਮੀਨ ਦੀ ਬਹਾਈ ਕਰਕੇ ਉੱਥੇ ਮੂਲੀਆਂ ਬੀਜੀਆਂ ਜਾਣ ਅਤੇ ਫਿਰ ਉਹਨਾਂ ਮੂਲੀਆਂ ਦਾ ਸੇਵਨ ਕੀਤਾ ਜਾਵੇ ਤਾਂ ਇਸ ਬਿਮਾਰੀ ਤੋਂ ਆਰਾਮ ਆਵੇਗਾ। ਕਿੰਨਾ ਮੁਸ਼ਕਿਲ ਕੰਮ ਹੈ। ਮਹਾਰਾਜ ਜੀ ਨੇ ਕਿਹਾ ਉਹ ਜਿਸ ਜਗ੍ਹਾਂ ਤੋਂ ਤੁਸੀਂ ਮੂਲੀਆਂ ਖਾਧੀਆਂ ਹਨ ਉਥੇ ਇਹ ਸਭ ਕੁਝ ਹੋਇਆ ਹੈ। ਜੋ ਤੁਹਾਡੇ ਘਰ ਦੇ ਚੜ੍ਹਦੇ ਪਾਸੇ ਵੱਲ

ਨੂੰ ਹੈ। ਉੱਥੇ ਇੱਕ ਅੰਬ ਦਾ ਦਰੱਖਤ ਹੈ। ਉਸ ਦੀ ਛਾਂ ਵਾਲੀਆਂ ਮੂਲੀਆਂ ਤੁਸੀਂ ਖਾਧੀਆਂ ਹਨ ਤਾਂ ਹੀ ਆਰਾਮ ਆਇਆ ਹੈ। ਕਿੰਨਾ ਮੁਸ਼ਕਿਲ ਕੰਮ ਹੈ। ਉੱਥੇ ਸੱਪ ਨੂੰ ਮਾਰ ਕੇ ਦੱਬਿਆ ਗਿਆ ਸੀ।

ਉਸ ਭਾਈ ਨੇ ਹੈਰਾਨੀ ਨਾਲ ਕਿਹਾ ਮਹਾਰਾਜ ਜੀ ਤੁਹਾਨੂੰ ਇੱਥੇ ਬੈਠੇ ਹੋਏ ਇਹ ਸਭ ਕੁੱਝ ਕਿਵੇਂ ਪਤਾ ਹੈ ਕਿ ਉੱਥੇ ਮੂਲੀਆਂ ਦੀ ਕਿਆਰੀ ਹੈ। ਮਹਾਰਾਜ ਜੀ ਹੱਸ ਪਏ ਤਾਂ ਫ਼ਰਮਾਇਆ, ਭਾਈ ਸਾਧੂਆਂ ਤੋਂ ਕੁਝ ਵੀ ਲੁਕਿਆ ਨਹੀਂ ਹੁੰਦਾ। ਉਹ ਤਾਂ ਅੱਖਾਂ ਮੀਟ ਕੇ ਸਕਿੰਟਾਂ ਵਿਚ ਹੀ ਸਭ ਕੁਝ ਵੇਖ ਲੈਂਦੇ ਹਨ।

ਇਹ ਸੁਣ ਕੇ ਉਹ ਭਾਈ ਮਹਾਰਾਜ ਜੀ ਦੇ ਚਰਨਾਂ ਤੇ ਸਿਰ ਰੱਖ ਕੇ ਵੈਰਾਗ ਨਾਲ ਰੋਣ ਲੱਗ ਪਿਆ ਅਤੇ ਧੰਨ ਧੰਨ ਕਰ ਉੱਠਿਆ।

ਸੋ ਐਸੇ ਸਨ ਸਤਿਗੁਰੂ ਜਿਹੜੇ ਅੰਤਰਜਾਮੀ ਸਨ ਅਤੇ ਆਪਣੇ ਸੇਵਕਾਂ ਦੇ ਮਨ ਕੇ ਸ਼ੰਕਾ ਦਾ ਨਿਵਾਰਨ ਬਹੁਤ ਹੀ ਸੁੰਦਰ ਉਦਾਹਰਨਾਂ ਨਾਲ ਕਰਦੇ ਸਨ। ਪ੍ਰੰਤੂ ਇਹ ਕਦੇ ਨਹੀਂ ਕਹਿੰਦੇ ਸਨ ਕਿ ਇਹ ਅਸੀਂ ਕੀਤਾ ਹੈ।

## ਸਾਖੀ ਨੰਬਰ 153

## ਸੰਤ ਸਰਵਣ ਦਾਸ ਜੀ ਮਹਾਨ ਸਨ

ਇਸੇ ਤਰ੍ਹਾਂ ਦਾ ਇਕ ਪ੍ਰਸੰਗ ਤੁਹਾਨੂੰ ਮੈਂ ਹੋਰ ਸੁਣਾਉਂਦਾ ਹਾਂ ਇਹ ਤਾਂ ਸਭ ਨੂੰ ਪਤਾ ਹੈ ਕਿ ਮਹਾਰਾਜ ਜੀ ਬਾਲ ਬ੍ਰਹਮਚਾਰੀ ਸਨ ਅਤੇ ਛੋਟੀ ਉਮਰ ਵਿਚ ਹੀ ਅੰਗ ਕੱਟੀ ਯੋਗ ਧਾਰਨ ਕਰਕੇ ਆਪਣੇ ਸਰੀਰ ਨੂੰ ਇੱਕਲਾ ਇੱਕਲਾ ਕਰ ਲੈਂਦੇ ਸਨ। ਉਦੋਂ ਮਹਾਰਾਜ ਜੀ ਕੁਟੀਆ ਵਿਚ ਇੱਕਲੇ ਹੀ ਰਹਿੰਦੇ ਸਨ।

ਬੀਬੀ ਕਰਮੀ ਜੀ ਅਤੇ ਸ਼੍ਰੀ ਕਿਰਪਾ ਰਾਮ ਜੀ ਰਸੂਲ ਪੁਰ ਵਾਲੇ ਜੋ ਕਿ ਬਚਪਨ ਤੋਂ ਹੀ ਮਹਾਰਾਜ ਜੀ ਦੇ ਸ਼ਰਧਾਲੂ ਸਨ। ਉਹਨਾਂ ਨੇ ਤਾਂ ਮਹਾਰਾਜ ਜੀ ਦੇ ਪੂਜਯ ਪਿਤਾ ਬਾਬਾ ਪਿੱਪਲ ਦਾਸ ਜੀ ਦੇ ਦਰਸ਼ਨ ਵੀ ਕੀਤੇ ਸਨ। ਸਾਡੇ ਘਰ ਸੁੱਚੀ ਪਿੰਡ ਜਦੋਂ ਵੀ ਕਿਤੇ ਪ੍ਰੋਗਰਾਮ ਹੁੰਦਾ ਸੀ ਉਹ ਰਾਤ ਨੂੰ ਹੀ ਆ ਜਾਂਦੇ ਸਨ। ਅਸੀਂ ਅੱਧੀ-ਅੱਧੀ ਰਾਤ ਤੱਕ ਮਹਾਰਾਜ ਜੀ ਦੀਆਂ ਗੱਲਾਂ ਕਰਨੀਆਂ ਤੇ ਵੈਰਾਗ ਵਿੱਚ ਰੋ ਪੈਣਾ।

ਉਹਨਾਂ ਨੇ ਦੱਸਿਆ ਕੀ ਮਹਾਰਾਜ ਜੀ ਦੇ ਸ਼ਬਦ ਗਰੂ ਸੰਤ ਬਾਬਾ ਹਰਨਾਮ ਦਾਸ ਜੀ ਸਨ ਜਿਹਨਾਂ ਦੇ ਨਾਂ ਤੇ ਜਲੰਧਰ ਵਿਚ ਮੁਹੱਲਾ ਹਰਨਾਮ ਦਾਸ ਬਣਿਆ ਹੈ। ਸਾਨੂੰ ਕਹਿਣ ਲੱਗੇ ਕਿ ਇਹ ਤਾਂ (ਸੰਤ ਸਰਵਣ ਦਾਸ ਜੀ) ਬੱਬਰ ਸ਼ੇਰ ਹੈ, ਹੈ ਤਾਂ ਸਾਡਾ ਹੀ ਸੇਵਕ ਪਰ ਸਾਨੂੰ ਇਸ ਤੋਂ ਡਰ ਲੱਗਦਾ ਹੈ ਕਿਉਂਕਿ ਇਹ ਭਗਤੀ ਵਿਚ ਬਹੁਤ ਅੱਗੇ ਲੰਘ ਗਿਆ ਹੈ। ਇੰਨੀ ਘੋਰ ਤੱਪਸਿਆ ਇਹ ਕਰਦਾ ਹੈ।

ਮਹਾਰਾਜ ਜੀ ਛੂਤ-ਛਾਤ ਦੇ ਕੱਟੜ ਵਿਰੋਧੀ ਸਨ। ਆਪਣੇ ਸਤਿਸੰਗ ਵਿਚ ਸੰਗਤਾਂ ਨੂੰ ਆਪਣੇ ਬੱਚਿਆਂ ਨੂੰ ਪੜ੍ਹਾਉਣ ਤੇ ਬਹੁਤ ਜ਼ੋਰ ਦਿੰਦੇ ਸਨ। ਮਹਾਰਾਜ ਜੀ ਆਪ ਹਿੰਦੀ, ਪੰਜਾਬੀ, ਉਰਦੂ ਅਤੇ ਸੰਸਕ੍ਰਿਤ ਫ਼ਾਰਸੀ ਆਦਿ ਦੇ ਚੰਗੇ ਵਿਦਵਾਨ ਸਨ। ਡੇਰੇ ਵਿਚ ਉਹ ਆਪ ਬੱਚਿਆ ਨੂੰ ਪੜ੍ਹਾਇਆ ਕਰਦੇ ਸਨ। ਸ਼੍ਰੀ ਬਿਸ਼ਨਾ ਰਾਮ ਜੀ ਬੱਲਾਂ, ਸ਼੍ਰੀ ਬੇਲੀ ਰਾਮ ਜੀ, ਸ਼੍ਰੀ ਫਕੀਰ ਸਿੰਘ ਜੀ ਜਿਹੜੇ ਇਸ ਵੇਲੇ ਇੰਗਲੈਂਡ ਵਿਚ ਹਨ, ਸਭ ਮਹਾਰਾਜ ਜੀ ਕੋਲ ਡੇਰੇ ਵਿਖੇ ਪੜ੍ਹਿਆ ਕਰਦੇ ਸਨ। ਮਹਾਰਾਜ ਜੀ ਆਪਣੀ ਕੌਮ ਨੂੰ ਪੜ੍ਹਿਆ ਲਿਖਿਆ ਅਤੇ ਖੁਸ਼ਹਾਲ ਵੇਖਣ ਲਈ ਪ੍ਰਮਾਤਮਾ ਦੇ ਚਰਨਾਂ ਵਿਚ ਅਰਦਾਸਾਂ ਕਰਦੇ ਸਨ ਕਿ ਮੇਰੀ ਕੌਮ ਪੜ੍ਹੇ ਲਿਖੇ ਅਤੇ ਇਹਨਾਂ ਦੇ ਬੱਚੇ ਵੀ ਵੱਡੇ ਵੱਡੇ ਅਫ਼ਸਰ ਬਣਨ ਅਤੇ ਇਹ ਵੀ ਦੂਸਰਿਆਂ ਦੇ ਵਿਚ ਮਾਣ ਨਾਲ ਜੀਵਨ ਬਿਤਾ ਸਕਣ।

## ਸਾਖੀ 154

## ਸ਼੍ਰੀ ਬਖ਼ਸ਼ੀ ਰਾਮ ਦੀ ਬਿਮਾਰੀ ਦੂਰ ਕਰਨਾ।

ਸ਼੍ਰੀ ਭਗਤ ਰਾਮ ਜੀ ਜੋ ਕਿ ਪਿੰਡ ਬੱਲਾਂ ਤੋਂ ਜਾ ਕੇ ਰਮਦਾਸ ਪਿੰਡ ਵਿਖੇ ਰਹਿੰਦੇ ਸਨ। ਉਹਨਾਂ ਦੇ ਸਭ ਪਰਿਵਾਰ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਸ਼੍ਰੀ ਭਗਤ ਰਾਮ ਜੀ ਨੇ ਬਾਬਾ ਪਿੱਪਲ ਦਾਸ ਜੀ ਪਾਸੋਂ ਨਾਮ ਭਜਨ ਲਿਆਂ ਹੋਇਆ ਸੀ।

ਲੱਗਭਗ 1969 ਈਸਵੀ ਦੀ ਗੱਲ ਹੈ ਕਿ ਸ਼੍ਰੀ ਭਗਤ ਰਾਮ ਦਾ ਲੜਕਾ ਬਖ਼ਸ਼ੀ ਰਾਮ ਜਿਸ ਦੀ ਉਮਰ ਉਸ ਸਮੇਂ ਲੱਗਭਗ 25 ਸਾਲ ਦੀ ਸੀ ਉਹ ਬਹੁਤ ਬਿਮਾਰ ਹੋ ਗਿਆ। ਬਖ਼ਸ਼ੀ ਰਾਮ ਦਾ ਇਲਾਜ ਡਾਕਟਰਾਂ ਅਤੇ ਵੈਦਾਂ ਪਾਸੋਂ ਕਰਵਾਇਆ ਪਰ ਉਸ ਨੂੰ ਕਿਸੇ ਪਾਸਿਉਂ ਅਰਾਮ ਨਹੀਂ ਆਇਆ। ਸ਼੍ਰੀ ਭਗਤ ਰਾਮ ਜੀ ਆਪਣੇ ਸਪੁੱਤਰ ਨੂੰ ਸੰਤ ਸਰਵਣ ਦਾਸ ਜੀ ਮਹਾਰਾਜ ਪਾਸ ਲੈ ਕੇ ਆਏ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ ਇਸ ਲੜਕੇ ਦਾ ਇਲਾਜ ਬਹੁਤ ਡਾਕਟਰਾਂ ਤੇ ਵੈਦਾ ਪਾਸੋਂ ਕਰਵਾਇਆ ਪਰ ਇਸ ਨੂੰ ਆਰਾਮ ਨਹੀਂ ਆਇਆ। ਇਸ ਦੀਆਂ ਦੋਨੋਂ ਲੱਤਾਂ ਨਹੀਂ ਚਲਦੀਆਂ। ਆਪ ਜੀ ਇਸ ਉੱਪਰ ਕਿਰਪਾ ਕਰੋ ਜੀ।

ਮਹਾਰਾਜ ਜੀ ਨੇ ਫ਼ਰਮਾਇਆ, "ਪਰਮਾਤਮਾ ਦਾ ਭਜਨ ਸਿਮਰਨ ਕਰਿਆ ਕਰੋ। ਮੰਗਲਵਾਰ ਤੋਂ ਬਾਅਦ ਇਸ ਨੂੰ ਅਰਾਮ ਆਉਣਾ ਸ਼ੁਰੂ ਹੋ ਜਾਵੇਗਾ"। ਮਹਾਰਾਜ ਜੀ ਦੇ ਵਚਨ ਅੱਟਲ ਹੋਏ। ਸ਼੍ਰੀ ਬਖ਼ਸ਼ੀ ਰਾਮ ਜੀ ਦੀ ਸਿਹਤ ਮੰਗਲਵਾਰ ਤੋਂ ਬਾਅਦ ਠੀਕ ਹੋਣੀ ਸ਼ੁਰੂ ਹੋ ਗਈ। ਸ਼੍ਰੀ ਬਖ਼ਸ਼ੀ ਰਾਮ ਨੇ ਦੱਸਿਆ ਕਿ ਮਹਾਰਾਜ ਸਰਵਣ ਦਾਸ ਜੀ ਨੇ ਮੇਰੇ ਤੇ ਕਿਰਪਾ ਕੀਤੀ ਸੀ ਅੱਜ ਤੱਕ ਮੈਂ ਮੁੜ ਉਸ ਤਰ੍ਹਾਂ ਕਦੇ ਬਿਮਾਰ ਨਹੀਂ ਹੋਇਆ। (25-07-2003 ਸ਼੍ਰੀ ਬਖ਼ਸ਼ੀ ਰਾਮ ਪਿੰਡ ਰਮਦਾਸ ਪੁਰ)

## ਸਾਖੀ 155

## ਸ਼੍ਰੀ ਗੁਰਮੇਜ ਰਾਮ ਤੇ ਕ੍ਰਿਪਾ ਕਰਨੀ।

ਸ਼੍ਰੀ ਗੁਰਮੇਜ ਰਾਮ ਤੇ ਬੀਬੀ ਨੰਤੀ ਜੀ ਪਿੰਡ ਢੱਕ ਪੰਡੋਰੀ ਨੇੜੇ ਫਗਵਾੜਾ ਦੇ ਰਹਿਣ ਵਾਲੇ ਸਨ। ਉਹਨਾਂ ਨੇ ਸ਼੍ਰੀ ਗੁਰਦਾਸ ਰਾਮ ਸੁੱਚੀ ਪਿੰਡ ਵਾਲਿਆਂ ਪਾਸੋਂ ਸੰਤ ਸਰਵਣ ਦਾਸ ਜੀ ਦੀ ਉਸਤਤਿ ਸਰਵਨ ਕੀਤੀ ਤਾਂ ਉਹਨਾਂ ਦੇ ਮਨ ਵਿਚ ਮਹਾਰਾਜ ਜੀ ਦੇ ਦਰਸ਼ਨ ਕਰਨ ਦੀ ਤੀਬਰ ਇੱਛਾ ਹੋਈ। ਦੋਨਾਂ ਨੇ ਜਦੋਂ ਡੇਰੇ ਵਿਖੇ ਆ ਕੇ ਮਹਾਰਾਜ ਜੀ ਦੇ ਦਰਸ਼ਨ ਕੀਤੇ ਤਾਂ ਉਹਨਾਂ ਦਾ ਮਨ ਆਨੰਦਿਤ ਹੋ ਗਿਆ। ਇਸ ਤਰ੍ਹਾਂ ਉਹ ਕੁਝ ਮਹੀਨੇ ਹਰ ਐਤਵਾਰ ਡੇਰੇ ਵਿਖੇ ਆਉਂਦੇ ਸਨ। ਦੋਨਾਂ ਤੇ ਮਹਾਰਾਜ ਜੀ ਨੇ ਨਾਮਦਾਨ ਦੀ ਬਖ਼ਸ਼ਿਸ਼ ਕੀਤੀ। ਇਕ ਸਮੇਂ ਸ਼੍ਰੀ ਗੁਰਮੇਜ ਰਾਮ ਜੀ ਬਹੁਤ ਬਿਮਾਰ ਹੋ ਗਏ। ਕਈ ਡਾਕਟਰਾਂ ਪਾਸੋਂ ਉਹਨਾਂ ਇਲਾਜ ਕਰਵਾਇਆ ਪਰ ਉਹਨਾਂ ਨੂੰ ਆਰਾਮ ਨਹੀਂ ਆਇਆ। ਇਕ ਦਿਨ ਸ੍ਰੀ ਗੁਰਮੇਜ ਰਾਮ ਤੇ ਬੀਬੀ ਨੰਤੀ ਡੇਰੇ ਵਿਖੇ ਆਏ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੇਰੀ ਸਿਹਤ ਠੀਕ ਨਹੀਂ ਰਹਿੰਦੀ।ਆਪ ਕਿਰਪਾ ਕਰੋ ਜੀ। ਮਹਾਰਾਜ ਜੀ ਨੇ ਉਸ ਨੂੰ ਆਪਣੇ ਪਾਸ ਬੁਲਾਇਆ ਅਤੇ ਫ਼ਰਮਾਇਆ ਕਿ ਆਪਣੀਆਂ ਦੋਨੋਂ ਅੱਖਾਂ ਮੀਟ ਕੇ ਧਿਆਨ ਦੋਨੋਂ ਅੱਖਾਂ ਦੇ ਵਿਚਕਾਰ ਟਿਕਾਉ। ਮਹਾਰਾਜ ਜੀ ਨੇ ਉਸ ਦੇ ਮਸਤਕ ਉਪਰ ਹੱਥ ਫੇਰਦੇ ਹੋਇਆ ਕਿਹਾ ਕਿ ਕੁਝ ਦਿਖਾਈ ਦਿੰਦਾ ਹੈ ? ਸ਼੍ਰੀ ਗੁਰਮੇਜ ਰਾਮ ਨੇ ਉੱਤਰ ਦਿੱਤਾ ਕਿ ਮਹਾਰਾਜ ਜੀ ਬਹੁਤ ਤੇਜ਼ ਰੋਸ਼ਨੀ ਦਿਖਾਈ ਦਿੰਦੀ ਹੈ। ਉਸ ਤੋਂ ਬਾਅਦ ਮਹਾਰਾਜ ਜੀ ਫੇਰ ਫ਼ਰਮਾਇਆ ਕਿ ਭਜਨ ਸਿਮਰਨ ਕਰਦੇ ਰਹਿਣਾ।ਅੱਜ ਤੋ ਬਾਦ ਤੁਹਾਡੀ ਸਿਹਤ ਠੀਕ ਹੋ ਜਾਵੇਗੀ।ਮਹਾਰਾਜ ਜੀ ਦੇ ਅਟੱਲ ਵਚਨਾਂ ਅਨੁਸਾਰ ਉਸ ਤੋਂ ਬਾਦ ਉਹਨਾਂ ਦੀ ਸਿਹਤ ਠੀਕ ਹੋਣੀ ਸ਼ੁਰੂ ਹੋ ਗਈ ਅਤੇ ਬਿਲਕੁਲ ਠੀਕ ਹੋ ਗਏ।

## ਸਾਖੀ 156

## ਜਾਹ ਜਾ ਕੇ ਸੇਵਾ ਕਰ ਤੈਨੂੰ ਕੁਝ ਨਹੀਂ ਹੋਇਆ।

ਸ਼੍ਰੀ ਪੂਰਨ ਚੰਦ ਮਡਾਰ ਜੀ ਦੀ ਸੁਪਤਨੀ ਸ਼੍ਰੀਮਤੀ ਰਾਜ ਕੌਰ ਮਡਾਰ ਜੀ ਦੱਸਦੇ ਹਨ ਕਿ ਇਕ ਬੀਬੀ ਸੰਤ ਕੌਰ ਸੀ ਉਹਨਾਂ ਦੀ ਇਕ ਬੇਟੀ ਸੀ ਜਿਸ ਦਾ ਨਾਮ ਸੰਤੋਸ਼ ਕੌਰ ਸੀ ਉਸ ਨੂੰ ਇਕ ਅਜੀਬ ਜਿਹੀ ਬਿਮਾਰੀ ਸੀ ਕਿ ਉਸ ਨੂੰ ਠੰਡ ਬਹੁਤ ਲਗਦੀ ਸੀ ਤੇ ਗਰਮੀਆਂ ਵਿਚ ਵੀ ਉਸ ਨੂੰ ਪੋਹ-ਮਾਘ ਵਰਗੀ ਠੰਡ ਲਗਦੀ ਰਹਿੰਦੀ ਸੀ। ਉਸ ਲੜਕੀ ਦਾ ਬਹੁਤ ਇਲਾਜ ਕਰਵਾਇਆ ਗਿਆ ਪਰ ਡਾਕਟਰਾਂ ਦੀ ਸਮਝ ਵਿਚ ਉਸ ਦੀ ਬਿਮਾਰੀ ਕਦੇ ਵੀ ਨਾ ਆਈ ਅਤੇ ਉਸ ਨੂੰ ਕਿਤਿਉਂ ਵੀ ਆਰਾਮ ਨਾ

ਆਇਆ। ਸ਼੍ਰੀਮਤੀ ਰਾਜ ਨੇ ਉਹਨਾਂ ਨੂੰ ਆਪਣੇ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਪਾਸ ਜਾਣ ਦੀ ਸਲਾਹ ਦਿਤੀ ਕਿ ਮਹਾਰਾਜ ਜੀ ਬੜੇ ਦਿਆਲੂ ਹਨ।ਉਹ ਤੁਹਾਡੀ ਬੇਟੀ ਤੇ ਜ਼ਰੂਰ ਕਿਰਪਾ ਕਰਨਗੇ। ਤੁਸੀਂ ਪਿੰਡ ਬੱਲਾਂ ਵਿਖੇ ਜਾ ਕੇ ਮਹਾਰਾਜ ਜੀ ਪਾਸ ਬੇਨਤੀ ਕਰੋ ਤਾਂ ਸ਼੍ਰੀਮਤੀ ਸੰਤ ਕੌਰ ਜੀ ਨੇ ਜਦੋਂ ਸ਼੍ਰੀਮਤੀ ਰਾਜ ਕੌਰ ਜੀ ਪਾਸੋਂ ਸੰਤਾਂ ਦੀ ਉਸਤਤਿ ਸੁਣੀ ਤਾਂ ਉਹਨਾਂ ਦੇ ਮਨ ਵਿਚ ਸੰਤਾਂ ਪ੍ਰਤੀ ਸ਼ਰਧਾ ਹੋਈ ਅਤੇ ਉਹ ਆਪਣੀ ਬੇਟੀ ਨੂੰ ਨਾਲ ਲੈ ਕੇ ਪਿੰਡ ਬੱਲਾਂ ਵੱਲ ਨੂੰ ਚੱਲ ਪਏ। ਜਦੋਂ ਉਹ ਪਿੰਡ ਬੱਲਾਂ ਵਿਖੇ ਪਹੁੰਚੇ ਤਾਂ ਨਹਿਰ ਦੇ ਕੋਲ ਆ ਕੇ ਉਹਨਾਂ ਨੂੰ ਯਾਦ ਆਇਆ ਕਿ ਸੰਤ ਮਹਾਂਪੁਰਸ਼ਾਂ ਕੋਲ ਇਸ਼ਨਾਨ ਕਰਕੇ ਸੁੱਚੇ ਹੋ ਕੇ ਜਾਣਾ ਚਾਹੀਦਾ ਹੈ ਅਤੇ ਸੰਤ ਕੌਰ ਨੇ ਆਪਣੀ ਬੇਟੀ ਨੂੰ ਉਸ ਨਹਿਰ ਵਿਚ ਹੀ ਇਸ਼ਨਾਨ ਕਰਵਾ ਦਿੱਤਾ। ਜਦੋਂ ਉਸ ਲੜਕੀ ਨੇ ਨਹਿਰ ਵਿਚ ਇਸ਼ਨਾਨ ਕੀਤਾ ਤਾਂ ਉਸਦੀ ਅੱਧੀ ਬਿਮਾਰੀ ਤਾਂ ਉਸ ਵੇਲੇ ਹੀ ਦੂਰ ਹੋ ਗਈ ਅਤੇ ਠੰਡ ਲੱਗਣੋਂ ਹੱਟ

ਗਈ।ਜਦੋਂ ਉਸ ਲੜਕੀ ਨੇ ਆਪਣੀ ਮਾਤਾ ਨੂੰ ਇਸ ਬਾਰੇ ਦੱਸਿਆ ਤਾਂ ਉਹਨਾਂ ਦੇ ਮਨ ਵਿਚ ਸੰਤਾਂ ਪ੍ਰਤੀ ਹੋਰ ਵੀ ਸ਼ਰਧਾ ਪੈਦਾ ਹੋਈ ਤੇ ਉਹਨਾਂ ਨੂੰ ਪੂਰੀ ਉਮੀਦ ਬੱਝ ਗਈ ਕਿ ਉਹਨਾਂ ਦੀ ਬੇਟੀ ਹੁਣ ਪੂਰੀ ਤਰ੍ਹਾਂ ਠੀਕ ਹੋ ਜਾਵੇਗੀ। ਇਹੋ ਹੀ ਸੋਚਦੇ ਉਹ ਮਹਾਰਾਜ ਜੀ ਪਾਸ ਪਹੁੰਚੇ ਉਸ ਸਮੇਂ ਮਹਾਰਾਜ ਜੀ ਥੜ੍ਹੇ ਤੇ ਬਿਰਾਜਮਾਨ ਸਨ।ਉਹਨਾਂ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਆਪਣੀ ਲੜਕੀ ਦੀ ਬਿਮਾਰੀ ਬਾਰੇ ਦੱਸਿਆ ਤਾਂ ਮਹਾਰਾਜ ਜੀ ਨੇ ਉਸ ਲੜਕੀ ਨੂੰ ਕਿਹਾ, "ਜਾਹ ਜਾ ਕੇ ਸੇਵਾ ਕਰ ਤੈਨੂੰ ਕੁਝ ਨਹੀਂ ਹੋਇਆ"। ਇਸ ਦੇ ਨਾਲ ਹੀ ਲੜਕੀ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਉਹ ਹੁਣ ਪੂਰੀ ਤਰ੍ਹਾਂ ਠੀਕ ਹੋ ਗਈ ਹੈ।

ਸੋ ਇਸ ਤਰ੍ਹਾਂ ਸੰਤ ਕੌਰ ਜੀ ਜਿਹੜੀ ਉਮੀਦ ਅਤੇ ਸ਼ਰਧਾ ਨਾਲ ਸਤਿਗੁਰਾਂ ਪਾਸ ਆਏ ਸੀ ਤਾਂ ਉਹਨਾਂ ਦੇ ਮਨ ਦੀ ਆਸ਼ਾ ਪੂਰੀ ਹੋਈ ਤੇ ਉਹਨਾਂ ਦਾ ਦੁੱਖ ਦੂਰ ਹੋ ਗਿਆ। ਇਸ ਤਰ੍ਹਾਂ ਸੰਤਾਂ ਤੇ ਸ਼ਰਧਾ ਰੱਖਣ ਨਾਲ ਉਸ ਦਾ ਫਲ ਜ਼ਰੂਰ ਮਿਲਦਾ ਹੈ।

*******

## ਸਾਖੀ 157

## ਇੱਥੇ ਪੂਜਾ ਦਾ ਧਨ ਆਉਂਦਾ ਹੈ।

ਸ਼੍ਰੀ ਪੂਰਨ ਚੰਦ ਮਡਾਰ ਜੀ ਦੱਸਦੇ ਹਨ ਕਿ ਉਹਨਾਂ ਦੇ ਵੱਡੇ ਭਾਈ ਸ਼੍ਰੀ ਸ਼ਰਧਾ ਰਾਮ ਜੀ ਵੀ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਪਾਸ ਅਕਸਰ ਸੇਵਾ ਲਈ ਆਇਆ ਕਰਦੇ ਸਨ। ਭਾਵੇਂ ਹੀ ਉਹਨਾਂ ਨੂੰ ਮਹਾਰਾਜ ਜੀ ਦੀ ਕਿਰਪਾ ਨਾਲ 'ਨਾਮ ਦੀ ਦਾਤ' ਡੇਰਾ ਬਿਆਸ ਤੋਂ ਮਿਲੀ ਹੋਈ ਸੀ। ਪਰ ਮਹਾਰਾਜ ਜੀ ਪ੍ਰਤੀ

ਉਹਨਾਂ ਦੇ ਦਿਲ ਵਿਚ ਅਪਾਰ ਸ਼ਰਧਾ ਸੀ।

ਇਕ ਵਾਰੀ ਸ਼੍ਰੀ ਸ਼ਰਧਾ ਰਾਮ ਜੀ ਅਤੇ ਉਹਨਾਂ ਦੇ ਸਾਥੀ ਨਾਮ ਦਾਸ ਜੀ ਡੇਰਾ ਬਿਆਸ ਤੋਂ ਸਤਿਸੰਗ ਸੁਣ ਕੇ ਵਾਪਸ ਆਪਣੇ ਪਿੰਡ ਵੱਲ ਆ ਰਹੇ ਸੀ, ਉਹ ਮਕਸੂਦਾਂ ਤੋਂ ਸਿੱਧੇ ਜਿਹੜੀ ਨਹਿਰ ਪਿੰਡ ਬੱਲਾਂ ਵਿਚ ਦੀ ਜਾਂਦੀ ਹੈ ਉਸ ਨਹਿਰ ਦੇ ਕਿਨਾਰੇ-ਕਿਨਾਰੇ ਆਪਣੇ ਪਿੰਡ ਵੱਲ ਨੂੰ ਆ ਰਹੇ ਸੀ। ਜਦੋਂ ਉਹ ਪਿੰਡ ਬੱਲਾਂ ਦੇ ਨੇੜੇ ਮਹਾਰਾਜ ਸਵਾਮੀ ਸਰਵਣ ਦਾਸ ਜੀ ਦੀ ਕੁਟੀਆਂ ਨੇੜੇ ਪਹੁੰਚੇ ਤਾਂ ਸ਼੍ਰੀ ਸ਼ਰਧਾ ਰਾਮ ਦੇ ਮਨ ਵਿਚ ਖਿਆਲ ਆਇਆ ਕਿ ਮਹਾਰਾਜ ਜੀ ਦੀ ਕੁਟੀਆ ਵਿਚੋਂ ਲੰਗਰ ਛੱਕ ਕੇ ਚੱਲਦੇ ਆ ਤੇ ਉਹਨਾਂ ਨੇ ਆਪਣੇ ਸਾਥੀ ਨਾਮ ਦਾਸ ਨੂੰ ਕਿਹਾ ਕਿ ਆਪਾ ਕੁਟੀਆ ਚੋਂ ਲੰਗਰ ਛੱਕ ਕੇ ਪਿੰਡ ਨੂੰ ਚੱਲਦੇ ਆ ਤਾਂ ਨਾਮ ਦਾਸ ਕਹਿਣ ਲੱਗਾ, "ਬਈ ਇੱਥੇ ਤਾਂ ਪੂਜਾ ਦਾ ਧਨ ਆਉਂਦਾ ਹੈ ਮੈਂ ਇੱਥੇ ਲੰਗਰ ਨਹੀਂ ਛੱਕਣਾ"। ਪਰ ਸ਼ਰਧਾ ਜੀ ਨੇ ਕਿਹਾ ਕਿ ਮੈਂ ਤਾਂ ਬਈ ਲੰਗਰ ਛੱਕ ਕੇ ਜਾਣਾ ਹੈ ਤੂੰ ਛਕੀ ਜਾਂ ਨਾ ਛਕੀ। ਇਹੋ ਜਿਹੀਆਂ ਗੱਲਾਂ ਕਰਦੇ ਉਹ ਕੁਟੀਆਂ ਵਿਖੇ ਪਹੁੰਚ ਗਏ। ਮਹਾਰਾਜ ਜੀ ਥੜ੍ਹੇ ਤੇ ਬਿਰਾਜਮਾਨ ਸਨ। ਸੰਗਤਾਂ ਬੈਠੀਆਂ ਸਨ। ਉਹਨਾਂ ਦੋਨਾਂ ਨੇ ਆ ਕੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਬੈਠ ਗਏ। ਮਹਾਰਾਜ ਜੀ ਨੇ ਸ਼ਰਧਾ ਰਾਮ ਨੂੰ ਕਿਹਾ, "ਸ਼ਰਧਿਆ, ਤੂੰ ਜਾ ਕੇ ਲੰਗਰ ਛੱਕ ਲੈ, ਨਾਮ ਦਾਸ ਨੂੰ ਬੈਠਾ ਰਹਿਣ ਦੇ, ਇੱਥੇ ਤਾਂ ਪੂਜਾ ਦਾ ਧਨ ਆਉਂਦਾ ਹੈ"। ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਇਹ ਵਚਨ ਸੁਣ ਕੇ ਨਾਮਦਾਸ ਜੀ ਦੇ ਹਿਰਦੇ ਤੇ ਸੱਟ ਵੱਜੀ ਤੇ ਉਹਨੂੰ ਆਪਣੇ ਸ਼ਬਦਾਂ ਤੇ ਬੜਾ ਅਫ਼ਸੋਸ ਹੋਇਆ ਅਤੇ ਉਹ ਮਹਾਰਾਜ ਜੀ ਦੇ ਚਰਨਾਂ ਤੇ ਡਿੱਗ ਪਿਆ ਅਤੇ ਮਹਾਰਾਜ ਜੀ ਪਾਸੋਂ ਮੁਆਫ਼ੀ ਮੰਗੀ। ਜਦੋਂ ਪੂਰੀ ਗੱਲਬਾਤ ਸੰਗਤਾਂ ਨੂੰ ਪਤਾ ਲੱਗੀ ਤਾਂ ਉਹ ਵੀ ਬਹੁਤ ਹੈਰਾਨ ਹੋਈਆਂ। ਇਸ ਤਰ੍ਹਾਂ ਜਾਣੀ-ਜਾਣ ਸਤਿਗੁਰਾਂ ਨੂੰ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਕੋਈ ਮਨ ਵਿਚ ਕੀ ਧਾਰ ਕੇ ਆਇਆ ਹੈ ਤਾਂ ਇਹੋ ਜਿਹੇ ਸਾਧੂ ਹੀ ਪੂਰਨ ਸੰਤ ਮਹਾਂਪੁਰਸ਼ ਹੁੰਦੇ ਹਨ ਜਿਹੜੇ ਦੂਜਿਆਂ ਦੇ ਦਿਲਾਂ ਦੀਆਂ ਗੱਲਾਂ ਪਹਿਲਾਂ ਹੀ ਜਾਣ ਲੈਂਦੇ ਹਨ।

## ਸਾਖੀ 158

## ਕੱਲ੍ਹ ਨੂੰ 12ਵਜੇ ਮੀਂਹ ਪੈ ਜਾਵੇਗਾ।

ਸ਼੍ਰੀ ਪੂਰਨ ਚੰਦ ਜੀ ਦੱਸਦੇ ਹਨ ਕਿ ਸਵਾਮੀ ਸਰਵਣ ਦਾਸ ਜੀ ਪੈਦਲ ਹੀ ਕਦੀ-ਕਦੀ ਜਲੰਧਰ ਸ਼ਹਿਰ ਜਾਇਆ ਕਰਦੇ ਸਨ।

ਇਸੇ ਤਰ੍ਹਾਂ ਮਹਾਰਾਜ ਜੀ ਇਕ ਵਾਰੀ ਜਲੰਧਰ ਨੂੰ ਤੁਰੇ ਜਾ ਰਹੇ ਸਨ। ਜਦੋਂ ਉਹ ਪਿੰਡ ਨੂਰਪੁਰ ਪਹੁੰਚੇ ਤਾਂ ਸਿਖ਼ਰ ਦੁਪਹਿਰਾ ਟਿਕਿਆ ਸੀ

ਗਰਮੀ ਬਹੁਤ ਸੀ ਅਤੇ ਕਈ ਦਿਨਾਂ ਤੋਂ ਔੜ ਲੱਗੀ ਹੋਈ ਸੀ। ਇੰਨੇ ਨੂੰ ਇਕ ਨੂਰਪੁਰ ਦਾ ਹੀ ਜ਼ਿਮੀਦਾਰ ਮਹਾਰਾਜ ਜੀ ਪਾਸ ਆਇਆ ਤੇ ਉਸਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਕਹਿਣ ਲੱਗਾ, "ਮਹਾਰਾਜ, ਗਰਮੀ ਬਹੁਤ ਪੈ ਰਹੀ, ਫਸਲਾਂ ਸੁੱਕੀ ਜਾ ਰਹੀਆਂ ਹਨ। ਤੁਸੀਂ ਕਿਰਪਾ ਕਰੋ ਮੀਂਹ ਹੀ ਪੁਆ ਦਿਓ"। ਇਸ ਵਿਅਕਤੀ ਨੇ ਮਹਾਰਾਜ ਜੀ ਨੂੰ ਮਜ਼ਾਕੀਆਂ ਲਹਿਜੇ ਵਿਚ ਇਹ ਸ਼ਬਦ ਕਹੇ ਸਨ ਉਹ ਸੋਚਦਾ ਸੀ ਕਿ ਇਸ ਤਰ੍ਹਾਂ ਭਗਵੇਂ ਕੱਪੜੇ ਪਾ ਕੇ ਬਹੁਤ ਸਾਰੇ ਸਾਧੂ ਤੁਰੇ ਫਿਰਦੇ ਹਨ ਤੇ ਉਸ ਨੂੰ ਸੰਤਾਂ ਮਹਾਂਪੁਰਸ਼ਾਂ ਤੇ ਵਿਸ਼ਵਾਸ ਹੀ ਨਹੀਂ ਸੀ ਪਰ ਉਹ ਇਹ ਨਹੀਂ ਸੀ ਜਾਣਦਾ ਕਿ ਜਿਹਨਾਂ ਸੰਤਾਂ ਨੂੰ ਉਹਨੇ ਇਹ ਸ਼ਬਦ ਕਹਿ ਦਿੱਤੇ ਹਨ ਉਹ ਤਾਂ ਕੋਈ ਅਵਤਾਰੀ ਮਹਾਪਰਸ਼ ਹਨ ਜੋ ਜਨ-ਕਲਿਆਣ ਲਈ ਹੀ ਸੰਸਾਰ ਤੇ ਪ੍ਰਗਟ ਹੋਏ ਹਨ। ਉਹਨੂੰ ਨਹੀਂ ਸੀ ਪਤਾ ਕਿ ਸਵਾਮੀ ਸਰਵਣ ਦਾਸ ਜੀ ਜਿੱਧਰ ਨੂੰ ਆਪਣਾ ਖੂੰਡਾ ਲਹਿਰਾ ਦੇਣ ਹਵਾ ਵੀ ਉੱਧਰ ਨੂੰ ਹੀ ਚੱਲ ਪੈਂਦੀ ਹੈ ਤੇ ਉਸ ਨੇ ਤਾਂ ਸਿਰਫ ਮੀਂਹ ਪਵਾਉਣ ਦੀ ਹੀ ਗੱਲ ਕੀਤੀ ਸੀ। ਉਸ ਦੀ ਇਹ ਬੇਨਤੀ ਸੁਣ ਕੇ ਮਹਾਰਾਜ ਜੀ ਨੇ ਕੁਝ ਚਿਰ ਸੋਚਿਆ ਤੇ ਵਚਨ ਕੀਤਾ, "ਕੱਲ੍ਹ ਨੂੰ 12 ਵਜੇ ਮੀਂਹ ਪੈ ਜਾਵੇਗਾ"। ਇਹ ਵਚਨ ਕਰਕੇ ਮਹਾਰਾਜ ਅੱਗੇ ਤੁੱਰ ਪਏ। ਫਿਰ ਦੂਸਰੇ ਦਿਨ ਸਵੇਰ ਨੂੰ ਉਹ ਵਿਅਕਤੀ 12 ਵੱਜਣ ਦੀ ਉਡੀਕ ਕਰਨ ਲੱਗਾ ਕਿਉਂਕਿ ਉਹ ਦੇਖਣਾ ਚਾਹੁੰਦਾ ਸੀ ਕਿ ਸੰਤਾਂ ਦੇ ਵਚਨ ਪੂਰੇ ਹੁੰਦੇ ਹਨ ਕਿ ਨਹੀਂ ਤੇ ਇਸੇ ਤਰ੍ਹਾਂ ਸਮਾਂ 12ਵਜੇ ਦੇ ਨੇੜੇ ਹੋ ਗਿਆ ਪਰ ਅਕਾਸ਼ ਵਿਚ ਕਿਧਰੇ ਵੀ ਕੋਈ ਬੱਦਲ ਦਿਖਾਈ ਨਹੀਂ ਸਨ ਦੇ ਰਹੇ। ਇਹ ਵਿਅਕਤੀ ਸੋਚਣ ਲੱਗਾ ਕਿ ਹੁਣ ਮੀਂਹ ਨਹੀਂ ਪਵੇਗਾ। ਬਹੁਤ ਕੜਕਦੀ ਧੁੱਪ ਟਿਕੀ ਹੋਈ ਸੀ। ਜਦੋਂ 12 ਵੱਜ ਗਏ ਤਾਂ ਪਤਾ ਨਹੀਂ ਅਕਾਸ਼ ਵਿਚ ਇਕ ਦਮ ਹੀ ਬੜੇ ਜ਼ੋਰ ਦੀ ਬੱਦਲ ਚੜ੍ਹ ਆਇਆ ਤੇ ਛਰਾਟਿਆ ਨਾਲ ਮੀਂਹ ਪੈਣ ਲੱਗ ਪਿਆ। ਕਾਫ਼ੀ ਦੇਰ ਤੱਕ ਬਹੁਤ ਬਰਸਾਤ ਹੋਈ ਅਤੇ ਸਾਰੇ ਪਾਸੇ ਪਾਣੀ ਹੀ ਪਾਣੀ ਹੋ ਗਿਆ। ਫਿਰ ਉਹ ਵਿਅਕਤੀ ਮਹਾਰਾਜ ਜੀ ਪਾਸ ਆਇਆ ਤੇ ਮਹਾਰਾਜ ਜੀ ਦੇ ਚਰਨੀ ਡਿੱਗ ਪਿਆ ਅਤੇ ਮਾਫ਼ੀਆਂ ਮੰਗਣ ਲੱਗਾ। ਉਸ ਨੂੰ ਪਤਾ ਲੱਗ ਗਿਆ ਕਿ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਪੂਰਨ ਸੰਤ ਮਹਾਪੁਰਸ਼ ਹਨ ਅਤੇ ਉਹ ਕੁਝ ਵੀ ਕਰ ਸਕਦੇ ਹਨ। ਕਦੀ ਵੀ ਸੰਤਾਂ ਮਹਾਂਪੁਰਸ਼ਾਂ ਨੂੰ ਪਰਖਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

## ਸਾਖੀ 159

## ਦੱਸ ਤੇਰੇ ਨਾਲ ਕਿੱਦਾਂ ਹੋਈ।

ਇਹ ਘਟਨਾ ਸ਼੍ਰੀ ਪਰਨ ਚੰਦ ਮਡਾਰ ਜੀ ਦੇ ਲੜਕੇ ਸ਼੍ਰੀ ਰਾਮ ਪ੍ਰਕਾਸ਼ ਨਾਲ

ਵਾਪਰੀ ਸੀ। ਰਾਮ ਪ੍ਰਕਾਸ਼ ਜੀ ਇਕ ਵਾਰ ਆਪਣੇ ਕੋਠੇ ਦੀ ਛੱਤ ਤੇ ਸੌਂ ਰਹੇ ਸੀ। ਉਹਨਾਂ ਨੇ ਰਾਤ ਨੂੰ ਸੁੱਤਿਆਂ ਪਿਆਂ ਨੇ ਦੇਖਿਆ ਕਿ ਕੋਈ ਉਸਨੂੰ ਦਾਤ ਨਾਲ ਵੱਢ ਰਿਹਾ ਸੀ। ਜਦੋਂ ਸਵੇਰੇ ਉਹਨੂੰ ਤੜਕਸਾਰ ਜਾਗ ਆਈ ਤਾਂ ਉਨ੍ਹਾਂ ਦੇ ਕੱਪੜਿਆ ਤੇ ਵੀ ਖ਼ੂਨ ਲੱਗਾ ਹੋਇਆ ਸੀ। ਪਰ ਉਸਦੇ ਸਰੀਰ ਤੇ ਕਿਤੇ ਵੀ ਕੋਈ ਚੋਟ ਦਾ ਨਿਸ਼ਾਨ ਨਹੀਂ ਸੀ। ਉਹ ਇਹ ਸਭ ਦੇਖ ਕੇ ਬਹੁਤ ਹੈਰਾਨ ਅਤੇ ਪ੍ਰੇਸ਼ਾਨ ਹੋਇਆ ਕਿ ਇਹ ਮੇਰੇ ਨਾਲ ਕੀ ਹੋਇਆ ਹੈ ਤੇ ਉਹ ਉਸੇ ਤਰ੍ਹਾਂ ਹੀ ਮਹਾਰਾਜ ਜੀ ਦੀ ਕੁਟੀਆ ਵੱਲ ਨੂੰ ਚੱਲ ਪਿਆ।

ਜਦੋਂ ਉਹ ਮਹਾਰਾਜ ਜੀ ਪਾਸ ਪਹੁੰਚਿਆ ਤਾਂ ਮਹਾਰਾਜ ਜੀ ਨੇ ਆਉਂਦਿਆਂ ਸਾਰ ਹੀ ਉਸ ਨੂੰ ਪੁੱਛਿਆ "ਹਾਂ ਬਈ, ਦੱਸ ਤੇਰੇ ਨਾਲ ਕਿੱਦਾਂ ਹੋਈ ਆ" ? ਇਹ ਸੁਣ ਕੇ ਉਹ ਮਹਾਰਾਜ ਜੀ ਦੇ ਚਰਨਾਂ ਤੇ ਡਿੱਗ ਪਿਆ ਤੇ ਕਹਿਣ ਲੱਗਾ, "ਮਹਾਰਾਜ ਜੀ ਮੈਨੂੰ ਤੁਸੀਂ ਤਾਂ ਬਚਾਇਆ ਹੈ। ਇਹ ਕੀ ਕੌਤਕ ਸੀ" ? ਮਹਾਰਾਜ ਜੀ ਨੇ ਉੱਤਰ ਦਿੱਤਾ, "ਤੇਰੇ ਤੇ ਆਈ ਭਾਰੀ ਬਲ੍ਹਾ ਟਲ੍ਹ ਗਈ ਹੈ, ਤੇਰੇ ਇਸ ਦੁੱਖ ਦਾ ਨਿਪਟਾਰਾ ਸੁਪਨੇ ਵਿਚ ਹੀ ਹੋ ਗਿਆ ਹੈ"।

ਇਸ ਤਰ੍ਹਾਂ ਪੂਰਨ ਸੰਤ ਮਹਾਂਪੁਰਸ਼ ਆਪਣੇ ਸੇਵਕਾਂ ਤੇ ਆਉਂਦੀਆਂ ਬਲਾਵਾਂ ਨੂੰ ਭਗਤੀ ਦੇ ਬਲ ਨਾਲ ਦੂਰ ਕਰ ਦਿੰਦੇ ਹਨ ਅਤੇ ਸੂਲੀ ਤੋਂ ਸੂਲ ਬਣਾ ਦਿੰਦੇ ਹਨ।

## ਸਾਖੀ 160

### ਅਬ ਪਛਤਾਏ ਕਿਆ ਬਣੇ

9 ਜੂਨ 1972 ਈਸਵੀ ਦੀ ਗੱਲ ਹੈ ਕਿ ਸ਼੍ਰੀ ਗਰਮੇਲ ਰਾਮ ਜੀ ਤੇ ਬੀਬੀ ਨੰਤੀ ਡੇਰੇ ਵਿਖੇ ਸਵੇਰੇ ਆਏ। ਜਦੋਂ ਉਹ ਸ਼ਾਮ ਨੂੰ ਘਰ ਵਾਪਸ ਜਾਣ ਲੱਗੇ ਤਾਂ ਮਹਾਰਾਜ ਪਾਸੋਂ ਉਹਨਾਂ ਆਗਿਆ ਮੰਗੀ। ਮਹਾਰਾਜ ਜੀ ਨੇ ਫ਼ਰਮਾਇਆ "ਸਾਡੇ ਪਾਸ ਰਹੋ ਚੌਥ ਨੂੰ ਚਲੇ ਜਾਣਾ"।

ਸ਼੍ਰੀ ਗੁਰਮੇਲ ਰਾਮ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਬੱਚੇ ਘਰ ਇੱਕਲੇ ਹਨ। ਅਸੀਂ ਫਿਰ ਆ ਜਾਵਾਂਗੇ। ਮਹਾਰਾਜ ਜੀ ਨੇ ਫ਼ਰਮਾਇਆ "ਦੁਬਾਰਾ ਇਸ ਤਰ੍ਹਾਂ ਸਾਡੇ ਨਾਲ ਮਿਲਾਪ ਨਹੀਂ ਹੋਣਾ"। ਸ਼੍ਰੀ ਗੁਰਮੇਲ ਰਾਮ ਨੇ ਮਨ ਵਿਚ ਵਿਚਾਰਿਆ ਕਿ ਸ਼ਾਇਦ ਮਹਾਰਾਜ ਜੀ ਨੇ ਚੌਥ ਨੂੰ ਕਿਤੇ ਬਾਹਰ ਜਾਣਾ ਹੋਵੇਗਾ। ਦੋਨੋਂ ਫਿਰ ਮਹਾਰਾਜ ਜੀ ਪਾਸੋ ਆਗਿਆ ਲੈ ਕੇ ਪਿੰਡ ਚਲੇ ਗਏ। 12 ਜੂਨ ਸਵੇਰੇ 3 ਵਜੇ ਉਹ ਆਪਣੇ ਘਰ ਸੌਂ ਰਹੇ ਸਨ ਤਾਂ ਬਹੁਤ ਜ਼ੋਰ ਦੀ ਖੜਾਕਾ ਹੋਇਆ। ਸ਼੍ਰੀ ਗੁਰਮੇਲ ਜੀ ਤੇ ਬੀਬੀ ਨੰਤੀ ਉੱਠ ਕੇ ਬੈਠ ਗਏ ਅਤੇ ਸੋਚਿਆ ਕਿ ਕਿਤੇ ਗੋਲੀ ਚੱਲੀ ਹੈ। ਦਿਨ ਚੜ੍ਹੇ ਉਹਨਾਂ ਨੂੰ ਖ਼ਬਰ ਮਿਲ ਗਈ ਕਿ ਮਹਾਰਾਜ ਜੀ ਜੋਤੀ ਜੋਤ ਸਮਾ ਗਏ ਤਾਂ ਉਹ ਬਹੁਤ ਪਛਤਾਏ

ਕਿ ਜੇਕਰ ਅਸੀਂ ਮਹਾਰਾਜ ਪਾਸ ਰਹਿ ਲੈਂਦੇ ਤਾਂ ਚੰਗਾ ਸੀ।

(30-07-2003 ਸ਼੍ਰੀ ਗੁਰਮੇਲ ਰਾਮ ਤੇ ਬੀਬੀ ਨੰਤੀ)

## ਸਾਖੀ 161

## ਸ਼੍ਰੀ ਰੇਸ਼ਮ ਲਾਲ ਤੇ ਕਿਰਪਾ ਕਰਨੀ।

ਸ਼੍ਰੀ ਨੰਦਾ ਰਾਮ ਜੀ ਪਿੰਡ ਨੌਗੱਜਾ ਦੇ ਰਹਿਣ ਵਾਲੇ ਸਨ। ਉਹ ਮਹਾਰਾਜ ਸਰਵਣ ਦਾਸ ਜੀ ਦੇ ਸ਼ਰਧਾਲੂ ਸਨ। ਸ਼੍ਰੀ ਨੰਦਾ ਰਾਮ ਦਾ ਸਪੁੱਤਰ ਸ਼੍ਰੀ ਰੇਸ਼ਮ ਲਾਲ ਸਕੂਲ ਪੜ੍ਹਨ ਤੋਂ ਬਾਅਦ ਆਪਣੇ ਸਾਥੀਆਂ ਸਮੇਤ ਮਹਾਰਾਜ ਜੀ ਪਾਸ ਆ ਕੇ ਪੜ੍ਹਾਈ ਕਰਿਆ ਕਰਦੇ ਸਨ। ਮਹਾਰਾਜ ਹਮੇਸ਼ਾ ਉਹਨਾਂ ਨੂੰ ਪੜ੍ਹਾਈ ਲਈ ਪ੍ਰੇਰਤ ਕਰਦੇ ਸਨ। ਮਹਾਰਾਜ ਡੇਰੇ ਵਿਖੇ ਹਰ ਐਤਵਾਰ ਖੀਰ ਅਤੇ ਮਾਲ੍ਹਪੂੜੇ ਦਾ ਲੰਗਰ ਵਿੱਦਿਆ ਪੜ੍ਹ ਰਹੇ ਬੱਚਿਆਂ ਅਤੇ ਸੰਗਤਾਂ ਲਈ ਚਲਾਇਆ ਕਰਦੇ ਸਨ। 1963-64 ਈਸਵੀ ਦੀ ਗੱਲ ਹੈ।ਉਸ ਸਮੇਂ ਸ਼੍ਰੀ ਰੇਸ਼ਮ ਲਾਲ ਅੱਠਵੀਂ ਕਲਾਸ ਵਿਚ ਪੜ੍ਹ ਰਹੇ ਸਨ।ਉਸ ਦੇ ਨਾਲ ਪਿੰਡ ਬੱਲਾਂ ਦਾ ਵਸਨੀਕ ਸ਼੍ਰੀ ਮੁਨਸ਼ੀ ਰਾਮ ਜੀ ਦਾ ਲੜਕਾ ਮਲਕੀਤ ਵੀ ਸੀ। ਸੰਤ ਸਰਵਣ ਦਾਸ ਮਹਾਰਾਜ ਜੀ ਨੇ ਫ਼ਰਮਾਇਆ "ਤੁਸੀ ਅਫ਼ਸਰ ਬਣਨਾ ਹੈ ਇਸ ਲਈ ਪੜ੍ਹਾਈ ਧਿਆਨ ਨਾਲ ਕਰਿਆ ਕਰੋ"। ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਸ਼੍ਰੀ ਰੇਸ਼ਮ ਜੀ ਨੇ ਦੱਸਿਆ ਕਿ ਮੈਂ ਮਹਾਰਾਜ ਜੀ ਦੀ ਕਿਰਪਾ ਨਾਲ 10 ਵੀ ਕਲਾਸ ਪੜ੍ਹਨ ਤੋਂ ਬਾਅਦ ਡਿਪਲੋਮਾ ਕੀਤਾ।ਅੱਜ ਮਹਾਰਾਜ ਜੀ ਦੀ ਕਿਰਪਾ ਨਾਲ ਮੈਂ ਕਾਰਪੋਰੇਸ਼ਨ ਡਿਪਾਰਟਮੈਂਟ ਵਿਚ ਜਲੰਧਰ ਵਿਖੇ ਇੰਸਪੈਕਟਰ ਹਾਂ। ਇਹ ਸਭ ਕਿਰਪਾ ਸੰਤ ਸਰਵਣ ਦਾਸ ਜੀ ਦੀ ਹੈ।

-ਸ਼੍ਰੀ ਰੇਸ਼ਮ ਲਾਲ ਪਿੰਡ ਨੌਗੱਜਾ (ਅੱਜ ਕੱਲ ਸੰਤੋਖਪੁਰਾਂ)
ਜਲੰਧਰ 30-07-2003

## ਸਾਖੀ 162

## ਸ਼੍ਰੀ ਦਰਸ਼ਨ ਸਿੰਘ ਹਵਾਲਦਾਰ ਦੀ 1971 ਈਸਵੀ ਦੇ ਭਾਰਤ-ਪਾਕਿ ਯੁੱਧ ਸਮੇਂ ਰੱਖਿਆ ਕਰਨੀ।

ਸ਼੍ਰੀ ਤੁਲਸੀ ਰਾਮ ਜੀ ਅਤੇ ਬੀਬੀ ਮਹਾਂ ਕੌਰ ਪਿੰਡ ਬੂਰੇ ਜੱਟਾਂ ਹੁਸ਼ਿਆਰਪੁਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਦੇ ਨਾਲ ਬਹੁਤ ਪ੍ਰੇਮ ਸੀ। 1971 ਈਸਵੀ ਦੇ ਭਾਰਤ-ਪਾਕਿ ਯੁੱਧ ਦੀ ਗੱਲ ਹੈ ਕਿ ਜਦੋਂ ਯੁੱਧ ਸ਼ੁਰੂ ਹੋਇਆ ਸ਼੍ਰੀ ਤੁਲਸੀ ਰਾਮ ਦੇ ਸਪੁੱਤਰ ਸ. ਦਰਸ਼ਨ ਸਿੰਘ ਜੋ ਕਿ ਫ਼ੌਜ ਵਿਚ ਨੌਕਰੀ ਕਰਦੇ ਸਨ। ਮਹਾਰਾਜ

ਜੀ ਪਾਸੋਂ ਡੇਰੇ ਵਿਖੇ ਆਸ਼ੀਰਵਾਦ ਲੈਣ ਲਈ ਆਏ। ਉਹਨਾਂ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੈਂ ਯੁੱਧ ਵਿਚ ਜਾ ਰਿਹਾ ਹਾਂ ਆਪ ਜੀ ਨੇ ਕਿਰਪਾ ਕਰਨੀ।

ਮਹਾਰਾਜ ਜੀ ਨੇ ਫ਼ਰਮਾਇਆ "ਦਰਸ਼ਨ ਫਿਕਰ ਨਹੀਂ ਕਰਨਾ ਤੇਰੇ ਸਰੀਰ ਉੱਪਰ ਝਰੀਟ ਵੀ ਨਹੀਂ ਆਏਗੀ"।

ਸ਼੍ਰੀ ਦਰਸਨ ਸਿੰਘ ਮਹਾਰਾਜ ਜੀ ਤੋਂ ਆਸ਼ੀਰਵਾਦ ਲੈ ਕੇ ਜੰਮੂ ਕਸ਼ਮੀਰ ਵਿਖੇ ਪੁੰਛ ਸੈਕਟਰ ਵਿਖੇ ਯੁੱਧ ਵਿਚ ਸ਼ਾਮਲ ਹੋਏ। ਜਦੋਂ ਉਹ ਯੁੱਧ ਕਰ ਰਹੇ ਸਨ ਤਾਂ ਉਹਨਾਂ ਦੇ 22 ਸਾਥੀਆ ਸਮੇਤ ਉਹਨਾਂ ਨੂੰ ਪਾਕਿਸਤਾਨੀ ਫ਼ੌਜ ਨੇ ਘੇਰ ਲਿਆ। ਉਹਨਾਂ ਦੇ ਚਾਰੇ ਪਾਸੇ ਬੰਬ ਡਿੱਗਣ ਲੱਗੇ। ਸ. ਦਰਸ਼ਨ ਸਿੰਘ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਮਹਾਰਾਜ ਜੀ ਸਾਡੀ ਰੱਖਿਆ ਕਰੋ।ਮਹਾਰਾਜ ਜੀ ਉਸ ਸਮੇ ਪ੍ਰਗਟ ਹੋਏ ਤਾਂ ਸ. ਦਰਸ਼ਨ ਸਿੰਘ ਨੂੰ ਕਿਹਾ ਕਿ "ਕੋਈ ਫਿਕਰ ਨਹੀਂ ਕਰਨਾ"। ਦਰਸ਼ਨ ਸਿੰਘ ਤੇ ਉਸ ਦੇ ਸਾਥੀ ਇਕ ਟੋਏ ਵਿਚ ਵੜ ਕੇ ਖੂੰਜਿਆਂ ਨਾਲ ਲੱਗ ਗਏ। ਸਾਰੀ ਰਾਤ ਉਹ ਇਸੇ ਤਰ੍ਹਾਂ ਟੋਏ ਵਿਚ ਰਹੇ। ਸਵੇਰ ਹੋਣ ਤੇ ਉਹ ਉਸ ਟੋਏ ਵਿੱਚੋਂ ਨਿਕਲ ਗਏ। ਕੁਝ ਦਿਨਾਂ ਬਾਅਦ ਲੜਾਈ ਬੰਦ ਹੋ ਗਈ।

ਜਦੋਂ ਉਹ ਘਰ ਪੁੱਜੇ ਤਾਂ ਉਹਨਾਂ ਦੇ ਪਿਤਾ ਸ਼੍ਰੀ ਤੁਲਸੀ ਰਾਮ ਸ. ਦਰਸ਼ਨ ਸਿੰਘ ਨੂੰ ਡੇਰੇ ਵਿਖੇ ਲੈ ਕੇ ਆਏ। ਜਦੋਂ ਦੋਨੋਂ ਨੇ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਮਹਾਰਾਜ ਪਾਸ ਥੜ੍ਹੇ ਕੋਲ ਬੈਠ ਗਏ ਤਾਂ ਮਹਾਰਾਜ ਜੀ ਨੇ ਫ਼ਰਮਾਇਆ ਕਿ "ਭਗਵਾਨ ਦੀ ਕਿਰਪਾ ਨਾਲ ਦਰਸ਼ਨ ਸਿੰਘ ਫੌਜੀ ਦੇ ਸਰੀਰ ਤੇ ਝਰੀਟ ਤੱਕ ਨਹੀਂ ਆਈ"। ਸ. ਦਰਸ਼ਨ ਸਿੰਘ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਜਿਨ੍ਹਾਂ ਦੀ ਆਪ ਰੱਖਿਆ ਕਰਨ ਵਾਲੇ ਹੋ ਉਸ ਨੂੰ ਝਰੀਟ ਕਿਵੇਂ ਲੱਗ ਸਕਦੀ ਹੈ।

ਗੁਰਦੇਵ ਸਿੰਘ ਪੁੱਤਰ ਸ਼੍ਰੀ ਤੁਲਸੀ ਰਾਮ, ਬੂਰੇ ਜੱਟਾਂ, ਹੁਸ਼ਿਆਰਪੁਰ-02-08-2003

## ਸਾਖੀ 163

## ਚਿੱਕੜ ਵਿਚ ਫਸੀ ਹੋਈ ਬੱਸ ਨੂੰ ਬਾਹਰ ਕੱਢਣ ਦੀ ਕਥਾ।

## ਸ਼੍ਰੀਮਾਨ ਗੁਰਦਿਆਲ ਸਿੰਘ ਤੇ ਬੀਬੀ ਮਿਹਰ ਕੌਰ ਤੇ ਕਿਰਪਾ ਕਰਨੀ।

ਲੱਗਭਗ 1942 ਈਸਵੀ ਦੀ ਗੱਲ ਹੈ। ਸ਼੍ਰੀਮਾਨ ਗੁਰਦਿਆਲ ਸਿੰਘ ਦਾ ਵਿਆਹ ਬੀਬੀ ਮਿਹਰ ਕੌਰ ਪਿੰਡ ਕਮਾਲਪੁਰ ਨੌਰਾ, ਜ਼ਿਲ੍ਹਾਂ ਸ਼ੇਖੂ ਪੁਰਾ (ਨਨਕਾਣਾ ਸਾਹਿਬ ਤੋਂ ਅੱਧਾ ਕਿਲੋਮੀਟਰ ਦੂਰ) ਅੱਜ ਕੱਲ੍ਹ ਪਾਕਿਸਤਾਨ ਨਾਲ ਨੀਅਤ ਹੋਇਆ। ਸਰਦਾਰ ਗੁਰਦਿਆਲ ਸਿੰਘ ਜੀ ਦੀ ਜਨੇਤੇ ਸੰਤ ਸਰਵਣ ਦਾਸ ਜੀ ਮਹਾਰਾਜ ਅਤੇ

ਉਹਨਾਂ ਦੇ ਨਾਲ ਰਾਗੀ ਠਾਕਰ ਦਾਸ ਜੀ ਦਾ ਜੱਥਾ ਵੀ ਗਿਆ। ਜਨੇਤ ਦੋ ਦਿਨ ਕਮਾਲ ਪੁਰ ਨੌਰਾ ਵਿਖੇ ਰਹੀ। ਸਭ ਸੰਗਤਾਂ ਨੇ ਕਥਾ ਤੇ ਕੀਰਤਨ ਦਾ ਆਨੰਦ ਮਾਣਿਆ। ਵਾਪਸ ਆਉਂਦੇ ਹੋਏ ਜਨੇਤ ਇਕ ਬੱਸ ਵਿਚ ਆ ਰਹੀ ਸੀ। ਰਸਤੇ ਵਿਚ ਬਸ ਕੱਲਰ ਮਿੱਟੀ ਦੇ ਚਿੱਕੜ ਚ' ਫਸ ਗਈ। ਡਰਾਇਵਰ ਨੇ ਸਾਰੀਆਂ ਸਵਾਰੀਆਂ ਨੂੰ ਬੱਸ ਤੋਂ ਥੱਲੇ ਉਤਾਰ ਕੇ ਬੱਸ ਨੂੰ ਧੱਕਾ ਲਗਾਉਣ ਲਈ ਕਿਹਾ। ਪਰ ਬੱਸ ਨਾ ਨਿਕਲੀ। ਫਿਰ ਮਹਾਰਾਜ ਸਰਵਣ ਦਾਸ ਜੀ ਨੇ ਸਾਰੀਆਂ ਸੰਗਤਾਂ ਨੂੰ ਕਿਹਾ ਕਿ ਬੱਸ ਵਿਚ ਬੈਠ ਜਾਓ। ਜਦੋਂ ਸਾਰੀਆਂ ਸੰਗਤਾਂ ਬੱਸ ਵਿਚ ਬੈਠ ਗਈਆਂ ਤਾਂ ਮਹਾਰਾਜ ਸਰਵਣ ਦਾਸ ਜੀ ਬੱਸ ਵਿਚ ਬੈਠ ਗਏ। ਮਹਾਰਾਜ ਜੀ ਨੇ ਬੱਸ ਨੂੰ ਆਪਣਾ ਖੂੰਡਾ ਲਗਾਉਂਦੇ ਹੋਏ ਕਿਹਾ, "ਲੈ ਭਾਈ ਹੁਣ ਮੈਂ ਬੱਸ ਨੂੰ ਧੱਕਾ ਲਗਾਉਣਾ ਹੈ"। ਕਹਿੰਦੇ ਹੋਏ ਡਰਾਇਵਰ ਨੂੰ ਬੱਸ ਚਲਾਉਣ ਲਈ ਕਿਹਾ, ਡਰਾਇਵਰ ਨੇ ਕਿਹਾ ਕਿ ਤੁਸੀਂ ਸਾਰੇ ਜ਼ੋਰ ਲਗਾ ਕੇ ਹੱਟ ਗਏ ਹੁਣ ਕਿਵੇਂ ਨਿਕਲ ਸਕਦੀ ਹੈ। ਕਹਿੰਦੇ ਹੋਏ ਜਦੋਂ ਬੱਸ ਚਲਾਈ ਤਾਂ ਝੱਟ ਬੱਸ ਨਿਕਲ ਗਈ। ਸਾਰੀਆਂ ਸੰਗਤਾਂ ਮਹਾਰਾਜ ਜੀ ਦੇ ਇਸ ਕੌਤਕ ਨੂੰ ਦੇਖ ਕੇ ਹੈਰਾਨ ਰਹਿ ਗਈਆਂ

– ਖੁਦ ਬੀਬੀ ਮਿਹਰ ਕੌਰ ਪਤਨੀ ਸ. ਗੁਰਦਿਆਲ ਸਿੰਘ
ਪਿੰਡ ਢੇ-ਪੁਰ ਕੂਪੁਰ, ਕਠਾਰ ਬਾਅਦ ਵਿਚ ਨੂਰਪੁਰ ਜਲੰਧਰ।

## ਸਾਖੀ 164

## ਬੀਬੀ ਮਿਹਰ ਕੌਰ ਦੀ ਮਨੋ ਕਾਮਨਾ ਪੂਰਨ ਕਰਨੀ।

ਮਿਸਤਰੀ ਗੁਰਦਿਆਲ ਸਿੰਘ ਤੇ ਬੀਬੀ ਮਿਹਰ ਕੌਰ ਪਿੰਡ ਕੂ ਪੁਰ ਰਹਿੰਦੇ ਸਨ।ਉਹਨਾਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਦੇ ਨਾਲ ਬਹੁਤ ਪ੍ਰੇਮ ਸੀ।

ਇਕ ਸਮੇਂ ਦੀ ਗੱਲ ਹੈ ਕਿ ਬੀਬੀ ਮਿਹਰ ਕੌਰ ਨੇ ਆਪਣੇ ਮਨ ਵਿਚ ਧਾਰਿਆ ਕਿ ਉਸਨੇ ਪੰਜ ਸੰਗਰਾਂਦਾਂ ਸੰਗਤਾਂ ਦੇ ਜੋੜੇ ਸਾਫ਼ ਕਰਨੇ ਹਨ। ਉਨੀਂ ਦਿਨੀਂ ਸੰਗਰਾਂਦ ਪਿੰਡ ਬੱਲਾਂ ਵਿਚ ਡੇਰੇ ਵਿਖੇ ਲੱਗਦੀ ਸੀ। ਬੀਬੀ ਨੇ ਅਜਿਹਾ ਹੀ ਕੀਤਾ ਪੰਜ ਸੰਗਰਾਂਦਾਂ ਸੰਗਤਾਂ ਦੇ ਜੋੜੇ ਝਾੜੇ। ਪੰਜਵੀਂ ਸੰਗਰਾਂਦ ਤੋਂ ਬਾਅਦ ਮਹਾਰਾਜ ਸਰਵਣ ਦਾਸ ਜੀ ਨੇ ਬੀਬੀ ਮਿਹਰ ਕੌਰ ਨੂੰ ਕਿਹਾ "ਕੁੜੇ ਤੂੰ ਆਪਣੇ ਮਨ ਵਿਚ ਪੰਜ ਸੰਗਰਾਂਦਾਂ ਜੋੜੇ ਝਾੜਨ ਦਾ ਸੰਕਲਪ ਕੀਤਾ ਸੀ। ਉਹ ਹੁਣ ਪੂਰਾ ਹੋ ਗਿਆ ਹੈ। ਬੱਸ ਹੁਣ ਜੋੜੇ ਨਹੀਂ ਝਾੜਨੇ"। ਮਹਾਰਾਜ ਜੀ ਦੇ ਬਚਨ ਸੁਣ ਕੇ ਬੀਬੀ ਮਿਹਰ ਕੌਰ ਹੈਰਾਨ ਰਹਿ ਗਈ ਕਿ ਮੇਰੇ ਮਹਾਰਾਜ ਜੀ ਪੂਰਨ ਮਹਾਤਮਾ ਹਨ।

-ਖੁਦ ਬੀਬੀ ਮਿਹਰ ਕੌਰ ਅੱਜ ਕਲ ਸੰਤੋਖ ਪੁਰਾ, ਜਲੰਧਰ

## ਸਾਖੀ 165

## ਸ਼੍ਰੀ ਮੱਸਾ ਸਿੰਘ ਫੌਜੀ ਦੀ ਸ਼ੰਕਾ ਨਵਿਰਤ ਕਰਨੀ।

ਸ਼੍ਰੀ ਉੱਤਮ ਸਿੰਘ ਵਿਰਦੀ ਤੇ ਸਾਰਾ ਪਰਿਵਾਰ ਪਿੰਡ ਰਾਏ ਪੁਰ ਰਸੂਲ ਪੁਰ ਵਾਲੇ ਮਹਾਰਾਜ ਜੀ ਦੇ ਸ਼ਰਧਾਲੂ ਸਨ। 1962-63 ਈਸਵੀ ਦੀ ਗੱਲ ਹੈ ਕਿ ਸ਼੍ਰੀ ਉੱਤਮ ਸਿੰਘ ਦਾ ਲੜਕਾ ਮੱਸਾ ਸਿੰਘ ਜੋ ਕਿ ਫ਼ੌਜ ਵਿਚ ਨੌਕਰੀ ਕਰਦੇ ਸਨ। ਛੁੱਟੀ ਕੱਟਣ ਲਈ ਆਪਣੇ ਘਰ ਆਏ। ਉਹਨਾਂ ਨੂੰ ਨੌਂ ਵਜੇ ਸਵੇਰੇ ਮੇਰਠ ਵਿਖੇ ਨੌਕਰੀ ਤੇ ਜਾਣਾ ਸੀ। ਸ਼੍ਰੀ ਮੱਸਾ ਸਿੰਘ ਤੇ ਉਹਨਾਂ ਦੀ ਪਤਨੀ ਬੀਬੀ ਨਸੀਬ ਕੌਰ ਨੇ ਦੁਪਹਿਰ 12 ਵਜੇ ਮਹਾਰਾਜ ਜੀ ਦੇ ਡੇਰੇ ਵਿਖੇ ਆ ਕੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੈਂ ਅੱਜ ਮੇਰਠ ਜਾ ਰਿਹਾ ਹਾਂ ਸਵੇਰੇ ਨੌਂ ਵਜੇ ਮੇਹਰਠ ਪਹੁੰਚਣਾ ਹੈ।

ਮਹਾਰਾਜ ਜੀ ਨੇ ਕਿਹਾ ਕਿ ਲੰਗਰ ਪਾਣੀ ਛੱਕ ਕੇ ਜਾਉ। ਜਦੋਂ ਦੋਨੋਂ ਲੰਗਰ ਪਾਣੀ ਛੱਕ ਕੇ ਮਹਾਰਾਜ ਜੀ ਪਾਸ ਆਏ ਤਾਂ ਮੱਸਾ ਸਿੰਘ ਨੂੰ ਮਹਾਰਾਜ ਜੀ ਨੇ ਕਿਹਾ, "ਜਾ ਕੇ ਗਰੀਬ ਦਾਸ ਨਾਲ ਦਵਾਈਆਂ ਕੁਟਾ"। ਬੀਬੀ ਨਸੀਬ ਕੌਰ ਨੂੰ ਕਿਹਾ, "ਕੁੜੇ ਤੂੰ ਬੀਬੀ ਭਾਨੀ ਨਾਲ ਜਾ ਕੇ ਦਾਣੇ ਚੁਗਣ ਦੀ ਸੇਵਾ ਕਰ"। ਫੌਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੈਂ ਅੱਜ ਨੌਕਰੀ ਤੇ ਜਾਣਾ ਹੈ। ਕੱਲ ਸਵੇਰੇ 9 ਵਜੇ ਤੋਂ ਪਹਿਲਾਂ **ਮੇਹਰਠ** ਪਹੁੰਚਣਾ ਹੈ। ਮਹਾਰਾਜ ਸਰਵਣ ਦਾਸ ਜੀ ਨੇ ਕਿਹਾ ਕਿ ਤੂੰ ਜਾ ਕੇ ਸੇਵਾ ਕਰ।

ਮੱਸਾ ਸਿੰਘ ਜੀ ਸੰਤ ਗਰੀਬ ਦਾਸ ਜੀ ਮਹਾਰਾਜ ਦੇ ਨਾਲ ਦਵਾਈਆਂ ਕੁਟਾਉਣ ਲੱਗ ਪਏ। ਜਦੋਂ 3 ਵੱਜ ਕੇ 45 ਕੁ ਮਿੰਟ ਹੋਏ ਤਾਂ ਮਹਾਰਾਜ ਜੀ ਨੇ ਦੋਨਾਂ ਨੂੰ ਆਪਣੇ ਪਾਸ ਬੁਲਾ ਲਿਆ ਅਤੇ ਫ਼ਰਮਾਇਆ ਕਿ "ਤੂੰ ਬਹੁਤ ਕਾਹਲਾ ਹੈ"। ਇਸ ਤੋਂ ਬਾਦ ਮਹਾਰਾਜ ਜੀ ਨੇ ਉਹਨਾਂ ਨੂੰ ਪ੍ਰਸ਼ਾਦ ਦਿੱਤਾ ਅਤੇ ਜਾਣ ਦੀ ਆਗਿਆ ਦੇ ਦਿੱਤੀ।

ਉਹਨਾਂ ਆਪਣੇ ਪਿੰਡ ਆ ਕੇ ਸਮਾਨ ਬੰਨ੍ਹਿਆ ਤੇ ਸਾਢੇ ਚਾਰ ਵਜੇ ਘਰੋਂ ਤੁਰੇ ਤਾਂ ਉਹਨਾਂ ਨੂੰ ਰਾਏ ਪੁਰ ਚੌਂਕ ਵਿਚ ਹੀ (ਅੱਜ ਕੱਲ ਡਾ. ਅੰਬੇਡਕਰ ਚੌਂਕ) ਇਕ ਟਾਂਗਾ ਮਿਲਿਆ। ਜੋ ਕਿ ਸਵਾਰੀਆਂ ਛੱਡਣ ਆਇਆ ਸੀ। ਉਸ ਵਿਚ ਬੈਠ ਕੇ ਉਹ ਪਠਾਨਕੋਟ ਰੋਡ ਤੱਕ ਪਹੁੰਚੇ ਤਾਂ ਕੁੱਝ ਦੇਰ ਬਾਅਦ ਉਹਨਾਂ ਨੂੰ ਜੰਮੂ-ਦਿੱਲੀ ਜਾਣ ਵਾਲੀ ਬੱਸ ਮਿਲ ਗਈ। ਜਿਸ ਵਿਚ ਬੈਠ ਕੇ ਉਹ ਦਿੱਲੀ ਰਵਾਨਾ ਹੋਏ। ਜਦੋਂ ਉਹ ਤੜਕੇ ਦਿੱਲੀ ਬੱਸ ਸਟੈਂਡ ਤੇ ਪਹੁੰਚੇ ਤਾਂ ਉਥੇ ਉਹਨਾਂ ਦੀ ਯੂਨਿਟ ਦੀ ਗੱਡੀ ਫੌਜੀਆਂ ਨੂੰ **ਮੇਹਰਠ** ਤੋਂ ਦਿੱਲੀ ਬੱਸ ਸਟੈਂਡ ਤੇ ਛੱਡਣ ਆਈ ਸੀ। ਉਹਨਾਂ ਦੀ ਯੂਨਿਟ ਦੇ ਫੌਜੀਆਂ ਨੇ ਉਹਨਾਂ ਨੂੰ ਪਹਿਚਾਣ ਲਿਆ। ਕਿਹਾ, "ਸਰਦਾਰ ਜੀ ਆ ਜਾਉ। ਇਧਰੋਂ ਹੀ ਚੱਲਦੇ ਹਾਂ ਅਸੀਂ ਇਥੇ ਕੁਝ ਆਪਣੇ ਸਾਥੀਆਂ ਨੂੰ ਛੱਡਣ ਆਏ ਸੀ"। ਉਸ ਫੌਜੀ ਗੱਡੀ ਵਿਚ

ਬੈਠਕੇ ਫੌਜੀ ਮੱਸਾ ਸਿੰਘ ਜੀ ਮੇਰਠ ਵਿਖੇ ਸਵਾ ਅੱਠ ਵਜੇ ਪਹੁੰਚ ਗਏ ਜਦੋਂ ਕਿ ਉਹਨਾਂ ਨੇ 9 ਵਜੇ ਡਿਊਟੀ ਤੇ ਜਾਣਾ ਸੀ। ਇਹ ਸਾਰਾ ਕੌਤਕ ਵੇਖ ਕੇ ਮੱਸਾ ਸਿੰਘ ਨੇ ਮਨ ਵਿਚ ਵਿਚਾਰਿਆ ਕਿ ਮੇਰੇ ਗੁਰੂ ਪੂਰਨ ਬ੍ਰਹਮ ਗਿਆਨੀ ਹਨ। ਜਿਨ੍ਹਾਂ ਦੀ ਕਿਰਪਾ ਨਾਲ ਮੈਂ ਸਮੇਂ ਸਿਰ ਆਪਣੀ ਡਿਊਟੀ ਤੇ ਪਹੁੰਚ ਗਿਆ ਹਾਂ।

– 02-08-2003 ਅਮਰੀਕ ਸਿੰਘ ਪੁੱਤਰ ਸ਼੍ਰੀ ਮੱਸਾ ਸਿੰਘ ਫੌਜੀ ਰਾਏਪੁਰ ਜਲੰਧਰ)

## ਸਾਖੀ 166

## ਸ਼੍ਰੀ ਮੁਨਸ਼ੀ ਰਾਮ ਲੰਬੜਦਾਰ ਦੀ ਸ਼ੰਕਾ ਨਵਿਰਤ ਕਰਨੀ।

ਸ਼੍ਰੀ ਮੱਸਾ ਸਿੰਘ ਜੀ ਦੇ ਮਾਮਾ ਜੀ ਸ਼੍ਰੀ ਮੁਨਸ਼ੀ ਰਾਮ ਲੰਬੜਦਾਰ ਜੀ ਦਾ ਸੰਤਾਂ ਮਹਾਪੁਰਸ਼ਾਂ ਨਾਲ ਬਹੁਤ ਪ੍ਰੇਮ ਸੀ। ਉਹ ਜਦੋਂ ਵੀ ਆਪਣੀ ਭੈਣ ਨੂੰ ਪਿੰਡ ਰਾਏਪੁਰ ਮਿਲਣ ਆਉਂਦੇ ਤਾਂ ਡੇਰਾ ਬੱਲਾਂ ਵਿਖੇ ਸੰਤ ਸਰਵਣ ਦਾਸ ਜੀ ਦੇ ਦਰਸ਼ਨ ਕਰਕੇ ਜ਼ਰੂਰ ਜਾਂਦੇ ਸਨ। 1965-66 ਈਸਵੀ ਦੀ ਗੱਲ ਹੈ ਕਿ ਸ਼੍ਰੀ ਮੁਨਸ਼ੀ ਰਾਮ ਜੀ ਪਿੰਡ ਦੁਹੜਿਆਂ ਤੋਂ ਪਿੰਡ ਰਾਏਪੁਰ ਨੂੰ ਆਪਣੀ ਭੈਣ ਦੇ ਘਰ ਜਾ ਰਹੇ ਸਨ ਤਾਂ ਉਹਨਾਂ ਦਾ ਰਸਤੇ ਵਿਚ ਮਨ ਬਣਿਆ ਕਿ ਅੱਜ ਪਹਿਲਾਂ ਰਾਏਪੁਰ ਜਾਵਾਂਗੇ। ਉਸ ਤੋਂ ਬਾਦ ਡੇਰੇ ਵਿਖੇ ਸੰਤਾਂ ਦੇ ਦਰਸ਼ਨ ਕਰਾਂਗੇ।

ਜਦੋਂ ਉਹ ਨਹਿਰੇ ਨਹਿਰ ਆ ਰਹੇ ਸਨ ਤਾਂ ਡੇਰੇ ਆਉਣ ਵਾਲਾ ਪੁਲ ਲੰਘ ਕੇ ਛੋਟੀ ਪੁਲੀ ਤੋਂ ਥੋੜ੍ਹਾ ਜਿਹਾ ਅੱਗੇ ਲੰਘੇ ਤਾਂ ਰਸਤੇ ਵਿਚ ਫਨੀਅਰ ਸੱਪ ਬੈਠਾ ਸੀ। ਉਹਨਾਂ ਨੇ ਕੁਝ ਚਿਰ ਇੰਤਜ਼ਾਰ ਕਰਨ ਤੋਂ ਬਾਦ ਜਦ ਸੱਪ ਕੋਲੋਂ ਬੱਚ ਕੇ ਇਕ ਪਾਸੇ ਲੰਘਣ ਲੱਗੇ ਤਾਂ ਸੱਪ ਉਹਨਾਂ ਦੇ ਫਿਰ ਅੱਗੇ ਹੋ ਗਿਆ ਤਾਂ ਛੋਟੀ ਪੁਲੀ ਤੋਂ ਹੁੰਦੇ ਹੋਏ ਡੇਰੇ ਆ ਗਏ। ਉਸ ਸਮੇਂ ਸੰਤ ਸਰਵਣ ਦਾਸ ਜੀ ਮਹਾਰਾਜ ਥੜ੍ਹਾ ਸਾਹਿਬ ਉੱਪਰ ਬਿਰਾਜਮਾਨ ਸਨ। ਜਦ ਲੰਬੜਦਾਰ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤਾਂ ਮਹਾਰਾਜ ਜੀ ਨੇ ਫ਼ਰਮਾਇਆ,"ਲੰਬੜਦਾਰ ਤੂੰ ਸਾਡਾ ਚੇਤਾ ਭੁਲਾ ਦਿੱਤਾ ਸੀ। ਪਹਿਲਾਂ ਰਾਏ ਪੁਰ ਚਲੇ ਜਾਣਾ ਸੀ। ਤੂੰ ਤਾਂ ਡੇਰੇ ਆਉਣ ਵਾਲੇ ਰਸਤੇ ਅੱਗੋਂ ਲੰਘ ਗਿਆ ਸੀ"। ਮਹਾਰਾਜ ਜੀ ਦੇ ਵਚਨ ਸੁਣ ਕੇ ਲੰਬੜਦਾਰ ਨੇ ਬੇਨਤੀ ਕੀਤੀ ਕਿ ਮਹਾਰਾਜ ਤੁਸੀਂ ਸਭ ਜਾਣੀ ਜਾਣ ਹੋ।

(02-08-2003 ਅਮਰੀਕ ਸਿੰਘ ਪੁੱਤਰ ਸ਼੍ਰੀ ਮੱਸਾ ਸਿੰਘ ਰਾਏ ਪੁਰ ਜਲੰਧਰ)

## ਸਾਖੀ 167

### ਲੰਬੜਦਾਰ ਦੇ ਮਨ ਦਾ ਭੁਲੇਖਾ ਕੱਢਣਾ

ਇਕ ਸਮੇਂ ਮੁਨਸ਼ੀ ਰਾਮ ਲੰਬੜਦਾਰ ਅੰਮ੍ਰਿਤ ਵੇਲੇ ਡੇਰੇ ਵਿਖੇ ਮਹਾਰਾਜ ਸਰਵਣ ਦਾਸ ਜੀ ਦੇ ਦਰਸ਼ਨ ਕਰਨ ਆਏ। ਮਹਾਰਾਜ ਜੀ ਨੂੰ ਨਮਸਕਾਰ ਕਰਕੇ ਮਹਾਰਾਜ ਜੀ ਦੇ ਕਮਰੇ ਵਿਚ ਬੈਠ ਗਏ। ਮਹਾਰਾਜ ਜੀ ਨੇ ਬਾਲਕ ਹਵਾਈਗਰ ਜੀ ਨੂੰ ਕਿਹਾ, "ਹਵਾਈਗਰ ਬਾਹਰ ਕੁਝ ਸੰਗਤਾਂ ਨਾਮਦਾਨ ਲੈਣ ਆਈਆਂ ਹਨ। ਉਹਨਾਂ ਨੂੰ ਅੰਦਰ ਬੁਲਾ ਲਉ"। ਬਾਲਕ ਹਵਾਈਗਰ ਜੀ ਨੇ ਉਹਨਾਂ ਸੰਗਤਾਂ ਨੂੰ ਮਹਾਰਾਜ ਜੀ ਪਾਸ ਕਮਰੇ ਅੰਦਰ ਬੁਲਾ ਲਿਆਂਦਾ। ਮਹਾਰਾਜ ਜੀ ਦੇ ਆਦੇਸ਼ ਅਨੁਸਾਰ ਬਾਲਕ ਹਵਾਈਗਰ ਜੀ ਅੰਮ੍ਰਿਤ ਤਿਆਰ ਕਰਨ ਲੱਗ ਪਏ। ਉਸ ਸਮੇਂ ਲੰਬੜਦਾਰ ਜੀ ਜੋ ਕਿ ਮਹਾਰਾਜ ਜੀ ਦੇ ਪਾਸ ਬੈਠੇ ਸਨ। ਉਹਨਾਂ ਨੇ ਮਨ ਵਿਚਾਰ ਕੀਤਾ ਕਿ ਮੈਂ ਤਾਂ ਨਾਮ ਭਜਨ ਡੇਰਾ ਬਿਆਸ ਤੋਂ ਲਿਆ ਹੈ ਤੇ ਉੱਠ ਕੇ ਜਦ ਬਾਹਰ ਆਉਣ ਲੱਗੇ ਤਾਂ ਮਹਾਰਾਜ ਜੀ ਨੇ ਫ਼ਰਮਾਇਆ, "ਬੈਠ ਜਾ, ਲੰਬੜਦਾਰ, ਤੇਰੇ ਮਨ ਦਾ ਭੁਲੇਖਾ ਕੱਢ ਦੇਈਏ"।

ਉਸ ਦੇ ਸਾਹਮਣੇ ਹੀ ਮਹਾਰਾਜ ਜੀ ਨੇ ਕੁਝ ਸੰਗਤਾਂ ਨੂੰ ਪੰਜ ਸ਼ਬਦ ਦਾ ਨਾਮ ਦਿੱਤਾ ਅਤੇ ਨਾਲ ਹੀ ਪੰਜ ਸ਼ਬਦਾਂ ਦੇ ਮੁਕਾਂਮ ਅਤੇ ਸਥਿਤੀਆਂ ਦਾ ਵਰਨਣ ਕਰ ਦਿੱਤਾ। ਇਹ ਸਾਰਾ ਕੌਤਕ ਵੇਖ ਕੇ ਲੰਬੜਦਾਰ ਜੀ ਬਹੁਤ ਹੈਰਾਨ ਹੋਏ ਅਤੇ ਮਹਾਰਾਜ ਜੀ ਦੇ ਚਰਨਾਂ ਵਿਚ ਝੁੱਕ ਕੇ ਕਿਹਾ ਕਿ "ਮਹਾਰਾਜ ਜੀ ਆਪ ਸਭ ਜਾਣੀ ਜਾਣ ਹੈ"।

02-08-2003 ਅਮਰੀਕ ਸਿੰਘ ਪੁੱਤਰ ਸ਼੍ਰੀ ਮੱਸਾ ਸਿੰਘ ਫੌਜੀ
ਪਿੰਡ ਰਾਏਪੁਰ ਰਸੂਲਪੁਰ, ਅੱਜ ਕੱਲ੍ਹ ਸੰਤੋਖ ਪੁਰਾ ਜਲੰਧਰ

## ਸਾਖੀ 168

### ਸ਼੍ਰੀ ਸਾਧੂ ਰਾਮ ਤੇ ਕਿਰਪਾ ਕਰਨੀ।

ਸ਼੍ਰੀ ਸਾਧੂ ਰਾਮ ਜੀ ਤੇ ਉਹਨਾਂ ਦੀ ਸੁਪਤਨੀ ਬੀਬੀ ਪਾਰੋ ਜੀ ਮਹਾਰਾਜ ਸਰਵਣ ਦਾਸ ਜੀ ਦੇ ਸ਼ਰਧਾਲੂ ਸਨ। ਉਹਨਾਂ ਦੇ ਮਨ ਵਿਚ ਇਹ ਤੀਬਰ ਇੱਛਾ ਸੀ ਕਿ ਮਹਾਰਾਜ ਜੀ ਜਦੋਂ ਵੀ ਮੇਰੇ ਤੇ ਨਾਮ ਦਾਨ ਦੇਣ ਦੀ ਬਖ਼ਸ਼ਿਸ਼ ਕਰਨ ਤਾਂ ਮੈਨੂੰ ਅੰਦਰਲਾਂ ਗਿਆਨ ਦੇਣ। ਲੱਗਭਗ 1945 ਈਸਵੀ ਦੀ ਗੱਲ ਹੈ ਕਿ ਸ਼੍ਰੀ ਸਾਧੂ ਰਾਮ ਜੀ ਅਤੇ ਉਹਨਾਂ ਦੀ ਪਤਨੀ ਮਹਾਰਾਜ ਜੀ ਪਾਸ ਡੇਰੇ ਵਿਖੇ ਆਏ ਤਾਂ ਉਹਨਾਂ ਮਹਾਰਾਜ ਸਰਵਣ ਦਾਸ ਜੀ ਅੱਗੇ ਨਾਮ ਦਾਨ ਬਖ਼ਸ਼ਿਸ਼ ਕਰਨ ਲਈ ਬੇਨਤੀ ਕੀਤੀ। ਮਹਾਰਾਜ ਜੀ ਨੇ ਫ਼ਰਮਾਇਆ ਕਿ ਤੁਸੀਂ ਕਿਸੇ ਦਿਨ ਸਵੇਰੇ ਤੜਕੇ ਪਿੰਡ ਡੇਰੇ ਵਿਖੇ ਆਉਣਾ। ਉਸ ਸਮੇਂ ਪਿੰਡ ਡੇਰੇ ਵਿਖੇ ਇਕ ਕੱਚਾ ਜਿਹਾ ਮਕਾਨ ਸੀ। ਕੁਝ ਦਿਨਾਂ ਬਾਦ ਸ਼੍ਰੀ ਸਾਧੂ

ਰਾਮ ਜੀ ਅਤੇ ਉਹਨਾਂ ਦੀ ਪਤਨੀ ਬੀਬੀ ਪਾਰੋ ਦੋਨੋਂ ਜਣੇ ਤੜਕੇ ਪਿੰਡ ਡੇਰੇ ਵਿਖੇ ਪਹੁੰਚੇ। ਸ਼੍ਰੀ ਸਾਧੂ ਰਾਮ ਜੀ ਨੂੰ ਹੁੱਕਾ ਪੀਣ ਦੀ ਆਦਤ ਸੀ। ਜਾਣੀ ਜਾਣ ਮਹਾਰਾਜ ਸਰਵਣ ਦਾਸ ਜੀ ਹੁਣਾਂ ਕਿਹਾ ਕਿ ਸਾਧੂ ਰਾਮ ਅੱਜ ਤੋਂ ਬਾਦ ਕਦੇ ਹੁੱਕਾ ਨਹੀਂ ਪੀਣਾ। ਸ਼੍ਰੀ ਸਾਧੂ ਰਾਮ ਜੀ ਨੇ ਆਖਿਆ ਸਤਿ ਬਚਨ ਜੀ। ਫਿਰ ਉਸ ਤੋਂ ਬਾਦ ਦੋਨਾਂ ਜਣਿਆਂ ਨੂੰ ਕੇਵਲ ਇਕ ਸ਼ਬਦ (ਨਾਮ ਦਾਨ) ਦੀ ਬਖ਼ਸ਼ਿਸ਼ ਕੀਤੀ। ਮਹਾਰਾਜ ਜੀ ਨੇ ਦੋਨਾਂ ਨੂੰ ਅੱਖਾ ਮੀਟ ਕੇ ਆਪਣਾ ਧਿਆਨ ਦੋਨਾਂ ਅੱਖਾਂ ਤੋਂ ਉਪਰ ਟਿਕਾ ਕੇ ਸ਼ਬਦ ਦਾ ਅਭਿਆਸ ਕਰਨ ਲਈ ਕਿਹਾ।

ਮਹਾਰਾਜ ਜੀ ਨੇ ਸ਼੍ਰੀ ਸਾਧੂ ਰਾਮ ਜੀ ਦੇ ਸਿਰ ਤੇ ਹੱਥ ਰੱਖਦੇ ਹੋਏ ਫ਼ਰਮਾਇਆ, "ਬਾਦ ਵਿਚ ਨਾ ਕਹੀਂ ਕਿ ਸਾਨੂੰ ਕੁਝ ਦਿਖਾਇਆ ਹੀ ਨਹੀਂ"। ਸ਼੍ਰੀ ਸਾਧੂ ਰਾਮ ਜੀ ਦੱਸਦੇ ਹਨ ਕਿ ਕੁਝ ਸਮੇਂ ਮੈਂ ਸੰਤ ਸਰਵਣ ਦਾਸ ਜੀ ਦੀ ਕਿਰਪਾ ਨਾਲ ਉਹ ਆਨੰਦ ਦੇਖਿਆ ਜੋ ਕੇ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਅਜਿਹਾ ਆਖਦੇ ਹੋਏ ਅੱਜ ਉਹਨਾਂ ਦਾ ਮਨ ਬਹੁਤ ਉਦਾਸ ਹੋ ਗਿਆ ਅਤੇ ਉਹਨਾਂ ਦੀਆਂ ਅੱਖਾਂ ਭਰ ਆਈਆਂ। ਉਹਨਾਂ ਅੱਗੇ ਕਿਹਾ ਕਿ ਅੱਜ ਤੱਕ ਸੰਤ ਸਰਵਣ ਦਾਸ ਮਹਾਰਾਜ ਜੀ ਦੀ ਕਿਰਪਾ ਨਾਲ ਮੈਨੂੰ ਕਿਸੇ ਵੀ ਚੀਜ਼ ਦੀ ਕੋਈ ਕਮੀ ਮਹਿਸੂਸ ਨਹੀਂ ਹੋਈ।

## ਸ਼ਾਖੀ 169

## ਸ਼੍ਰੀ ਗੁਰਦਿਆਲ ਸਿੰਘ ਅਤੇ ਉਹਨਾਂ ਦੀ ਸੁਪਤਨੀ ਬੀਬੀ ਹਰਿ ਕੌਰ ਨੂੰ ਪੁੱਤਰਾਂ ਦੀ ਦਾਤ ਬਖ਼ਸ਼ਿਸ਼ ਕਰਨੀ।

ਸ਼੍ਰੀ ਗੁਰਦਿਆਲ ਸਿੰਘ ਅਤੇ ਉਹਨਾਂ ਦੀ ਸੁਪਤਨੀ ਬੀਬੀ ਹਰਿ ਕੌਰ ਜੀ ਜੋ ਕਿ ਆਬਾਦ ਪੁਰੇ ਦੇ ਰਹਿਣ ਵਾਲੇ ਸਨ। ਉਹਨਾਂ ਨੇ ਮਹਾਰਾਜ ਸਰਵਣ ਦਾਸ ਜੀ ਦੀ ਮਹਿਮਾ ਸੁਣੀ। ਦੋਵੇਂ ਪਤੀ ਪਤਨੀ ਡੇਰੇ ਵਿਖੇ ਮਹਾਰਾਜ ਸਰਵਣ ਦਾਸ ਜੀ ਦੇ ਦਰਸ਼ਨ ਕਰਨ ਆਏ। ਉਹਨਾਂ ਨੇ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਸਾਡੇ ਘਰ ਕੇਵਲ ਇਕ ਲੜਕੀ ਹੀ ਹੈ। ਮਹਾਰਾਜ ਜੀ ਸਾਡੇ ਬੱਚੇ ਜਨਮ ਲੈ ਕੇ ਮਰ ਜਾਂਦੇ ਹਨ। ਆਪ ਕਿਰਪਾ ਕਰੋ ਜੀ।

ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ "ਕੋਈ ਫਿਕਰ ਨਹੀਂ ਕਰਨਾ ਅਤੇ ਪਰਮਾਤਮਾ ਦੀ ਕਿਰਪਾ ਨਾਲ ਤੁਹਾਡੇ ਘਰ ਦੋ ਪੁੱਤਰ ਪੈਦਾ ਹੋਣਗੇ"। ਜੋ ਕਿ ਬਿਲਕੁਲ ਠੀਕ ਰਹਿਣਗੇ। ਮਹਾਰਾਜ ਜੀ ਦੇ ਵਚਨ ਅੱਟਲ ਹੋਏ। ਉਹਨਾਂ ਦੇ ਘਰ ਵਿਚ ਦੋ ਪੁੱਤਰਾਂ ਨੇ ਜਨਮ ਲਿਆ।

(ਬੀਬੀ ਮਿਹਰ ਕੌਰ ਸੁਪਤਨੀ ਸਰਦਾਰ ਗੁਰਦਿਆਲ ਸਿੰਘ ਨੂਰਪੁਰ)

## ਸਾਖੀ 170

## ਸ਼੍ਰੀ ਨਾਜਰ ਸਿੰਘ ਅਤੇ ਉਹਨਾਂ ਦੀ ਸੁਪਤਨੀ ਬੀਬੀ ਧੰਤੀ ਨੂੰ ਪੁੱਤਰਾਂ ਦੀ ਦਾਤ ਬਖ਼ਸ਼ਿਸ਼ ਕਰਨੀ।

ਸ਼੍ਰੀ ਨਾਜਰ ਸਿੰਘ ਅਤੇ ਬੀਬੀ ਧੰਤੀ ਜੋ ਕਿ ਪਿੰਡ ਰੇਰੂ ਦੇ ਰਹਿਣ ਵਾਲੇ ਸਨ। ਉਹਨਾਂ ਦੇ ਘਰ ਤਿੰਨ ਲੜਕੀਆਂ ਹੀ ਸਨ। ਇਕ ਦਿਨ ਉਹਨਾਂ ਬੀਬੀ ਅਮਰੋ ਜਿਸ ਦੇ ਪੇਕੇ ਪਿੰਡ ਮੋਖੇ ਅਤੇ ਸਹੁਰੇ ਪਿੰਡ ਰੇਰੂ ਸਨ। ਉਹਨਾਂ ਨੂੰ ਸੰਤ ਸਰਵਣ ਦਾਸ ਮਹਾਰਾਜ ਜੀ ਦੀ ਮਹਿਮਾ ਸੁਣਾਈ ਕਿ ਉਹ ਪੂਰਨ ਮਹਾਤਮਾ ਹਨ। ਉਹ ਤੁਹਾਡੇ ਤੇ ਵੀ ਬਖ਼ਸ਼ਿਸ਼ ਕਰਨਗੇ। ਤੁਸੀਂ ਦੋਨੋਂ ਪਤੀ-ਪਤਨੀ ਮੇਰੇ ਨਾਲ ਮਹਾਰਾਜ ਜੀ ਪਾਸ ਚਲੋ। ਫਿਰ ਇਕ ਦਿਨ ਉਹ ਬੀਬੀ ਅਮਰੋ, ਬੀਬੀ ਧੰਤੀ ਨੂੰ ਨਾਲ ਲੈ ਕੇ ਮਹਾਰਾਜ ਸਰਵਣ ਦਾਸ ਜੀ ਪਾਸ ਆਈ। ਬੀਬੀ ਅਮਰੋਂ ਨੇ ਮਹਾਰਾਜ ਸਰਵਣ ਦਾਸ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਬੀਬੀ ਧੰਤੀ ਦੇ ਤਿੰਨ ਲੜਕੀਆਂ ਹੀ ਹਨ। ਲੜਕਾ ਕੋਈ ਨਹੀਂ ਹੈ ਆਪ ਇਸ ਉੱਪਰ ਕਿਰਪਾ ਕਰੋ ਜੀ।

ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ "ਕੁੜੇ ਇਸ ਦੇ ਘਰ ਇਕ ਪੁੱਤਰ ਨਹੀਂ, ਸਗੋਂ ਪੰਜ ਪੁੱਤਰ ਹੋਣਗੇ"। ਮਹਾਰਾਜ ਸਰਵਣ ਦਾਸ ਜੀ ਦੇ ਵਚਨ ਅਟੱਲ ਹੋਏ। ਸ਼੍ਰੀ ਨਾਜਰ ਸਿੰਘ ਅਤੇ ਬੀਬੀ ਧੰਤੀ ਦੇ ਘਰ ਪੰਜ ਪੁੱਤਰ ਹੋਏ। ਇਸ ਪ੍ਰਕਾਰ ਮਹਾਰਾਜ ਸਰਵਣ ਦਾਸ ਜੀ ਨੇ ਉਹਨਾਂ ਉੱਤੇ ਕਿਰਪਾ ਕੀਤੀ।

ਸ਼੍ਰੀਮਤੀ ਗੁਰਮੇਜ ਕੌਰ ਪਤਨੀ ਸ਼੍ਰੀ ਜਗਦੀਸ਼ ਲਾਲ

( ਅਬਾਦਪੁਰਾ 6 ਅਗਸਤ 2003)

## ਸਾਖੀ 171

## ਸ. ਕੁਲਦੀਪ ਸਿੰਘ ਨੂੰ ਪੁੱਤਰ ਦੀ ਬਖ਼ਸ਼ਿਸ਼ ਕਰਨੀ।

ਸ਼੍ਰੀ ਗੁਰਦਿਆਲ ਸਿੰਘ ਜੀ ਅਤੇ ਬੀਬੀ ਮਿਹਰ ਕੌਰ ਪਿੰਡ ਨੂਰ ਪੁਰ ਵਾਲਿਆਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਮਹਾਰਾਜ ਅਕਸਰ ਨੂਰ ਪੁਰ ਉਹਨਾਂ ਦੇ ਗ੍ਰਹਿ ਵਿਖੇ ਜਾਇਆ ਕਰਦੇ ਸਨ। ਦੋਨੋਂ ਪਤੀ-ਪਤਨੀ ਅਤੇ ਸਾਰਾ ਪਰਿਵਾਰ ਮਹਾਰਾਜ ਜੀ ਦੇ ਦਰਬਾਰ ਵਿਚ ਸੇਵਾ ਕਰਿਆ ਕਰਦੇ ਸਨ।

ਇਕ ਦਿਨ ਪਿੰਡ ਨੂਰਪੁਰ ਦੇ ਨਿਵਾਸੀ ਨੰਬਰਦਾਰ ਦੇ ਪੁੱਤਰ ਕੁਲਦੀਪ ਸਿੰਘ ਨੇ ਕਿਹਾ ਕਿ ਜੇਕਰ ਬੱਲਾਂ ਵਾਲੇ ਸੰਤ ਏਨੀ ਕਰਨੀ ਵਾਲੇ ਹਨ ਤਾਂ ਮੇਰੇ ਕੋਈ ਔਲਾਦ ਨਹੀਂ ਹੈ, ਮੈਨੂੰ ਔਲਾਦ ਦੀ ਬਖ਼ਸ਼ਿਸ਼ ਕਰਨ ਤਾਂ ਮੈਂ ਉਹਨਾਂ ਨੂੰ ਮੰਨਾਗਾ। ਸ. ਗੁਰਦਿਆਲ ਸਿੰਘ ਤੇ ਬੀਬੀ ਮਿਹਰ ਕੌਰ ਨੇ ਉਹਨਾਂ ਨੂੰ ਮਹਾਰਾਜ ਸਰਵਣ ਦਾਸ ਜੀ

ਦੀ ਮਹਿਮਾ ਸੁਣਾਈ ਤੇ ਕਿਹਾ ਕਿ ਤੁਸੀਂ ਉਹਨਾਂ ਪਾਸ ਚਲੋ ਤੁਹਾਡੇ ਤੇ ਉਹਨਾਂ ਦੀ ਕਿਰਪਾ ਹੋਵੇਗੀ।

ਫਿਰ ਇਕ ਦਿਨ ਮਿਸਤਰੀ ਗੁਰਦਿਆਲ ਸਿੰਘ, ਸ. ਕੁਲਦੀਪ ਸਿੰਘ ਤੇ ਉਹਨਾਂ ਦੀ ਪਤਨੀ ਨੂੰ ਨਾਲ ਲੈ ਕੇ ਡੇਰੇ ਵਿਖੇ ਆਏ ਅਤੇ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਇਹਨਾਂ ਦੇ ਵਿਆਹ ਨੂੰ ਕਾਫੀ ਸਾਲ ਹੋ ਗਏ। ਇਹਨਾਂ ਦੇ ਕੋਈ ਔਲਾਦ ਨਹੀਂ ਹੈ। ਆਪ ਕਿਰਪਾ ਕਰੋ। ਮਹਾਰਾਜ ਜੀ ਨੇ ਦੋਨਾਂ ਨੂੰ ਆਸ਼ੀਰਵਾਦ ਦਿੰਦੇ ਹੋਏ ਫ਼ਰਮਾਇਆ ਕਿ ਤੁਹਾਡੇ ਘਰ ਪੁੱਤਰ ਪੈਦਾ ਹੋਵੇਗਾ ਮਹਾਰਾਜ ਜੀ ਦੇ ਅਟੱਲ ਬਚਨਾਂ ਅਨੁਸਾਰ ਸਮਾਂ ਪਾ ਕੇ ਉਹਨਾਂ ਦੇ ਘਰ ਇਕ ਲੜਕੇ ਨੇ ਜਨਮ ਲਿਆ।

(ਬੀਬੀ ਮਿਹਰ ਕੌਰ)

## ਸਾਖੀ 172

## ਸ. ਕਪੂਰ ਸਿੰਘ ਜੀ ਦੀ ਬੀਮਾਰੀ ਦੀ ਨਵਿਰਤੀ।

ਸ. ਕਪੂਰ ਸਿੰਘ ਜੀ ਜੋ ਕਿ ਪਿੰਡ ਰਾਏਪੁਰ ਰਸੂਲ ਪੁਰ ਜ਼ਿਲ੍ਹਾਂ ਜਲੰਧਰ ਦੇ ਰਹਿਣ ਵਾਲੇ ਹਨ। ਉਹਨਾਂ ਦੀ ਮਹਾਰਾਜ ਸਰਵਣ ਦਾਸ ਜੀ ਪ੍ਰਤੀ ਬਹੁਤ ਸ਼ਰਧਾ ਹੈ। ਉਸ ਦੇ ਪੇਟ ਵਿਚ ਅਕਸਰ ਦਰਦ ਰਹਿੰਦਾ ਸੀ। ਜਿਸ ਦਾ ਇਲਾਜ ਉਹਨਾਂ ਬਹੁਤ ਸਾਰੇ ਡਾਕਟਰਾਂ ਤੇ ਵੈਦਾਂ ਹਕੀਮਾਂ ਪਾਸੋਂ ਕਰਵਾਇਆ। ਪਰ ਉਹਨਾਂ ਨੂੰ ਆਰਾਮ ਨਹੀਂ ਆਇਆ। ਜਦੋਂ ਉਹਨਾਂ ਦੇ ਪੇਟ ਵਿਚ ਜ਼ਿਆਦਾ ਦਰਦ ਹੁੰਦੀ ਸੀ ਤਾਂ ਉਹ ਮਹਾਰਾਜ ਪਾਸ ਆ ਕੇ ਦਵਾਈ ਖਾ ਲੈਂਦਾ ਸੀ ਤਾਂ ਦਰਦ ਤੋਂ ਅਰਾਮ ਆ ਜਾਂਦਾ ਸੀ।

ਇਕ ਸਮੇਂ ਉਹਨਾਂ ਦੇ ਪੇਟ ਵਿਚ ਬਹੁਤ ਤੇਜ਼ ਦਰਦ ਹੋਈ ਤਾਂ ਉਹਨਾਂ ਡੇਰੇ ਆ ਕੇ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਮਹਾਰਾਜ ਜੀ ਨੇ ਫ਼ਰਮਾਇਆ ਕਿ ਅੱਜ ਤੈਨੂੰ ਬਿਲਕੁਲ ਠੀਕ ਕਰ ਦੇਣਾ ਹੈ। ਨਾਲ ਹੀ ਮਹਾਰਾਜ ਜੀ ਨੇ ਕਿਹਾ ਕਿ ਜਾਹ! ਲੰਗਰ ਛੱਕ ਕੇ ਆ। ਜਦੋਂ ਉਹ ਲੰਗਰ ਵਿਚ ਆ ਕੇ ਬੈਠੇ ਤਾਂ ਹਲਵਾ ਕੱਦੂ ਦੀ ਸਬਜ਼ੀ ਬਿਲਕੁਲ ਥੋੜ੍ਹੀ ਪਵਾਈ।(ਸ. ਕਪਰਰ ਸਿੰਘ ਨੇ ਮਨ ਵਿਚ ਵਿਚਾਰਿਆ ਕਿ ਮੈਨੂੰ ਵਾਈ ਵਾਦੀ ਵਾਲੀ ਚੀਜ਼ ਤੋਂ ਦਰਦ ਵੱਧਦੀ ਹੈ, ਕੱਦੂ ਦੀ ਸਬਜ਼ੀ ਵੀ ਵਾਈ ਵਾਧੀ ਵਾਲੀ ਹੈ) ।ਇੰਨੇ ਵਿਚ ਹੀ ਉਸ ਦਾ ਧਿਆਨ ਆਪਣੇ ਪਿਛਲੇ ਪਾਸੇ ਗਿਆ ਤਾਂ ਕੀ ਦੇਖਦਾ ਹੈ ਕਿ ਹਜ਼ੂਰ ਮਹਾਰਾਜ ਜੀ ਉਸਦੇ ਪਿੱਛੇ ਖੜ੍ਹੇ ਹਨ। ਮਹਾਰਾਜ ਜੀ ਨੇ ਸੇਵਾਦਾਰ ਨੂੰ ਕਿਹਾ ਕਿ ਇਕ ਕੜਛੀ ਭਰ ਕੇ ਸਬਜ਼ੀ ਦੀ ਇਸ ਨੂੰ ਪਾਓ। ਕਪੂਰ ਸਿੰਘ ਨੇ ਕਿਹਾ ਕਿ ਮਹਾਰਾਜ ਜੀ ਬਸ ਇੰਨੀ ਹੀ ਕਾਫੀ ਹੈ। ਮਹਾਰਾਜ ਜੀ ਨੇ ਸੇਵਾਦਾਰ ਨੂੰ ਫਿਰ ਕਿਹਾ ਕਿ ਇਸ ਨੂੰ ਹੋਰ ਸਬਜ਼ੀ ਦੀ ਕੱੜਛੀ ਭਰ ਕੇ ਪਾ। ਸੇਵਾਦਾਰ ਨੇ ਸਬਜ਼ੀ ਦੀ ਇਕ ਹੋਰ

ਕੱੜਛੀ ਪਾ ਦਿਤੀ। ਮਹਾਰਾਜ ਜੀ ਨੇ ਫ਼ਰਮਾਇਆ ਕਿ ਤੂੰ ਦਵਾਈ ਖਾ ਖਾ ਕੇ ਮੁਕਾ ਦਿੱਤੀ ਹੈ। ਅੱਜ ਤੈਨੂੰ ਮਿੱਠੇ ਕੱਦੂ ਦੀ ਸਬਜ਼ੀ ਖਿਲਾ ਕੇ ਹੀ ਠੀਕ ਕਰ ਦੇਣਾ ਹੈ। ਸ. ਕਪੂਰ ਸਿੰਘ ਨੇ ਸਤਿ ਬਚਨ ਕਹਿ ਕੇ ਸਾਰੀ ਸਬਜ਼ੀ ਖਾ ਲਈ। ਸ. ਕਪੂਰ ਸਿੰਘ ਨੇ ਦੱਸਿਆ ਕਿ ਉਸ ਦਿਨ ਤੋਂ ਬਾਦ ਅੱਜ ਤੱਕ ਉਹਨਾਂ ਦੇ ਪੇਟ ਵਿਚ ਉਹ ਦਰਦ ਦੁਬਾਰਾ ਨਹੀਂ ਹੋਈ। ਇਸ ਪ੍ਰਕਾਰ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਨੇ ਸ. ਕਪੂਰ ਸਿੰਘ ਨੂੰ ਕੱਦੂ ਦੀ ਸਬਜ਼ੀ ਖਿਲਾ ਕੇ ਹੀ ਦਰਦ ਤੋਂ ਉਸ ਦੀ ਸਦੀਵੀ ਨਵਿਰਤੀ ਕਰ ਦਿੱਤੀ।

ਖੁਦ ਸ. ਕਪੂਰ ਸਿੰਘ ਪੁੱਤਰ ਸ. ਚਮਨ ਸਿੰਘ
ਰਾਏ ਪੁਰ ਰਸੂਲ ਪੁਰ 07-08-2003)

## ਸਾਖੀ 173

## ਸ. ਕਪੂਰ ਸਿੰਘ ਦੀ ਸ਼ੰਕਾ ਨਵਿਰਤ ਕਰਨੀ।

ਇਕ ਸਮੇਂ ਦੀ ਗੱਲ ਹੈ ਕਿ ਰਾਏਪੁਰ ਰਸੂਲਪੁਰ ਪਿੰਡ ਵਿਖੇ ਬਾਲਣ ਪਿਆ ਸੀ। ਉਹਨਾਂ ਨੇ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਸਾਡੇ ਪਾਸ ਬਾਲਣ ਹੈ। ਆਪ ਬਾਲਣ ਚਕਵਾ ਕੇ ਡੇਰੇ ਵਿਖੇ ਲੈ ਆਉ ਜੀ। ਇਕ ਦਿਨ ਸ਼ਾਮ ਨੂੰ ਮਹਾਰਾਜ ਸਰਵਣ ਦਾਸ ਜੀ ਨੇ ਸ਼੍ਰੀ ਸੱਤੂ ਕਿਸ਼ਨਗੜ੍ਹ ਤੇ ਸ਼੍ਰੀ ਜਗਤ ਰਾਮ ਦੋਨਾਂ ਨੂੰ ਸ. ਕਪੂਰ ਸਿੰਘ ਪਾਸ ਭੇਜਿਆ ਕਿ ਸ. ਕਪੂਰ ਸਿੰਘ ਦੇ ਗੱਡੇ ਤੇ ਬਾਲਣ ਲੱਦ ਲਿਆਉ। ਦੋਨੋਂ ਸੇਵਾਦਾਰ ਸ. ਕਪੂਰ ਸਿੰਘ ਦੇ ਘਰ ਰਾਏਪੁਰ ਰਸੂਲਪੁਰ ਵਿਖੇ ਗਏ ਤੇ ਗੱਡੇ ਤੇ ਬਾਲਣ ਡੇਰੇ ਪਹੁੰਚਾਉਣ ਲਈ ਕਿਹਾ। ਸ. ਕਪੂਰ ਸਿੰਘ ਨੇ ਉੱਤਰ ਦਿਤਾ, "ਹੁਣ ਬੱਦਲ ਬਹੁਤ ਹੈ ਮੈਂ ਬਾਲਣ ਸਵੇਰੇ ਛੱਡ ਆਵਾਂਗਾ। ਤੁਸੀਂ ਡੇਰੇ ਜਾਉ। ਸ਼੍ਰੀ ਜਗਤ ਰਾਮ ਤਾਂ ਮੰਨ ਗਏ ਪਰ ਸ਼੍ਰੀ ਸੱਤੂ ਨੇ ਕਿਹਾ ਹੁਣੇ ਹੀ ਜਾਣਾ ਹੈ।

ਸ. ਕਪੂਰ ਸਿੰਘ ਦੋਨਾਂ ਨੂੰ ਨਾਲ ਲੈ ਕੇ ਪਿੰਡੋ ਬਾਲਣ ਗੱਡੇ ਤੇ ਲੱਦ ਕੇ ਜਦੋਂ ਡੇਰੇ ਪਹੁੰਚੇ। ਉਹਨਾਂ ਨੇ ਸੰਤ ਸਰਵਣ ਦਾਸ ਜੀ ਮਹਾਰਾਜ ਨੂੰ ਨਮਸਕਾਰ ਕੀਤੀ ਤਾਂ ਉਸ ਸਮੇਂ ਜਾਣੀ ਜਾਣ ਮਹਾਰਾਜ ਜੀ ਨੇ ਫ਼ਰਮਾਇਆ "ਸੱਤੂ ਜਦ ਤੈਨੂੰ ਕਪੂਰ ਸਿੰਘ ਕਹਿੰਦਾ ਸੀ ਕਿ ਬੱਦਲ ਬਹੁਤ ਹੈ ਮੈਂ ਬਾਲਣ ਸਵੇਰੇ ਛੱਡ ਆਵਾਂਗਾ, ਤੂੰ ਉਸ ਦਾ ਕਹਿਣਾ ਕਿਉਂ ਨਹੀਂ ਮੰਨਿਆ"? ਮਹਾਰਾਜ ਜੀ ਦੇ ਇਸ ਪ੍ਰਕਾਰ ਬਚਨ ਕਰਨ ਨਾਲ ਸਾਰੇ ਹੈਰਾਨ ਰਹਿ ਗਏ ਕਿ ਮਹਾਰਾਜ ਜੀ ਡੇਰੇ ਸਨ ਇਹਨਾਂ ਨੂੰ ਸਾਰੀ ਵਾਰਤਾਲਾਪ ਦਾ ਕਿਵੇਂ ਪਤਾ ਲੱਗਾ। ਫਿਰ ਮਹਾਰਾਜ ਜੀ ਨੇ ਫ਼ਰਮਾਇਆ ਕਿ ਲੰਗਰ ਛੱਕ ਕੇ ਫਿਰ ਬਾਲਣ ਉਤਾਰਨਾ। ਮਹਾਰਾਜ ਜੀ ਨੇ ਸੇਵਾਦਾਰ ਨੂੰ ਕਹਿ ਕੇ ਦੋਨੋਂ ਬਲਦਾਂ ਨੂੰ ਗੁੜ ਅਤੇ

ਪ੍ਰਸ਼ਾਦੇ ਦਿੱਤੇ। ਜਦੋਂ ਸ. ਕਪੂਰ ਸਿੰਘ ਜੀ ਪਿੰਡ ਵਾਪਸ ਜਾਣ ਲਈ ਮਹਾਰਾਜ ਤੋਂ ਆਗਿਆ ਲੈਣ ਲੱਗੇ ਤਾਂ ਮਹਾਰਾਜ ਜੀ ਨੇ ਫ਼ਰਮਾਇਆ "ਕਪੂਰ ਸਿੰਘ ਬਲਦਾਂ ਨੂੰ ਪਰੈਣ ਨਹੀਂ ਮਾਰਨੀ। ਤੇਰੇ ਘਰ ਪਹੁੰਚਣ ਤੇ ਮੀਂਹ ਪਵੇਗਾ"।

ਜਦੋਂ ਸ. ਕਪੂਰ ਸਿੰਘ ਗੱਡੇ ਤੇ ਬੈਠ ਕੇ ਵਾਪਸ ਪਿੰਡ ਜਾ ਰਹੇ ਸਨ ਤਾਂ ਉਹਨਾਂ ਨੇ ਪੋਲੀ ਜਿਹੀ ਇਕ ਬਲਦ ਦੇ ਪਰੈਣ ਮਾਰ ਦਿੱਤੀ। ਉਹ ਪਰੈਣ ਉਸ ਸਮੇਂ ਉਹਨਾਂ ਦੇ ਹੱਥ ਵਿਚੋਂ ਨਿਕਲ ਕੇ ਜ਼ਮੀਨ ਉੱਪਰ ਡਿੱਗ ਪਈ। ਜਦੋਂ ਉਹ ਘਰ ਪਹੁੰਚਾ ਤਾਂ ਬਹੁਤ ਜ਼ੋਰ ਦੀ ਮੀਂਹ ਪਿਆ। ਸ. ਕਪੂਰ ਸਿੰਘ ਨੇ ਮਨ ਵਿਚ ਵਿਚਾਰਿਆ ਕਿ ਸੰਤਾਂ ਨੇ ਸੱਚ ਹੀ ਕਿਹਾ ਸੀ ਕਿ ਘਰ ਪਹੁੰਚਣ ਤੇ ਮੀਂਹ ਪਵੇਗਾ। ਦੂਸਰੇ ਦਿਨ ਸਵੇਰੇ ਸ. ਕਪੂਰ ਸਿੰਘ ਡੇਰੇ ਵਿਖੇ ਪੁੱਜੇ। ਜਦੋਂ ਉਹਨਾਂ ਨੇ ਸੰਤ ਸਰਵਣ ਦਾਸ ਜੀ ਨੂੰ ਨਮਸਕਾਰ ਕੀਤੀ ਤਾਂ ਮਹਾਰਾਜ ਜੀ ਨੇ ਫ਼ਰਮਾਇਆ "ਤੈਨੂੰ ਕਿਹਾ ਸੀ ਕਿ ਤੂੰ ਬਲਦ ਦੇ ਪਰੈਣ ਨਹੀਂ ਮਾਰਨੀ ਪਰ ਤੂੰ ਇਕ ਬਲਦ ਦੇ ਪਰੈਣ ਮਾਰੀ ਸੀ। ਦੂਜੇ ਦੇ ਵੀ ਮਾਰ ਦਿੰਦਾ"। ਤੇਰੀ ਪਰੈਣ ਕੱਲ੍ਹ ਰਾਤ ਦੀ ਉੱਥੇ ਹੀ ਪਈ ਹੈ। ਜਾਂਦਾ ਹੋਇਆ ਚੁੱਕ ਕੇ ਲੈ ਜਾਈਂ"।

ਮਹਾਰਾਜ ਜੀ ਦੇ ਵਚਨ ਸੁਣ ਕੇ ਸ. ਕਪੂਰ ਸਿੰਘ ਜੀ ਬਹੁਤ ਹੈਰਾਨ ਹੋਏ। ਜਦੋਂ ਉਹ ਮਹਾਰਾਜ ਜੀ ਤੋਂ ਆਗਿਆ ਲੈ ਕੇ ਪਿੰਡ ਵਾਪਸ ਜਾ ਰਹੇ ਸਨ। ਉਹਨਾਂ ਦੀ ਉਹ ਪਰੈਣ ਉੱਥੇ ਦੀ ਉੱਥੇ ਹੀ ਪਈ ਸੀ। ਉਹ ਉਸ ਪਰੈਣ ਨੂੰ ਚੁੱਕ ਕੇ ਘਰਰਲੈ ਗਏ। ਇਸ ਕੌਤਕ ਦਾ ਸ. ਕਪੂਰ ਸਿੰਘ ਤੇ ਬਹੁਤ ਪ੍ਰਭਾਵ ਪਿਆ। ਉਸ ਦੀ ਸ਼ਰਧਾ ਹੋਰ ਵੀ ਵੱਧ ਗਈ।

(ਖੁਦ ਸ. ਕਪੂਰ ਸਿੰਘ ਜੀ)

## ਸਾਖੀ 174

## ਕਣਕ ਛੇਤੀ ਕੁਤਰ ਲਉ।

ਸ. ਕਪੂਰ ਸਿੰਘ ਜੀ ਅਕਸਰ ਡੇਰੇ ਵਿਖੇ ਆਇਆ ਕਰਦੇ ਸਨ। ਕਣਕ ਦੀ ਕਟਾਈ ਦਾ ਸਮਾਂ ਸੀ। ਇਕ ਸਮੇਂ ਉਹ ਸਵੇਰੇ ਡੇਰੇ ਵਿਖੇ ਮਹਾਰਾਜ ਸਰਵਣ ਦਾਸ ਜੀ ਦੇ ਦਰਸ਼ਨ ਕਰਨ ਆਏ। ਜਦੋਂ ਸ. ਕਪੂਰ ਸਿੰਘ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤਾਂ ਮਹਾਰਾਜ ਜੀ ਨੇ ਫ਼ਰਮਾਇਆ "ਕਪੂਰ ਸਿੰਘ ਸ਼ੱਕਰ ਪਾ ਕੇ ਪਾਣੀ ਪੀ ਕੇ ਛੇਤੀ ਘਰ ਚਲਾ ਜਾ ਅਤੇ ਘਰ ਜਾ ਕੇ ਕਣਕ ਕੁਤਰ ਲੈ"। ਸ. ਕਪੂਰ ਸਿੰਘ ਨੇ ਉੱਤਰ ਦਿਤਾ,"ਮਹਾਰਾਜ ਜੀ ਮਸ਼ੀਨ ਵਾਲਿਆਂ ਨੂੰ ਕਿਹਾ ਸੀ ਉਹ ਕਹਿੰਦੇ ਸਨ ਸਾਡਾ ਅਜੇ ਵਿਹਲ ਨਹੀਂ ਹੈ। ਅਸੀਂ ਹਫਤੇ ਕੁ ਤੱਕ ਮਸ਼ੀਨ ਲਿਆ ਕੇ ਕਣਕ ਕੁਤਰ ਦਿਆਂਗੇ। ਦੂਸਰਾ ਮਹਾਰਾਜ ਜੀ, ਮੇਰੇ ਭਰਾ ਗੁਰਦਿਆਲ ਸਿੰਘ ਨੂੰ ਬੁਖ਼ਾਰ ਹੋਇਆ ਹੈ। ਹੋਰ

ਮਦਦ ਕਰਨ ਲਈ ਕੋਈ ਨਹੀਂ ਹੈ"। ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ "ਕਣਕ ਹੁਣੇ ਹੀ ਜਾ ਕੇ ਕੁਤਰਨੀ ਹੈ। ਬੰਦੇ ਵਾਧੂ ਆ ਜਾਣਗੇ ਅਤੇ ਗੁਰਦਿਆਲ ਸਿੰਘ ਵੀ ਤੇਰੇ ਨਾਲ ਕਣਕ ਕੁਤਰਾਏਗਾ"। ਨਾਲ ਹੀ ਮਹਾਰਾਜ ਜੀ ਨੇ ਫ਼ਰਮਾਇਆ ਕਿ ਸਾਰੀ ਕਣਕ ਕੁਤਰੇ ਜਾਣ ਤੱਕ ਮਸ਼ੀਨ ਲਗਾਤਾਰ ਚਲਾਉਣੀ ਹੈ। ਬੰਦ ਨਹੀਂ ਕਰਨੀ। ਸ. ਕਪੂਰ ਸਿੰਘ ਜੀ ਸਤਿ ਬਚਨ ਕਹਿ ਕੇ ਮਹਾਰਾਜ ਜੀ ਤੋਂ ਆਗਿਆ ਲੈ ਕੇ ਵਾਪਸ ਖੂਹ ਤੇ ਪਹੁੰਚੇ। ਉਹਨਾਂ ਕੀ ਦੇਖਿਆ ਕਿ ਕਣਕ ਕੁਤਰਨ ਵਾਲੇ ਮਸ਼ੀਨ ਲੈ ਕੇ 8-9 ਬੰਦੇ ਪਹੁੰਚੇ ਹੋਏ ਹਨ। ਹੋਰ ਦੋ ਰਿਸ਼ਤੇਦਾਰ ਵੀ ਆਏ ਹੋਏ ਹਨ। ਉਸ ਦੇ ਭਰਾ ਗੁਰਦਿਆਲ ਸਿੰਘ ਨੇ ਵੀ ਕਿਹਾ ਕਿ ਮੈਂ ਹੁਣ ਤੰਦਰੁਸਤ ਹਾਂ। ਮੈਂ ਵੀ ਕਣਕ ਕੁਤਰਾਵਾਂਗਾਂ। ਉਸ ਸਾਲ ਉਹਨਾਂ 15 ਖੇਤ ਕਣਕ ਦੇ ਬੀਜੇ ਸਨ। ਕਣਕ ਵੱਢ ਕੇ ਭਰੀਆਂ ਬੰਨ੍ਹੀਆ ਹੋਈਆਂ ਸਨ।ਮਸ਼ੀਨ ਲਗਾਤਾਰ 4 ਦਿਨ 4 ਰਾਤਾਂ ਚਲਦੀ ਰਹੀ। ਜਦੋਂ 25 ਕੁ ਭਰੀਆਂ ਬਾਕੀ ਰਹਿ ਗਈਆਂ ਤਾਂ ਕਪੂਰ ਸਿੰਘ ਨੇ ਸਾਥੀਆਂ ਨੂੰ ਕਿਹਾ ਕਿ ਮਸ਼ੀਨ ਬੰਦ ਕਰਕੇ ਇਕੱਠੇ ਚਾਹ ਪੀਂਦੇ ਹਾਂ। 25 ਭਰੀਆਂ ਤੇ ਮੀਂਹ ਆਉਂਦੇ ਹੀ ਕੁਤਰ ਦਿਆਂਗੇ। ਉਸ ਸਮੇਂ ਅਸਮਾਨ ਬਿਲਕੁਲ ਸਾਫ਼ ਸੀ। ਜਦੋਂ ਉਹ ਅਜੇ ਚਾਹ ਪੀ ਹੀ ਰਹੇ ਸਨ ਤਾਂ ਅਚਾਨਕ ਹੀ ਬਹੁਤ ਤੇਜ਼ ਮੀਂਹ ਪਿਆ। ਖੇਤਾਂ ਵਿਚ ਪਾਣੀ ਹੀ ਪਾਣੀ ਹੋ ਗਿਆ। ਸ. ਕਪੂਰ ਸਿੰਘ ਨੇ ਆਪਣੇ ਸਾਥੀਆਂ ਨੂੰ ਦੱਸਿਆ ਕਿ ਸੰਤ ਸਰਵਣ ਦਾਸ ਜੀ ਮਹਾਰਾਜ ਨੇ ਫ਼ਰਮਾਇਆ ਸੀ ਕਿ ਮਸ਼ੀਨ ਬੰਦ ਨਹੀਂ ਕਰਨੀ। ਦੇਖ ਲਉ ਅਸੀਂ ਮਸ਼ੀਨ ਬੰਦ ਕੀਤੀ ਤਾਂ ਮੀਂਹ ਪੈਣਾ ਆਰੰਭ ਹੋ ਗਿਆ। ਜੇਕਰ ਰਹਿੰਦੀਆਂ 25 ਭਰੀਆਂ ਵੀ ਕੁਤਰ ਕੇ ਮਸ਼ੀਨ ਬੰਦ ਕਰਦੇ ਤਾਂ ਸੰਤਾਂ ਦੇ ਅੱਟਲ ਬਚਨਾਂ ਅਨੁਸਾਰ ਮਸ਼ੀਨ ਬੰਦ ਹੋਣ ਤੇ ਹੀ ਮੀਂਹ ਪੈਣਾ ਸੀ।

(ਸ. ਕਪੂਰ ਸਿੰਘ 07-08-2003)

## ਸਾਖੀ 175

## ਸ. ਪਿਆਰਾ ਸਿੰਘ ਨੂੰ ਝੂਠੇ ਕੇਸ ਤੋਂ ਬਚਾਉਣਾ।

1962 ਈਸਵੀ ਦੀ ਦਸੰਬਰ ਮਹੀਨੇ ਦੀ ਗੱਲ ਹੈ। ਸ਼੍ਰੀ ਚੰਨਣ ਸਿੰਘ ਪਿੰਡ ਖੜਿਆਲਾ ਸੈਣੀਆਂ ਦੇ ਗ੍ਰਹਿ ਵਿਖੇ ਸਤਿਸੰਗ ਸੀ। ਸੰਤ ਸਰਵਣ ਦਾਸ ਜੀ ਮਹਾਰਾਜ ਉਹਨਾਂ ਦੇ ਗ੍ਰਹਿ ਵਿਖੇ ਗਏ। ਸ. ਪਿਆਰਾ ਸਿੰਘ ਦੀ ਪਤਨੀ ਬੀਬੀ ਬੇਅੰਤ ਕੌਰ ਤੇ ਉਹਨਾਂ ਦਾ ਲੜਕਾ ਸ਼੍ਰੀ ਬਲਦੇਵ ਸਿੰਘ ਪਿੰਡ ਲਾਂਬੜਾ ਨੇੜੇ ਬੁਲੋਵਾਲ ਤੋਂ ਮਹਾਰਾਜ ਜੀ ਦੇ ਦਰਸ਼ਨ ਕਰਨ ਗਏ। ਮਹਾਰਾਜ ਸਰਵਣ ਦਾਸ ਜੀ ਨੇ ਸਤਿਸੰਗ ਕੀਤਾ। ਜਿਸ ਵੇਲੇ ਸਭ ਸੰਗਤਾਂ ਲੰਗਰ ਛੱਕ ਚੁੱਕੀਆਂ ਤਾਂ ਮਹਾਰਾਜ ਸਰਵਣ ਦਾਸ ਜੀ ਨੇ ਬੀਬੀ ਬੇਅੰਤ

ਕੌਰ ਤੇ ਬਲਦੇਵ ਸਿੰਘ ਨੂੰ ਆਪਣੇ ਪਾਸ ਬੁਲਾਇਆ ਅਤੇ ਕਿਹਾ ਕਿ ਪਿਆਰਾ ਸਿੰਘ ਤੇ ਲੜਾਈ ਦੌਰਾਨ ਝੂਠਾ ਕੇਸ ਪੈ ਗਿਆ ਹੈ। ਮਹਾਰਾਜ ਜੀ ਨੇ ਬਲਦੇਵ ਸਿੰਘ ਨੂੰ ਕਿਹਾ ਕਿ ਤੂੰ ਕੱਲ੍ਹ ਫਿਰੋਜ਼ਪੁਰ ਵਿਖੇ ਜਾ ਕੇ ਪਿਆਰਾ ਸਿੰਘ ਨੂੰ ਮਿਲ ਕੇ ਆ ਤੇ ਉਸ ਨੂੰ ਕਹਿਣਾ ਕੇ ਤੂੰ ਸੱਚਾ ਹੈਂ ਅਤੇ ਕੋਈ ਫਿਕਰ ਨਹੀ ਕਰਨਾ।

ਦੂਸਰੇ ਦਿਨ ਬਲਦੇਵ ਸਿੰਘ ਨੇ ਆਪਣੇ ਪਿਤਾ ਸ਼੍ਰੀ ਪਿਆਰਾ ਸਿੰਘ ਨੂੰ ਮਹਾਰਾਜ ਜੀ ਦੇ ਸਾਰੇ ਬਚਨ ਸੁਣਾਏ ਅਤੇ ਸੁਣਦਿਆਂ ਸਾਰ ਹੀ ਪਿਆਰਾ ਸਿੰਘ ਨੂੰ ਹੌਂਸਲਾ ਹੋ ਗਿਆ। ਉਹਨਾਂ ਮਨ ਵਿਚ ਵਿਚਾਰਿਆ ਕਿ ਜਾਣੀ ਜਾਣ ਸੰਤ ਮਹਾਰਾਜ ਜੀ ਨੇ ਮੇਰੀ ਪਰੇਸ਼ਾਨੀ ਜਾਣ ਲਈ ਹੈ।

ਸ਼੍ਰੀ ਪਿਆਰਾ ਸਿੰਘ ਨੇ ਆਪਣੇ ਪੁੱਤਰ ਨੂੰ ਦੱਸਿਆ ਕਿ ਭਾਰਤ ਚੀਨ ਲੜਾਈ ਦੌਰਾਨ ਮੇਜਰ ਕਰਤਾਰ ਸਿੰਘ ਦਫ਼ਤਰ ਆਏ। ਉਹਨਾਂ ਨੇ ਮੈਨੂੰ ਇੱਕ ਬੈਗ ਦਿੱਤਾ ਅਤੇ ਕਿਹਾ ਕਿ ਇਹ ਬੈਗ ਆਪਣੇ ਕੋਲ ਰੱਖ ਲਉ। ਮੈਂ ਉਹ ਬੈਗ ਦਫ਼ਤਰ ਵਿਚ ਰੱਖ ਲਿਆ। ਜਦੋਂ ਕੁਝ ਦਿਨਾਂ ਬਾਦ ਮੇਜਰ ਕਰਤਾਰ ਸਿੰਘ ਨੇ ਬੈਗ ਮੰਗਿਆ, ਮੈਂ ਦੇਖਿਆ ਕਿ ਜਿੱਥੇ ਮੈਂ ਉਹ ਬੈਗ ਰੱਖਿਆ ਸੀ ਉਹ ਉਥੇ ਨਹੀਂ ਸੀ। ਉਹ ਕਿਸੇ ਚੋਰੀ ਕਰ ਲਿਆ ਸੀ। ਮੈਂ ਮੇਜਰ ਕਰਤਾਰ ਸਿੰਘ ਨੂੰ ਦੱਸਿਆ ਕਿ ਉਹ ਬੈਗ ਕਿਸੇ ਨੇ ਚੋਰੀ ਕਰ ਲਿਆ। ਸਰਦਾਰ ਕਰਤਾਰ ਸਿੰਘ ਨੇ ਕਿਹਾ ਕਿ ਉਸ ਬੈਗ ਵਿਚ ਤਾਂ ਬਹੁਤ ਸਾਰੇ ਰੁਪਏ ਸਨ। ਪਰ ਮੈਂ ਉਹਨਾਂ ਨੂੰ ਕਿਹਾ ਮੈਨੂੰ ਇਸ ਬਾਰੇ ਕੋਈ ਪਤਾ ਨਹੀਂ। ਇਸ ਪ੍ਰਕਾਰ ਮੇਰੇ ਉੱਪਰ ਚੋਰੀ ਦਾ ਕੇਸ ਬਣ ਗਿਆ। ਬਲਦੇਵ ਸਿੰਘ ਨੇ ਆਪਣੇ ਪਿਤਾ ਨੂੰ ਪੁੱਛਿਆ ਕਿ ਤੁਸੀਂ ਕੋਈ ਵਕੀਲ ਨਹੀਂ ਕੀਤਾ ਤਾਂ ਸ. ਪਿਆਰਾ ਸਿੰਘ ਨੇ ਕਿਹਾ ਕਿ ਮੈਂ ਸੱਚਾ ਹਾਂ ਅਤੇ ਮੇਰੇ ਵਕੀਲ ਖੁਦ ਮਹਾਰਾਜ ਜੀ ਹਨ।

ਇਕ ਹਫ਼ਤਾ ਰਹਿ ਕੇ ਜਦੋਂ ਬਲਦੇਵ ਸਿੰਘ ਫਿਰੋਜ਼ਪੁਰ ਤੋਂ ਵਾਪਸ ਡੇਰੇ ਵਿਖੇ ਆਏ ਤਾਂ ਮਹਾਰਾਜ ਸਰਵਣ ਦਾਸ ਜੀ ਉਹਨਾਂ ਨੂੰ ਆਪਣੇ ਨਾਲ ਸੈਰ ਵਾਸਤੇ ਲੈ ਗਏ। ਮਹਾਰਾਜ ਜੀ ਨੇ ਤਰਵੈਣੀ ਉੱਪਰ ਛੋਟੀ ਪੁਲੀ ਤੇ ਖੜ੍ਹੇ ਹੋ ਕੇ ਪਰਮਾਤਮਾ ਅੱਗੇ ਅਰਦਾਸ ਕੀਤੀ "ਹੇ ਅਕਾਲ ਪੁਰਖ ਜੇਕਰ ਪਿਆਰਾ ਸਿੰਘ ਸੱਚਾ ਹੈ ਤਾਂ ਤਰੱਕੀ ਕਰ ਕੇ ਸੂਬੇਦਾਰ ਬਣ ਕੇ ਕੁਟੀਆ ਵਿਖੇ ਆਵੇ"। ਮਹਾਰਾਜ ਜੀ ਨੇ ਫ਼ਰਮਾਇਆ ਕਿ ਬਲਦੇਵ ਸਿੰਘ ਹੁਣ ਤੂੰ ਘਰ ਜਾ। ਉਸ ਤੋਂ ਬਾਅਦ HQ Eleven corps ਵਿਚ ਕੇਸ ਚੱਲਿਆ। ਫੈਸਲੇ ਲਈ G.O.C. BOARD ਬਿਠਾ ਦਿੱਤਾ ਗਿਆ। ਪਹਿਲੇ ਦਿਨ ਸਾਰਾ ਕੇਸ ਪਿਆਰਾ ਸਿੰਘ ਦੇ ਵਿਰੁੱਧ ਜਾ ਰਿਹਾ ਸੀ। ਦੂਸਰੇ ਦਿਨ inquery ਸ਼ੁਰੂ ਹੋਣ ਤੋਂ ਪਹਿਲਾਂ ਸਾਰੀਆਂ ਫਾਇਲਾਂ ਬਦਲੀ ਹੋ ਗਈਆਂ ਫੈਸਲਾ ਸਰਦਾਰ ਪਿਆਰਾ ਸਿੰਘ ਦੇ ਹੱਕ ਵਿਚ ਹੋਇਆ। ਉਹ ਚੋਰੀ ਦੇ ਝੂਠੇ ਕੇਸ ਤੋਂ ਬਰੀ ਹੋ ਗਏ। ਯੂਨਿਟ ਫਿਰੋਜ਼ਪੁਰ

ਕੇਸ ਦੀ ਰਿਪੋਰਟ ਭੇਜੀ ਗਈ। ਉਸ ਤੋਂ ਬਾਦ ਸਰਦਾਰ ਪਿਆਰਾ ਸਿੰਘ ਨੂੰ ਤੱਰਕੀ ਮਿਲੀ।ਨਾਇਬ ਸੂਬੇਦਾਰ ਬਣਨ ਤੋਂ ਬਾਦ ਛੁੱਟੀ ਮਿਲਣ ਤੇ ਡੇਰੇ ਵਿਖੇ ਮਹਾਰਾਜ ਜੀ ਦੇ ਦਰਸ਼ਨ ਕਰਨ ਵਾਸਤੇ ਆਏ।

ਉਹਨਾਂ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਕਿਹਾ ਕਿ ਮਹਾਰਾਜ ਜੀ ਆਪ ਦੀ ਕਿਰਪਾ ਨਾਲ ਮੈਂ ਝੂਠੇ ਕੇਸ ਵਿਚੋਂ ਬਰੀ ਹੋ ਗਿਆ ਹਾਂ। ਮਹਾਰਾਜ ਜੀ ਦੇ ਆਦੇਸ਼ ਅਨੁਸਾਰ ਉਹਨਾਂ ਨੇ ਆਪਣੇ ਗ੍ਰਿਹਿ ਵਿਖੇ ਸਤਿਸੰਗ ਕਰਾਏ। ਮਹਾਰਾਜ ਜੀ ਸਤਿਸੰਗ ਵਾਲੇ ਦਿਨ ਉਹਨਾਂ ਦੇ ਗ੍ਰਿਹਿ ਪਿੰਡ ਲਾਂਬੜਾ ਵਿਖੇ ਗਏ। ਮਹਾਰਾਜ ਜੀ ਨੇ ਸਤਿਸੰਗ ਕਰਦੇ ਹੋਏ ਸਭ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਹੇ ਅਕਾਲ ਪੁਰਖ ਭੀੜ ਦੇ ਸਮੇਂ ਅਸੀਂ ਅਰਦਾਸ ਕੀਤੀ ਸੀ ਕਿ ਪਿਆਰਾ ਸਿੰਘ ਸੱਚਾ ਹੈ ਅਤੇ ਸਾਫ਼ ਬਰੀ ਹੋ ਜਾਵੇ ਅਤੇ ਇਸ ਨੂੰ ਤਰੱਕੀ ਮਿਲੇ।ਹੇ ਅਕਾਲ ਪੁਰਖ ਆਪ ਨੇ ਬਿਰਧ ਦੀ ਪੈਜ ਰੱਖੀ ਹੈ। ਸਾਰੀ ਸੰਗਤ ਨੂੰ ਅਸੀਂ ਦੱਸਦੇ ਹਾਂ ਕਿ ਪਿਆਰਾ ਸਿੰਘ ਸੱਚਾ ਹੈ। ਸ਼ੁਕਰਾਨੇ ਵਜੋਂ ਇਹ ਸਤਿਸੰਗ ਕਰਾਏ ਹਨ। ਇਸ ਪ੍ਰਕਾਰ ਮਹਾਰਾਜ ਸੰਤ ਸਰਵਣ ਦਾਸ ਜੀ ਨੇ ਸਰਦਾਰ ਪਿਆਰਾ ਸਿੰਘ ਨੂੰ ਝੂਠੇ ਕੇਸ ਤੋਂ ਨਵਿਰਤ ਕੀਤਾ।

## ਸਾਖੀ 176

## ਅੱਜ ਦੁੱਧ ਵੱਧ ਗਿਆ ਹੈ।

ਇਹ ਘਟਨਾ 1970 ਈਸਵੀ ਦੀ ਹੈ ਜਦੋਂ ਕਿ ਡੇਰੇ ਵਿਖੇ ਸਤਿਸੰਗ ਦਾ ਪ੍ਰਵਾਹ ਚੱਲ ਰਿਹਾ ਸੀ। ਦਿਨ ਐਤਵਾਰ ਸੀ। ਤੜਕੇ 3.30 ਵਜੇ ਸੰਤ ਸਰਵਣ ਦਾਸ ਜੀ ਮਹਾਰਾਜ ਪਿੰਡ ਡੇਰੇ ਤੋਂ ਕੁਟੀਆ ਵਿਖੇ ਪਹੁੰਚੇ। ਮਹਾਰਾਜ ਜੀ ਨੇ ਸ. ਗੁਰਦੇਵ ਸਿੰਘ ਜੀ ਨੂੰ ਪੁੱਛਿਆ ਸੰਗਤਾਂ ਨੂੰ ਚਾਹ ਪਾਣੀ ਵੀ ਪਿਲਾਉਂਦੇ ਹੋ। ਸ. ਗੁਰਦੇਵ ਸਿੰਘ ਨੇ ਉੱਤਰ ਦਿੱਤਾ ਕਿ ਮਹਾਰਾਜ ਜੀ ਅੱਜ ਦੁੱਧ ਵੱਧ ਗਿਆ। ਮਹਾਰਾਜ ਜੀ ਨੇ ਫ਼ਰਮਾਇਆ, "ਹੈਂਅ...ਅੱਜ ਦੁੱਧ ਵੱਧ ਗਿਆ ਹੈ"।

ਅੱਛਾ, ਮਹਾਰਾਜ ਜੀ ਨੇ ਬਰਾਂਡੇ ਦੇ ਦੋ ਚੱਕਰ ਲਾਏ। ਦੇਖਦੇ ਦੇਖਦੇ ਹੀ ਕੀ ਹੋਇਆ। ਜਿਹੜਾ ਵੀ ਸ਼ਰਧਾਲੂ ਮਹਾਰਾਜ ਜੀ ਪਾਸ ਆਵੇ ਦੁੱਧ ਦੀ ਬਾਲਟੀ ਲੈ ਕੇ ਆਵੇ। ਮਹਾਰਾਜ ਜੀ ਨੇ ਸੇਵਾਦਾਰਾਂ ਨੂੰ ਹੁਕਮ ਕੀਤਾ ਕਿ ਦੁੱਧ ਵੱਡੇ ਬਲਟੋਆਂ ਵਿਚ ਪਾਈ ਜਾਉ।ਥੋੜ੍ਹੀ ਦੇਰ ਬਾਦ ਸ਼੍ਰੀ ਲੱਭੂ ਰਾਮ ਨੇ ਬੇਨਤੀ ਕੀਤੀ ਕਿ ਬਲਟੋਅ ਦੁੱਧ ਨਾਲ ਭਰ ਗਿਆ ਹੈ। ਮਹਾਰਾਜ ਜੀ ਨੇ ਫ਼ਰਮਾਇਆ ਕਿ ਹੁਣ ਦੁੱਧ ਛੋਟੇ ਬਲਟੋਆਂ ਵਿਚ ਪਾਉ।ਫਿਰ ਮਹਾਰਾਜ ਜੀ ਨੇ ਸ਼੍ਰੀ ਲੱਭੂ ਰਾਮ ਜੀ ਨੂੰ ਕਿਹਾ ਕਿ ਵੱਡੇ ਬਲਟੋਅ ਵਿਚ ਸਵਾ ਮਣ ਚਾਵਲ ਪਾ ਕੇ ਖੀਰ ਬਣਾਉ ਅਤੇ ਨਾਲ ਨਾਲ ਸੰਗਤਾਂ ਲਈ ਚਾਹ ਪਾਣੀ ਦਾ

ਲੰਗਰ ਵੀ ਚੱਲ ਰਿਹਾ ਸੀ। ਫਿਰ ਮਹਾਰਾਜ ਜੀ ਨੇ ਲੱਭੂ ਰਾਮ ਜੀ ਨੂੰ ਹੁਕਮ ਕੀਤਾ ਕਿ ਸਵਾ ਮਣ ਆਟਾ ਘੋਲ਼ ਕੇ ਮਾਲ ਪੂੜੇ ਬਣਾਉ। ਉਸ ਤੋਂ ਬਾਦ ਮਹਾਰਾਜ ਜੀ ਸੈਰ ਵਾਸਤੇ ਚਲੇ ਗਏ ਅਤੇ ਅੱਠ ਵਜੇ ਵਾਪਸ ਆਏ। ਮਹਾਰਾਜ ਜੀ ਦੇ ਹੁਕਮ ਅਨੁਸਾਰ ਸਤਿਸੰਗ ਹੋਇਆ ਅਤੇ 10 ਵਜੇ ਲੰਗਰ ਦੀਆਂ ਪੰਗਤਾਂ ਲਗਾਈਆਂ ਗਈਆਂ। ਮਹਾਰਾਜ ਜੀ ਨੇ ਸੇਵਾਦਾਰਾਂ ਨੂੰ ਕਿਹਾ ਕਿ ਮਾਲ ਪੂੜਿਆਂ ਦੀ ਲੁੱਟ ਪਾ ਦਿਉ। ਮਹਾਰਾਜ ਜੀ ਨੇ ਸਾਰੀਆਂ ਸੰਗਤਾਂ ਨੂੰ ਲੰਗਰ ਛਕਾ ਕੇ ਛੇਤੀ ਨਾਲ ਘਰਾਂ ਨੂੰ ਜਾਣ ਲਈ ਕਿਹਾ। ਸੇਵਾਦਾਰ ਸੋਚ ਰਹੇ ਸਨ ਕਿ ਅੱਜ ਮਹਾਰਾਜ ਜੀ ਛੇਤੀ ਤੋਂ ਛੇਤੀ ਲੰਗਰ ਛਕਾ ਕੇ ਕਿਉਂ ਭੇਜ ਰਹੇ ਹਨ। ਉਸ ਸਮੇਂ ਕੁਝ ਸੰਗਤਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਅਸੀਂ ਤਾਂ ਅਜੇ ਆਏ ਹੀ ਹਾਂ। ਮਹਾਰਾਜ ਜੀ ਨੇ ਫ਼ਰਮਾਇਆ ਲੰਗਰ ਛਕੋ। ਕੁਝ ਹੀ ਮਿੰਟਾਂ ਵਿਚ ਮੰਨਣਾਂ ਵਲੋਂ ਕਾਲੀ ਘਟਾ ਆਈ ਅਤੇ ਦੋ ਘੰਟੇ ਬੜਾ ਜ਼ੋਰਦਾਰ ਮੀਂਹ ਪਿਆ ਤਾਂ ਸਾਰੀਆਂ ਸੰਗਤਾਂ ਠੰਡ ਨਾਲ ਕੰਬਣ ਲੱਗੀਆਂ। ਮਹਾਰਾਜ ਜੀ ਦੇ ਹੁਕਮ ਅਨੁਸਾਰ ਸਭ ਸੰਗਤਾਂ ਨੂੰ ਚਾਹ ਪਿਲਾਈ ਗਈ ਅਤੇ ਸਭ ਸੰਗਤਾਂ ਨੂੰ ਛੁੱਟੀ ਦਿੱਤੀ ਗਈ। ਇਸ ਪ੍ਰਕਾਰ ਜੋ ਦੁੱਧ ਵੱਧ ਗਿਆ ਸੀ (ਭਾਵ ਖਤਮ ਹੋ ਗਿਆ ਸੀ) ਮਹਾਰਾਜ ਜੀ ਦੀ ਕਿਰਪਾ ਨਾਲ ਦੁੱਧ ਦੇ ਕਈ ਬਲਟੋਏ ਭਰ ਗਏ।

(ਖੁਦ ਸ. ਗੁਰਦੇਵ ਸਿੰਘ ਜੀ ਪੁੱਤਰ ਸ. ਪਿਆਰਾ ਸਿੰਘ ਪਿੰਡ ਲਾਂਬੜਾ)

## ਸਾਖੀ 177

## ਮੁੱਠ ਭਰਕੇ ਸੰਗਤ ਵੱਲ ਲੁਗਾਠਾਂ ਸੁੱਟਣਾ।

ਇਹ ਸਾਖੀ 1972 ਈਸਵੀ ਦੀ ਹੈ। ਜਿਹੜੀ ਕਿ ਸੁਖਵਿੰਦਰ ਸਿੰਘ ਪੁੱਤਰ ਸ਼੍ਰੀ ਸਰਨਾ ਰਾਮ ਪਿੰਡ ਕਿਸ਼ਨਗੜ੍ਹ ਜਿਹੜੇ ਕਿ ਅੰਬਾਲੇ ਵਿਖੇ ਨੌਕਰੀ ਕਰਦੇ ਹਨ। ਉਹਨਾਂ ਨਾਲ ਵਾਪਰੀ ਸੀ।

ਸੁਖਵਿੰਦਰ ਸਿੰਘ ਜੀ ਦੇ ਦੋ ਲੜਕੀਆਂ ਸਨ ਅਤੇ ਪੁੱਤਰ ਕੋਈ ਨਹੀਂ ਸੀ। ਇਕ ਵਾਰੀ ਉਹ ਡੇਰੇ ਵਿਖੇ ਆਏ। ਮਹਾਰਾਜ ਸਰਵਣ ਦਾਸ ਜੀ ਕੋਲ ਫਰਿਆਦ ਕੀਤੀ ਕਿ ਮਹਾਰਾਜ ਜੀ ਸਾਡੇ ਘਰ ਦੋ ਲੜਕੀਆਂ ਹੀ ਹਨ। ਆਪ ਜੀ ਕਿਰਪਾ ਕਰੋ ਪੁੱਤਰ ਦੀ ਦਾਤ ਬਖਸ਼ੋ। ਮਹਾਰਾਜ ਜੀ ਕਹਿਣ ਲੱਗੇ, "ਬੈਠ ਜਾਓ"। ਸੁਖਵਿੰਦਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਨਸੀਬ ਕੌਰ ਬਾਕੀ ਬੈਠੀ ਸੰਗਤ ਵਿਚ ਬੈਠ ਗਏ। ਕੋਈ ਮਹਾਰਾਜ ਜੀ ਦਾ ਸ਼ਰਧਾਲੂ ਸੇਵਕ ਲੁਗਾਠਾਂ ਲੈ ਕੇ ਆਇਆ। ਉਹ ਲੁਗਾਠਾਂ ਮਹਾਰਾਜ ਜੀ ਦੇ ਕੋਲ ਪਈਆਂ ਸਨ। ਮਹਾਰਾਜ ਜੀ ਨੇ ਇੱਕ ਮੁੱਠ ਭਰ ਕੇ ਲੁਗਾਠਾਂ ਸੰਗਤ ਵੱਲ ਸੁੱਟੀਆਂ। ਉਹਨਾਂ ਵਿਚੋਂ ਇਕ ਲੁਗਾਠ ਬੀਬੀ ਨਸੀਬ ਕੌਰ ਦੀ ਝੋਲੀ ਵਿਚ ਡਿੱਗ ਪਈ। ਉਹਨਾਂ ਨੇ

ਇਸਨੂੰ ਮਹਾਰਾਜ ਜੀ ਦਾ ਪ੍ਰਸ਼ਾਦ ਸਮਝਿਆ। ਕਿਉਂਕਿ ਲੁਗਾਠ ਬੀਬੀ ਨਸੀਬ ਕੌਰ ਦੀ ਝੋਲੀ ਵਿਚ ਡਿੱਗੀ ਸੀ ਤੇ ਉਹਨਾਂ ਨੇ ਸਮਝਿਆ ਕਿ ਮਹਾਰਾਜ ਜੀ ਨੇ ਪੁੱਤਰ ਦਾ ਅਸ਼ੀਰਵਾਦ ਦਿੱਤਾ ਹੈ। ਇਹ ਗੱਲ ਅੱਗੇ ਜਾ ਕੇ ਸੱਚ ਵੀ ਹੋਈ। ਝੋਲੀ ਵਿਚ ਡਿੱਗੀ ਲੁਗਾਠ ਦੇ ਖਾਣ ਨਾਲ ਹੀ ਉਹਨਾਂ ਨੂੰ ਪੁੱਤਰ ਦੀ ਪ੍ਰਾਪਤੀ ਹੋਈ।

## ਸਾਖੀ 178
## ਬੀਬੀ ਧੰਤੀ ਨੂੰ ਤੁਰੰਤ ਘਰ ਭੇਜਣਾ

ਇਹ ਘਟਨਾ 1952 ਈਸਵੀ ਦੀ ਹੈ। ਮਾਤਾ ਧੰਤੀ ਪਤਨੀ ਰੇਸ਼ਮ ਸਿੰਘ ਪਿੰਡ ਰਾਏਪੁਰ ਜ਼ਿਲ੍ਹਾ ਜਲੰਧਰ ਨਾਲ ਵਾਪਰੀ। ਬੀਬੀ ਧੰਤੀ ਜੀ ਮਹਾਰਾਜ ਸਰਵਣ ਦਾਸ ਜੀ ਦੇ ਬਹੁਤ ਸ਼ਰਧਾਲੂ ਸਨ। ਉਹ ਡੇਰੇ ਵਿਖੇ ਰੋਜ਼ ਦੁੱਧ ਤੇ ਲੱਸੀ ਲੈ ਕੇ ਆਉਂਦੇ ਸਨ।

ਇਸੇ ਤਰ੍ਹਾਂ ਹੀ ਇਕ ਦਿਨ ਜਦੋਂ ਬੀਬੀ ਧੰਤੀ ਡੇਰੇ ਵਿਖੇ ਆਈ। ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਕੋਲ ਬੈਠ ਗਏ, ਤਾਂ ਮਹਾਰਾਜ ਜੀ ਕਹਿਣ ਲੱਗੇ, ਬੀਬੀ ਜੀ ਇੱਥੇ ਨਾ ਬੈਠੋ ਜਲਦੀ-ਜਲਦੀ ਘਰ ਚਲੇ ਜਾਓ। ਰਸਤੇ ਵਿਚ ਕਿਤੇ ਨਹੀਂ ਰੁਕਣਾ, ਸਿੱਧੇ ਘਰ ਚਲੇ ਜਾਣਾ। ਬੀਬੀ ਧੰਤੀ ਜੀ ਸੋਚਣ ਲੱਗੇ ਕਿ ਅੱਜ ਕੀ ਗੱਲ ਹੋ ਗਈ ਮਹਾਰਾਜ ਜੀ ਨੇ ਤਾਂ ਮੈਨੂੰ ਇਧਾਂ ਕਦੀ ਵੀ ਨਹੀਂ ਕਿਹਾ। ਉਹ ਇਹੋ ਸੋਚਦੀ-ਸੋਚਦੀ ਘਰ ਨੂੰ ਚਲੀ ਗਈ ਅਤੇ ਘਰ ਜਾ ਕੇ ਦੇਖਿਆ ਕਿ ਉਹਨਾਂ ਦੀ ਕੋਠੜੀ ਵੀ ਖੁੱਲ੍ਹੀ ਪਈ ਸੀ ਅਤੇ ਟਰੰਕ ਵੀ ਖੁੱਲ੍ਹਾ ਹੀ ਰਹਿ ਗਿਆ ਸੀ। ਟਰੰਕ ਵਿਚ ਉਹਨਾਂ ਦੇ ਗਹਿਣੇ ਅਤੇ ਮਾਇਆ ਸੀ। ਪਰ ਬੀਬੀ ਇਹ ਦੇਖ ਕੇ ਹੈਰਾਨ ਸੀ ਕਿ ਸਭ ਕੁੱਝ ਖੁੱਲ੍ਹਾ ਹੋਣ ਦੇ ਬਾਵਜੂਦ ਵੀ ਉਹਨਾਂ ਦੀ ਕੋਈ ਵੀ ਚੀਜ਼ ਗਾਇਬ ਨਹੀਂ ਹੋਈ। ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਬੀਬੀ ਧੰਤੀ ਦੇ ਘਰ ਸੰਪੱਤੀ ਦੀ ਰੱਖਿਆ ਕੀਤੀ ਅਤੇ ਬੀਬੀ ਧੰਤੀ ਨੂੰ ਵੀ ਸਮਝ ਆ ਗਈ ਕਿ ਮਹਾਰਾਜ ਜੀ ਨੇ ਉਸ ਨੂੰ ਘਰ ਨੂੰ ਜਲਦੀ ਜਾਣ ਲਈ ਕਿਉਂ ਕਿਹਾ ਸੀ।

## ਸਾਖੀ 179
## ਬੀਬੀ ਅਮਰੋ ਦੇ ਦੁੱਖ ਕੱਟਣੇ।

1970 ਈਸਵੀ ਦੀ ਗੱਲ ਹੈ। ਸ਼੍ਰੀ ਸਾਧੂ ਰਾਮ ਅਲਾਵਲਪੁਰ ਦੇ ਰਹਿਣ ਵਾਲੇ ਸਨ। ਉਹਨਾਂ ਦੀ ਪਤਨੀ ਬੀਬੀ ਅਮਰੋ ਦੋ ਸਾਲ ਤੋਂ ਬਿਮਾਰ ਸੀ। ਉਹ ਤੁਰ ਫਿਰ ਵੀ ਨਹੀਂ ਸੀ ਸਕਦੀ। ਸ਼੍ਰੀ ਸਾਧੂ ਰਾਮ ਦੀ ਮਹਾਰਾਜ ਸਰਵਣ ਦਾਸ ਜੀ ਪ੍ਰਤੀ ਬਹੁਤ ਸ਼ਰਧਾ ਸੀ।

ਸਾਧੂ ਰਾਮ ਆਪਣੇ ਪਿੰਡ ਤੋਂ ਬੀਬੀ ਅਮਰੋ ਨੂੰ ਸਾਈਕਲ ਤੇ ਬਿਠਾ ਕੇ

ਸਾਇਕਲ ਤੋਰ ਕੇ ਲਿਆਇਆ। ਜਦੋਂ ਉਹ ਡੇਰੇ ਪੁੱਜੇ ਤਾਂ ਮਹਾਰਾਜ ਸਰਵਣ ਦਾਸ ਜੀ ਨੇ ਅਮਰੋ ਦੇ ਦੋ ਡੰਡੇ ਮਾਰੇ ਤਾਂ ਉਹ ਠੀਕ ਹੋ ਗਈ। ਫਿਰ ਮਹਾਰਾਜ ਜੀ ਉਹਨਾਂ ਦੇ ਮਗਰ ਦੌੜੇ ਪਿੰਡ ਮੋਖਿਆਂ ਤੱਕ। ਕਿੱਥੇ ਤਾਂ ਬੀਬੀ ਅਮਰੋ ਤੁਰ ਫਿਰ ਨਹੀਂ ਸੀ ਸਕਦੀ ਪਰ ਜਦੋਂ ਮਹਾਰਾਜ ਨੇ ਡੰਡੇ ਮਾਰੇ ਤਾਂ ਉਹ ਦੌੜਨ ਲੱਗ ਪਈ।

ਫਿਰ ਮਹਾਰਾਜ ਉਹਨਾਂ ਨੂੰ ਡੇਰੇ ਲਿਆ ਕੇ ਕਿਹਾ ਹੁਣ ਘਰ ਜਾਉ। ਬੀਬੀ ਅਮਰੋ ਬੱਲਾਂ ਨਿਵਾਸੀ ਗੋਲੇ ਦੀ ਭਤੀਜੀ ਸੀ ਤੇ ਰਮਦਾਸਪੁਰ ਵਾਲੇ ਪੂਰਨ ਦੀ ਲੜਕੀ ਸੀ। ਜਦੋਂ ਉਹ ਨਹਿਰ ਕੋਲ ਗਏ ਤਾਂ ਕਹਿਣ ਲੱਗੇ ਸੰਤਾਂ ਨੇ ਸਾਨੂੰ ਚਾਹ ਨਹੀਂ ਪਿਲਾਈ ਅਸੀਂ ਚਾਹ ਚਾਚੇ ਗੈਲੇ ਦੇ ਘਰ ਜਾ ਕੇ ਪੀਵਾਂਗੇ। ਇੰਨੇ ਨੂੰ ਮਹਾਰਾਜ ਅੱਗਿਉਂ ਆਏ ਤੇ ਕਹਿਣ ਲੱਗੇ ਤੁਹਾਨੂੰ ਡੇਰਿਓਂ ਚਾਹ ਨਹੀਂ ਮਿਲਦੀ ਚਲੋ ਡੇਰੇ। ਡੇਰੇ ਲਿਆ ਕੇ ਮਹਾਰਾਜ ਜੀ ਨੇ ਕਿਹਾ ਤੁਹਾਡਾ ਦੁੱਖ ਇਹ ਖੂੰਡੇ ਲੱਗਣ ਨਾਲ ਹੱਟਣਾ ਸੀ। ਇਸ ਤਰ੍ਹਾਂ ਮਹਾਰਾਜ ਜੀ ਨੇ ਬੀਬੀ ਅਮਰੋ ਤੇ ਕਿਰਪਾ ਕੀਤੀ ਸੀ ।

## ਸਾਖੀ 180

## ਅੱਜ ਮੀਂਹ ਪਵੇਗਾ

ਸੰਤ ਸਰਵਣ ਦਾਸ ਜੀ ਮਹਾਰਾਜ ਹਰ ਰੋਜ਼ ਸ਼ਾਮ ਨੂੰ ਪਿੰਡ ਡੇਰੇ ਰਾਤ ਨੂੰ ਜਾਇਆ ਕਰਦੇ ਸਨ। ਪਿੰਡ ਵਿੱਚ ਹਰ ਰੋਜ਼ ਸ਼ਾਮ ਨੂੰ ਸਤਿਸੰਗ ਹੋਇਆ ਕਰਦਾ ਸੀ। ਇੱਕ ਦਿਨ ਦੀ ਗੱਲ ਹੈ ਮਹਾਰਾਜ ਜੀ ਸ਼ਾਮ ਦੇ ਸੱਤ ਵਜੇ ਕੁਟੀਆ ਤੋਂ ਪਿੰਡ ਡੇਰੇ ਨੂੰ ਜਾ ਰਹੇ ਸਨ। ਸੰਗਤਾਂ ਸਮੇਤ ਸੰਤ ਗਰੀਬ ਦਾਸ ਜੀ ਮਿਸਤਰੀ ਦੌਲਤ ਰਾਮ ਪਿੰਡ ਚਮਿਆਰੇ ਵਾਲੇ ਵੀ ਉਹਨਾਂ ਦੇ ਨਾਲ ਸਨ। ਮਹਾਰਾਜ ਜੀ ਵਿਅੰਗਮ ਚਾਲ ਵਿੱਚ ਜਾ ਰਹੇ ਸਨ ਅਤੇ ਸੱਜੇ ਹੱਥ ਨਾਲ ਆਪਣਾ ਖੂੰਡਾ ਘੁਮਾ ਰਹੇ ਸਨ। ਨਾਲ-ਨਾਲ ਸੰਗਤਾਂ ਜਾ ਰਹੀਆਂ ਸਨ। ਅਚਾਨਕ ਮਹਾਰਾਜ ਸਰਵਣ ਦਾਸ ਜੀ ਰੁਕੇ ਅਤੇ ਆਪਣੀ ਧੋਤੀ ਨੂੰ ਕੱਸ ਕੇ ਬੰਨਣ ਲੱਗ ਪਏ ਅਤੇ ਫ਼ਰਮਾਇਆ ਕਿ ਇਸ ਤਰ੍ਹਾਂ ਅਸੀਂ ਇਕ ਪਿੰਡ ਪ੍ਰੋਗਰਾਮ ਤੇ ਜਾ ਰਹੇ ਸੀ। ਸੰਤ ਚੇਤਨ ਦਾਸ ਜੀ ਸਾਡੇ ਨਾਲ ਸਨ। ਪੈਦਲ ਜਾਂਦੇ ਸਮੇ ਸਾਡੀ ਧੋਤੀ ਦਾ ਲੜ ਖੁੱਲ੍ਹ ਗਿਆ ਸੀ ਅਸੀਂ ਸੰਤ ਚੇਤਨ ਦਾਸ ਹੋਣਾ ਨੂੰ ਦੱਸਿਆ ਚੇਤਨ ਦਾਸਾ ਸਾਡੀ ਧੋਤੀ ਦਾ ਲੜ ਖੁੱਲ੍ਹ ਗਿਆ ਹੈ ਸੰਤ ਚੇਤਨ ਦਾਸ ਜੀ ਕਹਿਣ ਲੱਗੇ ਮਹਾਰਾਜ ਜੀ ਅੱਜ ਜ਼ਰੂਰ ਵਰਖਾ ਹੋਵੇਗੀ। ਸੋ ਉਸ ਦਿਨ ਬਹੁਤ ਵਰਖਾ ਹੋਈ। ਅਜਿਹਾ ਉਚਾਰਣ ਕਰਕੇ ਮਹਾਰਾਜ ਜੀ ਪਿੰਡ ਨੂੰ ਚਲੇ ਗਏ। ਉਸ ਰਾਤ ਅਸਮਾਨ ਬਿਲਕੁੱਲ ਸਾਫ਼ ਸੀ ਅਤੇ ਰਾਤ ਦੇ ਦੋ ਕੁ ਵੱਜੇ। ਬੜੀ ਜ਼ੋਰਦਾਰ ਵਰਖਾ ਹੋਈ। ਜੋ ਮਹਾਰਾਜ ਜੀ ਨਾਲ ਸੰਗਤਾਂ ਸਨ ਉਹਨਾਂ ਵਿਚਾਰਿਆ ਕਿ ਸੰਤ ਚੇਤਨ ਦਾਸ ਜੀ ਨੇ ਠੀਕ ਹੀ ਕਿਹਾ ਸੀ ਕਿ

ਮਹਾਰਾਜ ਅੱਜ ਤੁਹਾਡੀ ਧੋਤੀ ਦਾ ਲੜ ਖੁੱਲ੍ਹਾ ਹੈ। ਮੀਂਹ ਜ਼ਰੂਰ ਪਵੇਗਾ ਸੋ ਅਜਿਹੀ ਗੱਲ ਅੱਜ ਹੋਈ। ਮਹਾਰਾਜ ਜੀ ਐਸੇ ਬ੍ਰਹਮ ਗਿਆਨੀ ਸਨ ਜਿਹਨਾਂ ਦੇ ਅਜਿਹਾ ਕਰਨ ਨਾਲ ਵਰਖਾ ਜ਼ਰੂਰ ਹੁੰਦੀ ਸੀ।

## ਸਾਖੀ 181

## ਸ਼੍ਰੀ ਦੌਲਤ ਰਾਮ ਜੀ ਦੀ ਇੱਛਾ ਪੂਰਨ ਕਰਨੀ।

ਸ਼੍ਰੀ ਦੌਲਤ ਰਾਮ ਪੁੱਤਰ ਸ਼੍ਰੀ ਮੇਲਾ ਰਾਮ ਜੀ ਪਿੰਡ ਚੁਖਿਆਰਾ ਜਿਹਨਾਂ ਦੇ ਮਨ ਵਿਚ ਇਹ ਧਾਰਨਾ ਸੀ ਕਿ ਮੈਂ ਗੁਰੂ ਉਹਨਾਂ ਮਹਾਤਮਾ ਨੂੰ ਧਾਰਨ ਕਰਨਾ ਹੈ ਜੋ ਗੁਰੂ ਰਵਿਦਾਸ ਜੀ ਦੇ ਮਿਸ਼ਨ ਤੇ ਚੱਲਦੇ ਹੋਣਗੇ ਅਤੇ ਸਾਰੇ ਦੱਬੇ ਕੁਚਲੇ ਸਮਾਜ ਨੂੰ ਸਹਾਰਾ ਦਿੰਦੇ ਹੋਣੇ ਅਤੇ ਉਹਨਾਂ ਦੇ ਮਨ ਵਿੱਚ ਇਹ ਵੀ ਧਾਰਨਾ ਸੀ ਕਿ ਐਸੇ ਜਾਣੀ ਜਾਣ ਮਹਾਤਮਾ ਮੈਨੂੰ ਪਹਿਲੀ ਵਾਰ ਮਿਲਣ ਤੇ ਹੀ ਨਾਮ ਦਾਨ ਦੀ ਬਖ਼ਸ਼ਿਸ਼ ਕਰ ਦੇਣ। ਉਹ ਅਜਿਹੇ ਗੁਰੂ ਦੀ ਭਾਲ ਵਿੱਚ ਰਹਿੰਦੇ ਸਨ।

ਇੱਕ ਦਿਨ ਦੀ ਗੱਲ ਹੈ ਕਿ ਮਿਸਤਰੀ ਦੌਲਤ ਰਾਮ ਜੀ ਦੇ ਪਿੰਡ ਅਰਜਨਵਾਲ ਤੋਂ ਸ਼੍ਰੀ ਜਗੀਰੀ ਰਾਮ ਜੀ ਆਏ ਜੋ ਕਿ ਪਿੰਡ ਅਰਜਨਵਾਲ ਦੇ ਰਹਿਣ ਵਾਲੇ ਸਨ ਅਤੇ ਮਿਸਤਰੀ ਦੌਲਤ ਰਾਮ ਜੀ ਦੇ ਰਿਸ਼ਤੇਦਾਰ ਸਨ। ਜਦੋਂ ਉਹ ਪਿੰਡ ਚੁਖਿਆਰੇ ਵਿਖੇ ਰਾਤ ਰਹੇ ਤਾਂ ਰਾਤ ਸਮੇਂ ਉਹਨਾਂ ਨੇ ਸੰਤ ਸਰਵਣ ਦਾਸ ਜੀ ਦੀ ਬਹੁਤ ਮਹਿਮਾ ਕੀਤੀ ਕਿ ਜਿੱਥੇ ਸੰਤ ਸਰਵਣ ਦਾਸ ਜੀ ਮਹਾਰਾਜ ਨਾਮ ਦੇ ਰਸੀਏ, ਬ੍ਰਹਮਗਿਆਨੀ ਹਨ ਉੱਥੇ ਨਾਲ ਹੀ ਸਾਡੇ ਸਮਾਜ ਦਾ ਉਦਾਰ ਕਰਨ ਆਏ ਹਨ। ਸੰਤ ਸਰਵਣ ਦਾਸ ਜੀ ਮਹਾਰਾਜ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਉਂਦੇ ਹਨ ਅਤੇ ਸੰਗਤਾਂ ਨੂੰ ਹਮੇਸ਼ਾਂ ਆਪਣੇ ਬੱਚਿਆਂ ਨੂੰ ਵਿੱਦਿਆ ਪੜ੍ਹਾਉਣ ਦੀ ਪ੍ਰੇਰਣਾ, ਨਸ਼ਿਆਂ ਤੋਂ ਰਹਿਤ ਰਹਿਣ ਦੀ, ਵਹਿਮਾਂ ਭਰਮਾਂ ਤੋਂ ਮੁਕਤ ਹੋਣ ਦੀ ਅਤੇ ਪਰਮਾਤਮਾ ਦਾ ਨਾਮ ਜੱਪਣ ਦਾ ਪਾਵਨ ਉਪਦੇਸ਼ ਦਿੰਦੇ ਹਨ। ਜਿਸ ਸਮੇਂ ਸ਼੍ਰੀ ਦੌਲਤ ਰਾਮ ਜੀ ਨੇ ਸੰਤ ਸਰਵਣ ਦਾਸ ਜੀ ਦੀ ਮਹਿਮਾ ਸਰਵਣ ਕੀਤੀ ਤਾਂ ਉਹਨਾਂ ਦੇ ਮਨ ਵਿਚ ਪੂਰਨ ਵਿਸ਼ਵਾਸ ਹੋ ਗਿਆ ਕਿ ਜਿਸ ਮਹਾਂਪੁਰਸ਼ ਦੀ ਮੈਨੂੰ ਭਾਲ ਸੀ ਉਹ ਮਹਾਂਪੁਰਸ਼ ਮੈਨੂੰ ਮਿਲ ਗਏ ਹਨ।

ਇਸ ਦਿਨ ਤੋਂ ਦੂਸਰੇ ਦਿਨ ਹੀ 1964 ਈਸਵੀ ਨੂੰ ਦੁਸਹਿਰੇ ਵਾਲੇ ਦਿਨ ਨੂੰ ਸ਼੍ਰੀ ਦੌਲਤ ਰਾਮ ਜੀ ਇਕ ਦਸਤਾਰ ਲੈ ਕੇ ਸਾਈਕਲ ਤੇ ਕੁਟੀਆ ਵੱਲ ਨੂੰ ਚੱਲ ਪਏ ਅਤੇ ਉਹਨਾਂ ਦਾ ਪੱਕਾ ਸੰਕਲਪ ਅਤੇ ਸ਼ਰਧਾ ਸੀ ਕਿ ਮਹਾਰਾਜ ਜੀ ਅੱਜ ਮੇਰੇ ਤੇ ਕਿਰਪਾ ਕਰਕੇ ਨਾਮ ਦਾਨ ਦੀ ਬਖ਼ਸ਼ਿਸ਼ ਕਰਨਗੇ। ਜਦੋਂ ਸ਼੍ਰੀ ਦੌਲਤ ਰਾਮ ਜੀ ਕੁਟੀਆ

ਵਿਖੇ ਪਹੁੰਚੇ ਤਾਂ ਉਸ ਸਮੇਂ ਮਹਾਰਾਜ ਜੀ ਥੜ੍ਹੇ ਤੇ ਬਿਰਾਜਮਾਨ ਸਨ। ਉਹਨਾਂ ਦੇ ਪਾਸ ਹੀ ਸਤਿਸੰਗ ਹੋ ਰਿਹਾ ਸੀ। ਜਦੋਂ ਸ਼੍ਰੀ ਦੌਲਤ ਰਾਮ ਜੀ ਨੇ ਮਹਾਰਾਜ ਜੀ ਦੇ ਦਰਸ਼ਨ ਕੀਤੇ ਤਾਂ ਉਹਨਾਂ ਨੂੰ ਐਸਾ ਅਨੁਭਵ ਹੋਇਆ ਕਿ ਅੱਜ ਮੇਰੇ ਮਨ ਦੀ ਭਟਕਣ ਮੁੱਕ ਗਈ। ਮੈਨੂੰ ਪੂਰਨ ਗੁਰੂ ਮਿਲ ਗਏ ਹਨ। ਉਹਨਾਂ ਦੇ ਮਨ ਦੀ ਅਵਸਥਾ ਐਸੀ ਹੋ ਗਈ ਜਿਵੇਂ ਪਪੀਹੇ ਨੂੰ ਸਵਾਤੀ ਬੂੰਦ ਪ੍ਰਾਪਤ ਹੋ ਜਾਂਦੀ ਹੈ। ਸ਼੍ਰੀ ਦੌਲਤ ਰਾਮ ਜੀ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਸਤਿਸੰਗ ਵਿੱਚ ਬੈਠ ਗਏ। ਦੋ ਘੰਟੇ ਬਾਅਦ ਸਤਿਸੰਗ ਦੀ ਸਮਾਪਤੀ ਹੋਈ ਅਤੇ 12 ਵਜੇ ਮਹਾਰਾਜ ਜੀ ਨੇ ਸਭ ਸੰਗਤਾਂ ਨੂੰ ਲੰਗਰ ਛਕਣ ਲਈ ਕਿਹਾ। ਸਭ ਸੰਗਤਾਂ ਲੰਗਰ ਛਕਣ ਲਈ ਚੱਲ ਪਈਆਂ। ਮਹਾਰਾਜ ਜੀ ਥੜ੍ਹਾ ਸਾਹਿਬ ਤੋਂ ਉੱਠ ਕੇ ਆਪਣੇ ਕਮਰੇ ਵਿਚ ਪਲੰਘ ਤੇ ਬਿਰਾਜਮਾਨ ਹੋ ਗਏ। ਸ਼੍ਰੀ ਦੌਲਤ ਰਾਮ ਜੀ ਵੀ ਮਹਾਰਾਜ ਜੀ ਦੇ ਮਗਰ ਹੀ ਕਮਰੇ ਵਿਚ ਆ ਗਏ ਅਤੇ ਦਸਤਾਰ ਮਹਾਰਾਜ ਜੀ ਅੱਗੇ ਰੱਖ ਕੇ ਬੇਨਤੀ ਕੀਤੀ ਕਿ ਮੇਰੇ ਤੇ ਨਾਮਦਾਨ ਦੀ ਕਿਰਪਾ ਕਰੋ। ਜਾਣੀਜਾਣ ਮਹਾਰਾਜ ਸਰਵਣ ਦਾਸ ਜੀ ਨੇ ਸ਼੍ਰੀ ਦੌਲਤ ਰਾਮ ਜੀ ਦੇ ਪਰਿਵਾਰ ਬਾਰੇ ਪੁੱਛਣ ਤੋਂ ਬਾਦ ਉਹਨਾਂ ਨੂੰ ਨਾਮ ਦਾਨ ਦੀ ਬਖ਼ਸ਼ਿਸ਼ ਕਰ ਦਿੱਤੀ। ਇਸ ਪ੍ਰਕਾਰ ਸੰਤ ਸਰਵਣ ਦਾਸ ਜੀ ਮਹਾਰਾਜ ਨੇ ਸ਼੍ਰੀ ਦੌਲਤ ਰਾਮ ਜੀ ਦੇ ਮਨ ਦਾ ਸੰਕਲਪ ਅਤੇ ਇੱਛਾ ਪੂਰੀ ਕੀਤੀ।

(ਖੁਦ ਸ਼੍ਰੀ ਦੌਲਤ ਰਾਮ ਜੀ, ਪਿੰਡ ਚੁਖਿਆਰਾ, 9 ਸਤੰਬਰ 2003)

## ਸਾਖੀ 182

## ਮਹਾਰਾਜ ਸਰਵਣ ਦਾਸ ਜੀ ਦਾ ਸ਼੍ਰੀ ਦੌਲਤ ਰਾਮ ਜੀ ਦੇ ਗ੍ਰਹਿ ਵਿਖੇ ਜਾਣਾ।

ਮਿਸਤਰੀ ਦੌਲਤ ਰਾਮ ਜੀ ਅਤੇ ਉਹਨਾਂ ਦਾ ਪਰਿਵਾਰ ਹਰ ਐਤਵਾਰ, ਹਰ ਸੰਗਰਾਂਦ ਤੇ ਸੰਤ ਸਰਵਣ ਦਾਸ ਜੀ ਦੇ ਦਰਸ਼ਨ ਕਰਨ ਲਈ ਕੁਟੀਆ ਵਿਖੇ ਆਇਆ ਕਰਦੇ ਸਨ। 1971 ਈਸਵੀ ਦੀ ਗੱਲ ਹੈ, ਪਿੰਡ ਚੁਖਿਆਰੇ ਦੇ ਵਸਨੀਕ ਇਕ ਆਦਮੀ ਨੇ ਮਿਸਤਰੀ ਦੌਲਤ ਰਾਮ ਜੀ ਨੂੰ ਦੱਸਿਆ ਕਿ ਕੱਲ ਸਾਡੇ ਰਿਸ਼ਤੇਦਾਰਾਂ ਦੇ ਪਿੰਡ ਖੋਜੇਵਾਲੀ ਵਿਖੇ ਸਤਿਸੰਗ ਤੇ ਮਹਾਰਾਜ ਸਰਵਣ ਦਾਸ ਜੀ ਆਏ। ਉਹਨਾਂ ਦਾ ਸਤਿਸੰਗ ਸੁਣਕੇ ਸੰਗਤਾਂ ਨੇ ਆਪਣਾ ਜੀਵਨ ਸਫਲ ਕੀਤਾ ਹੈ। ਉਸੇ ਸਮੇਂ ਮਿਸਤਰੀ ਦੌਲਤ ਰਾਮ ਜੀ ਦੇ ਮਨ ਵਿਚ ਸੰਕਲਪ ਹੋਇਆ ਕਿ ਕਦੇ ਸਾਡੇ ਗ੍ਰਹਿ ਵਿਖੇ ਵੀ ਸੰਤ ਸਰਵਣ ਦਾਸ ਜੀ ਮਹਾਰਾਜ ਸਤਿਸੰਗ ਕਰਨ ਆਉਣਗੇ। ਪਰ ਉਹਨਾਂ ਦੇ ਮਨ ਵਿਚ ਸੰਤ ਸਰਵਣ ਦਾਸ ਜੀ ਪ੍ਰਤੀ ਅਥਾਹ ਪਿਆਰ ਸੀ। ਉਹਨਾਂ ਦੇ ਮਨ ਵਿਚ ਪੱਕਾ ਸੰਕਲਪ ਹੋ ਗਿਆ ਕਿ ਮਹਾਰਾਜ ਸਰਵਣ ਦਾਸ ਜੀ ਮੇਰੇ ਗ੍ਰਹਿ ਵਿਖੇ ਆ ਕੇ ਸੰਗਤਾਂ

ਨੂੰ ਸਤਿਸੰਗ ਸਰਵਣ ਕਰਾਉਣਗੇ। ਉਹ ਅਗਲੇ ਦਿਨ ਹੀ ਸਵੇਰੇ ਮਹਾਰਾਜ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ। ਉਸ ਸਮੇਂ ਜੇਠ ਦਾ ਮਹੀਨਾ ਸੀ। 15 ਜੇਠ ਸੰਨ 1971 ਨੂੰ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਕੁਟੀਆ ਵਿਖੇ ਪਹੁੰਚੇ। ਉਸ ਸਮੇਂ ਮਹਾਰਾਜ ਸਰਵਣ ਦਾਸ ਜੀ ਥੜ੍ਹਾ ਸਾਹਿਬ ਤੇ ਬਿਰਾਜਮਾਨ ਸਨ। ਮਿਸਤਰੀ ਜੀ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਉਹਨਾਂ ਦੇ ਪਾਸ ਹੀ ਬੈਠ ਗਏ। ਇਸ ਤੋਂ ਬਾਦ ਇਕ ਆਦਮੀ ਨੇ ਮਹਾਰਾਜ ਸਰਵਣ ਦਾਸ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਸਾਡੇ ਘਰ ਚਰਨ ਪਾਓ ਜੀ। ਮਹਾਰਾਜ ਸਰਵਣ ਦਾਸ ਜੀ ਨੇ ਉਸ ਨੂੰ ਕਿਹਾ ਕਿ ਕੋਈ ਗੱਲ ਨਹੀਂ ਜਦੋਂ ਸਮਾਂ ਆ ਗਿਆ ਅਸੀਂ ਆਵਾਂਗੇ। ਇਸ ਤੋਂ ਬਾਦ ਮਿਸਤਰੀ ਦੌਲਤ ਰਾਮ ਜੀ ਨੇ ਮਨ ਵਿਚ ਸੋਚਿਆ ਕਿ ਕਿਤੇ ਮਹਾਰਾਜ ਜੀ ਮੈਨੂੰ ਵੀ ਜਵਾਬ ਨਾ ਦੇ ਦੇਣ। ਅਜੇ ਉਹ ਮਨ ਵਿਚ ਵਿਚਾਰ ਕਰ ਰਹੇ ਸਨ ਕਿ ਉਸ ਸਮੇਂ ਘਟ ਘਟ ਦੀਆਂ ਜਾਨਣ ਵਾਲੇ ਮਹਾਰਾਜ ਸਰਵਣ ਦਾਸ ਜੀ ਨੇ ਪੁੱਛਿਆ, "ਭਾਈ ਤੂੰ ਕਿਸ ਤਰ੍ਹਾਂ ਅੱਜ ਆਇਆਂ ਹੈਂ"? ਮਿਸਤਰੀ ਦੌਲਤ ਰਾਮ ਜੀ ਨੇ ਮਹਾਰਾਜ ਜੀ ਅੱਗੇ ਨਿਮਰਤਾ ਸਹਿਤ ਬੇਨਤੀ ਕੀਤੀ, "ਮਹਾਰਾਜ ਜੀ ਮੈਂ ਆਪਣੇ ਗ੍ਰਹਿ ਵਿਖੇ ਆਪ ਜੀ ਦੇ ਚਰਨ ਪੁਆਉਣੇ ਹਨ। ਆਪ ਕਿਰਪਾ ਕਰਨੀ ਜੀ ਤੇ ਮਹਾਰਾਜ ਜੀ ਸਤਿਸੰਗ ਵੀ ਕਰਾਉਣ ਦਾ ਵਿਚਾਰ ਹੈ"। ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ ਕਿ 25 ਜੇਠ ਦਿਨ ਮੰਗਲਵਾਰ ਸਤਿਸੰਗ ਹੋਵੇਗਾ ਅਤੇ ਅਸੀਂ ਵੀ ਆਵਾਂਗੇ। ਮਹਾਰਾਜ ਜੀ ਦੇ ਮੁੱਖ ਤੋਂ ਅਜਿਹੇ ਵਚਨ ਸੁਣਕੇ ਮਿਸਤਰੀ ਦਾ ਮਨ ਗਦ ਗਦ ਹੋ ਗਿਆ। ਉਹ ਭਾਗਾਂ ਵਾਲਾ ਦਿਨ 25 ਜੇਠ ਦਿਨ ਮੰਗਲਵਾਰ ਆ ਗਿਆ। ਮਹਾਰਾਜ ਸਰਵਣ ਦਾਸ ਜੀ, ਕਵੀ ਤੋਤਾ ਰਾਮ, ਸੰਤ ਪ੍ਰੇਮ ਦਾਸ, ਮਾਸਟਰ ਠਾਕਰ ਦਾਸ ਪਿੰਡ ਬਸੀ ਤੇ ਹੋਰ ਸੰਗਤਾਂ ਸਮੇਤ ਸ਼੍ਰੀ ਦੌਲਤ ਰਾਮ ਜੀ ਦੇ ਘਰ ਪਹੁੰਚੇ। ਮਹਾਰਾਜ ਜੀ ਜਿਸ ਸਮੇਂ ਜੀਪ ਵਿਚੋਂ ਉੱਤਰੇ ਤਾਂ ਸ਼੍ਰੀ ਦੌਲਤ ਰਾਮ ਜੀ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ ਕਿ ਇਸ ਪਿੰਡ ਵਿਚ ਸਾਡੇ ਸਮਾਜ ਦਾ ਇਹ ਪਹਿਲਾਂ ਸਤਿਸੰਗ ਹੈ। ਮਹਾਰਾਜ ਸਰਵਣ ਦਾਸ ਜੀ ਨੇ ਸੰਗਤਾਂ ਨੂੰ ਸਤਿਸੰਗ ਕਰਕੇ ਨਿਹਾਲ ਕੀਤਾ। ਇਸ ਪ੍ਰਕਾਰ ਬ੍ਰਹਮ ਗਿਆਨੀ ਸੰਤ ਸਰਵਣ ਦਾਸ ਮਹਾਰਾਜ ਜੀ ਨੇ ਮਿਸਤਰੀ ਦੌਲਤ ਰਾਮ ਦੇ ਪ੍ਰੇਮ ਨੂੰ ਦੇਖਦੇ ਹੋਏ ਉਹਨਾਂ ਦੇ ਪਿੰਡ ਚੁਖਿਆਰੇ ਵਿਖੇ ਪਹਿਲੀ ਵਾਰੀ ਚਰਨ ਪਾਏ।

## ਸਾਖੀ 183

## ਸ਼੍ਰੀ ਗੁਰਮੇਲ ਰਾਮ ਤੇ ਬੀਬੀ ਨੰਤੀ ਦੇ ਪੁੱਤਰ ਠੀਕ ਕਰਨੇ।

ਸ਼੍ਰੀ ਗੁਰਮੇਲ ਰਾਮ ਤੇ ਬੀਬੀ ਨੰਤੀ ਜੀ ਪਿੰਡ ਢੱਕ ਪੰਡੋਰੀ ਨੇੜੇ ਫਗਵਾੜਾ ਦੇ

ਰਹਿਣ ਵਾਲੇ ਹਨ। ਉਹਨਾਂ ਦੇ ਚਾਰ ਪੁੱਤਰ ਹਨ। ਭਾਦੋ ਦੇ ਮਹੀਨੇ ਉਹਨਾਂ ਦਾ ਇਕ ਲੜਕਾ ਜਿਸ ਦੀ ਉਮਰ 2 ਸਾਲ ਦੀ ਸੀ।ਉਹ ਬਿਮਾਰ ਹੋ ਕੇ ਮਰ ਗਿਆ।ਉਸ ਤੋਂ ਬਾਦ ਦੂਸਰੇ ਸਾਲ ਉਹਨਾਂ ਦਾ ਦੂਸਰਾ ਲੜਕਾ ਜਿਸ ਦੀ ਉਮਰ ਚਾਰ ਸਾਲ ਸੀ ਉਸੇ ਮਹੀਨੇ ਭਾਦੋ ਨੂੰ ਮਰ ਗਿਆ ਸੀ। ਇਕ ਦਿਨ ਉਹ ਸੁੱਚੀ ਪਿੰਡ ਵਿਖੇ ਆਪਣੇ ਰਿਸ਼ਤੇਦਾਰ ਸ਼੍ਰੀ ਗੁਰਦਾਸ ਰਾਮ ਤੇ ਬੀਬੀ ਬਚਨੀ ਦੇ ਘਰ ਗਏ ਅਤੇ ਉਹਨਾਂ ਪਾਸੋਂ ਮਹਾਰਾਜ ਸਰਵਣ ਦਾਸ ਜੀ ਦੀ ਉਸਤੱਤ ਸਰਵਣ ਕੀਤੀ। ਸ੍ਰੀ ਗੁਰਦਾਸ ਰਾਮ ਜੀ ਨੇ ਦੱਸਿਆ ਕਿ ਸੰਤ ਸਰਵਣ ਦਾਸ ਜੀ ਪੂਰਨ ਬ੍ਰਹਮ ਗਿਆਨੀ ਹਨ ਉਹਨਾਂ ਦੀ ਕਿਰਪਾ ਨਾਲ ਹੀ ਸਾਨੂੰ ਸਭ ਕੁਝ ਪ੍ਰਾਪਤ ਹੋਇਆ ਹੈ। ਇਕ ਦਿਨ ਸ਼੍ਰੀ ਗੁਰਦਾਸ ਰਾਮ ਤੇ ਬੀਬੀ ਬਚਨੀ ਜੀ ਸ਼੍ਰੀ ਗੁਰਮੇਲ ਰਾਮ ਤੇ ਬੀਬੀ ਨੰਤੀ ਨੂੰ ਮਹਾਰਾਜ ਜੀ ਪਾਸ ਲੈ ਕੇ ਆਏ। ਇਸ ਤਰ੍ਹਾਂ ਉਹਨਾਂ ਨੇ ਡੇਰੇ ਵਿਖੇ ਆਉਣਾ ਸ਼ੁਰੂ ਕਰ ਦਿੱਤਾ। 1968 ਈਸਵੀ ਦੀ ਗੱਲ ਹੈ ਉਸ ਸਮੇਂ ਉਹਨਾਂ ਦੇ ਦੋ ਲੜਕੇ ਦੇਸ ਰਾਜ ਤੇ ਸੋਹਣ ਲਾਲ ਸਨ।ਉਹਨਾਂ ਦਾ ਲੜਕਾ ਸੋਹਣ ਲਾਲ ਭਾਦਰੋ ਦੇ ਮਹੀਨੇ ਬਿਮਾਰ ਹੋ ਗਿਆ। ਸ਼੍ਰੀ ਗੁਰਮੇਲ ਰਾਮ ਜੀ ਕਾਕੇ ਸੋਹਣ ਲਾਲ ਨੂੰ ਫਗਵਾੜੇ ਦਾਖਲ ਕਰਵਾ ਕੇ ਮਹਾਰਾਜ ਜੀ ਪਾਸ ਆਏ।ਓਹਨਾਂ ਆ ਕੇ ਮਹਾਰਾਜ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ ਜੀ ਕਿਰਪਾ ਕਰੋ ਕਿ 1966 ਈਸਵੀ ਵਿਚ ਭਾਦਰੋਂ ਦੇ ਮਹੀਨੇ ਮੇਰਾ ਪਹਿਲਾ ਲੜਕਾ ਪੂਰਾ ਹੋ ਗਿਆ। ਜਿਸ ਦੀ ਉਮਰ ਦੋ ਸਾਲ ਦੀ ਸੀ। ਉਸ ਤੋਂ ਇਕ ਸਾਲ ਬਾਦ ਭਾਦਰੋਂ ਦੇ ਮਹੀਨੇ ਮੇਰੇ ਦੂਸਰੇ ਲੜਕੇ ਦੀ ਮੌਤ ਹੋ ਗਈ ਜਿਸ ਦੀ ਉਮਰ 4 ਸਾਲ ਦੀ ਸੀ ਅਤੇ ਮਹਾਰਾਜ ਜੀ ਹੁਣ ਫਿਰ ਸਾਲ ਬਾਦ ਮੇਰਾ ਲੜਕਾ ਸੋਹਣ ਜਿਸ ਦੀ ਉਮਰ 7 ਸਾਲ ਦੀ ਹੈ ਉਹ ਬਿਮਾਰ ਹੈ ਅਤੇ ਇਹ ਵੀ ਭਾਦਰੋਂ ਦਾ ਮਹੀਨਾ ਹੈ।ਆਪ ਕਿਰਪਾ ਕਰੋ ਉਹ ਬਹੁਤ ਬਿਮਾਰ ਹੈ ਤੇ ਮੈਂ ਉਸ ਨੂੰ ਫਗਵਾੜੇ ਦਾਖਲ ਕਰਾ ਕੇ ਆਇਆ ਹਾਂ। ਮਹਾਰਾਜ ਸਰਵਣ ਦਾਸ ਜੀ ਨੇ ਰੇਰੂ ਵਾਲੇ ਵੈਦ ਨੂੰ ਆਪਣੇ ਪਾਸ ਬੁਲਾਕੇ ਲੜਕੇ ਵਾਸਤੇ ਦਵਾਈ ਮੰਗਵਾ ਕੇ ਗੁਰਮੇਲ ਨੂੰ ਦੇ ਦਿੱਤੀ ਅਤੇ ਕਿਹਾ ਕਿ ਜਾ ਕੇ ਆਪਣੇ ਲੜਕੇ ਨੂੰ ਦੇ ਦੇਵੀਂ, ਲੜਕਾ ਠੀਕ ਹੋ ਜਾਵੇਗਾ। ਕੋਈ ਫਿਕਰ ਨਹੀਂ ਕਰਨਾ।ਘਬਰਾਉਣਾ ਨਹੀਂ।ਮਹਾਰਾਜ ਜੀ ਦੀ ਕਿਰਪਾ ਨਾਲ ਤੁਹਾਡਾ ਇਹ ਲੜਕਾ ਠੀਕ ਹੋ ਜਾਵੇਗਾ। ਭਜਨ ਸਿਮਰਨ ਕਰਦੇ ਰਹਿਣਾ। ਸ਼੍ਰੀ ਗੁਰਮੇਲ ਜੀ ਮਹਾਰਾਜ ਜੀ ਤੋਂ ਆਗਿਆ ਲੈ ਕੇ ਫਗਵਾੜੇ ਹਸਪਤਾਲ ਪਹੁੰਚੇ ਅਤੇ ਜਾ ਕੇ ਲੜਕੇ ਨੂੰ ਦਵਾਈ ਦਿੱਤੀ। ਦਵਾਈ ਦੇਣ ਤੋਂ ਇੱਕ ਘੰਟੇ ਬਾਦ ਲੜਕਾ ਬਿਲਕੁਲ ਠੀਕ ਹੋ ਗਿਆ। ਸ਼੍ਰੀ ਗੁਰਮੇਲ ਜੀ ਉਸ ਨੂੰ ਘਰ ਲੈ ਕੇ ਗਏ।ਉਸ ਤੋਂ ਬਾਦ ਉਹਨਾਂ ਦਾ ਕੋਈ ਵੀ ਲੜਕਾ ਇਸ ਤਰ੍ਹਾਂ ਬਿਮਾਰ ਨਹੀਂ ਹੋਇਆ।ਸ਼੍ਰੀ ਗੁਰਮੇਲ ਜੀ ਦੱਸਦੇ ਹਨ ਕਿ ਅੱਜ ਸੰਤ ਸਰਵਣ ਦਾਸ ਜੀ ਮਹਾਰਾਜ ਦੀ ਕਿਰਪਾ ਨਾਲ ਮੇਰੇ ਦੋਨੋਂ ਲੜਕੇ ਤੰਦਰੁਸਤ ਹਨ ਅਤੇ ਉਹਨਾਂ ਦੇ

ਬੱਚੇ ਵੀ ਜਵਾਨ ਹੋ ਚੁੱਕੇ ਹਨ।

ਸ਼੍ਰੀ ਗੁਰਮੇਲ ਰਾਮ ਜੀ, ਪਿੰਡ ਢੱਕ ਪੰਡੋਰੀ, 11-09-2003

## ਸਾਖੀ 184

## ਮਾਸਟਰ ਜੱਗੂ ਰਾਮ ਨੂੰ ਮੁਕਤੀ ਪ੍ਰਦਾਨ ਕਰਨਾ।

ਮਾਸਟਰ ਜੱਗੂ ਰਾਮ ਪਿੰਡ ਰਾਏਪੁਰ ਰਸੂਲ ਪੁਰ ਸਾਰਾ ਪਰਿਵਾਰ ਹੀ ਸੰਤ ਸਰਵਣ ਦਾਸ ਜੀ ਮਹਾਰਾਜ ਜੀ ਦਾ ਸ਼ਰਧਾਲੂ ਹੈ।ਮਾਸਟਰ ਜੱਗੂ ਰਾਮ ਜੀ ਅਕਸਰ ਡੇਰੇ ਵਿਖੇ ਰਹਿ ਕੇ ਲੰਗਰ ਦੀ ਸੇਵਾ ਅਤੇ ਚਿੱਠੀਆਂ ਲਿਖਣ ਦੀ ਸੇਵਾ ਕਰਿਆ ਕਰਦੇ ਸਨ।ਉਹ ਆਪਣੇ ਸਕੂਲ ਵਿਚ ਬੱਚਿਆਂ ਨੂੰ ਪੜ੍ਹਾਉਣ ਤੋਂ ਬਾਦ ਹਰ ਰੋਜ਼ ਦਰਬਾਰ ਵਿਚ ਆ ਕੇ ਸੇਵਾ ਕਰਿਆ ਕਰਦੇ ਸਨ। 1971 ਈਸਵੀ ਦੀ ਗੱਲ ਹੈ ਕਿ ਮਾਸਟਰ ਜੱਗੂ ਰਾਮ ਬਹੁਤ ਬਿਮਾਰ ਹੋ ਗਏ। ਇਸੇ ਕਾਰਨ ਉਹਨਾਂ ਦੇ ਵੱਡੇ ਭਰਾ ਸ਼੍ਰੀ ਕਰਮ ਸਿੰਘ ਬੰਗੜ ਵੀ ਇੰਗਲੈਂਡ ਤੋਂ ਆਏ।ਉਹਨਾਂ ਨੇ ਮਹਾਰਾਜ ਸਰਵਣ ਦਾਸ ਜੀ ਦੇ ਉਦੇਸ਼ਾਂ ਅਨੁਸਾਰ 12 ਮਈ 1971 ਈਸਵੀ ਨੂੰ ਮਾਸਟਰ ਜੱਗੂ ਰਾਮ ਜੀ ਨੂੰ ਗੁਲਾਬ ਦੇਵੀ ਹਸਪਤਾਲ ਜਲੰਧਰ ਵਿਖੇ ਦਾਖਲ ਕਰਵਾ ਦਿੱਤਾ।ਹਸਪਤਾਲ ਦਾਖਲ ਦੌਰਾਨ ਵੀ ਮਾਸਟਰ ਜੱਗੂ ਰਾਮ ਜੀ ਸਵੇਰੇ ਸ਼ਾਮ ਆਪਣਾ ਨਿੱਤ ਨੇਮ ਕਰਦੇ ਸਨ।21 ਮਈ 1971 ਨੂੰ ਸੰਤ ਸਰਵਣ ਦਾਸ ਜੀ ਮਹਾਰਾਜ ਉਹਨਾਂ ਨੂੰ ਗੁਲਾਬ ਦੇਵੀ ਹਸਪਤਾਲ ਦੇਖਣ ਗਏ।ਮਹਾਰਾਜ ਜੀ ਨੇ ਉਹਨਾਂ ਨੂੰ ਸਤਿਸੰਗ ਸਰਵਣ ਕਰਾਇਆ।ਬਾਦ ਵਿਚ ਮਹਾਰਾਜ ਜੀ ਨੇ ਆਪ ਸਾਰੇ ਮਰੀਜ਼ਾਂ ਨੂੰ ਪਰਸ਼ਾਦ ਵਰਤਾਇਆ।ਮਾਸਟਰ ਜੱਗੂ ਰਾਮ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੇਰਾ ਹਸਪਤਾਲ ਵਿੱਚ ਜੀਅ ਨਹੀਂ ਲੱਗਦਾ। ਇਹ ਹਸਪਤਾਲ ਮੈਨੂੰ ਜੇਲ੍ਹ ਸਮਾਨ ਲੱਗਦਾ ਹੈ।ਮੇਰੇ ਮਨ ਵਿਚ ਹਰ ਸਮੇਂ ਆਪ ਜੀ ਦੇ ਦਰਸ਼ਨ ਕਰਨ ਦੀ ਤਾਂਗ ਲੱਗੀ ਰਹਿੰਦੀ ਹੈ ਅਤੇ ਮੈਂ ਹੁਣ ਬਚਣਾ ਨਹੀਂ ਹੈ। ਕਿਰਪਾ ਕਰਕੇ ਆਪ ਮੇਰੀ ਮੁਕਤੀ ਕਰ ਦਿਉ।ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ, "ਅੱਛਾ! ਅੱਜ 21 ਤਰੀਕ ਹੈ। ਕੋਈ ਗੱਲ ਨਹੀਂ, ਅਸੀਂ 28 ਤਰੀਕ ਨੂੰ ਤੈਨੂੰ ਸਦਾ ਵਾਸਤੇ ਆਪਣੇ ਕੋਲ ਲੈ ਜਾਣਾ ਹੈ।" ਇਸ ਤੋਂ ਬਾਦ ਮਾਸਟਰ ਜੱਗੂ ਰਾਮ ਜੀ ਨੇ ਮਹਾਰਾਜ ਸਰਵਣ ਦਾਸ ਜੀ ਨੂੰ ਨਮਸਕਾਰ ਕੀਤੀ। ਮਹਾਰਾਜ ਜੀ ਨੇ ਜੱਗੂ ਰਾਮ ਨੂੰ ਅਸ਼ੀਰਵਾਦ ਦੇ ਕੇ ਕਿਹਾ ਕਿ ਹਰ ਸਮੇਂ ਭਜਨ ਸਿਮਰਨ ਕਰਦੇ ਰਹਿਣਾ।ਉਸਤੋਂ ਬਾਦ ਮਹਾਰਾਜ ਜੀ ਹਸਪਤਾਲ ਤੋਂ ਡੇਰੇ ਵਾਪਿਸ ਆ ਗਏ। ਉਸ ਤੋਂ ਬਾਦ 28 ਮਈ ਨੂੰ ਲਗਭਗ 12 ਕੁ ਵਜੇ ਮਾਸਟਰ ਜੱਗੂ ਰਾਮ ਨੇ ਆਪਣੇ ਪੁੱਤਰ ਰਜਿੰਦਰ ਨੂੰ ਕਿਹਾ ਕਿ

ਮੈਨੂੰ ਬਿਠਾ ਦੇਵੋ।ਮੈਂ ਮਹਾਰਾਜ ਸਰਵਣ ਦਾਸ ਜੀ ਨੂੰ ਨਮਸਕਾਰ ਕਰ ਲਵਾਂ।ਉਹਨਾਂ ਨੇ ਡੇਰੇ ਦੀ ਤਰਫ ਨੂੰ ਮੂੰਹ ਕਰਕੇ ਤਿੰਨ ਵਾਰ ਨਮਸਕਾਰ ਕੀਤੀ। ਫਿਰ ਉਹ ਲੰਮੇ ਪੈ ਗਏ ਅਤੇ ਉਹਨਾਂ ਨੇ ਕਿਹਾ ਕਿ ਹੁਣ ਮੈਨੂੰ ਸੰਤ ਸਰਵਣ ਦਾਸ ਜੀ ਮਹਾਰਾਜ ਆਪਣੇ ਪਾਸ ਲੈ ਜਾਣ ਲਈ ਆ ਗਏ ਹਨ।ਉਸ ਤੋਂ ਬਾਦ ਉਹ ਦੁਬਾਰਾ ਨਹੀਂ ਬੋਲੇ।ਉਹਨਾਂ ਦੇ ਸਪੁੱਤਰ ਅਜਿਹਾ ਦੇਖ ਕੇ ਡਾਕਟਰ ਨੂੰ ਬੁਲਾ ਕੇ ਲਿਆਏ।ਜਦੋਂ ਡਾਕਟਰ ਨੇ ਮਾਸਟਰ ਜੱਗੂ ਰਾਮ ਨੂੰ ਦੇਖਿਆ ਉਸ ਸਮੇਂ ਉਹ ਆਪਣਾ ਸਰੀਰ ਤਿਆਗ ਚੁੱਕੇ ਸਨ। ਇੱਧਰ ਡੇਰੇ ਵਿਖੇ ਸਤਿਗੁਰੂ ਸਰਵਣ ਦਾਸ ਜੀ ਆਪਣੇ ਆਸਣ ਤੇ ਬੈਠੇ ਸਨ।ਉਸ ਸਮੇਂ ਸੰਤ ਨਿਰੰਜਣ ਦਾਸ ਜੀ ਨੇ ਮਹਾਰਾਜ ਜੀ ਨੂੰ ਕੋਕਾ ਕੋਲਾ ਦੀ ਬੋਤਲ ਪਿਲਾਈ। ਉਸ ਤੋਂ ਬਾਦ ਮਹਾਰਾਜ ਸਰਵਣ ਦਾਸ ਜੀ ਸਮਾਧੀ ਲਾ ਕੇ ਬੈਠ ਗਏ। ਜਦੋਂ ਉਹਨਾਂ ਨੇ ਆਪਣੀ ਸਮਾਧੀ ਖੋਲ੍ਹੀ ਤਾਂ ਰਾਏਪੁਰ ਤੋਂ ਇਕ ਆਦਮੀ ਨੇ ਆ ਕੇ ਦੱਸਿਆ ਕਿ ਮਹਾਰਾਜ ਜੀ ਮਾਸਟਰ ਜੱਗੂ ਰਾਮ ਜੀ ਚੜ੍ਹਾਈ ਕਰ ਗਏ ਹਨ। ਇਸ ਪ੍ਰਕਾਰ ਸੰਤ ਸਰਵਣ ਦਾਸ ਜੀ ਮਹਾਰਾਜ ਨੇ ਮਾਸਟਰ ਜੱਗੂ ਰਾਮ ਦੀ ਮੁਕਤੀ ਕੀਤੀ।

ਖੁਦ ਮਾਸਟਰ ਰਜਿੰਦਰ ਬੰਗੜ, ਪੁੱਤਰ ਸਵ. ਸ੍ਰੀ ਜੱਗੂ ਰਾਮ
ਪਿੰਡ ਰਾਏਪੁਰ ਰਸੂਲ ਪੁਰ, 12-09-2003

## ਸਾਖੀ 185

## ਸਰਦਾਰ ਪ੍ਰਕਾਸ਼ ਸਿੰਘ ਦੀ 1965 ਦੀ ਭਾਰਤ- ਪਾਕਿ ਯੁੱਧ ਸਮੇਂ ਰੱਖਿਆ ਕਰਨੀ।

ਸ. ਪ੍ਰਕਾਸ਼ ਸਿੰਘ ਪਿੰਡ ਰਾਏਪੁਰ ਦੇ ਵਾਸੀ ਸਨ।ਉਹ ਸਮਾਂ ਮਿਲਣ ਤੇ ਸੰਤਾਂ ਦੀ ਸੰਗਤ ਕਰਿਆ ਕਰਦੇ ਸਨ। ਉਹ ਫ਼ੌਜ ਵਿਚ ਨੌਕਰੀ ਕਰਦੇ ਸਨ। 1965 ਦੀ ਭਾਰਤ-ਪਾਕਿ ਯੁੱਧ ਸਮੇਂ ਉਹ ਆਪਣੇ ਮੋਰਚੇ ਤੇ ਲੜ ਰਹੇ ਸਨ।ਉਹਨਾਂ ਦੇ ਮੋਰਚੇ ਦੇ ਆਲੇ ਦੁਆਲੇ ਬਹੁਤ ਜ਼ੋਰ ਨਾਲ ਬੰਬ ਡਿੱਗਣ ਲੱਗ ਪਏ।ਉਹ ਘਬਰਾ ਗਏ।ਉਸ ਸਮੇਂ ਮਹਾਰਾਜ ਸਰਵਣ ਦਾਸ ਜੀ ਉਹਨਾਂ ਦੇ ਸਾਹਮਣੇ ਪ੍ਰਗਟ ਹੋਏ ਤਾਂ ਫੌਜੀ ਸਾਹਿਬ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ।ਮਹਾਰਾਜ ਜੀ ਨੇ ਉਸ ਨੂੰ ਆਸ਼ੀਰਵਾਦ ਦਿੰਦੇ ਫ਼ਰਮਾਇਆ ਕਿ ਕੋਈ ਫਿਕਰ ਨਹੀਂ ਕਰਨਾ।ਉਸ ਤੋਂ ਬਾਦ ਮਹਾਰਾਜ ਜੀ ਅਲੋਪ ਹੋ ਗਏ।ਇਸ ਕੌਤਕ ਤੋਂ ਬਾਦ ਉਹਨਾਂ ਦੇ ਮੋਰਚੇ ਦੇ ਆਲੇ-ਦੁਆਲੇ ਬੰਬ ਡਿੱਗਣੇ ਬੰਦ ਹੋ ਗਏ।ਜਦੋਂ ਜੰਗ ਖਤਮ ਹੋਈ ਤਾਂ ਪ੍ਰਕਾਸ਼ ਸਿੰਘ ਜੀ ਮਹਾਰਾਜ ਜੀ ਨੂੰ ਮਿਲਣ ਵਾਸਤੇ ਆਏ ਅਤੇ ਉਹਨਾਂ ਨੇ ਇਹ ਸਾਰਾ ਕੌਤਕ ਸੰਗਤਾਂ ਨੂੰ ਸੁਣਾਉਂਦੇ ਹੋਏ ਦੱਸਿਆ ਕਿ ਇਸ ਪ੍ਰਕਾਰ ਮਹਾਰਾਜ ਜੀ ਨੇ ਮੇਰੀ ਰੱਖਿਆ ਕੀਤੀ।

## ਸਾਖੀ 186

## ਸਾਖੀ ਰੱਖਿਆ ਕਰਨ ਦੀ

ਹੁਸ਼ਿਆਰਪੁਰ ਜ਼ਿਲੇ ਦਾ ਇਕ ਵਿਅਕਤੀ ਡੇਰੇ ਆਇਆ ਕਰਦਾ ਸੀ। ਭਾਰਤ ਪਾਕਿਸਤਾਨ ਦੀ ਵੰਡ ਸਮੇਂ ਦੀ ਗੱਲ ਹੈ ਜਦੋਂ ਕਤਲੇ ਆਮ ਹੋ ਰਿਹਾ ਸੀ ਇਕ ਵਾਰੀ ਜਨੂੰਨੀ ਕੁਝ ਲੋਕਾਂ ਨੇ ਉਸ ਨੂੰ ਫੜਕੇ ਲੱਕੜਾਂ ਇੱਕਠੀਆਂ ਕਰਕੇ ਉਸ ਨੂੰ ਵਿੱਚ ਬੰਨ੍ਹ ਕੇ ਰੱਖ ਦਿਤਾ ਉੱਪਰ ਕੰਡਿਆਂ ਵਾਲੇ ਛਾਪੇ ਰੱਖ ਦਿੱਤੇ, ਲੱਕੜਾਂ ਨੂੰ ਜਨੂੰਨੀ ਲੋਕਾਂ ਨੇ ਅੱਗ ਲਗਾ ਦਿੱਤੀ ਉਸਨੇ ਮਹਾਰਾਜ ਸਰਵਣ ਦਾਸ ਜੀ ਨੂੰ ਯਾਦ ਕੀਤਾ। ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੀ ਐਨੀ ਕਿਰਪਾ ਹੋਈ ਕਿ ਤੂਫਾਨੀ ਹਨੇਰੀ ਆਈ, ਲੱਕੜਾਂ ਉਸ ਉੱਪਰੋਂ ਉੱਡ ਗਈਆਂ। ਉਸ ਸਮੇਂ ਹਨੇਰਾ ਸੀ। ਉਸਨੇ ਆਪਣੇ ਹੱਥਾਂ ਨਾਲ ਬੰਨ੍ਹੇ ਹੋਏ ਰੱਸੇ ਖੋਲ੍ਹ ਲਏ ਅਤੇ ਉਥੋਂ ਦੌੜ ਨਿਕਲਿਆ। ਉਸ ਤੋਂ ਕੁਝ ਦਿਨਾਂ ਬਾਦ ਉਹ ਵਿਅਕਤੀ ਡੇਰੇ ਆਇਆ। ਮਹਾਰਾਜ ਸਰਵਣ ਦਾਸ ਜੀ ਥੜ੍ਹੇ ਉੱਪਰ ਬਿਰਾਜਮਾਨ ਸਨ। ਉਸ ਨੇ ਸਾਰਾ ਬੀਤਿਆ ਹੋਇਆ ਬਿਰਤਾਂਤ ਮਹਾਰਾਜ ਜੀ ਨੂੰ ਸੁਣਾਇਆ। ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ ਉਹ ਕੋਈ ਤੂਫ਼ਾਨ ਨਹੀਂ ਸੀ ਮਹਾਰਾਜ ਜੀ ਨੇ ਆਪਣੇ ਹੱਥ ਉਸ ਆਦਮੀ ਨੂੰ ਦਿਖਾਉਂਦੇ ਹੋਏ ਕਿਹਾ, ਆ ਦੇਖ ਸਾਡੇ ਹੱਥਾਂ ਵਿਚ ਕੰਡੇ ਚੁੱਭੇ ਹੋਏ ਹਨ। ਅਸੀਂ ਉਸ ਵਕਤ ਤੇਰੇ ਉੱਪਰ ਰੱਖੀਆਂ ਲੱਕੜਾਂ ਅਤੇ ਛਾਪਿਆਂ ਨੂੰ ਧੱਕਾ ਮਾਰ ਕੇ ਤੈਨੂੰ ਬਲਦੀ ਅੱਗ ਵਿਚੋਂ ਬਚਾਇਆ ਸੀ ਤਾਂ ਉਸ ਸਮੇਂ ਉਸ ਆਦਮੀ ਨੇ ਮਹਾਰਾਜ ਜੀ ਦੇ ਚਰਨ ਪਕੜ ਲਏ। ਉਸ ਸਮੇਂ ਰਾਇਪੁਰ ਵਾਲੇ ਸ਼੍ਰੀ ਰਜਿੰਦਰ ਬੰਗੜ ਅਤੇ ਸ਼੍ਰੀ ਜੱਗੂ ਰਾਮ ਜੀ ਮਹਾਰਾਜ ਪਾਸ ਹੀ ਆਏ ਸਨ।

## ਸਾਖੀ 187

## ਸੰਤ ਸਰਵਣ ਦਾਸ ਮਹਾਰਾਜ ਜੀ ਦਾ ਸ਼੍ਰੀਮਾਨ ਜਗੀਰੀ ਰਾਮ ਨੂੰ ਅੰਗ ਕੱਟੀ ਯੋਗ ਦਿਖਾਉਣਾ।

ਸ਼੍ਰੀ ਜਗੀਰੀ ਰਾਮ ਜੋ ਕਿ ਪਿੰਡ ਅਰਜਨ ਵਾਲ ਜਲੰਧਰ ਦੇ ਵਸਨੀਕ ਸਨ। ਉਹਨਾਂ ਦੇ ਪਿਤਾ ਸ਼੍ਰੀ ਰੁਲੀਆਂ ਰਾਮ ਜੀ ਬਾਬਾ ਪਿੱਪਲ ਦਾਸ ਮਹਾਰਾਜ ਜੀ ਦੇ ਸੇਵਕ ਸਨ। ਇਸ ਲਈ ਸਾਰਾ ਪਰਿਵਾਰ ਹੀ ਮਹਾਰਾਜ ਜੀ ਦਾ ਸ਼ਰਧਾਲੂ ਪਰਿਵਾਰ ਹੈ। 1952-53 ਦੀ ਗੱਲ ਹੈ ਸ਼੍ਰੀ ਜਗੀਰੀ ਰਾਮ ਜੀ ਕੁਟੀਆ ਵਿਖੇ ਆਏ। ਉਸ ਸਮੇਂ ਜਿੱਥੇ ਅੱਜ ਡੇਰਾ ਸੁਸ਼ੋਭਿਤ ਹੈ ਪਿੰਡ ਬੱਲਾਂ ਦੇ ਆਲੇ-ਦੁਆਲੇ ਘਣਾ ਜੰਗਲ ਸੀ।

ਬੱਲਾਂ ਮੰਦਿਰ ਵਾਲੀ ਜਗ੍ਹਾ ਉੱਪਰ ਦੋ ਕੱਚੇ ਕਮਰੇ ਸਨ ਅਤੇ ਬਾਹਰ ਥੜ੍ਹੇ ਉੱਪਰ ਮਾਘੀ ਦਾ ਸਮਾਗਮ ਹੁੰਦਾ ਸੀ। ਰਾਤ ਨੂੰ ਮਹਾਰਾਜ ਸਰਵਣ ਦਾਸ ਜੀ ਸ਼੍ਰੀ

ਜਗੀਰੀ ਰਾਮ ਨੂੰ ਪਿੰਡ ਬੱਲਾਂ ਵਿਖੇ ਲੈ ਆਏ। ਕਥਾ ਉਪਰੰਤ ਮਹਾਰਾਜ ਜੀ ਆਪਣੇ ਕਮਰੇ ਵਿਚ ਬੈਠ ਕੇ ਭਜਨ ਕਰਨ ਲੱਗੇ ਅਤੇ ਸੰਤ ਹਰੀ ਦਾਸ ਜੀ ਵੀ ਸਮਾਧੀ ਲਗਾ ਕੇ ਬੈਠ ਗਏ। ਸ਼੍ਰੀ ਜਗੀਰੀ ਰਾਮ ਅਤੇ ਪੰਜ ਛੇ ਸੰਗਤ ਦੇ ਆਦਮੀ ਆਰਾਮ ਕਰਨ ਲੱਗ ਪਏ। ਰਾਤ ਦੇ ਇੱਕ ਵਜੇ ਮਹਾਰਾਜ ਜੀ ਉੱਠੇ ਉਹਨਾਂ ਜਗੀਰੀ ਨੂੰ ਜਗਾਇਆ ਅਤੇ ਉਸਦੇ ਹੱਥ ਵਿੱਚ ਪਾਣੀ ਦਾ ਕਮੰਡਲ ਫੜਾ ਦਿੱਤਾ।ਮਹਾਰਾਜ ਜੀ ਉਸ ਨੂੰ ਨਾਲ ਲੈ ਕੇ ਕੁਟੀਆ ਵੱਲ ਆ ਰਹੇ ਸਨ। ਇਸ ਜਗ੍ਹਾ ਪਰ ਘਣਾ ਜੰਗਲ ਸੀ। ਮਹਾਰਾਜ ਸਰਵਣ ਦਾਸ ਜੀ ਨੇ ਆਪ ਨੂੰ ਕਿਹਾ ਤੁਸੀਂ ਇੱਥੇ ਰੁਕੋ ਅਸੀਂ ਆਉਂਦੇ ਹਾਂ ਤਾਂ ਆਪ ਜੰਗਲ ਵਿਚ ਚਲੇ ਗਏ। ਫਿਰ ਜਗੀਰੀ ਰਾਮ ਜੀ ਅੱਧਾ ਘੰਟਾ ਇੰਤਜ਼ਾਰ ਕਰਦੇ ਰਹੇ। ਉਸ ਤੋਂ ਬਾਦ ਮਗਰ ਹੀ ਮਹਾਰਾਜ ਨੂੰ ਵੇਖਣ ਚੱਲ ਪਏ। ਉਸ ਸਮੇਂ ਗਰਮੀਆਂ ਦੇ ਦਿਨ ਅਤੇ ਚੰਦ ਦੀ ਚਾਨਣੀ ਸੀ। ਕੀ ਵੇਖਦੇ ਹਨ ਮਹਾਰਾਜ ਸਰਵਣ ਦਾਸ ਜੀ ਦੇ ਵੱਖਰੇ-ਵੱਖਰੇ ਅੰਗ ਖਿਲਰੇ ਪਏ ਹਨ। ਉਹ ਅਜਿਹਾ ਕੌਤਕ ਵੇਖਕੇ ਬਹੁਤ ਘਬਰਾ ਗਏ ਅਤੇ ਸਮਝਿਆ ਕਿ ਸੰਤਾਂ ਦਾ ਕੋਈ ਕਤਲ ਕਰ ਗਿਆ ਹੈ। ਉਹ ਵਾਪਸ ਡੇਰੇ ਆਏ। ਅੱਗੇ ਕੀ ਵੇਖਿਆ ਕਿ ਸੰਤ ਸਰਵਣ ਦਾਸ ਜੀ ਖੂੰਡਾ ਲੈ ਕੇ ਖੜ੍ਹੇ ਹਨ ਅਤੇ ਮੁਸਕਰਾ ਰਹੇ ਹਨ। ਉਹਨਾਂ ਫ਼ਰਮਾਇਆ, "ਜਗੀਰੀ ਰਾਮਾਂ ਘਬਰਾਈ ਦਾ ਨਹੀਂ ਹੁੰਦਾ ਇਹ ਗੱਲ ਕਿਸੇ ਕੋਲ ਨਹੀਂ ਕਰਨੀ।" ਮਹਾਰਾਜ ਜੀ ਉਸਨੂੰ ਨਾਲ ਲੈ ਕੇ ਫਿਰ ਡੇਰੇ ਪਿੰਡ ਵਿਖੇ ਆ ਗਏ। ਉਸ ਵਕਤ 2 ਵਜੇ ਦਾ ਸਮਾਂ ਸੀ ਮਹਾਰਾਜ ਜੀ ਸਮਾਧੀ ਲਾ ਕੇ ਬੈਠ ਗਏ ਅਤੇ ਜਗੀਰੀ ਰਾਮ ਨੂੰ ਆਰਾਮ ਕਰਨ ਲਈ ਕਿਹਾ।

## ਸਾਖੀ 188

## ਚੋਰਾਂ ਨੂੰ ਸਿੱਧੇ ਰਸਤੇ ਪਾਉਣਾ।

1957 ਈਸਵੀ ਦੀ ਗੱਲ ਹੈ ਕਿ ਜਿੱਥੇ ਅੱਜ ਡੇਰਾ ਸੰਤ ਸਰਵਣ ਦਾਸ ਸੱਚਖੰਡ ਬੱਲਾਂ ਸੁਸ਼ੋਭਿਤ ਹੈ ਉਥੇ ਛੋਟੀ ਜਿਹੀ ਕੁਟੀਆ ਹੁੰਦੀ ਸੀ। ਛਾਪਿਆਂ ਦੀ ਵਾੜ ਹੁੰਦੀ ਸੀ। ਰਾਤ ਨੂੰ ਸੰਤ ਸਰਵਣ ਦਾਸ ਜੀ ਅਤੇ ਸੰਤ ਹਰੀ ਦਾਸ ਜੀ ਪਿੰਡ ਬੱਲਾਂ ਵਿਖੇ ਗਏ ਹੋਏ ਸਨ। ਰਾਤ ਨੂੰ ਡੇਰੇ ਵਿੱਚ ਕੋਈ ਵੀ ਮੌਜੂਦ ਨਹੀਂ ਸੀ। ਰਾਤ ਨੂੰ ਦੋ ਚੋਰ ਡੇਰੇ ਵਿੱਚ ਆ ਗਏ। ਉਹਨਾਂ ਨੇ ਬਾਟੀਆਂ ਦੀ ਬੋਰੀ ਭਰ ਲਈ, ਜਦੋਂ ਉਹ ਡੇਰੇ ਤੋਂ ਬਾਹਰ ਜਾਣ ਲੱਗੇ ਉਹਨਾਂ ਨੂੰ ਦਿਸਣਾ ਬੰਦ ਹੋ ਜਾਵੇ ਜਦ ਡੇਰੇ ਦੀ ਹੱਦ ਅੰਦਰ ਵਾਪਸ ਆ ਜਾਣ ਤਾਂ ਦਿਸਣ ਲੱਗ ਜਾਵੇ ਇਸ ਤਰ੍ਹਾਂ ਸਵੇਰ ਦੇ ਚਾਰ ਵੱਜ ਗਏ। ਮਹਾਰਾਜ ਜੀ ਨੇ ਕੁਟੀਆ ਵਿਖੇ ਆਉਣ ਤੋਂ ਪਹਿਲਾਂ ਦੋ ਤਿੰਨ ਆਦਮੀ ਡੇਰੇ ਕੁਟੀਆ ਵਿਖੇ ਭੇਜ ਦਿੰਦੇ ਸਨ। ਇਹ ਕੌਤਕ ਸੇਵਾਦਾਰ ਪ੍ਰੇਮੀਆਂ ਨੇ ਵੇਖਿਆ। ਜਦੋਂ ਸੁਆਮੀ ਸਰਵਣ ਦਾਸ ਜੀ

ਆਏ ਤੇ ਉਹਨਾਂ ਨੇ ਸਤਿਗੁਰਾਂ ਦੇ ਦਰਸ਼ਨ ਕੀਤੇ ਅਤੇ ਤਾਂ ਉਹ ਮਹਾਰਾਜ ਦੀ ਦੇ ਚਰਨਾਂ ਉੱਪਰ ਢਹਿ ਪਏ ਅਤੇ ਮੁਆਫ਼ੀ ਮੰਗੀ। ਮਹਾਰਾਜ ਜੀ ਨੇ ਉਹਨਾਂ ਨੂੰ ਮੁਆਫ਼ ਕਰ ਦਿੱਤਾ ਅਤੇ ਅੱਗੇ ਤੋਂ ਚੋਰੀ ਕਰਨ ਤੋਂ ਰੋਕਿਆ ਅਤੇ ਪਰਮਾਤਮਾ ਦਾ ਨਾਮ ਜੱਪਣ ਲਈ ਆਖਿਆ ਇਸ ਪ੍ਰਕਾਰ ਉਹਨਾਂ ਚੋਰਾਂ ਦਾ ਮਹਾਰਾਜ ਜੀ ਨੇ ਉਦਾਰ ਕੀਤਾ ।

## ਸਾਖੀ 189

## ਦੁੱਧ ਆ ਰਿਹਾ।

ਪਹਿਲਾਂ ਪਹਿਲ ਮਾਘੀ ਦਾ ਦਿਹਾੜਾ ਪਿੰਡ ਦੇ ਡੇਰੇ ਵਿਖੇ ਲੱਗਦਾ ਸੀ। ਜਿੱਥੇ ਅੱਜ ਕੱਲ੍ਹ ਪਿੰਡ ਵਿਚਲਾ ਸ਼ਾਨਦਾਰ ਮੰਦਿਰ ਸੁਸ਼ੋਭਿਤ ਹੈ। 1950 ਈਸਵੀ ਦੀ ਗੱਲ ਹੈ ਮਾਘੀ ਦਾ ਸਮਾਗਮ ਸੀ। ਮਹਾਰਾਜ ਸਰਵਣ ਦਾਸ ਜੀ ਨੇ ਸੇਵਾਦਾਰ ਪ੍ਰੇਮੀਆਂ ਨੂੰ ਆਖਿਆ ਸੰਗਤਾਂ ਨੂੰ ਚਾਹ ਪਿਲਾਉ। ਸੇਵਾਦਾਰਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਚਾਹ ਦੀ ਦੇਗ ਰੱਖੀ ਹੋਈ ਹੈ। ਪਾਣੀ ਉੱਬਲ ਰਿਹਾ ਅਜੇ ਦੁੱਧ ਨਹੀਂ ਆਇਆ। ਇਸ ਕਰਕੇ ਚਾਹ ਵਿਚ ਦੇਰੀ ਹੋ ਰਹੀ ਹੈ। ਜਾਣੀ ਜਾਣ ਮਹਾਰਾਜ ਜੀ ਨੇ ਫ਼ਰਮਾਇਆ ਤੁਸੀਂ ਪਾਣੀ ਵਿਚ ਮਿੱਠਾ ਪੱਤੀ ਪਾ ਦਿਉ। ਅਰਜਨਵਾਲ ਤੋਂ ਚਾਰ ਸੇਵਾਦਾਰ ਪ੍ਰੇਮੀ ਦੁੱਧ ਲੈ ਕੇ ਆ ਰਹੇ ਹਨ। ਕੁਝ ਹੀ ਮਿੰਟਾਂ ਵਿਚ ਸ਼੍ਰੀ ਸਗਲੀ ਰਾਮ, ਸ਼੍ਰੀ ਵੀਰ ਸਿੰਘ, ਸ਼੍ਰੀ ਗੁਰਨਾਮ ਅਤੇ ਸ਼੍ਰੀ ਜਗੀਰੀ ਰਾਮ ਦੋ ਗਾਗਰਾਂ ਦੁੱਧ ਦੀਆਂ ਲੈ ਕੇ ਮਹਾਰਾਜ ਜੀ ਪਾਸ ਪਹੁੰਚ ਕੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਕਿਹਾ ਅਸੀਂ ਆਪਦੇ ਚਰਨਾਂ ਵਿਚ ਦੁੱਧ ਲੈ ਕੇ ਆਏ ਹਾਂ। ਸੇਵਾਦਾਰਾਂ ਨੇ ਚਾਹ ਤਿਆਰ ਕੀਤੀ। ਸੇਵਾਦਾਰ ਪ੍ਰੇਮੀਆਂ ਤੋਂ ਇਹ ਵਾਰਤਾ ਸੁਣ ਕੇ ਇਹ ਚਾਰੋਂ ਵਿਅਕਤੀ ਬਹੁਤ ਹੀ ਹੈਰਾਨ ਹੋਏ। ਬੋਲਣਾ ਜੀ ਜੈ ਸੰਤਾਂ ਦੀ।

ਸ਼੍ਰੀ ਜਗੀਰੀ ਰਾਮ ਪੁੱਤਰ ਸ਼੍ਰੀ ਰੁਲੀਆ ਰਾਮ,
ਪਿੰਡ ਅਰਜਨ ਵਾਲ, 13-09-2003

## ਸਾਖੀ 190

## ਲੜਕਾ ਤੁਹਾਡੀ ਗਰੀਬੀ ਕੱਟੇਗਾ

1957 ਈ. ਦੀ ਗੱਲ ਹੈ ਕਿ ਸ਼੍ਰੀ ਜਗੀਰੀ ਰਾਮ ਜੀ ਦੇ ਘਰ ਉਹਨਾਂ ਦੀ ਸੁਪਤਨੀ ਬੀਬੀ ਤੇਜ ਕੌਰ ਦੀ ਕੁੱਖੋਂ ਇਕ ਲੜਕੇ ਦਾ ਜਨਮ ਹੋਇਆ। ਸ਼੍ਰੀ ਜਗੀਰੀ ਰਾਮ ਪ੍ਰਸ਼ਾਦ ਲੈਕੇ ਮਹਾਰਾਜ ਜੀ ਪਾਸ ਆਏ ਅਤੇ ਉਹਨਾਂ ਸੁਆਮੀ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਆਪ ਦੀ ਕਿਰਪਾ ਨਾਲ ਲੜਕੇ ਨੇ ਜਨਮ ਲਿਆ ਹੈ। ਮਹਾਰਾਜ ਜੀ ਨੇ ਫ਼ਰਮਾਇਆ, "ਚੇਤਨ ਦਾਸਾ ਅੱਜ ਜਗੀਰੀ ਰਾਮ ਦੇ ਘਰ ਲੜਕਾ ਹੋਇਆ ਹੈ"

ਨਾਮ ਰੱਖਣਾ ਹੈ"। ਮਹਾਰਾਜ ਜੀ ਥੜ੍ਹਾ ਸਾਹਿਬ ਉੱਪਰ ਬਿਰਾਜਮਾਨ ਸਨ ਸੰਤ ਚੇਤਨ ਦਾਸ ਜੀ ਆਪਣੀ ਝੌਂਪੜੀ ਦੇ ਬਾਹਰ ਬੈਠੇ ਸਨ ਉਹਨਾਂ ਉੱਤਰ ਦਿਤਾ ਮਹਾਰਾਜ ਜੀ ਇਸਦਾ ਪੱਕਾ ਨਾਮ ਆਪ ਹੀ ਰੱਖ ਦਿਉ। ਕੱਚਾ ਨਾਮ ਇਸਦਾ ਘੜੁੱਕਾ ਰੱਖ ਦਿਉ। ਇਹ ਲੜਕਾ ਬਹੁਤ ਸ਼ਕਤੀਮਾਨ ਹੋਵੇਗਾ। ਵਿਦੇਸ਼ ਵਿਚ ਸੈਰ ਕਰੇਗਾ ਅਤੇ ਗਰੀਬੀ ਕੱਟੇਗਾ। ਅਜਿਹਾ ਉੱਤਰ ਸੁਣ ਚੇਤਨ ਦਾਸ ਜੀ ਪਾਸੋਂ ਸਰਵਣ ਦਾਸ ਮਹਾਰਾਜ ਜੀ ਨੇ ਫ਼ਰਮਾਇਆ, "ਇਸਦਾ ਕੱਚਾ ਨਾਮ ਘੜੁੱਕਾ ਅਤੇ ਪੱਕਾ ਨਾਮ ਹੰਸਰਾਜ ਰੱਖ ਲਵੋ"। ਮਹਾਰਾਜ ਜੀ ਨੇ ਫ਼ਰਮਾਇਆ ਲੜਕਾ ਸੂਰਮਾਂ ਹੋਵੇਗਾ। ਸ਼੍ਰੀ ਜਗੀਰੀ ਰਾਮ ਜੀ ਨੇ ਅੱਜ ਦੱਸਿਆ ਮਹਾਰਾਜ ਜੀ ਦੇ ਵਚਨ ਅਟੱਲ ਹੋਏ ਕਿ ਅੱਜ ਮੇਰਾ ਲੜਕਾ ਹੰਸਰਾਜ (ਘੜੁੱਕਾ) 22 ਸਾਲ ਤੋਂ ਵਿਦੇਸ਼ ਦੀ ਸੈਰ ਕਰ ਰਿਹਾ ਹੈ ਅਤੇ ਇਸਨੇ ਸਾਡੀ ਗਰੀਬੀ ਕੱਟ ਦਿੱਤੀ ਹੈ।

## ਸਾਖੀ 191

## ਮਹਾਰਾਜ ਸਰਵਣ ਦਾਸ ਜੀ ਦਾ ਅਲੋਪ ਹੋਣਾ।

ਸ਼੍ਰੀ ਨਾਮਦੇਵ ਜੀ ਪੁੱਤਰ ਸ਼੍ਰੀ ਮੰਗਲ ਰਾਮ ਪਿੰਡ ਚੱਕੋ ਵਾਲ ਸ਼ੇਖਾ (ਹੁਸ਼ਿਆਰਪੁਰ) ਦੇ ਵਸਨੀਕ ਹਨ। ਉਹਨਾਂ ਦਾ ਸਹੁਰਾ ਪਰਿਵਾਰ ਸ਼੍ਰੀ ਕਾਲੂ ਰਾਮ ਅਤੇ ਉਹਨਾਂ ਦੀ ਸੁਪਤਨੀ ਬੀਬੀ ਬਿਸ਼ਨ ਕੌਰ ਪਿੰਡ ਜਲਭੇਆਂ ਦੇ ਵਸਨੀਕ ਸਨ ਅਤੇ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਸ਼ਰਧਾਲੂ ਸਨ। ਜਦੋਂ ਸ਼੍ਰੀ ਕਾਲੂ ਰਾਮ ਦੀ ਲੜਕੀ ਦੀ ਸ਼ਾਦੀ 1947 ਤੋਂ ਪਹਿਲਾਂ ਸ਼੍ਰੀ ਨਾਮ ਦੇਵ ਨਾਲ ਹੋਈ ਉਸ ਸਮੇਂ ਸ਼੍ਰੀ ਕਾਲੂ ਰਾਮ ਜੀ ਦੇ ਗ੍ਰਹਿ ਵਿਖੇ ਮਹਾਰਾਜ ਸਰਵਣ ਦਾਸ ਜੀ ਵੀ ਆਏ। ਨਾਮ ਦੇਵ ਜੀ ਨੇ ਜਦ ਮਹਾਰਾਜ ਜੀ ਦੇ ਨੂਰਾਨੀ ਚਿਹਰੇ ਦੇ ਦਰਸ਼ਨ ਕੀਤੇ ਉਹਨਾਂ ਦਾ ਮਨ ਆਨੰਦਿਤ ਹੋ ਗਿਆ। ਉਸ ਤੋਂ ਬਾਦ ਉਨ੍ਹਾਂ ਨੇ ਮਹਾਰਾਜ ਸਰਵਣ ਦਾਸ ਜੀ ਪਾਸ ਕੁਟੀਆ ਵਿਖੇ ਆਉਣਾ ਸ਼ੁਰੂ ਕੀਤਾ। ਫਿਰ ਉਹਨਾਂ ਦੇ ਸੇਵਕ ਬਣ ਗਏ। 1948 ਈਸਵੀ ਅੱਸੂ-ਕੱਤਕ ਮਹੀਨੇ ਦੀ ਗੱਲ ਹੈ ਮਹਾਰਾਜ ਸਰਵਣ ਦਾਸ ਜੀ ਸਵੇਰੇ ਨਾਮਦੇਵ ਜੀ ਨੂੰ ਨਾਲ ਲੈ ਕੇ ਪਿੰਡ ਮੋਖੇ ਵੱਲ ਸੈਰ ਕਰਨ ਨੂੰ ਚੱਲ ਪਏ। ਉਸ ਸਮੇਂ ਪਿੰਡ ਮੋਖੇ ਅਤੇ ਬੱਲਾਂ ਵਿਚਕਾਰ ਜੰਗਲ, ਟਿੱਬੇ ਸਨ।

ਪਿੰਡ ਮੋਖਿਆਂ ਨੂੰ ਜਾਂਦੇ ਹੋਏ ਰਾਹ ਵਿਚ ਮਹਾਰਾਜ ਸਰਵਣ ਦਾਸ ਜੀ ਖੜ੍ਹੇ ਹੋਏ। ਉਹਨਾਂ ਦੇ ਬਿਲਕੁਲ ਪਾਸ ਹੀ ਜਿਨ੍ਹਾਂ ਦੇ ਹੱਥ ਵਿਚ ਕਮੰਡਲ ਸੀ ਖਲੋ ਗਏ। ਸਤਿਗੁਰ ਜੀ ਨੇ ਕਿਹਾ "ਨਾਮਦੇਵ ਜੀ ਭਜਨ ਕਰੋ ਅਤੇ ਆਪ ਸਰੀਰ ਸਮੇਤ ਅਲੋਪ ਹੋ ਗਏ। ਸ਼੍ਰੀਮਾਨ ਨਾਮ ਦੇਵ ਜੀ ਨੂੰ ਮਹਾਰਾਜ ਜੀ ਉੱਪਰ ਭਰੋਸਾ ਸੀ। ਭਜਨ ਕਰਦੇ ਰਹੇ

ਇਕ ਘੰਟੇ ਬਾਦ ਸਰੀਰ ਸਮੇਤ ਮਹਾਰਾਜ ਜੀ ਉਸ ਸਾਹਮਣੇ ਹਾਜ਼ਰ ਹੋ ਗਏ। ਸ਼੍ਰੀ ਨਾਮਦੇਵ ਜੀ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਮਹਾਰਾਜ ਜੀ ਨੇ ਵਚਨ ਕੀਤੇ ,"ਨਾਮਦੇਵ ਤੂੰ ਘਬਰਾਇਆ ਤਾਂ ਨਹੀਂ ਸੀ।" ਨਾਮਦੇਵ ਨੇ ਕਿਹਾ, "ਮਹਾਰਾਜ ਜੀ ਆਪ ਦੀ ਕਿਰਪਾ ਨਾਲ ਮੈਂ ਘਬਰਾਇਆ ਨਹੀਂ ਸੀ।" ਇਹ ਹੈ ਸੰਤਾਂ ਦੀ ਰੂਹਾਨੀ ਸ਼ਕਤੀ ਭਗਤੀ ਦਾ ਕਮਾਲ।

## ਸਾਖੀ 192

## ਸ਼੍ਰੀ ਨਾਮ ਦੇਵ ਜੀ ਨੂੰ ਜ਼ਮੀਨ ਬਖ਼ਸ਼ਿਸ਼ ਕਰਨਾ।

1948 ਈਸਵੀ ਦੇ ਅਖੀਰ ਦੀ ਗੱਲ ਹੈ।ਸੰਤ ਸਰਵਣ ਦਾਸ ਜੀ ਮਹਾਰਾਜ ਸ਼੍ਰੀ ਨਾਮਦੇਵ ਜੀ ਦੇ ਗ੍ਰਿਹਿ ਚੱਕੋਵਾਲ ਸ਼ੇਖਾ ਵਿਖੇ ਗਏ। ਪਿੰਡ ਵਾਸੀਆਂ ਦਾ ਮਹਾਰਾਜ ਜੀ ਨਾਲ ਬਹੁਤ ਪਿਆਰ ਸੀ। ਰਾਤ ਸਮੇਂ ਮਹਾਰਾਜ ਜੀ ਨੇ ਸਤਿਸੰਗ ਕੀਤਾ। ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਮਹਾਰਾਜ ਜੀ ਸ਼੍ਰੀ ਨਾਮਦੇਵ ਜੀ ਨੂੰ ਨਾਲ ਲੈ ਕੇ ਪਿੰਡ ਦੇ ਚੜਦੇ ਪਾਸੇ ਵੱਲ ਸੈਰ ਕਰਨ ਗਏ।ਮਹਾਰਾਜ ਜੀ ਇਕ ਜ਼ਮੀਨ ਵਿਚ ਖਲੋ ਗਏ।ਨਾਮ ਦੇਵ ਨੂੰ ਪੁੱਛਿਆ, "ਨਾਮ ਦੇਵ ਇਹ ਜ਼ਮੀਨ ਕਿਸ ਦੀ ਹੈ ?" ਸ਼੍ਰੀ ਨਾਮਦੇਵ ਨੇ ਉੱਤਰ ਦਿੱਤਾ ਇਹ ਜ਼ਮੀਨ ਸਰਕਾਰੀ ਹੈ। ਮਹਾਰਾਜ ਜੀ ਨੇ ਵਚਨ ਕੀਤਾ ਕਿ ਇਹ ਦੋ ਖੇਤ ਜ਼ਮੀਨ ਤੇਰੀ ਹੈ ਤੂੰ ਜਲਦੀ ਹੀ ਇਸਦਾ ਮਾਲਕ ਬਣ ਜਾਵੇਂਗਾ। ਇਸ ਸਰਕਾਰੀ ਜ਼ਮੀਨ ਦੀ ਲੱਗਭਗ ਇਕ ਸਾਲ ਬਾਦ ਨਿਲਾਮੀ ਹੋਵੇਗੀ। ਇਸ ਵਿਚੋਂ ਦੋ ਖੇਤ ਤੂੰ ਖਰੀਦੇਂਗ। ਨਾਮਦੇਵ ਨੇ ਆਖਿਆ ਸਤਿਗੁਰ ਜੀ ਮੈਂ ਗਰੀਬ ਆਦਮੀ ਹਾਂ, ਮੇਰੇ ਪਾਸ ਪੈਸੇ ਹੀ ਨਹੀਂ ਹਨ।ਜੇਕਰ ਆਪ ਜੀ ਦੀ ਕਿਰਪਾ ਹੋ ਜਾਵੇਗੀ ਤਾਂ ਮੈਂ ਇਹ ਜ਼ਮੀਨ ਖਰੀਦ ਲਵਾਂਗਾ।

ਲਗਭਗ ਇਕ ਸਾਲ ਬਾਦ ਉਸ ਸਰਕਾਰੀ ਜ਼ਮੀਨ ਦੀ ਨਿਲਾਮੀ ਹੋਈ ਜਿਸ ਵਿਚ ਨਾਮ ਦੇਵ ਨੇ ਦੋ ਖੇਤ ਖਰੀਦੇ ਜੋ ਕਿ ਅੱਜ ਵੀ ਉਹਨਾਂ ਪਾਸ ਹੈ। ਸਤਿਗੁਰ ਜੀ ਵਾਸਤੇ 5 ਕਨਾਲਾਂ ਵਿਚ ਅੰਬਾਂ ਦਾ ਬਾਗ ਲਗਾਇਆ, ਜਿੱਥੇ ਮਹਾਰਾਜ ਜੀ ਗਰਮੀਆਂ ਵਿਚ ਅੰਬ ਚੂਪਣ ਜਾਇਆ ਕਰਦੇ ਸਨ। ਇਹ ਹੈ ਸੰਤਾਂ ਦੀ ਬਖ਼ਸ਼ਿਸ਼ ਦਾ ਭੰਡਾਰ ਅਤੇ ਨਾਮ ਦੇਵ ਦਾ ਜ਼ਮੀਨ ਦਾ ਮਾਲਕ ਬਣਨਾ।

(ਖੁਦ ਸ਼੍ਰੀ ਨਾਮ ਦੇਵ, ਪਿੰਡ ਚੱਕੋਵਾਲ ਸ਼ੇਖਾਂ,18-09-2003)

## ਸਾਖੀ 193

## ਨਾਮ ਦੇਵ ਰਾਜ ਦੇ ਪਰਿਵਾਰ ਨੂੰ ਚੋਰਾਂ ਤੋਂ ਬਚਾਉਣਾ।

ਇਕ ਸਮੇਂ ਦੀ ਗੱਲ ਹੈ ਨਾਮਦੇਵ ਉਹਨਾਂ ਦੀ ਪਤਨੀ ਗੁਰਬਚਨ ਕੌਰ ਸ਼ਾਮ ਨੂੰ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਪਿੰਡ ਚੱਕੋਵਾਲ ਸ਼ੇਖਾਂ, ਹੁਸ਼ਿਆਰਪੁਰ ਤੋਂ ਪੈਦਲ

ਆ ਰਹੇ ਸਨ।ਉਹਨਾਂ ਨੂੰ ਡੇਰੇ ਵੱਲ ਆਉਂਦਿਆ ਕਾਫੀ ਹਨੇਰਾ ਹੋ ਗਿਆ ਸੀ।ਇੱਧਰੋਂ ਮਹਾਰਾਜ ਜੀ ਸੰਗਤਾਂ ਸਮੇਤ ਪਿੰਡ ਡੇਰਾ ਬੱਲਾਂ ਵਿਖੇ ਜਾ ਰਹੇ ਸਨ ਤਾਂ ਮਹਾਰਾਜ ਜੀ ਪੁਲ ਉੱਪਰ ਖਲ੍ਹੋ ਗਏ ਤੇ ਵਚਨ ਕੀਤੇ ਨਾਮ ਦੇਵ ਉਹਨਾਂ ਦੀ ਪਤਨੀ ਗੁਰਬਚਨ ਕੌਰ ਸਾਡੇ ਪਾਸ ਆ ਰਹੇ ਹਨ।ਆਪਾਂ ਉਹਨਾਂ ਨੂੰ ਨਾਲ ਲੈ ਕੇ ਪਿੰਡ ਡੇਰੇ ਵਿਖੇ ਜਾਣਾ ਹੈ। ਜਾਣੀ ਜਾਣ ਮਹਾਰਾਜ ਜੀ ਨੇ ਜਦ ਵਚਨ ਕੀਤੇ ਤਾਂ ਉਸ ਸਮੇਂ ਸਤਿਗੁਰੂ ਦੀ ਸੰਗਤ ਮਾਣ ਰਹੀਆਂ ਸੰਗਤਾਂ ਹੈਰਾਨ ਹੋ ਗਈਆਂ। ਦੂਜੇ ਪਾਸੇ ਨਾਮਦੇਵ ਅਤੇ ਬੀਬੀ ਜਦੋਂ ਕਿਸ਼ਨਗੜ੍ਹ ਅਤੇ ਬੱਲਾਂ ਨਹਿਰ ਦੇ ਰਸਤੇ ਆ ਰਹੇ ਸਨ ਤਾਂ ਉਹਨਾਂ ਨੂੰ ਦੋ ਚੋਰਾਂ ਨੇ ਘੇਰ ਲਿਆ।ਉਹਨਾਂ ਕਿਹਾ ਜੋ ਕੁਝ ਤੁਹਾਡੇ ਪਾਸ ਹੈ ਰੱਖ ਦਿਉ।ਨਾਮ ਦੇਵ ਨੇ ਉੱਤਰ ਦਿੱਤਾ ਕਿ ਅਸੀਂ ਬੱਲਾਂ ਕੁਟੀਆ ਵਿਖੇ ਸੰਤ ਸਰਵਣ ਦਾਸ ਜੀ ਦੇ ਦਰਸ਼ਨ ਕਰਨ ਜਾ ਰਹੇ ਹਾਂ। ਚੋਰ ਇਹ ਸੁਣ ਕੇ ਇਕ ਪਾਸੇ ਹੱਟ ਗਏ। ਇੱਧਰ ਮਹਾਰਾਜ ਸਰਵਣ ਦਾਸ ਜੀ ਪੁਲ ਤੇ ਖਲ੍ਹੋ ਕੇ ਉਹਨਾਂ ਦੀ ਉਡੀਕ ਕਰ ਰਹੇ ਸਨ।ਜਦੋਂ ਸਤਿਗੁਰਾਂ ਕੋਲ ਆਏ ਮਹਾਰਾਜ ਜੀ ਨੇ ਬਚਨ ਕੀਤੇ ਨਾਮ ਦੇਵ ਇਹ ਸਮਾਂ ਤੁਹਾਡੇ ਆਉਣ ਦਾ ਹੈ ਅਸੀਂ ਇਕ ਘੰਟੇ ਤੋਂ ਤੁਹਾਡੀ ਉਡੀਕ ਕਰ ਰਹੇ ਹਾਂ ਉਹਨਾਂ ਚੋਰਾਂ ਨੇ ਤੁਹਾਨੂੰ ਕੁਝ ਕਿਹਾ ਨਹੀਂ।ਇਹ ਸੁਣ ਕੇ ਨਾਮ ਦੇਵ ਤੇ ਉਹਨਾਂ ਦੀ ਪਤਨੀ ਹੈਰਾਨ ਰਹਿ ਗਏ। ਦੋਵਾਂ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਆਖਿਆ ਅੱਜ ਸਾਨੂੰ ਹਨੇਰਾ ਹੀ ਹੋ ਗਿਆ। ਤੁਸੀਂ ਹੀ ਸਾਡੀ ਚੋਰਾਂ ਤੋਂ ਰੱਖਿਆ ਕੀਤੀ ਹੈ।

## ਸਾਖੀ 194

## ਸੰਤ ਗਰੀਬ ਦਾਸ ਮਹਾਰਾਜ ਜੀ ਨੇ ਫੌਜੀ ਬਲਵੀਰ ਸਿੰਘ ਦੀ ਰੱਖਿਆ ਕਰਨੀ।

ਫੌਜੀ ਬਲਵੀਰ ਸਿੰਘ, ਸ਼੍ਰੀ ਨਾਮ ਦੇਵ ਅਤੇ ਬੀਬੀ ਗੁਰਬਚਨ ਕੌਰ ਪਿੰਡ ਚੱਕੋਵਾਲ ਸ਼ੇਖਾ (ਹੁਸ਼ਿਆਰਪੁਰ) ਦੇ ਵਸਨੀਕ ਹਨ। ਇਸ ਪਰਿਵਾਰ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪਿਆਰ ਸੀ।ਮਹਾਰਾਜ ਜੀ ਅਕਸਰ ਇਹਨਾਂ ਦੇ ਪਿੰਡ ਜਾਇਆ ਕਰਦੇ ਸਨ।ਪੀ.ਕੇ.ਐਂਫ ਸ਼ਾਂਤੀ ਸੈਨਾ 1987 ਵਿਚ ਸ਼੍ਰੀਨਗਰ ਵਿਖੇ ਭੇਜੀ। ਉਸ ਵਿਚ ਫੌਜੀ ਬਲਵੀਰ ਸਿੰਘ ਵੀ ਸ਼ਾਮਿਲ ਸਨ। ਉਹ ਜੰਗਲ ਵਿਚ ਆਪਣੇ 17 ਸਾਥੀਆਂ ਸਮੇਤ ਫੌਜੀ ਗਸ਼ਤ ਉੱਪਰ ਸਨ ਅਚਾਨਕ ਉਹਨਾਂ ਦੇ ਕੰਨਾਂ ਵਿਚ ਸੰਤ ਗਰੀਬ ਦਾਸ ਜੀ ਦੀ ਆਵਾਜ਼ ਪਈ, "ਬਲਵੀਰ ਸਿੰਘ ਛੇਤੀ ਨਾਲ ਇਸ ਅਸਥਾਨ ਤੋਂ ਪਰਾਂ ਚਲੇ ਜਾਉ।" ਫੌਜੀ ਬਲਵੀਰ ਸਿੰਘ ਨੇ ਛੇਤੀ ਨਾਲ ਮਹਾਰਾਜ ਜੀ ਦੇ ਬਚਨ ਮੰਨਦੇ ਹੋਏ ਆਪਣੇ ਸਾਥੀਆਂ ਨੂੰ ਕਿਹਾ ਸਭ ਇਕ ਪਾਸੇ ਹਟ ਜਾਉ।

ਉਹ ਨਾ ਮੰਨੇ ਪਰ ਫੌਜੀ ਬਲਵੀਰ ਸਿੰਘ ਉਸ ਅਸਥਾਨ ਤੋਂ ਇਕ ਪਾਸੇ ਹਟ

ਗਿਆ। ਉਹਨਾਂ ਦੇ ਪਾਸੇ ਹਟਣ ਦੀ ਦੇਰ ਸੀ ਕਿ ਬਰੂਦੀ ਸੁਰੰਗ ਫੱਟ ਗਈ। ਜਿਸ ਵਿਚ ਉਹਨਾਂ ਦੇ 17 ਫੌਜੀ ਜ਼ਖ਼ਮੀ ਹੋ ਗਏ। ਇਸ ਪ੍ਰਕਾਰ ਸੰਤ ਗਰੀਬ ਦਾਸ ਜੀ ਨੇ ਫੌਜੀ ਬਲਵੀਰ ਸਿੰਘ ਦੀ ਰੱਖਿਆ ਕੀਤੀ। ਸ੍ਰੀ ਨਗਰ ਤੋਂ ਵਾਪਸ ਆਪ ਡੇਰੇ ਵਿਖੇ ਨਮਸਕਾਰ ਕਰਨ ਲਈ ਆਏ। ਉਸ ਸਮੇਂ ਗਰੀਬ ਦਾਸ ਮਹਾਰਾਜ ਜੀ ਆਪਣੀ ਕੁਰਸੀ ਉੱਪਰ ਬਿਰਾਜਮਾਨ ਸਨ। "ਕਿਵੇਂ ਫੌਜੀਆ ਤੂੰ ਠੀਕ-ਠਾਕ ਰਿਹਾ"। ਫੌਜੀ ਨੇ ਕਿਹਾ ਮਹਾਰਾਜ ਜੀ ਆਪਨੇ ਕਿਰਪਾ ਕੀਤੀ ਮੈਂ ਠੀਕ ਠਾਕ ਹਾਂ।

-ਖੁਦ ਸ਼੍ਰੀ ਬਲਵੀਰ ਸਿੰਘ, ਪਿੰਡ ਚੱਕੋਵਾਲ ਸ਼ੇਖਾ,
ਹੁਸ਼ਿਆਰਪੁਰ 18-09-2003

## ਸਾਖੀ 195

## ਪਿੰਡ ਪੰਡੋਰੀ 'ਤੇ ਕਿਰਪਾ ਕਰਨੀ।

1969 ਈਸਵੀ ਦੇ ਚੇਤ ਮਹੀਨੇ ਦੀ ਗੱਲ ਹੈ ਕਿ ਸ਼੍ਰੀ ਗੁਰਮੇਲ ਰਾਮ ਤੇ ਬੀਬੀ ਨੰਤੀ ਸਭ ਪਰਿਵਾਰ ਨੇ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਉਦੇਸ਼ਾਂ ਅਨੁਸਾਰ ਆਪਣੇ ਗ੍ਰਹਿ ਵਿਖੇ ਸਤਿਸੰਗ ਕਰਵਾਇਆ। ਸਤਿਸੰਗ ਵਾਲੇ ਦਿਨ ਸੰਤ ਸਰਵਣ ਦਾਸ ਮਹਾਰਾਜ ਜੀ, ਸ਼੍ਰੀ ਗੁਰਦਾਸ ਰਾਮ ਜੀ ਸੁੱਚੀ ਪਿੰਡ ਵਾਲਿਆਂ ਨੂੰ ਨਾਲ ਲੈ ਕੇ ਗਏ। ਸ਼੍ਰੀ ਗੁਰਮੇਲ ਜੀ ਦੇ ਗ੍ਰਹਿ ਪਿੰਡ ਢੱਕ ਪੰਡੋਰੀ (ਉਸ ਸਮੇਂ ਨਾਗੇ ਦੀ ਪੰਡੋਰੀ) ਵਿਖੇ ਗਏ। ਉਸ ਸਮੇਂ ਪਹਿਲੀ ਵਾਰ ਮਹਾਰਾਜ ਜੀ ਨੇ ਪਿੰਡ ਢੱਕ ਪੰਡੋਰੀ ਵਿਖੇ ਚਰਨ ਪਾਏ ਸਨ। ਪਿੰਡ ਦੀਆਂ ਸੰਗਤਾਂ ਸੰਤ ਸਰਵਣ ਦਾਸ ਜੀ ਮਹਾਰਾਜ ਨੂੰ ਸਤਿਕਾਰ ਸਹਿਤ ਸ਼ਬਦ ਪੜ੍ਹਦੀਆਂ ਹੋਈਆਂ ਪਿੰਡ ਦੀ ਹੱਦ ਤੋਂ ਨਾਲ ਲੈ ਕੇ ਗਈਆਂ ਸਨ। ਪਿੰਡ ਨਿਵਾਸੀ ਸੰਗਤਾਂ ਨੇ ਮਹਾਰਾਜ ਜੀ ਦਾ ਬਹੁਤ ਸਤਿਕਾਰ ਕੀਤਾ। ਉਸ ਸਮੇਂ ਸ਼੍ਰੀ ਗੁਰਮੇਲ ਜੀ ਦੇ ਮਕਾਨ ਕੱਚੇ ਸਨ।

ਸ਼੍ਰੀ ਬੇਲਾ ਸਿੰਘ ਪਿੰਡ ਬੱਲ ਵਾਲਿਆਂ ਮਹਾਰਾਜ ਜੀ ਨੇ ਅੱਧਾ ਘੰਟਾ ਸਤਿਸੰਗ ਕੀਤਾ। ਉਸ ਤੋਂ ਬਾਦ ਮਹਾਰਾਜ ਜੀ ਤੇ ਸਭ ਸੰਗਤਾਂ ਨੂੰ ਲੰਗਰ ਵਰਤਾਇਆ ਗਿਆ। ਪਿੰਡ ਨਿਵਾਸੀ ਸੰਗਤਾਂ ਨੇ ਮਹਾਰਾਜ ਅੱਗੇ ਬੇਨਤੀ ਕੀਤੀ, "ਮਹਾਰਾਜ ਜੀ ਆਪ ਕਿਰਪਾ ਕਰੋ। ਸਾਡੇ ਪਿੰਡ ਉੱਪਰ ਬਹੁਤ ਕਸ਼ਟ ਹੈ ਕਿ ਪਿਛਲੇ 4 ਸਾਲਾਂ ਤੋਂ ਹਰ ਸਾਲ ਜਵਾਨ ਲੜਕੇ ਮਰਦੇ ਹਨ।"

ਮਹਾਰਾਜ ਜੀ ਨੇ ਫ਼ਰਮਾਇਆ ਕਿ ਸਾਰੇ ਭਜਨ ਸਿਮਰਨ ਕਰਿਆ ਕਰੋ। ਸੰਤਾਂ ਦੀ ਸੰਗਤ ਕਰਿਆ ਕਰੋ ਅਤੇ ਆਪ ਪ੍ਰੇਮ ਪਿਆਰ ਨਾਲ ਰਿਹਾ ਕਰੋ। ਅੱਜ ਤੋਂ ਬਾਅਦ ਤੁਹਾਡੇ ਨਗਰ ਵਿਖੇ ਸੁੱਖ ਸ਼ਾਂਤੀ ਰਹੇਗੀ। ਆਉਣ ਵਾਲੇ ਸਮੇਂ ਵਿਚ ਮਹਾਰਾਜ ਜੀ ਦੇ

ਬਚਨ ਅਟੱਲ ਹੋਏ ਜੋ ਹਰ ਸਾਲ ਲਗਾਤਰ ਜਵਾਨ ਲੜਕੇ ਮਰਦੇ ਸਨ ਉਹ ਮਰਨੋਂ ਹੱਟ ਗਏ। ਇਸ ਪ੍ਰਕਾਰ ਸੰਤ ਸਰਵਣ ਦਾਸ ਜੀ ਮਹਾਰਾਜ ਨੇ ਪਿੰਡ ਢੱਕ ਪੰਡੋਰੀ 'ਤੇ ਕਿਰਪਾ ਕੀਤੀ।

## ਸਾਖੀ ਨੰਬਰ 196

## ਕੱਚੀ ਲੱਸੀ।

ਸ. ਤੁਲਸੀ ਸਿੰਘ ਤੇ ਉਹਨਾਂ ਦੀ ਪਤਨੀ ਬੀਬੀ ਮਹਾਂ ਕੌਰ ਪਿੰਡ ਬੂਰਾ ਮਹਾਰਾਜ ਸਰਵਣ ਦਾਸ ਦੇ ਸੇਵਕ ਸਨ। ਉਹਨਾਂ ਦੀ ਲੜਕੀ ਪਰਮਜੀਤ ਪਿੰਡ ਮਾਣਕਢੇਰੀ ਫੌਜੀ ਗੁਰਨਾਮ ਸਿੰਘ ਨਾਲ ਵਿਆਹੀ ਹੋਈ ਸੀ। ਉਸ ਸਮੇਂ ਬੀਬੀ ਪਰਮਜੀਤ ਦੇ ਘਰ ਬਹੁਤ ਗਰੀਬੀ ਸੀ।

ਇਕ ਵਾਰ ਸੰਤ ਹਰੀ ਦਾਸ ਜੀ ਮਹਾਰਾਜ ਪਿੰਡ ਖੰਡਿਆਲਾ ਨੇੜੇ ਬੁੱਲੋਵਾਲ ਵਿਖੇ ਗਏ ਸਨ। ਉਥੇ ਸ਼੍ਰੀ ਤੁਲਸੀ ਸਿੰਘ ਤੇ ਬੀਬੀ ਮਹਾਂ ਕੌਰ ਗਏ ਹੋਏ ਸਨ। ਸ਼੍ਰੀ ਤੁਲਸੀ ਸਿੰਘ ਨੇ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਜਾਂਦੇ ਹੋਏ ਸਾਡੀ ਲੜਕੀ ਪਰਮਜੀਤ ਪਿੰਡ ਮਾਣਕ ਢੇਰੀ ਦੇ ਗ੍ਰਹਿ ਵਿਖੇ ਚਰਨ ਪਾਉਣੇ। ਮਹਾਰਾਜ ਜੀ ਜੀਪ ਰਾਂਹੀ ਸ਼੍ਰੀ ਤੁਲਸੀ ਸਿੰਘ, ਬੀਬੀ ਮਹਾਂ ਕੌਰ ਅਤੇ ਕੁਝ ਹੋਰ ਸੇਵਾਦਾਰਾਂ ਸਮੇਤ ਪਿੰਡ ਮਾਣਕ ਢੇਰੀ ਪਹੁੰਚੇ। ਬੀਬੀ ਪਰਮਜੀਤ ਨੇ ਮਹਾਰਾਜ ਜੀ ਨੂੰ ਨਮਸਕਾਰ ਕਰਦੇ ਹੋਏ ਵਿਚਾਰਿਆ ਕਿ ਘਰ ਵਿਚ ਗਰੀਬੀ ਬਹੁਤ ਹੈ। ਮੈਂ ਸੰਤਾਂ ਸਮੇਤ ਸੰਗਤਾਂ ਨੂੰ ਚਾਹ ਕਿਵੇਂ ਪਿਲਾਵਾਂਗੀ ?

ਅੰਤਰਜਾਮੀ ਮਹਾਰਾਜ ਹਰੀ ਦਾਸ ਜੀ ਨੇ ਫ਼ਰਮਾਇਆ ਕਿ ਕੁੜੇ ਅਸੀਂ ਚਾਹ ਨਹੀਂ ਪੀਣੀ, ਕੱਚੀ ਲੱਸੀ ਪੀਣੀ ਹੈ। ਮਹਾਰਾਜ ਜੀ ਉਸਦੇ ਦਿਲ ਦੀ ਗੱਲ ਬੁੱਝ ਲਈ। ਬੀਬੀ ਜੀ ਨੇ ਮਹਾਰਾਜ ਜੀ ਨਾਲ ਗਏ ਸੇਵਾਦਾਰਾਂ ਨੂੰ ਕੱਚੀ ਲੱਸੀ ਬਣਾ ਕੇ ਪਿਲਾਈ।

–ਖੁਦ ਬੀਬੀ ਪਰਮਜੀਤ ਪਤਨੀ ਫੌਜੀ ਗੁਰਨਾਮ ਸਿੰਘ
ਮਾਣਕਢੇਰੀ 06–07–03)

## ਸਾਖੀ ਨੰਬਰ 197

## ਸੰਤ ਹਰੀ ਦਾਸ ਜੀ ਮਹਾਰਾਜ ਵਲੋਂ ਸ਼੍ਰੀ ਧੰਨਾ ਰਾਮ ਤੇ ਬੀਬੀ ਕਰਮੀ ਨੂੰ ਪੁੱਤਰਾਂ ਦੀ ਬਖ਼ਸ਼ਿਸ ਕਰਨੀ।

ਸ਼੍ਰੀ ਧੰਨਾ ਰਾਮ ਪੁੱਤਰ ਸ਼੍ਰੀ ਮੇਲਾ ਰਾਮ ਅਤੇ ਬੀਬੀ ਕਰਮੀ ਪਿੰਡ ਸਰਮਸਤਪੁਰ ਦੇ ਰਹਿਣ ਵਾਲੇ ਸਨ। ਉਹ ਸੰਤ ਸਰਵਣ ਦਾਸ ਜੀ ਦੇ ਸਮੇਂ ਤੋਂ ਹੀ ਡੇਰੇ ਵਿਖੇ ਆਉਂਦੇ

ਸਨ।ਬੀਬੀ ਕਰਮੀ ਦੇ 2 ਲੜਕੀਆਂ ਸਨ।

ਇੱਕ ਵਾਰ ਦੀ ਗੱਲ ਹੈ ਕਿ ਸ਼੍ਰੀ ਧੰਨਾ ਰਾਮ ਜੀ ਤੇ ਬੀਬੀ ਕਰਮੀ ਡੇਰੇ ਵਿਖੇ ਆਏ।ਸੰਤ ਹਰੀ ਦਾਸ ਜੀ ਮਹਾਰਾਜ ਪਲੰਘ ਉੱਪਰ ਬਿਰਾਜਮਾਨ ਸਨ। ਸ਼੍ਰੀ ਧੰਨਾ ਰਾਮ ਤੇ ਬੀਬੀ ਕਰਮੀ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਬੈਠ ਗਏ।

ਬੀਬੀ ਕਰਮੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੇਰੇ ਘਰ ਕੇਵਲ ਦੋ ਲੜਕੀਆਂ ਹਨ।ਆਪ ਕਿਰਪਾ ਕਰਕੇ ਪੁੱਤਰ ਦੀ ਦਾਤ ਬਖਸ਼ੋ ਜੀ।ਮਹਾਰਾਜ ਜੀ ਨੇ ਕੁਝ ਸਮਾਂ ਚੁੱਪ ਰਹਿਣ ਤੋਂ ਬਾਅਦ ਫ਼ਰਮਾਇਆ,“ ਦੋਨੋਂ ਭਜਨ ਸਿਮਰਨ ਕਰਿਆ ਕਰੋ”।ਸੰਤ ਸਰਵਣ ਦਾਸ ਮਹਾਰਾਜ ਜੀ ਦੀ ਕਿਰਪਾ ਨਾਲ ਦੋ ਪੁੱਤਰ ਪੈਦਾ ਹੋਣਗੇ। ਮਹਾਰਾਜ ਜੀ ਦੇ ਵਚਨ ਅਟੱਲ ਹੋਏ। ਉਹਨਾਂ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ ਜਿਹਨਾਂ ਦਾ ਮਹਾਰਾਜ ਜੀ ਨੇ ਬਲਵਿੰਦਰ ਕੁਮਾਰ ਤੇ ਕੁਲਵਿੰਦਰ ਕੁਮਾਰ ਨਾਮ ਰੱਖਿਆ।

-ਖੁਦ ਬੀਬੀ ਕਰਮੀ ਪਤਨੀ ਸ਼੍ਰੀ ਧੰਨਾ ਰਾਮ

ਪਿੰਡ ਸਰਮਸਤਪੁਰ, 11-07-03)

(**ਬੇਲੀ** ਰਾਮ **ਦੀਆਂ ਯਾਦਾਂ ‘ਚੋਂ**)

## ਸਾਖੀ 198

## ਤੂੰ ਬਸ ਕਰ ਨਹੀਂ ਸੀ ਕਹਿਣਾ।

ਪਿੰਡ ਮੰਨਣ ਨਿਵਾਸੀ ਬੀਬੀ ਭਾਗੋ ਅਤੇ ਬੀਬੀ ਸੰਤੀ, ਸੰਤਾਂ ਦੀ ਕੁਟੀਆ ਵਿਖੇ, ਸੇਵਾ ਕਰਨ ਜਾਇਆ ਕਰਦੀਆਂ ਸਨ।ਉਨ੍ਹਾਂ ਨੂੰ ਪਤਾ ਲੱਗਾ ਕਿ ਕੁਟੀਆ ਵਿਖੇ ਘਿਉ ਦੀ ਲੋੜ ਹੈ।ਦੋਵੇਂ ਪਿੰਡ ਵਾਪਸ ਆ ਕੇ ਘਿਉ ਦੀ ਭਾਲ ਕਰਨ ਲੱਗੀਆਂ। ਇੱਕ ਘਰ ਪਤਾ ਕੀਤਾ ਤਾਂ ਘਿਉ ਵਿਚ ਮਿਲਾਵਟ ਸੀ, ਨਹੀਂ ਖਰੀਦਿਆ। ਕੁਝ ਸਮੇਂ ਪਿੱਛੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਸ਼੍ਰੀ ਬੇਲੀ ਰਾਮ ਜੀ ਪਾਸ ਤਾਜ਼ੀ ਸੂਈ ਹੋਈ ਗਾਂ ਹੈ। ਸੋਚਿਆ ਸ਼ਾਇਦ ਉਸ ਪਾਸੋਂ ਘਿਉ ਮਿਲ ਜਾਵੇ।

ਬੇਲੀ ਰਾਮ ਪਾਸੋਂ ਪੁੱਛਿਆ ਤਾਂ ਬੇਲੀ ਰਾਮ ਨੇ ਕਿਹਾ,“ਮੇਰੇ ਪਾਸ ਘਿਉ ਹੈ, ਦੇਖ ਲਉ”। ਜਦੋਂ ਉਨ੍ਹਾਂ ਘਿਉ ਵੇਖਿਆ ਤਾਂ ਘਿਉ ਖੁਸ਼ਬੂ ਵੰਡ ਰਿਹਾ ਸੀ। ਨਿਰੋਲ ਖਾਲਸ ਘਿਉ।

ਉਨ੍ਹਾਂ ਨੇ ਪੁੱਛਿਆ ਕਿ ਇਸਦਾ ਭਾਅ ਕੀ ਹੈ ? ਅਸੀਂ ਇਹ ਘਿਉ ਕੁਟੀਆ ਲੈ ਕੇ ਜਾਣਾ ਹੈ।

ਜਦੋਂ ਬੇਲੀ ਰਾਮ ਨੇ ਇਹ ਸ਼ਬਦ ਸੁਣੇ ਤਾਂ ਉਸ ਨਿਮਰਤਾ ਸਹਿਤ ਉੱਤਰ

ਦਿੱਤਾ, "ਇਹ ਮਹਾਰਾਜ ਜੀ ਦੀ ਹੀ ਮਿਹਰ ਹੈ। ਮੇਰੇ ਭਾਗ ਚੰਗੇ ਨੇ ਜੇ ਮੇਰੀ ਕਮਾਈ ਥਾਂਇ ਪਈ"।

ਬੀਬੀ ਭਾਗੋ ਤੇ ਬੀਬੀ ਸੰਤੀ ਘਿਉ ਕੁਟੀਆ ਲੈ ਆਈਆਂ। ਉਨ੍ਹਾਂ ਨੇ ਮਹਾਰਾਜ ਜੀ ਨੂੰ ਬੇਨਤੀ ਕੀਤੀ, "ਮਹਾਰਾਜ ਘਿਉ ਲੈ ਆਏ ਹਾਂ"।

ਮਹਾਰਾਜ ਜੀ ਨੇ ਘਿਉ ਵੇਖਿਆ ਅਤੇ ਸੰਤ ਨਿਰੰਜਨ ਦਾਸ ਜੀ ਨੂੰ ਅਵਾਜ਼ ਮਾ ਕੇ ਕਿਹਾ ਕਿ ਇਹ ਘਿਉ ਡੱਬੇ ਵਿੱਚ ਪਾ ਲੈ ਤੇ ਬਰਤਨ ਰਵਿਹਲਾ ਕਰਕੇ ਕੁੜੀਆਂ ਨੂੰ ਦੇ ਦਿਉ।

ਮਹਾਰਾਜ ਜੀ ਨੇ ਭਾਗੋ ਅਤੇ ਸੰਤੀ ਤੋਂ ਪੁੱਛਿਆ ਕਿ ਘਿਉ ਕਿਸ ਕੋਲੋਂ ਲਿਆਂਦਾ ਹੈ ਤੇ ਇਹਦਾ ਕੀ ਭਾਅ ਹੈ ?

ਉਨ੍ਹਾਂ ਦੱਸਿਆ, "ਮਹਾਰਾਜ ! ਇਹ ਘਿਉ ਬੇਲੀ ਰਾਮ ਕੋਲੋਂ ਲਿਆਂਦਾ ਐ ਪਰ ਉਸ ਨੇ ਇਸ ਘਿਉ ਨੂੰ ਆਪਦੀ ਮਿਹਰ ਦੱਸ ਕੇ, ਕੋਈ ਭਾਅ ਨਹੀਂ ਦੱਸਿਆ"।

ਇੱਕ ਦਿਨ ਮਹਾਰਾਜ ਜੀ ਪਿੰਡ ਕਰਾੜੀ ਤੋਂ ਆਉਂਦੇ ਹੋਏ ਪਿੰਡ ਮੰਨਣਾਂ ਆਏ ਅਤੇ ਬੀਬੀ ਸੰਤੀ ਦੇ ਘਰ ਗਏ। ਕੁਝ ਚਿਰ ਉੱਥੇ ਠਹਿਰਨ ਉਪਰੰਤ ਜਦੋਂ ਕੁਟੀਆ ਆਉਣ ਲਈ ਉੱਠੇ ਅਤੇ ਬਾਹਰ ਆਏ ਤਾਂ ਨਜ਼ਦੀਕ ਪਿੱਪਲ ਹੇਠਾਂ ਬੈਠੇ ਸ਼੍ਰੀ ਬੇਲੀ ਰਾਮ ਨੂੰ ਬੀਬੀ ਸੰਤੀ ਨੇ ਅਵਾਜ਼ ਮਾਰੀ ਤੇ ਕਿਹਾ, "ਜਾਹ, ਮਹਾਰਾਜ ਜੀ ਨਾਲ ਕੁਟੀਆ ਜਾ ਆ"।

ਸ਼੍ਰੀ ਬੇਲੀ ਰਾਮ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਉਨ੍ਹਾਂ ਦੇ ਪਿੱਛੇ-ਪਿੱਛੇ ਤੁਰ ਪਿਆ।

ਜਦੋਂ ਪਿੰਡ ਤੋਂ ਥੋੜ੍ਹਾ ਬਾਹਰ ਆਏ ਮਹਾਰਾਜ ਜੀ ਨੇ ਬੇਲੀ ਰਾਮ ਤੋਂ ਪੁੱਛਿਆ, "ਬੇਲੀ ਰਾਮ ! ਤੂੰ ਘਿਉ ਦੇ ਪੈਸੇ ਲੈਣ ਨਹੀਂ ਆਇਆ" ?

ਸ਼੍ਰੀ ਬੇਲੀ ਰਾਮ ਨੇ ਸਨਿਮਰ ਉੱਤਰ ਦਿੱਤਾ, "ਮਹਾਰਾਜ ਜੀ ! ਸਭ ਕੁਝ ਤੁਹਾਡਾ ਦਿੱਤਾ ਈ ਤਾਂ ਐ। ਫਿਰ ਪੈਸੇ ਕਿਹੇ" ?

ਸਤਿਗੁਰੂ ਜੀ ਨੇ ਵਚਨ ਕੀਤਾ, "ਓਇ ! ਬੱਚੇ ਕੀ ਖਾਣਗੇ ? ਤੂੰ ਤਾਂ ਸਾਰਾ ਈ ਘਿਉ ਸਾਨੂੰ ਦੇ ਦਿੱਤਾ"।

ਸ਼੍ਰੀ ਬੇਲੀ ਰਾਮ ਨੇ ਕਿਹਾ, "ਤੁਸੀਂ ਈ ਸਭ ਨੂੰ ਰਿਜ਼ਕ ਦੇਣ ਵਾਲੇ ਹੋ"।

ਮਹਾਰਾਜ ਜੀ ਸ਼ਾਂਤ ਹੋ ਗਏ। ਥੋੜ੍ਹਾ ਅੱਗੇ ਚੱਲ ਕੇ ਰੁਕੇ ਅਤੇ ਅਸਮਾਨ ਵੱਲ ਵੇਖਿਆ। ਖੂੰਡਾ, ਜੋ ਉਨ੍ਹਾਂ ਦੇ ਸੱਜੇ ਹੱਥ ਵਿੱਚ ਸੀ, ਖੱਬੇ ਹੱਥ ਵਿੱਚ ਪਕੜਿਆ ਤੇ ਅਸਮਾਨ ਵੱਲ ਘੁਮਾਇਆ। ਦੁਬਾਰਾ ਫਿਰ ਸੱਜੇ ਹੱਥ ਵਿੱਚ ਪਕੜ ਲਿਆ ਤੇ ਤੁਰ ਪਏ। ਬੇਲੀ ਰਾਮ ਵੀ ਉਨ੍ਹਾਂ ਦੇ ਪਿੱਛੇ-ਪਿੱਛੇ ਚੱਲ ਪਿਆ।

ਇਹ ਖ਼ੁਦ ਸ਼੍ਰੀ ਬੇਲੀ ਰਾਮ ਦੇ ਸ਼ਬਦ ਹਨ, "ਉਨ੍ਹਾਂ ਨੇ ਖੱਬੇ ਹੱਥ ਦੀ ਮੁੱਠੀ ਬੰਦ

ਕੀਤੀ ਹੋਈ ਸੀ। ਉਹ ਬੰਦ ਮੁੱਠੀ ਖੋਲ੍ਹਦੇ ਤੇ ਇਕ ਕੋਰਾ ਨੋਟ ਡਿੱਗ ਪੈਂਦਾ। ਫਿਰ ਮੁੱਠੀ ਬੰਦ ਕਰ ਲੈਂਦੇ। ਫਿਰ ਮੁੱਠੀ ਖੋਲ੍ਹਦੇ ਤਾਂ ਇੱਕ ਹੋਰ ਕੋਰਾ ਨੋਟ ਡਿੱਗ ਪੈਂਦਾ"।

ਸ਼੍ਰੀ ਬੇਲੀ ਰਾਮ ਨੋਟ ਚੁੱਕ-ਚੁੱਕ ਕੇ ਆਪਣੀ ਝੋਲੀ ਵਿੱਚ ਪਾਉਣ ਲੱਗਾ। ਦੇਖਦਿਆਂ-ਦੇਖਦਿਆਂ ਸ਼੍ਰੀ ਬੇਲੀ ਰਾਮ ਦੀ ਝੋਲੀ ਨੋਟਾਂ ਨਾਲ ਭਰ ਗਈ।

ਸ਼੍ਰੀ ਬੇਲੀ ਰਾਮ ਨੇ ਬੇਨਤੀ ਕੀਤੀ, "ਮਹਾਰਾਜ। ਹੁਣ ਬੱਸ ਕਰੋ"।
ਮਹਾਰਾਜ ਜੀ ਨੇ ਉਸਨੂੰ ਝਿੜਕ ਕੇ ਸਮਝਾਉਂਦਿਆਂ ਵਚਨ ਕੀਤਾ, "ਤੂੰ ਏਦਾਂ ਨਹੀਂ ਕਹਿਣਾ ਸੀ"।
ਕੁਟੀਆ ਪੁੱਜ ਕੇ ਮਹਾਰਾਜ ਜੀ ਆਸਣ ਪਰ ਬਿਰਾਜਮਾਨ ਹੋਏ ਤਾਂ ਸ਼੍ਰੀ ਬੇਲੀ ਰਾਮ ਨੇ ਨੋਟਾਂ ਨਾਲ ਭਰੀ ਹੋਈ ਝੋਲੀ ਮਹਾਰਾਜ ਜੀ ਦੇ ਚਰਨਾਂ ਵਿੱਚ ਢੇਰੀ ਕਰ ਦਿੱਤੀ।

ਮਹਾਰਾਜ ਜੀ ਨੇ ਫ਼ਰਮਾਇਆ, "ਬੇਲੀ ਰਾਮ ਇਨ੍ਹਾਂ ਨੂੰ ਲੈ ਜਾਹ। ਇਹ ਤੇਰੇ ਈ ਐ, ਘਰ ਵਰਤ ਲਵੀਂ"।

ਮਹਾਰਾਜ ਜੀ ਨੇ ਸੰਤ ਗਰੀਬ ਦਾਸ ਜੀ ਨੂੰ ਅਵਾਜ਼ ਮਾਰੀ। ਸੰਤ ਗਰੀਬ ਦਾਸ ਜੀ ਹਾਜ਼ਰ ਹੋਏ। ਮਹਾਰਾਜ ਜੀ ਨੇ ਹੁਕਮ ਕੀਤਾ, "ਗਰੀਬ ਦਾਸਾ! ਬੇਲੀ ਰਾਮ ਨੂੰ ਦੋ ਕਿੱਲੋ ਘਿਉ ਦੀ ਕੀਮਤ ਦੇ ਦੇ"।

ਸ਼੍ਰੀ ਬੇਲੀ ਰਾਮ ਦੇ ਵਾਰ-ਵਾਰ ਨਾਂਹ ਕਰਨ ਤੇ ਵੀ ਮਹਾਰਾਜ ਜੀ ਨੇ ਉਸਨੂੰ ਦੋ ਕਿੱਲੋ ਘਿਉ ਦੀ ਕੀਮਤ ਸੰਤ ਗਰੀਬ ਦਾਸ ਜੀ ਦੇ ਹੱਥੀ ਦੁਆ ਦਿੱਤੀ।

ਘਰ ਵਾਪਸ ਪਰਤਦੇ ਸਮੇਂ ਕੁਟੀਆ ਤੋਂ ਬਾਹਰ ਆਉਣ ਵਾਲੇ ਰਸਤੇ ਦੇ ਨਜ਼ਦੀਕ ਮੰਜੇ ਉੱਪਰ ਇੱਕ ਮਹਾਤਮਾ ਬੈਠੇ ਸਨ। ਸ਼੍ਰੀ ਬੇਲੀ ਰਾਮ ਨੇ ਉਨਾਂ ਨੂੰ ਨਮਸਕਾਰ ਕੀਤੀ ਤੇ ਸਾਰੀ ਘਟਨਾ ਦੱਸੀ। ਮਹਾਤਮਾ ਜੀ ਨੇ ਕਿਹਾ, "ਤੂੰ ਗਲਤੀ ਕੀਤੀ। ਜੇ ਤੂੰ ਮਹਾਰਾਜ ਜੀ ਨੂੰ ਹੁਣ ਬੱਸ ਕਰੋ ਜੀ ਨਾ ਕਹਿੰਦਾ ਤਾਂ ਪਤਾ ਨਹੀਂ ਅੱਜ ਮਹਾਰਾਜ ਜੀ ਨੇ ਤੇਰੀ ਖੁਸ਼ਹਾਲੀ ਲਈ ਕੀ ਕੁੱਝ ਕਰ ਦੇਣਾ ਸੀ"।

(ਬਲਵੀਰ ਮੰਨਣ)

## ਸਾਖੀ 199

## ਜਦੋਂ ਅਲੂਣੀ ਸਿਲ੍ਹ ਦਾ ਵੀ ਮੁੱਲ ਪਿਆ।

ਇੱਕ ਦਿਨ ਆਮ ਦੀ ਤਰ੍ਹਾਂ ਸੰਤ ਸਰਵਣ ਦਾਸ ਜੀ ਮਹਾਰਾਜ ਜਦੋਂ ਸੈਰ ਵਾਸਤੇ ਟਿੱਬਿਆਂ ਵੱਲ ਗਏ ਤਾਂ ਰਸਤੇ ਵਿੱਚ ਪਿੰਡ ਮੰਨਣ ਨਿਵਾਸੀ ਸ਼੍ਰੀ ਨਾਨਕ ਜੀ ਦਾ ਪਰਿਵਾਰ, ਜੋ ਕਿ ਟਿੱਬੇ ਵਿੱਚ ਮੂੰਗਫਲੀ ਅਤੇ ਹੋਰ ਫ਼ਸਲਾਂ ਆਦਿ ਦੀ ਖੇਤੀ ਕਰਿਆ ਕਰਦੇ ਸੀ, ਦੇ ਜੀਆਂ ਨੇ ਜਦੋ ਵੇਖਿਆ ਕਿ ਮਹਾਰਾਜ ਜੀ ਇੱਧਰ ਦੀ ਹੀ ਲੰਘ ਰਹੇ ਹਨ

ਤਾਂ ਉਨ੍ਹਾਂ ਦੇ ਚਰਨ ਪਰਸਣ ਲਈ ਆਪਣਾ ਕੰਮ ਛੱਡ ਕੇ ਮਹਾਰਾਜ ਜੀ ਵੱਲ ਆਏ।

ਮਹਾਰਾਜ ਜੀ ਨੇ ਉਨ੍ਹਾਂ ਨੂੰ ਦੇਖ ਕੇ ਥੋੜ੍ਹੀ ਦੂਰੋਂ ਕਿਹਾ ਕਿ ਤੁਸੀਂ ਆਪਣੀ ਥਾਂ ਤੋਂ ਹੀ ਨਮਸਕਾਰ ਕਰ ਲਉ।

ਪਹਿਲਾਂ ਤਾਂ ਉਹ ਨਾ ਮੰਨੇ, ਪ੍ਰੰਤੂ ਜਦੋਂ ਮਹਾਰਾਜ ਜੀ ਨੇ ਉਨ੍ਹਾਂ ਨੂੰ ਝਿੜਕ ਕੇ ਸਮਝਾਇਆ ਤਾਂ ਉਨ੍ਹਾਂ ਨੇ ਆਖਿਆ ਮੰਨ ਲਿਆ।

ਮਹਾਰਾਜ ਜੀ ਨੇ ਨਾਨਕ ਨੂੰ ਪੁੱਛਿਆ, "ਰੁਆਂਹ ਕੱਢ ਲਏ ਐ" ?

"ਹਾਂ ਜੀ ਮਹਾਰਾਜ"। ਨਾਨਕ ਨੇ ਉੱਤਰ ਦਿੱਤਾ।

"ਕਿੰਨੀਆਂ ਬੋਰੀਆਂ ਹੋਣਗੀਆਂ" ? ਮਹਾਰਾਜ ਜੀ ਨੇ ਪੁੱਛਿਆ।

"ਜੀ, ਬਾਰਾਂ ਬੋਰੀਆਂ ਹੋਣਗੀਆਂ"। ਨਾਨਕ ਦਾ ਜਵਾਬ ਸੀ।

ਮਹਾਰਾਜ ਜੀ ਨੇ ਪੁੱਛਿਆ, "ਕੀ ਭਾਅ ਐ"?

ਨਾਨਕ ਨੇ ਸਨਿਮਰ ਉੱਤਰ ਦਿੱਤਾ, "ਮਹਾਰਾਜ ਜੀ! ਤੁਹਾਨੂੰ ਜਿੰਨੀਆਂ ਬੋਰੀਆਂ ਚਾਹੀਦੀਆਂ ਹਨ ਕੁਟੀਆ ਪਹੁੰਚਾ ਦਿੰਦੇ ਆਂ। ਤੁਸੀਂ ਤਾਂ ਸਾਰੀ ਦੁਨੀਆਂ ਨੂੰ ਪਾਲਦੇ ਹੋ। ਅਸੀਂ ਥੋੜ੍ਹੇ ਜਿਹੇ ਕੰਮ ਦੇ ਤੁਹਾਡੇ ਤੋਂ ਪੈਸੇ ਕਿੱਦਾਂ ਲੈ ਸਕਦੇ ਆਂ" ? ਮਹਾਰਾਜ ਜੀ ਤੁਹਾਡੀ ਮਿਹਰ ਚਾਹੀਦੀ ਹੈ।

"ਨਹੀਂ ਓਇ ਨਹੀਂ। ਤੁਹਾਡੀ ਲੰਮੇ ਸਮੇਂ ਦੀ ਮਿਹਨਤ ਆ। ਤੁਹਾਡਾ ਤਾਂ ਏਹੀ ਸਭ ਕੁਛ ਆ। ਇਹਦੇ ਪੈਸੇ ਮਿਲਣਗੇ ਤਾਂ ਹੀ ਤੁਹਾਡੇ ਘਰ ਦਾ ਗੁਜ਼ਾਰਾ ਚੱਲੇਗਾ"। ਮਹਾਰਾਜ ਜੀ ਨੇ ਸਮਝਾਇਆ।

ਮਹਾਰਾਜ ਜੀ ਦੇ ਵਚਨ ਸੁਣ ਕੇ ਸ਼੍ਰੀ ਨਾਨਕ ਨੇ ਇੱਕ ਬੋਰੀ ਦਾ ਸੌ ਰੁਪਏ ਭਾਅ ਦੱਸਿਆ।

ਮਹਾਰਾਜ ਜੀ ਨੇ ਫ਼ਰਮਾਇਆ,"ਸਾਰੀਆਂ ਬੋਰੀਆਂ ਕੁਟੀਆ ਪਹੁੰਚਾ ਦਿਉ ਤੇ ਪੈਸੇ ਗਰੀਬ ਦਾਸ ਕੋਲੋ ਲੈ ਲਿਉ"।

ਸਤਿਗੁਰੂ ਜੀ ਨੇ ਅੱਗੇ ਪੁੱਛਿਆ, "ਮੂੰਗਫਲੀ ਚੰਗੀ ਆ" ?

ਨਾਨਕ ਨੇ ਉੱਤਰ ਦਿੱਤਾ, "ਮਹਾਰਾਜ ਜੀ। ਐਤਕੀ ਰੁਆਂਹ ਤਾਂ ਚੰਗੇ ਹੋਏ ਆ ਪਰ ਮੂੰਗਫਲੀ ਘੱਟ ਹੋਈ ਆ"।

ਮਹਾਰਾਜ ਜੀ ਨੇ ਬਚਨ ਕੀਤਾ, "ਅੱਛਾ! ਕੋਈ ਗੱਲ ਨਹੀਂ। ਫਿਕਰ ਨੀ ਕਰਨਾ"। ਇਸ ਗੱਲ ਵਿੱਚ ਵੀ ਕੋਈ ਰਾਜ਼ ਸੀ।

ਇਹ ਕਹਿ ਕੇ ਮਹਾਰਾਜ ਜੀ ਅੱਗੇ ਚਲੇ ਗਏ।

ਪਰਿਵਾਰ ਨੇ ਰੁਆਹਾਂ ਦੀਆਂ ਬਾਰਾਂ ਬੋਰੀਆਂ ਕੁਟੀਆ ਪਹੁੰਚਾ ਦਿੱਤੀਆਂ। ਸੰਤ ਗਰੀਬ ਦਾਸ ਜੀ ਨੇ ਉਨ੍ਹਾਂ ਨੂੰ ਰੁਆਹਾਂ ਦੀ ਪੂਰੀ ਕੀਮਤ ਦੇ ਦਿੱਤੀ।

ਰੁਆਹਾਂ ਦੀ ਕੀਮਤ ਤਾਂ ਉਨ੍ਹਾਂ ਨੂੰ ਮਿਲ ਹੀ ਗਈ, ਨਾਲ ਹੀ ਨਾਲ ਇਸ ਵਾਰ

ਉਨ੍ਹਾਂ ਦੀ ਮੂੰਗਫਲੀ ਵੀ ਚੰਗੇ ਭਾਅ ਵਿਕ ਗਈ। ਸਤਿਗੁਰੂ ਜੀ ਨੇ ਸਾਨੂੰ ਕੋਈ ਘਾਟਾ ਨਹੀਂ ਪੈਣ ਦਿੱਤਾ ਬਲਕਿ ਥੋੜ੍ਹੀ ਮੂੰਗਫਲੀ ਵੀ ਮਹਿੰਗੇ ਭਾਅ ਵਿਕ ਗਈ।

-- ਬਲਵੀਰ ਮੰਨਣ

## ਸਾਖੀ 200

## ਅੱਖਾਂ ਦਾ ਇਲਾਜ ਕਰਨਾ।

ਪਿੰਡ ਮੰਨਣ ਨਿਵਾਸੀ ਬੀਬੀ ਸੀਬੋ ਐਸੀ ਬੀਮਾਰ ਪਈ ਕਿ ਉਸਦੇ ਪਿੰਡ ਦੇ ਲੋਕ, ਇੱਥੋਂ ਤੱਕ ਕਿ ਘਰ ਦੇ ਜੀਅ ਵੀ ਉਸ ਤੋਂ ਨਫ਼ਰਤ ਕਰਨ ਲੱਗੇ। ਦੁੱਖ ਵੇਲੇ ਆਪਣੇ-ਪਰਾਏ ਸਭ ਦੂਰ ਹੋ ਜਾਂਦੇ ਹਨ।ਅੰਨ੍ਹੇਪਨ ਦਾ ਦੁੱਖ ਤਾਂ ਹੈ ਹੀ ਸੀ ਪ੍ਰੰਤੂ ਉਸ ਤੋਂ ਵੀ ਵੱਡਾ ਦੁੱਖ ਉਸਨੂੰ ਲੋਕਾਂ ਅਤੇ ਘਰ ਦੇ ਜੀਆਂ ਪਾਸੋਂ ਮਿਲਣ ਵਾਲੀ ਬੇਧਿਆਨੀ ਅਤੇ ਝਿੜਕਾਂ ਦਾ ਸੀ। ਪੀੜਾਂ ਅਸਹਿ ਸੀ। ਸਭਨਾਂ ਪਾਸਿਆਂ ਤੋਂ ਹਾਰ ਗਈ ਤਾਂ ਮਹਾਰਾਜ ਜੀ ਦੀ ਯਾਦ ਆਈ।ਮਹਾਰਾਜ ਜੀ ਨੂੰ ਯਾਦ ਕਰਦੀ, ਅਰਜੋਈਆਂ ਕਰਦੀ ਰਹਿੰਦੀ।

ਮਹਾਰਾਜ ਜੀ ਦੀ ਮਿਹਰ ਹੋਈ। ਇਕ ਰਾਤ ਜਦੋਂ ਉਹ ਸੌਂ ਰਹੀ ਸੀ ਤਾਂ ਮਹਾਰਾਜ ਜੀ ਉਸਦੇ ਸੁਪਨੇ ਵਿਚ ਆਏ ਤੇ ਫ਼ਰਮਾਇਆ, “ਤੂੰ ਅੱਖਾਂ ਵਿਚ ਕੋਈ ਦਵਾਈ ਨਾ ਪਾਈਂ। ਤੇਰੀਆਂ ਅੱਖਾਂ ਥੋੜ੍ਹੇ ਦਿਨ ਵਿਚ ਠੀਕ ਹੋ ਜਾਣਗੀਆਂ”।ਉਸ ਤੋਂ ਥੋੜ੍ਹੇ ਦਿਨਾਂ ਬਾਅਦ ਉਸ ਦੀਆਂ ਅੱਖਾਂ ਹੌਲੀ-ਹੌਲੀ ਬਿਲਕੁਲ ਠੀਕ ਹੋ ਗਈਆਂ।ਅੱਜ ਵੀ ਮਹਾਰਾਜ ਜੀ ਦੀ ਕਿਰਪਾ ਨਾਲ ਠੀਕ ਹਨ।

(ਬਲਵੀਰ ਮੰਨਣ)

## ਸਾਖੀ 201

## ਸਾਨੂੰ ਤਾਂ ਤੇਰੇ ਚੁਬਾਰੇ ਪਏ ਦਿਸਦੇ ਹਨ।

ਬੀਬੀ ਸੀਬੋ ਘਰ ਦੀ ਗਰੀਬੀ ਨੂੰ ਲੈ ਕੇ ਦਿਨ ਰਾਤ ਚਿੰਤਾਤੁਰ ਰਹਿੰਦੀ ਸੀ। ਘਰ ਵਿੱਚ ਇੰਨੀ ਗਰੀਬੀ ਕਿ ਦੁਕਾਨਦਾਰ ਤਾਂ ਕੀ, ਗੁਆਂਢੀ ਵੀ ਉਧਾਰ ਦੇਣ ਤੋਂ ਝਿਜਕਦੇ ਸਨ।ਸੋਚਦੇ ਕਿ ਪਤਾ ਨਹੀਂ ਸਾਨੂੰ ਪੈਸੇ ਵਾਪਸ ਮਿਲਣ ਜਾਂ ਨਾ ਮਿਲਣ।ਸੇਰ ਆਟੇ ਤੱਕ ਨੂੰ ਵੀ ਖਰੀਦਣ ਲਈ ਬਹੁਤੀ ਵਾਰ ਕੋਲ ਪੈਸੇ ਨਾ ਹੁੰਦੇ।

ਇੱਕ ਦਿਨ ਇਨ੍ਹਾਂ ਸੋਚਾਂ ਵਿਚ ਹੀ ਗੜੁੱਚੀ ਹੋਈ ਸੀ ਤਾਂ ਮਹਾਰਾਜ ਸੁਆਮੀ ਸਰਵਣ ਦਾਸ ਜੀ ਘਰ ਆਏ ਤੇ ਭਵਿੱਖ ਦੀ ਤਸਵੀਰ ਉਸਦੇ ਸਾਹਮਣੇ ਖਿੱਚਦਿਆਂ

ਫ਼ਰਮਾਇਆ, "ਤੂੰ ਫਿਕਰ ਨਾ ਕਰਿਆ ਕਰ। ਤੇਰੇ ਤਾਂ ਚੁਬਾਰੇ ਪਏ ਆ। ਤੈਨੂੰ ਫਿਕਰ ਕਰਨ ਦੀ ਕੀ ਲੋੜ ਆ"? ਸਮਾਂ ਬਦਲ ਗਿਆ। ਚੁਬਾਰੇ ਪੈ ਗਏ। ਅੱਜ ਉਨਾਂ ਦਾ ਸਾਰਾ ਪਰਿਵਾਰ ਮਹਾਰਾਜ ਜੀ ਦੀਆਂ ਬਖ਼ਸ਼ਿਸ਼ਾਂ ਦਾ ਅਨੰਦ ਮਾਣ ਰਿਹਾ ਹੈ।

(ਬਲਵੀਰ ਮੰਨਣ)

## ਸਾਖੀ 202

## ਹੀਰੇ ਨਾਲ ਹੋਈ ਸਾਖੀ

ਕੁਟੀਆ ਦੇ ਨਜ਼ਦੀਕ ਹੀ ਪਿੰਡ ਬੱਲਾਂ ਨਿਵਾਸੀ ਹੀਰੇ ਦਾ ਖੂਹ ਸੀ। ਇਕ ਤੜਕੇ ਜਦੋਂ ਹੀਰਾ ਬਲਦਾਂ ਦੀ ਜੋੜੀ ਲੈ ਕੇ ਖੇਤ ਵਾਹੁਣ ਵਾਸਤੇ ਆਇਆ ਅਤੇ ਜਦੋਂ ਉਸਨੇ ਖੇਤ ਵਾਹੁਣ ਵਾਸਤੇ ਬਲਦਾਂ ਦੀ ਜੋੜੀ ਦਾ ਖੇਤ ਵਿਚ ਇਕ ਚੱਕਰ ਲਗਾਇਆ ਤਾਂ ਕੀ ਦੇਖਿਆ ਕਿ ਇੱਕ ਆਦਮੀ ਜਿਸ ਦੀਆਂ ਲੱਤਾਂ, ਬਾਹਾਂ, ਸਿਰ ਅਤੇ ਬਾਕੀ ਸਰੀਰ ਵੱਖੋ-ਵੱਖ ਹੋਇਆ ਪਿਆ ਹੈ, ਉਸਦੇ ਖੇਤ ਵਿਚ ਪਿਆ ਹੈ।

ਹੀਰਾ ਨੇੜੇ ਜਾ ਕੇ ਵੇਖਣ ਦੀ ਬਜਾਏ ਭੈ-ਭੀਤ ਹੋਇਆ ਬਲਦਾਂ ਸਮੇਤ ਘਰ ਵਾਪਸ ਪਰਤਿਆ ਤੇ ਪਿੰਡ ਵਿਚ ਰੌਲਾ ਪਾ ਦਿੱਤਾ ਕਿ ਮੇਰੇ ਖੇਤ ਵਿਚ ਇਕ ਬੰਦਾ ਵੱਢਿਆ ਪਿਆ ਹੈ। ਪਤਾ ਨਹੀਂ ਕੌਣ ਬੀਤੀ ਰਾਤ ਉੱਥੇ ਕਤਲ ਕਰ ਗਿਆ ਹੈ। ਪਿੰਡ ਦੇ ਸਾਰੇ ਲੋਕ ਉਸਦੇ ਖੇਤ ਵਿਚ ਲਾਸ਼ ਦੇਖਣ ਲਈ ਆਏ। ਕੀ ਦੇਖਦੇ ਹਨ ਕਿ ਉੱਥੇ ਕੋਈ ਲਾਸ਼ ਨਹੀਂ।

ਕੁਝ ਲੋਕਾਂ ਨੇ ਹੀਰੇ ਨੂੰ ਪਾਗਲ ਕਿਹਾ। ਕੁਝ ਨੇ ਕਿਹਾ, "ਹੀਰੇ ਨੇ ਸਾਨੂੰ ਮੂਰਖ ਬਣਾਇਆ"। ਸਾਰੇ ਲੋਕ ਆਪਣੇ-ਆਪਣੇ ਘਰੀਂ ਪਰਤ ਆਏ। ਪ੍ਰੰਤੂ ਹੀਰੇ ਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਬਣਿਆ ਕੀ? ਜੋ ਲਾਸ਼ ਉਸਨੇ ਅੱਜ ਤੜਕੇ ਖੇਤ ਵਿਚ ਵੇਖੀ ਸੀ, ਉਹ ਕਿੱਥੇ ਗਈ? ਇਨਾਂ ਸੋਚਾਂ ਵਿਚ ਹੀ ਹੀਰਾ ਕੁਝ ਦਿਨਾਂ ਵਿਚ ਬੀਮਾਰ ਪੈ ਗਿਆ।

ਜਾਣੀ ਜਾਣ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ ਹੀਰੇ ਦੇ ਘਰ ਗਏ ਤੇ ਉਸਨੂੰ ਪੁੱਛਿਆ, "ਹੀਰਿਆ! ਤੂੰ ਉਸ ਦਿਨ ਦੌੜ ਕਿਉਂ ਆਇਆ ਸੀ"।

ਹੀਰੇ ਦੀ ਹੈਰਾਨਗੀ ਦੀ ਹੱਦ ਨਾ ਰਹੀ।

ਮਹਾਰਾਜ ਜੀ ਨੇ ਸਮਝਾਇਆ, "ਉਹ ਮੈਂ ਸੀ। ਤੈਨੂੰ ਡਰਨ ਜਾਂ ਵਹਿਮ ਚ' ਪੈਣ ਦੀ ਲੋੜ ਨਹੀਂ। ਜੇ ਤੈਨੂੰ ਯਕੀਨ ਨਹੀਂ ਤਾਂ ਸਾਨੂੰ ਉਸ ਖੇਤ ਵਿਚ ਡੁੱਲ੍ਹਿਆ ਲਹੂ ਦਿਖਾ। ਜਿਹੜਾ ਕਤਲ ਕਰਨ ਤੇ ਨਿਕਲਿਆ ਹੋਵੇ"।

ਹੁਣ ਹੀਰੇ ਨੂੰ ਸਾਰੀ ਗੱਲ ਦੀ ਸਮਝ ਆ ਗਈ। ਕੁਝ ਦਿਨਾਂ ਵਿਚ ਹੀ ਹੀਰਾ ਨੌਂ

ਬਰ ਨੌਂ ਹੋ ਗਿਆ।   (ਬਲਵੀਰ ਮੰਨਣ)

## ਸਾਖੀ 203
## ਨਿਆਸਰਿਆਂ ਦੇ ਆਸਰੇ

ਪਿੰਡ ਸੁਭਾਨਪਰ, ਜ਼ਿਲ੍ਹਾ ਜਲੰਧਰ ਨਿਵਾਸੀ ਇੱਕ ਵਿਅਕਤੀ ਦੀ ਸੁਪਤਨੀ ਬਹੁਤ ਬੀਮਾਰ ਰਹਿੰਦੀ ਸੀ। ਉਸਨੇ ਕਈ ਡਾਕਟਰਾਂ ਪਾਸੋਂ ਉਸਦਾ ਇਲਾਜ ਕਰਵਾਇਆ, ਪਰ ਕੋਈ ਫਰਕ ਨਾ ਪਿਆ। ਕਈ ਕਰਮਕਾਂਡ ਕੀਤੇ। ਕਿਉਂਕਿ ਜਦੋਂ ਕਿਸੇ ਵਿਅਕਤੀ ਨੂੰ ਡਾਕਟਰਾਂ ਪਾਸੋਂ ਇਲਾਜ ਕਰਵਾਉਣ ਤੇ ਵੀ ਉਸਦਾ ਮਰੀਜ਼ ਠੀਕ ਨਾ ਹੋਵੇ ਤਾਂ ਉਸਦਾ ਧਿਆਨ ਕਰਮਕਾਂਡਾ ਵੱਲ ਖਿੱਚਿਆ ਜਾਣਾ ਸੁਭਾਵਿਕ ਹੈ। ਕਰਮ ਕਾਂਡ ਕਰਨ ਦੇ ਬਾਵਜੂਦ ਵੀ ਬੀਮਾਰੀ ਠੀਕ ਨਾ ਹੋਈ। ਕਿਸੇ ਪੁਰਸ਼ ਨੇ ਉਸਨੂੰ ਮਹਾਰਾਜ ਜੀ ਬਾਰੇ ਦੱਸਿਆ। ਉਸ ਵਿਅਕਤੀ ਨੂੰ ਜਿਵੇਂ ਅੰਧਕਾਰ ਵਿੱਚ ਇਕ ਰੌਸ਼ਨੀ ਦੀ ਕਿਰਨ ਮਿਲ ਗਈ ਹੋਵੇ।

ਦੂਸਰੇ ਦਿਨ ਉਹ ਵਿਅਕਤੀ ਆਪਣੀ ਸੁਪਤਨੀ ਨੂੰ ਨਾਲ ਲੈ ਕੇ ਸਾਈਕਲ ਤੇ ਚੱਲਿਆ। ਜਦੋਂ ਕੁਟੀਆ ਤੋਂ ਥੋੜ੍ਹਾ ਪਿੱਛੇ ਹੀ ਸੀ ਤਾਂ ਸਾਈਕਲ ਦੇ ਟਾਇਰ-ਟਿਊਬ ਦਾ ਪਟਾਕਾ ਚੱਲ ਗਿਆ (ਭਾਵ ਫਟ ਗਏ)। ਉਸਨੇ ਸੋਚਿਆ ਕਿ ਇਹ ਚੰਗਾ ਸ਼ਗਨ ਨਹੀਂ। ਉਸਦਾ ਦਿਲ ਹੋਰ ਬੈਠ ਗਿਆ।

ਉਧਰੋਂ ਮਹਾਰਾਜ ਜੀ ਆਪਣੇ ਆਸਣ ਪਰ ਬਿਰਾਜਮਾਨ ਸਨ। ਉਨਾਂ ਨੇ ਨੇੜੇ ਬੈਠੇ ਇੱਕ ਸ਼ਰਧਾਲੂ ਨੂੰ ਹੁਕਮ ਕੀਤਾ, "ਜਾਹ ! ਉਹ ਬਾਹਰ ਇਕ ਜੋੜਾ ਆ ਰਿਹਾ। ਉਨਾਂ ਨੂੰ ਬੁਲਾ ਲਿਆ"।

ਸ਼ਰਧਾਲੂ ਗਿਆ ਅਤੇ ਉਸ ਜੋੜੇ ਨੂੰ ਮਹਾਰਾਜ ਜੀ ਦਾ ਫੁਰਮਾਨ ਸੁਣਾਇਆ ਤਾਂ ਉਹ ਹੈਰਾਨ ਰਹਿ ਗਏ, ਸੋਚਿਆ ਕਿ ਅਸੀਂ ਤਾਂ ਕੁਟੀਆ ਪਹਿਲੀ ਵਾਰ ਹੀ ਆਏ ਹਾਂ। ਮਹਾਰਾਜ ਜੀ ਨੇ ਸਾਨੂੰ ਆਵਾਜ਼ ਕਿਵੇਂ ਮਾਰ ਲਈ ?

ਆਖਰ ਉਹ ਪੁਰਸ਼ ਸਾਈਕਲ ਖੜ੍ਹਾ ਕਰਕੇ, ਆਪਣੀ ਪਤਨੀ ਨੂੰ ਸੰਭਾਲਦਿਆਂ ਹੋਇਆਂ ਮਹਾਰਾਜ ਜੀ ਪਾਸ ਲੈ ਆਇਆ। ਨਮਸਕਾਰ ਕੀਤੀ।

"ਕੋਈ ਗੱਲ ਨੀ। ਤੇਰੀ ਪਤਨੀ ਠੀਕ ਹੋ ਜਾਏਗੀ। ਸਾਈਕਲ ਵੀ ਠੀਕ ਹੋ ਜਾਏਗਾ। ਫਿਕਰ ਨਾ ਕਰੋ"। ਮਹਾਰਾਜ ਜੀ ਨੇ ਫ਼ਰਮਾਇਆ।

ਏਨਾ ਆਖ ਕੇ ਮਹਾਰਾਜ ਜੀ ਨੇ ਉਸ ਔਰਤ ਨੂੰ ਦਵਾਈ ਖਾਣ ਵਾਸਤੇ ਦਿੱਤੀ। ਦਵਾਈ ਖਾਣ ਤੋਂ ਕੁਝ ਪਲਾਂ ਬਾਅਦ ਹੀ ਉਹ ਔਰਤ ਕੁਝ ਰਾਹਤ ਮਹਿਸੂਸ ਕਰਨ ਲੱਗੀ। ਅਗਲੇ ਕੁਝ ਦਿਨਾਂ ਲਈ ਉਸ ਔਰਤ ਨੂੰ ਹੋਰ ਦਵਾਈ ਦੇ ਕੇ, ਖਾਣ ਦੇ ਸਮੇਂ ਅਤੇ ਵਿਧੀ ਆਦਿ ਬਾਰੇ ਮਹਾਰਾਜ ਜੀ ਨੇ ਉਸਨੂੰ ਸਮਝਾ ਦਿੱਤਾ ਅਤੇ ਉਸ ਪੁਰਸ਼

ਨੂੰ ਆਖਿਆ,"ਪਿੰਡ ਮੰਨਣਾ ਵਿਚ ਤੋਤਾ ਰਾਮ ਕੋਲ ਚਲਾ ਜਾਈਂ ਤੇ ਸਾਈਕਲ ਠੀਕ ਕਰਵਾ ਲਈ"।

ਦੋਵਾਂ ਮਰਦ-ਔਰਤ ਨੇ ਜਲ-ਪਾਨ ਛਕਿਆ ਅਤੇ ਮਹਾਰਾਜ ਜੀ ਦੀ ਆਗਿਆ ਲੈ ਕੇ ਪਿੰਡ ਮੰਨਣ ਵਿਚ ਆ ਕੇ ਸ਼੍ਰੀ ਤੋਤਾ ਰਾਮ ਪਾਸੋਂ ਸਾਈਕਲ ਦੀ ਮੁਰੰਮਤ ਕਰਵਾਈ ਅਤੇ ਸਾਰੀ ਵਾਰਤਾ ਦੱਸੀ। ਸ਼੍ਰੀ ਤੋਤਾ ਰਾਮ ਅਤੇ ਉਸ ਪੁਰਸ਼ ਦੀ ਵਾਰਤਾ ਸੁਣ ਰਹੇ ਹੋਰ ਲੋਕਾਂ ਨੇ ਉਸ ਜੋੜੇ ਨੂੰ ਦੱਸਿਆ ਕਿ ਮਹਾਰਾਜ ਜੀ ਦੀ ਮਹਿਮਾ ਬਹੁਤ ਮਹਾਨ ਹੈ।ਉਹ ਰੱਬ-ਰੂਪ ਹਨ, ਜੋ ਦੁਨੀਆਂ ਦਾ ਭਲਾ ਕਰਨ ਲਈ ਇਸ ਸੰਸਾਰ ਵਿਚ ਆਏ ਹਨ।ਕੁਝ ਦਿਨ ਦਵਾਈ ਖਾਣ ਤੋਂ ਬਾਅਦ ਉਸ ਵਿਅਕਤੀ ਦੀ ਪਤਨੀ ਬਿਲਕੁਲ ਤੰਦਰੁਸਤ ਹੋ ਗਈ।

(ਬਲਵੀਰ ਮੰਨਣ)

## ਸਾਖੀ 204

## ਵੈਦਾਂ ਦੇ ਵੈਦ

ਸ. ਕਰਮ ਸਿੰਘ ਮਸ਼ਹੂਰ ਵੈਦ ਸੀ। ਦੂਰ-ਦੂਰ ਤੋਂ ਲੋਕ ਉਸ ਪਾਸੋਂ ਰੋਗਾਂ ਦੀ ਨਵਿਰਤੀ ਵਾਸਤੇ ਦਵਾਈ ਦਾਰੂ ਲੈਣ ਆਇਆ ਕਰਦੇ ਸਨ। ਘਰੇਲੂ ਹਾਲਾਤ ਵੀ ਸੁਖਾਵੇਂ ਸਨ।

ਪਰਮਾਤਮਾ ਦੀ ਰਜਾ ਐਸੀ ਹੋਈ ਕਿ ਕਰਮ ਸਿੰਘ ਨੂੰ ਕੋਹੜ ਹੋ ਗਿਆ।ਘਰ ਦੇ ਜੀਅ ਜੋ ਉਸ ਨੂੰ ਪਹਿਲਾਂ ਬਹੁਤ ਚਾਹੁੰਦੇ ਸਨ, ਉਸ ਨਾਲ ਨਫ਼ਰਤ ਕਰਨ ਲੱਗੇ। ਕਾਰੋਬਾਰ ਠੱਪ ਹੋ ਗਿਆ। ਕਿਸੇ ਨੇ ਉਸ ਨਾਲ ਸਿੱਧੇ ਮੂੰਹ ਬੋਲਣਾ ਤਾਂ ਕੀ ਸਗੋਂ ਉਸ ਨੂੰ ਘਰੋਂ ਬਾਹਰ ਕੱਢਣ ਦੇ ਮਤੇ ਪਕਾਏ ਜਾਣ ਲੱਗੇ।

ਮਨ ਬਹੁਤ ਉਦਾਸ ਤੇ ਪ੍ਰੇਸ਼ਾਨ ਹੋਇਆ।ਸੋਚਿਆ ਕਿ ਮੈਂ ਜਿਨ੍ਹਾਂ ਲਈ ਏਨਾ ਕੁਝ ਕੀਤਾ ਉਹ ਮੇਰੇ ਬਾਰੇ ਕੀ ਸੋਚ ਰਹੇ ਨੇ।ਜੇਕਰ ਮੈਨੂੰ ਘਰ ਦੇ ਜੀਅ ਨਹੀਂ ਝੱਲ ਰਹੇ ਤਾਂ ਬਾਹਰਲੇ ਕਿਵੇਂ ਝੱਲਣਗੇ ? ਕੀ ਬਣੇਗਾ ? ਕੀ ਹੋਵੇਗਾ ? ਦਿਨ-ਰਾਤ ਸੋਚਾਂ ਵਿੱਚ ਹੀ ਲੰਘ ਜਾਂਦੇ। ਮਾਨਸਿਕ ਪੀੜਾ ਸਰੀਰਕ ਪੀੜਾਂ ਨਾਲੋਂ ਵੀ ਵੱਧ ਕਸ਼ਟਦਾਇਕ ਹੁੰਦੀ ਜਾ ਰਹੀ ਸੀ।

ਮਹਾਰਾਜ ਜੀ ਦੀ ਮਹਿਮਾ ਸੁਣੀ, ਮਨ ਵਿੱਚ ਇਕ ਤਾਂਘ ਸਮੋਏ ਹੋਏ ਕਰਮ ਸਿੰਘ ਮਹਾਰਾਜ ਜੀ ਪਾਸ ਆਇਆ। ਦਰਸ਼ਨ ਹੋਏ। ਮਹਾਰਾਜ ਜੀ ਦੀ ਰੂਹਾਨੀ-ਸਰੂਪ, ਚਿਹਰੇ ਉੱਪਰ ਪਰਮਾਤਮਾ ਦੇ ਨਾਮ ਦੀ ਲਾਲੀ ਦੇਖ ਕੇ ਕਰਮ ਸਿੰਘ ਨਿਹਾਲ ਹੋ ਗਿਆ। ਗਰਮੀਆਂ ਦੇ ਦਿਨ ਸਨ। ਤਪਸ਼ ਵਾਤਾਵਰਨ ਨੂੰ ਸੇਕ ਦੇ ਰਹੀ ਸੀ। ਅਜਿਹੇ ਦਿਨਾਂ ਵਿੱਚ ਮਹਾਰਾਜ ਜੀ ਵੱਲੋਂ ਸੰਗਤਾਂ ਵਾਸਤੇ 'ਸ਼ੱਕਰ ਵਾਲੇ ਜਲ' ਦਾ ਪ੍ਰਬੰਧ ਕੀਤਾ ਜਾਂਦਾ ਸੀ।

ਮਹਾਰਾਜ ਜੀ ਦੇ ਪਵਿੱਤਰ ਮੁਖ਼ਾਰਬਿੰਦ ਜਿਸ ਵਿੱਚੋਂ ਨਿਕਲਿਆ ਹਰੇਕ ਵਚਨ ਪੱਥਰ ਤੇ ਲੀਕ ਹੁੰਦਾ ਸੀ, ਸੋ ਇਹ ਹੁਕਮ ਹੋਇਆ, "ਆਹ ਜੱਗ ਲੈ, ਤੇ ਅਹੁ ਸ਼ੱਕਰ ਇਹਦੇ ਵਿੱਚ ਪਾ ਕੇ, ਨਲਕੇ ਤੋਂ ਪਾਣੀ ਭਰਕੇ, ਘੋਲ੍ਹ ਕੇ ਪੀ ਲੈ।"

ਸ. ਕਰਮ ਸਿੰਘ ਕਿਉਂਕਿ ਵੈਦ ਸੀ, ਪਹਿਲਾਂ ਤਾਂ ਸੋਚਿਆਂ ਕਿ ਅਜਿਹੇ ਰੋਗ ਵਿੱਚ ਮਿੱਠਾ ਖਾਣਾ-ਪੀਣਾ ਉਚਿਤ ਨਹੀਂ। ਪ੍ਰੰਤੂ ਮਹਾਰਾਜ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਉਸਨੇ ਉਸੇ ਤਰ੍ਹਾਂ ਕੀਤਾ ਜਿਵੇਂ ਮਹਾਰਾਜ ਜੀ ਦੀ ਆਗਿਆ ਹੋਈ ਸੀ।

ਸ਼ਾਮ ਹੋਈ। ਫਿਰ ਹੌਲੀ-ਹੌਲੀ ਹਨੇਰਾ ਹੋਣਾ ਸ਼ੁਰੂ ਹੋ ਗਿਆ। ਅਜਿਹੀ ਬੀਮਾਰੀ ਵਿੱਚ ਨੀਂਦ ਨੇ ਜਿੱਥੇ ਪਹਿਲਾਂ ਉਸ ਕੋਲੋਂ ਪਾਸਾ ਵੱਟਿਆ ਹੋਇਆ ਸੀ, ਅੱਜ ਉਸਦੀਆਂ ਅੱਖਾਂ ਤੇ ਮੰਡਰਾਉਣ ਲੱਗੀ। ਜਿਵੇਂ ਕਿ ਚਿਰਾਂ ਤੋਂ ਉੱਜੜੇ ਹੋਏ ਬਾਗ, ਜਿਸਦਾ ਕਿ ਤਿਤਲੀਆਂ ਅਤੇ ਭੌਰਿਆਂ ਨੂੰ ਵੀ ਚੇਤਾ ਭੁੱਲ ਗਿਆ ਹੋਵੇ, ਅੱਜ ਫੁੱਲਾਂ ਦਾ ਧਾਰਨੀ ਬਣਨ ਲੱਗਾ ਹੋਵੇ ਤੇ ਉਹ ਗੁੰਮ ਹੋਈਆਂ ਤਿਤਲੀਆਂ ਤੇ ਭੌਰੇ ਅੱਜ ਉਨ੍ਹਾਂ ਫੁੱਲਾਂ ਦੀ ਮਹਿਕ ਨੂੰ ਮਹਿਸੂਸ ਕਰਦੇ ਹੋਏ ਵਾਪਸ ਪਰਤਣ ਲੱਗੇ ਹੋਣ।

ਅੱਖਾਂ ਨੀਂਦ ਨਾਲ ਬੰਦ ਹੋਣੀਆਂ ਸ਼ੁਰੂ ਹੋ ਗਈਆਂ। ਕਰਮ ਸਿੰਘ ਨੂੰ ਨੀਂਦ ਆ ਗਈ ।ਅੱਜ ਸ. ਕਰਮ ਸਿੰਘ ਅਜਿਹੀ ਗੂੜ੍ਹੀ, ਮਿੱਠੀ ਅਤੇ ਸਵਾਦਲੀ ਨੀਂਦ ਵਿੱਚ ਸੁੱਤਾ ਕਿ ਜਿਹੜੀ ਬੀਮਾਰੀ ਦੇ ਦਿਨਾਂ ਵਿੱਚ ਤੇ ਉਸ ਤੋਂ ਪਹਿਲਾਂ ਵੀ ਸ਼ਾਇਦ ਉਸ ਨੂੰ ਕਦੇ ਨਾ ਆਈ ਹੋਵੇ। ਉਹ ਅਜਬ ਤੇ ਆਲੌਕਿਕ ਸੰਸਾਰ ਵਿੱਚ ਵਿਚਰ ਰਿਹਾ ਸੀ।

ਸਵੇਰ ਹੋਈ। ਪਰਮਾਤਮਾ ਦੇ ਪਵਿੱਤਰ ਨਾਮ ਦੀ ਮਹਿਕ ਧਰਤੀ ਦੇ ਜ਼ੱਰੇ-ਜ਼ੱਰੇ ਨੂੰ ਸਰਸਾਰ ਕਰ ਰਹੀ ਸੀ। ਸ. ਕਰਮ ਸਿੰਘ ਨੂੰ ਜਾਗ ਆਈ। ਉੱਠਿਆ ਕੀ ਦੇਖਿਆ ਕਿ ਉਸਦੇ ਸਰੀਰ ਉੱਪਰ ਕੋਹੜ ਦਾ ਨਾਂ ਨਿਸ਼ਾਨ ਵੀ ਨਹੀਂ ਜਿਵੇਂ ਉਸ ਨੂੰ ਕਦੇ ਕੋਹੜ ਹੋਇਆ ਈ ਨਹੀਂ ਹੀ ਸੀ। ਦਿਲ ਅਥਾਹ ਸ਼ਰਧਾ ਤੇ ਪ੍ਰੇਮ ਨਾਲ ਭਰ ਗਿਆ। ਸ. ਕਰਮ ਸਿੰਘ ਮਹਾਰਾਜ ਜੀ ਦੇ ਚਰਨਾਂ ਉੱਪਰ ਢਹਿ ਪਿਆ। ਅੱਜ ਸਾਰੀਆਂ ਸਿਆਣਪਾਂ ਤੇ ਚਤੁਰਾਈਆਂ ਛੱਡ ਕੇ ਰੂਹ ਆਪਣੇ ਅਸਲ ਟਿਕਾਣੇ ਪਹੁੰਚ ਗਈ। ਚਰਨਾਂ ਉੱਪਰੋਂ ਸਿਰ ਨਹੀਂ ਚੁੱਕ ਰਿਹਾ ਸੀ। ਮਹਾਰਾਜ ਜੀ ਨੇ ਉਠਾਇਆ ਤੇ ਆਖਿਆ "ਇਹ ਸਭ ਉਹਦੀ ਲੀਲਾ ਆ ਸਭ ਕੁਝ ਉਹਦੇ ਹੱਥ ਆ"।

## ਸਾਖੀ 205

## ਕਿਉਂ ਪੁੱਤਰਾ ਆ ਗਿਆ ਬਚ ਕੇ ?

ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ ਦਾ ਇੱਕ ਸ਼ਰਧਾਲੂ ਜੋ ਪਿੰਡ ਰਾਇਪੁਰ ਰਸੂਲ ਪੁਰ ਜਲੰਧਰ ਦਾ ਵਸਨੀਕ ਸੀ ਜਿਸਦਾ ਲੰਬੇ ਸਮੇਂ ਤੋਂ ਜ਼ਮੀਨ ਦਾ

ਝਗੜਾ ਚੱਲ ਰਿਹਾ ਸੀ। ਵਿਰੋਧੀਆਂ ਦੀ ਹਰ ਵਾਰ ਹੇਠੀ ਹੁੰਦੀ। ਇਸ ਕਰਕੇ ਵਿਰੋਧੀ ਉਸ ਨੂੰ ਕਰਾਰਾ ਮਜ਼ਾ ਚਖਾਉਣ ਲਈ ਹਰ ਸਮੇਂ ਅਜਿਹੇ ਮੌਕੇ ਦੀ ਭਾਲ ਵਿੱਚ ਰਹਿੰਦੇ ਸਨ।

ਇੱਕ ਦਿਨ ਸਵੇਰੇ-ਸਵਰੇ ਉਹ ਪਿੰਡ ਦੇ ਨਾਲ-ਨਾਲ ਵਹਿੰਦੀ ਨਹਿਰ ਉੱਪਰ ਇੱਕਲਾ ਘੁੰਮ ਰਿਹਾ ਸੀ। ਵਿਰੋਧੀਆਂ ਨੂੰ ਪਤਾ ਲੱਗ ਗਿਆ। ਉਹ ਤਾਂ ਪਹਿਲਾਂ ਹੀ ਅਜਿਹੀ ਤਾਕ ਵਿੱਚ ਸਨ।

ਵਿਰੋਧੀ ਇਕੱਠੇ ਹੋਏ ਤੇ ਪਿਸਤੌਲ ਅਤੇ ਹੋਰ ਹਥਿਆਰ ਆਦਿ ਨਾਲ ਲੈ ਕੇ ਉਸ ਨੂੰ ਨਹਿਰ ਉੱਪਰ ਆ ਘੇਰਿਆ। ਉਹ ਵਿਅਕਤੀ ਸਹਿਮ ਗਿਆ। ਕਿਉਂਕਿ ਉਹ ਇਕੱਲਾ ਸੀ ਅਤੇ ਉਸਨੂੰ ਘੇਰਨ ਵਾਲੇ ਜ਼ਿਆਦਾ ਸਨ।

ਇੱਕ ਨੇ ਉਸ ਨੂੰ ਕਿਹਾ "ਅੱਜ ਤੈਨੂੰ ਅਸੀਂ ਛੱਡਣਾ ਨਹੀਂ। ਮਾਰ ਦੇਣਾ ਆ। ਤੂੰ ਆਖਰੀ ਸਮੇਂ ਜਿਹਨੂੰ ਯਾਦ ਕਰਨਾ, ਕਰ ਲੈ।"

ਉਸ ਆਦਮੀ ਨੇ ਅੱਖਾਂ ਬੰਦ ਕੀਤੀਆਂ, ਆਪਣਾ ਮਨ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦੇ ਚਰਨਾਂ ਵਿੱਚ ਜੋੜਿਆ ਗਿਆ। ਪਾਵਨ ਸਰੂਪ ਹਿਰਦੇ ਵਿੱਚੋਂ ਦਿਖਾਈ ਦਿੱਤਾ। ਮਨ ਹੀ ਮਨ ਉਨ੍ਹਾਂ ਨੂੰ ਪ੍ਰਣਾਮ ਕੀਤਾ। ਅੰਦਰੋਂ ਕਿਸੇ ਅਥਾਹ ਸ਼ਕਤੀ ਦੀ ਲਹਿਰ ਉੱਠੀ। ਉਸਨੇ ਅੱਖਾਂ ਖੋਲ੍ਹੀਆਂ, ਮਹਾਰਾਜ ਜੀ ਦਾ ਨਾਮ ਲੈ ਕੇ ਉੱਥੋਂ ਦੌੜ ਪਿਆ। ਵਿਰੋਧੀਆਂ ਨੇ ਪਿੱਛੋਂ ਗੋਲੀਆਂ ਚਲਾਈਆਂ ਕਿਉਂਕਿ ਇਹ ਮੌਕਾ ਪਤਾ ਨਹੀਂ ਫਿਰ ਮਿਲੇ ਜਾ ਨਾ ਮਿਲੇ ਦੂਸਰਾ ਇਹ ਕਿ ਜੇ ਇਹ ਬਚ ਕੇ ਚਲਿਆ ਗਿਆ ਤਾਂ ਅਸੀਂ ਫਸ ਜਾਣਾ।

ਪ੍ਰੰਤੂ ਗੋਲੀਆਂ ਪਤਾ ਨਹੀਂ ਕਿੱਥੇ ਹਵਾ ਹੋ ਗਈਆਂ। ਉਨ੍ਹਾਂ ਨੇ ਦੌੜ ਕੇ ਪਿੱਛਾ ਵੀ ਕੀਤਾ ਪ੍ਰੰਤੂ ਅੱਜ ਉਹ ਸਭ ਤੋਂ ਤੇਜ਼ ਦੌੜਾਕ ਦੀ ਤਰ੍ਹਾਂ ਬਾਕੀ ਦੌੜਾਕਾਂ ਨੂੰ ਬਹੁਤ ਪਿੱਛੇ ਛੱਡ ਆਇਆ ਸੀ। ਵਿਰੋਧੀਆਂ ਨੇ ਉਸਦੇ ਦੌੜਦੇ ਹੋਏ ਅਤੇ ਆਪ ਦੌੜਦਿਆਂ ਹੋਇਆਂ ਵੀ ਕਈ ਵਾਰ ਕੀਤੇ। ਪ੍ਰੰਤੂ ਅੱਜ ਜਿਵੇਂ ਪਰਮਾਤਮਾ ਖੁਦ ਉਸਦੇ ਨਾਲ ਸੀ। ਉਸਦਾ ਵਾਲ ਵੀ ਵਿੰਗਾ ਨਾ ਹੋਇਆ।

ਦੌੜਦਾ ਹੋਇਆ ਉਹ ਘਰ ਜਾਣ ਦੀ ਬਜਾਇ, ਪਿੰਡ ਵੱਲ ਜਾਣ ਦੀ ਥਾਂ ਸਿੱਧਾ ਕੁਟੀਆ ਵੱਲ ਆਇਆ। ਕੁਟੀਆ ਵੱਲ ਆਉਣ ਲੱਗਿਆਂ ਦੇਖਿਆ ਕਿ ਮਹਾਰਾਜ ਜੀ ਸਾਹਮਣੇ ਖੜ੍ਹੇ ਹਨ। ਹੋਰ ਤੇਜ਼ ਦੌੜਿਆ ਤੇ ਮਹਾਰਾਜ ਜੀ ਦੇ ਪਵਿੱਤਰ ਚਰਨਾਂ ਵਿੱਚ ਢਹਿ ਪਿਆ। ਮਹਾਰਾਜ ਜੀ ਨੇ ਕਿਹਾ, "ਕਿਉਂ ਪੁੱਤਰਾਂ ਆ ਗਿਆ ਬਚ ਕੇ" ?

ਮਹਾਰਾਜ ਜੀ ਨੇ ਉਸ ਨੂੰ ਉਠਾਇਆ ਤੇ ਹੌਂਸਲਾ ਦਿੱਤਾ, "ਕੋਈ ਗੱਲ ਨੀ। ਹੌਂਸਲਾ ਰੱਖ ਸਭ ਕੁਝ ਠੀਕ ਹੋ ਜਾਊਗਾ"।

ਕੁਝ ਅਰਸੇ ਬਾਅਦ ਉਸ ਦਾ ਜ਼ਮੀਨ ਦਾ ਝਗੜਾ ਸਮਾਪਤ ਹੋ ਗਿਆ। ਵਿਰੋਧੀ ਇਸ ਘਟਨਾ ਤੋਂ ਬਾਅਦ ਵੀ ਉਸਦਾ ਕੁਝ ਨਾ ਵਿਗਾੜ ਸਕੇ।

(ਬਲਵੀਰ ਮੰਨਣ)

## ਸਾਖੀ 206

## ਸ਼੍ਰੀ ਚਾਨਣ ਰਾਮ ਤੇ ਕਿਰਪਾ ਕਰਨੀ।

ਇੱਕ ਸਮੇਂ ਪਿੰਡ ਮੰਨਣਾਂ (ਜਲੰਧਰ) ਨਿਵਾਸੀ ਸ਼੍ਰੀ ਚਾਨਣ ਰਾਮ ਜੀ ਦੀ ਮਾਤਾ ਠਾਕਰੀ ਜੀ ਮਹਾਰਾਜ ਸੁਆਮੀ ਸਰਵਣ ਦਾਸ ਜੀ ਦੇ ਦਰਸ਼ਨ ਕਰਨ ਆਏ। ਉਨ੍ਹੀਂ ਦਿਨੀ ਸ਼੍ਰੀ ਚਾਨਣ ਰਾਮ ਜੀ ਮੇਰਠ ਵਿਖੇ ਫ਼ੌਜ ਵਿੱਚ ਨੌਕਰੀ ਕਰਦੇ ਸਨ।

ਮਾਤਾ ਠਾਕਰੀ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤੇ ਬੇਨਤੀ ਕੀਤੀ, "ਮਹਾਰਾਜ ਜੀ! ਮੇਰੇ ਲੜਕੇ ਦੇ ਘਰ ਦੋ ਕੁੜੀਆਂ ਹਨ। ਕੋਈ ਬੂਟਾ ਵੀ ਹੋਵੇਗਾ ਜੀ"? ਮਹਾਰਾਜ ਜੀ ਨੇ ਪੁੱਛਿਆ, "ਤੇਰਾ ਪੁੱਤਰ ਕਿੱਥੇ ਹੈ"।

"ਜੀ ਮੇਰਠ ਫ਼ੌਜ ਵਿੱਚ ਨੌਕਰੀ ਕਰਦਾ ਆ"। ਮਾਤਾ ਠਾਕਰੀ ਨੇ ਉੱਤਰ ਦਿੱਤਾ।

ਮਹਾਰਾਜ ਜੀ ਨੇ ਫ਼ਰਮਾਇਆ, "ਭਜਨ ਸਿਮਰਨ ਕਰੋ ਪਰਮਾਤਮਾ ਦੀ ਕਿਰਪਾ ਨਾਲ ਇਸ ਵਾਰ ਲੜਕਾ ਜਨਮ ਲਵੇਗਾ।" ਮਹਾਰਾਜ ਜੀ ਦੇ ਬਚਨ ਅਟੱਲ ਹੋਏ। ਨਿਸ਼ਚਿਤ ਸਮੇਂ ਬਾਅਦ ਉਸਦੇ ਘਰ ਪੁੱਤਰ ਦਾ ਜਨਮ ਹੋਇਆ। (ਬਲਵੀਰ ਮੰਨਣ)

--ਸ਼੍ਰੀ ਚਾਨਣ ਰਾਮ ਪਿੰਡ ਮੰਨਣ (ਜਲੰਧਰ) 16 ਜੂਨ, 2001

## ਸਾਖੀ 207

## ਮੈਨੂੰ ਬੰਦੇ ਦੀ ਜੂਨੇ ਪਾ ਦਿਉ।

ਕੁਟੀਆ ਦੇ ਵਿਹੜੇ ਵਿੱਚ ਸਤਿਸੰਗ ਪ੍ਰਵਾਹ ਚਲ ਰਿਹਾ ਸੀ। ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ ਆਸਣ ਉੱਪਰ ਬਿਰਾਜਮਾਨ ਸਨ ਅਤੇ ਉਨ੍ਹਾਂ ਸਮੇਤ ਸਾਰੀਆਂ ਸੰਗਤਾਂ ਸਤਿਸੰਗ ਪ੍ਰਵਾਹ ਵਿੱਚ ਮਹਾਂ-ਆਨੰਦ ਦੀ ਪ੍ਰਾਪਤੀ ਕਰ ਰਹੀਆਂ ਸਨ।

ਸਤਿਸੰਗ ਸਮਾਪਤ ਹੋਇਆ। ਮਹਾਰਾਜ ਜੀ ਆਸਣ ਤੋਂ ਉੱਠੇ। ਸ਼੍ਰੀ ਚਾਨਣ ਰਾਮ ਮਹਾਰਾਜ ਜੀ ਵੱਲ ਤੁਰਿਆ ਤਾਂ ਮਹਾਰਾਜ ਜੀ ਨੇ ਪੁੱਛਿਆ, "ਹਾਂ ਬਾਈ। ਕਿੱਦਾਂ ਆਇਆਂ"?

" ਜੀ ਮੈਨੂੰ ਬੰਦੇ ਦੀ ਜੂਨ ਪਾ ਦਿਉ।" ਚਾਨਣ ਰਾਮ ਨੇ ਸਨਿਮਰ ਬੇਨਤੀ

ਕੀਤੀ।

ਉੱਤਰ ਸੁਣ ਕੇ ਮਹਾਰਾਜ ਜੀ ਸੰਗਤਾਂ ਵੱਲ ਮੁਖ ਕਰਕੇ ਮਜ਼ਾਕੀਆ ਲਹਿਜ਼ੇ ਨਾਲ ਆਖਣ ਲੱਗੇ, "ਦੇਖੋ ਬਈ ਇਹਦੇ ਵੱਲ ਇਹ ਬੰਦਾ ਨਹੀਂ ?" ਸੰਗਤ ਵਿੱਚ ਖੜ੍ਹੇ ਸ. ਸੋਹਣ ਸਿੰਘ ਨੇ ਕਿਹਾ, "ਮਹਾਰਾਜ ਜੀ ! ਅਜੇ ਇਹ ਬੰਦਾ ਨੀ, ਗਧਾ ਈ ਆ। ਇਹਨੂੰ ਬੰਦੇ ਦੀ ਜੂਨ ਤੁਸੀਂ ਹੀ ਪਾਉਣਾ ਹੈ, ਮਹਾਰਾਜ ਜੀ।"

ਮਹਾਰਾਜ ਜੀ ਨੇ ਵਚਨ ਕੀਤਾ, "ਅੱਛਾ"। ਸਮਾਂ ਦਿੱਤਾ, ਚਾਨਣ ਰਾਮ ਦਿੱਤੇ ਸਮੇਂ ਅਨੁਸਾਰ ਪੁੱਜਾ ਤੇ ਮਹਾਰਾਜ ਜੀ ਪਾਸੋਂ ਨਾਮ ਦੀ ਦਾਤ ਪ੍ਰਾਪਤ ਕੀਤੀ। (ਬਲਵੀਰ ਮੰਨਣ)

--ਸ਼੍ਰੀ ਚਾਨਣ ਰਾਮ ਪਿੰਡ ਮੰਨਣ (ਜਲੰਧਰ) 16 ਜੂਨ, 2001

## ਸਾਖੀ 208

## ਰੱਖਣਹਾਰ ਸਤਿਗੁਰੂ

ਸ਼੍ਰੀ ਚਾਨਣ ਰਾਮ ਦਾ ਇੱਕੋ ਇੱਕ ਪੁੱਤਰ ਸੀ ਜਿਸ ਦਾ ਨਾਮ ਸੀ ਮਦਨ। ਇੱਕ ਦਿਨ ਉਹ ਮਕਾਨ ਦੀ ਛੱਤ ਉੱਪਰ ਸੁੱਤਾ ਪਿਆ ਸੀ। ਰਾਤ ਅਜੇ ਬਹੁਤੀ ਨਾ ਹੋਣ ਕਾਰਨ, ਸ਼੍ਰੀ ਚਾਨਣ ਰਾਮ ਉਸਦੀ ਧਰਮ ਪਤਨੀ ਅਤੇ ਪੁੱਤਰੀਆਂ ਅਜੇ ਹੇਠਾਂ ਜਾਗ ਰਹੀਆਂ ਸਨ। ਏਨੇ ਨੂੰ ਜ਼ੋਰਦਾਰ ਖੜਾਕ ਹੋਇਆ। ਉਨਾਂ ਸੋਚਿਆ ਕਿ ਸ਼ਾਇਦ ਨੇੜੇ ਵਾਲਾ ਛੱਪਰ ਡਿੱਗ ਪਿਆ ਹੋਏਗਾ। ਰੌਲਾ ਪੈ ਗਿਆ। ਪਤਾ ਲੱਗਾ ਕਿ ਮਦਨ ਛੱਤ ਤੋਂ ਡਿੱਗ ਪਿਆ ਹੈ। ਸਾਰੇ ਜੀਅ ਮਦਨ ਨੂੰ ਦੇਖਣ ਲਈ ਦੌੜੇ। ਮਦਨ ਨੂੰ ਦੇਖਿਆ। ਉਹ ਠੀਕ ਸੀ। ਸਾਰੇ ਹੈਰਾਨ ਸਨ ਕਿ ਛੱਤ (ਜੋ ਕਿ ਕਾਫੀ ਉੱਚੀ ਸੀ) ਤੋਂ ਡਿੱਗਣ ਤੇ ਵੀ ਮਦਨ ਠੀਕ-ਠਾਕ ਸੀ। ਸਾਰੇ ਅੰਗ ਦਰੁਸਤ ਸਨ ਸਿਵਾਏ ਹਲਕੇ ਪਿੱਠ ਦਰਦ ਤੋਂ।

ਸਵੇਰੇ ਸ਼੍ਰੀ ਚਾਨਣ ਰਾਮ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਪਾਸ ਆਇਆ। ਨਮਸਕਾਰ ਕੀਤੀ ਤੇ ਸਾਰੀ ਗੱਲ ਦੱਸੀ। ਮਹਾਰਾਜ ਜੀ ਨੇ ਸਾਰੀ ਗੱਲ ਸੁਣਨ ਉਪੰਰਤ ਇਹ ਵਚਨ ਕੀਤੇ, ਜਿਹਨੇ ਸੁੱਟਣਾ ਸੀ ਸੁੱਟ ਦਿੱਤਾ। ਜਿਹਨੇ ਰੱਖਣਾ ਸੀ, ਰੱਖ ਲਿਆ।ਨਾਲ ਹੀ ਸਲਾਹ ਦਿੱਤੀ, "ਨਵੀਂ ਦਾਣਾ ਮੰਡੀ ਚਲਾ ਜਾਈਂ। ਉੱਥੇ ਇਕ ਹਕੀਮ ਆਉਂਦਾ ਹੈ। ਉਹਦੇ ਕੋਲੋਂ ਦਵਾਈ ਲੈ ਆਇਉ"।

ਵਚਨ ਮੰਨ ਕੇ, ਚਾਨਣ ਰਾਮ ਮਦਨ ਨੂੰ ਨਵੀਂ ਦਾਣਾ ਮੰਡੀ ਉਕਤ ਹਕੀਮ ਪਾਸ ਲੈ ਗਿਆ। ਹਕੀਮ ਨੇ ਦਵਾਈ ਅਤੇ ਤੇਲ ਮਲਣ ਵਾਸਤੇ ਦਿੱਤਾ। ਦੱਸੇ ਅਨੁਸਾਰ ਦਵਾਈ ਖਾਣ ਤੇਲ ਦੀ ਮਾਲਿਸ਼ ਕਰਨ ਦੇ ਕੁਝ ਦਿਨਾਂ ਵਿਚ ਨੌਂ ਬਰ ਨੌਂ ਹੋ ਗਿਆ। (ਬਲਵੀਰ ਮੰਨਣ)

(ਸ਼੍ਰੀ ਚਾਨਣ ਰਾਮ ਪਿੰਡ ਮੰਨਣ (ਜਲੰਧਰ) 16 ਜੂਨ 2001)

## ਸਾਖੀ 209

## ਡਰ ਦੂਰ ਕਰਨਾ।

ਸ਼੍ਰੀ ਚਾਨਣ ਰਾਮ ਜਲੰਧਰ ਛਾਉਣੀ ਵਿਚ ਨੌਕਰੀ ਕਰਦਾ ਸੀ। ਉਹਨਾਂ ਦਿਨਾਂ ਵਿੱਚ ਉਸ ਦੀ ਡਿਊਟੀ ਚੌਕੀਦਾਰ ਦੇ ਤੌਰ ਤੇ ਸ਼ਾਮ 4 ਵਜੇ ਤੋਂ ਰਾਤ 12 ਵਜੇ ਤੱਕ ਹੁੰਦੀ ਸੀ। ਡਿਊਟੀ ਖਤਮ ਹੋਣ ਤੋਂ ਬਾਅਦ ਸ਼੍ਰੀ ਚਾਨਣ ਰਾਮ ਕੁਝ ਘੰਟੇ ਉਥੇ ਹੀ ਅਰਾਮ ਕਰਦਾ ਅਤੇ ਸਵੱਖਤੇ ਘਰ ਪਰਤ ਆਉਂਦਾ।

ਉਹਨੀਂ ਦਿਨੀਂ ਸ਼੍ਰੀ ਚਾਨਣ ਰਾਮ ਦੀ ਧਰਮ ਪਤਨੀ ਪ੍ਰਕਾਸ਼ ਕੌਰ ਕੁਝ ਬੀਮਾਰ ਹੋ ਗਈ। ਸ਼੍ਰੀ ਚਾਨਣ ਰਾਮ ਨੇ ਸੋਚਿਆ ਕਿ ਡਿਊਟੀ ਖਤਮ ਹੋਣ ਉਪਰੰਤ ਮੈਂ ਅੱਜ ਛੇਤੀ

ਹੀ ਵਾਪਸ ਘਰ ਚਲਾ ਜਾਵਾਂ ਤਾਂ ਜੋ ਘਰ ਜਾ ਕੇ ਪਤਨੀ ਦੀ ਦੇਖ-ਭਾਲ ਕਰ ਸਕਾਂ। 12 ਵੱਜੇ ਸ਼੍ਰੀ ਚਾਨਣ ਰਾਮ ਦੀ ਡਿਊਟੀ ਖਤਮ ਹੋਈ। ਉਪਰੋਕਤ ਸੋਚ ਮਨ ਵਿਚ ਰੱਖਦਿਆਂ ਅੱਜ ਉਸ ਨੇ ਪਹਿਲਾਂ ਦੀ ਤਰ੍ਹਾਂ ਜ਼ਿਆਦਾ ਸਮਾਂ ਆਰਾਮ ਕਰਨ ਵਿਚ ਜਾਇਆ ਕਰਨ ਦੀ ਬਜਾਏ ਕੁਝ ਸਮਾਂ ਹੀ ਆਰਾਮ ਕੀਤਾ ਤੇ ਸਾਈਕਲ ਉੱਪਰ ਸਵਾਰ ਹੋ ਕੇ ਘਰ ਵੱਲ ਚੱਲ ਪਿਆ।

ਚਾਨਣ ਰਾਮ ਅਜੇ ਰਾਏਪੁਰ-ਰਸੂਲਪੁਰ ਦੇ ਨੇੜੇ ਹੀ ਸੀ ਕਿ ਉਸ ਨੂੰ ਕਿਸੇ ਚੀਜ਼ ਦਾ ਭੈਅ ਆਇਆ। ਸ਼੍ਰੀ ਚਾਨਣ ਰਾਮ ਡਰ ਗਿਆ। ਉਸ ਵੇਲੇ ਕੰਨਾਂ ਵਿਚੋਂ ਅਵਾਜ਼ ਆਈ, ਜਿਹੜਾ ਟੱਪਾ ਦੱਸਿਆ ਆ, ਯਾਦ ਕਰ। ਸ਼੍ਰੀ ਚਾਨਣ ਰਾਮ ਨੇ ਚੁਫ਼ੇਰੇ ਦੇਖਿਆ। ਕਾਲੀ ਰਾਤ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਇਹ ਅਵਾਜ਼ ਕਿਸਦੀ ? ਫਿਰ ਉਪਰੋਕਤ ਸ਼ਬਦਾਂ ਨੂੰ ਹੀ ਆਸਰਾ ਮੰਨ ਕੇ ਭਜਨ ਕਰਨ ਲੱਗਾ, ਡਰ ਦੂਰ ਹੋ ਗਿਆ।

ਜਦੋਂ ਸ਼੍ਰੀ ਚਾਨਣ ਰਾਮ ਪਿੰਡ ਦੇ ਨਜ਼ਦੀਕ ਪੁੱਜਾ ਤਾਂ ਉਸ ਨੂੰ ਆਪਣੇ ਅੱਗੇ-ਅੱਗੇ ਚੱਲੇ ਜਾ ਰਹੇ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦੇ ਸਰੂਪ ਦੇ ਦਰਸ਼ਨ ਹੋਏ, ਜੋ ਕਿ ਉਸ ਦੇ ਦੱਸਣ ਮੁਤਾਬਿਕ ਉਸ ਤੋਂ ਤਕਰੀਬਨ 100 ਗਜ਼ ਦੀ ਦੂਰੀ 'ਤੇ ਸੀ। ਮਨ ਹੀ ਮਨ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤੇ ਭਜਨ ਕਰਦਾ ਹੋਇਆ ਘਰ ਪਹੁੰਚ ਗਿਆ। ਡਰ ਤਾਂ ਜਿਵੇਂ ਕਿਤੇ ਖੰਭ ਲਾ ਕੇ ਉੱਡ ਗਿਆ।

ਅਗਲੇ ਦਿਨ ਮਹਾਰਾਜ ਜੀ ਨੇ ਪਿੰਡ ਮੰਨਣਾਂ ਨਿਵਾਸੀ ਸ਼੍ਰੀ ਪਾਖਰ ਰਾਮ ਰਾਹੀਂ ਚਾਨਣ ਰਾਮ ਨੂੰ ਕੁਟੀਆ ਆਉਣ ਲਈ ਸੁਨੇਹਾ ਭਿਜਵਾਇਆ। ਸੁਨੇਹਾ ਮਿਲਦਿਆਂ

ਹੀ ਸ਼੍ਰੀ ਚਾਨਣ ਰਾਮ ਕੁਟੀਆ ਪੁੱਜਾ। ਮਹਾਰਾਜ ਜੀ ਨੂੰ ਪ੍ਰਣਾਮ ਕੀਤਾ। ਉਸ ਵਕਤ ਮਹਾਰਾਜ ਜੀ ਆਪਣੇ ਆਸਣ ਤੇ ਸੁਭਾਇਮਾਨ ਸਨ। ਉੱਠੇ ਅਤੇ ਸ਼੍ਰੀ ਚਾਨਣ ਰਾਮ ਨੂੰ ਆਪਣੇ ਆਸਣ ਤੋਂ ਦੋ ਕੁ ਕਦਮਾਂ ਦੀ ਵਿੱਥ ਤੇ ਇੱਕ ਪਾਸੇ ਲੈ ਗਏ। ਮਹਾਰਾਜ ਜੀ ਨੇ ਫ਼ਰਮਾਇਆ, "ਰਾਤ ਨੂੰ ਨਹੀਂ ਤੁਰਨਾ"। ਸ਼੍ਰੀ ਚਾਨਣ ਰਾਮ ਨੇ ਝੂਠ ਹੀ ਆਖ ਦਿੱਤਾ, "ਜੀ ਮੈਂ ਨਹੀਂ ਤੁਰਦਾ"।

ਇਹ ਸੁਣ ਕੇ ਮਹਾਰਾਜ ਜੀ ਰਤਾ ਝਿੜਕ ਕੇ ਆਖਣ ਲੱਗੇ, ਰਾਤੀਂ ਤੁਰਿਆ ਨਹੀਂ? ਅਤੇ ਮਹਾਰਾਜ ਜੀ ਨੇ ਉਸ ਨਾਲ ਹੋਈ ਬੀਤੀ ਰਾਤ ਦੀ ਸਾਰੀ ਘਟਨਾ ਬਿਆਨ ਕੀਤੀ। ਅੱਗੇ ਮਹਾਰਾਜ ਜੀ ਨੇ ਆਖਿਆ, "ਰਾਤੀ ਤੇਰੇ ਨਾਲ ਆਹ ਹੋਇਆ ਨੀਂ"।

"ਹਾਂ ਜੀ ਮਹਾਰਾਜ"। ਸ਼੍ਰੀ ਚਾਨਣ ਰਾਮ ਹੁਣ ਸੱਚ ਦੇ ਸਾਹਮਣੇ ਸੱਚ ਨੂੰ ਕੀ ਲੁਕਾਉਂਦਾ।

ਮਹਾਰਾਜ ਜੀ ਨੇ ਵਚਨ ਕੀਤਾ, "ਫਿਰ ਝੂਠ ਕਿਉਂ ਬੋਲਿਆ"?

"ਜੀ ਗਲਤੀ ਹੋ ਗਈ"। ਸ਼੍ਰੀ ਚਾਨਣ ਰਾਮ ਨੇ ਹੱਥ ਜੋੜ ਕੇ ਆਖਿਆ।

"ਅੱਛਾ। ਰਾਤ ਨੂੰ ਨਹੀਂ ਤੁਰਨਾ ਮੁੜਕੇ"। ਮਹਾਰਾਜ ਜੀ ਨੇ ਸਮਝਾਇਆ।

(ਸ਼੍ਰੀ ਚਾਨਣ ਰਾਮ ਪਿੰਡ ਮੰਨਣ (ਜਲੰਧਰ) 16 ਜੂਨ 2001) (ਬਲਵੀਰ ਮੰਨਣ)

## ਸਾਖੀ 210

## ਪ੍ਰਮਾਣ ਤੇ ਪ੍ਰਤੱਖ

ਇਕ ਸਮੇਂ ਸਵੇਰੇ-ਸਵੇਰੇ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ ਸੈਰ ਕਰਦੇ ਹੋਏ ਬਿਆਸ ਪਿੰਡ (ਜਲੰਧਰ) ਗਏ। ਮਹਾਰਾਜ ਜੀ ਇਸੇ ਤਰ੍ਹਾਂ ਹੀ ਸਵੇਰੇ ਸੈਰ ਕਰਦੇ ਹੋਏ ਕਈ ਪਿੰਡਾਂ ਵਿਚ ਚਲੇ ਜਾਂਦੇ ਸਨ ਅਤੇ ਸੁੱਤਿਆਂ ਹੋਇਆਂ ਨੂੰ ਜਗਾ ਕੇ, ਅਸਲ ਵਿਚ ਜਾਗਣ ਅਤੇ ਗਫ਼ਲਤ ਦੀ ਨੀਂਦ ਤੋਂ ਛੁਟਕਾਰਾ ਪਾਉਣ ਵਾਸਤੇ ਪਰਮਾਤਮਾ ਦਾ ਭਜਨ ਕਰਨ ਦਾ ਸ਼ੁਭ ਸੰਦੇਸ਼ ਦਿਆ ਕਰਦੇ ਸਨ।

ਜਦੋਂ ਮਹਾਰਾਜ ਜੀ ਬਿਆਸ ਪਿੰਡ ਦੀਆਂ ਸੰਗਤਾਂ ਨੂੰ ਇਹ ਸ਼ੁਭ-ਸੰਦੇਸ਼ ਦੇ ਕੇ ਪਿੰਡੋਂ ਬਾਹਰ ਵੱਲ ਆ ਗਏ ਤਾਂ ਕੁਝ ਵਿਅਕਤੀ ਆਪਸ ਵਿਚ ਮਹਾਰਾਜ ਜੀ ਦੇ ਪੌਣਾਹਾਰੀ ਹੋਣ ਬਾਰੇ ਗੱਲਾਂ ਕਰਨ ਲੱਗੇ। ਕੁਝ ਨੇ ਇਸ ਨੂੰ ਮਜ਼ਾਕ ਸਮਝਿਆ। ਕੁਝ ਨੇ ਕਿਹਾ ਕਿ ਅਸੀਂ ਤਾਂ ਸੁਣਿਆ ਹੈ। ਆਖਰ ਇਕ ਸੂਝਵਾਨ ਆਦਮੀ ਨੇ ਸਲਾਹ ਦਿੱਤੀ ਕਿ ਅੱਜ ਆਪਾਂ ਦੇਖ ਈ ਲੈਂਦੇ ਹਾਂ। ਮਹਾਰਾਜ ਜੀ ਅਜੇ ਬਹੁਤੀ ਦੂਰ ਨਹੀਂ ਗਏ ਹੋਣਗੇ। ਉਹ ਨਹਿਰੇ-ਨਹਿਰ ਕੁਟੀਆ ਜਾਣਗੇ। ਤੁਸੀਂ ਦੋ ਜਣੇ ਸਾਈਕਲ ਉੱਤੇ ਸੜਕੇ-ਸੜਕੇ

ਕੁਟੀਆ ਜਾਉ। ਜੇਕਰ ਮਹਾਰਾਜ ਜੀ ਤੁਹਾਡੇ ਨਾਲੋਂ ਵੀ ਪਹਿਲਾਂ ਪੈਦਲ ਚਲਦੇ ਹੋਏ ਕੁਟੀਆ ਪਹੁੰਚ ਗਏ ਤਾਂ ਆਪਾਂ ਸਮਝ ਜਾਵਾਂਗੇ ਕਿ ਮਹਾਰਾਜ ਜੀ ਪੌਣਾਹਾਰੀ ਹਨ ਅਤੇ ਜੇਕਰ ਤੁਸੀਂ ਮਹਾਰਾਜ ਜੀ ਨਾਲੋਂ ਪਹਿਲਾਂ ਕੁਟੀਆ ਪੁੱਜ ਗਏ ਤਾਂ ਆਪਾਂ ਸਾਰੇ ਮੰਨ ਲਵਾਂਗੇ ਕਿ ਮਹਾਰਾਜ ਜੀ ਪੌਣਾਹਾਰੀ ਨਹੀਂ ਹਨ।

ਦੋ ਆਦਮੀ ਸਲਾਹ ਮੰਨ ਕੇ ਸਾਈਕਲ ਉੱਪਰ ਸਵਾਰ ਹੋ ਕੇ ਸੜਕੇ-ਸੜਕੇ ਸਾਈਕਲ ਤੇਜ਼ ਚਲਾਉਂਦੇ ਹੋਏ ਕੁਟੀਆ ਪੁੱਜੇ। ਅੱਗੇ ਮਹਾਰਾਜ ਜੀ ਕੁਟੀਆ ਵਿਖੇ ਪਹਿਲਾਂ ਹੀ ਪੁੱਜੇ ਹੋਏ ਸਨ ਅਤੇ ਸੰਗਤਾਂ ਵਿਚ ਆਪਣੇ ਆਸਣ ਤੇ ਸੁਭਾਇਮਾਨ ਸਨ। ਜਦੋਂ ਉਹ ਵੇਖ ਕੇ ਵਾਪਸ ਮੁੜਨ ਲੱਗੇ ਤਾਂ ਮਹਾਰਾਜ ਜੀ ਨੇ ਪਿੱਛੋਂ ਅਵਾਜ਼ ਮਾਰ ਲਈ, ਗੱਲ ਸੁਣ ਕੇ ਜਾਇਉ। ਦੋਵੇਂ ਮਹਾਰਾਜ ਜੀ ਪਾਸ ਪੁੱਜੇ। ਨਮਸਕਾਰ ਕੀਤੀ। ਮਹਾਰਾਜ ਜੀ ਨੇ ਮਖੌਲ ਨਾਲ ਉਨ੍ਹਾਂ ਨੂੰ ਪੁੱਛਿਆ, ਕਿੱਦਾਂ ਆਏ ? ਕੋਈ ਕੰਮ ਸੀ ?

ਪਹਿਲਾਂ ਤਾਂ ਉਨ੍ਹਾਂ ਦਾ ਸ਼ਰਮਿੰਦਗੀ ਕਾਰਨ ਮੂੰਹ ਨਾ ਖੁੱਲਾ। ਪ੍ਰੰਤੂ ਮਹਾਰਾਜ ਜੀ ਦੇ ਦੋ-ਤਿੰਨ ਵਾਰ ਪੁੱਛਣ ਤੇ ਉਨਾਂ ਸਾਰੀ ਵਿੱਥਿਆ ਦੱਸੀ। ਮਹਾਰਾਜ ਜੀ ਮੁਸਕਰਾਉਣ ਲੱਗੇ।

(ਸ਼੍ਰੀ ਚਾਨਣ ਰਾਮ ਪਿੰਡ ਮੰਨਣ (ਜਲੰਧਰ) 16 ਜੂਨ 2001) (ਬਲਵੀਰ ਮੰਨਣ)

## ਸਾਖੀ 211

## ਮੂੰਗਫਲੀ ਦੀ ਰਾਖੀ

ਜਦੋਂ ਮੂੰਗਫਲੀ ਪੱਕ ਜਾਂਦੀ ਹੈ ਤਾਂ ਉਸਦੀ ਚੋਖੀ ਰਾਖੀ ਕਰਨੀ ਪੈਂਦੀ ਹੈ। ਇਸ ਨੂੰ ਆਦਮ-ਰੂਪੀ ਮੂੰਗਫਲੀ ਚੋਰਾਂ ਤੋਂ ਬਚਾਉਣਾ ਪੈਂਦਾ ਹੈ। ਕਿਉਂਕਿ ਬਿਨ੍ਹਾਂ ਰਾਖੀ ਤੋਂ ਮੂੰਗਫਲੀ ਦੀਆਂ ਲਾਂਗਰਾਂ ਪੁੱਟੀਆਂ ਜਾਂਦੀਆਂ ਹਨ। ਉਕਤ ਆਦਮ-ਰੂਪੀ ਮੂੰਗਫਲੀ ਚੋਰ ਪੱਕੀ ਹੋਈ ਮੂੰਗਫਲੀ ਤੋੜ, ਕੱਚੀ ਮੂੰਗਫਲੀ ਬੂਟੇ ਸਮੇਤ ਵਗਾਹ ਮਾਰਦੇ ਹਨ।

ਸ਼੍ਰੀ ਅਮਰ ਨਾਥ ਜਿਸਨੇ ਕਿ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦੇ ਹੁਕਮ ਅਨੁਸਾਰ ਖੇਤਾਂ ਵਿੱਚ ਮੂੰਗਫਲੀ ਬੀਜਣੀ ਸ਼ੁਰੂ ਕੀਤੀ ਸੀ, ਦਾ ਕੰਮ ਏਨਾ ਸਫਲ ਹੋਇਆ ਕਿ ਹੁਣ ਉਸ ਦੇ ਵੱਲੋਂ ਤਕਰੀਬਨ 50 ਏਕੜ ਜ਼ਮੀਨ ਵਿੱਚ ਮੂੰਗਫਲੀ ਬੀਜੀ ਹੋਈ ਸੀ। ਰਾਖੀ ਵਾਸਤੇ ਉਸਨੇ ਉਸੇ ਜ਼ਮੀਨ ਵਿੱਚ ਛੰਨ ਪਾਈ ਹੋਈ ਸੀ। ਸਾਰੀ ਜ਼ਮੀਨ ਇਕੋ ਥਾਂ ਹੀ ਸੀ।

ਮੂੰਗਫਲੀ ਪੱਕ ਗਈ। ਏਨੀ ਜ਼ਮੀਨ ਵਿੱਚ ਜ਼ਿਆਦਾਤਰ ਸ਼੍ਰੀ ਅਮਰ ਨਾਥ ਇੱਕਲਾ ਹੀ ਰਾਖੀ ਕਰਨ ਵਾਲਾ ਹੁੰਦਾ ਸੀ। ਜੇਕਰ ਇੱਕ ਪਾਸੇ ਫੇਰਾ ਮਾਰਨ ਜਾਂਦਾ ਤਾਂ ਦੂਸਰੇ ਪਾਸੇ ਕਿਸੇ ਮੂੰਗਫਲੀ ਚੋਰ ਦੁਆਰਾ ਮੂੰਗਫਲੀ ਦੀਆਂ ਲਾਂਗਰਾਂ ਪੁੱਟੀਆਂ

ਹੋਈਆਂ ਹੁੰਦੀਆਂ।ਜੇਕਰ ਦੂਸਰੇ ਪਾਸੇ ਜਾਂਦਾ ਤਾਂ ਪਹਿਲੇ ਪਾਸੇ ਇਹੀ ਹਾਲ ਹੁੰਦਾ।ਸ਼੍ਰੀ ਅਮਰਨਾਥ ਬੜਾ ਪ੍ਰੇਸ਼ਾਨ ਹੋਇਆ।

ਇੱਕ ਦਿਨ ਮੁਸ਼ਕਿਲ ਨਾਲ ਸਮਾਂ ਕੱਢ ਕੇ ਕੁਟੀਆ ਗਿਆ। ਪਿਛਲੀ ਝਾਕ ਕਾਰਨ ਬਹੁਤਾ ਸਮਾਂ ਉੱਥੇ ਨਾ ਰੁਕ ਸਕਿਆ ਖੇਤਾਂ ਵਿੱਚ ਵਾਪਸ ਪਰਤਿਆ। ਕੀ ਦੇਖਿਆ ਕਿ ਜਿੱਥੇ ਰਾਖੀ ਕਰਨ ਦੇ ਬਾਵਜੂਦ ਵੀ ਲਾਂਗਰਾਂ ਪੁੱਟੀਆਂ ਜਾਂਦੀਆਂ ਸਨ, ਉੱਥੇ ਅੱਜ ਉਸ ਦੇ ਗੈਰ-ਹਾਜ਼ਰ ਹੋਣ ਤੇ ਵੀ ਪੂਰੀ ਜ਼ਮੀਨ ਵਿੱਚੋਂ ਇੱਕ ਵੀ ਲਾਂਗਰ ਪੁੱਟੀ ਹੋਈ ਨਹੀਂ ਸੀ।

ਸ਼੍ਰੀ ਅਮਰ ਨਾਥ ਦੇ ਸ਼ਬਦਾਂ ਵਿੱਚ "ਜਦੋਂ ਮੈਂ ਖੇਤਾਂ ਵਿੱਚ ਹੁੰਦਾ ਹਾਂ ਤਾਂ ਲਾਂਗਰਾਂ ਪੁੱਟੀਆਂ ਜਾਂਦੀਆ ਨੇ।ਪਰ ਜਦੋਂ ਮੈਂ ਕੁਟੀਆ ਹੁੰਦਾ ਤਾਂ ਇੱਕ ਵੀ ਲਾਂਗਰ ਖੇਤਾਂ ਵਿੱਚੋਂ ਪੁੱਟੀਓ ਨਾ ਹੁੰਦੀ।ਇਹ ਸਭ ਉਨ੍ਹਾਂ ਦੀ ਹੀ ਮਿਹਰ ਸੀ।"

(ਸ਼੍ਰੀ ਅਮਰ ਨਾਥ ਪਿੰਡ ਮੰਨਣ (ਜਲੰਧਰ) 13 ਜੂਨ 2001) (ਬਲਵੀਰ ਮੰਨਣ)

## ਸਾਖੀ 212

## ਸ਼੍ਰੀ ਚਾਨਣ ਰਾਮ ਦੇ ਫਿਕਰ ਦਾ ਅੰਤ ਕਰਨਾ

ਸ਼੍ਰੀ ਚਾਨਣ ਰਾਮ ਦੀਆਂ ਦੋ ਬੇਟੀਆਂ ਜੋ ਕਾਫੀ ਪੜ੍ਹੀਆਂ ਹੋਈਆਂ ਸਨ, ਵਿਆਹੁਣ ਯੋਗ ਹੋ ਗਈਆਂ। ਰਿਸ਼ਤਾ ਕਰਨ ਲਈ ਕਈ ਘਰ ਦੇਖੇ, ਲੜਕਿਆਂ ਦੀ ਪਰਖ ਕੀਤੀ, ਪ੍ਰੰਤੂ ਕਿਤੇ ਵੀ ਸਾਕ ਨਾ ਹੋਇਆ। ਕਦੀ ਜਵਾਬ ਹੋ ਜਾਂਦਾ ਅਤੇ ਕਈ ਵਾਰ ਸ਼੍ਰੀ ਚਾਨਣ ਰਾਮ ਨੂੰ ਖੁਦ ਲੜਕਾ ਜਾਂ ਘਰ ਠੀਕ ਨਾ ਜਾਪਦਾ।

ਦਿਨ ਬੀਤਦੇ ਗਏ। ਘੁੰਮਦਿਆਂ-ਫਿਰਦਿਆਂ, ਅਸਫ਼ਲ ਰਹਿੰਦਿਆਂ ਸ਼੍ਰੀ ਚਾਨਣ ਰਾਮ ਦੇ ਮਨ ਤੇ ਚਿੰਤਾ ਰੂਪੀ ਪਹਾੜ ਦਿਨੋਂ-ਦਿਨ ਵੱਧ ਰਿਹਾ ਸੀ।ਆਖਰ ਇਹ ਪਹਾੜ ਏਨਾ ਵੱਧ ਗਿਆ ਕਿ ਸ਼੍ਰੀ ਚਾਨਣ ਰਾਮ ਇਸ ਨੂੰ ਚੁੱਕੀ ਫਿਰਨੇ ਅਸਮਰਥ ਹੋ ਗਿਆ।ਹਾਰ ਕੇ ਬੈਠ ਗਿਆ।

ਆਖਰ ਇੱਕ ਰਾਤ ਸ਼੍ਰੀ ਚਾਨਣ ਰਾਮ ਨੇ ਮਨ ਵਿੱਚ ਸੰਕਲਪ ਕੀਤਾ ਕਿ ਅੱਜ ਮੈਂ ਭਜਨ ਤੇ ਬੈਠਾਂਗਾ ਅਤੇ ਉੱਨਾਂ ਚਿਰ ਨਹੀਂ ਉੱਠਾਂਗਾ, ਜਿੰਨਾ ਚਿਰ ਸੰਤ ਆਪ ਆਵਾਜ਼ ਨਹੀਂ ਮਾਰਦੇ।

ਬੈਠਾ ਰਿਹਾ।ਰਾਤ ਦੇ ਦੋ ਵੱਜ ਗਏ।ਆਖਰ ਪਪੀਹੇ ਦੀ ਬਿਲਪ ਪ੍ਰਵਾਨ ਹੋਈ। ਅਵਾਜ਼ ਆਈ, "ਸਭ ਕੁਛ ਡੇਰੇ ਈ ਹੋ ਜਾਣਾ। ਇੱਕ ਮਹੀਨੇ ਦੇ ਅੰਦਰ-ਅੰਦਰ। ਫਿਕਰ ਨਾ ਕਰ।"

ਥੋੜ੍ਹੇ ਹੀ ਦਿਨਾਂ ਵਿੱਚ ਕੁਟੀਆ ਵਿਖੇ ਇੱਕ ਪਰਿਵਾਰ ਨਮਸਕਾਰ ਕਰਨ

ਆਇਆ। ਉਨ੍ਹਾਂ ਸੰਤ ਗਰੀਬ ਦਾਸ ਜੀ ਪਾਸੋਂ ਆਪਣੇ ਲੜਕੇ ਵਾਸਤੇ (ਜੋ ਕਿ ਕਾਫ਼ੀ ਪੜ੍ਹਿਆ ਹੋਇਆ ਸੀ) ਕਿਸੇ ਪੜ੍ਹੀ ਲਿਖੀ ਲੜਕੀ ਦੀ ਪੁੱਛ ਕੀਤੀ। ਸੰਤ ਗਰੀਬ ਦਾਸ ਜੀ ਨੇ ਦੱਸਿਆ, "ਲੜਕੀ ਤਾਂ ਹੈ, ਪਰ ਘਰੋ ਗਰੀਬ ਐ।" ਉਨ੍ਹਾਂ ਉੱਤਰ ਦਿੱਤਾ, "ਕੋਈ ਗੱਲ ਨਹੀਂ। ਲੜਕੀ ਪੜ੍ਹੀ-ਲਿਖੀ ਹੋਵੇ।" ਸਾਰਾ ਪਰਿਵਾਰ ਸ਼੍ਰੀ ਚਾਨਣ ਰਾਮ ਦੇ ਘਰ ਆਇਆ। ਲੜਕੀ ਦੇਖੀ ਅਤੇ ਪਸੰਦ ਕਰ ਲਈ। ਸਾਕ ਹੋ ਗਿਆ। ਦੂਸਰੀ ਲੜਕੀ ਦਾ ਰਿਸ਼ਤਾ ਵੀ ਉਸੇ ਲੜਕੇ ਦੇ ਚਾਚੇ ਦੇ ਲੜਕੇ ਨਾਲ ਕੁਝ ਦਿਨਾਂ ਵਿੱਚ ਹੀ ਹੋ ਗਿਆ। ਦੋਹਾਂ ਲੜਕੀਆਂ ਦੇ ਘਰ ਵਾਲੇ (ਪਤੀ) ਸਰਕਾਰੀ ਨੌਕਰੀ ਕਰਦੇ ਹਨ।

[ਸ਼੍ਰੀ ਚਾਨਣ ਰਾਮ ਪਿੰਡ ਮੰਨਣ (ਜਲੰਧਰ) 16 ਜੂਨ, 2001] (ਬਲਵੀਰ ਮੰਨਣ)

## ਸਾਖੀ 213

## ਅੱਧੀ ਰਾਤ ਦਾ ਸੁਨੇਹਾ।

ਹਲਕਾ ਮੀਂਹ ਪੈ ਰਿਹਾ ਸੀ। ਤਕਰੀਬਨ ਰਾਤ ਦੇ ਗਿਆਰਾਂ ਵੱਜ ਚੁੱਕੇ ਸਨ। ਸਤਿਗੁਰੂ ਸੁਆਮੀ ਨਿਰੰਜਨ ਦਾਸ ਜੀ ਉਸ ਵੇਲੇ ਛੋਟੀ ਅਵਸਥਾ ਵਿੱਚ ਹੀ ਸਨ।

ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ ਨੇ ਸੰਤ ਨਿਰੰਜਨ ਦਾਸ ਜੀ ਨੂੰ ਉਠਾਇਆ ਅਤੇ ਸਾਈਕਲ ਤੇ ਨੂਰਪੁਰ ਜਾਣ ਅਤੇ ਸੁਨੇਹਾ ਦੇ ਕੇ ਵਾਪਸ ਆਉਣ ਲਈ ਹੁਕਮ ਕੀਤਾ।

ਮਹਾਰਾਜ ਜੀ ਦੀ ਆਗਿਆ ਲੈ ਕੇ ਸੰਤ ਨਿਰੰਜਨ ਦਾਸ ਜੀ ਉੱਥੋਂ ਚੱਲ ਪਏ। ਜਦੋਂ ਕੁਟੀਆ ਤੋਂ ਕੁਝ ਦੂਰੀ ਤੇ ਬਾਹਰ ਆਏ ਤਾਂ ਇੱਕ ਜੋਤ ਸਾਈਕਲ ਤੋਂ ਅੱਗੇ ਕੁਝ ਦੂਰੀ ਤੇ ਬਲਣ ਲੱਗੀ। ਜਿਸ ਰਸਤੇ ਰਾਹੀਂ ਉਨ੍ਹਾਂ ਜਾਣਾ ਸੀ ਉਸੇ ਰਸਤੇ ਤੇ ਉਨ੍ਹਾਂ ਦੇ ਸਾਈਕਲ ਦੇ ਅੱਗੇ-ਅੱਗੇ ਚੱਲਦੀ ਇਹ ਲਾਟ ਨੂਰਪੁਰ ਤੱਕ ਉਨ੍ਹਾਂ ਦੇ ਨਾਲ ਗਈ।

ਸੰਤ ਨਿਰੰਜਨ ਦਾਸ ਜੀ ਨੇ ਮਹਾਰਾਜ ਜੀ ਦੇ ਹੁਕਮ ਅਨੁਸਾਰ ਸੁਨੇਹਾ ਦਿੱਤਾ ਤੇ ਵਾਪਸ ਪਰਤੇ। ਦੁਬਾਰਾ ਉਸੇ ਪ੍ਰਕਾਰ ਸਾਈਕਲ ਦੇ ਅੱਗੇ-ਅੱਗੇ ਲਾਟ ਬਲਦੀ ਹੋਈ ਕੁਟੀਆ ਤੱਕ ਆਈ। ਕੁਟੀਆ ਨੇੜੇ ਆ ਕੇ ਉਹ ਲਾਟ ਅਲੋਪ ਹੋ ਗਈ।

## ਸਾਖੀ ਨੰਬਰ 214

## ਮਾਇਆ ਸੰਤਾਂ ਦੀ ਦਾਸੀ

ਸਤਿਗਰੂ ਸੁਆਮੀ ਸਰਵਣ ਦਾਸ ਜੀ ਦੇ ਦਰਸ਼ਨ ਕਰਨ ਆਈਆਂ ਸੰਗਤਾਂ ਜਦੋਂ ਮਹਾਰਾਜ ਜੀ ਦੇ ਅੱਗੇ ਜ਼ਿਆਦਾ ਮਾਇਆ ਰੱਖ ਕੇ ਨਮਸਕਾਰ ਕਰਨ ਲੱਗੀਆਂ ਤਾਂ ਮਹਾਰਾਜ ਜੀ ਉਹਨਾਂ ਨੂੰ ਮਾਇਆ ਵਾਪਸ ਕਰ ਦਿੰਦੇ ਅਤੇ ਆਖਦੇ, "ਓਇ ਬੱਚੇ ਕੀ ਖਾਣਗੇ। ਘਰ 'ਚ ਕੋਈ ਸਮਾਨ ਲੈ ਆਇਓ। ਬੱਚੇ ਖਾਣਗੇ।"

ਪ੍ਰੰਤੂ ਜਦੋਂ ਸੰਗਤ ਨਾ ਮੰਨਦੀ ਤਾਂ ਮਹਾਰਾਜ ਜੀ ਥੋੜ੍ਹੀ ਮਾਇਆ ਰੱਖ ਕੇ ਬਾਕੀ ਵਾਪਸ ਕਰ ਦਿੰਦੇ।

ਸ਼ਾਮ ਨੂੰ ਜਦੋਂ ਸੰਗਤ ਘਰਾਂ ਨੂੰ ਵਾਪਸ ਪਰਤਣ ਵੇਲੇ, ਮਹਾਰਾਜ ਜੀ ਪਾਸੋਂ ਆਗਿਆ ਲੈਂਦੇ ਸਮੇਂ ਵੀ ਮਾਇਆ ਸਹਿਤ ਨਮਸਕਾਰ ਕਰਨ ਲੱਗਦੇ ਤਾਂ ਮਹਾਰਾਜ ਜੀ ਕਈ ਵਾਰ ਅਜਿਹਾ ਕਰਨ ਵਾਲੇ ਆਦਮੀ ਦੇ ਮੂੰਹ ਤੇ ਹਲਕੀ ਚਪੇੜ ਮਾਰ ਕੇ ਜਾਂ ਖੂੰਡਾ ਮਾਰ ਕੇ ਕਹਿੰਦੇ ਕਿ ਪਰਿਵਾਰ ਨੂੰ ਕੋਈ ਚੰਗੀ ਚੀਜ਼ ਲਿਆ ਕੇ ਖਾਣ ਨੂੰ ਦੇਈਂ"। ਮਹਾਰਾਜ ਜੀ ਅਕਸਰ ਕਿਹਾ ਕਰਦੇ ਸਨ, " ਸਾਧੂਆਂ ਨੂੰ ਮਾਇਆ ਦੀ ਕੋਈ ਕਮੀ ਨਹੀਂ ਹੁੰਦੀ।ਮਾਇਆ ਤਾਂ ਸਾਧੂਆ ਦੇ ਪਿੱਛੇ ਪਿੱਛੇ ਤੁਰੀ ਫਿਰਦੀ ਆ"।

(ਸ਼੍ਰੀ ਪ੍ਰੀਤਮ ਦਾਸ ਪਿੰਡ ਮੰਨਣਾਂ 25-06-01) (ਬਲਵੀਰ ਮੰਨਣ)

## ਸਾਖੀ 215

## ਸੌ ਰੁਪਏ ਤੋਂ ਚਾਰ ਸੌ ਹੋ ਜਾਣਾ

ਇਹ ਘਟਨਾ ਸ. ਪਾਖਰ ਸਿੰਘ ਨਾਲ ਉਦੋਂ ਬੀਤੀ ਸੀ ਜਦੋਂ ਇਹਨਾਂ ਦੀ ਡਿਊਟੀ ਲੇਹ ਲੱਦਾਖ ਵਿਚ ਸੀ। ਸ. ਪਾਖਰ ਸਿੰਘ ਲੇਹ ਲੱਦਾਖ ਤੋਂ ਆਪਣੀ ਤਨਖ਼ਾਹ ਦੇ ਵਿਚੋਂ ਸੰਤਾਂ ਵਾਸਤੇ ਸੇਵਾ ਦੇ ਤੌਰ ਤੇ 100 ਰੁਪਏ ਦਾ ਮਨੀਆਰਡਰ ਭੇਜਿਆ। ਇੱਧਰ ਸੰਤਾਂ ਨੂੰ ਮਨੀਆਰਡਰ ਦੇ ਪੈਸੇ ਮਿਲ ਗਏ ਤੇ ਪੈਸੇ ਪਹੁੰਚਿਆ ਦੀ ਰਸੀਦ ਸ. ਪਾਖਰ ਸਿੰਘ ਨੂੰ ਵਾਪਸ ਲੇਹ ਲੱਦਾਖ ਮਿਲੀ ਤਾਂ ਉਹਨਾਂ ਦੇਖਿਆ ਕਿ ਰਸੀਦ 400 ਰੁਪਏ ਦੀ ਹੈ ਜਦ ਕਿ ਉਸ ਨੇ 100 ਰੁਪਏ ਭੇਜੇ ਸੀ। ਇਹ ਦੇਖ ਕੇ ਪਾਖਰ ਸਿੰਘ ਜੀ ਹੈਰਾਨ ਹੋ ਗਏ ਕਿ ਮੈਂ ਆਪਣੇ ਹੱਥੀਂ ਹੀ 100 ਰੁਪਏ ਦਾ ਮਨੀਆਰਡਰ ਭਰਿਆ ਸੀ ਇਹ 400 ਰੁਪਏ ਦੀ ਰਸੀਦ ਮੇਰੇ ਕੋਲ ਕਿਵੇਂ ਆ ਗਈ।

ਫਿਰ ਜਦੋਂ ਪਾਖਰ ਸਿੰਘ ਜੀ ਲੇਹ ਲੱਦਾਖ ਤੋਂ ਛੁੱਟੀ ਆਏ ਤਾਂ ਮਹਾਰਾਜ ਜੀ ਨੂੰ ਨਮਸਕਾਰ ਕਰਨ ਲਈ ਡੇਰੇ ਪਹੁੰਚੇ। ਮਹਾਰਾਜ ਜੀ ਨੇ ਹਾਲ ਚਾਲ ਪੁੱਛਿਆ ਤੇ ਕੋਲ ਬਿਠਾਇਆ ਅਤੇ ਮਹਾਰਾਜ ਜੀ ਕਹਿਣ ਲੱਗੇ।

"ਪਾਖਰ ਸਿੰਘ ਤੇਰੇ ਭੇਜੇ 400 ਰੁਪਏ ਮਿਲ ਗਏ ਸੀ"। ਚਾਰ ਸੌ ਰੁਪਏ। ਮੈਂ ਤਾਂ ਮਹਾਰਾਜ ਜੀ 100 ਰੁਪਏ ਭੇਜੇ ਸਨ ਤੇ ਤੁਹਾਨੂੰ 400 ਰੁਪਏ ਮਿਲੇ ਤੇ ਮੈਨੂੰ ਰਸੀਦ ਵੀ 400 ਰੁਪਏ ਦੀ ਵਾਪਸ ਮਿਲੀ।ਮਹਾਰਾਜ ਜੀ ਇਹ ਕੀ ਕੌਤਕ ਹੈ"।ਤਾਂ ਮਹਾਰਾਜ ਜੀ ਹੱਸ ਕੇ ਕਹਿਣ ਲੱਗੇ। ਕਦੀ ਕਦੀ ਡਾਕਖਾਨੇ ਦੀਆਂ ਮੋਹਰਾਂ ਵੀ ਬਦਲ ਜਾਂਦੀਆ ਹਨ। ਇਸ ਤਰ੍ਹਾਂ ਮਹਾਰਾਜ ਜੀ ਨੇ ਆਪਣੇ ਸੇਵਕ ਨੂੰ ਕਿੰਨੀ ਵਡਿਆਈ ਦਿੱਤੀ।

(ਬਲਵੀਰ ਮੰਨਣ)

## ਸਾਖੀ 216

### ਸ. ਪਾਖਰ ਜੀ ਦਾ ਸੂਬੇਦਾਰ ਬਣਨਾ।

ਜਦੋਂ ਪਾਖਰ ਸਿੰਘ ਜੀ ਦੀ ਬਦਲੀ ਲੇਹ ਲੱਦਾਖ ਤੋਂ ਜਲੰਧਰ ਦੀ ਹੋ ਗਈ ਤਾਂ ਉਹ ਹਵਾਲਦਾਰ ਹੋ ਗਏ ਸਨ।ਉਹ ਛੁੱਟੀ ਲੈ ਕੇ ਆਪਣੇ ਘਰ ਗਏ ਤੇ ਆਪਣੀ ਪਤਨੀ ਨੂੰ ਕਹਿਣ ਲੱਗੇ ਕਿ ਮੈਂ ਹੁਣ ਹਵਾਲਦਾਰ ਹੀ ਰਿਟਾਇਰਡ ਹੋ ਜਾਣਾ ਹੈ।ਉਸ ਰਾਤ ਹੀ ਪਾਖਰ ਸਿੰਘ ਜੀ ਦੀ ਪਤਨੀ ਦੇ ਸੁਪਨੇ ਵਿਚ ਮਹਾਰਾਜ ਜੀ ਆਏ ਅਤੇ ਕਹਿਣ ਲੱਗੇ, "ਪਾਖਰ ਸਿੰਘ ਤੈਨੂੰ ਕਹਿੰਦਾ ਮੈਂ ਹਵਾਲਦਾਰ ਰਿਟਾਇਰਡ ਹੋ ਜਾਣਾ ਹੈ, ਇਸ ਨੇ ਤਾਂ ਥੋੜ੍ਹੇ ਦਿਨਾਂ ਤੱਕ ਸੂਬੇਦਾਰ ਬਣ ਜਾਣਾ ਹੈ।

ਉਹਨਾਂ ਦੀ ਪਤਨੀ ਨੇ ਸਵੇਰੇ ਆਪਣੇ ਸੁਪਨੇ ਬਾਰੇ ਪਾਖਰ ਸਿੰਘ ਜੀ ਨੂੰ ਦੱਸਿਆ ਤਾਂ ਪਾਖਰ ਸਿੰਘ ਜੀ ਆਪਣੇ ਘਰਵਾਲੀ ਨੂੰ ਕਹਿਣ ਲੱਗੇ, ਭਲਾ ਕਦੀ ਸੁਪਨੇ ਸੱਚ ਹੁੰਦੇ ਨੇ।ਜਦੋਂ ਪਾਖਰ ਸਿੰਘ ਛੁੱਟੀ ਕੱਟ ਕੇ ਕੈਂਪ ਵਿਚ ਜਲੰਧਰ ਗਏ ਤਾਂ ਕਰਨਲ ਸਾਹਿਬ ਜੀ ਨੇ ਉਹਨਾਂ ਨੂੰ ਆਪਣੇ ਕੋਲ ਸੱਦਿਆ ਤੇ ਕਿਹਾ ਕਿ ਤੇਰੀ ਤਰੱਕੀ ਹੋ ਗਈ ਹੈ। ਤੁਸੀਂ ਸੂਬੇਦਾਰ ਬਣ ਗਏ ਹੋ ਅਤੇ ਤੁਸੀਂ ਲਖਨਊ ਜਾਣਾ ਹੈ। ਪਾਖਰ ਸਿੰਘ ਜੀ ਹੈਰਾਨ ਹੋ ਗਏ ਕਿ ਮਹਾਰਾਜ ਜੀ ਦੇ ਬੋਲ ਪੂਰੇ ਹੋਏ ਹਨ।

ਫਿਰ ਉਹ ਡੇਰੇ ਮਹਾਰਾਜ ਜੀ ਨੂੰ ਮਿਲਣ ਗਏ। ਮਹਾਰਾਜ ਜੀ ਨੂੰ ਬੜੀ ਸ਼ਰਧਾ ਨਾਲ ਸੀਸ ਨਿਵਾਇਆ ਅਤੇ ਮਹਾਰਾਜ ਜੀ ਵੀ ਬਹੁਤ ਖੁਸ਼ ਹੋਏ। ਸਾਡਾ ਸੇਵਕ ਸੂਬੇਦਾਰ ਬਣ ਗਿਆ ਹੈ।

ਮਹਾਰਾਜ ਪਾਖਰ ਸਿੰਘ ਜੀ ਨੂੰ ਕਹਿਣ ਲੱਗੇ, "ਪਾਖਰ ਸਿੰਘਾਂ, ਤੂੰ ਹੁਣੇ ਹੀ ਲਖਨਊ ਚਲਾ ਜਾ"।ਪਾਖਰ ਸਿੰਘ ਹੈਰਾਨ ਹੋ ਗਿਆ।ਮਹਾਰਾਜ ਕਹਿਣ ਲੱਗੇ, "ਤੂੰ ਕੁਝ ਨਾ ਸਾਡੇ ਕੋਲੋਂ ਪੁੱਛ, ਬੱਸ ਤੂੰ ਹੁਣੇ ਹੀ ਚਲਾ ਜਾ"। ਪਾਖਰ ਸਿੰਘ ਜੀ ਨੇ ਸਤਿਗੁਰੂ ਦਾ ਹੁਕਮ ਮੰਨਿਆ ਅਤੇ ਉਸੇ ਦਿਨ ਹੀ ਲਖਨਊ ਚਲੇ ਗਏ। ਤਾਂ ਉਸ ਤੋਂ ਦੂਸਰੇ ਹੀ ਦਿਨ 1971-72 ਈਸਵੀ ਜੰਗ ਲੱਗ ਗਈ ਅਤੇ ਜਿੰਨੇ ਜਲੰਧਰ ਕੈਂਪ ਵਾਲੇ ਸੀ ਉਹ ਸਾਰੇ ਬਾਰਡਰ ਤੇ ਭੇਜ ਦਿੱਤੇ ਗਏ। ਇਸ ਤਰ੍ਹਾਂ ਮਹਾਰਾਜ ਜੀ ਨੇ ਸ. ਪਾਖਰ ਸਿੰਘ ਜੀ ਨੂੰ ਜੰਗ ਵਿਚ ਜਾਣ ਤੋਂ ਬਚਾਇਆ ਅਤੇ ਅੱਜ ਪਾਖਰ ਸਿੰਘ ਜੀ ਕਹਿੰਦੇ ਹਨ ਕਿ ਸ਼ਾਇਦ ਮੈਂ ਉਸ ਜੰਗ ਵਿਚ ਸ਼ਹੀਦ ਹੋ ਜਾਣਾ ਸੀ।ਪਰ ਮਹਾਰਾਜ ਜੀ ਨੇ ਮੈਨੂੰ ਇਕ ਦਿਨ ਪਹਿਲਾਂ ਹੀ ਲਖਨਊ ਭੇਜ ਦਿੱਤਾ।

(ਬਲਵੀਰ ਮੰਨਣ)

## ਸਾਖੀ 217

## ਦਰਦ ਦਾ ਇਲਾਜ ਅਤੇ ਹੋਰ ਦਾਤਾਂ।

ਸੰਤਾਂ ਮਹਾਪੁਰਸ਼ਾਂ ਦੀਆਂ ਰਮਜਾਂ ਤਾਂ ਦੁਨੀਆਂ ਤੋਂ ਨਿਆਰੀਆਂ ਹੁੰਦੀਆਂ ਹਨ। ਉਹ ਤਾਂ ਆਪ ਹੀ ਖੁਦਾ ਦਾ ਨੂਰ ਹੁੰਦੇ ਹਨ ਅਤੇ ਆਪਣੇ ਪਿਆਰੇ ਸੇਵਕਾਂ ਦੀ ਹਰ ਮਨੋਕਾਮਨਾ ਪੂਰੀ ਕਰਦੇ ਹਨ। ਲੋੜ ਹੁੰਦੀ ਹੈ ਬੜੇ ਹੀ ਪਿਆਰ ਸਤਿਕਾਰ ਨਾਲ ਉਹਨਾਂ ਦੇ ਚਰਨਾਂ ਵਿਚ ਜੁੜਨ ਦੀ। ਤੇ ਉਹਨਾਂ ਦੇ ਦਰਸਾਏ ਹੋਏ ਮਾਰਗ ਤੇ ਚੱਲ ਕੇ ਆਪਣੀ ਅਨਮੋਲ ਜ਼ਿੰਦਗੀ ਨੂੰ ਸਫਲ ਬਣਾਉਣ ਦੀ। ਸੰਤ ਮਹਾਪੁਰਸ਼ ਆਪ ਹੀ ਪ੍ਰਮਾਤਮਾ ਦਾ ਸਰੂਪ ਹੁੰਦੇ ਨੇ ਅਤੇ ਜੀਵ ਰੂਪੀ ਆਤਮਾ ਨੂੰ ਮਿਲਾਉਣਾ ਅਤੇ ਸੇਵਕਾਂ ਦੀ ਹਰ ਮੁਸ਼ਕਿਲ ਨੂੰ ਪਲਾਂ ਵਿਚ ਹੱਲ ਕਰਨਾ ਉਹਨਾਂ ਵਾਸਤੇ ਕੋਈ ਵੱਡੀ ਗੱਲ ਨਹੀਂ ਹੁੰਦੀ ਅਤੇ ਇਹੋ ਜਿਹੇ ਹੀ ਪੂਰਨ ਪ੍ਰਮਾਤਮਾ ਦਾ ਰੂਪ ਸਨ 108 ਸੰਤ ਸਰਵਣ ਦਾਸ ਮਹਾਰਾਜ ਜੀ। ਸ. ਪਾਖਰ ਸਿੰਘ ਨੌਗੱਜਾ ਵਾਲਿਆਂ ਦੀ ਜ਼ਿੰਦਗੀ ਇਸ ਤਰ੍ਹਾਂ ਸੰਤਾਂ ਦੀ ਓਟ ਨਾਲ ਸਫਲ ਬਣੀ। ਉਹਨਾਂ ਦੇ ਹੀ ਸ਼ਬਦਾ ਵਿਚ–

"ਇਹ ਗੱਲ 1956–57 ਈਸਵੀ ਦੀ ਹੈ ਜਦੋਂ ਮੈਂ ਫ਼ੌਜ ਵਿਚ ਭਰਤੀ ਹੋਇਆ ਸੀ। ਸਰਵਿਸ ਦੌਰਾਨ ਮੇਰੇ ਲੱਕ ਵਿਚ ਬਹੁਤ ਦਰਦ ਹੁੰਦਾ ਸੀ। ਜਿਸ ਦਾ ਇਲਾਜ ਬਹੁਤ ਕਰਵਾਇਆ। ਆਰਮੀ ਦੇ ਵੱਡੇ ਤੋ ਵੱਡੇ ਹਸਪਤਾਲ ਵਿਚ ਇਲਾਜ ਕਰਵਾ ਚੁੱਕਾ ਸੀ। ਪਰ ਬਿਮਾਰੀ ਨਾ ਲੱਭ ਸਕੀ। ਥੱਕ ਹਾਰ ਕੇ ਮੈਂ ਛੁੱਟੀ ਲੈ ਕੇ ਵਾਪਸ ਘਰ ਆ ਗਿਆ। ਦੂਸਰੇ ਦਿਨ ਹੀ ਮੈਂ ਸੰਤਾਂ ਦੇ ਡੇਰੇ ਗਿਆ ਅਤੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਮਹਾਰਾਜ ਜੀ ਨੇ ਮੈਨੂੰ ਕਿਹਾ, "ਕੀ ਹਾਲ ਹੈ" ? ਮੈਂ ਕਿਹਾ ਮਹਾਰਾਜ ਜੀ ਹੋਰ ਸਭ ਠੀਕ ਠਾਕ ਹੈ ਮੇਰੇ ਲੱਕ ਵਿਚ ਬਹੁਤ ਜ਼ਿਆਦਾ ਦਰਦ ਹੈ ਜਿਸ ਕਾਰਨ ਮੈਂ ਬਹੁਤ ਚਿਰ ਤੋਂ ਤਕਲੀਫ ਭੋਗ ਰਿਹਾ ਹਾਂ। ਡੇਰੇ ਵਿਚ ਇਕ ਵੈਦ ਹੁੰਦਾਂ ਸੀ। ਜਿਸ ਦਾ ਕਿ ਮੈਨੂੰ ਯਾਦ ਨਹੀਂ ਹੈ। ਮਹਾਰਾਜ ਜੀ ਨੇ ਮੇਰੀ ਤਕਲੀਫ ਸੁਣ ਕੇ ਵੈਦ ਜੀ ਨੂੰ ਅਵਾਜ਼ ਮਾਰੀ–

"ਉਏ ਵੈਦਾ, ਇਧਰ ਆ" ਵੈਦ ਜੀ ਮਹਾਰਾਜ ਜੀ ਕੋਲ ਆਏ ਅਤੇ ਕਹਿਣ ਲੱਗੇ ਕੀ ਹੁਕਮ ਹੈ। ਮਹਾਰਾਜ ਜੀ ਕਹਿਣ ਲੱਗੇ, "10 ਗੋਲੀਆਂ ਦੇ ਦਿਉ" ਅਤੇ ਮੈਨੂੰ ਕਹਿਣ ਲੱਗੇ ਤੇਰੀ ਦਰਦ ਇਹਨਾਂ ਗੋਲੀਆਂ ਨਾਲ ਹੀ ਛੂ ਮੰਤਰ ਹੋ ਜਾਣੀ ਹੈ ਅਤੇ ਉਹਨਾਂ 10 ਗੋਲੀਆ ਨਾਲ ਹੀ ਮੇਰਾ ਸਰੀਰ ਨੌ ਬਰ ਨੌ ਹੋ ਗਿਆ। ਦਰਦ ਤਾਂ ਉਸ ਦਿਨ ਤੋਂ ਹੀ ਠੀਕ ਹੋ ਗਈ ਸੀ। ਜਦ ਕਿ ਮੈਨੂੰ ਆਰਮੀ ਹਸਪਤਾਲ ਚੋਂ ਵੀ ਜਵਾਬ ਮਿਲ ਗਿਆ ਸੀ।

ਇਸ ਤੋਂ ਬਾਦ ਮੈਂ ਦੂਜੀ ਵਾਰ ਡੇਰੇ ਆਇਆ ਤਾਂ ਮਹਾਰਾਜ ਜੀ ਨੂੰ ਕਿਹਾ

ਮੇਰੇ ਕੋਈ ਪੁੱਤਰ ਨਹੀਂ ਹੈ। ਚਾਰ ਲੜਕੀਆਂ ਹੀ ਹਨ। ਮੈਂ ਕਿਹਾ ਮਹਾਰਾਜ ਜੀ ਸਾਨੂੰ ਪੁੱਤਰ ਦੀ ਦਾਤ ਬਖਸ਼ੋ ਜੀ। ਅਸੀਂ ਬਹੁਤ ਦਵਾਈਆਂ ਵੀ ਖਾਧੀਆਂ ਸੀ। ਫਿਰ ਵੀ ਅਸੀਂ ਪੁੱਤਰ ਨੂੰ ਤਰਸ ਰਹੇ ਹਾਂ। ਮੇਰੀ ਫਰਿਆਦ ਸੁਣ ਕੇ ਮਹਾਰਾਜ ਜੀ ਮੈਨੂੰ ਅਤੇ ਮੇਰੀ ਪਤਨੀ ਨੂੰ ਇਕ ਪਾਸੇ ਲੈ ਗਏ ਅਤੇ ਉਹਨਾਂ ਨੇ ਮੈਨੂੰ ਕੋਈ ਚੀਜ਼ ਲਿਆਉਣ ਲਈ ਕਿਹਾ ਤੇ ਕਹਿਣ ਲੱਗੇ।

"ਪਾਖਰ ਸਿੰਘ ਇਹ ਚੀਜ਼ ਲੈ ਕੇ ਸਾਡੇ ਕੋਲ ਆ ਜਾਇਉ" ਅਤੇ ਅਸੀਂ ਦੂਜੇ ਦਿਨ ਉਹ ਚੀਜ਼ ਲੈ ਕੇ ਮਹਾਰਾਜ ਜੀ ਕੋਲ ਚਲੇ ਗਏ। ਮਹਾਰਾਜ ਜੀ ਨੇ ਉਹ ਚੀਜ਼ ਸਾਡੇ ਕੋਲੋ ਲੈ ਲਈ ਅਤੇ ਖਾਣ ਵਾਸਤੇ ਪ੍ਰਸ਼ਾਦ ਦਿੱਤਾ। ਹੋਰ ਕੋਈ ਗੱਲ ਨਾ ਕੀਤੀ ਅਤੇ ਜਦੋਂ ਗਰਭ ਠਹਿਰੇ ਨੂੰ ਦੋ ਮਹੀਨੇ ਹੋ ਗਏ ਤਾਂ ਅਸੀਂ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਗਏ। ਮਹਾਰਾਜ ਜੀ ਕਹਿਣ ਲੱਗੇ–

"ਪਾਖਰ ਸਿੰਘ ਤੇਰੇ ਘਰ ਪੁੱਤਰ ਆਉਣ ਵਾਲਾ ਹੈ" ਇਸ ਤਰ੍ਹਾਂ ਅਸੀਂ ਸੰਤ ਸਰਵਣ ਦਾਸ ਮਹਾਰਾਜ ਜੀ ਦੀ ਕਿਰਪਾ ਨਾਲ ਪੁੱਤਰ ਦਾ ਸੁੱਖ ਪ੍ਰਾਪਤ ਕੀਤਾ। (ਬਲਵੀਰ ਮੰਨਣ)

## ਸਾਖੀ 218

## ਸ. ਲੈਂਬਰ ਸਿੰਘ ਨੂੰ ਚਰਨੀ ਲਾਉਣਾ।

ਇਹ ਗੱਲ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਸਮੇਂ ਦੀ ਹੈ। ਲਗਭਗ 1965–66 ਈਸਵੀ ਦੇ ਸਮੇਂ ਜਦੋਂ ਲੈਂਬਰ ਸਿੰਘ ਜੀ ਫ਼ੌਜ ਵਿਚ ਨੌਕਰੀ ਕਰਦੇ ਸੀ। ਉਸ ਵੇਲੇ ਉਹਨਾਂ ਦੀ ਡਿਊਟੀ ਉੱਤਰ ਪ੍ਰਦੇਸ਼ ਸ਼ਹਿਰ ਮੇਰਠ ਵਿੱਚ ਸੀ। ਸ. ਲੈਂਬਰ ਸਿੰਘ ਜੀ ਸੰਤ ਸਰਵਣ ਦਾਸ ਮਹਾਰਾਜ ਜੀ ਨੂੰ ਕਦੇ ਨਹੀਂ ਸਨ ਮਿਲੇ। ਫ਼ੌਜ ਵਿਚ ਸ. ਲੈਂਬਰ ਸਿੰਘ ਦੇ ਨਾਲ ਪਿੰਡ ਬੱਲਾਂ ਦੇ ਵਸਨੀਕ ਸ. ਸਵਰਨ ਸਿੰਘ ਤੇ ਇਕ ਹੋਰ ਸਾਥੀ ਸਰਵਿਸ ਕਰਦੇ ਸਨ। ਉਹ ਦੱਸਿਆ ਕਰਦੇ ਸਨ ਕਿ ਬੱਲਾਂ ਵਾਲੇ ਸੰਤ ਬਹੁਤ ਪਹੁੰਚੇ ਹੋਏ ਮਹਾਂਪੁਰਸ਼ ਹਨ। ਇਹ ਸਭ ਗੱਲਾਂ ਸੁਣ ਕੇ ਲੈਂਬਰ ਸਿੰਘ ਦੇ ਮਨ ਵਿਚ ਸੰਤਾਂ ਪ੍ਰਤੀ ਅਥਾਹ ਸ਼ਰਧਾ ਉਤਪੰਨ ਹੋ ਗਈ ਅਤੇ ਸ. ਲੈਂਬਰ ਸਿੰਘ ਦੇ ਕਹਿਣ ਮੁਤਾਬਿਕ ਇਕ ਚਮਤਕਾਰ ਹੋਇਆ। ਉਹ ਇਸ ਤਰ੍ਹਾਂ ਹੈ, "ਮੈਂ ਸੋਚਣ ਲੱਗਾ ਜੇ ਤੁਸੀਂ ਪਹੁੰਚੇ ਹੋਏ ਮਹਾਪੁਰਸ਼ ਹੋ ਤਾਂ ਮੈਨੂੰ ਆਪਣੇ ਚਰਨਾਂ ਨਾਲ ਜੋੜ ਲਵੋ ਤੇ ਇਸ ਗੱਲ ਤੋਂ ਕੁਝ ਕੁ ਦਿਨਾਂ ਬਾਅਦ ਮੈਨੂੰ ਕੈਂਪ ਵਿਚ ਦੋ ਬੰਦੇ ਮਿਲਣ ਆਏ ਜਦ ਕਿ ਮੈਂ ਉਹਨਾਂ ਬੰਦਿਆਂ ਨੂੰ ਜਾਣਦਾ ਵੀ ਨਹੀਂ ਸੀ।

ਉਹਨਾਂ ਨੇ ਮੈਨੂੰ ਆ ਕੇ ਪੁੱਛਿਆ ਕਿ ਤੁਹਾਡਾ ਨਾਮ ਲੈਂਬਰ ਸਿੰਘ ਹੈ ਮੈਂ ਕਿਹਾ ਹਾਂ ਜੀ ਮੈਂ ਹੀ ਲੈਂਬਰ ਸਿੰਘ ਹਾਂ ਤਾਂ ਉਹਨਾਂ ਕਿਹਾ ਕਿ ਸੰਤ ਸਰਵਣ ਦਾਸ ਜੀ ਬੱਲਾਂ

ਵਾਲਿਆਂ ਨੇ ਤੁਹਾਡੇ ਵਾਸਤੇ ਪ੍ਰਸ਼ਾਦ ਭੇਜਿਆ ਹੈ। ਉਹਨਾਂ ਕਿਹਾ ਸੀ ਕਿ ਕੈਂਪ ਵਿਚ ਇਕ ਲੈਂਬਰ ਸਿੰਘ ਜੀ ਹਨ ਇਹ ਪ੍ਰਸ਼ਾਦ ਉਹਨਾਂ ਨੂੰ ਦੇ ਦੇਣਾ। ਮੈਂ ਪ੍ਰਸ਼ਾਦ ਤਾਂ ਲੈ ਲਿਆ ਪਰ ਮੇਰੇ ਮਨ ਵਿਚ ਖਿਆਲ ਆਇਆ ਕਿ ਮੈਂ ਤਾਂ ਕਦੇ ਸੰਤਾਂ ਦੇ ਡੇਰੇ ਵੀ ਨਹੀਂ ਗਿਆ ਅਤੇ ਨਾ ਹੀ ਮੈਂ ਕਦੇ ਉਹਨਾਂ ਦੇ ਦਰਸ਼ਨ ਕੀਤੇ ਹਨ ਫਿਰ ਉਹਨਾਂ ਨੇ ਮੇਰੇ ਵਾਸਤੇ ਪ੍ਰਸ਼ਾਦ ਕਿਸ ਤਰ੍ਹਾਂ ਭੇਜ ਦਿੱਤਾ। ਇਹ ਮੇਰੇ ਵਾਸਤੇ ਇਕ ਬਹੁਤ ਵੱਡਾ ਚਮਤਕਾਰ ਸੀ। ਉਸ ਤੋਂ ਬਾਅਦ ਮੇਰਾ ਮਨ ਉਦਾਸ ਰਹਿਣ ਲੱਗ ਪਿਆ ਅਤੇ ਮੈਂ ਆਪਣੇ ਮਨ ਵਿਚ ਹੀ ਸੰਤਾਂ ਬਾਰੇ ਸੋਚਣ ਲੱਗਾ ਅਤੇ ਮਨ ਵਿਚ ਹੀ ਕਿਹਾ ਕਿ ਮੈਨੂੰ ਦਰਸ਼ਨ ਦਿਉ, ਮੈਨੂੰ ਆਪਣੇ ਚਰਨਾਂ ਨਾਲ ਜੋੜ ਲਵੋ।

ਇਸ ਘਟਨਾ ਤੋਂ ਦੋ ਚਾਰ ਦਿਨ ਬਾਅਦ ਮੈਂ ਰਾਤ ਵੇਲੇ ਸੁੱਤਾ ਪਿਆ ਸੀ। ਅਚਾਨਕ ਮੈਨੂੰ ਲੱਗਾ ਕਿ ਮੇਰੇ ਪੈਰਾਂ ਤੇ ਕਿਸੇ ਨੇ ਖੂੰਡਾ ਮਾਰਿਆ ਅਤੇ ਨਾਲ ਹੀ ਮੈਨੂੰ ਕੋਈ ਕਹਿ ਰਿਹਾ ਹੈ, "ਚੱਲ ਉਏ ਉੱਠ"। ਇਸ ਤਰ੍ਹਾਂ ਮੇਰੇ ਦੋ ਤਿੰਨ ਖੂੰਡੇ ਪਏ ਅਤੇ ਮੈਂ ਉੱਠਿਆ ਤਾਂ ਮੇਰੇ ਸਾਹਮਣੇ ਇਕ ਉੱਚੇ ਲੰਬੇ ਬਜ਼ੁਰਗ ਖੜ੍ਹੇ ਹਨ। ਮੈਂ ਸੋਚਿਆ ਬਈ ਇਹ ਕੌਣ ਹਨ ਜਿਹਨਾਂ ਨੇ ਮੈਨੂੰ ਨੀਂਦ ਤੋਂ ਜਗਾਇਆ। ਫਿਰ ਉਹ ਬਜ਼ੁਰਗ ਕਮਰੇ ਚੋਂ ਨਿਕਲ ਕੇ ਬਾਹਰ ਵੱਲ ਤੁਰ ਪਏ ਅਤੇ ਮੈਂ ਉਹਨਾਂ ਦੇ ਮਗਰ ਤੁਰ ਪਿਆ। ਥੋੜ੍ਹਾ ਜਿਹਾ ਅੱਗੇ ਜਾ ਕੇ ਉਹ ਅਲੋਪ ਹੋ ਗਏ, ਮੈਂ ਆਲਾ-ਦੁਆਲਾ ਦੇਖਦਾ ਰਹਿ ਗਿਆ ਕਿ ਉਹ ਕਿੱਧਰ ਚਲੇ ਗਏ। ਮੈਨੂੰ ਇੰਜ ਲੱਗਾ ਕਿ ਇਹ ਸੰਤ ਸਰਵਣ ਦਾਸ ਜੀ ਸਨ। ਫਿਰ ਤਿੰਨ ਰਾਤਾਂ ਮੇਰੇ ਨਾਲ ਇਸ ਤਰ੍ਹਾਂ ਹੀ ਖੂੰਡੇ ਲੱਗਦੇ ਰਹੇ ਅਤੇ ਅਵਾਜ਼ ਆਉਂਦੀ ਰਹੀ "ਚੱਲ ਉੱਠ ਉਏ ਸਾਡੇ ਨਾਲ ਚੱਲ"। ਫਿਰ ਮੈਨੂੰ ਯਕੀਨ ਹੋ ਗਿਆ ਕਿ ਇਹ ਸੰਤ ਸਰਵਣ ਦਾਸ ਹੀ ਹਨ।

ਫਿਰ ਮੈਂ ਫ਼ੌਜ ਵਿਚੋਂ ਛੁੱਟੀ ਲਈ ਅਤੇ ਮੈਂ ਸਿੱਧਾ ਸੰਤਾਂ ਦੇ ਡੇਰੇ ਵੱਲ ਨੂੰ ਹੀ ਤੁਰ ਪਿਆ। ਜਦੋਂ ਮੈਂ ਡੇਰੇ ਵਿਚ ਪਹੁੰਚਾਂ ਤਾਂ ਮੈਂ ਦੇਖਿਆ ਕਿ ਇਹ ਉਹੀ ਬਜ਼ੁਰਗ ਹਨ ਜਿਹੜੇ ਮੇਰੇ ਖੂੰਡੇ ਮਾਰਦੇ ਸਨ। ਉਹ ਮੇਰੇ ਵੱਲ ਦੇਖ ਕੇ ਹੱਸ ਪਏ ਅਤੇ ਕਹਿਣ ਲੱਗੇ, "ਆ ਬਈ ਲੈਂਬਰ ਸਿੰਘ ਆ ਗਿਆ, ਠੀਕ ਠਾਕ ਪਹੁੰਚ ਗਿਆ, ਅਸੀਂ ਤੈਨੂੰ ਹੀ ਉਡੀਕਦੇ ਸੀ"। ਮੈਂ ਉਹਨਾਂ ਦੇ ਚਰਨਾਂ ਤੇ ਮੱਥਾ ਟੇਕਿਆ ਤੇ ਮੇਰੀਆਂ ਅੱਖਾਂ ਵਿਚ ਹੰਝੂ ਨਿਕਲ ਆਏ। ਮੈਨੂੰ ਸੰਤਾਂ ਨੇ ਥਾਪੀ ਦਿੱਤੀ ਅਤੇ ਸੰਤ ਹਰੀ ਦਾਸ ਜੀ ਨੂੰ ਕਿਹਾ ਕੇ ਇਹ ਆ ਲੈਂਬਰ ਸਿੰਘ, ਇਹ ਬੜੀ ਦੂਰੋਂ ਆਇਆ ਹੈ। ਇਸ ਨੂੰ ਚਾਹ ਪਾਣੀ ਪਿਲਾਉ। ਬਾਅਦ ਵਿਚ ਸੰਤ ਹਰੀ ਦਾਸ ਜੀ ਨੇ ਮੈਨੂੰ ਦੱਸਿਆ ਕਿ ਤੁਹਾਡੇ ਆਉਣ ਤੋਂ ਪਹਿਲਾਂ ਸੰਤ ਵਾਰ-ਵਾਰ ਕੁਟੀਆ ਚੋਂ ਬਾਹਰ ਜਾ ਕੇ ਦੇਖਦੇ ਸਨ ਤਾਂ ਮੈਂ ਪੁੱਛਿਆ "ਮਹਾਰਾਜ ਜੀ ਕਿਸਨੂੰ ਦੇਖਦੇ ਹੋ ? ਤਾਂ ਉਹਨਾਂ ਕਿਹਾ ਕਿ ਆਪਣੇ ਇਕ ਸੇਵਕ ਫ਼ੌਜੀ ਲੈਂਬਰ ਸਿੰਘ

ਨੇ ਆਉਣਾ ਹੈ।

ਫਿਰ ਮੈਂ 15-16 ਦਿਨ ਉਹਨਾਂ ਦੇ ਕੋਲ ਹੀ ਰਿਹਾ ਅਤੇ ਇਸ ਤਰ੍ਹਾਂ ਉਹਨਾਂ ਮਹਾਂਪੁਰਸ਼ ਬ੍ਰਹਮ ਗਿਆਨੀ, ਪੂਰਨ ਮਹਾਤਮਾ ਸਰਵਣ ਦਾਸ ਮਹਾਰਾਜ ਜੀ ਨੇ ਮੈਨੂੰ ਆਪਣੇ ਚਰਨਾਂ ਨਾਲ ਲਾ ਲਿਆ।

(ਬਲਵੀਰ ਮੰਨਣ)

## ਸਾਖੀ 219

## ਸ. ਲੈਂਬਰ ਸਿੰਘ ਦੀ ਪਤਨੀ ਅਤੇ ਬੱਚਿਆਂ ਦੀ ਰੱਖਿਆ ਕਰਨੀ।

ਇਹ ਘਟਨਾ ਸ. ਲੈਂਬਰ ਸਿੰਘ ਦੀ ਪਤਨੀ ਨਸੀਬ ਕੌਰ ਨਾਲ ਵਾਪਰੀ ਸੀ। ਜਦੋਂ ਸ. ਲੈਂਬਰ ਸਿੰਘ ਦੀ ਪਤਨੀ ਅਤੇ ਬੱਚੇ ਸੰਤਾਂ ਦੇ ਡੇਰੇ ਦਰਸ਼ਨਾਂ ਲਈ ਬੱਸ ਵਿਚ ਆ ਰਹੇ ਸਨ। ਭਾਰੀ ਬਰਸਾਤ ਕਾਰਨ ਰਸਤੇ ਬਹੁਤ ਖਰਾਬ ਸਨ ਅਤੇ ਰਸਤੇ ਵਿਚ ਇਕ ਚੋਈ ਪੈਂਦੀ ਸੀ। ਜੋ ਪਾਣੀ ਨਾਲ ਭਰੀ ਹੋਈ ਸੀ। ਉਥੋਂ ਬੱਸ ਦਾ ਲੰਘਣਾ ਮੁਸ਼ਕਿਲ ਸੀ ਉਸ ਚੋਈ ਦੇ ਉੱਪਰ ਹੀ ਦੂਸਰੇ ਪਾਸੇ ਜਾਣ ਦੇ ਵਾਸਤੇ ਰੇਲ ਦੀ ਪਟੜੀ ਸੀ। ਹੋਰ ਕੋਈ ਰਸਤਾ ਨਹੀਂ ਸੀ। ਬੱਸ ਵਾਲਿਆਂ ਨੇ ਉਹਨਾਂ ਨੂੰ ਬੱਸ ਵਿਚੋਂ ਉਤਾਰ ਦਿੱਤਾ ਤੇ ਦੂਜੇ ਪਾਸੇ ਜਾਣ ਲਈ ਪਟੜੀ ਉੱਪਰ ਚਲੇ ਜਾਣ। ਮੈਂ ਤੇ ਮੇਰੀ ਘਰਵਾਲੀ ਅਤੇ ਮੇਰਾ ਬੱਚਾ ਅਤੇ ਤਿੰਨ ਮੁਸਾਫਿਰ ਔਰਤਾਂ ਸਾਡੇ ਨਾਲ ਸਨ। ਪਰ ਉਹ ਡੇਰੇ ਜਾਣ ਵਾਲੀਆਂ ਨਹੀਂ ਸਨ। ਮੈਂ ਸਮਾਨ ਵਾਲਾ ਬੈਗ ਲੈ ਕੇ ਅੱਗੇ ਅੱਗੇ ਤੁਰ ਪਿਆ ਅਤੇ ਮੇਰੀ ਪਤਨੀ ਉਹਨਾਂ ਔਰਤਾਂ ਨਾਲ ਪਿੱਛੇ ਆ ਰਹੀ ਸੀ। ਮੈਂ ਫ਼ੌਜੀ ਸੀ ਇਸ ਲਈ ਮੈਂ ਜਲਦੀ ਜਲਦੀ ਦੂਸਰੇ ਪਾਸੇ ਪਹੁੰਚ ਗਿਆ। ਮੇਰੀ ਪਤਨੀ ਅਤੇ ਉਹ ਔਰਤਾਂ ਅਜੇ ਪਟੜੀ ਦੇ ਅੱਧ ਵਿਚ ਹੀ ਸਨ ਤੇ ਗੱਡੀ ਦੀ ਕੂਕ ਵੱਜ ਗਈ। ਮੈਂ ਪਿੱਛੇ ਮੁੜ ਕੇ ਦੇਖਿਆ ਕਿ ਗੱਡੀ ਆ ਰਹੀ ਹੈ। ਮੈਂ ਡਰ ਗਿਆ ਅਤੇ ਸੋਚਿਆ ਕਿ ਇਹਨਾਂ ਨੇ ਹੁਣ ਨਹੀਂ ਬਚਣਾ। ਇਹ ਥੱਲੇ ਆ ਜਾਣਗੇ। ਮੈਂ ਅੱਖਾਂ ਬੰਦ ਕਰ ਲਈਆਂ ਅਤੇ ਸੰਤ ਸਰਵਣ ਦਾਸ ਮਹਾਰਾਜ ਜੀ ਨੂੰ ਚੇਤੇ ਕਰਨ ਲੱਗਾ। ਗੱਡੀ ਬਹੁਤ ਹੀ ਨਜ਼ਦੀਕ ਆ ਰਹੀ ਸੀ। ਨਾਲ ਵਾਲੀਆਂ ਔਰਤਾਂ ਨੇ ਡਰ ਕੇ ਪਟੜੀ ਤੋਂ ਹੇਠਾਂ ਛਾਲਾਂ ਮਾਰ ਦਿੱਤੀਆਂ। ਜਿਨ੍ਹਾਂ ਵਿੱਚੋਂ ਇੱਕ ਦੀ ਲੱਤ ਟੁੱਟ ਗਈ, ਇਕ ਦੀ ਬਾਂਹ ਅਤੇ ਤੀਸਰੀ ਦੇ ਵੀ ਬਹੁਤ ਸੱਟਾਂ ਲੱਗ ਗਈਆਂ। ਮੇਰੀ ਘਰ ਵਾਲੀ ਨੇ ਪਾਣੀ ਵਿਚ ਛਾਲ ਨਹੀਂ ਮਾਰੀ ਉਹ ਬੱਚੇ ਨਾਲ ਉਸੇ ਤਰ੍ਹਾਂ ਹੀ ਤੁਰੀ ਰਹੀ ਅਤੇ ਮੈਂ ਅੱਖਾਂ ਬੰਦ ਕਰਕੇ ਖੜ੍ਹਾ ਰਿਹਾ। ਜਦੋਂ ਮੇਰੇ ਕੋਲ ਦੀ ਗੱਡੀ ਲੰਘ ਗਈ ਤੇ ਮੈਂ ਅੱਖਾਂ ਖੋਲ੍ਹੀਆਂ ਤਾਂ ਦੇਖਿਆ ਕਿ ਮੇਰੀ ਪਤਨੀ ਅਤੇ ਬੱਚਾ ਪਾਸ ਵਾਲੀ ਹੀ ਝਾੜੀ ਤੇ ਡਿੱਗੇ ਪਏ ਸੀ। ਮੈਂ ਉਹਨਾਂ ਨੂੰ ਚੁੱਕਿਆ ਅਤੇ ਪੁੱਛਿਆ ਤੂੰ ਐਥੇ ਕਿਸ ਤਰ੍ਹਾਂ ਪਹੁੰਚ ਗਈ। ਤੇਰੇ ਉੱਪਰ ਤਾਂ

ਗੱਡੀ ਚੜ੍ਹ ਹੀ ਚੁੱਕੀ ਸੀ ਤਾਂ ਉਹ ਰੋਣ ਲੱਗ ਪਈ ਅਤੇ ਕਹਿਣ ਲੱਗੀ ਕਿ ਮੈਂ ਸੰਤਾਂ ਨੂੰ ਚੇਤੇ ਕਰਦੀ ਆ ਰਹੀਂ ਸੀ ਅਤੇ ਮੈਨੂੰ ਅਵਾਜ਼ ਆ ਰਹੀ ਸੀ। ਕਿ ਚੱਲ ਨਸੀਬ ਕੌਰੇ ਚੱਲ ਤੁਰੀ ਚੱਲ ਅਤੇ ਪਿੱਛੇ ਮੇਰੀ ਪਿੱਠ ਤੇ ਖੂੰਡਾ ਵੀ ਲੱਗਾ ਰਿਹਾ ਅਤੇ ਅਵਾਜ਼ ਵੀ ਆ ਰਹੀ ਸੀ। ਜਦੋਂ ਮੈਂ ਇਸ ਪਾਸੇ ਪਹੁੰਚੀ ਤਾਂ ਮੈਨੂੰ ਪਤਾ ਨਹੀਂ ਲੱਗਾ। ਗੱਡੀ ਮੇਰੇ ਕੋਲ ਦੀ ਲੰਘੀ ਮੈਂ ਉਸ ਦੀ ਹਵਾ ਨਾਲ ਇਸ ਝਾੜੀ ਤੇ ਡਿੱਗ ਪਈ। ਜਦੋਂ ਅਸੀਂ ਡੇਰੇ ਪਹੁੰਚੇ। ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤਾਂ ਮਹਾਰਾਜ ਜੀ ਨੇ ਮੇਰੀ ਪਿੱਠ ਤੇ ਦੋ ਘਸੁੰਨ ਮਾਰੇ ਤੇ ਹੱਸ ਕੇ ਕਹਿਣ ਲੱਗੇ ਕਿ ਤੈਨੂੰ ਪਤਾ ਨਹੀਂ ਉਏ ਘਰ ਵਾਲੀ ਅਤੇ ਬੱਚਿਆਂ ਦਾ ਕਿਵੇਂ ਖਿਆਲ ਰੱਖਣਾ। ਆਪ ਅੱਗੇ ਤੁਰ ਪਿਆ ਤੇ ਇਹਨਾਂ ਨੂੰ ਪਿੱਛੇ ਛੱਡ ਗਿਆ ਅਤੇ ਮਰੀ ਘਰ ਵਾਲੀ ਨੂੰ ਕਹਿਣ ਲੱਗੇ ਨਸੀਬ ਕੌਰੇ ਤੂੰ ਠੀਕ ਹੈ ਤੇਰੇ ਸੱਟ ਤਾਂ ਨਹੀਂ ਲੱਗੀ ਅਤੇ ਕਿਹਾ ਤੁਹਾਡੇ ਕੋਈ ਪਿਛਲੇ ਕਰਮਾਂ ਦਾ ਫਲ ਮਿਲਿਆ ਕਿ ਤੁਸੀਂ ਬਚ ਗਏ। ਅਸੀਂ ਕਿਹਾ ਮਹਾਰਾਜ ਜੀ ਬਚਾਇਆ ਤਾਂ ਸਾਨੂੰ ਤੁਸੀਂ ਹੈ। ਤਾਂ ਉਹਨਾਂ ਨੇ ਕਿਹਾ ਕਿ ਤੁਸੀਂ ਤਾਂ ਸਾਡੇ ਵੱਲ ਆ ਰਹੇ ਸੀ। ਅਸੀਂ ਤੁਹਾਨੂੰ ਕਿਵੇਂ ਮਰਨ ਦਿੰਦੇ। ਉਏ ਕਿਹੜਾ ਸਾਧ ਆਪਣੇ ਮੱਥੇ ਬਦਨਾਮੀ ਲੈਂਦਾ ਹੈ ਲੋਕਾਂ ਨੇ ਕਹਿਣਾ ਸੀ ਸਾਧਾਂ ਦੇ ਗਏ ਸੀ। ਗੱਡੀ ਥੱਲੇ ਆ ਕੇ ਮਰ ਗਿਆ। ਅਸੀਂ ਤਾਂ ਆਪਣੇ ਸੇਵਕਾਂ ਦੇ ਨਾਲ ਹੀ ਰਹਿੰਦੇ ਹਾਂ। ਇਸ ਤਰ੍ਹਾਂ ਮਹਾਰਾਜ ਜੀ ਨੇ ਬੀਬੀ ਨਸੀਬ ਕੌਰ ਦੀ ਰੱਖਿਆ ਕੀਤੀ।

(ਬਲਵੀਰ ਮੰਨਣ)

## ਸਾਖੀ 220

## ਸਾਡੇ ਵਲੋਂ ਭਾਵੇਂ ਖੀਰ ਬਣਾ ਲਉ।

ਇਹ ਘਟਨਾ ਸ. ਰਤਨ ਸਿੰਘ ਪੁੱਤਰ ਸ. ਜਵਾਲਾ ਸਿੰਘ ਸੁੰਮਨ ਪਿੰਡ ਮੁਰਾਦਪੁਰ ਨਰਿਆਲਾਂ ਜ਼ਿਲ੍ਹਾ ਹੁਸ਼ਿਆਰਪੁਰ ਜਿਹੜੇ ਕਿ 1940 ਈਸਵੀ ਤੋਂ ਬੰਬਈ ਸ਼ਹਿਰ ਵਿੱਚ ਰਹਿ ਰਹੇ ਹਨ, ਉਹਨਾਂ ਦੀ ਅੱਖੀਂ ਦੇਖੀ ਹੈ। ਰਤਨ ਸਿੰਘ ਦੇ ਦੱਸਣ ਅਨੁਸਾਰ ਜਦੋਂ ਉਹਨਾਂ ਨੂੰ ਪੰਜਾਬ ਆਉਣ ਦਾ ਮੌਕਾ ਮਿਲਦਾ ਸੀ ਤਾਂ ਉਹ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਕੋਲ ਆ ਕੇ ਮਹੀਨਾ-ਮਹੀਨਾ ਰਹਿੰਦੇ ਸਨ।

ਇਸੇ ਤਰ੍ਹਾਂ ਇਕ ਵਾਰੀ ਸੰਗਤਾਂ ਦਾ ਇਕੱਠ ਮਹਾਰਾਜ ਜੀ ਕੋਲ ਬੈਠਾ ਸੀ ਤਾਂ ਮਹਾਰਾਜ ਜੀ ਨੇ ਕਿਹਾ, "ਕਿਹਨੇ-ਕਿਹਨੇ ਚਾਹ ਪੀਣੀ ਆ ਬਈ" ਹੱਥ ਖੜ੍ਹੇ ਕਰੋ ਤਾਂ 25-30 ਆਦਮੀਆਂ ਨੇ ਹੱਥ ਖੜ੍ਹੇ ਕੀਤੇ ਅਤੇ ਫਿਰ ਸਾਰਿਆਂ ਨੂੰ ਚਾਹ ਦਾ ਲੰਗਰ ਛਕਾਇਆ ਗਿਆ। ਮਹਾਰਾਜ ਜੀ ਕਹਿਣ ਲੱਗੇ "ਹੁਣ ਦੱਸੋ ਬਈ ਕੀ ਖਾਣਾ ਹੈ"। ਤਾਂ ਹੁਕਮਾਂ ਮਾਈ ਕਹਿਣ ਲੱਗੀ, "ਮਹਾਰਾਜ ਜੀ ਸਾਡੇ ਵੱਲੋਂ ਭਾਵੇਂ ਖੀਰ ਬਣਾ ਲਉ ਨਾਲੇ

ਦੇਖ ਦੇ ਹਾਂ ਤੁਸੀਂ ਕਿੱਦਾ ਖੀਰ ਬਣਾਉਂਦੇ ਆਂ, ਨਾ ਦੁੱਧ ਹੈ ਨਾ ਖੰਡ ਹੈ"। ਮਹਾਰਾਜ ਜੀ ਨੇ ਕਿਹਾ ਕਿ ਜੇ ਖੀਰ ਖਾਣੀ ਹੈ ਤਾਂ ਚੌਲ ਰਿੰਨਣੇ ਰੱਖ ਦਿਉ। ਹੁਕਮਾ ਮਾਈ ਨੇ ਫਿਰ ਕਿਹਾ ਕਿ ਨਾ ਦੁੱਧ ਹੈ ਨਾ ਖੰਡ ਹੈ ਖੀਰ ਕਿੱਦਾ ਬਣਾਵਾਂਗੇ। ਮਹਾਰਾਜ ਜੀ ਨੇ ਕਿਹਾ ਕਿ ਤੁਹਾਨੂੰ ਖੀਰ ਖਾਣ ਨਾਲ ਮਤਲਬ ਹੈ। ਅਜੇ ਥੋੜ੍ਹੀ ਹੀ ਦੇਰ ਹੋਈ ਸੀ ਕਿ ਚਾਰ ਪੰਜ ਆਦਮੀ ਦੁੱਧ ਦੀਆਂ ਬਾਲਟੀਆਂ ਲੈ ਕੇ ਆ ਗਏ ਅਤੇ ਫਿਰ ਥੋੜ੍ਹੀ ਹੀ ਦੇਰ ਬਾਅਦ ਇਕ ਆਦਮੀ ਖੰਡ ਵੀ ਲੈ ਕੇ ਆਇਆ। ਸਾਰੀ ਹੀ ਸੰਗਤ ਹੈਰਾਨ ਰਹਿ ਗਈ ਕਿ ਪਲਾਂ ਵਿਚ ਹੀ ਮਹਾਰਾਜ ਜੀ ਨੇ ਦੁੱਧ ਵੀ ਲੈ ਆਂਦਾ ਅਤੇ ਖੰਡ ਵੀ। ਜਿਹੜੀਆਂ ਚੀਜ਼ਾਂ ਡੇਰੇ ਵਿੱਚ ਖਤਮ ਹੋ ਗਈਆਂ ਉਹ ਸਭ ਪਲਾਂ ਵਿਚ ਹੀ ਆ ਗਈਆਂ। ਫਿਰ ਮਹਾਰਾਜ ਜੀ ਕਹਿਣ ਲੱਗੇ "ਹੁਣ ਖਾ ਲਉ ਜਿੰਨੀ ਖੀਰ ਖਾਣੀ ਆ"।

## ਸਾਖੀ 221

## ਲੰਗਰ ਦਾ ਅਮੁੱਕ ਭੰਡਾਰ।

ਇਹ ਘਟਨਾ ਵੀ ਸ. ਰਤਨ ਸਿੰਘ ਜੀ ਨਾਲ ਹੀ ਵਾਪਰੀ ਸੀ। ਉਸ ਦਿਨ ਸੰਗਰਾਂਦ ਦਾ ਪਵਿੱਤਰ ਦਿਹਾੜਾ ਸੀ। ਡੇਰੇ ਵਿੱਚ ਸਤਿਸੰਗ ਦਾ ਪ੍ਰਵਾਹ ਚੱਲ ਰਿਹਾ ਸੀ। ਸੰਗਤਾਂ ਕੀਰਤਨ ਦਾ ਆਨੰਦ ਮਾਣ ਰਹੀਆਂ ਸਨ। ਸ. ਰਤਨ ਸਿੰਘ ਤੇ ਉਹਨਾਂ ਦੇ ਨਾਲ ਮੌਜੂਦਾ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਜੀ ਮਹਾਰਾਜ ਲੰਗਰ ਦੀ ਸੇਵਾ ਸੰਭਾਲ ਰਹੇ ਸਨ। ਸੰਗਤਾਂ ਵਾਸਤੇ ਲੰਗਰ ਤਿਆਰ ਹੋ ਚੁੱਕਾ ਸੀ। ਜਿੰਨੀ ਕੁ ਸੰਗਤ ਪਹਿਲਾਂ ਡੇਰੇ ਆਉਂਦੀ ਸੀ ਉਸ ਮੁਤਾਬਿਕ ਹੀ ਲੰਗਰ ਤਿਆਰ ਕੀਤਾ ਗਿਆ ਸੀ ਜਿੰਨਾ ਕੁ ਅੰਨ ਦਾ ਭੰਡਾਰਾ ਡੇਰੇ ਵਿਚ ਮੌਜੂਦ ਸੀ ਉਹ ਸਾਰਾ ਹੀ ਪਕਾ ਲਿਆ ਗਿਆ ਸੀ। ਪਰ ਸੰਗਤ ਉਸ ਦਿਨ 250-300 ਦੇ ਕਰੀਬ ਹੋ ਗਈ ਸੀ। ਜਿਸ ਦੀ ਪਹਿਲਾਂ ਗਿਣਤੀ 100 ਦੇ ਕਰੀਬ ਹੁੰਦੀ ਸੀ। ਅੰਨ ਦਾ ਭੰਡਾਰਾ ਇੰਨੀ ਸੰਗਤ ਵਾਸਤੇ ਥੋੜ੍ਹਾ ਸੀ। ਸੰਤ ਨਿਰੰਜਣ ਦਾਸ ਜੀ ਅਤੇ ਸ. ਰਤਨ ਸਿੰਘ ਜੀ ਨੇ ਮਹਾਰਾਜ ਸਰਵਣ ਦਾਸ ਜੀ ਨੂੰ ਜਾ ਕੇ ਦੱਸਿਆ ਕਿ ਮਹਾਰਾਜ ਜੀ ਆਪਣੇ ਤਿਆਰ ਕੀਤੇ ਗਏ ਲੰਗਰ ਦੇ ਨਾਲ ਤਾਂ ਅੱਧੀ ਸੰਗਤ ਹੀ ਲੰਗਰ ਛੱਕ ਸਕਦੀ ਹੈ ਤਾਂ ਮਹਾਰਾਜ ਜੀ ਨੇ ਕਿਹਾ ਕਿ ਮੈਨੂੰ ਲੰਗਰ ਵਾਲੇ ਕਮਰੇ ਵਿਚ ਨਾਲ ਲੈ ਕੇ ਚੱਲੋ। ਫਿਰ ਮਹਾਰਾਜ ਜੀ ਨੇ ਕਮਰੇ ਵਿਚ ਜਾ ਕੇ ਅਰਦਾਸ ਕੀਤੀ ਤੇ ਰਤਨ ਸਿੰਘ ਨੂੰ ਕਹਿਣ ਲੱਗੇ, "ਇਕ ਕੱਪੜਾ ਲੈ ਕੇ ਆ"। ਰਤਨ ਸਿੰਘ ਨੇ ਕੱਪੜਾ ਮਹਾਰਾਜ ਜੀ ਨੂੰ ਦਿੱਤਾ ਅਤੇ ਮਹਾਰਾਜ ਜੀ ਨੇ ਉਹ ਕੱਪੜਾ ਲੰਗਰ ਉੱਤੇ ਦੇ ਦਿੱਤਾ ਅਤੇ ਕਹਿਣ ਲੱਗੇ, "ਤੁਸੀਂ ਇਹ ਕੱਪੜਾ ਲੰਗਰ ਤੋਂ ਲਾਹੁਣਾ ਨਹੀਂ

ਥੋੜ੍ਹਾ ਇਕ ਪਾਸੇ ਤੋਂ ਲੰਗਰ ਚੁੱਕੀ ਜਾਇਓ"। ਅਸੀਂ ਫਿਰ ਇਸੇ ਤਰ੍ਹਾਂ ਲੰਗਰ ਵਰਤਾਉਣਾ ਸ਼ੁਰੂ ਕਰ ਦਿੱਤਾ।ਮਹਾਰਾਜ ਜੀ ਵਿੱਚ ਵਿਚਾਲੇ ਕਮਰੇ ਵਿਚ ਗੇੜਾ ਮਾਰਦੇ ਰਹੇ।ਇਸੇ ਤਰ੍ਹਾਂ ਸਾਰੀ ਸੰਗਤ ਨੇ ਲੰਗਰ ਛੱਕ ਲਿਆ।ਪਰ ਲੰਗਰ ਦਾ ਭੰਡਾਰਾ ਉਸੇ ਤਰ੍ਹਾਂ ਹੀ ਭਰਿਆ ਰਿਹਾ। ਕਿੱਥੇ ਅਸੀਂ ਸੋਚਦੇ ਸੀ ਕਿ ਸੰਗਤ ਭੁੱਖੀ ਹੀ ਨਾ ਰਹਿ ਜਾਵੇ।ਪਰ ਬਾਅਦ ਵਿਚ ਲੰਗਰ ਬਚਿਆ ਰਿਹਾ।ਸਾਡੇ ਵਾਸਤੇ ਇਹ ਇਕ ਅਨੋਖਾ ਹੀ ਚਮਤਕਾਰ ਸੀ।

## ਸਾਖੀ 222

## ਪੁੱਤਰਾਂ ਦੀ ਦਾਤ ਬਖ਼ਸ਼ਣੀ।

ਸ. ਰਤਨ ਸਿੰਘ ਜੀ ਦੇ ਦੱਸਣ ਅਨੁਸਾਰ ਕਿ ਇਕ ਵਾਰ ਅਸੀਂ ਡੇਰੇ ਆਏ ਹੋਏ ਸੀ।ਸੰਗਤ ਸਾਰੀ ਮਹਾਰਾਜ ਸੰਤ ਸਰਵਣ ਦਾਸ ਜੀ ਪਾਸ ਬੈਠੀ ਸੀ।ਇਕ ਜ਼ਿਮੀਂਦਾਰ ਗੱਡੇ ਤੇ ਕਣਕ ਦੀਆਂ ਬੋਰੀਆਂ ਲੈ ਕੇ ਆਇਆ।ਉਸ ਦੀਆਂ ਦੋ ਪਤਨੀਆਂ ਵੀ ਉਸ ਦੇ ਨਾਲ ਸਨ। ਉਨ੍ਹਾਂ ਨੇ ਆ ਕੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ। ਉਸ ਦੇ ਕੋਈ ਔਲਾਦ ਨਹੀਂ ਸੀ। ਇਸ ਲਈ ਉਸ ਨੇ ਦੂਜਾ ਵਿਆਹ ਕਰਵਾਇਆ ਸੀ।ਪਰ ਉਸ ਦੀ ਦੂਜੀ ਪਤਨੀ ਦੇ ਵੀ ਕੋਈ ਔਲਾਦ ਨਾ ਹੋਈ। ਉਹ ਜ਼ਿਮੀਂਦਾਰ ਮਹਾਰਾਜ ਜੀ ਨੂੰ ਹੱਥ ਜੋੜ ਕੇ ਕਹਿਣ ਲੱਗਾ, "ਮਹਾਰਾਜ ਜੀ ਮੈਂ ਦੋ ਵਿਆਹ ਕਰਵਾਏ ਹਨ।ਪਰ ਫਿਰ ਵੀ ਮੇਰੇ ਕੋਈ ਔਲਾਦ ਨਹੀਂ ਹੈ। ਪਹਿਲੀ ਪਤਨੀ ਨੂੰ ਤਾਂ ਡਾਕਟਰਾਂ ਨੇ ਜਵਾਬ ਦੇ ਦਿੱਤਾ ਹੈ।ਪਰ ਔਲਾਦ ਦੂਜੀ ਪਾਸੋਂ ਵੀ ਪ੍ਰਾਪਤ ਨਹੀਂ ਹੋਈ"।

ਮਹਾਰਾਜ ਜੀ ਨੇ ਉਸ ਦੀ ਵਿਥਿਆ ਸੁਣੀ ਤੇ ਉਸ ਦੀ ਘਰ ਵਾਲੀ ਨੂੰ ਇੱਕ ਸੇਬ ਦੇ ਦਿੱਤਾ ਤਾਂ ਉਹ ਕਹਿਣ ਲੱਗਾ ਮਹਾਰਾਜ ਜੀ ਇਸ ਨੂੰ ਤਾਂ ਡਾਕਟਰਾਂ ਨੇ ਜਵਾਬ ਦੇ ਦਿੱਤਾ ਹੈ ਜਿਸਨੂੰ ਤੁਸੀਂ ਸੇਬ ਦਿੱਤਾ ਹੈ।ਫ਼ਲ ਤਾਂ ਮੇਰੀ ਦੂਸਰੀ ਪਤਨੀ ਨੂੰ ਦੇਣਾ ਸੀ। ਮਹਾਰਾਜ ਜੀ ਕਹਿਣ ਲੱਗੇ "ਅੱਛਾ ਲੈ ਇਹਨੂੰ ਵੀ ਦੇ ਦਿਉ ਇੱਕ" ਤਾਂ ਉਹਨਾਂ ਦੋਨਾਂ ਹੀ ਔਰਤਾਂ ਦੀ ਕੁੱਖ ਨੂੰ ਭਾਗ ਲੱਗ ਗਏ।ਉਸ ਦੀ ਪਹਿਲੀ ਪਤਨੀ ਦੇ ਵੀ ਪੁੱਤਰ ਪੈਦਾ ਹੋ ਗਿਆ।ਇਸ ਤਰ੍ਹਾਂ ਮਹਾਰਾਜ ਜੀ ਨੇ ਹੱਥਾਂ ਦੀਆਂ ਲਕੀਰਾਂ ਵੀ ਬਦਲ ਦਿੱਤੀਆਂ ਤੇ ਅਸੰਭਵ ਨੂੰ ਸੰਭਵ ਕਰ ਵਿਖਾਇਆ। ਇਹੋ ਜਿਹੇ ਤਪੱਸਵੀ ਸਨ ਸੰਤ ਸਰਵਣ ਦਾਸ ਜੀ।

## ਸਾਖੀ 223

## ਘੋੜੇ ਦੀ ਦੌੜ ਤੇ ਪੈਦਲ ਦੌੜ।

ਸ੍ਰੀ ਗੋਨੀ ਰਾਮ ਪੁੱਤਰ ਸ਼੍ਰੀ ਘੁੱਲਾ ਰਾਮ ਬਿਆਸ ਪਿੰਡ, ਜਲੰਧਰ ਵਾਲੇ ਦੱਸਦੇ ਹਨ ਕਿ ਉਹਨਾਂ ਨੇ ਇਕ ਵਾਰੀ ਆਪਣੇ ਘਰ ਸਤਿਸੰਗ ਕਰਵਾਇਆ। ਮੈਂ (ਗੋਨੀ ਰਾਮ) ਮਹਾਰਾਜ ਜੀ ਨੂੰ ਘਰ ਲਿਜਾਣ ਵਾਸਤੇ ਡੇਰੇ ਨੂੰ ਆਇਆ ਅਤੇ ਮਹਾਰਾਜ ਜੀ ਕੁਟੀਆ ਵਿਚ ਹੀ ਸਨ। ਮੈਂ ਕੁਟੀਆ ਦੇ ਅੰਦਰ ਗਿਆ ਅਤੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਕਿ ਮਹਾਰਾਜ ਸਾਡੇ ਅੱਜ ਸਤਿਸੰਗ ਹੈ ਆਪ ਸਾਡੇ ਗ੍ਰਹਿ ਵਿਖੇ ਚਰਨ ਪਾਉ ਜੀ ਤਾਂ ਮਹਾਰਾਜ ਨੇ ਉਹਨਾਂ ਦੀ ਬੇਨਤੀ ਨੂੰ ਪ੍ਰਵਾਨ ਕੀਤਾ ਅਤੇ ਉਸ ਦੇ ਨਾਲ ਹੀ ਜਾਣ ਵਾਸਤੇ ਤਿਆਰ ਹੋ ਗਏ।ਮੈਂ ਮਹਾਰਾਜ ਜੀ ਨੂੰ ਕਿਹਾ, "ਮਹਾਰਾਜ ਜੀ ਤੁਹਾਡੇ ਜਾਣ ਵਾਸਤੇ ਘੋੜਾ ਲਿਆਵਾਂ ਕਿ ਪੈਦਲ ਹੀ ਚੱਲੋਗੇ"।ਮਹਾਰਾਜ ਜੀ ਨੇ ਫ਼ਰਮਾਇਆ ਕਿ, "ਘੋੜਾ ਕੀ ਕਰਨਾ ਹੈ, ਇਸੇ ਤਰ੍ਹਾਂ ਹੀ ਚਲਦੇ ਆਂ"। ਫਿਰ ਮਹਾਰਾਜ ਜੀ ਜਦੋਂ ਕੁਟੀਆ ਤੋਂ ਬਾਹਰ ਨੂੰ ਚੱਲੇ ਤਾਂ ਮੈਂ ਉਹਨਾਂ ਦੇ ਪਿੱਛੇ-ਪਿੱਛੇ ਹੀ ਸੀ। ਜਦੋਂ ਮੈਂ ਕੁਟੀਆ ਤੋਂ ਬਾਹਰ

ਆ ਕੇ ਦੇਖਿਆ ਤਾਂ ਮਹਾਰਾਜ ਜੀ ਅਲੋਪ ਹੋ ਗਏ ਸਨ। ਮੈਂ ਸੋਚਿਆ ਮਹਾਰਾਜ ਜੀ ਅੱਗੇ ਚਲੇ ਗਏ ਹਨ ਤਾਂ ਮੈਂ ਖੇਤਾਂ ਵਿਚ ਦੀ ਉਹਨਾਂ ਦੇ ਨਾਲ ਰਲਣ ਵਾਸਤੇ ਪਿੱਛੇ-ਪਿੱਛੇ ਭੱਜਿਆ ਪਰ ਮਹਾਰਾਜ ਜੀ ਕਿਤੇ ਵੀ ਨਜ਼ਰ ਨਾ ਆਏ ਅਤੇ ਜਦੋਂ ਮੈਂ ਕਿਸ਼ਨਗੜ੍ਹ ਪਹੁੰਚਿਆ ਤਾਂ ਮਹਾਰਾਜ ਜੀ ਉੱਥੇ ਖੜ੍ਹੇ ਮੈਨੂੰ ਉਡੀਕ ਰਹੇ ਸਨ।ਮੈਂ ਬਹੁਤ ਤੇਜ਼ ਦੌੜ ਕੇ ਆਇਆ ਸੀ ਅਤੇ ਮੇਰਾ ਦਿਲ ਬਹੁਤ ਤੇਜ਼ੀ ਨਾਲ ਧੜਕ ਰਿਹਾ ਸੀ ਮਹਾਰਾਜ ਜੀ ਨੇ ਮੇਰੀ ਛਾਤੀ ਤੇ ਹੱਥ ਰੱਖ ਕੇ ਕਿਹਾ, "ਉਏ ਤੂੰ ਕਿੰਨਾ ਕੁ ਦੌੜ ਲਊਂਗਾ।

ਸੋ ਗੋਨੀ ਰਾਮ ਨੇ ਤਾਂ ਮਹਾਰਾਜ ਜੀ ਨੂੰ ਘੋੜੇ ਤੇ ਲਿਜਾਣ ਵਾਸਤੇ ਕਿਹਾ, ਪਰ ਮਹਾਰਾਜ ਜੀ ਨੇ ਉਸਨੂੰ ਦਿਖਾ ਦਿੱਤਾ ਕਿ ਉਹਨਾਂ ਵਾਸਤੇ ਬਿਨਾਂ ਕਿਸੇ ਸਵਾਰੀ ਤੋਂ ਕਿਤੇ ਵੀ ਆਉਣਾ ਜਾਣਾ ਅਤੇ ਪਲਾਂ ਵਿਚ ਕਿਤੇ ਦੀ ਕਿਤੇ ਪਹੁੰਚ ਜਾਣਾ ਬੜੀ ਮਾਮੂਲੀ ਗੱਲ ਹੈ।ਇਸ ਤਰ੍ਹਾਂ ਦੇ ਕੌਤਕ ਤਾਂ ਪੂਰਨ ਸੰਤ ਮਹਾਂਪੁਰਸ਼ ਹੀ ਕਰ ਸਕਦੇ ਹਨ।

## ਸਾਖੀ 224

## 'ਇਹੋ ਦਿਨ ਹੀ ਸ਼ੁੱਭ ਹੈ'

ਸ਼੍ਰੀ ਗੋਨੀ ਰਾਮ ਦੱਸਣ ਅਨੁਸਾਰ ਕਿ ਉਹਨਾਂ ਦੇ ਭਰਾ ਦਾ ਵਿਆਹ ਸੀ ਤੇ ਸ਼੍ਰੀ ਗੋਨੀ ਰਾਮ ਜੀ ਵਿਆਹ ਦਿਨ ਮੁੱਕਰਰ ਕਰਾਉਣ ਵਾਸਤੇ ਡੇਰੇ ਮਹਾਰਾਜ ਜੀ ਪਾਸ ਆਏ ਤੇ ਉਹਨਾਂ ਨੇ ਮਹਾਰਾਜ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ ਜੀ ਸਾਡੇ ਮੁੰਡੇ ਦਾ

ਵਿਆਹ ਹੈ ਆਪ ਜੀ ਕਿਰਪਾ ਕਰੋ ਕਿ ਸਾਨੂੰ ਵਿਆਹ ਵਾਸਤੇ ਕੋਈ ਸ਼ੁੱਭ ਦਿਨ ਦੱਸੋ। ਸਤਿਗੁਰਾਂ ਨੇ ਉਹਨਾਂ ਦੀ ਬੇਨਤੀ ਨੂੰ ਸੁਣਿਆ ਅਤੇ ਉਹਨਾਂ ਨੂੰ ਵਿਆਹ ਵਾਸਤੇ ਇਕ ਦਿਨ ਦੱਸਿਆ, ਪਰ ਗੋਨੀ ਰਾਮ ਦੇ ਪਿਤਾ ਜੀ ਨੂੰ ਉਹ ਦਿਨ ਪਸੰਦ ਨਹੀਂ ਆਇਆ ਤੇ ਉਹ ਮਹਾਰਾਜ ਜੀ ਨੂੰ ਕਹਿਣ ਲੱਗੇ ਕਿ ਮਹਾਰਾਜ ਜੀ

ਇਸ ਦਿਨ ਤੋਂ ਦੋ ਦਿਨ ਅੱਗੇ ਨਹੀਂ ਵਿਆਹ ਰੱਖਿਆ ਜਾ ਸਕਦਾ ? ਤਾਂ ਮਹਾਰਾਜ ਜੀ ਗੁੱਸੇ ਵਿਚ ਆ ਕੇ ਆਪਣਾ ਖੂੰਡਾ ਚੱਕ ਲਿਆ ਅਤੇ ਕਹਿਣ ਲੱਗੇ, 'ਜਿਹੜਾ ਦਿਨ ਤੁਹਾਨੂੰ ਇਕ ਵਾਰੀ ਦੱਸ ਦਿੱਤਾ ਉਹ ਹੀ ਠੀਕ ਹੈ'।

ਫਿਰ ਮਹਾਰਾਜ ਜੀ ਦੇ ਵਚਨਾਂ ਅਨੁਸਾਰ ਉਸ ਦਿਨ ਨੂੰ ਹੀ ਵਿਆਹ ਸੰਪੰਨ ਹੋ ਗਿਆ ਤੇ ਵਿਆਹ ਤੋਂ ਦੋ ਦਿਨ ਬਾਅਦ ਹੀ ਗੋਨੀ ਰਾਮ ਹੁਣਾਂ ਦੇ ਭਰਾ ਦੀ ਅਚਾਨਕ ਮੌਤ ਹੋ ਗਈ। ਇਹ ਉਹ ਹੀ ਦਿਨ ਸੀ ਜਿਸ ਦਿਨ ਗੋਨੀ ਰਾਮ ਦੇ ਪਿਤਾ ਜੀ ਵਿਆਹ ਕਰਨਾ ਚਾਹੁੰਦੇ ਸੀ।ਪਰ ਮਹਾਰਾਜ ਜੀ ਨੇ ਉਹਨਾਂ ਨੂੰ ਇਹ ਦਿਨ ਨਹੀਂ ਸੀ ਰੱਖਣ ਦਿੱਤਾ ਕਿਉਂਕਿ ਮਹਾਰਾਜ ਜੀ ਜਾਣੀ-ਜਾਣ ਸਨ।ਉਹਨਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਇਨ੍ਹਾਂ ਦੇ ਘਰ ਉਸ ਦਿਨ ਕੋਈ ਮੌਤ ਹੋ ਜਾਣੀ ਹੈ ਅਤੇ ਵਿਆਹ ਵਿਚ ਵਿਘਨ ਪੈ ਜਾਣਾ ਹੈ। ਸੰਤ ਮਹਾਪੁਰਸ਼ ਆਉਣ ਵਾਲੇ ਸਮੇਂ ਨੂੰ ਪਹਿਲਾਂ ਹੀ ਜਾਣਦੇ ਹੁੰਦੇ ਹਨ।

( **ਸ੍ਰੀ** ਗੋਨੀ ਰਾਮ ਬਿਆਸ ਪਿੰਡ, 25-12-03)

## ਸਾਖੀ 225

## ਸੰਤਾਂ ਦਾ ਵਚਨ ਨਾ ਮੰਨਣਾ

ਸ਼੍ਰੀਮਾਨ ਬਿਸ਼ਨ ਦਾਸ ਜੀ ਪਿੰਡ ਮਹੇੜੂ ਜ਼ਿਲ੍ਹਾਂ ਜਲੰਧਰ ਦੇ ਵਾਸੀ ਹਨ ਜੋ ਡੇਰਾ ਸੱਚਖੰਡ ਬੱਲਾਂ ਵਿਖੇ ਸੇਵਾਦਾਰ ਹਨ ਜਿਹੜੇ ਕਿ ਅੱਜ ਕੱਲ੍ਹ ਡੇਰੇ ਵਿਖੇ ਪ੍ਰਸ਼ਾਦ ਦੀ ਸੇਵਾ ਨਿਭਾ ਰਹੇ ਹਨ। ਬ੍ਰਹਮਲੀਨ 108 ਸਤਿਗੁਰੂ ਹਰੀਦਾਸ ਜੀ ਮਹਾਰਾਜ ਰਿਸ਼ਤੇ ਵਿਚ ਬਿਸ਼ਨ ਦਾਸ ਜੀ ਦੇ ਮਾਮਾ ਜੀ ਲੱਗਦੇ ਹਨ। ਬਿਸ਼ਨ ਦਾਸ ਜੀ ਨੂੰ 'ਨਾਮ ਦੀ ਦਾਤ' ਸਤਿਗੁਰੂ ਸਵਾਮੀ ਸਰਵਣ ਦਾਸ ਜੀ ਮਹਾਰਾਜ ਪਾਸੋਂ ਪ੍ਰਾਪਤ ਹੋਈ।

ਉਹ ਦੱਸਦੇ ਹਨ ਕਿ ਉਹਨਾਂ ਨੇ ਇਕ ਵਾਰੀ ਨਵਾਂ ਸਾਈਕਲ ਖਰੀਦਿਆ ਅਤੇ ਉਹ ਡੇਰੇ ਵਿਖੇ ਆਪਣੀ ਪਤਨੀ ਨਾਲ ਮਹਾਰਾਜ ਜੀ ਦੇ ਦਰਸ਼ਨਾ ਨੂੰ ਆਏ। ਸਿਆਲਾਂ ਦੇ ਦਿਨ ਸਨ।ਕਾਫੀ ਸਰਦੀ ਪੈ ਰਹੀ ਸੀ।ਸਾਰਾ ਦਿਨ ਮਹਾਰਾਜ ਜੀ ਦੇ ਕੋਲ ਰਹਿਣ ਉਪਰੰਤ ਜਦੋਂ ਸ਼ਾਮ ਨੂੰ ਸ਼੍ਰੀ ਬਿਸ਼ਨ ਦਾਸ ਜੀ ਨੇ ਮਹਾਰਾਜ ਜੀ ਤੋਂ ਘਰ ਵਾਪਸ ਜਾਣ ਦੀ ਆਗਿਆ ਮੰਗੀ, ਤਾਂ ਮਹਾਰਾਜ ਜੀ ਕਹਿਣ ਲੱਗੇ, "ਤੁਸੀਂ ਅੱਜ ਸਾਡੇ ਕੋਲ ਰਹਿ ਲਉ"। ਪਹਿਲਾਂ ਬਿਸ਼ਨ ਦਾਸ ਦੀ ਪਤਨੀ ਕਹਿਣ ਲੱਗੀ, "ਮਹਾਰਾਜ ਜੀ ਮੈਂ ਤਾਂ

ਤੜਕੇ ਧਾਰਾਂ ਕੱਢਣੀਆਂ ਹੁੰਦੀਆਂ ਨੇ"।ਨਾਲ ਹੀ ਬਿਸ਼ਨ ਦਾਸ ਨੇ ਕਿਹਾ, "ਮਹਾਰਾਜ ਜੀ ਮੈਂ ਤਾਂ ਸਵੇਰ ਨੂੰ ਕੰਮ ਤੇ ਜਾਣਾ ਹੁੰਦਾ ਹੈ"। ਇਸ ਲਈ ਮਹਾਰਾਜ ਜੀ ਸਾਨੂੰ ਆਗਿਆ ਦਿਉ ਜੀ"। ਮਹਾਰਾਜ ਜੀ ਦੇ ਤਿੰਨ ਵਾਰ ਵਚਨ ਕਰਨ ਤੋਂ ਬਾਅਦ ਵੀ ਬਿਸ਼ਨ ਦਾਸ ਤੇ ਉਹਨਾਂ ਦੀ ਪਤਨੀ ਨਾ ਮੰਨੇ ਤਾਂ ਮਹਾਰਾਜ ਜੀ ਨੇ ਉਹਨਾਂ ਨੂੰ ਵਾਪਸ ਜਾਣ ਦੀ ਆਗਿਆ ਦੇ ਦਿੱਤੀ।

ਜਦੋਂ ਉਹ ਡੇਰੇ ਤੋਂ ਵਾਪਸ ਘਰ ਪਰਤਣ ਲਈ ਤੁਰੇ ਤਾਂ ਉਨਾਂ ਨੇ ਦੇਖਿਆ ਕਿ ਸਾਈਕਲ ਪੈਂਚਰ ਹੈ, ਤਾਂ ਉਹ ਪੈਦਲ ਹੀ ਚੱਲ ਪਏ।ਕਾਫੀ ਦੇਰ ਚੱਲਣ ਤੋਂ ਬਾਅਦ ਉਹਨਾਂ ਨੇ ਇਕ ਦੁਕਾਨ ਤੋਂ ਪੈਂਚਰ ਲਗਵਾਇਆ ਤੇ ਸਾਈਕਲ ਤੇ ਅੱਗੇ ਨੂੰ ਚੱਲ ਪਏ। ਅਜੇ ਥੋੜ੍ਹੀ ਦੂਰ ਗਏ ਸੀ ਕਿ ਸਾਈਕਲ ਦੇ ਟਾਇਰ ਦਾ ਪਟਾਕਾ ਚੱਲ ਗਿਆ।ਹਨੇਰਾ ਵੀ ਕਾਫ਼ੀ ਹੋ ਗਿਆ ਸੀ ਅਤੇ ਉਹ ਫਿਰ ਪੈਦਲ ਹੀ ਚੱਲ ਪਏ।ਨਾਲੇ ਇੱਕ ਦੂਸਰੇ ਨਾਲ ਬਹਿਸ ਕਰਨ ਲੱਗੇ ਅਤੇ ਦੋਸ਼ ਦੇਣ ਲੱਗੇ, ਬਿਸ਼ਨ ਦਾਸ ਨੇ ਪਤਨੀ ਨੂੰ ਕਿਹਾ ਕਿ, "ਤੂੰ ਨੀ ਮੰਨੀ, ਸੰਤਾਂ ਦਾ ਕਹਿਣਾ"। ਪਤਨੀ ਕਹਿਣ ਲੱਗੀ, "ਤੁਸੀਂ ਵੀ ਕਿਹੜਾ ਮੰਨੇ ਸੀ"। ਇਸ ਤਰ੍ਹਾਂ ਉਹ ਹੌਲੀ-ਹੌਲੀ ਤੁਰਦੇ ਗਏ ਅਤੇ ਰਾਤ ਕਾਫ਼ੀ ਹੋ ਗਈ। ਰਾਤ ਜ਼ਿਆਦਾ ਹੋਣ ਕਾਰਨ ਉਹ ਪਿੰਡ ਚੋਹਕਾਂ ਵਿਖੇ ਆਪਣੇ ਰਿਸ਼ਤੇਦਾਰਾਂ ਦੇ ਘਰ ਚਲੇ ਗਏ।ਉਥੇ ਜਾ ਕੇ ਉਹਨਾਂ ਨੇ ਥੋੜ੍ਹੀ ਦੇਰ ਆਰਾਮ ਕੀਤਾ ਅਤੇ ਤੜਕਸਾਰ ਹੀ ਉਹਨਾਂ ਦਾ ਸਾਈਕਲ ਲੈ ਕੇ ਫਿਰ ਆਪਣੇ ਪਿੰਡ ਵੱਲ ਨੂੰ ਤੁਰੇ।ਥੋੜ੍ਹੀ ਅੱਗੇ ਜਾ ਕੇ ਉਹਨਾਂ ਦੀ ਪਤਨੀ ਦੀ ਚੁੰਨੀ ਸਾਈਕਲ ਦੇ ਚੱਕੇ ਵਿਚ ਫਸ ਗਈ ਅਤੇ ਕਾਫੀ ਸਮਾਂ ਚੁੰਨੀ ਕੱਢਣ ਨੂੰ ਲੱਗ ਗਿਆ ਅਤੇ ਹੁਣ ਨਾ ਤਾਂ ਬਿਸ਼ਨ ਦਾਸ ਜੀ ਦੇ ਕੰਮ ਤੇ ਜਾਣ ਦਾ ਟਾਇਮ ਸੀ ਅਤੇ ਨਾ ਹੀ ਉਨ੍ਹਾਂ ਦੀ ਪਤਨੀ ਦਾ ਪਸ਼ੂਆਂ ਦੀ ਧਾਰਕੱਢਣ ਦਾ ਸਮਾਂ ਰਿਹਾ। ਜਿਹੜੇ ਕੰਮ ਦੀ ਖਾਤਿਰ ਉਹ ਡੇਰੇ ਵਿਖੇ ਨਹੀਂ ਰਹੇ ਉਹਨਾਂ ਵਿਚੋਂ ਕੋਈ ਵੀ ਕੰਮ ਨਹੀਂ ਹੋਇਆ। ਇਸ ਤਰ੍ਹਾਂ ਸੰਤਾਂ ਦਾ ਵਚਨ ਨਾ ਮੰਨਣ ਕਾਰਨ ਉਹ ਸਾਰੀ ਰਾਤ ਕਸ਼ਟ ਝੱਲਦੇ ਰਹੇ।

ਸੋ ਇਸ ਤੋਂ ਸਿੱਧ ਹੁੰਦਾ ਹੈ ਕਿ ਆਪਣੇ ਸਤਿਗੁਰਾਂ ਦਾ ਵਚਨ ਸੇਵਕਾਂ ਨੂੰ ਮੰਨਣਾ ਚਾਹੀਦਾ ਹੈ।ਮਹਾਂਪੁਰਸ਼ਾਂ ਦੇ ਹਰ ਵਚਨ ਵਿਚ ਕੋਈ ਨਾ ਕੋਈ ਰਾਜ ਛੁਪਿਆ ਹੁੰਦਾ ਹੈ।ਜਦੋਂ ਅਗਲੇ ਐਤਵਾਰ ਬਿਸ਼ਨ ਦਾਸ ਜੀ ਆਪਣੀ ਪਤਨੀ ਨਾਲ ਡੇਰੇ ਵਿਚ ਆਏ ਤਾਂ ਮਹਾਰਾਜ ਜੀ ਨੇ ਉਹਨਾਂ ਨੂੰ ਕਿਹਾ, "ਤੁਸੀਂ ਉਸ ਰਾਤ ਨੂੰ ਡਰੇ ਤਾਂ ਨਹੀਂ ਸੀ, ਤੁਸੀਂ ਆਪ ਵੀ ਖਰਾਬ ਹੋਏ ਅਤੇ ਸਾਨੂੰ ਵੀ ਪਰੇਸ਼ਾਨ ਕੀਤਾ, ਕਿਉਂਕਿ ਸਾਨੂੰ ਵੀ ਤੁਹਾਡੇ ਨਾਲ ਹੀ ਜਾਣਾ ਪਿਆ ਸੀ"।

(ਖੁਦ ਬਿਸ਼ਨ ਦਾਸ)

## ਸਾਖੀ 226

## 'ਡੁਬਣੋਂ ਬਚਾਉਣਾ'

ਸ਼੍ਰੀ ਬਿਸ਼ਨ ਦਾਸ ਜੀ ਦੇ ਦੱਸਣ ਅਨੁਸਾਰ ਕਿ ਜਦੋਂ ਉਹ ਪਿੰਡ ਤੋਂ ਜਲੰਧਰ ਕੰਮ ਤੇ ਪੈਦਲ ਹੀ ਆਉਂਦੇ ਹੁੰਦੇ ਸੀ ਤਾਂ ਰਾਹ ਵਿੱਚ ਇੱਕ ਕਾਲੀ ਬੇਈਂ ਲੰਘ ਕੇ ਜਾਣਾ ਪੈਂਦਾ ਸੀ। ਇੱਕ ਦਿਨ ਬਾਰਿਸ਼ ਕਾਫ਼ੀ ਜ਼ਿਆਦਾ ਹੋਣ ਕਾਰਨ ਉਹ ਕੰਮ ਤੋਂ ਸ਼ਾਮ ਵੇਲੇ ਜਦੋਂ ਘਰ ਨੂੰ ਪਰਤ ਰਹੇ ਸਨ ਤਾਂ ਬੇਈਂ ਵਿੱਚ ਪਾਣੀ ਬਹੁਤ ਆਇਆ ਹੋਇਆ ਸੀ। ਬਿਸ਼ਨ ਦਾਸ ਜੀ ਨੂੰ ਪਿੰਡ ਪਹੁੰਚਣ ਲਈ ਉਹ ਬੇਈਂ ਨੂੰ ਪਾਰ ਕਰਨਾ ਪੈਣਾ ਸੀ ਅਤੇ ਉਹ ਆਪਣੇ ਕੱਪੜੇ ਝੋਲੇ ਵਿਚ ਪਾ ਕੇ ਪਾਣੀ ਵਿਚ ਕੁੱਦ ਪਏ। ਜਦੋਂ ਉਹ ਬੇਈਂ ਦੇ ਅੱਧ ਵਿਚਕਾਰ ਗਏ ਤਾਂ ਪਾਣੀ ਉਹਨਾਂ ਦੇ ਗਲ ਤੱਕ ਚੜ੍ਹ ਆਇਆ। ਫਿਰ ਉਹ ਡੁੱਬਣ ਦੇ ਡਰ ਤੋਂ ਵਾਪਸ ਪਿੱਛੇ ਨੂੰ ਮੁੜਨ ਲੱਗੇ ਤਾਂ ਪਾਣੀ ਦਾ ਵਹਾਉ ਤੇਜ਼ ਹੋਣ ਕਾਰਨ ਉਹ ਰੁੜ੍ਹ ਗਏ। ਉਹਨਾਂ ਨੂੰ ਲੱਗਾ ਕਿ ਹੁਣ ਉਹ ਡੁੱਬ ਜਾਣਗੇ ਤਾਂ ਉਹਨਾਂ ਨੇ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੂੰ ਯਾਦ ਕੀਤਾ ਉਸੇ ਸਮੇਂ ਉਹਨਾਂ ਨੂੰ ਇਕ ਦੱਰਖਤ ਦਿਖਾਈ ਦਿੱਤਾ ਅਤੇ ਉਹ ਹੌਲੀ ਹੌਲੀ ਉਸ ਦਰੱਖਤ ਕੋਲ ਪਹੁੰਚ ਗਏ ਅਤੇ ਉਹਦੀ ਟਾਹਣੀ ਨੂੰ ਹੱਥ ਪਾ ਲਿਆ ਪਰ ਉਹਨਾਂ ਦੇ ਦਿਮਾਗ ਅਤੇ ਪੇਟ ਵਿਚ ਕਾਫੀ ਪਾਣੀ ਭਰ ਗਿਆ ਸੀ ਅਤੇ ਉਹ ਬੇਹੋਸ਼ ਹੋ ਗਏ ਸੀ ਤਾਂ ਉਸ ਵੇਲੇ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਉਸ ਕੋਲ ਆਏ ਤਾਂ ਆ ਕੇ ਉਹਨਾਂ ਬਿਸ਼ਨ ਦਾਸ ਦੇ ਸਰੀਰ ਨੂੰ ਖੂੰਡਾ ਲਾਇਆ ਤੇ ਕਿਹਾ, "ਉਠ ਉਏ, ਤੂੰ ਇੱਥੋ ਕੁਝ ਲੜਾਉਣਾ ਐ" ਤਾਂ ਮੈਂ ਕਿਹਾ ਮਹਾਰਾਜ ਜੀ ਆਪ ਜੀ ਦਾ ਸ਼ੁਕਰ ਹੈ ਤੁਸੀਂ ਮੈਨੂੰ ਬਚਾ ਲਿਆ"।

ਸ਼੍ਰੀ ਬਿਸ਼ਨ ਦਾਸ ਜੀ ਨੇ ਇਹ ਸਾਰੀ ਗੱਲ ਘਰ ਜਾ ਕੇ ਦੱਸੀ ਅਤੇ ਦੂਜੇ ਦਿਨ ਡੇਰੇ ਵਿਖੇ ਮਹਾਰਾਜ ਜੀ ਕੋਲ ਆਏ ਤਾਂ ਮਹਾਰਾਜ ਜੀ ਨੇ ਕਿਹਾ, "ਸਾਨੂੰ ਤੰਗ ਕਰਦੇ ਆ, ਸਾਡਾ ਕਹਿਣਾ ਨਹੀਂ ਮੰਨਦੇ"।

ਇਸ ਤਰ੍ਹਾਂ ਮਹਾਰਾਜ ਸਵਾਮੀ ਸਰਵਣ ਦਾਸ ਜੀ ਨੇ ਸ਼੍ਰੀ ਬਿਸ਼ਨ ਦਾਸ ਜੀ ਦੀ ਜਾਨ ਬਚਾਈ।

(ਖੁਦ ਬਿਸ਼ਨ ਦਾਸ)

## ਸਾਖੀ 227

## 'ਇਹਨੇ ਤਾਂ ਠੀਕ ਹੋ ਜਾਣਾ ਹੈ'

ਬੀਬੀ ਮਹਿੰਦਰ ਕੌਰ ਪਤਨੀ ਸ. ਸੁਦਾਗਰ ਸਿੰਘ ਪਿੰਡ ਨਾਗਰਾ ਜ਼ਿਲ੍ਹਾਂ

ਜਲੰਧਰ ਦੇ ਵਾਸੀ ਹਨ।ਜੋ ਕਿ ਮਹਾਰਾਜ ਸਵਾਮੀ ਸਰਵਣ ਦਾਸ ਜੀ ਦੇ ਸੇਵਕ ਹਨ। ਬੀਬੀ ਮਹਿੰਦਰ ਕੌਰ ਜੀ ਦੱਸਦੇ ਹਨ ਕਿ ਉਹਨਾਂ ਦੇ ਮਾਤਾ ਜੀ ਬੀਬੀ ਭਾਗੋ ਜੀ ਜੋ ਕਿ ਅੱਜ ਕੱਲ ਯੂ.ਐਸ.ਏ. ਵਿਚ ਰਹਿ ਰਹੇ ਹਨ।ਮਹਾਰਾਜ ਸਵਾਮੀ ਸਰਵਣ ਦਾਸ ਜੀ ਦੇ ਸੇਵਕ ਹਨ ਅਤੇ ਅੱਜ ਕੱਲ੍ਹ ਵੀ 'ਡੇਰਾ ਸੱਚਖੰਡ ਬੱਲਾਂ' ਨਾਲ ਅਪਾਰ ਸ਼ਰਧਾ ਰੱਖਦੇ ਹਨ।ਜਦੋਂ ਉਹ ਆਪਣੇ ਜੱਦੀ ਪਿੰਡ ਮੰਨਣਾ ਵਿਖੇ ਰਹਿੰਦੇ ਸਨ ਤਾਂ ਉਹਨਾਂ ਦੀ ਲੜਕੀ ਮਹਿੰਦਰ ਕੌਰ (ਜਿਹਨਾਂ ਨੇ ਇਹ ਸਾਖੀ ਸੁਣਾਈ) ਜੀ ਗੰਭੀਰ ਬਿਮਾਰ ਹੋ ਗਏ। ਉਸ ਵੇਲੇ ਉਨਾਂ ਦੇ ਦੋ ਬੱਚੇ ਸਨ।ਉਹ ਬਿਮਾਰ ਇੰਨੇ ਜ਼ਿਆਦਾ ਹੋ ਗਏ ਸਨ ਕਿ ਉਹਨਾਂ ਦੇ ਬਚਣ ਦੀ ਕੋਈ ਉਮੀਦ ਹੀ ਨਹੀਂ ਸੀ ਦਿਸਦੀ ਤੇ ਉਨ੍ਹਾਂ ਦੇ ਮਾਤਾ ਬੀਬੀ ਭਾਗੋ ਜੀ ਬਹੁਤ ਪਰੇਸ਼ਾਨ ਹੋ ਗਏ ਤੇ ਉਹ ਸਵਾਮੀ ਸਰਵਣ ਦਾਸ ਜੀ ਦੇ ਚਰਨਾਂ ਵਿਚ ਅਰਦਾਸਾਂ ਕਰਨ ਲੱਗੇ ਕਿ ਮਹਾਰਾਜ ਜੀ ਮੇਰੀ ਬੱਚੀ ਦੀ ਜਾਨ ਬਚਾਉ।ਜੇ ਇਸ ਨੇ ਮਰਨਾ ਹੀ ਸੀ ਤਾਂ ਇਹ ਪਹਿਲਾਂ ਹੀ ਮਰ ਜਾਂਦੀ ਹੁਣ ਤਾਂ ਇਸ ਦੇ ਦੋ ਬੱਚੇ ਹਨ ਜੇ ਇਹ ਮਰ ਗਈ ਤਾਂ ਉਹਨਾਂ ਦੇ ਸਿਰ ਤੋਂ ਮਾਂ ਦਾ ਸਾਇਆ ਉੱਠ ਜਾਵੇਗਾ।ਸੋ ਮਹਾਰਾਜ ਜੀ ਆਪ ਕਿਰਪਾ ਕਰੋ।

ਸੋ ਇਸ ਤਰ੍ਹਾਂ ਉਹ ਤਿੰਨ ਦਿਨ ਆਪਣੇ ਘਰ ਵਿਖੇ ਹੀ ਸਵਾਮੀ ਸਰਵਣ ਦਾਸ ਜੀ ਦੇ ਚਰਨਾਂ ਵਿਚ ਅਰਦਾਸਾਂ ਕਰਦੇ ਰਹੇ ਤੇ ਇੱਧਰ ਜਾਣੀ-ਜਾਣ ਮਹਾਰਾਜ ਜੀ ਨੂੰ ਪਤਾ ਲੱਗ ਗਿਆ ਕਿ ਉਹਨਾਂ ਦੇ ਸੇਵਕ ਉਹਨਾਂ ਨੂੰ ਯਾਦ ਕਰ ਰਹੇ ਹਨ। ਉਹਨਾਂ ਉੱਪਰ ਮੁਸੀਬਤ ਆਈ ਹੋਈ ਹੈ।

ਸੋ ਚੌਥੇ ਦਿਨ ਤੜਕੇ ਤਿੰਨ ਕੁ ਵਜੇ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਆਪਣੇ ਦੋ ਤਿੰਨ ਸੇਵਕਾਂ ਦੇ ਨਾਲ ਉਹਨਾਂ ਦੇ ਘਰ ਪਿੰਡ ਮੰਨਣ ਵਿਖੇ ਪਹੁੰਚ ਗਏ ਤੇ ਜਾ ਕੇ ਉਹਨਾਂ ਦੇ ਘਰ ਦਾ ਦਰਵਾਜ਼ਾ ਖੜਕਾਇਆ।ਬੀਬੀ ਭਾਗੋ ਜੀ ਨੇ ਬੂਹਾ ਖੋਲ੍ਹ ਕੇ ਦੇਖਿਆ ਕਿ ਸਤਿਗੁਰੂ ਜੀ ਆਏ ਹਨ। ਉਹਨਾਂ ਨੇ ਮਹਾਰਾਜ ਜੀ ਨੂੰ ਬੜੇ ਸਤਿਕਾਰ ਨਾਲ ਅੰਦਰ ਬੁਲਾਇਆ ਨਮਸਕਾਰ ਕੀਤੀ ਅਤੇ ਕਹਿਣ ਲੱਗੇ "ਮਹਾਰਾਜ ਜੀ ਤੁਸੀਂ ਇਸ ਵੇਲੇ ਸਾਡੇ ਘਰ" ਤਾਂ ਮਹਾਰਾਜ ਜੀ ਨੇ ਖੂੰਡਾ ਥੱਲੇ ਮਾਰ ਕੇ ਕਿਹਾ, "ਹਾਂ ਬੀਬੀ ਤੂੰ ਸਾਨੂੰ ਤਿੰਨ ਦਿਨਾਂ ਦੀ ਯਾਦ ਕਰੀ ਜਾਂਦੀ ਆਂ, ਤੇਰੀ ਕੁੜੀ ਬਿਮਾਰ ਹੈ ਤੇ ਤੂੰ ਸਾਨੂੰ ਯਾਦ ਕਰ ਕਰ ਕੇ ਕਹੀ ਜਾਂਦੀ ਆਂ ਕਿ ਇਸਨੇ ਮਰਨਾ ਸੀ ਤਾਂ ਪਹਿਲਾਂ ਮਰ ਜਾਂਦੀ, ਬੀਬੀ ਜੀ ਇਸਦਾ ਵਾਲ ਵੀ ਵਿੰਗਾ ਨਹੀਂ ਹੋਵੇਗਾ, ਇਹਨੇ ਠੀਕ ਹੋ ਜਾਣਾ ਹੈ ਇਸ ਦੇ ਦੋ ਬੱਚੇ ਹੋਰ ਹੋਣੇ ਹਨ ਤੇ ਇਸ ਦੇ ਬੱਚਿਆਂ ਨੇ ਵਿਦੇਸ਼ਾਂ ਵਿਚ ਜਾਣਾ ਹੈ"।

ਸੋ ਉਸ ਵੇਲੇ ਮਹਾਰਾਜ ਜੀ ਨੇ ਉਹਨਾਂ ਨੂੰ ਇਸ ਤਰ੍ਹਾਂ ਦੇ ਆਸ਼ੀਰਵਾਦ ਦਿੱਤੇ ਅਤੇ ਵਾਪਸ ਆ ਗਏ।ਇਸ ਤਰ੍ਹਾਂ ਪੂਰਨ ਸਤਿਗੁਰਾਂ ਦੇ ਵਚਨ ਪੂਰੇ ਹੋਏ ਬੀਬੀ ਭਾਗੋ

ਜੀ ਦੀ ਬੇਟੀ ਮਹਿੰਦਰ ਕੌਰ ਉਸੇ ਦਿਨ ਤੋਂ ਠੀਕ ਹੋਣੀ ਸ਼ੁਰੂ ਹੋ ਗਈ ਤੇ ਫਿਰ ਦੋ ਬੱਚੇ ਹੋਰ ਹੋਏ ਅਤੇ ਮਹਾਰਾਜ ਜੀ ਦੀ ਕਿਰਪਾ ਨਾਲ ਬੀਬੀ ਮਹਿੰਦਰ ਕੌਰ ਦੇ ਬੱਚੇ ਅੱਜ ਕੱਲ੍ਹ ਇੰਗਲੈਂਡ ਤੇ ਕਨੇਡਾ ਵਿਚ ਖੁਸ਼ੀਆਂ ਭਰਿਆ ਜੀਵਨ ਬਤੀਤ ਕਰ ਰਹੇ ਹਨ ਅਤੇ ਬੀਬੀ ਭਾਗੋ ਵੀ ਅਮਰੀਕਾ ਵਿਚ ਹੀ ਰਹਿ ਰਹੇ ਹਨ। ਇਸ ਤਰ੍ਹਾਂ ਬੀਬੀ ਭਾਗੋ ਜੀ ਨੇ ਸੰਤਾਂ ਤੇ ਪੂਰੀ ਸ਼ਰਧਾ ਰੱਖੀ। ਮੁਸੀਬਤ ਵੇਲੇ ਉਨਾਂ ਨੂੰ ਯਾਦ ਕੀਤਾ ਤੇ ਪੂਰਨ ਸਤਿਗੁਰਾਂ ਨੇ ਉਹਨਾਂ ਦੀ ਸਹਾਇਤਾ ਕੀਤੀ ਅਤੇ ਨਿੱਘੀਆਂ ਅਸ਼ੀਰਵਾਦਾਂ ਦਿੱਤੀਆਂ।

## ਸਾਖੀ 228

## 'ਬੀਬੀ ਅਸੀਂ ਡੇਰੇ 'ਚ ਹੀ ਰਹਿੰਦੇ ਆਂ'

ਇਸੇ ਤਰ੍ਹਾਂ ਬੀਬੀ ਮਹਿੰਦਰ ਕੌਰ ਜੀ ਦੱਸਦੇ ਹਨ ਕਿ ਜਿਸ ਵੇਲੇ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਮਹਾਰਾਜ ਆਪਣਾ ਸਰੀਰ ਛੱਡ ਕੇ ਸੱਚਖੰਡ ਚਲੇ ਗਏ ਤਾਂ ਉਹਨਾਂ ਦੇ ਮਾਤਾ ਭਾਗੋ ਜੀ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਨੂੰ ਯਾਦ ਕਰਕੇ ਬਹੁਤ ਰੋਂਦੇ ਰਹਿੰਦੇ ਸਨ। ਆਪਣੇ ਘਰ ਵਿਚ ਵੀ ਅਤੇ ਖੇਤਾਂ ਵਿਚ ਵੀ ਮਹਾਰਾਜ ਜੀ ਨੂੰ ਯਾਦ ਕਰਕੇ ਰੋਂਦੇ ਰਹਿੰਦੇ ਸਨ। ਇੱਕ ਵਾਰੀ ਮਹਾਰਾਜ ਜੀ ਰਾਤ ਨੂੰ ਉਹਨਾਂ ਦੇ ਸੁਪਨੇ ਵਿਚ ਆਏ ਤੇ ਕਿਹਾ, ''ਬੀਬੀ ਸਾਨੂੰ ਯਾਦ ਕਰਕੇ ਰੋਇਆ ਨਾ ਕਰ, ਅਸੀਂ ਹਰ ਵੇਲੇ ਤੁਹਾਡੇ ਨਾਲ ਹੀ ਰਹਿੰਦੇ ਹਾਂ, ਅਸੀਂ ਹੁਣ ਵੀ ਡੇਰੇ ਵਿਚ ਹੀ ਬਿਰਾਜਮਾਨ ਹਾਂ ਸੋ ਜਦੋਂ ਯਾਦ ਆਵੇ ਤੁਸੀਂ ਡੇਰੇ ਜਾ ਆਇਆ ਕਰੋ'' ਤੇ ਉਸ ਤੋਂ ਬਾਅਦ ਬੀਬੀ ਭਾਗੋ ਜੀ ਦੇ ਮਨ ਨੂੰ ਬਹੁਤ ਸ਼ਾਂਤੀ ਮਿਲੀ ਅਤੇ ਉਹਨਾਂ ਨੂੰ ਯਕੀਨ ਹੋ ਗਿਆ ਕਿ ਮਹਾਰਾਜ ਜੀ ਹਰ ਵੇਲੇ ਆਪਣੇ ਸੇਵਕਾਂ ਦੇ ਅੰਗ ਸੰਗ ਹੀ ਰਹਿੰਦੇ ਹਨ।

## ਸਾਖੀ 229

## ਬੀਬੀ ਤੇਰਾ ਬੱਚਾ ਖੇਡਣ ਗਿਆ ਹੈ।

ਬੀਬੀ ਪ੍ਰਕਾਸ਼ ਕੌਰ ਪਤਨੀ ਸਵ. ਸ਼੍ਰੀ ਸਾਧੂ ਰਾਮ ਪਿੰਡ ਬਿਆਸ ਪਿੰਡ (ਜਲੰਧਰ) ਵਾਸੀ ਜੋ ਕਿ ਕਾਫੀ ਸਮੇਂ ਤੋਂ ਇੰਗਲੈਂਡ ਵਿਖੇ ਜੀਵਨ ਬਤੀਤ ਕਰ ਰਹੇ ਹਨ। ਬੀਬੀ ਜੀ ਦੱਸਦੇ ਹਨ ਕਿ ਇੰਗਲੈਂਡ ਵਿਚ ਹੀ ਜਨਮਿਆ ਉਹਨਾਂ ਦਾ ਪੁੱਤਰ ਅਚਾਨਕ ਹੀ ਅਕਾਲ ਚਲਾਣਾ ਕਰ ਗਿਆ। ਆਪਣੇ ਪੁੱਤਰ ਦੇ ਵਿਯੋਗ ਵਿਚ ਪ੍ਰਕਾਸ਼ ਕੌਰ ਜੀ ਬਹੁਤ ਉਦਾਸ ਰਹਿਣ ਲੱਗ ਪਏ ਤਾਂ ਉਹਨਾਂ ਨੇ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਨੂੰ ਇਕ ਪੱਤਰ ਲਿਖਿਆ ਜਿਸ ਵਿਚ ਉਹਨਾਂ ਨੇ ਆਪਣੇ ਪੁੱਤਰ ਦੇ ਅਕਾਲ ਚਲਾਣੇ ਦੀ ਵਿੱਥਿਆ ਲਿਖੀ।

**ਫਿਰ ਇਧਰੋਂ ਸਤਿਗੁਰਾਂ ਨੇ ਬੀਬੀ ਜੀ ਨੂੰ ਇਕ ਜਵਾਬੀ ਪੱਤਰ ਲਿਖਿਆ ਜਿਸ ਦੇ ਵਿਚ ਮਹਾਰਾਜ ਜੀ ਨੇ ਲਿਖਿਆ ''ਬੀਬੀ ਜੀ ਤੁਸੀਂ ਰੋਇਆ ਨਾ ਕਰੋ ਤੁਹਾਡਾ ਪੁੱਤਰ ਤਾਂ ਖੇਡਣ ਗਿਆ ਹੈ ਉਸ ਨੇ ਵਾਪਸ ਆ ਜਾਣਾ ਹੈ''। ਬੀਬੀ ਪ੍ਰਕਾਸ਼ ਕੌਰ ਜੀ ਦੇ ਮਨ ਨੂੰ ਸਤਿਗੁਰਾਂ ਦਾ ਲਿਖਿਆ ਪੱਤਰ ਪੜ੍ਹ ਕੇ ਬਹੁਤ ਸ਼ਾਂਤੀ ਮਿਲੀ। ਫਿਰ ਸਮੇਂ ਅਨੁਸਾਰ ਮਹਾਰਾਜ ਜੀ ਦੇ ਲਿਖੇ ਹੋਏ ਵਚਨ ਪੂਰੇ ਹੋਏ ਤੇ ਉਹਨਾਂ ਨੂੰ ਦੁਬਾਰਾ ਪੁੱਤਰ ਦੀ ਪ੍ਰਾਪਤੀ ਹੋਈ।**

## ਸਾਖੀ 230
## ਲੁੱਟੇ ਹੋਏ ਪੈਸੇ ਵਾਪਿਸ ਆਉਣੇ

ਬੀਬੀ ਰਤਨੀ ਪਤਨੀ ਸ਼੍ਰੀ ਭਾਗ ਰਾਮ ਪਿੰਡ ਕਾਲਾ ਸੰਘਿਆ ਜ਼ਿਲ੍ਹਾ ਕਪੂਰਥਲਾ ਵਾਸੀ ਮਹਾਰਾਜ ਸਰਵਣ ਦਾਸ ਜੀ ਦੇ ਸੇਵਕ ਹਨ। ਸ਼੍ਰੀ ਭਾਗ ਰਾਮ ਜੀ ਚਮੜੇ ਦੇ ਵਪਾਰੀ ਸਨ। ਵਪਾਰ ਦੇ ਕਾਰਨ ਉਹਨਾਂ ਕੋਲ ਕਾਫ਼ੀ ਪੈਸਾ ਰਹਿੰਦਾ ਸੀ।

ਬੀਬੀ ਰਤਨੀ ਜੀ ਦੱਸਦੇ ਹਨ ਕਿ ਜਲੰਧਰ ਵਿਖੇ ਸ਼੍ਰੀ ਭਾਗ ਰਾਮ ਜੀ ਆਪਣੇ ਕੰਮ ਤੋਂ ਵਾਪਸ ਆ ਰਹੇ ਸਨ ਤਾਂ ਉਹਨਾਂ ਕੋਲ 4500 ਰੁਪਏ ਸੀ। ਉਸ ਸਮੇਂ ਦੇ ਹਿਸਾਬ ਨਾਲ 4500 ਰੁਪਏ ਇੱਕ ਬਹੁਤ ਵੱਡੀ ਰਕਮ ਸੀ। ਕੁਝ ਠੱਗਾਂ ਨੇ ਜਲੰਧਰ ਵਿਖੇ ਹੀ ਸ਼੍ਰੀ ਭਾਗ ਰਾਮ ਕੋਲੋ ਆਪਣੀ ਚਲਾਕੀ ਨਾਲ ਉਹ ਪੈਸੇ ਠੱਗ ਲਏ। ਉਹ ਪ੍ਰੇਸ਼ਾਨੀ ਦੀ ਹਾਲਤ ਵਿਚ ਜਦੋਂ ਆਪਣੇ ਘਰ ਵਾਪਸ ਆਏ ਅਤੇ ਉਹਨਾਂ ਨੇ ਬੀਬੀ ਰਤਨੀ ਨੂੰ ਆਪਣੇ ਨਾਲ ਹੋਈ ਠੱਗੀ ਬਾਰੇ ਦੱਸਿਆ ਤਾਂ ਬੀਬੀ ਰਤਨੀ ਜੀ ਵੀ ਪ੍ਰੇਸ਼ਾਨ ਹੋ ਗਏ। ਪ੍ਰੇਸ਼ਾਨੀ ਦੀ ਹਾਲਤ ਵਿਚ ਉਹ ਡੇਰੇ ਵਿਖੇ ਗਏ ਅਤੇ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੂੰ ਆਪਣੇ ਨਾਲ ਹੋਈ ਠੱਗੀ ਬਾਰੇ ਦੱਸਿਆ ਤਾਂ ਮਹਾਰਾਜ ਸਰਵਣ ਦਾਸ ਜੀ ਨੇ ਉਹਨਾਂ ਨੂੰ ਤਸੱਲੀ ਦਿੱਤੀ ਅਤੇ ਕਿਹਾ ਕਿ, ''ਤੁਸੀਂ ਚਿੰਤਾ ਨਾ ਕਰੋ ਤੁਹਾਡਾ ਪੈਸਾ ਵਾਪਸ ਮਿਲ ਜਾਵੇਗਾ''।

ਇਸ ਤੋਂ ਕੁਝ ਹੀ ਦਿਨਾਂ ਬਾਅਦ ਸ਼੍ਰੀ ਭਾਗ ਰਾਮ ਜੀ ਬੂਟਾ ਮੰਡੀ ਜਲੰਧਰ ਵਿਖੇ ਆਏ ਅਚਾਨਕ ਹੀ ਉਹਨਾਂ ਨੂੰ ਉਹ ਠੱਗਾਂ ਵਿਚੋਂ ਇਕ ਠੱਗ ਦਿਖਾਈ ਦਿੱਤਾ ਜਿਨ੍ਹਾਂ ਨੇ ਉਹਨਾਂ ਦਾ ਪੈਸਾ ਲੁੱਟਿਆ ਸੀ। ਸ਼੍ਰੀ ਭਾਗ ਰਾਮ ਜੀ ਨੇ ਉਸ ਠੱਗ ਨੂੰ ਪੁਲਿਸ ਹਵਾਲੇ ਕਰਵਾਇਆ ਅਤੇ ਉਸ ਦੇ ਬਾਕੀ ਸਾਥੀ ਵੀ ਪੁਲਿਸ ਨੇ ਫੜ੍ਹ ਲਏ ਤੇ ਉਹਨਾਂ ਨੇ ਸ਼੍ਰੀ ਭਾਗ ਰਾਮ ਦਾ ਪੈਸਾ ਲੁੱਟਣਾ ਵੀ ਕਬੂਲ ਲਿਆ।

ਇਸ ਤਰ੍ਹਾਂ ਸਤਿਗੁਰਾਂ ਦੀ ਮਿਹਰ ਸਦਕਾ ਉਹਨਾਂ ਦਾ ਪੈਸਾ ਵਾਪਸ ਮਿਲ ਗਿਆ।

## ਸਾਖੀ 231

## ਇਹਨਾਂ ਨੂੰ ਸ਼ਰਬਤ ਪਿਲਾਉ।

ਬੀਬੀ ਪ੍ਰਕਾਸ਼ ਕੌਰ ਪਤਨੀ ਸਵ. ਸ਼੍ਰੀ ਸਾਧੂ ਰਾਮ ਪਿੰਡ ਬਿਆਸ ਪਿੰਡ ਜ਼ਿਲ੍ਹਾ ਜਲੰਧਰ ਦੇ ਵਾਸੀ ਹਨ ਅਤੇ ਜਿਹੜੇ ਕਿ ਬਹੁਤ ਸਮੇਂ ਤੋਂ ਇੰਗਲੈਂਡ ਵਿਚ ਜੀਵਨ ਬਤੀਤ ਕਰ ਰਹੇ ਹਨ।

ਇਕ ਵਾਰੀ ਬੀਬੀ ਪ੍ਰਕਾਸ਼ ਕੌਰ ਜੀ ਇੰਗਲੈਂਡ ਤੋਂ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਪਾਸ ਦਰਸ਼ਨਾਂ ਲਈ ਆਏ ਹੋਏ ਸਨ। ਮਹਾਰਾਜ ਜੀ ਥੜ੍ਹੇ ਤੇ ਵਿਰਾਜਮਾਨ ਸਨ, ਬਾਣੀ ਦਾ ਪ੍ਰਵਾਹ ਚਲ ਰਿਹਾ ਸੀ ਕਿ ਐਨੇ ਨੂੰ ਨਹਿਰ ਦੇ ਰਸਤੇ ਜਾ ਰਹੇ ਮੁਸਾਫਿਰ ਡੇਰੇ ਵਿਖੇ ਆ ਪਧਾਰੇ। ਉਹਨਾਂ ਨੇ ਆ ਕੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਸੰਗਤ ਵਿਚ ਬੈਠ ਗਏ ਅਤੇ ਉਹਨਾਂ ਦੇ ਬੈਠਦਿਆਂ ਸਾਰ ਹੀ ਮਹਾਰਾਜ ਸਰਵਣ ਦਾਸ ਜੀ ਨੇ ਫ਼ਰਮਾਇਆ, "ਇਨ੍ਹਾਂ ਨੂੰ ਸ਼ਰਬਤ ਪਿਲਾਉ, ਬਈ ਸਾਡੇ ਕਿਹੜੇ ਹਲ ਚਲਦੇ ਆ"। ਜਦੋਂ ਮਹਾਰਾਜ ਜੀ ਨੇ ਇਹ ਵਚਨ ਕਹੇ ਤਾਂ ਉਹ ਦੋਵੇਂ ਮੁਸਾਫਿਰ ਮਹਾਰਾਜ ਜੀ ਦੇ ਚਰਨਾਂ ਵਿਚ ਡਿੱਗ ਪਏ ਅਤੇ ਕਹਿਣ ਲੱਗੇ, "ਮਹਾਰਾਜ ਜੀ ਸਾਡੇ ਤੋਂ ਗਲਤੀ ਹੋ ਗਈ ਸਾਨੂੰ ਮਾਫ਼ ਕਰ ਦਿਉ"।

ਸਾਰੀ ਸੰਗਤ ਹੈਰਾਨ ਹੋ ਗਈ ਕਿ ਇਹਨਾਂ ਨੂੰ ਤਾਂ ਮਹਾਰਾਜ ਜੀ ਨੇ ਸ਼ਰਬਤ ਪਿਲਾਉਣ ਵਾਸਤੇ ਕਿਹਾ ਹੈ ਤੇ ਇਹ ਉੱਠ ਕੇ ਮੁਆਫ਼ੀਆਂ ਮੰਗਣ ਲੱਗ ਪਏ ਹਨ ਤੇ ਬਾਦ ਵਿਚ ਉਹਨਾਂ ਮੁਸਾਫਿਰਾਂ ਤੋਂ ਹੀ ਪਤਾ ਲੱਗਾ ਕਿ ਜਦੋਂ ਉਹ ਨਹਿਰ ਤੇ ਤੁਰੇ ਜਾ ਰਹੇ ਸਨ ਤਾਂ ਉਹ ਕੁਟੀਆ ਵੱਲ ਵੇਖਕੇ ਆਪਸ ਵਿਚ ਗੱਲਾਂ ਕਰਨ ਲੱਗੇ ਕਿ "ਡੇਰੇ ਵਿਚੋਂ ਸ਼ਰਬਤ ਪੀ ਕੇ ਚੱਲਣਾ ਆ, ਇੱਥੇ ਤਾਂ ਲੋਕਾਂ ਦਾ ਹੀ ਚੜ੍ਹਾਵਾ ਆਉਂਦਾ ਹੈ ਹੋਰ ਸੰਤਾਂ ਦੇ ਕਿਹੜਾ ਆਪਣੇ ਹਲ ਚੱਲਦੇ ਹਨ"।

ਜਾਣੀ ਜਾਣ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੇ ਉਹਨਾਂ ਮੁਸਾਫਿਰਾਂ ਦੇ ਡੇਰੇ ਆਉਣ ਸਾਰ ਹੀ ਉਹਨਾਂ ਦੇ ਮਨ ਦੀ ਗੱਲ ਬੁੱਝ ਲਈ ਸੀ। ਅਤੇ ਮਹਾਰਾਜ ਜੀ ਨੇ ਸੰਗਤ ਦੇ ਵਿਚ ਉਹਨਾਂ ਦੀਆਂ ਆਪਸ ਵਿਚ ਹੋਈਆਂ ਗੱਲਾਂ ਦੱਸ ਕੇ ਹੈਰਾਨ ਕਰ ਦਿੱਤਾ ਸੀ। ਏਸੇ ਕਰਕੇ ਹੀ ਉਹ ਮਹਾਰਾਜ ਜੀ ਦੇ ਚਰਨੀਂ ਡਿੱਗ ਪਏ ਸੀ ਤੇ ਉਹਨਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਸੀ। ਉਹਨਾਂ ਨੂੰ ਪਤਾ ਲੱਗ ਗਿਆ ਸੀ ਕਿ ਇਹ ਤਾਂ ਕੋਈ ਪੂਰਨ ਸੰਤ ਮਹਾਂਪੁਰਸ਼ ਹਨ।

## ਸਾਖੀ 232

## ਜੰਗ ਵਿਚ ਰੱਖਿਆ ਕਰਨੀ।

ਸ. ਨਾਨਕ ਸਿੰਘ ਵਿਰਦੀ ਪੁੱਤਰ ਸ. ਮਹਿੰਗਾ ਸਿੰਘ ਵਾਸੀ ਰਾਏਪੁਰ ਬੱਲਾਂ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਸੇਵਕ ਹਨ ਜੋ ਕਿ ਫ਼ੌਜ ਵਿਚ ਨੌਕਰੀ ਕਰਨ ਤੋਂ ਬਾਅਦ ਅੱਜ ਕੱਲ੍ਹ ਕਨੇਡਾ ਵਿਖੇ ਰਹਿ ਰਹੇ ਹਨ।

ਸ. ਨਾਨਕ ਸਿੰਘ ਜੀ ਦੱਸਦੇ ਹਨ ਕਿ ਜਦੋਂ 1965 ਈ. ਦੀ ਜੰਗ ਪਾਕਿਸਤਾਨ ਨਾਲ ਲੱਗੀ ਸੀ ਤਾਂ ਉਹਨਾਂ ਦੀ ਡਿਊਟੀ ਜੰਮੂ ਸਿਆਲਕੋਟ ਸੈਕਟਰ ਵਿਚ ਲੱਗੀ ਹੋਈ ਸੀ।

ਅਗਲੀ ਵਾਰਤਾ ਸੂਬੇਦਾਰ ਨਾਨਕ ਸਿੰਘ ਵਿਰਦੀ ਜੀ ਦੇ ਸ਼ਬਦਾਂ ਵਿਚ–

"ਮੇਰੀ ਡਿਊਟੀ ਐਕਸ਼ਨ ਕਮਾਂਡਰ ਦੇ ਤੌਰ ਤੇ ਸੀ, ਜੰਗ ਦਾ ਮਾਹੌਲ ਬਹੁਤ ਹੀ ਭਿਆਨਕ ਸੀ। ਚਾਰੇ ਪਾਸੇ ਅੱਗ ਹੀ ਅੱਗ ਨਜ਼ਰ ਆ ਰਹੀ ਸੀ। ਸਾਡੀ ਪਲਟਨ ਨੇ ਸਿਆਲਕੋਟ ਦੇ ਇਕ ਪਿੰਡ ਨੂੰ ਘੇਰਾ ਪਾ ਲਿਆ ਪਰ ਹਾਲੇ ਵੀ ਦੂਜੇ ਪਾਸਿਉਂ ਗੋਲੀਆਂ ਚੱਲੀ ਜਾ ਰਹੀਆਂ ਸਨ। ਅਸੀਂ ਜ਼ਮੀਨ ਤੇ ਰੀਂਗਦੇ ਹੋਏ ਅੱਗੇ ਵਧਣ ਲੱਗੇ। ਅਚਾਨਕ ਹੀ ਮੇਰੀ ਖੱਬੀ ਬਾਂਹ ਵਿੱਚ ਗੋਲੀ ਲੱਗ ਗਈ। ਗੋਲੀ ਦਾ ਨਿਸ਼ਾਨਾ ਤਾਂ ਸਿੱਧਾ ਮੇਰੇ ਦਿਲ ਤੇ ਹੀ ਸੀ ਪਰ ਮੇਰੇ ਹੱਥ ਵਿੱਚ ਰਫਲ ਤਾਣੀ ਹੋਈ ਸੀ ਜਿਸ ਕਾਰਨ ਗੋਲੀ ਬਾਂਹ ਵਿੱਚ ਹੀ ਲੱਗੀ। ਗੋਲੀ ਲੱਗ ਕੇ ਬਾਂਹ ਵਿਚ ਹੀ ਰਹੀ। ਉਸ ਵੇਲੇ ਮੈਂ ਆਪਣੇ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੂੰ ਯਾਦ ਕੀਤਾ ਅਤੇ ਭਾਵੁਕ ਜਿਹੇ ਹੁੰਦੇ ਹੋਏ ਕਿਹਾ, "ਮਹਾਰਾਜ ਜੀ ਇਹ ਕੀ ਹੋਇਆ ਜੀ"। ਮੇਰੇ ਇਹਨਾਂ ਸਬਦਾਂ ਨੂੰ ਕਹਿਣ ਤੋਂ ਬਾਅਦ ਮੈਨੂੰ ਸਤਿਗੁਰਾਂ ਦੇ ਬਚਨ ਸੁਣੇ, "ਤੈਨੂੰ ਕੁਝ ਨਹੀਂ ਹੋਣਾ ਉਏ, ਤੂੰ ਘਬਰਾਈ ਨਾ"।

ਮਹਾਰਾਜ ਜੀ ਦੇ ਇਹਨਾਂ ਵਚਨਾਂ ਨੂੰ ਸੁਣਨ ਤੋਂ ਬਾਅਦ ਮੈਨੂੰ ਇੰਞ ਲੱਗਾ ਕਿ ਜਿਵੇਂ ਮੇਰੇ ਵਿਚ ਦੁਬਾਰਾ ਜਾਨ ਪੈ ਗਈ ਹੋਵੇ। ਮੈਂ ਅਤੇ ਮੇਰੇ ਸਾਥੀ ਫਿਰ ਹਮਲਾ ਕਰਨ ਲਈ ਅੱਗੇ ਵਧੇ, ਅੱਗੇ ਕਾਫ਼ੀ ਪਾਣੀ ਸੀ ਜਿਸ ਵਿਚ ਦੀ ਲੰਘਣ ਕਾਰਨ ਮੇਰੀ ਜਿਸ ਬਾਂਹ ਵਿੱਚ ਗੋਲੀ ਲੱਗੀ ਸੀ ਉਹ ਬਹੁਤ ਦਰਦ ਕਰਨ ਲੱਗ ਪਈ ਅਤੇ ਉਸਤੋਂ ਬਾਅਦ ਮੇਜਰ ਸਾਹਿਬ ਦੇ ਹੁਕਮ ਅਨੁਸਾਰ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ ਜਾਣ ਲੱਗਾ। ਜਦੋਂ ਮੈਨੂੰ ਅਤੇ ਮੇਰੇ ਸਾਥੀਆਂ ਨੂੰ ਐਂਬੂਲੈਂਸ ਰਾਹੀਂ ਪਠਾਨਕੋਟ ਹਸਪਤਾਲ ਲਿਆ ਰਹੇ ਸਨ ਤਾਂ ਸਾਡੀ ਵੈਨ ਦੇ ਬਿਲਕੁੱਲ ਅੱਗੇ ਇੱਕ ਗੋਲਾ ਡਿੱਗਿਆ ਪਰ ਪ੍ਰਮਾਤਮਾ ਦੀ ਮਿਹਰ ਨਾਲ ਸਾਨੂੰ ਕੁਝ ਨਹੀਂ ਹੋਇਆ ਅਤੇ ਵੈਨ ਬਚ ਗਈ। ਫਿਰ ਦੂਸਰੇ ਰਸਤੇ ਰਾਹੀਂ ਪਠਾਨਕੋਟ ਪਹੁੰਚ ਕੇ ਉੱਥੋਂ ਅੰਬਾਲੇ ਆਏ। ਅੰਬਾਲੇ ਹਸਪਤਾਲ ਵਿਚ ਮੇਰੀ ਬਾਂਹ ਵਿਚੋਂ ਆਪ੍ਰੇਸ਼ਨ ਕਰਕੇ ਗੋਲੀ ਕੱਢੀ ਗਈ। ਜਿਸ ਕਮਰੇ ਵਿੱਚ ਮੈਂ ਦਾਖਲ ਸੀ

ਉਸ ਵਿੱਚ ਅਸੀਂ ਤਿੰਨ ਆਦਮੀ ਹੀ ਸੀ। ਬਾਕੀ ਸਾਰਾ ਹਸਪਤਾਲ ਵੀ ਜ਼ਖਮੀਆਂ ਨਾਲ ਭਰਿਆ ਹੋਇਆ ਸੀ। ਰਾਤ ਦਾ ਸਮਾਂ ਸੀ ਜੰਗ ਹਾਲੇ ਵੀ ਜਾਰੀ ਸੀ। ਇੱਕ ਜਹਾਜ ਸਾਡੇ ਹਸਪਤਾਲ ਉੱਪਰ ਦੀ ਲੰਘਿਆ। ਮੈਂ ਆਪਣੇ ਸਾਥੀ ਨੂੰ ਕਿਹਾ ਕਿ ਰਾਤ ਵੇਲੇ ਆਪਣਾ ਤਾਂ ਕੋਈ ਜਹਾਜ਼ ਉੱਡਦਾ ਹੀ ਨਹੀਂ। ਇੰਨੇ ਵਿੱਚ ਉਹ ਜਹਾਜ਼ ਦੁਬਾਰਾ ਗੇੜਾ ਲਾ ਕੇ ਆਇਆ ਤਾਂ ਨਾਲ ਦੇ ਹੀ ਅਫ਼ਸਰ ਵਾਰਡ ਤੇ ਏਅਰ ਅਟੈਕ ਹੋਇਆ। ਬਹੁਤ ਜ਼ੋਰ ਦੀ ਭਿਆਨਕ ਖੜਾਕਾ ਹੋਇਆ। ਮੈਂ ਮਹਾਰਾਜ ਜੀ ਦਾ ਸਿਮਰਨ ਕਰਦਾ ਰਿਹਾ ਦੂਜੀ ਵਾਰ ਸਾਡੇ ਵਾਲੀ ਬਿਲਡਿੰਗ ਤੇ ਏਅਰ ਅਟੈਕ ਹੋਇਆ। ਜਿਸ ਰੂਮ ਵਿੱਚ ਮੈਂ ਸੀ ਉਹ ਛੋਟਾ ਜਿਹਾ ਹੀ ਸੀ। ਉਸ ਨੂੰ ਛੱਡ ਕੇ ਸਾਰੀ ਬਿਲਡਿੰਗ ਹੀ ਤਬਾਹ ਹੋ ਗਈ। ਇੱਥੇ ਵੀ ਦੂਜੀ ਵਾਰ ਮੈਨੂੰ ਮੇਰੇ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਨੇ ਹੀ ਬਚਾਇਆ। ਮੈਂ ਉਹਨਾਂ ਦੀ ਮਹਿਮਾ ਬਿਆਨ ਨਹੀਂ ਕਰ ਸਕਦਾ। ਅੱਜ ਸਾਡੇ ਸਤਿਗੁਰਾਂ ਦੀ ਬਹੁਤ ਮੇਹਰ ਹੈ।

–ਖੁਦ ਸਰਦਾਰ ਨਾਨਕ ਸਿੰਘ ਵਿਰਦੀ

## ਸਾਖੀ 233

## ਅਸੀਂ ਤੁਹਾਡੇ ਨਾਲ ਹਾਂ।

ਗਿਆਨੀ ਮੇਹਰ ਸਿੰਘ ਪੁੱਤਰ ਸ਼੍ਰੀ ਸਾਧੂ ਰਾਮ ਜੀ ਦੇ ਦੱਸਣ ਅਨੁਸਾਰ ਕਿ ਇੱਕ ਵਾਰ ਉਹਨਾਂ ਨੇ ਆਪਣੇ ਖੇਤਾਂ ਵਿੱਚ ਟਿਊਬਵੈੱਲ ਗਾਉਣਾ ਸੀ ਕਿਉਂਕਿ ਖੇਤਾਂਨੂੰ ਪਾਣੀ ਲਾਉਣ ਦਾ ਹੋਰ ਕੋਈ ਸਾਧਨ ਨਹੀਂ ਸੀ।ਮੇਹਰ ਸਿੰਘ ਜੀ ਦੱਸਦੇ ਹਨ ਕਿ ਉਹਨਾਂ ਦੇ ਪਿਤਾ ਸ਼੍ਰੀ ਸਾਧੂ ਰਾਮ ਜੀ ਨੇ ਸਤਿਗੁਰੂ ਹਰੀ ਦਾਸ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ 'ਮਹਾਰਾਜ ਜੀ ਆਪ ਜੀ ਸਾਡੇ ਖੇਤਾਂ ਵਿੱਚ ਚਰਨ ਪਾਉ ਅਤੇ **ਟਿਊਬਵੈੱਲ** ਲਗਾਉਣ ਦਾ ਸ਼ੁੱਭ ਸਮਾਂ ਦੱਸੋ ਜੀ।ਫਿਰ ਸਤਿਗੁਰੂ ਹਰੀ ਦਾਸ ਮਹਾਰਾਜ ਜੀ ਨੇ ਵਚਨ ਕੀਤਾ, "ਅਸੀਂ ਤੁਹਾਡੇ ਨਾਲ ਹਾਂ, ਤੁਸੀਂ ਅੱਜ ਤੋਂ ਅੱਠਵੇਂ ਦਿਨ 11ਵਜੇ **ਟਿਊਬਵੈੱਲ** ਦਾ ਬੋਰ ਸ਼ੁਰੂ ਕਰਨਾ ਹੈ"।

ਫਿਰ ਜਿਸ ਦਿਨ ਬੋਰ ਸ਼ੁਰੂ ਕਰਨਾ ਸੀ ਤਾਂ ਸ਼੍ਰੀ ਸਾਧੂ ਰਾਮ ਜੀ ਸਤਿਗੁਰੂ ਹਰੀ ਦਾਸ ਮਹਾਰਾਜ ਜੀ ਨੂੰ ਟਿਊਬਵੈੱਲ ਦੀ ਅਰਦਾਸ ਕਰਨ ਲਈ ਆਪਣੇ ਪਿੰਡ ਰਮਦਾਸ ਪੁਰ ਵਿਖੇ ਹੀ ਖੇਤਾਂ ਵੱਲ ਨੂੰ ਲੈ ਗਏ।ਉਸ ਸਮੇਂ ਪਿੰਡ ਦੀਆਂ ਅਤੇ ਬਾਹਰਲੀਆਂ ਵੀ ਕਾਫੀ ਸੰਗਤਾਂ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਈਆਂ ਹੋਈਆਂ ਸਨ।ਜਦੋਂ ਮਹਾਰਾਜ ਜੀ ਗੱਡੀ ਵਿੱਚੋਂ ਉੱਤਰੇ ਤਾਂ ਸੜਕ ਦੇ ਨਾਲ ਲੱਗਦੇ ਖੇਤਾਂ ਨੂੰ ਵੇਖ ਕੇ ਮਹਾਰਾਜ ਜੀ ਨੇ ਕਿਹਾ, "ਇਹ ਜ਼ਮੀਨ ਕਿਸ ਦੀ ਹੈ" ? ਤਾਂ ਸਾਧੂ ਰਾਮ ਨੇ ਕਿਹਾ ਮਹਾਰਾਜ ਜੀ "ਮੇਰੀ ਜ਼ਮੀਨ ਤਾਂ ਅੱਗੇ ਹੈ ਆਪਾਂ ਅਗਲੇ ਪਲਾਟ ਵਿਚ ਚਲਣਾ ਹੈ"।ਮਹਾਰਾਜ ਜੀ ਨੇ ਫਿਰ ਖੂੰਡਾ ਜ਼ਮੀਨ ਵਿੱਚ ਮਾਰ ਕੇ ਕਿਹਾ, "ਸਾਧੂ ਰਾਮ ਇਹ ਵੀ ਜ਼ਮੀਨ ਅੱਜ ਤੋਂ ਤੇਰੀ ਹੈ"। ਸਾਧੂ ਰਾਮ ਜੀ ਨੇ ਕਿਹਾ, "ਮਹਾਰਾਜ ਜੀ ਜੇਕਰ ਆਪ ਜੀ ਨੇ ਬਖ਼ਸ਼ਿਸ਼ ਕੀਤੀ ਹੈ ਤਾਂ ਮੈਂ ਇਹ ਜ਼ਮੀਨ ਉਸ ਕੋਲੋਂ ਲੈ ਲਵਾਂਗਾ ਜਿਸ ਦੀ ਇਹ ਜ਼ਮੀਨ ਹੈ"।

ਫਿਰ ਮਹਾਰਾਜ ਜੀ ਸ਼੍ਰੀ ਸਾਧੂ ਰਾਮ ਜੀ ਦੇ ਪਲਾਟ ਵਿਚ ਗਏ ਅਤੇ ਅਰਦਾਸ ਕਰਨ ਤੋਂ ਬਾਅਦ ਵਾਪਸ ਡੇਰੇ ਪਰਤ ਆਏ।ਫਿਰ ਜਦੋਂ ਸ਼੍ਰੀ ਸਾਧੂ ਰਾਮ ਜੀ ਜਿਸ ਦੀ ਉਹ ਜ਼ਮੀਨ ਸੀ ਉਸ ਪਾਸ ਗਏ ਅਤੇ ਉਸ ਨੂੰ ਜ਼ਮੀਨ ਖਰੀਦਣ ਵਾਸਤੇ ਕਿਹਾ ਤਾਂ ਉਸ ਆਦਮੀ ਨੇ ਜਿਸ ਦੀ ਉਹ ਜ਼ਮੀਨ ਸੀ ਜ਼ਮੀਨ ਵੇਚਣ ਤੋਂ ਕੋਈ ਮੁਨਕਰ ਨਾ ਕੀਤਾ ਅਤੇ ਉਸੇ ਦਿਨ ਹੀ ਜ਼ਮੀਨ ਦੀ ਰਜਿਸਟਰੀ ਸ਼੍ਰੀ ਸਾਧੂ ਰਾਮ ਜੀ ਨੂੰ ਕਰਵਾ ਦਿੱਤੀ।ਬਾਣੀ ਦਾ ਫਰਮਾਨ ਹੈ।

## ਸਾਖੀ 234

## 'ਇੱਥੇ ਕੋਠੀਆਂ ਪੈਣਗੀਆਂ'

ਸੂਬੇਦਾਰ ਸੋਹਣ ਸਿੰਘ ਪਿੰਡ ਚਮਿਆਰਾ (ਜਲਧੰਰ) ਦੇ ਵਾਸੀ ਹਨ ਅਤੇ ਇਹ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਅਨਿਨ ਭਗਤ ਸਨ। ਅੱਜ ਵੀ ਡੇਰੇ ਨਾਲ ਅਥਾਹ ਸ਼ਰਧਾ ਰੱਖਦੇ ਹਨ। ਉਹ ਦੱਸਦੇ ਹਨ ਕਿ ਮਹਾਰਾਜ ਜੀ ਨੇ ਕਸ਼ਟਾਂ ਸਮੇਂ ਅਨੇਕਾ ਵਾਰ ਅੰਗ ਸੰਗ ਸਹਾਈ ਹੋ ਕੇ ਉਹਨਾਂ ਦੀ ਰੱਖਿਆ ਕੀਤੀ।

ਸੋਹਣ ਸਿੰਘ ਜੀ ਦੱਸਦੇ ਹਨ ਇਕ ਵਾਰੀ ਅਸੀਂ ਸਤਿਸੰਗ ਕਰਵਾਇਆ ਅਤੇ ਮਹਾਰਾਜ ਜੀ ਦੇ ਸਤਿਸੰਗ ਤੇ ਗ੍ਰਹਿ ਵਿਖੇ ਚਰਨ ਪਵਾਏ। ਪ੍ਰਸ਼ਾਦਾ ਛੱਕਣ ਉਪਰੰਤ ਮਹਾਰਾਜ ਜੀ ਨੇ ਕਿਹਾ ਕਿ "ਅਸੀਂ ਆਪਣੇ ਸੇਵਕਾਂ ਨੂੰ ਮਿਲਣ ਪਿੰਡ ਖੋਜੇਵਾਲ ਜਾਣਾ ਹੈ"। ਅਸੀਂ ਕਿਹਾ ਮਹਾਰਾਜ ਜੀ ਅਸੀਂ ਆਪ ਜੀ ਨੂੰ ਖੋਜੇਵਾਲ ਛੱਡ ਆਉਂਦੇ ਹਾਂ, ਪਰ ਮਹਾਰਾਜ ਜੀ ਨੇ ਕਿਹਾ ਕਿ ਨਹੀਂ ਅਸੀਂ ਖੁਦ ਹੀ ਚਲੇ ਜਾਵਾਂਗੇ। ਇਸ ਤੋਂ ਬਾਅਦ ਮੈਂ ਅਤੇ ਮੇਰਾ ਭਾਈ ਮਹਾਰਾਜ ਜੀ ਨੂੰ ਫਿਰਨੀ ਤੱਕ ਛੱਡਣ ਆਏ ਪਰ ਮਹਾਰਾਜ ਜੀ ਨੇ ਸਾਨੂੰ ਫਿਰਨੀ ਤੋਂ ਹੀ ਮੁੜ ਜਾਣ ਦਾ ਹੁਕਮ ਕੀਤਾ। ਅਸੀਂ ਪਿੱਛੇ ਮੁੜ ਪਏ, ਜਦੋਂ ਦੁਬਾਰਾ ਪਿੱਛੇ ਮੁੜ ਕੇ ਦੇਖਿਆ ਤਾਂ ਮਹਾਰਾਜ ਜੀ ਅਲੋਪ ਹੋ ਗਏ।

ਦੂਜੇ ਸਾਲ ਅਸੀਂ (ਸੋਹਣ ਸਿੰਘ) ਸਤਿਸੰਗ ਕਰਵਾਇਆ ਤੇ ਮਹਾਰਾਜ ਜੀ ਨੂੰ ਆਉਣ ਦੀ ਬੇਨਤੀ ਕੀਤੀ। ਸਤਿਸੰਗ ਕਰਨ ਤੋਂ ਬਾਅਦ ਮਹਾਰਾਜ ਜੀ ਨੇ ਪ੍ਰਸ਼ਾਦਾ ਛਕਿਆ। ਫਿਰ ਤਾਇਆ ਜੀ ਨੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ ਆਪ ਸਾਡੀ ਜ਼ਮੀਨ ਤੇ ਵੀ ਚਰਨ ਪਾ ਦਿਉ ਜੀ। ਮਹਾਰਾਜ ਜੀ ਨੇ ਬੇਨਤੀ ਪ੍ਰਵਾਨ ਕਰ ਲਈ। ਉਸ ਵੇਲੇ ਅਸੀਂ ਠੇਕੇ ਤੇ ਜ਼ਮੀਨ ਲੈ ਕੇ ਮੂੰਗਫਲੀ, ਰੂਵਾਂਗੀ ਆਦਿ ਬੀਜਦੇ ਹੁੰਦੇ ਸੀ। ਗਰੀਬੀ ਬਹੁਤ ਜ਼ਿਆਦਾ ਸੀ। ਜਦੋਂ ਮਹਾਰਾਜ ਜੀ ਖੇਤਾਂ ਵਿਚ ਪੁੱਜੇ ਤਾਂ ਮਹਾਰਾਜ ਜੀ ਨੇ ਕਿਹਾ, "ਇੱਥੋਂ ਤੁਹਾਨੂੰ ਕੀ ਬਚਦਾ ਹੋਵੇਗਾ ਬਈ, ਇੱਥੇ ਤਾਂ ਬਹੁਤ ਮਾੜ੍ਹੀ ਫ਼ਸਲ ਹੈ"। ਫਿਰ ਮਹਾਰਾਜ ਜੀ ਨੇ ਚਲਦੀ ਹੋਈ ਬੰਬੀ ਤੋਂ ਪਾਣੀ ਦਾ ਚੂਲਾ ਭਰ ਕੇ ਸੂਰਜ ਵੱਲ ਸੁੱਟਿਆ ਅਤੇ ਤਿੰਨ ਵਾਰ ਜ਼ਮੀਨ ਤੇ ਪੈਰ ਮਾਰ ਕੇ ਕਿਹਾ, "ਇਹ ਜ਼ਮੀਨ ਅੱਜ ਤੋਂ ਤੁਹਾਡੀ ਹੈ"। ਮਹਾਰਾਜ ਜੀ ਦੇ ਇਹਨਾਂ ਵਚਨਾਂ ਤੋਂ ਉਪਰੰਤ ਕੋਈ 6 ਕੁ ਮਹੀਨੇ ਬਾਅਦ ਉਹਨਾਂ 7 ਏਕੜ ਦੀ ਰਜਿਸਟਰੀ ਸਾਡੇ ਨਾਂ ਹੋ ਗਈ ਪਤਾ ਨਹੀਂ ਮਹਾਰਾਜ ਜੀ ਦੀ ਕਿਰਪਾ ਨਾਲ ਕਿੱਥੋਂ ਸਾਡੇ ਕੋਲ ਪੈਸੇ ਆ ਗਏ।

ਤੀਜੇ ਸਾਲ ਅਸੀਂ ਫਿਰ ਸਤਿਸੰਗ ਕਰਵਾਇਆ, ਮਹਾਰਾਜ ਜੀ ਨੂੰ ਗ੍ਰਹਿ ਵਿਖੇ ਚਰਨ ਪਾਉਣ ਵਾਸਤੇ ਬੇਨਤੀ ਕੀਤੀ। ਅਸੀਂ ਸਾਰਾ ਟੱਬਰ ਇੱਕਠਾ ਹੀ ਰਹਿੰਦਾ ਸੀ। ਸਤਿਸੰਗ ਤੋਂ ਬਾਅਦ ਮਹਾਰਾਜ ਜੀ ਨੇ ਸਾਡਾ ਵਿਹੜਾ ਘੁੰਮ ਕੇ ਵੇਖਿਆ ਅਤੇ ਤਿੰਨ

ਵਾਰ ਜ਼ਮੀਨ ਤੇ ਪੈਰ ਮਾਰ ਕੇ ਵਚਨ ਕੀਤੇ, "ਇੱਥੇ ਕੋਠੀਆਂ ਪੈਣਗੀਆਂ"।

ਅੱਜ ਸਾਨੂੰ ਸਤਿਗੁਰੂ ਮਾਲਕ ਸਰਵਣ ਦਾਸ ਜੀ ਨੇ ਕੋਈ ਕਮੀ ਨਹੀਂ ਰਹਿਣ ਦਿਤੀ ਅਤੇ ਉਸ ਜਗ੍ਹਾ ਤੇ ਅੱਜ ਮਹਾਰਾਜ ਜੀ ਦੀ ਕਿਰਪਾ ਨਾਲ ਸਾਡੀਆਂ ਸਾਰੇ ਭਰਾਵਾਂ ਦੀਆਂ ਆਪਣੀਆਂ-ਆਪਣੀਆਂ ਕੋਠੀਆਂ ਪਈਆਂ ਹੋਈਆਂ ਹਨ।

## ਸਾਖੀ 235

## ਤੁਹਾਡਾ ਉਹ ਕੰਮ ਤਾਂ ਹੋ ਜਾਣਾ ਚਾਹੀਦਾ ਸੀ।

ਸ਼੍ਰੀ ਪੂਰਨ ਚੰਦ ਮਡਾਰ ਪੁੱਤਰ ਸ਼੍ਰੀ ਭੁੱਲਾ ਰਾਮ ਬਿਆਸ ਪਿੰਡ (ਜਲੰਧਰ) ਜੀ ਦੀ ਸੁਪਤਨੀ ਸ਼੍ਰੀਮਤੀ ਰਾਜ ਕੌਰ ਜੀ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਸੇਵਕ ਹਨ। ਇਹਨਾਂ ਨੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਪਾਸ ਬਹੁਤ ਸਮਾਂ ਡੇਰੇ ਵਿਖੇ ਰਹਿ ਕੇ ਸੇਵਾ ਕਰਦਿਆਂ ਬਿਤਾਇਆ। ਲਗਭਗ ਪਿੱਛਲੇ 20 ਵਰ੍ਹਿਆਂ ਤੋਂ ਸ਼੍ਰੀ ਪੂਰਨ ਮਡਾਰ ਜੀ ਆਪਣੇ ਪਰਿਵਾਰ ਸਮੇਤ ਅਮਰੀਕਾ ਵਿਚ ਰਹਿ ਰਹੇ ਹਨ। ਸ਼੍ਰੀ ਪੂਰਨ ਚੰਦ ਜੀ ਅਤੇ ਸ਼੍ਰੀਮਤੀ ਰਾਜ ਕੌਰ ਜੀ ਦੱਸਦੇ ਹਨ ਕਿ ਸਤਿਗੁਰੂ ਸਵਾਮੀ ਸਰਵਨ ਦਾਸ ਮਹਾਰਾਜ ਜੀ ਦੀ ਮਹਿਮਾਂ ਤਾਂ ਬਿਆਨ ਹੀ ਨਹੀਂ ਕੀਤੀ ਜਾ ਸਕਦੀ।

ਸ਼੍ਰੀ ਪੂਰਨ ਚੰਦ ਮਡਾਰ ਅਤੇ ਉਹਨਾਂ ਦੇ ਪਰਿਵਾਰ ਨੇ ਜੋ ਸਮਾਂ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਦੇ ਚਰਨਾਂ ਵਿੱਚ ਬਤੀਤ ਕੀਤਾ। ਉਸ ਸਮੇਂ ਉਹਨਾਂ ਦੇ ਨਾਲ ਜੋ ਘਟਨਾਵਾਂ ਵਾਪਰੀਆਂ ਅਤੇ ਜਿਹੜੇ ਕੌਤਕ ਉਹਨਾਂ ਨੇ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਦੇਖੇ ਅਤੇ ਜੋ ਕਿਰਪਾ ਉਹਨਾਂ ਤੇ ਹੋਈ ਉਸ ਸਮੇਂ ਦੀਆਂ ਅਭੁੱਲ ਯਾਦਾਂ ਦਾ ਵਰਣਨ ਉਹਨਾਂ ਨੇ ਇਸ ਪ੍ਰਕਾਰ ਕੀਤਾ ਹੈ।

ਸ਼੍ਰੀ ਪੂਰਨ ਚੰਦ ਮਡਾਰ ਜੀ ਦੱਸਦੇ ਹਨ ਕਿ ਜਦੋਂ ਉਹ ਪਿੰਡ ਰਹਿੰਦੇ ਸਨ ਤਾਂ ਪੜ੍ਹਾਈ ਤੋਂ ਬਾਅਦ ਜਦੋਂ ਉਹਨਾਂ ਨੇ ਨੌਕਰੀ ਦੀ ਤਲਾਸ਼ ਕੀਤੀ ਤਾਂ ਸਤਿਗੁਰਾਂ ਦੀ ਕਿਰਪਾ ਨਾਲ ਉਹਨਾਂ ਨੂੰ ਨੌਕਰੀ ਮਿਲ ਗਈ। ਦਿੱਲੀ ਵਿਖੇ ਸਰਵਿਸ ਕਰਦੇ ਸਮੇਂ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਦੀ ਕਿਰਪਾ ਨਾਲ ਉਹਨਾਂ ਨੂੰ ਡਾ. ਭੀਮ ਰਾਓ ਅੰਬੇਡਕਰ ਜੀ ਨਾਲ ਮਿਲਣ ਦਾ ਸੁਭਾਗ ਵੀ ਪ੍ਰਾਪਤ ਹੋਇਆ ਅਤੇ ਉਹ ਬਹੁਤ ਚਿਰ ਉਹਨਾਂ ਦੇ ਸੰਪਰਕ ਵਿਚ ਰਹੇ। ਉਸ ਸਮੇਂ ਡਾ. ਸਾਹਿਬ ਜੀ ਨੇ ਰਿਜ਼ਰਵੇਸ਼ਨ ਪੂਰੀ ਕਰਨ ਦੀ ਮੁਹਿੰਮ ਚਲਾਈ ਅਤੇ ਸ਼੍ਰੀ ਮਡਾਰ ਸਾਹਿਬ ਜੀ ਦੇ ਦਫ਼ਤਰ ਵਿਖੇ ਵੀ ਇਸ ਸੰਬੰਧ ਵਿਚ ਬਾਵਾ ਸਾਹਿਬ ਜੀ ਦਾ ਪੱਤਰ ਆਇਆ ਅਤੇ ਸ਼੍ਰੀ ਮਡਾਰ ਜੀ ਨੇ ਵੀ ਆਪਣੇ ਹੋਰ ਸਾਥੀ ਕਰਮਚਾਰੀਆਂ ਨਾਲ ਆਪਣੀ ਰਿਜ਼ਰਵੇਸ਼ਨ ਦੀ ਪ੍ਰਮੋਸ਼ਨ ਦਾ ਕੰਮ ਕਰ ਦਿੱਤਾ। ਇਹ ਕੰਮ 5 ਸਾਲ ਤੱਕ ਚਲਦਾ ਰਿਹਾ।

ਇਸ ਬਾਰੇ ਉਹਨਾਂ ਨੇ ਮਹਾਰਾਜ ਜੀ ਨੂੰ ਵੀ ਦੱਸਿਆ ਹੋਇਆ ਸੀ। ਫਿਰ ਇੱਕ ਵਾਰੀ ਦਿੱਲੀ ਤੋਂ ਉਹ ਪੰਜਾਬ ਆਏ ਅਤੇ ਆ ਕੇ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਏ। ਮਹਾਰਾਜ ਜੀ ਨੇ ਉਹਨਾਂ ਦਾ ਹਾਲ ਚਾਲ ਪੁੱਛਿਆ ਅਤੇ ਨਾਲ ਹੀ ਮਹਾਰਾਜ ਜੀ ਕਹਿਣ ਲੱਗੇ, "ਤੁਹਾਡੇ ਕੇਸ ਦਾ ਕੀ ਬਣਿਆ ਬਈ" ਤਾਂ ਸ਼੍ਰੀ ਮਡਾਰ ਜੀ ਨੇ ਉੱਤਰ ਦਿਤਾ, "ਮਹਾਰਾਜ ਜੀ ਉਹ ਕੇਸ ਹਾਲੇ ਤੱਕ ਚੱਲ ਰਿਹਾ ਹੈ" ਤਾਂ ਮਹਾਰਾਜ ਜੀ ਨੇ ਜਵਾਬ ਦਿੱਤਾ, "ਤੁਹਾਡਾ ਉਹ ਕੇਸ ਤਾਂ ਹੋ ਜਾਣਾ ਚਾਹੀਦਾ ਸੀ, ਮੈਂ ਅਜੇ ਪਰਸੋ ਤਾਂ ਉੱਥੇ ਗਿਆ ਸੀ"। ਇਹ ਸੁਣ ਕੇ ਮਡਾਰ ਸਾਹਿਬ ਜੀ ਹੈਰਾਨ ਹੋਏ ਕਿ ਮਹਾਰਾਜ ਜੀ ਤਾਂ ਦਿੱਲੀ ਗਏ ਹੀ ਨਹੀਂ ਤੇ ਸਾਨੂੰ ਕਹਿ ਰਹੇ ਹਨ ਕਿ ਅਸੀਂ ਪਰਸੋ ਦਿੱਲੀ ਗਏ ਸੀ। ਫਿਰ ਮਹਾਰਾਜ ਜੀ ਨੇ ਮਡਾਰ ਜੀ ਨੂੰ ਪੁੱਛਿਆ ਤੁਸੀਂ ਹੁਣ ਦਿੱਲੀ ਕਦੋਂ ਜਾਣਾ ਹੈ ਤਾਂ ਮਡਾਰ ਜੀ ਨੇ ਦੱਸਿਆ ਕਿ ਮੈਂ ਪਰਸੋਂ ਨੂੰ ਦਿੱਲੀ ਚਲੇ ਜਾਣਾ ਹੈ ਤਾਂ ਮਹਾਰਾਜ ਜੀ ਨੇ ਕਿਹਾ, "ਠੀਕ ਹੈ ਤੇਰਾ ਕੰਮ ਹੋ ਜਾਵੇਗਾ, ਤੁਸੀਂ ਚਲੇ ਜਾਣਾ, ਪਰ ਤੁਸੀਂ ਸਾਡੇ ਕੋਲੋ ਹੋ ਕੇ ਜਾਣਾ"।

ਫਿਰ ਜਦੋਂ ਮਡਾਰ ਜੀ ਦਿੱਲੀ ਪਹੁੰਚੇ ਤੇ ਆਪਣੇ ਦਫ਼ਤਰ ਵਿੱਚ ਗਏ ਤਾਂ ਉਹਨਾਂ ਦੇ ਮੇਜ਼ ਦੇ ਉੱਤੇ ਉਹਨਾਂ ਦਾ ਪ੍ਰੋਮੋਸ਼ਨ ਪੱਤਰ ਪਿਆ ਸੀ। ਜਿਸ ਵਿੱਚ ਲਿਖਿਆ ਸੀ ਕਿ ਉਹਨਾਂ ਨੂੰ ਪ੍ਰੋਗਰੈਸ ਅਫ਼ਸਰ ਬਣਾ ਦਿੱਤਾ ਗਿਆ ਹੈ। ਸ਼੍ਰੀ ਮਡਾਰ ਜੀ ਇਹ ਕੌਤਕ ਦੇਖ ਬੜੇ ਹੈਰਾਨ ਹੋਏ। ਜੋ ਉਹਨਾਂ ਨੂੰ ਪ੍ਰੋਮੋਸ਼ਨ ਮਿਲਣੀ ਸੀ ਉਸ ਤੋਂ ਵੀ ਉੱਪਰ ਦੀ ਤੱਰਕੀ ਉਹਨਾਂ ਨੂੰ ਮਿਲ ਗਈ ਸੀ। ਇਹ ਸਭ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੀ ਕਿਰਪਾ ਨਾਲ ਹੋਇਆ ਸੀ।

## ਸਾਖੀ 236

## 'ਬਾਬਾ ਸਾਵਨ ਸਿੰਘ ਡੇਰਾ ਬਿਆਸ ਜੀ ਦਾ ਜੋਤੀ-ਜੋਤਿ ਸਮਾਉਣਾ'।

ਇੱਕ ਵਾਰੀ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਸ਼੍ਰੀ ਮਡਾਰ ਜੀ ਦੀ ਬੇਨਤੀ ਤੇ ਦਿੱਲੀ ਵਿਖੇ ਗਏ। ਮਡਾਰ ਜੀ ਨੇ ਗ੍ਰਹਿ ਵਿਖੇ ਚਰਨ ਪਵਾਉਣ ਦੇ ਸੰਬੰਧ ਵਿਚ ਤਾਂ ਮਹਾਰਾਜ ਜੀ ਨੂੰ ਦਿੱਲੀ ਬੁਲਾਇਆ ਸੀ। ਮਹਾਰਾਜ ਜੀ ਨੇ ਮਡਾਰ ਜੀ ਨੂੰ ਪੁੱਛਿਆ, "ਆਪਣੇ ਪੰਜਾਬ ਦਾ ਕੋਈ ਹੋਰ ਵੀ ਨੇੜੇ ਰਹਿੰਦਾ ਹੈ" ? ਮਡਾਰ ਜੀ ਨੇ ਦੱਸਿਆ ਕਿ ਉਹਨਾਂ ਦੇ ਗੁਆਂਢ ਵਿੱਚ ਸ਼੍ਰੀ ਕਰਮ ਚੰਦ ਅਤੇ ਸ਼੍ਰੀ ਅਮਰ ਚੰਦ ਜੀ ਆਪਣੇ ਪਰਿਵਾਰਾਂ ਸਮੇਤ ਰਹਿੰਦੇ ਹਨ ਤਾਂ ਮਹਾਰਾਜ ਜੀ ਨੇ ਕਿਹਾ ਕਿ ਉਹਨਾਂ ਨੂੰ ਬੁਲਾ ਕੇ ਲਿਆਓ। ਜਦੋਂ ਉਹ ਸ਼੍ਰੀ ਮਡਾਰ ਜੀ ਦੇ ਗ੍ਰਹਿ ਵਿਖੇ ਆਏ, ਉਹਨਾਂ ਦੀ ਮਹਾਰਾਜ ਜੀ ਨਾਲ ਗੱਲ ਬਾਤ ਹੋਈ ਤਾਂ ਉਹਨਾਂ ਨੇ ਮਹਾਰਾਜ ਜੀ ਨੂੰ ਦੱਸਿਆ ਕਿ

ਉਹ ਬਿਆਸ ਵਾਲੇ ਸੰਤ ਬਾਬਾ ਸਾਵਨ ਸਿੰਘ ਜੀ ਦੇ ਸਤਿਸੰਗੀ ਹਨ ਤਾਂ ਮਹਾਰਾਜ ਜੀ ਨੇ ਉਹਨਾਂ ਨੂੰ ਕਿਹਾ, "ਤੁਹਾਨੂੰ ਤਾਂ ਅੱਜ ਉੱਥੇ (ਬਿਆਸ) ਹੋਣਾ ਚਾਹੀਦਾ ਸੀ" ਉਹਨਾਂ ਨੇ ਮਹਾਰਾਜ ਜੀ ਨੂੰ ਪੁੱਛਿਆ ਕਿ ਅੱਜ ਕੀ ਖਾਸ ਗੱਲ ਹੈ ਕਿ ਜਿਹੜਾ ਸਾਨੂੰ ਉੱਥੇ ਹੋਣਾ ਚਾਹੀਦਾ ਸੀ ਤਾਂ ਮਹਾਰਾਜ ਸਰਵਣ ਦਾਸ ਜੀ ਨੇ ਉੱਤਰ ਦਿੱਤਾ, "ਅੱਜ ਬਾਬਾ ਸਾਵਨ ਸਿੰਘ ਜੀ ਚੜ੍ਹਾਈ ਕਰ ਗਏ ਹਨ" । ਇਸ ਸਮੇਂ ਤੋਂ ਠੀਕ ਅੱਧੇ ਕੁ ਘੰਟੇ ਬਾਅਦ ਹੀ ਬਾਬਾ ਸਾਵਨ ਸਿੰਘ ਜੀ ਦਾ ਕੋਈ ਸ਼ਰਧਾਲੂ ਜੋ ਦਿੱਲੀ ਵਿਖੇ ਰਹਿੰਦਾ ਸੀ। ਉਸ ਨੇ ਆ ਕੇ ਉਹਨਾਂ ਨੂੰ ਖ਼ਬਰ ਦਿਤੀ ਕਿ ਮਹਾਰਾਜ ਸਾਵਨ ਸਿੰਘ ਜੀ ਚੜ੍ਹਾਈ ਕਰ ਗਏ।

ਜਿਸ ਸਮੇਂ ਮਹਾਰਾਜ ਜੀ ਨੇ ਉਹਨਾਂ ਸਤਿਸੰਗੀਆਂ ਨੂੰ ਇਹ ਕਿਹਾ ਸੀ ਕਿ "ਤੁਹਾਨੂੰ ਉੱਥੇ ਹੋਣਾ ਚਾਹੀਦਾ ਹੈ"। ਇਹ ਉਹ ਹੀ ਸਮਾਂ ਸੀ ਜਦੋਂ ਬਾਬਾ ਸਾਵਨ ਸਿੰਘ ਜੀ ਬ੍ਰਹਮਲੀਨ ਹੋਏ।

## ਸਾਖੀ 237

## ਜਾਹ ਬਿਆਸ ਚਲਾ ਜਾ।

ਸ਼੍ਰੀ ਪੂਰਨ ਮਡਾਰ ਜੀ ਦੇ ਵੱਡੇ ਭਾਈ ਸ਼੍ਰੀ ਸ਼ਰਧਾ ਰਾਮ ਮਡਾਰ ਜੀ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਦੇ ਬਹੁਤ ਸ਼ਰਧਾਲੂ ਸਨ। ਉਹ ਡੇਰੇ ਵਿਖੇ ਆ ਕੇ ਬਹੁਤ ਸੇਵਾ ਕਰਿਆ ਕਰਦੇ ਸਨ। ਉਹਨਾਂ ਨੇ ਮਹਾਰਾਜ ਜੀ ਕੋਲ ਕਈ ਵਾਰ ਨਾਮ ਦੀ ਦਾਤ ਬਖ਼ਸ਼ਿਸ਼ ਕਰਨ ਲਈ ਬੇਨਤੀ ਕੀਤੀ। ਪਰ ਮਹਾਰਾਜ ਜੀ ਨੇ ਹਰ ਵਾਰ ਉਹਨਾਂ ਨੂੰ ਮਨ੍ਹਾਂ ਕਰ ਦਿੱਤਾ।

ਇੱਕ ਦਿਨ ਸ਼ਰਧਾ ਰਾਮ ਜੀ ਦਿਲ ਵਿੱਚ ਇਹ ਪੂਰੀ ਤਰ੍ਹਾਂ ਧਾਰ ਕੇ ਘਰੋਂ ਡੇਰੇ ਵੱਲ ਤੁਰ ਪਏ ਕਿ ਅੱਜ ਮੈਂ ਮਹਾਰਾਜ ਜੀ ਪਾਸੋਂ ਨਾਮ ਦਾਨ ਜ਼ਰੂਰ ਪ੍ਰਾਪਤ ਕਰਨਾ ਹੈ। ਜਦੋਂ ਉਹ ਡੇਰੇ ਪਹੁੰਚੇ ਤਾਂ ਉਹਨਾਂ ਨੇ ਮਹਾਰਾਜ ਜੀ ਪਾਸ ਫਿਰ ਨਾਮ ਦਾਨ ਵਾਸਤੇ ਬੇਨਤੀ ਕੀਤੀ ਤਾਂ ਮਹਾਰਾਜ ਜੀ ਨੇ ਉਹਨਾਂ ਨੂੰ ਫਿਰ ਮਨ੍ਹਾਂ ਕਰ ਦਿੱਤਾ। ਪਰ ਸ਼ਰਧਾ ਰਾਮ ਜੀ ਵੀ ਪੂਰੀ ਤਰ੍ਹਾਂ ਦਿਲ ਵਿਚ ਧਾਰ ਕੇ ਆਏ ਸਨ ਕਿ ਮੈਂ ਅੱਜ ਨਾਮ ਦਾਨ ਲੈ ਕੇ ਹੀ ਜਾਣਾ ਹੈ ਤੇ ਉਹਨਾਂ ਨੇ ਮਹਾਰਾਜ ਜੀ ਨੂੰ ਫਿਰ ਪੁੱਛਿਆ ਕਿ 'ਤੁਸੀਂ ਮੈਨੂੰ ਨਾਮ ਦੀ ਦਾਤ ਕਿਉਂ ਨਹੀਂ ਬਖਸ਼ਦੇ'? ਤਾਂ ਮਹਾਰਾਜ ਜੀ ਨੇ ਉੱਤਰ ਦਿੱਤਾ ਕਿ ਤੂੰ ਸਿੱਧਾ ਬਿਆਸ ਚਲਾ ਜਾ ਤੈਨੂੰ ਉਥੋਂ ਹੀ ਨਾਮ ਦਾਨ ਮਿਲਣਾ ਹੈ ਤਾਂ ਸ਼ਰਧਾ ਰਾਮ ਨੇ ਕਿਹਾ ਕਿ ਉੱਥੇ ਤਾਂ ਪਹਿਲਾਂ ਸਤਿਸੰਗ ਸੁਣਨਾ ਪੈਂਦਾ ਹੈ ਅਤੇ ਫਿਰ ਨਾਮ ਦੀ ਦਾਤ ਮਿਲਦੀ ਹੈ ਮੈਂ ਤਾਂ ਉੱਥੇ ਕਦੀ ਸਤਿਸੰਗ ਸੁਣਿਆ ਹੀ ਨਹੀਂ ਤੇ ਨਾ ਹੀ ਮੈਂ ਕਦੇ ਉੱਥੇ ਗਿਆ ਈ। ਮੈਨੂੰ ਉਥੋਂ ਕਿੱਦਾ ਇਕ ਦਮ ਨਾਮ ਦੀ ਦਾਤ ਮਿਲ ਜਾਵੇਗੀ ਤਾਂ ਮਹਾਰਾਜ ਜੀ ਨੇ ਉੱਤਰ

ਦਿੱਤਾ, 'ਤੈਨੂੰ ਉਹਨਾਂ ਨੇ ਕੁਝ ਵੀ ਨਹੀਂ ਪੁੱਛਣਾ ਤੇ ਤੈਨੂੰ ਉੱਥੋਂ ਨਾਮ ਦੀ ਦਾਤ ਮਿਲ ਜਾਣੀ ਹੈ ਤੇ ਫਿਰ ਮਹਾਰਾਜ ਜੀ ਦੇ ਇਸ ਤਰ੍ਹਾਂ ਕਹਿਣ ਤੇ ਸ਼੍ਰੀ ਸ਼ਰਧਾ ਰਾਮ ਜੀ ਉਸੇ ਵੇਲੇ ਬਿਆਸ ਡੇਰੇ ਨੂੰ ਚਲੇ ਗਏ। ਉੱਥੇ ਉਸ ਸਮੇਂ ਸਤਿਗੁਰੂ ਬਾਬਾ ਚਰਨ ਸਿੰਘ ਜੀ ਗੱਦੀ ਨਸ਼ੀਨ ਸਨ ਤੇ ਸ਼ਰਧਾ ਰਾਮ ਜੀ ਨੂੰ ਉਹਨਾਂ ਪਾਸੋਂ ਉਸੇ ਹੀ ਦਿਨ ਨਾਮ ਦੀ ਦਾਤ ਪ੍ਰਾਪਤ ਹੋ ਗਈ। ਇਸ ਤਰ੍ਹਾਂ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਪਹਿਲਾਂ ਹੀ ਜਾਣਦੇ ਸਨ ਸ਼ਰਧਾ ਰਾਮ ਨੂੰ ਬਿਆਸ ਡੇਰੇ ਤੋਂ ਹੀ ਨਾਮ ਦੀ ਦਾਤ ਮਿਲਣੀ ਹੈ।

## ਸਾਖੀ 238

## ਗੱਡੀ ਉੱਤੋਂ ਦੀ ਲੰਘ ਗਈ।

ਸ਼੍ਰੀ ਪੂਰਨ ਚੰਦ ਜੀ ਦੱਸਦੇ ਹਨ ਕਿ ਉਹਨਾਂ ਦੇ ਪਿੰਡ ਦੇ ਸ਼੍ਰੀ ਪਾਲਾ ਰਾਮ ਮਹਾਰਾਜ ਸਰਵਣ ਦਾਸ ਜੀ ਦੇ ਸੇਵਕ ਸੀ। ਇੱਕ ਵਾਰੀ ਉਹ ਪਿੰਡੋਂ ਬਾਹਰ ਖੇਤਾਂ ਵਿਚੋਂ ਪੱਠੇ ਲੈਣ ਗਿਆ ਹੋਇਆ ਸੀ। ਉਹਨਾਂ ਦੇ ਪਿੰਡ ਵਿੱਚ ਦੀ ਇੱਕ ਗੱਡੀ ਦੀ ਲਾਈਨ ਲੰਘਦੀ ਹੈ। ਜਿਹੜੀ ਕਿ ਪਠਾਨਕੋਟ ਨੂੰ ਜਾਂਦੀ ਹੈ। ਪਾਲਾ ਰਾਮ ਅਚਾਨਕ ਲਾਈਨ ਵਿਚ ਦੀ ਤੁਰਿਆ ਜਾ ਰਿਹਾ ਸੀ। ਉਸ ਨੂੰ ਇਹ ਖਿਆਲ ਹੀ ਨਹੀਂ ਕਿ ਉਹ ਗੱਡੀ ਦੀ ਲਾਈਨ ਵਿਚ ਤੁਰਿਆ ਜਾ ਰਿਹਾ ਹੈ। ਉਸੇ ਸਮੇਂ ਅਚਾਨਕ ਹੀ ਪਿੱਛਿਉਂ ਗੱਡੀ ਵੀ ਆ ਗਈ। ਪਰ ਪਾਲਾ ਰਾਮ ਨੂੰ ਪਤਾ ਹੀ ਨਹੀਂ ਲੱਗਾ ਕਿ ਗੱਡੀ ਉਸ ਦੇ ਉੱਪਰ ਹੀ ਚੜ ਗਈ ਹੈ ਅਚਾਨਕ ਹੀ ਉਸ ਨੂੰ ਲੱਗਾ ਕਿ ਸਵਾਮੀ ਸਰਵਣ ਦਾਸ ਜੀ ਪ੍ਰਗਟ ਹੋਏ ਤੇ ਫੜਕੇ ਉਸਨੂੰ ਲਾਈਨ ਦੇ ਵਿਚਕਾਰ ਲੰਮਾ ਪਾ ਦਿਤਾ ਅਤੇ ਉਸ ਦੇ ਉੱਪਰ ਦੀ ਗੱਡੀ ਲੰਘ ਗਈ। ਇਹ ਕੌਤਕ ਦੇਖ ਕੇ ਪਾਲਾ ਰਾਮ ਬਹੁਤ ਹੈਰਾਨ ਹੋਇਆ ਅਤੇ ਸਤਿਗੁਰਾਂ ਦੀ ਜੈ-ਜੈ ਕਾਰ ਕਰਨ ਲੱਗਾ। ਫਿਰ ਉਹ ਸਿੱਧਾ ਸਵਾਮੀ ਸਰਵਣ ਦਾਸ ਜੀ ਪਾਸ ਪ੍ਰਸ਼ਾਦਿ ਲੈ ਕੇ ਆਇਆ ਅਤੇ ਆ ਕੇ ਮਹਾਰਾਜ ਜੀ ਦੇ ਚਰਨਾਂ ਤੇ ਡਿੱਗ ਪਿਆ ਅਤੇ ਕਹਿਣ ਲੱਗਾ ਮਹਾਰਾਜ ਜੀ ਤੁਸੀਂ ਮੈਨੂੰ ਬਚਾ ਲਿਆ ਤਾਂ ਮਹਾਰਾਜ ਜੀ ਉਸ ਦੀ ਇਹ ਗੱਲ ਸੁਣ ਕੇ ਹੱਸ ਪਏ।

ਇਸੇ ਤਰ੍ਹਾਂ ਇਕ ਵਾਰੀ ਸ਼੍ਰੀ ਪਾਲਾ ਰਾਮ ਜੀ ਬਾਹਰੋਂ ਘਾਹ ਖੋਤ ਰਿਹਾ ਸੀ ਕਿ ਉਸ ਨੂੰ ਇੱਕ ਮਿੱਟੀ ਵਿਚ ਦੱਬਿਆ ਹੋਇਆ ਪੈਸਿਆਂ ਦਾ ਭਰਿਆ ਭਾਂਡਾ ਲੱਭਾ ਤਾਂ ਪਾਲਾ ਰਾਮ ਉਸ ਪੈਸਿਆਂ ਵਾਲੇ ਭਾਂਡੇ ਨੂੰ ਲੈ ਕੇ ਸਿੱਧਾ ਮਹਾਰਾਜ ਜੀ ਕੋਲ ਆ ਗਿਆ ਤੇ ਉਸ ਨੇ ਉਹ ਪੈਸੇ ਮਹਾਰਾਜ ਜੀ ਦੇ ਚਰਨਾਂ ਵਿਚ ਭੇਂਟ ਕਰ ਦਿੱਤੇ ਕਿਉਂਕਿ ਉਸਦੇ ਮਨ ਵਿਚ ਸ਼ਰਧਾ ਹੀ ਇੰਨੀ ਉਤਪੰਨ ਹੋ ਗਈ ਸੀ ਕਿ ਮਹਾਰਾਜ ਜੀ ਨੇ ਉਸ ਦੀ ਜਾਨ ਤਾਂ ਬਚਾਈ ਹੀ ਸੀ ਅਤੇ ਉਸ ਨੂੰ ਇਕ ਝਰੀਟ ਵੀ ਨਹੀਂ ਸੀ ਲੱਗਣ ਦਿੱਤੀ।

## ਸਾਖੀ 239

## ਬਿਮਾਰੀ ਦਾ ਇਲਾਜ।

ਸ਼੍ਰੀ ਪੂਰਨ ਚੰਦ ਮਡਾਰ ਜੀ ਦੱਸਦੇ ਹਨ ਕਿ ਇੱਕ ਵਾਰੀ ਉਹ ਦਿੱਲੀ ਵਿਖੇ ਰਹਿੰਦੇ ਹੋਏ ਬਹੁਤ ਜ਼ਿਆਦਾ ਬਿਮਾਰ ਹੋ ਗਏ। ਇਹ ਗੱਲ 1950 ਈਸਵੀ ਦੀ ਹੈ। ਉਹ ਦੱਸਦੇ ਹਨ ਕਿ ਮੇਰੀ ਬਿਮਾਰੀ ਇੰਨੀ ਜ਼ਿਆਦਾ ਵੱਧ ਗਈ ਸੀ ਕਿ ਮੇਰੇ ਤੋਂ ਕੁਝ ਖਾਧਾ ਪੀਤਾ ਵੀ ਨਹੀਂ ਸੀ ਜਾਂਦਾ ਅਤੇ ਉੱਠ ਬੈਠ ਵੀ ਨਹੀਂ ਸੀ ਹੁੰਦਾ। ਸਭ ਸਪੈਸ਼ਲਿਸਟ ਡਾਕਟਰਾਂ ਕੋਲ ਵੀ ਦਿਖਾਇਆ ਪਰ ਕਿਤਿਓਂ ਵੀ ਅਰਾਮ ਨਾ ਆਇਆ।

ਉਹ ਦੱਸਦੇ ਹਨ ਕਿ ਅਖੀਰ ਥੱਕ ਹਾਰ ਕੇ ਅਸੀਂ ਆਪਣੇ ਪਿੰਡ ਬਿਆਸ ਪਿੰਡ ਆ ਗਏ। ਇੱਥੇ ਸ਼੍ਰੀ ਪੂਰਨ ਚੰਦ ਜੀ ਦੀ ਬਿਮਾਰੀ ਬਾਰੇ ਮਹਾਰਾਜ ਜੀ ਨੂੰ ਦੱਸਿਆ ਤਾਂ ਮਹਾਰਾਜ ਜੀ ਨੇ ਵਚਨ ਕੀਤਾ "ਕਿਤੇ ਨਹੀਂ ਜਾਣਾ, ਤੁਸੀਂ ਉਹਨਾਂ ਨੂੰ ਇੱਥੇ ਲੈ ਆਵੋ"।

ਫਿਰ ਸ਼੍ਰੀ ਪੂਰਨ ਚੰਦ ਜੀ ਨੂੰ ਕੁਟੀਆ ਵਿਖੇ ਮਹਾਰਾਜ ਜੀ ਪਾਸ ਲਿਆਂਦਾ ਗਿਆ। ਸ਼੍ਰੀ ਪੂਰਨ ਚੰਦ ਜੀ ਦੱਸਦੇ ਹਨ ਕਿ ਜਦੋਂ ਮਹਾਰਾਜ ਜੀ ਨੇ ਨਬਜ਼ ਦੇਖਣ ਲਈ ਉਹਨਾਂ ਦੀ ਬਾਂਹ ਫੜੀ ਤਾਂ ਇੰਝ ਮਹਿਸੂਸ ਹੋਇਆ ਕਿ ਜਿਵੇਂ ਉਹਨਾਂ ਵਿਚ ਦੁਬਾਰਾ ਜਾਨ ਪੈ ਗਈ ਹੋਵੇ। ਮਹਾਰਾਜ ਜੀ ਨੇ ਹੁਕਮ ਕੀਤਾ, "ਇੱਕ ਮਿੱਟੀ ਦਾ ਬਰਤਨ ਲੈ ਕੇ ਆਓ"। ਮਹਾਰਾਜ ਜੀ ਦੇ ਹੁਕਮ ਅਨੁਸਾਰ ਬਰਤਨ ਲਿਆਂਦਾ ਗਿਆ। ਫਿਰ ਮਹਾਰਾਜ ਜੀ ਉਸ ਬਰਤਨ ਵਿਚ ਪਾਣੀ ਅਤੇ ਖੁਬ ਕਲਾਂ (ਕੋਈ ਦੇਸੀ ਜੜੀ ਬੂਟੀ) ਅਤੇ ਇਕ ਚਾਂਦੀ ਦਾ ਰੁਪਇਆ ਪਾਇਆ। ਫਿਰ ਉਹ ਪਾਣੀ ਪੂਰਨ ਚੰਦ ਨੂੰ ਪਿਲਾਇਆ। ਉਹ ਪਾਣੀ ਪੀਣ ਨਾਲ ਹੀ ਸ਼੍ਰੀ ਪੂਰਨ ਚੰਦ ਮਡਾਰ ਜੀ ਬਿਲਕੁਲ ਤੰਦਰੁਸਤ ਹੋ ਗਏ ਅਤੇ ਥੋੜ੍ਹੇ ਕੁ ਦਿਨਾਂ ਵਿੱਚ ਹੀ ਉਹਨਾਂ ਦੀ ਪੁਰਾਨੀ ਬਿਮਾਰੀ ਦੂਰ ਹੋ ਗਈ।

ਵਿਸ਼ੇਸ਼ ਮੁਲਾਕਾਤ ਦੌਰਾਨ

ਸ਼੍ਰੀ ਪੂਰਨ ਚੰਦ ਮਡਾਰ ਅਤੇ ਉਹਨਾਂ ਦੀ ਪਤਨੀ ਸ਼੍ਰੀਮਤੀ ਰਾਜ ਕੌਰ ਮਡਾਰ)

## ਸਾਖੀ 240

## ਸਾਲ ਬਾਅਦ ਆਇਓ।

ਸ਼੍ਰੀ ਅਮੀ ਚੰਦ ਪਿੰਡ ਰਾਏਪੁਰ ਜ਼ਿਲ੍ਹਾ ਜਲੰਧਰ ਜਿਹੜੇ ਕਿ ਅੱਜਕੱਲ੍ਹ ਇੰਗਲੈਂਡ ਵਿਖੇ ਰਹਿ ਰਹੇ ਹਨ। ਮਹਾਰਾਜ ਸਆਮੀ ਸਰਵਣ ਦਾਸ ਜੀ ਦੇ ਸ਼ਰਧਾਲੂ

ਹਨ।

ਇਹ ਗੱਲ ਉਸ ਸਮੇਂ ਦੀ ਹੈ ਜਦੋਂ ਸ਼੍ਰੀ ਅਮੀ ਚੰਦ ਇੰਗਲੈਂਡ ਜਾਣ ਤੋਂ ਪਹਿਲਾਂ ਕੁਟੀਆਂ ਵਿਖੇ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਇਆ ਕਰਦੇ ਸਨ ਤੇ ਇਸ ਗੱਲ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਜਾਣੀ ਜਾਣ ਪੂਰਨ ਸੰਤ-ਮਹਾਪੁਰਸ਼ ਜਿਹੜੀ ਗੱਲ ਕਿਸੇ ਨੂੰ ਕਹਿੰਦੇ ਹਨ ਜਾਂ ਕੋਈ ਬਚਨ ਕਰਦੇ ਹਨ ਚਾਹੇ ਉਹ ਗੱਲ ਸਾਲ ਬਾਅਦ ਜਾਂ ਦਸ ਸਾਲ ਬਾਅਦ ਹੋਣੀ ਹੋਵੇ, ਮਹਾਰਾਜ ਜੀ ਨੂੰ ਆਪਣੇ ਕਹੇ ਬਚਨ ਕਦੀ ਵੀ ਭੁੱਲਦੇ ਨਹੀਂ।

ਸ਼੍ਰੀ ਅਮੀ ਚੰਦ ਜੀ ਦੇ ਮਨ ਵਿਚ ਨਾਮ ਦੀ ਦਾਤ ਲੈਣ ਦੀ ਇੱਛਾ ਪੈਦਾ ਹੋਈ। ਉਹਨਾਂ ਨੇ ਸੁਆਮੀ ਸਰਵਣ ਦਾਸ ਜੀ ਦੇ ਚਰਨਾਂ ਵਿਚ ਫ਼ਰਿਆਦ ਕੀਤੀ ਕਿ ਮਹਾਰਾਜ ਜੀ ਮੈਨੂੰ ਨਾਮ ਦੀ ਦਾਤ ਬਖ਼ਸ਼ਿਸ਼ ਕਰੋ। ਉਹਨਾਂ ਦੀ ਇਸ ਫ਼ਰਿਆਦ ਤੇ ਮਹਾਰਾਜ ਜੀ ਨੇ ਬਚਨ ਕੀਤਾ ਕਿ ਤੁਸੀਂ ਸਤਿਨਾਮ ਦਾ ਜਾਪ ਕਰਿਆ ਕਰੋ ਤੇ ਇੱਕ ਸਾਲ ਬਾਅਦ ਤੁਹਾਨੂੰ ਨਾਮ ਦੀ ਦਾਤ ਦੇਵਾਂਗੇ। ਸੋ ਇਸ ਤਰ੍ਹਾਂ ਅਮੀ ਚੰਦ ਜੀ ਮਹਾਰਾਜ ਜੀ ਦੇ ਬਚਨਾਂ ਅਨੁਸਾਰ ਸਤਿਨਾਮ ਦਾ ਜਾਪ ਕਰਨ ਲੱਗੇ। ਪਰ ਸਮੇਂ ਦੇ ਅਨੁਸਾਰ ਉਹ ਇਹ ਸਭ ਭੁੱਲ ਗਏ ਤੇ ਨਾਲ ਹੀ ਇਹ ਵੀ ਭੁੱਲ ਗਏ ਕਿ ਮਹਾਰਾਜ ਜੀ ਨੇ ਇਕ ਸਾਲ ਬਾਅਦ ਆਉਣ ਨੂੰ ਕਿਹਾ ਸੀ ਪਰ ਸੁਆਮੀ ਸਰਵਣ ਦਾਸ ਜੀ ਮਹਾਰਾਜ ਆਪਣਾ ਕੀਤਾ ਬਚਨ ਕਿਵੇਂ ਭੁੱਲ ਸਕਦੇ ਸੀ।

ਸੋ ਜਦੋਂ ਇਕ ਸਾਲ ਪੂਰਾ ਹੋ ਗਿਆ ਤਾਂ ਮਹਾਰਾਜ ਜੀ ਨੇ ਸ਼੍ਰੀ ਅਮੀ ਚੰਦ ਜੀ ਦੇ ਘਰ ਸੁਨੇਹਾ ਭੇਜ ਦਿੱਤਾ ਤੇ ਕੁਟੀਆ ਵਿਚ ਹਾਜ਼ਰ ਹੋਣ ਲਈ ਕਿਹਾ। ਸ਼੍ਰੀ ਅਮੀ ਚੰਦ ਨੂੰ ਯਾਦ ਵੀ ਨਹੀਂ ਸੀ ਕਿ ਮਹਾਰਾਜ ਜੀ ਨੇ ਉਹਨਾਂ ਨੂੰ ਕਿਸ ਵਾਸਤੇ ਸੱਦਿਆ ਹੈ ਤੇ ਜਦੋਂ ਉਹ ਕੁਟੀਆ ਵਿਖੇ ਮਹਾਰਾਜ ਜੀ ਪਾਸ ਆਇਆ ਤਾਂ ਮਹਾਰਾਜ ਜੀ ਨੇ ਉਹਨਾਂ ਨੂੰ ਕਿਹਾ "ਤੁਹਾਨੂੰ ਯਾਦ ਨਹੀਂ ਕਿ ਅਸੀਂ ਤੁਹਾਨੂੰ ਇਕ ਸਾਲ ਬਾਅਦ ਆਉਣ ਵਾਸਤੇ ਕਿਹਾ ਸੀ ਤੇ ਅੱਜ ਤੁਹਾਨੂੰ ਨਾਮ ਦੀ ਦਾਤ ਦੇਣੀ ਹੈ"। ਇਹ ਸੁਣ ਕੇ ਅਮੀ ਚੰਦ ਜੀ ਬਹੁਤ ਹੀ ਹੈਰਾਨ ਹੋਏ। ਉਹਨਾਂ ਨੂੰ ਤਾਂ ਇਹ ਗੱਲ ਚੇਤੇ ਹੀ ਨਹੀਂ ਰਹੀ ਸੀ। ਉਹਨਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤੇ ਉਹ ਮਹਾਰਾਜ ਜੀ ਦੇ ਚਰਨਾਂ ਤੇ ਡਿੱਗ ਪਏ। ਜਿਸ ਦਿਨ ਦੀ ਇਹ ਗੱਲ ਹੈ ਉਸ ਦਿਨ ਉਹਨਾਂ ਨੂੰ ਪੂਰਾ ਇੱਕ ਹੀ ਸਾਲ ਹੋਇਆ ਸੀ। ਜਦੋਂ ਪਿੱਛਲੇ ਸਾਲ ਉਹਨਾਂ ਨੂੰ ਮਹਾਰਾਜ ਜੀ ਪਾਸੋਂ ਨਾਮ ਦੀ ਦਾਤ ਮੰਗੀ ਸੀ। ਸੋ ਇਸ ਤਰ੍ਹਾਂ ਪੂਰਨ ਮਹਾਂਪੁਰਸ਼ ਆਪਣੇ ਕੀਤੇ ਬਚਨ ਕਦੇ ਵੀ ਨਹੀਂ ਭੁੱਲਦੇ।

## ਸਾਖੀ 241

### ਇਹਨਾਂ ਵਿਚੋਂ ਦੋ ਤਿੰਨ ਰੁਪਈਏ ਹੋਰ ਪਾ ਕੇ ਸ਼ਰਾਬ ਲੈ ਲਿਉ।

ਇਸੇ ਤਰ੍ਹਾਂ ਅਮੀ ਚੰਦ ਜੀ ਦੱਸਦੇ ਹਨ ਕਿ ਇੱਕ ਵਾਰੀ ਦੋ ਵਿਅਕਤੀ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਏ। ਉਹ ਦੋਨੋਂ ਸ਼ਰਾਬ ਦੇ ਆਦੀ ਸਨ। ਜਦੋਂ ਨਹਿਰ ਤੇ ਤੁਰੇ ਆ ਰਹੇ ਸਨ ਤਾਂ ਆਪਸ ਵਿਚ ਗੱਲਾਂ ਕਰ ਰਹੇ ਸਨ ਉਹਨਾਂ ਵਿਚੋਂ ਇੱਕ ਕਹਿਣ ਲੱਗਾ ਕਿ ਮੈਂ ਮਹਾਰਾਜ ਜੀ ਨੂੰ ਦੋ ਰੁਪਈਏ ਰੱਖ ਕੇ ਨਮਸਕਾਰ ਕਰਾਂਗਾ। ਇਸ ਤੇ ਦੂਜਾ ਕਹਿਣ ਲੱਗਾ ਕਿ ਮਹਾਰਾਜ ਜੀ ਨੂੰ ਬਿਨਾਂ ਪੈਸਿਆ ਤੋਂ ਹੀ ਨਮਸਕਾਰ ਕਰ ਲਵੀਂ। ਇਹਨਾਂ ਪੈਸਿਆ ਵਿਚ ਆਪਾਂ ਦੋ ਤਿੰਨ ਰੁਪਈਏ ਪਾ ਕੇ ਸ਼ਰਾਬ ਲੈ ਲਵਾਂਗੇ। ਦੂਜਾ ਉਸ ਦੀ ਇਸ ਗੱਲ ਤੇ ਕਹਿਣ ਲੱਗਾ ਕਿ ਗੱਲ ਤਾਂ ਤੇਰੀ ਠੀਕ ਹੈ ਪਰ ਮਹਾਰਾਜ ਜੀ ਨੂੰ ਖਾਲੀ ਨਮਸਕਾਰ ਨਹੀਂ ਕਰਨੀ ਚਾਹੀਦੀ। ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਉਹ ਕੁਟੀਆ ਵਿਚ ਪਹੁੰਚ ਗਏ ਤੇ ਆ ਕੇ ਮਹਾਰਾਜ ਜੀ ਨੂੰ ਦੋ ਰੁਪਈਏ ਰੱਖ ਕੇ ਨਮਸਕਾਰ ਕਰਨ ਲੱਗੇ। ਮਹਾਰਾਜ ਜੀ ਕਹਿਣ ਲੱਗੇ, "ਉਏ ਆਪਣੇ ਰੁਪਈਏ ਚੱਕ ਲਉ ਇਹਨਾਂ ਵਿਚ ਦੋ ਤਿੰਨ ਰੁਪਈਏ ਹੋਰ ਪਾ ਕੇ ਸ਼ਰਾਬ ਲੈ ਕੇ ਪੀ ਲਿਉ, ਸਾਨੂੰ ਨਹੀਂ ਤੁਹਾਡੇ ਰੁਪਈਏ ਚਾਹੀਦੇ"। ਇਹ ਸੁਣ ਕੇ ਉਹ ਦੋਵੇ ਮਹਾਰਾਜ ਜੀ ਦੇ ਚਰਨਾ ਵਿਚ ਡਿੱਗ ਪਏ। ਇਹ ਕੌਤਕ ਦੇਖਕੇ ਸੰਗਤ ਵੀ ਹੈਰਾਨ ਹੋਈ। ਬਾਅਦ ਵਿਚ ਉਹਨਾਂ ਵਿਅਕਤੀਆਂ ਤੋਂ ਪਤਾ ਲੱਗਾ ਕਿ ਰਸਤੇ ਵਿਚ ਉਹ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਆ ਰਹੇ ਸਨ। ਜਿਹੜੀਆਂ ਮਹਾਰਾਜ ਜੀ ਨੇ ਕਹੀਆਂ ਸਨ ਕਿਉਂਕਿ ਜਾਣੀ ਜਾਣ ਸੁਆਮੀ ਸਰਵਣ ਦਾਸ ਮਹਾਰਾਜ ਜੀ ਕੁਟੀਆਂ ਵਿਖੇ ਬੈਠੇ ਹੀ ਜਾਣ ਲੈਂਦੇ ਸਨ ਕੋਈ ਕੀ ਗੱਲਾਂ ਕਰ ਰਿਹਾ ਹੈ। ਉਹਨਾਂ ਦੋਨਾਂ ਵਿਅਕਤੀਆਂ ਨੂੰ ਵੀ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਤੇ ਉਹਨਾਂ ਦੋਨਾਂ ਨੇ ਮਹਾਰਾਜ ਜੀ ਪਾਸੋਂ ਮੁਆਫ਼ੀ ਮੰਗੀ।

## ਸਾਖੀ 242

### ਸੰਖ ਵੱਜਣਾ।

ਸ਼੍ਰੀ ਰਜਨੀਸ਼ ਪੁੱਤਰ ਸ਼੍ਰੀ ਮਾਣਕ ਚੰਦ ਵਾਸੀ ਅੰਮ੍ਰਿਤਸਰ ਜੀ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਦੇ ਸ਼ਰਧਾਲੂ ਹਨ। ਰਜਨੀਸ਼ ਜੀ ਆਪਣੀ ਮਾਤਾ ਸ਼੍ਰੀਮਤੀ ਸੀਤਲ ਕੌਰ ਜੀ ਨਾਲ ਡੇਰੇ ਵਿਖੇ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਇਆ ਕਰਦੇ ਸਨ।

ਇਹ ਘਟਨਾ ਉਸ ਸਮੇਂ ਦੀ ਹੈ ਜਦੋਂ ਮਹਾਰਾਜ ਜੀ ਨੇ ਸੰਸਾਰ ਤੋਂ ਚਲੇ ਜਾਣਾ ਸੀ। ਰਜਨੀਸ਼ ਜੀ ਆਪਣੀ ਮਾਤਾ ਜੀ ਨਾਲ ਡੇਰੇ ਵਿਖੇ ਆਏ ਹੋਏ ਸਨ ਅਤੇ ਉਹ ਦੋ ਦਿਨ ਰਹਿ ਕੇ ਵਾਪਸ ਅੰਮ੍ਰਿਤਸਰ ਆਪਣੇ ਗ੍ਰਹਿ ਵਿਖੇ ਚਲੇ ਗਏ। ਉਹਨਾਂ ਨੂੰ ਡੇਰੇ ਤੋਂ

ਗਿਆ ਨੂੰ ਤਿੰਨ ਦਿਨ ਹੋਏ ਸਨ। ਤੀਸਰੀ ਰਾਤ ਨੂੰ ਉਹਨਾਂ ਦੇ ਘਰ ਸੰਖ ਵੱਜਣ ਦੀਆਂ ਅਵਾਜ਼ਾਂ ਆਉਣ ਲੱਗੀਆਂ ਉਹ ਸਾਰੇ ਘਰ ਵਾਲੇ ਹੈਰਾਨ ਸਨ ਕਿ ਇਹ ਕੀ ਹੋ ਰਿਹਾ ਹੈ ? ਏਸੇ ਤਰ੍ਹਾਂ ਕਿੰਨੀ ਹੀ ਦੇਰ ਉਹਨਾਂ ਨੂੰ ਸੰਖ ਦੇ ਵੱਜਣ ਦੀਆਂ ਅਵਾਜ਼ਾਂ ਸੁਣਦੀਆਂ ਰਹੀਆਂ। ਸਵੇਰ ਵੇਲੇ ਉਹਨਾਂ ਦੇ ਗਵਾਂਢੀਆਂ ਨੇ ਵੀ ਉਹਨਾਂ ਨੂੰ ਪੁੱਛਿਆ ਕਿ ਤੁਹਾਡੇ ਘਰ ਰਾਤ ਸੰਖ ਕੌਣ ਵਜਾ ਰਿਹਾ ਸੀ ? ਇਹ ਸੁਣ ਕੇ ਉਹ ਹੋਰ ਵੀ ਹੈਰਾਨ ਹੋਏ ਕਿ ਇਹ ਕੀ ਕੌਤਕ ਸੀ। ਇਸ ਤੋਂ ਕੁਝ ਸਮੇਂ ਬਾਅਦ ਹੀ ਉਹਨਾਂ ਨੂੰ ਸੰਦੇਸ਼ ਮਿਲਿਆ ਕਿ ਉਹਨਾਂ ਦੇ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਮਹਾਰਾਜ ਆਪਣਾ ਪੰਜ-ਭੂਤਕ ਸਰੀਰ ਤਿਆਗ ਕੇ ਸੱਚ-ਖੰਡ ਜਾ ਬਿਰਾਜੇ ਹਨ ਅਤੇ ਫਿਰ ਉਹਨਾਂ ਨੂੰ ਸਮਝ ਆਈ ਕਿ ਜਿਹੜੀਆਂ ਰਾਤ ਸੰਖ ਵੱਜਣ ਦੀਆਂ ਅਵਾਜ਼ਾਂ ਉਹਨਾਂ ਨੂੰ ਸੁਣਾਈ ਦੇ ਰਹੀਆਂ ਸਨ। ਉਹ ਉਹਨਾਂ ਨੂੰ ਮਹਾਰਾਜ ਜੀ ਦੇ ਸੰਸਾਰ ਤੋਂ ਚਲੇ ਜਾਣ ਦਾ ਹੀ ਸੰਕੇਤ ਸੀ। ਉਹ ਦੱਸਦੇ ਹਨ ਕਿ ਮਹਾਰਾਜ ਸਵਾਮੀ ਸਰਵਣ ਦਾਸ ਜੀ ਆਪਣੇ ਆਖਰੀ ਸਮੇਂ ਆਪਣੇ ਜਾਣ ਦਾ ਸੰਕੇਤ ਦੇ ਕੇ ਉਹਨਾਂ ਨੂੰ ਇਹ ਅਹਿਸਾਸ ਕਰਵਾ ਗਏ ਕਿ ਉਹ ਆਪਣੇ ਸੇਵਕਾਂ ਦੇ ਹਰ ਸਮੇਂ ਅੰਗ-ਸੰਗ ਰਹਿੰਦੇ ਹਨ।

## ਸਾਖੀ 243

## ਜੋ ਮਹਾਰਾਜ ਜੀ ਨੇ ਦਿਖਾਇਆ ਉਹ ਸਭ ਬਣ ਗਿਆ।

ਸ. ਸੁੱਚਾ ਸਿੰਘ ਜੀ ਦੱਸਦੇ ਹਨ ਕਿ ਜਦੋਂ ਉਹ ਪਿੰਡ ਕਰਾੜੀ ਵਿਖੇ ਰਹਿੰਦੇ ਸਨ ਡੇਰੇ ਵਿਖੇ ਸੇਵਾ ਲਈ ਆਉਂਦੇ ਹੁੰਦੇ ਸਨ ਤਾਂ ਕਈ-ਕਈ ਦਿਨ ਡੇਰੇ ਹੀ ਰਹਿੰਦੇ ਸਨ। ਉਹ ਦੱਸਦੇ ਹਨ ਕਿ ਉਸ ਸਮੇਂ ਇਸ ਸਥਾਨ ਤੇ ਇਕ ਕੁਟੀਆ ਹੀ ਹੁੰਦੀ ਸੀ ਇਕ ਕਮਰਾ ਹੋਰ ਸੀ ਅਤੇ ਇਕ ਥੜ੍ਹਾ ਜਿਸ ਤੇ ਮਹਾਰਾਜ ਜੀ ਬਿਰਾਜਮਾਨ ਹੁੰਦੇ ਸਨ। ਉਸ ਵੇਲੇ ਉਹਨਾਂ ਨੇ ਸੋਚਿਆ ਵੀ ਨਹੀਂ ਸੀ ਕਿ ਇਸ ਸਥਾਨ ਤੇ ਆਲੀਸ਼ਾਨ ਮੰਦਰ ਅਤੇ ਭਵਨ ਦੀ ਉਸਾਰੀ ਹੋਵੇਗੀ।

ਸੁੱਚਾ ਸਿੰਘ ਜੀ ਦੱਸਦੇ ਹਨ ਕਿ ਇੱਕ ਵਾਰੀ ਉਹ ਡੇਰੇ ਵਿਖੇ ਹੀ ਨਾਮ-ਸਿਮਰਨ ਕਰ ਰਹੇ ਸਨ ਤਾਂ ਉਹਨਾਂ ਨੇ ਦੇਖਿਆ ਇਸ ਸਥਾਨ ਤੇ ਇਕ ਆਲੀਸ਼ਾਨ ਮੰਦਰ ਬਣਿਆ ਹੋਇਆ ਹੈ ਜਿਸ ਦਾ ਨਾਂ 'ਸੱਚਖੰਡ' ਲਿਖਿਆ ਹੋਇਆ ਹੈ ਤੇ ਇਸ ਦੇ ਨਾਲ ਹੀ ਮੰਦਰ ਦੇ ਸਾਹਮਣੇ ਇਕ ਆਲੀਸ਼ਾਨ ਬਿਲਡਿੰਗ ਵੀ ਦੇਖੀ ਅਤੇ ਇਕ ਬਹੁਤ ਹੀ ਵੱਡੇ ਭਵਨ ਦੇ ਦਰਸ਼ਨ ਕੀਤੇ। ਉਹ ਅੱਜ ਦੱਸਦੇ ਹਨ ਕਿ ਇਹ ਸਭ ਉਹੀ ਕਲਾ-ਕ੍ਰਿਤੀਆਂ ਹਨ ਜੋ ਉਹਨਾਂ ਨੇ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੀ ਕਿਰਪਾ ਨਾਲ ਅੱਜ ਤੋਂ ਬਹੁਤ ਸਾਲ ਪਹਿਲਾਂ ਹੀ ਦੇਖ ਲਏ ਸਨ।

ਇਸ ਤਰ੍ਹਾਂ ਸੁੱਚਾ ਸਿੰਘ ਜੀ ਨੇ ਕਾਂਸ਼ੀ ਵਾਲੇ ਮੰਦਰ ਦੇ ਵੀ ਦਰਸ਼ਨ ਕੀਤੇ ਸਨ।

ਅੱਜ ਸੁੱਚਾ ਸਿੰਘ ਜੀ ਇਹ ਸਭ ਦੇਖ ਕੇ ਹੈਰਾਨ ਹਨ ਕਿ ਜੋ ਸਤਿਗੁਰਾਂ ਨੇ ਉਹਨਾਂ ਨੂੰ ਧਿਆਨ ਵਿਚ ਦਿਖਾਇਆ ਸੀ ਉਹ ਸਭ ਕੁਝ ਬਣ ਚੁੱਕਾ ਹੈ ਅਤੇ ਉਹ ਦੱਸਦੇ ਹਨ ਕਿ ਅਜੇ ਹੋਰ ਵੀ ਬਹੁਤ ਕੁਝ ਬਣਨਾ ਹੈ।

## ਸਾਖੀ 244

## ਅਟੱਲ ਬਚਨ

ਸ਼੍ਰੀ ਰਜਨੀਸ਼ ਜੀ ਦੱਸਦੇ ਹਨ ਕਿ ਮਹਾਰਾਜ ਸਰਵਣ ਦਾਸ ਜੀ ਅੰਮ੍ਰਿਤਸਰ ਕਿਸੇ ਪ੍ਰੋਗਰਾਮ ਤੇ ਗਏ ਹੋਏ ਸਨ। ਉੱਥੇ ਹੀ ਉਹਨਾਂ ਦੇ ਮਾਤਾ ਜੀ ਵੀ ਸੰਤਾਂ ਦੇ ਪ੍ਰਵਚਨ ਸੁਣਨ ਲਈ ਗਏ ਹੋਏ ਸਨ। ਜਦੋਂ ਪ੍ਰੋਗਰਾਮ ਖਤਮ ਹੋਇਆ ਤਾਂ ਮਹਾਰਾਜ ਸਰਵਣ ਦਾਸ ਜੀ ਵਾਪਸ ਪਰਤਣ ਲੱਗੇ ਤਾਂ ਉਹਨਾਂ ਦੇ ਮਾਤਾ ਜੀ ਨੇ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਆਪ ਸਾਡੇ ਘਰ ਚਰਨ ਪਾਉ ਜੀ ਤਾਂ ਮਹਾਰਾਜ ਜੀ ਨੇ ਕੋਈ ਮੁਨਕਰ ਨਾ ਕੀਤਾ ਅਤੇ ਰਜਨੀਸ਼ ਜੀ ਦੇ ਮਾਤਾ ਸ਼੍ਰੀਮਤੀ ਸੀਤਲ ਕੌਰ ਨਾਲ ਉਹਨਾਂ ਦੇ ਗ੍ਰਹਿ ਵਿਖੇ ਆ ਗਏ। ਘਰ ਪਹੁੰਚਣ ਉਪਰੰਤ ਮਹਾਰਾਜ ਜੀ ਨੇ ਪੁੱਛਿਆ, "ਘਰ ਤੁਹਾਡਾ ਆਪਣਾ ਹੈ"। ਰਜਨੀਸ਼ ਦੇ ਮਾਤਾ ਜੀ ਨੇ ਦੱਸਿਆ ਕਿ ਮਹਾਰਾਜ ਜੀ ਪਹਿਲਾਂ ਇਹ ਸਾਡਾ ਆਪਣਾ ਘਰ ਸੀ। ਫਿਰ ਸਾਨੂੰ ਆਰਥਿਕ ਤੰਗੀ ਕਾਰਨ ਵੇਚਣਾ ਪਿਆ। ਹੁਣ ਅਸੀਂ ਇਸ ਮਕਾਨ ਵਿਚ ਕਿਰਾਏ ਤੇ ਰਹਿ ਰਹੇ ਹਾਂ। ਮਹਾਰਾਜ ਜੀ ਨੇ ਵਚਨ ਕੀਤਾ ਕਿ "ਕੋਈ ਗੱਲ ਨਹੀਂ। ਸਭ ਕੁਝ ਮਿਲ ਜਾਵੇਗਾ"। ਫਿਰ ਮਹਾਰਾਜ ਜੀ ਦੇ ਆਸ਼ੀਰਵਾਦ ਨਾਲ ਉਹਨਾਂ ਨੇ ਆਪਣੇ ਵਪਾਰ ਵਿਚ ਬਹੁਤ ਤਰੱਕੀ ਕੀਤੀ ਅਤੇ ਉਹਨਾਂ ਨੇ ਆਪਣੇ ਮਕਾਨ ਮਾਲਕ ਤੋਂ ਉਹ ਘਰ ਜਿਸ ਕੀਮਤ ਤੇ ਵੇਚਿਆ ਸੀ ਉਸ ਤੋਂ ਵੀ ਘੱਟ ਕੀਮਤ ਤੇ ਖਰੀਦਿਆ। ਜਦਕਿ ਮਕਾਨ ਮਾਲਕ ਉਹ ਘਰ ਉਹਨਾਂ ਨੂੰ ਵੇਚਣਾ ਵੀ ਨਹੀਂ ਚਾਹੁੰਦਾ ਸੀ।

## ਸਾਖੀ 245

## ਸ਼੍ਰੀਮਾਨ ਬੰਗੜ ਜੀ ਤੇ ਮਹਾਰਾਜ ਜੀ ਦੀ ਅਪਾਰ ਕਿਰਪਾ।

ਸ਼੍ਰੀ ਸਵਰਨ ਦਾਸ ਬੰਗੜ ਪੁੱਤਰ ਸ਼੍ਰੀ ਦੇਵੀ ਦੱਤਾ ਵਾਸੀ ਪਿੰਡ ਬੱਲਾਂ ਜ਼ਿਲ੍ਹਾ ਜਲੰਧਰ ਜਿਹੜੇ ਕਿ ਅੱਜਕੱਲ ਪਰਿਵਾਰ ਸਮੇਤ ਕਾਫੀ ਸਮੇਂ ਤੋਂ ਇੰਗਲੈਂਡ ਵਿਖੇ ਰਹਿ ਰਹੇ ਹਨ। ਸ਼੍ਰੀ ਬੰਗੜ ਜੀ ਤੇ ਮਹਾਰਾਜ ਸੁਆਮੀ ਸਰਵਣ ਦਾਸ ਜੀ ਦੀ ਅਪਾਰ ਕਿਰਪਾ ਹੈ ਅਤੇ ਉਹਨਾਂ ਦੀ ਡੇਰਾ ਸੱਚਖੰਡ ਬੱਲਾਂ ਪ੍ਰਤੀ ਬਹੁਤ ਹੀ ਸ਼ਰਧਾ ਹੈ। ਕੋਈ ਵੀ ਧਾਰਮਿਕ ਕੰਮ ਹੋਵੇ ਜਾ ਸਮਾਜ ਸੇਵਾ ਦਾ ਕੰਮ ਹੋਵੇ ਤੇ ਜਾਂ ਫਿਰ ਡੇਰੇ ਵਲੋਂ ਚਲਾਏ ਜਾ

ਰਹੇ ਸਮਾਜ ਸੇਵਾ ਦੇ ਪ੍ਰੋਜੈਕਟ ਦਾ ਕੋਈ ਵੀ ਕੰਮ ਹੋਵੇ। ਸ਼੍ਰੀਮਾਨ ਬੰਗੜ ਜੀ ਆਪਣੇ ਤਨ-ਮਨ-ਧਨ ਨਾਲ ਆਪਣੇ ਵਲੋਂ ਬੜਾ ਹੀ ਯੋਗਦਾਨ ਪਾਉਂਦੇ ਹਨ ਅਤੇ ਮਹਾਰਾਜ ਜੀ ਦੀ ਸੇਵਾ ਵਾਸਤੇ ਹਰ ਵੇਲੇ ਤਤਪਰ ਰਹਿੰਦੇ ਹਨ।ਉਹ ਸਤਿਗੁਰ ਸੁਆਮੀ ਸਰਵਣ ਦਾਸ ਜੀ ਮਹਾਰਾਜ ਜੀ ਦੇ ਅਨਿੰਨ ਭਗਤ ਹਨ ਅਤੇ ਉਹ ਆਪਣੇ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਦੀ ਪਵਿੱਤਰ ਯਾਦ ਵਿੱਚ ਹਰ ਸਾਲ ਡੇਰਾ ਸੱਚਖੰਡ ਬੱਲਾਂ ਵਿਖੇ ਅੱਖਾਂ ਦਾ ਕੈਂਪ ਲਗਾਉਂਦੇ ਹਨ। ਜਿਸ ਦਾ ਸਾਰਾ ਖ਼ਰਚਾ ਸ਼੍ਰੀਮਾਨ ਬੰਗੜ ਜੀ ਮੌਜੂਦਾ ਗੱਦੀ ਨਸ਼ੀਨ ਸ੍ਰੀ 108 ਸੰਤ ਨਿਰੰਜਣ ਦਾਸ ਜੀ ਤੇ ਸੰਤ ਰਾਮਾ ਨੰਦ ਜੀ ਦੇ ਆਸ਼ੀਰਵਾਦ ਤੇ ਉਹਨਾਂ ਦੀ ਯੋਗ ਅਗਵਾਈ ਤੇ ਦੇਖ ਰੇਖ ਵਿਚ ਇਸ ਮਹਾਨ ਸੇਵਾ ਦੇ ਕੰਮ ਨੂੰ ਨੇਪਰੇ ਚਾੜਦੇ ਹਨ। ਇਸ ਕੈਂਪ ਦੇ ਸਦਕਾ ਹਜ਼ਾਰਾ ਦੀ ਗਿਣਤੀ ਵਿਚ ਆਪਣੀਆਂ ਅੱਖਾਂ ਦੀ ਰੌਸ਼ਨੀ ਗੁਆ ਚੁੱਕੇ ਲੋਕ ਮਹਾਰਾਜ ਜੀ ਦੇ ਦਰਬਾਰ ਵਿਚੋਂ ਤੇ ਸੁਆਮੀ ਸਰਵਣ ਦਾਸ ਜੀ ਦੀ ਅਪਾਰ ਕਿਰਪਾ ਨਾਲ ਆਪਣੀ ਅੰਧੇਰੀ ਹੋਈ ਦੁਨੀਆਂ ਵਿਚ ਫਿਰ ਤੋਂ ਰੌਸ਼ਨੀ ਪ੍ਰਾਪਤ ਕਰਦੇ ਹਨ।

ਸ਼੍ਰੀਮਾਨ ਬੰਗੜ ਜੀ ਬੜੇ ਵਡਭਾਗੀ ਹਨ ਕਿ ਜੋ ਮਹਾਰਾਜ ਜੀ ਦੀ ਕਿਰਪਾ ਦੇ ਨਾਲ ਉਹਨਾਂ ਨੂੰ ਇਸ ਮਹਾਨ ਸੇਵਾ ਦਾ ਮੌਕਾ ਮਿਲਿਆ ਹੋਇਆ ਹੈ। ਇਸ ਕੈਂਪ ਦੇ ਜ਼ਰੀਏ ਹਰ ਸਾਲ ਸ਼੍ਰੀਮਾਨ ਬੰਗੜ ਜੀ ਆਪਣੇ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ ਦੀ ਪਵਿੱਤਰ ਯਾਦ ਨੂੰ ਤਾਜ਼ਾ ਕਰਦੇ ਹਨ।

ਸ਼੍ਰੀਮਾਨ ਬੰਗੜ ਜੀ ਦੱਸਦੇ ਹਨ ਕਿ ਇੰਗਲੈਂਡ ਜਾਣ ਤੋਂ ਪਹਿਲਾਂ ਉਹ ਮਹਾਰਾਜ ਸੁਆਮੀ ਸਰਵਣ ਦਾਸ ਜੀ ਪਾਸ ਨਿੱਤ ਹੀ ਆਇਆ ਕਰਦੇ ਸਨ।ਉਹਨਾਂ ਦੇ ਮਨ ਦੀ ਇੱਛਾ ਸੀ ਕਿ ਉਹ ਇੰਗਲੈਂਡ ਜਾਣ ਤੇ ਏਸੇ ਤਰ੍ਹਾਂ ਇੱਕ ਦਿਨ ਉਹਨਾਂ ਨੇ ਮਹਾਰਾਜ ਜੀ ਨੂੰ ਆਪਣੇ ਮਨ ਦੀ ਇੱਛਾ ਦੱਸੀ ਕਿ ਮਹਾਰਾਜ ਜੀ ਮੈਂ ਇੰਗਲੈਂਡ ਜਾਣਾ ਚਾਹੁੰਦਾ ਹਾਂ। ਇਹ ਸੁਣ ਕੇ ਮਹਾਰਾਜ ਜੀ ਕਹਿਣ ਲੱਗੇ "ਕਿ ਤੇਰਾ ਸਰੀਰ ਤਾਂ ਮਾੜਾ ਹੈ।ਜੇ ਤੈਨੂੰ ਉਥੇ ਜ਼ੋਰ ਦਾ ਕੰਮ ਕਰਨਾ ਪਿਆ ਤੇ ਕਿਸ ਤਰ੍ਹਾਂ ਕਰੇਂਗਾ" ? ਇਹ ਸੁਣ ਕੇ ਸ਼੍ਰੀ ਬੰਗੜ ਜੀ ਨੇ ਕਿਹਾ ਕਿ, "ਮਹਾਰਾਜ ਜੀ ਕਿਸ ਤਰ੍ਹਾਂ ਵੀ ਹੋਵੇ ਮੈਂ ਇੰਗਲੈਂਡ ਜਾਣਾ ਹੈ, ਤੇ ਕੰਮ ਕਾਰ ਕਰਨ ਦਾ ਤੁਸੀਂ ਹੀ ਬਲ ਬਖਸ਼ਣਾ ਹੈ ਤੇ ਤੁਹਾਡੀ ਹੀ ਕਿਰਪਾ ਨਾਲ ਮੈਂ ਕੰਮ ਕਰ ਲਵਾਂਗਾ"। ਇਸ ਤੇ ਸਤਿਗੁਰੂ ਜੀ ਕਹਿਣ ਲੱਗੇ, "ਅੱਛਾ ਠੀਕ ਹੈ। ਤੁਸੀਂ ਇੰਗਲੈਂਡ ਚਲੇ ਜਾਵੋਗੇ ਤੇ ਤੁਹਾਨੂੰ ਕੰਮ ਕਾਰ ਵੀ ਤੁਹਾਡੇ ਮਤਲਬ ਦਾ ਮਿਲ ਜਾਵੇਗਾ"।

ਸ਼੍ਰੀ ਬੰਗੜ ਜੀ ਦੱਸਦੇ ਹਨ ਕਿ ਇਸ ਤੋਂ ਕੁਝ ਚਿਰ ਬਾਅਦ ਹੀ ਮਹਾਰਾਜ ਜੀ ਦੀ ਕਿਰਪਾ ਨਾਲ ਮੈਂ ਇੰਗਲੈਂਡ ਚਲੇ ਗਿਆ ਤੇ ਉੱਥੇ ਜਾ ਕੇ ਬੜਾ ਹੀ ਆਸਾਨ ਜਿਹਾ

ਕੰਮ ਮਿਲ ਗਿਆ। ਮੈਨੂੰ ਕੋਈ ਵੀ ਜ਼ੋਰ ਦਾ ਕੰਮ ਨਹੀਂ ਕਰਨਾ ਪਿਆ ਤੇ ਅੱਜ ਤੱਕ ਮੈਂ ਜੋ ਵੀ ਕੰਮ ਕੀਤਾ ਬੜਾ ਹੀ ਆਸਾਨ ਕੰਮ ਹੀ ਕੀਤਾ ਤੇ ਮਹਾਰਾਜ ਜੀ ਦੀ ਕਿਰਪਾ ਦੇ ਨਾਲ ਮੈਨੂੰ ਇੰਗਲੈਂਡ ਵਿਚ ਕੋਈ ਵੀ ਕਸ਼ਟ ਨਹੀਂ ਸਹਿਣਾ ਪਿਆ ਤੇ ਹੁਣ ਮੌਜੂਦਾ ਸਮੇਂ ਦੌਰਾਨ ਤਾਂ ਸ਼੍ਰੀਮਾਨ ਬੰਗੜ ਜੀ ਦਾ ਆਪਣਾ ਵਪਾਰ ਚਲਦਾ ਹੈ ਤੇ ਉਹ ਤਾਂ ਸਿਰਫ ਆਪਣੇ ਕੰਮਕਾਰ ਦੀ ਦੇਖ ਰੇਖ ਹੀ ਕਰਦੇ ਹਨ। ਇਹ ਸਭ ਸੁਆਮੀ ਸਰਵਣ ਦਾਸ ਜੀ ਦੀ ਕਿਰਪਾ ਦਾ ਹੀ ਨਤੀਜਾ ਹੈ ਕਿ ਅੱਜਕੱਲ ਸ਼੍ਰੀਮਾਨ ਬੰਗੜ ਜੀ ਕਾਫੀ ਖੁਸ਼ਹਾਲ ਹਨ। ਆਪਣੇ ਪਰਿਵਾਰ ਦੇ ਨਾਲ ਖੁਸ਼ੀਆਂ ਭਰਿਆ ਜੀਵਨ ਬਤੀਤ ਕਰਦੇ ਰਹੇ ਹਨ।

ਸ਼੍ਰੀ ਬੰਗੜ ਜੀ ਤੇ ਹੋਈ ਆਪਾਰ ਕਿਰਪਾ ਏਸੇ ਲਈ ਮਹਾਰਾਜ ਜੀ ਦੇ ਗੁਣ ਉਹ ਗਾਂਵਦੇ ਨੇ, ਹਰ ਸਾਲ ਮਹਾਰਾਜ ਜੀ ਦੀ ਯਾਦ ਨੂੰ ਕਰ ਤਾਜ਼ਾ ਕਰਦੇ ਇਕ ਅੱਖਾ ਦਾ ਕੈਂਪ ਲਗਾਉਦੇ ਨੇ। ਸ਼੍ਰੀ ਸਵਰਨ ਦਾਸ ਬੰਗੜ ਬੀਬੀ ਰੇਸ਼ਮ ਕੌਰ ਤੇ ਪਰਿਵਾਰ ਨੇ ਡੇਰੇ ਵਿਖੇ ਸੰਤ ਸਰਵਣ ਦਾਸ ਚੈਰੀਟੇਬਲ ਆਈ ਹਸਪਤਾਲ ਲਈ 1 ਕਰੋੜ ਰੁਪਏ ਭੇਂਟ ਕੀਤੇ

## ਸਾਖੀ 246

## ਮਨ ਦੀ ਬੁੱਝਣ।

**ਸ਼੍ਰੀ** ਚਮਨ ਲਾਲ ਪੁੱਤਰ ਸ਼੍ਰੀ ਮੰਗੂ ਰਾਮ ਪਿੰਡ ਨੇਰਲਾ ਜ਼ਿਲ੍ਹਾ ਹੁਸ਼ਿਆਰਪੁਰ ਜਿਹੜੇ ਕਿ ਅੱਜਕਲ੍ਹ ਚੰਡੀਗੜ੍ਹ ਵਿਖੇ ਬੜੇ ਉੱਚੇ ਅਹੁਦੇ ਤੇ ਸੇਵਾ ਨਿਭਾ ਰਹੇ ਹਨ। ਸ਼੍ਰੀ ਚਮਨ ਲਾਲ ਜੀ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦੇ ਚਰਨ ਸੇਵਕ ਹਨ ਅਤੇ ਡੇਰੇ ਵਲੋਂ ਚਲਾਏ ਜਾਂਦੇ ਧਾਰਮਿਕ ਅਤੇ ਸਮਾਜ ਸੇਵਾ ਦੇ ਕੰਮਾਂ ਵਿਚ ਆਪਣੇ ਵਲੋਂ ਤਨ-ਮਨ-ਧਨ ਨਾਲ ਸੇਵਾ ਨਿਭਾਉਂਦੇ ਹਨ ਅਤੇ ਅਕਸਰ ਹੀ ਡੇਰੇ ਵਿਖੇ ਆਉਂਦੇ ਰਹਿੰਦੇ ਹਨ ਅਤੇ ਕਈ ਕਈ ਦਿਨ ਡੇਰੇ ਵਿਖੇ ਹੀ ਰਹਿੰਦੇ ਹਨ।

ਸ਼੍ਰੀ ਚਮਨ ਲਾਲ ਜੀ ਦੱਸਦੇ ਹਨ ਕਿ ਮੈਂ ਜਦੋਂ ਪਿੰਡ ਲਹਿਲਾ ਮਿੱਕੀ ਬਲ ਵਿਖੇ ਰਹਿੰਦਾ ਸੀ ਤਾਂ ਮੈਂ ਅਕਸਰ ਹੀ ਕੁਟੀਆ ਵਿਖੇ ਮਹਾਰਾਜ ਸੁਆਮੀ ਸਰਵਣ ਦਾਸ ਜੀ ਦੇ ਦਰਸ਼ਨਾਂ ਨੂੰ ਆਇਆ ਕਰਦਾ ਸੀ। ਕਈ-ਕਈ ਦਿਨ ਮਹਾਰਾਜ ਜੀ ਦੇ ਪਾਸ ਹੀ ਰਹਿੰਦੇ ਸੀ। ਉਸ ਸਮੇਂ ਮੈਂ ਪੜ੍ਹਦਾ ਸੀ। ਆਪਣੇ ਪਿੰਡੋਂ ਸਾਈਕਲ ਤੇ ਹੀ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਉਂਦਾ ਹੁੰਦਾ ਸੀ। ਇਸੇ ਤਰ੍ਹਾਂ ਮੈਂ ਇਕ ਵਾਰੀ ਆਪਣੇ ਪਿੰਡੋਂ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਚੱਲ ਪਿਆ ਜਦੋਂ ਮੈਂ ਪਿੰਡ ਤੋਂ ਥੋੜ੍ਹਾ ਅੱਗੇ ਆ ਗਿਆ ਤਾਂ ਅਚਾਨਕ ਹੀ ਬੜੇ ਜ਼ੋਰ ਦੀ ਬੱਦਲ ਚੜ੍ਹ ਆਇਆ ਤਾਂ ਰਸਤੇ ਵਿਚ ਹੀ ਮੈਨੂੰ ਆਪਣੇ ਦੋਸਤ ਦੇ ਕੋਲ ਰੁਕਣਾ ਪੈ ਗਿਆ। ਉਹ ਰਾਤ ਮੈਨੂੰ ਆਪਣੇ ਦੋਸਤ ਕੋਲ ਹੀ ਗੁਜ਼ਾਰਨੀ ਪਈ।

ਦੂਸਰੇ ਦਿਨ ਸਵੇਰੇ ਮੇਰਾ ਦੋਸਤ ਵੀ ਮੇਰੇ ਨਾਲ ਹੀ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਚੱਲ ਪਿਆ।

ਭੋਗਪੁਰ ਵਿਖੇ ਆ ਕੇ ਮੈਂ ਅਮਰੂਦ ਖਰੀਦ ਲਏ ਤੇ ਮੇਰੇ ਦੋਸਤ ਨੇ ਸੇਬ ਖਰੀਦ ਲਏ। ਅਸੀਂ ਇਹ ਫਰੂਟ ਲੈ ਕੇ ਅਗੇ ਚੱਲ ਪਏ। ਰਸਤੇ ਵਿਚ ਹੀ ਅਚਾਨਕ ਮਰੇ ਦਿਲ ਵਿਚ ਆਇਆ ਮੈਂ ਅਮਰੂਦ ਖਰੀਦੇ ਤੇ ਮੇਰੇ ਦੋਸਤ ਨੇ ਸੇਬ ਖਰੀਦੇ ਨੇ, ਮੈਂ ਸੋਚਿਆ ਕਿ ਮਹਾਰਾਜ ਜੀ ਤਾਂ ਪਹਿਲਾਂ ਸੇਬ ਹੀ ਖਾਣਗੇ ਮੇਰੇ ਅਮਰੂਦ ਤਾਂ ਪਏ ਹੀ ਰਹਿਣਗੇ।

ਏਸੇ ਤਰ੍ਹਾਂ ਦੀਆਂ ਵਿਚਾਰਾਂ ਮਨ ਵਿੱਚ ਕਰਦਾ ਕਰਦਾ ਮੈਂ ਤੇ ਮੇਰਾ ਦੋਸਤ ਕੁਟੀਆ ਵਿਚ ਪਹੁੰਚ ਗਏ। ਜਦੋਂ ਅਸੀਂ ਕੁਟੀਆ ਵਿਖੇ ਪਹੁੰਚੇ ਤਾਂ ਮਹਾਰਾਜ ਜੀ ਥੜ੍ਹੇ ਤੇ ਬਿਰਾਜਮਾਨ ਸਨ। ਅਸੀਂ ਦੋਵਾਂ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤੇ ਆਪਣੇ ਨਾਲ ਲਿਆਂਦੇ ਸੇਬ ਅਤੇ ਅਮਰੂਦ ਮਹਾਰਾਜ ਜੀ ਨੂੰ ਭੇਂਟ ਕਰਕੇ ਬੈਠ ਗਏ। ਅਸੀਂ ਅਜੇ ਬੈਠੇ ਹੀ ਸੀ ਕਿ ਮਹਾਰਾਜ ਜੀ ਨੇ ਇਕ ਸੇਵਕ ਨੂੰ ਕਿਹਾ, "ਕਿ ਅੱਜ ਤਾਂ ਅਮਰੂਦ ਖਾਣ ਨੂੰ ਦਿਲ ਕਰਦਾ ਹੈ। ਸ਼੍ਰੀ ਚਮਨ ਲਾਲ ਦੇ ਲਿਆਂਦੇ ਅਮਰੂਦ ਕੱਟੋ ਤੇ ਸਾਰਿਆ ਨੂੰ ਖਵਾਉ"। ਮਹਾਰਾਜ ਜੀ ਦੇ ਮੁਖ਼ਾਰਬਿੰਦ ਤੋਂ ਇਹ ਸ਼ਬਦ ਸੁਣ ਕੇ ਮੇਰੇ ਸਾਰੇ ਭਰਮ ਭੁਲੇਖੇ ਦੂਰ ਹੋ ਗਏ ਅਤੇ ਮੈਨੂੰ ਇਹ ਵੀ ਪਤਾ ਲੱਗ ਗਿਆ ਕਿ ਸੱਚੇ ਦਿਲ ਨਾਲ ਭੇਂਟ ਕੀਤੀ ਗਈ ਇਕ ਤੁੱਛ ਜਿਹੀ ਵਸਤੂ ਵੀ ਸੰਤਾਂ ਮਹਾਂ-ਪੁਰਸ਼ਾਂ ਨੂੰ ਖਿੜੇ ਮੱਥੇ ਪਰਵਾਨ ਹੁੰਦੀ ਹੈ। ਪੂਰਨ ਸੰਤ ਮਹਾਂਪੁਰਸ਼ ਆਪਣੇ ਸੇਵਕਾਂ ਦੇ ਦਿਲ ਦੀ ਗੱਲ ਪਹਿਲਾਂ ਹੀ ਜਾਣ ਲੈਂਦੇ ਹਨ।

ਸ਼੍ਰੀ ਚਮਨ ਲਾਲ ਜੀ ਨੇ ਡੇਰੇ ਵਿਖੇ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦੇ ਚਰਨਾਂ ਵਿਚ ਲੰਬਾ ਸਮਾਂ ਰਹਿ ਕੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ। ਡੇਰੇ ਵਿਖੇ ਰਹਿ ਕੇ ਟੀਚਰ ਦੀ ਨੌਂਕਰੀ ਕੀਤੀ। ਮਹਾਰਾਜ ਜੀ ਨੇ ਆਪ ਦਾ ਵਿਆਹ ਬੀਬੀ ਜਤਿੰਦਰ ਨਾਲ ਕੀਤਾ। ਆਪ ਜੀ ਨੂੰ ਮਹਾਰਾਜ ਜੀ ਦੀ ਕਿਰਪਾ ਨਾਲ ਪ੍ਰੈਸ ਐਂਡ ਇਨਫਾਰਮੇਸ਼ਨ ਵਿਚ ਨੌਂਕਰੀ ਮਿਲੀ ਅਤੇ ਇਸੇ ਡਿਪਾਰਟਮੈਂਟ ਵਿਚ ਨੌਰਥ ਯੋਨ ਦੇ ਡਇਰੈਕਟਰ ਰਿਟਾਇਰ ਹੋਏ।

## ਸਾਖੀ 247

## ਗੁਰੂ ਧਾਰਨਾ।

**ਸ਼੍ਰੀ** ਸੇਵਾ ਰਾਮ ਪੁੱਤਰ ਸ਼੍ਰੀ ਜੱਗੂ ਰਾਮ ਪਿੰਡ ਭਾਖੜੀਆਣਾ ਜ਼ਿਲ੍ਹਾ ਕਪੂਰਥਲਾ ਡੇਰਾ ਸੱਚ ਖੰਡ ਬੱਲਾਂ ਦੇ ਬਹੁਤ ਸ਼ਰਧਾਲੂ ਹਨ। ਉਹਨਾਂ ਦੇ ਪਰਿਵਾਰ ਤੇ ਸਤਿਗੁਰਾਂ ਦੀ ਬੜੀ ਕਿਰਪਾ ਹੈ। ਸ਼੍ਰੀ ਸੇਵਾ ਰਾਮ ਜੀ ਦੱਸਦੇ ਹਨ ਕਿ ਉਹਨਾਂ ਨੂੰ ਪੂਰੇ ਗੁਰੂ ਦੀ ਤਲਾਸ਼

ਸੀ। ਉਹ ਕਈ ਸਾਧੂਆਂ ਨੂੰ ਮਿਲਦੇ ਰਹਿੰਦੇ ਸਨ। ਪਰ ਉਹਨਾਂ ਦੇ ਮਨ ਦੀ ਇੱਛਾ ਕਿਸੇ ਤੋਂ ਵੀ ਪੂਰੀ ਨਾ ਹੋਈ। ਇਕ ਵਾਰੀ ਸ਼੍ਰੀ ਸੇਵਾ ਰਾਮ ਜੀ ਸੁੱਚੀ ਪਿੰਡ ਵਿਖੇ ਆਪਣੇ ਕਿਸੇ ਰਿਸ਼ਤੇਦਾਰ ਦੇ ਘਰ ਗਏ ਹੋਏ ਸਨ। ਉੱਥੇ ਉਹਨਾਂ ਨੇ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੀ ਤਸਵੀਰ ਦੇਖੀ ਤੇ ਉਹਨਾਂ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਇਹ ਬੱਲਾਂ ਵਾਲੇ ਸਤਿਗੁਰੂ ਹਨ। ਉਹਨਾਂ ਨੇ ਸਤਿਗੁਰਾਂ ਦੀ ਉਸ ਤਸਵੀਰ ਨੂੰ ਨਮਸਕਾਰ ਕੀਤੀ ਤੇ ਉਹਨਾਂ ਸਾਹਮਣੇ ਵੀ ਆਪਣੇ ਦਿਲ ਦੀ ਇੱਛਾ ਪ੍ਰਗਟ ਕੀਤੀ। ਜਦੋਂ ਉਹ ਸ਼ਾਮ ਨੂੰ ਆਪਣੇ ਘਰ ਗਏ ਤਾਂ ਉਸੇ ਰਾਤ ਸੁਪਨੇ ਵਿਚ ਉਹਨਾਂ ਨੂੰ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਦੇ ਦਰਸ਼ਨ ਹੋਏ। ਜਦੋਂ ਸੇਵਾ ਰਾਮ ਜੀ ਸਵੇਰੇ ਉੱਠੇ ਤੇ ਰਾਤ ਦੇ ਸੁਪਨੇ ਬਾਰੇ ਉਹਨਾਂ ਨੂੰ ਯਾਦ ਆਇਆ ਤਾਂ ਉਹਨਾਂ ਨੂੰ ਬਹੁਤ ਖੁਸ਼ੀ ਹੋਈ ਕਿ ਉਹਨਾਂ ਦੀ ਇੱਛਾ ਪੂਰ ਹੋ ਗਈ ਹੈ ਕਿਉਂਕਿ ਉਹਨਾਂ ਦੇ ਦਿਲ ਦੀ ਇਹੋ ਇੱਛਾ ਸੀ ਕਿ ਮੈਂ ਉਹਨਾਂ ਨੂੰ ਗੁਰੂ ਬਣਾਵਾਂਗਾ ਜਿਹੜੇ ਮੈਨੂੰ ਸੁਪਨੇ ਵਿਚ ਦਰਸ਼ਨ ਦੇਣਗੇ ਤੇ ਉਸੇ ਦਿਨ ਹੀ ਉਹਨਾਂ ਦਾ ਦਿਲ ਕੀਤਾ ਕਿ ਮੇਰੀ ਇੱਛਾ ਪੂਰੀ ਹੋਈ ਹੈ ਤੇ ਮੈਨੂੰ ਹੁਣ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਪਾਸ ਜਾਣਾ ਚਾਹੀਦਾ ਹੈ ਪਰ ਉਹ ਬੱਲਾਂ ਵਿਖੇ ਕਦੀ ਵੀ ਨਹੀਂ ਸਨ ਆਏ ਤੇ ਉਹ ਸੋਚਣ ਲੱਗੇ ਕਿ ਮੈਂ ਬੱਲਾਂ ਕਿੱਦਾਂ ਜਾਵਾਂ। ਮੈਂ ਤਾਂ ਉੱਥੇ ਕਦੀ ਗਿਆ ਹੀ ਨਹੀਂ। ਫਿਰ ਉਹਨਾਂ ਨੇ ਆਪਣੇ ਪਿੰਡ ਦੇ ਕੁਝ ਮੁੰਡਿਆਂ ਨੂੰ ਆਪਣੇ ਨਾਲ ਬੱਲਾਂ ਵਿਖੇ ਜਾਣ ਲਈ ਕਿਹਾ ਤਾਂ ਉਹਨਾਂ ਮੁੰਡਿਆਂ ਨੇ ਸੇਵਾ ਰਾਮ ਜੀ ਨੂੰ ਨਾਂਹ ਕਰ ਦਿੱਤੀ ਕਿ ਅਸੀਂ ਤਾਂ ਕੰਮ ਤੇ ਜਾਣਾ ਹੈ। ਇਹ ਸੁਣ ਕੇ ਸੇਵਾ ਰਾਮ ਜੀ ਇਕੱਲੇ ਹੀ ਮਹਾਰਾਜ ਜੀ ਪਾਸ ਜਾਣ ਲਈ ਤਿਆਰ ਹੋਣ ਲੱਗੇ। ਜਦੋਂ ਪੂਰੀ ਤਿਆਰੀ ਕਰ ਕੇ ਘਰੋਂ ਨਿਕਲੇ ਤਾਂ ਉਹਨਾਂ ਨੇ ਦੇਖਿਆ ਕਿ ਉਹੋ ਹੀ ਮੁੰਡੇ ਕੰਮ ਤੋਂ ਵਾਪਸ ਆ ਗਏ ਹਨ ਕਿਉਂਕਿ ਉਹਨਾਂ ਨੂੰ ਉਸ ਦਿਨ ਕੋਈ ਕੰਮ ਹੀ ਨਹੀਂ ਮਿਲਿਆ ਤੇ ਉਹ ਸੇਵਾ ਰਾਮ ਜੀ ਨਾਲ ਸੰਤਾਂ ਦੇ ਜਾਣ ਵਾਸਤੇ ਤਿਆਰ ਹੋ ਗਏ। ਇਸ ਤਰ੍ਹਾਂ ਸੇਵਾ ਰਾਮ ਜੀ ਆਪਣੇ ਸਾਥੀਆ ਨਾਲ ਮਹਾਰਾਜ ਜੀ ਪਾਸ ਪਹੁੰਚ ਗਏ। ਕੁਟੀਆ ਵਿਖੇ ਆ ਕੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤੇ ਆਪਣੇ ਦਿਲ ਦੀ ਇੱਛਾ ਦੱਸੀ ਕਿ ਮੈਂ ਆਪ ਜੀ ਨੂੰ ਗੁਰੂ ਬਣਾਉਣਾ ਹੈ। ਇਸ ਤਰ੍ਹਾਂ ਮਹਾਰਾਜ ਜੀ ਨੇ ਸ਼੍ਰੀ ਸੇਵਾ ਰਾਮ ਜੀ ਨੂੰ ਆਪਣੇ ਚਰਨੀਂ ਲਾ ਲਿਆ।

## ਸਾਖੀ 248

## ਟਾਂਡੇ ਵਾਲਿਆਂ ਦੇ ਲੱਡੂ ਆਉਣ ਵਾਲੇ ਹਨ।

ਵਿੱਦਿਆ ਦੇਵੀ ਜੋ ਕਿ ਟਾਂਡੇ ਵਿਖੇ ਗੜੀ ਮੁਹੱਲੇ ਵਿੱਚ ਰਹਿੰਦੇ ਹਨ। ਬੀਬੀ ਵਿੱਦਿਆ ਦੇਵੀ ਅਤੇ ਉਹਨਾਂ ਦਾ ਪਰਿਵਾਰ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਸੇਵਕ ਸਨ ਅਤੇ ਸਮੇਂ-ਸਮੇਂ ਸਿਰ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਉਂਦੇ ਰਹਿੰਦੇ ਸਨ।

ਬੀਬੀ ਵਿੱਦਿਆ ਜੀ ਦੇ ਦੱਸਣ ਅਨੁਸਾਰ ਕਿ ਉਹਨਾਂ ਦਾ ਮਹਾਰਾਜ ਜੀ ਨਾਲ ਬਹੁਤ ਪ੍ਰੇਮ ਸੀ। ਉਹ ਦੱਸਦੇ ਹਨ ਮਹਾਰਾਜ ਜੀ ਵੀ ਕਦੀ-2 ਤੜਕਸਾਰ ਅੰਮ੍ਰਿਤ ਵੇਲੇ ਉਹਨਾਂ ਦੇ ਘਰ ਟਾਂਡੇ ਵਿਖੇ ਚਲੇ ਜਾਂਦੇ ਸਨ ਅਤੇ ਉਹਨਾਂ ਦੇ ਘਰੋਂ ਪ੍ਰਸ਼ਾਦਾ ਛਕਿਆ ਕਰਦੇ ਸਨ। ਅਸੀਂ ਹੈਰਾਨ ਹੋ ਜਾਂਦੇ ਸਾਂ ਕਿ ਮਹਾਰਾਜ ਜੀ ਇੰਨੀ ਦੂਰੋਂ ਸਾਡੇ ਪਾਸ ਕਿਸ ਤਰ੍ਹਾਂ ਪਹੁੰਚ ਜਾਂਦੇ ਹਨ।

ਬੀਬੀ ਵਿੱਦਿਆ ਜੀ ਦੇ ਛੇ ਲੜਕੀਆਂ ਸਨ। ਇਸ ਤਰ੍ਹਾਂ ਬੀਬੀ ਵਿੱਦਿਆਂ ਨੇ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਸਾਡੇ ਲੜਕੀਆਂ ਹੀ ਹਨ। ਮਹਾਰਾਜ ਜੀ ਨੇ ਫ਼ਰਮਾਇਆ, "ਚੱਲ ਕੋਈ ਗੱਲ ਨਹੀਂ, ਇਹਨੀਂ ਤੇਥੋਂ ਕੀ ਲੈ ਜਾਣਾ ਹੈ"। ਇਸ ਤਰ੍ਹਾਂ ਕੁਝ ਸਮੇਂ ਬਾਅਦ ਹੀ ਬੀਬੀ ਵਿੱਦਿਆ ਦੀਆਂ ਇੱਕ-ਇੱਕ ਕਰਕੇ ਚਾਰ ਲੜਕੀਆਂ ਸਵਰਗਵਾਸ ਹੋ ਗਈਆਂ।

ਫਿਰ ਕੁਝ ਸਮੇਂ ਬਾਅਦ ਬੀਬੀ ਵਿੱਦਿਆ ਦੇ ਘਰ ਪੁੱਤਰ ਪੈਦਾ ਹੋਇਆ। ਪੁੱਤਰ ਦੇ ਜਨਮ ਤੋਂ ਬਾਅਦ ਮਹਾਰਾਜ ਜੀ ਕੋਲ ਆਏ। ਮਹਾਰਾਜ ਜੀ ਨੇ ਉਹਨਾਂ ਦੇ ਪੁੱਤਰ ਨੂੰ ਆਸ਼ੀਰਵਾਦ ਦਿੱਤਾ। ਬੀਬੀ ਵਿੱਦਿਆ ਨੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ ਮੈਂ ਪੁੱਤਰਾਂ ਦੀ ਜੋੜੀ ਬਣਾਉਣੀ ਹੈ। ਪਰ ਮਹਾਰਾਜ ਜੀ ਨੇ ਕਿਹਾ ਕਿ ਚੰਦ ਤਾਰਿਆਂ 'ਚ ਇਕ ਹੀ ਹੁੰਦਾ ਹੈ। ਬੀਬੀ ਵਿੱਦਿਆ ਨੇ ਵਾਰ-ਵਾਰ ਮਹਾਰਾਜ ਨੂੰ ਕਿਹਾ ਮੈਂ ਤਾਂ ਪੁੱਤਰਾਂ ਦੀ ਜੋੜੀ ਬਣਾਉਣੀ ਹੈ। ਫਿਰ ਇਕ ਵਾਰੀ ਬੀਬੀ ਵਿੱਦਿਆ ਜੀ ਨੂੰ ਸੁਪਨੇ ਵਿਚ ਮਹਾਰਾਜ ਜੀ ਨੇ ਦਰਸ਼ਨ ਦਿੱਤੇ ਅਤੇ ਇਕ ਬੱਚਾ ਬੀਬੀ ਵਿੱਦਿਆ ਨੂੰ ਫੜਾਇਆ ਅਤੇ ਅਲੋਪ ਹੋ ਗਏ।

ਇਸ ਤੋਂ ਕੁਝ ਸਮੇਂ ਬਾਦ ਹੀ ਬੀਬੀ ਵਿੱਦਿਆ ਦੇ ਘਰ ਦੂਜੇ ਪੁੱਤਰ ਨੇ ਜਨਮ ਲਿਆ। ਥੋੜ੍ਹੇ ਹੀ ਦਿਨਾਂ ਬਾਅਦ ਬੱਚੇ ਦੇ ਜਨਮ ਦੀ ਖੁਸ਼ੀ ਵਿਚ ਲੱਡੂ ਲੈ ਕੇ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਘਰੋਂ ਚੱਲ ਪਏ। ਇਧਰੋਂ ਇਹ ਚੱਲੇ ਅਤੇ ਡੇਰੇ ਵਿਖੇ ਮਹਾਰਾਜ ਜੀ ਨੂੰ ਪਤਾ ਲੱਗ ਗਿਆ ਕਿ ਬੀਬੀ ਵਿੱਦਿਆ ਜੀ ਬੱਚੇ ਦੇ ਜਨਮ ਦੀ ਖੁਸ਼ੀ ਵਿਚ ਲੱਡੂ ਲੈ ਕੇ ਆ ਰਹੇ ਹਨ। ਉਸ ਹੀ ਦਿਨ ਕਈ ਹੋਰ ਸੇਵਕ ਏਸੇ ਹੀ ਖੁਸ਼ੀ ਵਿਚ ਲੱਡੂ ਲੈ ਕੇ ਆਏ ਹੋਏ ਸਨ ਅਤੇ ਉਸ ਦਿਨ ਡੇਰੇ ਵਿਖੇ ਲੱਡੂ ਹੀ ਵੰਡੇ ਜਾ ਰਹੇ ਸਨ। ਮਹਾਰਾਜ ਜੀ ਸੰਗਤਾਂ ਨੂੰ ਕਹਿਣ ਲੱਗੇ "ਬਈ ਹਾਲੇ ਟਾਂਡੇ ਵਾਲਿਆਂ ਦੇ ਵੀ ਲੱਡੂ ਆ ਰਹੇ ਹਨ ਉਹ ਵੀ ਖਾ ਕੇ ਜਾਇਉ"।

## ਸਾਖੀ 249

## YOU ARE INTIRE IN THE U.K.

ਸ਼੍ਰੀ ਰਾਮ ਚੰਦ ਵਿਰਦੀ ਵਾਸੀ ਪਿੰਡ ਰਾਏਪੁਰ ਜ਼ਿਲ੍ਹਾਂ ਜਲੰਧਰ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਦੇ ਸੇਵਕ ਹਨ।ਅੱਜਕੱਲ ਉਹ ਪਰਿਵਾਰ ਸਮੇਤ ਕਾਫੀ ਸਮੇਂ ਤੋਂ ਇੰਗਲੈਂਡ ਵਿਖੇ ਰਹਿ ਰਹੇ ਹਨ ਅਤੇ ਹੁਣ ਵੀ ਸਮਾਂ ਮਿਲਣ ਤੇ ਡੇਰੇ ਵਿਖੇ ਆਉਂਦੇ ਰਹਿੰਦੇ ਹਨ। ਸ਼੍ਰੀ ਰਾਮ ਚੰਦ ਵਿਰਦੀ ਜੀ ਦੱਸਦੇ ਹਨ ਕਿ ਅੱਜ ਤੋਂ 30-35 ਸਾਲ ਪਹਿਲਾਂ ਉਹ ਅਕਸਰ ਹੀ ਮਹਾਰਾਜ ਜੀ ਪਾਸ ਕੁਟੀਆ ਵਿਖੇ ਆਇਆ ਕਰਦੇ ਸਨ ਅਤੇ ਸਤਿਸੰਗ ਕਰਿਆ ਕਰਦੇ ਸਨ। ਇਕ ਦਿਨ ਸ਼੍ਰੀ ਰਾਮ ਚੰਦ ਵਿਰਦੀ ਜੀ ਨੂੰ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਨੇ ਪੁੱਛਿਆ "ਬਈ ਤੂੰ ਰੋਜ਼ ਇੱਥੇ ਆਉਂਦਾ ਹੈ ਦੱਸ ਤੇਰੀ ਕੀ ਇੱਛਾ ਹੈ" ਤਾਂ ਰਾਮ ਚੰਦ ਜੀ ਨੇ ਕਿਹਾ ਕਿ ਮਹਾਰਾਜ ਜੀ ਮੈਂ ਇੰਗਲੈਂਡ ਜਾਣਾ ਚਾਹੁੰਦਾਂ ਹਾਂ।ਮਹਾਰਾਜ ਜੀ ਕੁਝ ਚਿਰ ਚੁੱਪ ਰਹੇ ਅਤੇ ਫਿਰ ਉਹਨਾਂ ਨੇ ਵਚਨ ਕੀਤਾ "ਤੁਸੀਂ ਇੰਗਲੈਂਡ ਚਲੇ ਜਾਉਗੇ"।

ਇਸ ਤੋਂ ਕੁਝ ਚਿਰ ਬਾਅਦ ਸ਼੍ਰੀ ਰਾਮ ਚੰਦ ਜੀ ਨੇ ਇੰਗਲੈਂਡ ਜਾਣ ਵਾਸਤੇ ਫਾਰਮ ਭਰ ਦਿੱਤੇ ਅਤੇ ਫਿਰ ਸਮੇਂ ਅਨਸਾਰ ਉਹਨਾਂ ਨੂੰ ਇੰਗਲੈਂਡ ਦੀ ਅੰਬੈਸੀ ਤੋਂ ਚਿੱਠੀ ਆ ਗਈ ਅਤੇ ਉਸ ਦੇ ਨਾਲ ਹੀ ਇਮੀਗਰੇਸ਼ਨ ਦੇ ਪੇਪਰ ਵੀ ਆ ਗਏ। ਰਾਮ ਚੰਦ ਜੀ ਉਹ ਪੇਪਰ ਲੈ ਕੇ ਮਹਾਰਾਜ ਜੀ ਪਾਸ ਆਏ ਅਤੇ ਮਹਾਰਾਜ ਜੀ ਨੂੰ ਉਹ ਪੇਪਰ ਦਿਖਾਏ ਤਾਂ ਮਹਾਰਾਜ ਜੀ ਨੇ ਉਹ ਪੇਪਰ ਉਹਨਾਂ ਕੋਲੋਂ ਆਪਣੇ ਹੱਥਾਂ ਵਿਚ ਲੈ ਲਏ। ਫਿਰ ਮਹਾਰਾਜ ਜੀ ਨੇ ਉਹਨਾਂ ਪੇਪਰਾਂ ਵਿਚੋਂ ਪੰਜਵਾਂ ਬਰਕਾ ਕੱਢਿਆ ਅਤੇ ਰਾਮ ਚੰਦ ਨੂੰ ਪੜ੍ਹਣ ਵਾਸਤੇ ਕਿਹਾ ਕਿ ਪੜ੍ਹੋ ਇਸ ਤੇ ਕੀ ਲਿਖਿਆ ਹੈ ਜਦੋਂ ਸ਼੍ਰੀ ਰਾਮ ਚੰਦ ਜੀ ਨੇ ਉਹ ਪੇਪਰ ਪੜ੍ਹਿਆ ਤਾਂ ਉਸ ਤੇ ਲਿਖਿਆ ਸੀ। **YOU ARE INTIRE IN THE U.K.**

ਜਦੋਂ ਮਹਾਰਾਜ ਜੀ ਨੇ ਇਹ ਸੁਣਿਆ ਤਾਂ ਮਹਾਰਾਜ ਜੀ ਕਹਿਣ ਲੱਗੇ, "ਠੀਕ ਹੈ ਤੁਸੀਂ ਹੁਣ ਇੰਗਲੈਂਡ ਚਲੇ ਜਾਉਗੇ"।ਸੋ ਇਸ ਤਰ੍ਹਾਂ ਸਤਿਗੁਰਾਂ ਦੀ ਕਿਰਪਾ ਨਾਲ ਸ਼੍ਰੀ ਰਾਮ ਚੰਦ ਵਿਰਦੀ ਜੀ ਦਾ ਇੰਗਲੈਂਡ ਦਾ ਕੰਮ ਬਣ ਗਿਆ ਤੇ ਉਹ ਇੰਗਲੈਂਡ ਚਲੇ ਗਏ।

## ਸਾਖੀ 250

### ਜ਼ਮੀਨ ਬਖ਼ਸ਼ਿਸ਼ ਕਰਨੀ।

ਸ਼੍ਰੀ ਜਾਗਰ ਰਾਮ ਪੁੱਤਰ ਸ਼੍ਰੀ ਮਈਆ ਰਾਮ ਮੁਹੱਲਾ ਰਮਦਾਸਪੁਰਾ ਫਿਲੌਰ ਜ਼ਿਲ੍ਹਾਂ ਜਲੰਧਰ ਦੇ ਰਹਿਣ ਵਾਲੇ ਹਨ ਅਤੇ ਸਤਿਗੁਰੂ ਸੁਆਮੀ ਸਰਵਣ ਦਾਸ

ਮਹਾਰਾਜ ਜੀ ਦੇ ਅਨਿੰਨ ਭਗਤ ਹਨ। ਸ਼੍ਰੀ ਜਾਗਰ ਰਾਮ ਜੀ ਦੱਸਦੇ ਹਨ ਕਿ ਉਹ ਚਮੜੇ ਦਾ ਕੰਮ ਕਰਦੇ ਸਨ। ਕੁਟੀਆ ਵਿਖੇ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਸਮੇਂ-ਸਮੇਂ ਤੇ ਆਂਉਦੇ ਰਹਿੰਦੇ ਸਨ।

ਇਕ ਵਾਰੀ ਸਵਾਮੀ ਸਰਵਣ ਦਾਸ ਮਹਾਰਾਜ ਜੀ ਫਿਲੌਰ ਵਿਖੇ ਸੰਤ ਸੰਮੇਲਨ ਤੇ ਗਏ ਹੋਏ ਸੀ। ਸੰਤ ਸੰਮੇਲਨ ਦੀ ਸਮਾਪਤੀ ਤੋਂ ਬਾਅਦ ਮਹਾਰਾਜ ਜੀ ਸ਼੍ਰੀ ਜਾਗਰ ਰਾਮ ਜੀ ਦੇ ਗ੍ਰਹਿ ਵਿਖੇ ਗਏ। ਮਹਾਰਾਜ ਜੀ ਨੇ ਖੜ੍ਹੇ ਖੜ੍ਹੇ ਹੀ ਸ਼੍ਰੀ ਜਾਗਰ ਰਾਮ ਜੀ ਦੇ ਗ੍ਰਹਿ ਵਿਖੇ ਅਰਦਾਸ ਕੀਤੀ। ਸ਼੍ਰੀ ਜਾਗਰ ਰਾਮ ਜੀ ਦੇ ਗ੍ਰਹਿ ਵਿਖੇ ਚਰਨ ਪਾਉਣ ਤੋਂ ਬਾਅਦ ਜਦੋਂ ਮਹਾਰਾਜ ਜੀ ਵਾਪਸ ਪਰਤਣ ਲੱਗੇ ਤਾਂ ਜਾਗਰ ਰਾਮ ਦੇ ਘਰ ਦੇ ਨਾਲ ਲੱਗਦਾ ਖਾਲੀ ਥਾਂ ਦੇਖ ਕੇ ਮਹਾਰਾਜ ਜੀ ਨੇ ਉਸਨੂੰ ਪੁੱਛਿਆ ਕਿ ਇਹ ਵੀ ਆਪਣੀ ਜਗ੍ਹਾ ਹੈ ਤਾਂ ਜਾਗਰ ਰਾਮ ਜੀ ਨੇ ਉੱਤਰ ਦਿੱਤਾ ਕਿ ਮਹਾਰਾਜ ਜੀ ਇਹ ਜਗ੍ਹਾ ਮੇਰੀ ਨਹੀਂ ਹੈ। ਮਹਾਰਾਜ ਜੀ ਨੇ ਕਿਹਾ, "ਤੁਸੀਂ ਇੱਥੇ ਚਮੜਾ ਸੁੱਕਣਾ ਨਹੀਂ ਪਾਉਂਦੇ" ? ਤਾਂ ਜਾਗਰ ਰਾਮ ਨੇ ਕਿਹਾ, "ਹਾਂ ਮਹਾਰਾਜ ਜੀ ਪਾਉਂਦੇ ਆਂ"। ਮਹਾਰਾਜ ਜੀ ਨੇ ਵਚਨ ਕੀਤਾ ਕਿ ਫਿਰ ਜਗ੍ਹਾਂ ਵੀ ਤੁਹਾਡੀ ਹੈ"। ਤਾਂ ਸ਼੍ਰੀ ਜਾਗਰ ਰਾਮ ਜੀ ਦੱਸਦੇ ਹਨ ਕਿ ਮਹਾਰਾਜ ਜੀ ਦੀ ਅਪਾਰ ਕਿਰਪਾ ਨਾਲ ਉਹ ਘਰ ਨਾਲ ਲੱਗਦੀ ਜਗ੍ਹਾਂ ਥੋੜ੍ਹੇ ਸਮੇਂ ਵਿਚ ਹੀ ਉਹਨਾਂ ਦੇ ਨਾ ਹੋ ਗਈ।

ਇਸੇ ਤਰ੍ਹਾਂ ਸ਼੍ਰੀ ਜਾਗਰ ਰਾਮ ਜੀ ਦੱਸਦੇ ਹਨ ਕਿ ਇਕ ਵਾਰ ਉਹਨਾਂ ਨੇ ਜ਼ਮੀਨ ਖਰੀਦਣੀ ਸੀ। ਉਹਨਾਂ ਨੇ ਜ਼ਮੀਨ ਦਾ ਵਿਆਜ ਕਿਸੇ ਤੋਂ ਉਧਾਰ ਫੜਕੇ ਦੇ ਦਿੱਤਾ। ਫਿਰ ਮਹਾਰਾਜ ਜੀ ਪਾਸ ਆਏ ਅਤੇ ਫ਼ਰਿਆਦ ਕੀਤੀ ਕਿ ਮਹਾਰਾਜ ਅਸੀਂ ਜ਼ਮੀਨ ਲੈਣੀ ਹੈ ਤਾਂ ਮਹਾਰਾਜ ਜੀ ਨੇ ਵਚਨ ਕੀਤਾ ਕਿ ਖਰੀਦ ਲਉ। ਸ਼੍ਰੀ ਜਾਗਰ ਰਾਮ ਜੀ ਨੇ ਮਹਾਰਾਜ ਜੀ ਨੂੰ ਦੱਸਿਆ ਕਿ ਅਸੀਂ ਤਾਂ ਤੁਹਾਡੇ ਆਸਰੇ ਹੀ ਬਿਆਨਾ ਦਿੱਤਾ ਹੈ ਪਰ ਸਾਡੇ ਕੋਲ ਜ਼ਮੀਨ ਖਰੀਦਣ ਵਾਸਤੇ ਪੈਸੇ ਨਹੀਂ ਹਨ। ਤਾਂ ਮਹਾਰਾਜ ਜੀ ਨੇ ਵਚਨ ਕੀਤਾ, "ਹੌਂਸਲਾ ਨਹੀਂ ਛੱਡਣਾ ਤੁਸੀਂ ਜ਼ਮੀਨ ਜ਼ਰੂਰ ਖਰੀਦਣੀ ਹੈ, ਪੈਸਿਆਂ ਦਾ ਤਾਂ ਮੀਂਹ ਪੈਣਾ ਹੈ ਉਸ ਦਿਨ ਨੂੰ"।

ਸ਼੍ਰੀ ਜਾਗਰ ਰਾਮ ਜੀ ਦੇ ਦੱਸਣ ਅਨੁਸਾਰ ਉਹਨਾਂ ਦਾ ਥੋੜ੍ਹੇ ਸਮੇਂ ਵਿਚ ਹੀ ਬਹੁਤ ਕਾਰੋਬਾਰ ਚੱਲਣ ਲੱਗ ਪਿਆ ਅਤੇ ਉਹਨਾਂ ਕੋਲ ਕਾਫੀ ਧਨ ਇਕੱਠਾ ਹੋ ਗਿਆ। ਦੋ ਮਹੀਨੇ ਦੇ ਵਿਚੋ ਵਿੱਚ ਹੀ ਉਹਨਾਂ ਨੇ ਜ਼ਮੀਨ ਦੀ ਰਜਿਸਟਰੀ ਵੀ ਕਰਵਾ ਲਈ। ਅੱਜ ਸ਼੍ਰੀ ਜਾਗਰ ਰਾਮ ਜੀ ਦਾ ਪਰਿਵਾਰ ਸਤਿਗੁਰਾਂ ਦੀ ਮਿਹਰ ਨਾਲ ਬੜਾ ਖੁਸ਼ਹਾਲ ਅਤੇ ਸੁੱਖ ਭਰਿਆ ਜੀਵਨ ਬਤੀਤ ਕਰ ਰਿਹਾ ਹੈ।

**(ਖੁਦ ਸ਼੍ਰੀ ਜਾਗਰ ਰਾਮ ਜੀ)**

## ਸਾਖੀ 251

## ਉਹਨਾਂ ਨੇ ਤੈਨੂੰ ਮਾਰ ਦੇਣਾ ਸੀ।

ਸ਼੍ਰੀ ਸ਼ਰਨ ਚੰਦ ਪੁੱਤਰ ਸ਼੍ਰੀ ਬੇਲੀ ਰਾਮ ਪਿੰਡ ਅਈਆਂ ਪੁਰ (ਟਾਂਡਾ) ਜ਼ਿਲ੍ਹਾ ਹੁਸ਼ਿਆਰਪੁਰ ਮਹਾਰਾਜ ਸਰਵਣ ਦਾਸ ਜੀ ਦੇ ਸੇਵਕ ਹਨ। ਸ਼੍ਰੀ ਸ਼ਰਨ ਚੰਦ ਜੀ ਦਾ ਜਦੋਂ ਵੀ ਦਿਲ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਕਰਿਆ ਕਰਦਾ ਸੀ ਤਾਂ ਉਹ ਆਪਣੇ ਪਿੰਡੋਂ ਸਾਈਕਲ ਤੇ ਇਕੱਲੇ ਹੀ ਕੁਟੀਆ ਨੂੰ ਆ ਜਾਇਆ ਕਰਦੇ ਸਨ।

ਇਸੇ ਤਰ੍ਹਾਂ ਉਹ ਦੱਸਦੇ ਹਨ ਕਿ ਇਕ ਵਾਰੀ ਉਹਨਾਂ ਨੇ ਸ਼ਾਮ ਨੂੰ ਮਹਾਰਾਜ ਜੀ ਲਈ ਫੁੱਲਾਂ ਦਾ ਹਾਰ ਬਣਾ ਕੇ ਰੱਖ ਲਿਆ।ਉਹਨਾਂ ਦਾ ਵਿਚਾਰ ਸੀ ਕਿ ਮੈਂ ਤੜਕੇ ਹੀ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਚਲਾ ਜਾਵਾਂਗਾ। ਮਹਾਰਾਜ ਜੀ ਨੂੰ ਮਿਲਣ ਦੀ ਉਹਨਾਂ ਨੂੰ ਇੰਨੀ ਤਾਂਘ ਸੀ ਜਦੋਂ ਉਹ ਰਾਤ ਨੂੰ ਸੌਂ ਗਏ ਤਾਂ ਉਹਨਾਂ ਨੂੰ 10 ਕੁ ਵਜੇ ਹੀ ਜਾਗ ਆ ਗਈ ਤਾਂ ਉਹ ਆਪਣੇ ਸਾਈਕਲ ਤੇ ਮਹਾਰਾਜ ਜੀ ਦੀ ਕੁਟੀਆ ਵੱਲ ਨੂੰ ਚੱਲ ਪਏ। ਜਦੋਂ ਉਹ ਚਲਾਂਗ ਪਿੰਡ ਦੇ ਨੇੜੇ ਪਹੁੰਚੇ ਤਾਂ ਉਹਨਾਂ ਨੂੰ ਰੇਲ ਗੱਡੀ ਦੀ ਅਵਾਜ਼ ਸੁਣਾਈ ਦਿੱਤੀ। ਇਹ ਗੱਡੀ ਰਾਤ ਨੂੰ 11 ਵਜੇ ਆਉਂਦੀ ਹੁੰਦੀ ਸੀ, ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਅਜੇ ਤਾਂ 11 ਹੀ ਵੱਜੇ ਹਨ ਉਹ ਬਹੁਤ ਹੈਰਾਨ ਹੋਏ ਕਿ ਮੈਂ ਤਾਂ ਤੜਕਾ ਸਮਝ ਕੇ ਘਰੋਂ ਚੱਲ ਪਿਆ ਹਾਂ।ਪਰ ਫਿਰ ਵੀ ਉਹ ਪਿੱਛੇ ਨਹੀਂ ਸਨ ਮੁੜਨਾ ਚਾਹੁੰਦੇ। ਉਹ ਮਹਾਰਾਜ ਜੀ ਨੂੰ ਯਾਦ ਕਰਦੇ ਹੋਏ ਅੱਗੇ ਚੱਲ ਪਏ। ਜਦੋਂ ਹੋਰ ਥੋੜ੍ਹਾ ਅੱਗੇ ਆਏ ਤਾਂ ਉਹਨਾਂ ਦੇ ਸਾਈਕਲ ਦਾ ਚੱਕਾ ਜਾਮ ਹੋ ਗਿਆ।ਉਸ ਜਗ੍ਹਾ ਤੇ ਕਾਫੀ ਬੂਝੇ ਤੇ ਝਾੜੀਆਂ ਸਨ ਤੇ ਉਹ ਉਜਾੜ ਜਿਹੀ ਜਗ੍ਹਾ ਹੀ ਸੀ।ਸ਼ਰਨ ਚੰਦ ਦੇ ਕੋਲ ਸਾਰਾ ਹੀ ਸਮਾਨ ਸੀ।ਉਹਨਾਂ ਨੇ ਸਾਈਕਲ ਦਾ ਚੱਕਾ ਖੋਲ੍ਹਿਆ ਤੇ ਉਸ ਨੂੰ ਠੀਕ ਕੀਤਾ।ਜਦੋਂ ਉਹ ਫਿਰ ਸਾਈਕਲ ਤੇ ਚੜ੍ਹੇ ਤਾਂ ਚੱਕਾ ਫਿਰ ਜਾਮ ਹੋ ਗਿਆ। ਇਸੇ ਤਰ੍ਹਾ ਉਹਨਾਂ ਨੇ ਦੂਜੀ ਵਾਰੀ ਫਿਰ ਖੋਲ੍ਹਿਆ ਤੇ ਬਣਾਇਆ ਤੇ ਉਹ ਫਿਰ ਜਾਮ ਹੋ ਗਿਆ। ਉਹ ਦੱਸਦੇ ਹਨ ਕਿ ਉਹਨਾਂ ਪਤਾ ਨਹੀਂ ਕਿੰਨੀ ਕੁ ਵਾਰ ਸਾਈਕਲ ਠੀਕ ਕੀਤਾ ਪਰ ਹਰ ਵਾਰੀ ਸਾਇਕਲ ਦਾ ਚੱਕਾ ਜਾਮ ਹੋ ਜਾਂਦਾ ਸੀ। ਇਹ ਕੰਮ ਕਰਦਿਆਂ ਉਹਨਾਂ ਨੂੰ ਤੜਕਾ ਹੋ ਗਿਆ। ਉਹ ਥੱਕ ਹਾਰ ਕੇ ਸਵੇਰ ਹੋਣ ਦੀ ਉਡੀਕ ਕਰ ਰਹੇ ਸੀ ਕਿ ਕਦੋਂ ਸਵੇਰਾ ਹੋਵੇ ਤੇ ਮੈਂ ਕਿਸੇ ਦੁਕਾਨ ਤੋਂ ਸਾਈਕਲ ਠੀਕ ਕਰਾ ਲਵਾਂ। ਇਸੇ ਸਮੇਂ ਦੌਰਾਨ ਉਹਨਾਂ ਨੇ ਦੇਖਿਆ ਕਿ ਉਹਨਾਂ ਤੋਂ ਕੁਝ ਹੀ ਫਾਸਲੇ ਤੇ ਝਾੜੀਆਂ ਦੇ ਵਿਚੋਂ ਤਿੰਨ ਬੰਦੇ ਤਲਵਾਰਾਂ ਲੈ ਕੇ ਨਿਕਲੇ ਤੇ ਇਕ ਪਾਸੇ ਨੂੰ ਚਲੇ ਗਏ।ਉਹ ਕੋਈ ਲੁਟੇਰੇ ਸਨ।ਸ਼ਰਨ ਚੰਦ ਜੀ ਉੱਠੇ ਤੇ ਆਪਣਾ ਸਾਈਕਲ ਲੈ ਕੇ ਤੁਰਨ ਲੱਗੇ ਤਾਂ ਉਹਨਾਂ ਨੇ ਦੇਖਿਆ ਕਿ ਉਹਨਾਂ ਦਾ ਸਾਈਕਲ ਹੁਣ ਪੂਰੀ ਤਰ੍ਹਾਂ ਠੀਕ ਹੈ ਕੋਈ ਚੱਕਾ ਜਾਮ ਨਹੀਂ ਹੈ।ਸਾਈਕਲ ਠੀਕ ਠਾਕ

ਚੱਲ ਰਿਹਾ ਹੈ ਤੇ ਉਹ ਕੁਟੀਆ ਵੱਲ ਨੂੰ ਚੱਲ ਪਏ ਤੇ ਨਾਲ ਹੀ ਉਹ ਬਹੁਤ ਹੈਰਾਨ ਹੋਏ ਕਿ ਮੈਂ ਸਾਰੀ ਰਾਤ ਸਾਈਕਲ ਠੀਕ ਕਰ ਰਿਹਾ ਸੀ ਹੁਣ ਇਹ ਪਤਾ ਨਹੀਂ ਆਪਣੇ ਆਪ ਕਿਵੇਂ ਠੀਕ ਹੋ ਗਿਆ ਅਤੇ ਇਹੋ ਹੀ ਸੋਚਾਂ ਸੋਚਦੇ ਹੋਏ ਉਹ ਕੁਟੀਆ ਵਿਖੇ ਪਹੁੰਚ ਗਏ। ਜਦੋਂ ਉਹਨਾਂ ਨੇ ਆ ਕੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤਾਂ ਮਹਾਰਾਜ ਜੀ ਨੇ ਆਪਣਾ ਖੂੰਡਾ ਚੁੱਕਿਆ ਅਤੇ ਸ਼ਰਨ ਚੰਦ ਨੂੰ ਕਹਿਣ ਲੱਗੇ, "ਉਏ ਤੂੰ ਸਾਰੀ ਰਾਤ ਸਾਡੇ ਕੋਲੋਂ ਚੌਂਕੀਦਾਰੀ ਕਰਵਾਈ ਹੈ, ਉਹ ਜਿਹੜੇ ਬੰਦੇ ਤੇਰੇ ਕੋਲੋਂ ਨਿਕਲ ਕੇ ਗਏ ਉਹ ਡਾਕੂ ਸੀ ਉਹਨਾਂ ਨੇ ਤੈਨੂੰ ਮਾਰ ਦੇਣਾ ਸੀ।" ਇਹ ਸੁਣ ਕੇ ਸ਼ਰਨ ਚੰਦ ਜੀ ਬਹੁਤ ਹੈਰਾਨ ਹੋਏ ਅਤੇ ਮਹਾਰਾਜ ਜੀ ਦੇ ਚਰਨਾਂ ਤੇ ਡਿੱਗ ਪਏ। ਇਸ ਤਰ੍ਹਾਂ ਜਾਣੀ-ਜਾਣ ਸਤਿਗੁਰਾਂ ਨੇ ਆਪਣੇ ਸੇਵਕ ਦੀ ਰੱਖਿਆ ਕੀਤੀ।

## ਸਾਖੀ 252

## ਮਹਾਰਾਜ ਜੀ ਨੇ ਗੰਗਾ ਦੇ ਦਰਸ਼ਨ ਕਰਾਉਣੇ।

ਇਹ ਸਾਖੀ ਵੀ ਸਾਨੂੰ ਸੋਮਨਾਥ ਰਾਮਦਾਸ ਪੁਰ ਵਾਲਿਆਂ ਨੇ ਹੀ ਦੱਸੀ ਸੀ। ਇਕ ਵਾਰੀ ਪਿੰਡ ਫਰੀਦਪੁਰ ਤੋਂ ਮਹਾਰਾਜ ਸਰਵਣ ਦਾਸ ਜੀ ਦਾ ਸੇਵਕ ਇਕ ਬਜ਼ੁਰਗ ਡੇਰੇ ਵਿਖੇ ਆਇਆ। ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤੇ ਕਹਿਣ ਲੱਗਾ, "ਮਹਾਰਾਜ ਜੀ ਮੇਰੀ ਘਰਵਾਲੀ ਚੱਲ ਵਸੀ ਹੈ, ਮੈਂ ਉਸਦੇ ਅਸਥ ਲੈ ਕੇ ਗੰਗਾ ਜਾਣਾ ਹੈ ਅਤੇ ਨਾਲੇ ਮੈਂ ਤਾਂ ਕਦੀ ਗੰਗਾ ਦੇਖੀ ਵੀ ਨਹੀਂ। ਇਸ ਲਈ ਗੰਗਾ ਦੇ ਦਰਸ਼ਨ ਕਰ ਆਵਾਂਗਾ" ਤਾਂ ਮਹਾਰਾਜ ਜੀ ਕਹਿਣ ਲੱਗੇ, "ਓਏ ਤੂੰ ਗੰਗਾ ਦੇਖਣੀ ਆ, ਇੱਥੇ ਹੀ ਗੰਗਾ ਦਿਖਾ ਦਿੰਦੇ ਹਾਂ" ਤਾਂ ਉਹ ਬਜ਼ੁਰਗ ਕਹਿਣ ਲੱਗਾ ਮਹਾਰਾਜ ਜੀ ਇੱਥੇ ਕਿੱਥੇ ਗੰਗਾ ਹੈ ? ਉਹ ਤਾਂ ਹਰਿਦੁਆਰ ਹੈ" ਤਾਂ ਮਹਾਰਾਜ ਕਹਿਣ ਲੱਗੇ, "ਗੰਗਾ ਤਾਂ ਇੱਥੇ ਹੀ ਰਹਿੰਦੀ ਹੈ, ਤੂੰ ਅੱਜ ਇੱਥੇ ਰਾਤ ਰਹਿ ਤੈਨੂੰ ਗੰਗਾ ਦਰਸ਼ਨ ਕਰਾ ਦੇਵਾਂਗੇ"।

ਫਿਰ ਦੂਜੇ ਦਿਨ ਤੜਕੇ ਮਹਾਰਾਜ ਜੀ ਨੇ ਉਸ ਬਜ਼ੁਰਗ ਨੂੰ ਕਿਹਾ, "ਆ ਛੰਨਾ ਲੈ ਇਹਨੂੰ ਨਲਕੇ ਤੋਂ ਭਰ ਕੇ ਲਿਆ"। ਉਹ ਬਜ਼ੁਰਗ ਪਾਣੀ ਲੈ ਕੇ ਆਇਆ ਤਾਂ ਮਹਾਰਾਜ ਜੀ ਕਹਿਣ ਲੱਗੇ ਕਿ ਇਸ ਨੂੰ ਉਹ ਕਮਰੇ ਵਿਚ ਰੱਖਿਆ ਅਤੇ ਨਾਲ ਹੀ ਸੋਮਨਾਥ ਨੂੰ ਭੇਜ ਦਿਤਾ। ਜਦੋਂ ਉਹ ਅੰਦਰ ਗਏ ਤਾਂ ਅੰਦਰ ਗੰਗਾ ਆਈ ਹੋਈ ਸੀ। ਉਸ ਦੀ ਰੌਸ਼ਨੀ ਇਸ ਤਰ੍ਹਾਂ ਸੀ ਕਿ ਜਿਵੇਂ 12 ਸੂਰਜ ਇਕੋ ਵਾਰੀ ਚੜ ਗਏ ਹੋਣ। ਉਹ ਬਜ਼ੁਰਗ ਤਾਂ ਇਹ ਸਭ ਦੇਖ ਕੇ ਬੇਹੋਸ਼ ਹੋ ਗਿਆ। ਨਾਲ ਹੀ ਸੋਮਨਾਥ ਨੇ ਵੀ ਗੰਗਾ ਦੇ ਦਰਸ਼ਨ ਕਰ ਲਏ। ਫਿਰ ਉਸ ਬਜ਼ੁਰਗ ਨੂੰ ਹੋਸ਼ ਵਿਚ ਲਿਆਂਦਾ ਤਾਂ ਮਹਾਰਾਜ ਸਰਵਣ ਦਾਸ ਜੀ ਉਸਨੂੰ ਕਹਿਣ ਲੱਗੇ, "ਕਿਉਂ ਬਈ ਗੰਗਾ ਦੇ ਦਰਸ਼ਨ ਹੋ ਗਏ ਕਿ ਅਜੇ ਵੀ

ਹਰਿਦੁਆਰ ਜਾਣਾ ਹੈ" ਤਾਂ ਬਜ਼ੁਰਗ ਕਹਿਣ ਲੱਗਾ, "ਮਹਾਰਾਜ ਜੀ ਸਭ ਕੁਝ ਤੁਹਾਡੇ ਕੋਲ ਹੀ ਹੈ ਹੁਣ ਮੈਂ ਕਿਤੇ ਨਹੀਂ ਜਾਣਾ। ਇਸ ਤਰ੍ਹਾਂ ਸੋਮਨਾਥ ਅਤੇ ਉਸ ਬਜ਼ੁਰਗ ਨੂੰ ਡੇਰੇ ਵਿਚ ਹੀ ਗੰਗਾ ਦੇ ਦਰਸ਼ਨ ਕਰਵਾ ਦਿੱਤੇ।

## ਸਾਖੀ 253

## ਚਾਹ ਪੀ ਕੇ ਘਰ ਨੂੰ ਜਾ ਉਏ।

ਸ਼੍ਰੀ ਪਾਖਰ ਰਾਮ ਪਿੰਡ ਮੰਨਣਾਂ ਜੋ ਕਿ ਅੱਜ ਕੱਲ ਜਲੰਧਰ ਵਿਖੇ ਰਹਿ ਰਹੇ ਹਨ ਮਹਾਰਾਜ ਸਰਵਣ ਦਾਸ ਜੀ ਦੇ ਸੇਵਕ ਸਨ। ਸ਼੍ਰੀ ਪਾਖਰ ਰਾਮ ਜੀ ਦੇ ਦੱਸਣ ਅਨੁਸਾਰ ਉਹ ਮਹਾਰਾਜ ਜੀ ਦੀ ਕੁਟੀਆ ਵਿਖੇ, ਰਾਜਗਿਰੀ ਦੇ ਕੰਮ ਦੀ ਸੇਵਾ ਕਰਿਆ ਕਰਦੇ ਸਨ। ਉਹਨਾਂ ਦੱਸਿਆ ਕਿ ਉਹਨਾਂ ਦੀ ਪਤਨੀ ਦੇ ਬੱਚਾ ਹੋਣ ਵਾਲਾ ਸੀ ਅਤੇ ਉਹ ਅਚਾਨਕ ਹੀ ਬਿਮਾਰ ਹੋ ਗਈ।

ਉਹਨਾਂ ਦੇ ਹੀ ਸ਼ਬਦਾਂ ਅਨੁਸਾਰ ਮੈਨੂੰ ਕਿਸੇ ਪਿੰਡ ਦੇ ਹੀ ਆਦਮੀ ਨੇ ਸਲਾਹ ਦਿੱਤੀ ਕਿ ਮੈਂ ਆਪਣੀ ਪਤਨੀ ਨੂੰ ਕਿਸੇ 'ਸਿਆਣੇ' ਕੋਲ ਦਿਖਾਵਾਂ ਅਤੇ ਮੈਂ ਲਾਈਲੱਗ ਉਸ ਦੇ ਮਗਰ ਲੱਗ ਕੇ ਜਿੱਥੇ ਉਸ ਨੇ ਮੈਨੂੰ ਜਾਣ ਵਾਸਤੇ ਕਿਹਾ ਮੈਂ ਉੱਥੇ ਜਾਣ ਵਾਸਤੇ ਆਪਣੇ ਘਰ ਤੋਂ ਤੁਰ ਪਿਆ। ਮੈਂ ਜਿਹੜੇ ਰਸਤੇ ਘਰੋਂ ਗਿਆ ਉਸੇ ਰਸਤੇ ਵਿਚ ਮਹਾਰਾਜ ਜੀ ਦੀ ਕੁਟੀਆ ਵੀ ਆਉਂਦੀ ਸੀ। ਜਦੋਂ ਮੈਂ ਕੁਟੀਆ ਦੇ ਅੱਗਿਓਂ ਲੰਘਣ ਲੱਗਾ ਤਾਂ ਮਹਾਰਾਜ ਸਰਵਣ ਦਾਸ ਜੀ ਥੜ੍ਹੇ ਤੇ ਬਿਰਾਜਮਾਨ ਸਨ। ਮੈਂ ਉਹਨਾਂ ਨੂੰ ਨਮਸਕਾਰ ਕਰਨ ਲਈ ਰੁਕਿਆ ਤਾਂ ਉਹਨਾਂ ਨੇ ਮੈਨੂੰ ਅਵਾਜ਼ ਮਾਰ ਲਈ ਤੇ ਕਹਿਣ ਲੱਗੇ "ਉਏ ਕਿੱਥੇ ਚੱਲਿਆਂ, ਇੱਧਰ ਆ"। ਮੈਂ ਉੱਤਰ ਦਿਤਾ ਮਹਾਰਾਜ ਜੀ ਮੇਰੀ ਪਤਨੀ ਬਿਮਾਰ ਹੈ। ਮੈਨੂੰ ਕਿਸੇ ਨੇ ਸਿਆਣੇ ਕੋਲ ਜਾਣ ਲਈ ਕਿਹਾ ਸੀ ਤੇ ਮੈਂ ਉੱਥੇ ਚੱਲਿਆ ਸੀ ਅਤੇ ਮਹਾਰਾਜ ਜੀ ਨੇ ਕਿਹਾ, "ਜਾ ਉਏ ਪਹਿਲਾਂ ਚਾਹ ਪੀ ਜਾ ਕੇ"। ਮੈਂ ਮਹਾਰਾਜ ਜੀ ਦਾ ਹੁਕਮ ਮੰਨ ਕੇ ਚਾਹ ਪੀਣ ਚਲਾ ਗਿਆ। ਜਦੋਂ ਮੈਂ ਚਾਹ ਪੀ ਕੇ ਵਾਪਸ ਆਇਆ ਤਾਂ ਮਹਾਰਾਜ ਜੀ ਨੇ ਕਿਹਾ, "ਜਾ ਸਿੱਧਾ ਘਰ ਚਲਾ ਜਾ"। ਮੈਂ ਵਾਪਸ ਪਿੰਡ ਨੂੰ ਘਰਵਾਲੀ ਬਾਰੇ ਸੋਚਦਾ ਸੋਚਦਾ ਘਰ ਪਹੁੰਚਾ ਤਾਂ ਮੇਰੀ ਪਤਨੀ ਵਿਹੜੇ ਵਿਚ ਝਾੜੂ ਫੇਰ ਹੀ ਸੀ ਅਤੇ ਮੈਂ ਦੇਖ ਕੇ ਹੈਰਾਨ ਰਹਿ ਗਿਆ ਕਿ ਉਹ ਸਤਿਗੁਰਾਂ ਦੀ ਮਿਹਰ ਨਾਲ ਠੀਕ ਹੋ ਗਈ ਸੀ ਅਤੇ ਘਰ ਦਾ ਕੰਮ ਕਰ ਰਹੀ ਸੀ।

ਫਿਰ ਸਮੇਂ ਅਨੁਸਾਰ ਸਾਡੇ ਘਰ ਵਿਚ ਇਕ ਲੜਕੀ ਨੇ ਜਨਮ ਲਿਆ। ਜਿਹੜੀ ਕਿ ਸਮੇਂ ਤੋਂ ਪਹਿਲਾਂ ਪੈਦਾ ਹੋ ਗਈ। ਜਿਸ ਦਿਨ ਉਸ ਬੱਚੀ ਨੇ ਜਨਮ ਲਿਆ ਉਸ ਦਿਨ ਮਹਾਰਾਜ ਜੀ ਸਾਡੇ ਘਰ ਪਹੁੰਚ ਗਏ। ਅਸੀਂ ਮਹਾਰਾਜ ਜੀ ਨੂੰ ਪਿਆਰ

ਸਤਿਕਾਰ ਨਾਲ ਬਿਠਾਇਆ ਅਤੇ ਦੱਸਿਆ ਕਿ ਮਹਾਰਾਜ ਜੀ ਸਤਮਾਂਹੀ ਬੱਚੀ ਪੈਦਾ ਹੋਈ ਹੈ ਤਾਂ ਮਹਾਰਾਜ ਜੀ ਨੇ ਵਚਨ ਕੀਤਾ ਕਿ ਚਿੰਤਾ ਨਹੀਂ ਕਰਨੀ। ਇਹ ਬੱਚੀ ਲਛਮੀ ਦਾ ਰੂਪ ਹੈ ਇਸ ਨੇ ਬਹੁਤ ਪੜ੍ਹਨਾ-ਲਿਖਣਾ ਹੈ ਅਤੇ ਕਾਫੀ ਤਰੱਕੀ ਕਰਨੀ ਹੈ ਤੇ ਤੁਹਾਡੀ ਸੇਵਾ ਕਰੇਗੀ।

ਮਹਾਰਾਜ ਜੀ ਦੀ ਕਿਰਪਾ ਨਾਲ ਇਹ ਬੱਚੀ ਕਾਫੀ ਦੇਰ ਤੋਂ ਇੰਗਲੈਂਡ ਵਿੱਚ ਰਹਿ ਰਹੀ ਹੈ ਅਤੇ ਮਹਾਰਾਜ ਜੀ ਦੀ ਮਿਹਰ ਸਦਕਾ ਉਸ ਕੋਲ ਸਭ ਕੁਝ ਹੈ।ਅਸੀਂ ਵੀ ਖੁਸ਼ਹਾਲ ਹਾਂ।ਇਹ ਸਭ ਮਹਾਰਾਜ ਸਰਵਣ ਦਾਸ ਜੀ ਦਾ ਹੀ ਆਸ਼ੀਰਵਾਦ ਹੈ।

## ਸਾਖੀ 254

## ਸਤਿਗੁਰਾਂ ਦੀ ਹਵਾ ਵਿੱਚ ਸਮਾਧੀ।

ਬੀਬੀ ਨਸੀਬ ਕੌਰ ਪਤਨੀ ਸ. ਦਰਸ਼ਨ ਸਿੰਘ ਬੱਲਾਂ ਵਾਸੀ ਜੋ ਕਿ ਅੱਜ ਕੱਲ ਸਿਰਸਾ (ਹਰਿਆਣੇ) ਵਿਖੇ ਆਪਣੇ ਪੁੱਤਰਾਂ ਨਾਲ ਰਹਿ ਰਹੇ ਹਨ। ਨਸੀਬ ਕੌਰ ਜੀ ਦੱਸਦੇ ਹਨ ਕਿ ਉਸ ਦੇ ਮਾਤਾ ਪਿਤਾ ਬਾਬਾ ਪਿੱਪਲ ਦਾਸ ਮਹਾਰਾਜ ਜੀ ਦੇ ਸੇਵਕ ਸਨ। ਇਹਨਾਂ ਦੇ ਦੱਸਣ ਅਨੁਸਾਰ ਕਿ ਜਦੋਂ ਮਹਾਰਾਜ ਸਰਵਣ ਦਾਸ ਜੀ ਛੋਟੀ ਅਵਸਥਾ ਵਿਚ ਸਨ ਤਾਂ ਇਹਨਾਂ ਦੀ ਮਾਤਾ ਮਹਾਰਾਜ ਜੀ ਨੂੰ ਆਪ ਭੋਜਨ ਛਕਾਇਆ ਕਰਦੇ ਸਨ।ਇਸ ਤਰ੍ਹਾਂ ਇਹਨਾਂ ਦੇ ਪਰਿਵਾਰ ਦਾ ਗੁਰੂ ਜੀ ਨਾਲ ਅਤੇ ਗੁਰੂ ਘਰ ਨਾਲ ਬਹੁਤ ਪਿਆਰ ਸੀ ਅਤੇ ਅੱਜ ਵੀ ਹੈ।

ਬੀਬੀ ਨਸੀਬ ਕੌਰ ਜੀ ਦੱਸਦੇ ਹਨ ਕਿ ਮਹਾਰਾਜ ਸਰਵਣ ਦਾਸ ਜੀ ਸਾਡੇ ਖੇਤਾਂ ਵਿਚ ਇਕ ਫਲਾਹ ਦੇ ਦਰੱਖਤ ਥੱਲੇ ਸਮਾਧੀ ਲਗਾਇਆ ਕਰਦੇ ਸਨ। ਫਲਾਹ ਦਾ ਦਰੱਖਤ ਜਿਹੜਾ ਕਿ ਕੰਢਿਆਂ ਨਾਲ ਭਰਪੂਰ ਹੁੰਦਾ ਹੈ। ਮਹਾਰਾਜ ਜੀ ਦੇ ਉਸ ਦਰੱਖਤ ਥੱਲੇ ਸਮਾਧੀ ਲਗਾਉਣ ਨਾਲ ਰਉਸਦੇ ਕੰਡੇ ਝੜ ਗਏ ਸਨ ਅਤੇ ਜਿੰਨੀ ਦੇਰ ਉਹ ਦਰੱਖਤ ਰਿਹਾ ਉਸ ਨੂੰ ਕੰਢੇ ਨਹੀਂ ਲੱਗੇ।

ਫਿਰ ਇਕ ਵਾਰੀ ਜਦੋਂ ਬੀਬੀ ਨਸੀਬ ਕੌਰ ਜੀ ਛੋਟੀ ਅਵਸਥਾ ਵਿੱਚ ਸਨ ਤਾਂ ਇਕ ਦਿਨ ਉਹ ਦੁਪਹਿਰ ਵੇਲੇ ਉਸ ਜਗ੍ਹਾ ਵੱਲ ਚਲੇ ਗਏ ਜਿੱਥੇ ਮਹਾਰਾਜ ਜੀ ਸਮਾਧੀ ਲਗਾਇਆ ਕਰਦੇ ਸਨ ਤਾਂ ਉਨਾਂ ਨੇ ਦੇਖਿਆ ਕਿ ਮਹਾਰਾਜ ਸਰਵਣ ਦਾਸ ਜੀ ਦੀ ਸਮਾਧੀ ਜ਼ਮੀਨ ਤੋਂ 2-3 ਫੁੱਟ ਉੱਪਰ ਹਵਾ ਵਿੱਚ ਲੱਗੀ ਹੋਈ ਸੀ।ਉਹ ਇਹ ਸਭ ਦੇਖ ਕੇ ਹੈਰਾਨ ਹੋਏ ਅਤੇ ਘਰ ਵਾਪਸ ਪਰਤ ਗਏ।ਹੁਣ ਵੀ ਜਦੋਂ ਉਹ ਉਸ ਵੇਲੇ ਨੂੰ ਯਾਦ ਕਰਦੇ ਹਨ ਤਾਂ ਉਹੀ ਨਿਰਾਲਾ ਦ੍ਰਿਸ਼ ਅੱਖਾਂ ਦੇ ਸਾਹਮਣੇ ਆ ਜਾਂਦਾ ਹੈ।

ਇਸੇ ਤਰ੍ਹਾਂ ਬੀਬੀ ਨਸੀਬ ਕੌਰ ਜੀ ਦੱਸਦੇ ਹਨ ਕਿ ਉਨਾਂ ਦੀ ਮਾਤਾ ਜੀ ਨੇ

ਦੱਸਿਆ ਸੀ ਕਿ ਸਾਡੇ ਖਾਨਦਾਨ ਵਿੱਚ 7 ਪੁਸ਼ਤਾਂ ਤੋਂ ਸਿਰਫ ਇਕ ਹੀ ਪੁੱਤਰ ਪੈਦਾ ਹੁੰਦਾ ਆਉਂਦਾ ਸੀ। ਜਦੋਂ ਨਸੀਬ ਕੌਰ ਦੇ ਮਾਤਾ ਜੀ ਇਕ ਪੁੱਤਰੀ ਅਤੇ ਇਕ ਪੁੱਤਰ ਦੀ ਮਾਤਾ ਬਣ ਗਈ ਤਾਂ ਉਨਾਂ ਦੇ ਦਿਲ ਦੀ ਤਮੰਨਾ ਸੀ ਸਾਡਾ ਇਕ ਹੋਰ ਪੁੱਤਰ ਹੋਣਾ ਚਾਹੀਦਾ ਹੈ। ਜਦੋਂ ਉਹਨਾਂ ਦੇ ਤੀਸਰਾ ਬੱਚਾ ਹੋਣ ਵਾਲਾ ਸੀ ਤਾਂ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜਿਹੜੇ ਰਸਤੇ ਸਵੇਰ ਵੇਲੇ ਸੈਰ ਨੂੰ ਜਾਇਆ ਕਰਦੇ ਸਨ ਉਸ ਰਸਤੇ ਵਿੱਚ ਉਨ੍ਹਾਂ ਦੇ ਅੱਗੇ ਜਾ ਕੇ ਖੜ੍ਹੋ ਗਏ।ਮਹਾਰਾਜ ਜੀ ਤਾਂ ਉਨਾਂ ਦੇ ਦਿਲ ਦੀ ਇੱਛਾ ਪਹਿਲਾਂ ਹੀ ਜਾਣਦੇ ਸਨ ਤੇ ਉਨਾਂ ਨੇ ਬੀਬੀ ਨਸੀਬ ਕੌਰ ਜੀ ਦੇ ਮਾਤਾ ਜੀ ਨੂੰ ਅਸ਼ੀਰਵਾਦ ਦਿੱਤਾ ਕਿ ਇਸ ਵਾਰ ਪੁੱਤਰ ਪੈਦਾ ਹੋਵੇਗਾ।ਮਹਾਰਾਜ ਜੀ ਦੀ ਕਿਰਪਾ ਨਾਲ ਉਹਨਾਂ ਦੇ ਘਰ ਪੁੱਤਰ ਪੈਦਾ ਹੋਇਆ ਤੇ ਉਸ ਸਮੇਂ ਤੋਂ ਬਾਅਦ ਜਿਹੜਾ ਉਨ੍ਹਾਂ ਦੇ ਖਾਨਦਾਨ ਵਿੱਚ 7 ਪੁਸ਼ਤਾਂ ਤੋਂ ਇਕ ਹੀ ਪੁੱਤਰ ਪੈਦਾ ਹੁੰਦਾ ਆਇਆ ਸੀ ਮਹਾਰਾਜ ਸਰਵਣ ਦਾਸ ਜੀ ਦੀ ਕਿਰਪਾ ਦੇ ਨਾਲ ਉਨਾਂ ਦੇ ਖਾਨਦਾਨ ਦੀ ਪੀੜ੍ਹੀ ਹੋਰ ਅੱਗੇ ਵਧਣੀ ਸ਼ੁਰੂ ਹੋ ਗਈ ਅਤੇ ਅੱਗੇ ਤੋਂ ਉਨਾਂ ਨੂੰ ਇਕ ਪੁੱਤਰ ਤੋ ਵੱਧ ਪੁੱਤਰਾਂ ਦੀ ਪ੍ਰਾਪਤੀ ਹੋਈ।

–ਖੁਦ ਬੀਬੀ ਨਸੀਬ ਕੌਰ

## ਸਾਖੀ 255

## ਸੂਲੀ ਤੋਂ ਸੂਲ ਬਣਾਉਣਾ

ਸ਼੍ਰੀ ਭਾਗ ਰਾਮ ਜੀ ਜੋ ਕਿ ਡੇਰਾ ਸੱਚਖੰਡ ਬੱਲਾਂ ਵਿਖੇ ਲੰਗਰ ਦੀ ਸੇਵਾ ਨਿਭਾ ਰਹੇ ਸਨ।ਆਪ ਵੀ ਮਹਾਰਾਜ ਸਰਵਣ ਦਾਸ ਜੀ ਦੇ ਸਮੇਂ ਤੋਂ ਹੀ ਡੇਰੇ ਵਿਖੇ ਰਹਿ ਰਹੇ ਸਨ।ਸ਼੍ਰੀ ਭਾਗ ਰਾਮ ਜੀ ਦੱਸਦੇ ਸਨ ਕਿ ਜਦੋਂ ਉਹ ਕੰਮ ਤੇ ਜਾਇਆ ਕਰਦੇ ਸਨ।ਇਕ ਵਾਰੀ ਘਰੋਂ ਚੱਲੇ ਤੇ ਮਨ ਵਿਚ ਇਹ ਵਿਚਾਰ ਆਇਆ ਕਿ ਮਹਾਰਾਜ ਜੀ ਅੱਜ ਆਪ ਹੀ ਡੇਰੇ ਤੋਂ ਬਾਹਰ ਆ ਕੇ ਮੈਨੂੰ ਦਰਸ਼ਨ ਦੇਣ, ਜਦੋਂ ਮੈਂ ਕੁਟੀਆ ਦੇ ਨੇੜੇ ਆਇਆ ਤਾਂ ਮੈਂ ਦੇਖਿਆ ਮਹਾਰਾਜ ਜੀ ਬਾਹਰ ਹੀ ਖੜ੍ਹੇ ਹਨ। ਫਿਰ ਅਚਾਨਕ ਹੀ ਅਲੋਪ ਹੋ ਗਏ। ਮਹਾਰਾਜ ਜੀ ਨੇ ਮੇਰੇ ਮਨ ਦੀ ਗੱਲ ਬੁੱਝ ਲਈ ਤੇ ਜਿਸ ਤਰ੍ਹਾਂ ਮੈਂ ਸੋਚਿਆ ਸੀ ਮੈਨੂੰ ਉਸੇ ਤਰ੍ਹਾਂ ਹੀ ਮਹਾਰਾਜ ਜੀ ਨੇ ਦਰਸ਼ਨ ਦੇ ਦਿੱਤੇ।

ਇਸੇ ਤਰ੍ਹਾਂ ਇਕ ਵਾਰੀ ਮੈਂ ਆਪਣੇ ਕਿਸੇ ਕੰਮ ਤੇ ਜਾ ਰਿਹਾ ਸੀ ਤੇ ਮੇਰੇ ਪੈਰ ਵਿਚ ਬੜੀ ਤਿੱਖੀ ਸੂਲ ਖੁੱਭ ਗਈ ਅਤੇ ਸੂਲ ਏਨ੍ਹੀ ਗਹਿਰੀ ਪੈਰ ਵਿਚ ਖੁੱਭੀ ਮੇਰੇ ਕੋਲੋਂ ਆਪਣੇ ਆਪ ਕੱਢ ਨਾ ਹੋਈ।ਮੈਂ ਸਿੱਧਾ ਡੇਰੇ ਵਿਖੇ ਮਹਾਰਾਜ ਸਰਵਣ ਦਾਸ ਜੀ ਪਾਸ ਆ ਗਿਆ।ਮੈਂ ਆ ਕੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤਾਂ ਮਹਾਰਾਜ ਜੀ ਕਹਿਣ

ਲੱਗੇ, "ਸਾਨੂੰ ਪਤਾ ਹੈ ਤੇਰੇ ਪੈਰ ਵਿਚ ਸੂਲ ਲੱਗੀ ਹੈ, ਇਹ ਤੇਰਾ ਕੋਈ ਪਿਛਲੇ ਕਰਮਾਂ ਦਾ ਮਾੜਾ ਫ਼ਲ ਸੀ ਇਹ ਸਿਰਫ਼ ਸੂਲ ਨਹੀਂ ਬਲਕਿ ਸੂਲੀ ਤੋਂ ਸੂਲ ਬਣ ਗਈ ਹੈ"। ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਮੇਰੇ ਕਰਮ ਕੱਟ ਕੇ 'ਸੂਲੀ ਤੋਂ ਸੂਲ' ਬਣਾ ਦਿੱਤੀ।

## ਸਾਖੀ 256

## ਸ਼੍ਰੀ ਚੰਨਣ ਸਿੰਘ ਨੂੰ ਬਚਾਉਣਾ।

ਡੇਰੇ ਦੇ ਪ੍ਰਮੁੱਖ ਸੇਵਾਦਾਰ ਸ਼੍ਰੀ ਭਾਗ ਰਾਮ ਜੀ ਦੱਸਦੇ ਸਨ ਕਿ ਇਕ ਵਾਰੀ ਚੰਨਣ ਸਿੰਘ ਜੀ ਪਿੰਡ ਖਡਿਆਲੇ ਵਾਲੇ ਜਿਹੜੇ ਕਿ ਮਹਾਰਾਜ ਜੀ ਦੇ ਸੇਵਕ ਸਨ ਉਹਨਾਂ ਨੇ ਆਪਣੇ ਗ੍ਰਹਿ ਵਿਖੇ ਮਹਾਰਾਜ ਜੀ ਦੀ ਆਗਿਆ ਲੈ ਕੇ ਸਤਿਸੰਗ ਕਰਵਾਇਆ। ਸਤਿਸੰਗ ਵਾਲੇ ਦਿਨ ਮਹਾਰਾਜ ਜੀ ਨੂੰ ਆਉਣ ਦੀ ਬੇਨਤੀ ਕੀਤੀ। ਜੋ ਕਿ ਮਹਾਰਾਜ ਜੀ ਨੇ ਪ੍ਰਵਾਨ ਕਰ ਲਈ ਸੀ। ਫਿਰ ਜਿਸ ਦਿਨ ਸਤਿਸੰਗ ਹੋਣਾ ਸੀ ਉਸ ਦਿਨ ਮਹਾਰਾਜ ਜੀ ਕਾਫੀ ਵਿਅਸਤ ਸਨ। ਮਹਾਰਾਜ ਜੀ ਨੇ ਪਤਾ ਨਹੀਂ ਆਉਣਾ ਕਿ ਨਹੀਂ। ਚੰਨਣ ਸਿੰਘ ਜੀ ਸੇਵਕਾਂ ਪਾਸੋਂ ਇਹ ਗੱਲ ਸੁਣ ਕੇ ਉਦਾਸ ਹੋ ਗਏ ਤੇ ਕਹਿਣ ਲੱਗੇ ਕਿ ਜੇ ਮਹਾਰਾਜ ਜੀ ਨੇ ਨਹੀਂ ਆਉਣਾ ਤਾਂ ਮੈਂ ਮਰ ਜਾਣਾ ਹੈ ਤਾਂ ਉਹ ਮਹਾਰਾਜ ਜੀ ਨੂੰ ਲੈਣ ਵਾਸਤੇ ਆਪ ਘਰੋਂ ਚੱਲ ਪਿਆ। ਉਸ ਵੇਲੇ ਉਹਨਾਂ ਦੇ ਨੇੜੇ ਪੈਂਦੇ ਚੋਅ ਵਿਚ ਬਹੁਤ ਪਾਣੀ ਆਇਆ ਹੋਇਆ ਸੀ।

ਇਧਰੋਂ ਕੁਟੀਆ ਤੋਂ ਮਹਾਰਾਜ ਜੀ ਵੀ ਉਹਨਾਂ ਵੱਲ ਤੁਰ ਪਏ ਸੀ ਤਾਂ ਮਹਾਰਾਜ ਜੀ ਨੇ ਡਰਾਇਵਰ ਨੂੰ ਕਿਹਾ, "ਜਲਦੀ-ਜਲਦੀ ਚੱਲੋਂ ਚੋਅ ਵਿਚ ਪਾਣੀ ਬਹੁਤ ਆਇਆ ਹੋਇਆ ਹੈ, ਚੰਨਣ ਸਿੰਘ ਨੇ ਉਸ ਵਿਚ ਡੁੱਬ ਜਾਣਾ ਹੈ ਅਤੇ ਅਸੀਂ ਉਹਦੇ ਚੋਅ ਦੇ ਕੋਲ ਪਹੁੰਚਣ ਤੋਂ ਪਹਿਲਾਂ ਉਹਦੇ ਕੋਲ ਪਹੁੰਚ ਜਾਣਾ ਹੈ"। ਸੋ ਇਸ ਤਰ੍ਹਾਂ ਮਹਾਰਾਜ ਚੰਨਣ ਸਿੰਘ ਦੇ ਚੋਅ ਕੋਲ ਪਹੁੰਚਣ ਤੋਂ ਪਹਿਲਾਂ ਹੀ ਉਹਦੇ ਕੋਲ ਪਹੁੰਚ ਗਏ ਤੇ ਉਸਨੂੰ ਨਾਲ ਲੈ ਕੇ ਉਸਦੇ ਘਰ ਵੱਲ ਨੂੰ ਤੁਰ ਪਏ। ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਆਪਣੇ ਸੇਵਕ ਦੀ ਜਾਨ ਬਚਾਈ ਅਤੇ ਉਸ ਦੇ ਮਨ ਦੀ ਮੁਰਾਦ ਪੂਰੀ ਕੀਤੀ।

## ਸਾਖੀ 257

## ਲਵਾ ਲਓ ਬਈ ਜਿਹੜਾ ਸਾਡੇ ਕੋਲੋਂ ਬੰਨ੍ਹ ਲਵਾਉਣਾ ਹੈ।

ਸ਼੍ਰੀ ਬੇਲੀ ਰਾਮ ਪਿੰਡ ਢੇਪੁਰ (ਜਲੰਧਰ) ਵਾਸੀ ਹਰ ਸਾਲ ਆਪਣੇ ਗ੍ਰਹਿ ਵਿਖੇ ਸਤਿਸੰਗ ਕਰਵਾਇਆ ਕਰਦੇ ਸਨ ਤੇ ਸੰਤ ਸਰਵਣ ਦਾਸ ਮਹਾਰਾਜ ਜੀ ਅਤੇ ਹੋਰ ਸੰਤ ਮਹਾਪੁਰਸ਼ ਬ੍ਰਹਮ ਦਾਸ ਜੀ ਚਹੇੜੂ ਵਾਲੇ, ਸੰਤ ਹਰੀਦਾਸ ਜੀ ਬਜਵਾੜੇ ਵਾਲੇ, ਸੰਤ ਪ੍ਰੇਮ

ਦਾਸ ਜੀ ਬੋਹਣ, ਸੰਤ ਭੂਤ ਦਾਸ ਜੀ ਬਾੜ੍ਹੀਆਂ ਵਾਲੇ, ਸੰਤ ਮੇਲਾ ਰਾਮ ਜੀ ਮਾਹਿਪੁਰ ਵਾਲੇ, ਸੰਤ ਵਰਖਾ ਦਾਸ ਜੀ ਆਇਆ ਕਰਦੇ ਸਨ।

ਇਕ ਵਾਰੀ ਸ਼੍ਰੀ ਬੇਲੀ ਰਾਮ ਜੀ ਹੁਰਾਂ ਨੇ ਸੰਤ ਸਰਵਣ ਦਾਸ ਜੀ ਨੂੰ ਆਪਣੇ ਪਿੰਡ ਢੇਪੁਰ ਵਿਖੇ ਬੁਲਾਇਆ। ਉਸ ਵੇਲੇ ਨਸਰਾਲੇ ਵਾਲੇ ਚੋਅ ਦਾ ਪਾਣੀ ਬਰਸਾਤ ਕਾਰਨ ਹੜ੍ਹ ਦੇ ਰੂਪ ਵਿਚ ਉਹਨਾਂ ਪਿੰਡਾਂ ਵੱਲ ਨੂੰ ਆ ਜਾਂਦਾ ਸੀ। ਜਿਸ ਦਿਨ ਮਹਾਰਾਜ ਸਰਵਣ ਦਾਸ ਜੀ ਢੇਪੁਰ ਸ਼੍ਰੀ ਬੇਲੀ ਰਾਮ ਜੀ ਦੇ ਗ੍ਰਹਿ ਵਿਖੇ ਜਾਣਾ ਸੀ ਤਾਂ ਉਸ ਦਿਨ ਵੀ ਹੜ੍ਹ ਦਾ ਪਾਣੀ ਆਇਆ ਹੋਇਆ ਸੀ ਅਤੇ ਸੜਕ ਤੋਂ ਪਿੰਡ ਵੱਲ ਨੂੰ ਲੰਘਣ ਲਈ ਵੀ ਜਗ੍ਹਾ ਨਹੀਂ ਸੀ। ਸ਼੍ਰੀ ਬੇਲੀ ਰਾਮ ਅਤੇ ਰਾਜਮੱਲ ਹੁਰਾਂ ਨੇ ਮਹਾਰਾਜ ਜੀ ਨੂੰ ਸ਼ਤੀਰੀਆਂ ਰੱਖ ਕੇ ਲੰਘਾਇਆ। ਮਹਾਰਾਜ ਜੀ ਪਾਣੀ ਵੱਲ ਵੇਖ ਕੇ ਕਹਿਣ ਲੱਗੇ "ਅੱਜ ਸਾਡੇ ਕੋਲੋਂ ਜਿਹੜਾ ਬੰਨ੍ਹ ਲਗਵਾਉਣਾ ਹੈ ਲਵਾ ਲਉ" ਤੇ ਇਹੋ ਹੀ ਵਚਨ ਕਹਿਣ ਦੇ ਨਾਲ ਉੱਥੇ ਸਰਕਾਰ ਨੇ ਕੁਝ ਸਮੇਂ ਬਾਅਦ ਬੰਨ੍ਹ ਲਗਾ ਦਿੱਤਾ ਅਤੇ ਫਿਰ ਕਦੇ ਵੀ ਉਸ ਪਿੰਡ ਵਿੱਚ ਹੜ੍ਹ ਦਾ ਪਾਣੀ ਨਹੀਂ ਆਇਆ ਉਸ ਪਾਣੀ ਦਾ ਵਹਾਅ ਹੋਰ ਪਾਸੇ ਹੋ ਗਿਆ।

## ਸਾਖੀ 258

## ਹੁਣ ਤੂੰ ਪਾਸ ਕਰ ਗਈ।

ਕੈਪਟਨ ਪ੍ਰਕਾਸ਼ ਸਿੰਘ ਇਕ ਵਾਰੀ ਡੇਰੇ ਵਿਖੇ ਆਏ ਹੋਏ ਸਨ। ਉਹਨਾਂ ਦੇ ਦੱਸਣ ਅਨੁਸਾਰ ਜਲੰਧਰ ਦੇ ਕੋਈ ਸੇਠ ਮਹਾਰਾਜ ਜੀ ਦੇ ਸੇਵਕ ਸਨ ਜੋ ਡੇਰੇ ਵਿਖੇ ਆਏ ਹੋਏ ਸਨ। ਉਹਨਾਂ ਨਾਲ ਉਹਨਾਂ ਦੀ 6 ਸਾਲ ਦੀ ਇਕ ਪਿਆਰੀ ਜਿਹੀ ਬੱਚੀ ਵੀ ਸੀ। ਜਦੋਂ ਉਹ ਮਹਾਰਾਜ ਜੀ ਪਾਸ ਬੈਠੇ ਸਨ ਤਾਂ ਮਹਾਰਾਜ ਜੀ ਨੇ ਬੱਚੀ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ, "ਤੂੰ ਪੁੱਤਰ ਕਿਹੜੀ ਕਲਾਸ ਵਿਚ ਪੜ੍ਹਦੀ ਹੈ"। ਬੱਚੀ ਨੇ ਕਿਹਾ ਕਿ ਪਹਿਲੀ ਕਲਾਸ ਵਿਚ। ਮਹਾਰਾਜ ਜੀ ਨੇ ਬੱਚੀ ਨੂੰ ਫਿਰ ਕਿਹਾ, "ਜੇ ਅਸੀਂ ਤੇਰੀ ਪਿੱਠ ਤੇ ਕੁਝ ਲਿਖੀਏ ਤਾਂ ਤੂੰ ਬੁੱਝ ਲਏਂਗੀ। ਬੱਚੀ ਨੇ ਕਿਹਾ ਹਾਂ ਜੀ। ਤਾਂ ਮਹਾਰਾਜ ਜੀ ਨੇ ਬੱਚੀ ਦੀ ਪਿੱਠ ਤੇ ਇੱਕ ਅੱਖਰ ਲਿਖਿਆ ਅਤੇ ਕਹਿਣ ਲੱਗੇ ਦੱਸ ਅਸੀਂ ਕੀ ਲਿਖਿਆ ਤਾਂ ਬੱਚੀ ਬੋਲੀ 'ਜੀ ਕ' ਮਹਾਰਾਜ ਜੀ ਨੇ ਦੂਸਰੀ ਵਾਰ ਫਿਰ ਇਕ ਅੱਖਰ ਲਿਖਿਆ ਅਤੇ ਕਹਿਣ ਲੱਗੇ ਦੱਸ ਅਸੀਂ ਕੀ ਲਿਖਿਆ, 'ਜੀ ਕੰਨਾ' ਤੀਸਰੀ ਵਾਰ ਮਹਾਰਾਜ ਜੀ ਨੇ ਫਿਰ ਇੱਕ ਅੱਖਰ ਲਿਖਿਆ ਅੱਛਾ ਹੁਣ ਦੱਸ ਕੀ ਲਿਖਿਆ 'ਜੀ ਫਿਰ ਕ' ਚੌਥੀ ਵਾਰੀ ਮਹਾਰਾਜ ਜੀ ਨੇ ਫਿਰ ਇੱਕ ਅੱਖਰ ਲਿਖਿਆ ਅੱਛਾ ਹੁਣ ਦੱਸ ਕੀ ਲਿਖਿਆ 'ਜੀ ਕੰਨਾ' ਲਉ ਜੀ ਇਹ ਬਣ ਗਿਆ ਕਾਕਾ। ਉਸ ਬੱਚੀ ਦੇ ਮਾਤਾ ਪਿਤਾ ਦੇ ਦਿਲ ਦੀ ਇੱਛਾ ਵੀ ਸੀ ਕਿ ਉਨਾਂ ਦੇ ਘਰ ਹੁਣ ਪੁੱਤਰ ਦਾ ਜਨਮ ਹੋਵੇ ਪਰ ਉਹ ਮਹਾਰਾਜ ਜੀ ਨੂੰ ਕਹਿ ਨਹੀਂ ਸੀ ਪਾ ਰਹੇ। ਇਸ ਤਰ੍ਹਾਂ ਮਹਾਰਾਜ ਜੀ ਨੇ ਉਹਨਾਂ ਦੇ ਦਿਲ ਦੀ ਗੱਲ ਬੁੱਝ ਲਈ ਅਤੇ ਇਸ ਤਰ੍ਹਾਂ ਸੰਕੇਤਾਂ ਨਾਲ ਅਤੇ

ਹਾਸੇ ਮਜ਼ਾਕ ਵਿੱਚ ਹੀ ਉਹਨਾਂ ਨੂੰ ਪੁੱਤਰ ਦੀ ਦਾਤ ਬਖ਼ਸ਼ ਦਿੱਤੀ।

## ਸਾਖੀ 259

## ਕੁੜੇ ਉਹ ਠੀਕ ਠਾਕ ਹੈ।

ਕੈਪਟਨ ਪ੍ਰਕਾਸ਼ ਸਿੰਘ ਬਾਘਾ ਪਿੰਡ ਧੁੱਗਾ ਕਲਾਂ ਜ਼ਿਲ੍ਹਾ ਹੁਸ਼ਿਆਰਪੁਰ ਮਹਾਰਾਜ ਜੀ ਦੇ ਸੇਵਕ ਸਨ ਅਤੇ ਫ਼ੌਜ ਵਿੱਚ ਨੌਕਰੀ ਕਰਦੇ ਸਨ। ਉਹ ਸਮੇਂ-ਸਮੇਂ ਸਿਰ ਮਹਾਰਾਜ ਜੀ ਦੇ ਦਰਸ਼ਨ ਦੀਦਾਰ ਨੂੰ ਆਇਆ ਕਰਦੇ ਸਨ ।ਗੱਲ 1971 ਦੀ ਲੜਾਈ ਦੀ ਹੈ ਪ੍ਰਕਾਸ਼ ਸਿੰਘ ਦੀ ਡਿਊਟੀ ਨੈਣਾ ਕੋਟ ਬਾਰਡਰ ਤੇ ਲੱਗੀ ਹੋਈ ਸੀ ਲੜਾਈ ਬੜੇ ਜ਼ੋਰਾ ਤੇ ਚੱਲ ਰਹੀ ਸੀ ਲੜਾਈ ਦੌਰਾਨ ਹੀ ਕੈਂਪ ਵਿੱਚੋਂ ਅਸਲਾ ਖਤਮ ਹੋ ਗਿਆ ਪ੍ਰਕਾਸ਼ ਸਿੰਘ ਹੋਰਾਂ ਦੀ ਡਿਊਟੀ ਪਠਾਨਕੋਟ ਤੋਂ ਅਸਲਾ ਲਿਆਉਣ ਦੀ ਲਗਾਈ ਗਈ। ਉਹ ਇਕ ਆਪ ਉਨ੍ਹਾਂ ਦਾ ਕੈਪਟਨ ਅਤੇ ਦੋ ਜਵਾਨਾਂ ਦੇ ਨਾਲ ਪਠਾਨਕੋਟ ਤੋਂ ਅਸਲਾ ਲੈਣ ਲਈ ਚੱਲ ਪਏ।ਜਦੋਂ ਉਹ ਅਸਲਾ ਲੈ ਕੇ ਵਾਪਸ ਆ ਰਹੇ ਸਨ ਰਾਤ ਦਾ ਸਮਾਂ ਸੀ ਲੜਾਈ ਕਾਰਨ ਗੱਡੀਆਂ ਦੀਆਂ ਬੱਤੀਆਂ ਜਗਾਉਣ ਦੇ ਆਡਰ ਨਹੀਂ ਸਨ। ਕਿਉਂਕਿ ਏਅਰ ਅਟੈਕ ਹੋਣ ਦਾ ਖਤਰਾ ਹੁੰਦਾ ਸੀ। ਹਨੇਰੇ ਕਾਰਨ ਹੀ ਉਹਨਾਂ ਦੀ ਗੱਡੀ ਦਾ ਸਾਮਣੇ ਤੋਂ ਆ ਰਹੀ ਗੱਡੀ ਨਾਲ ਐਕਸੀਡੈਂਟ ਹੋ ਗਿਆ ਜਿਸ ਨਾਲ ਉਨ੍ਹਾਂ ਦੇ ਕੈਪਟਨ ਨੂੰ ਕਾਫੀ ਗੰਭੀਰ ਸੱਟਾਂ ਵੱਜੀਆਂ ਅਤੇ ਪ੍ਰਕਾਸ਼ ਸਿੰਘ ਤੇ ਜਵਾਨ ਨੂੰ ਮਾਮੂਲੀ ਸੱਟਾਂ ਲੱਗੀਆ।

ਏਧਰ ਉਹਨਾਂ ਦੀ ਪਤਨੀ ਨੂੰ ਕਾਫੀ ਡਰ ਲੱਗਾ ਅਤੇ ਦੂਸਰੇ ਹੀ ਦਿਨ ਡੇਰੇ ਮਹਾਰਾਜ ਜੀ ਪਾਸ ਆ ਗਏ। ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਕਹਿਣ ਲੱਗੇ 'ਮਹਾਰਾਜ ਜੀ ਮੇਰੇ ਪਤੀ ਲੜਾਈ ਵਿੱਚ ਗਏ ਹਨ। ਮੈਨੂੰ ਰਾਤੀਂ ਬਹੁਤ ਡਰ ਲੱਗਾ' ਤਾਂ ਮਹਾਰਾਜ ਜੀ ਕਹਿਣ ਲੱਗੇ 'ਕੁੜੇ ਚਿੰਤਾ ਨਾ ਕਰ ਉਹ ਠੀਕ ਠਾਕ ਹੈ ਉਹਨੂੰ ਕੁਝ ਨਹੀਂ ਹੋਇਆ, ਅਸੀਂ ਦੇਖ ਲਿਆ ਹੈ'। ਉਸ ਰਾਤ ਹੀ ਪ੍ਰਕਾਸ਼ ਸਿੰਘ ਐਕਸੀਡੈਂਟ ਹੋਣ ਦੇ ਬਾਵਜੂਦ ਬਾਰਡਰ ਤੇ ਅਸਲਾ ਪਹੁੰਚਾਉਣ ਵਿੱਚ ਕਾਮਯਾਬ ਹੋ ਗਏ ਅਤੇ ਕਥਨਾਂ ਅਨੁਸਾਰ ਉਹਨਾਂ ਨੂੰ ਉਸ ਰਾਤ ਮਹਾਰਾਜ ਜੀ ਨੇ ਹੀ ਬਚਾਇਆ ਸੀ ਤੇ ਉਹਨਾਂ ਦੀ ਕਿਰਪਾ ਨਾਲ ਹੀ ਜੰਗ ਫ਼ਤਹਿ ਹਾਸਿਲ ਕੀਤੀ ਅਤੇ ਉਹਨਾਂ ਦੀ ਜੰਗ ਵਿੱਚ ਰੱਖਿਆ ਵੀ ਹੋਈ। ਜੰਗ ਜਿੱਤਣ ਤੋਂ ਬਾਅਦ ਮਹਾਰਾਜ ਜੀ ਬਾਰਡਰ ਤੇ ਫ਼ੌਜੀ ਜਵਾਨਾਂ ਨੂੰ ਮਠਿਆਈ ਵੀ ਵੰਡਣ ਗਏ ਸਨ।

(ਖੁਦ ਕੈਪਟਨ ਪ੍ਰਕਾਸ਼ ਸਿੰਘ ਜੀ)

## ਸਾਖੀ 260

## ਸੇਵਕਾਂ ਦੀ ਵਿਦੇਸ਼ ਵਿੱਚ ਰੱਖਿਆ ਕਰਨਾ।

ਸ਼੍ਰੀ ਬਖ਼ਸ਼ੀ ਰਾਮ ਪਾਲ ਪਿੰਡ ਦੋਲੀਕੇ ਜੋ ਕਿ ਪਿਛਲੇ 56 ਵਰ੍ਹਿਆਂ ਤੋਂ ਇੰਗਲੈਂਡ ਵਿਖੇ ਵੱਸਦੇ ਹਨ। ਉਹੁਨਾਂ ਦੇ ਦੱਸਣ ਅਨੁਸਾਰ ਉਹ ਪਹਿਲਾਂ ਸਿੰਘਾਪੁਰ ਰਹਿੰਦੇ ਸਨ ਅਤੇ ਫਿਰ ਇੰਗਲੈਂਡ ਚਲੇ ਗਏ ਅਤੇ ਉੱਧਰ ਰਹਿੰਦਿਆਂ ਹੀ ਉਨ੍ਹਾਂ ਦੀ ਪਤਨੀ ਨੇ ਖ਼ਤ ਰਾਹੀਂ ਸੰਤ ਸਰਵਣ ਦਾਸ ਮਹਾਰਾਜ ਜੀ ਬਾਰੇ ਸੂਚਿਤ ਕੀਤਾ। ਬਖ਼ਸ਼ੀ ਰਾਮ ਦੱਸਦੇ ਹਨ ਕਿ ਜਦੋਂ 12-13 ਵਰ੍ਹੇ ਬੀਤਣ ਤੋਂ ਬਾਅਦ ਮੈਂ ਆਪਣੀ ਸੁਪਤਨੀ ਅਤੇ ਬੱਚਿਆ ਨੂੰ ਆਪਣੇ ਕੋਲ ਇੰਗਲੈਂਡ ਵਿੱਚ ਸੱਦਿਆ। ਜਿਸ ਦਿਨ ਉਨ੍ਹਾਂ ਏਅਰਪੋਰਟ ਤੇ ਆਉਣਾ ਸੀ ਮੈਂ ਉੱਥੇ ਗੱਡੀ ਲੈ ਕੇ ਕੁਝ ਸਮਾਂ ਪਹਿਲਾਂ ਪਹੁੰਚ ਗਿਆਂ ਅਤੇ ਮੈਂ ਉਨ੍ਹਾਂ ਦੇ ਲਈ ਇਕ ਸੰਤਰੇ ਦੇ ਜੂਸ ਦੀ ਬੋਤਲ ਖਰੀਦ ਲਈ ਅਤੇ ਉਨ੍ਹਾਂ ਨੂੰ ਉਡੀਕਣ ਲੱਗ ਪਿਆ।

ਥੋੜ੍ਹੀ ਦੇਰ ਬਾਅਦ ਮੇਰੀ ਪਤਨੀ ਅਤੇ ਬੱਚੇ ਏਅਰਪੋਰਟ ਤੋਂ ਬਾਹਰ ਮੇਰੇ ਕੋਲ ਪਹੁੰਚੇ ਤਾਂ ਮੈਂ ਉਨ੍ਹਾਂ ਨੂੰ ਹਾਲ-ਚਾਲ ਪੁੱਛਿਆ ਅਤੇ ਆਪਣੀ ਪਤਨੀ ਨੂੰ ਜੂਸ ਦਾ ਗਲਾਸ ਪੀਣ ਵਾਸਤੇ ਫੜਾਇਆਂ ਤਾਂ ਉਹ ਉਸਨੂੰ ਸੁੰਘ ਕੇ ਵੇਖਣ ਲੱਗੀ। ਉਸਦੇ ਮਨ ਵਿੱਚ ਖਿਆਲ ਆਇਆ ਕਿ ਇਹ ਸ਼ਾਇਦ ਮਿੱਠੀ ਸ਼ਰਾਬ ਹੈ ਤਾਂ ਮੈਂ ਕਿਹਾ, 'ਪੀ ਲੈ ਇਹ ਸ਼ਰਾਬ ਨਹੀਂ ਹੈ' ਤਾਂ ਮੇਰੀ ਪਤਨੀ ਨੇ ਜਵਾਬ ਦਿੱਤਾ, ਹਾਂ ਸੰਤ ਸਰਵਣ ਦਾਸ ਜੀ ਕਹਿੰਦੇ ਸੀ ਕਿ ਇੰਗਲੈਂਡ ਜਾ ਕੇ ਆਪਣੇ ਪਤੀ ਨੂੰ ਕਹਿਣਾ ਕਿ ਸ਼ਰਾਬ ਨਹੀਂ ਪੀਣੀ ਤਾਂ ਬਖਸ਼ੀ ਰਾਮ ਨੇ ਜਵਾਬ ਦਿੱਤਾ 'ਛੱਡ ਪਰਾਂ ਐਵੇਂ ਸੰਤਾਂ-ਸਾਧਾਂ ਦੇ ਮਗਰ ਲੱਗੀ ਫਿਰਦੀ ਐਂ'।

ਫਿਰ ਅਸੀਂ ਆਪਣੀ ਗੱਡੀ ਵਿੱਚ ਬੈਠ ਕੇ ਘਰ ਵੱਲ ਤੁਰ ਪਏ। ਥੋੜ੍ਹੀ ਦੂਰ ਜਾ ਕੇ ਅਚਾਨਕ ਹੀ ਸਾਡੀ ਗੱਡੀ ਪਲਟ ਗਈ। ਮੇਰੇ ਬਹੁਤ ਸੱਟਾਂ ਵੱਜੀਆਂ ਅਤੇ ਗੱਡੀ ਦਾ ਵੀ ਕਾਫੀ ਨੁਕਸਾਨ ਹੋਇਆ। ਕੁਝ ਮਿੰਟਾਂ ਪਿੱਛੋ ਜਦੋਂ ਮੈਨੂੰ ਹੋਸ਼ ਆਇਆ ਤਾਂ ਮੈਂ ਆਪਣੀ ਪਤਨੀ ਤੇ ਬੱਚਿਆਂ ਨੂੰ ਵੇਖਿਆ ਤਾਂ ਉਹ ਇਕ ਪਾਸੇ ਬਿਲਕੁਲ ਠੀਕ-ਠਾਕ ਖੜ੍ਹੇ ਸਨ। ਉਨਾਂ ਨੂੰ ਇਕ ਝਰੀਟ ਵੀ ਨਹੀਂ ਆਈ। ਮੈਂ ਆਪਣੀ ਘਰਵਾਲੀ ਨੂੰ ਪੁੱਛਿਆ, ਤੁਹਾਡੇ ਸੱਟ ਤਾਂ ਨਹੀਂ ਵੱਜੀ ਤਾਂ ਘਰਵਾਲੀ ਨੇ ਕਿਹਾ ਕਿ ਸਾਨੂੰ ਤਾ ਗੱਡੀ ਪਲਟਣ ਸਾਰ ਹੀ ਮਹਾਰਾਜ ਸਰਵਣ ਦਾਸ ਜੀ ਨੇ ਆਪ ਬਾਹਰ ਕੱਢ ਲਿਆ ਸੀ ਤੇ ਸਾਨੂੰ ਤਾ ਕੁਝ ਪਤਾ ਵੀ ਨਹੀਂ ਲੱਗਾ। ਇਸ ਘਟਨਾ ਤੋਂ ਬਾਅਦ ਮੇਰੇ ਦਿਲ ਨੂੰ ਬਹੁਤ ਪਛਤਾਵਾਂ ਹੋਇਆ ਕਿ ਮੈਂ ਸੰਤਾਂ ਬਾਰੇ ਮਾੜੇ ਸ਼ਬਦ ਵਰਤੇ ਅਤੇ ਮੈਨੂੰ ਨਸੀਹਤ ਮਿਲੀ ਹੈ। ਫਿਰ ਮੈਂ ਮਹਾਰਾਜ ਜੀ ਨੂੰ ਇਕ ਚਿੱਠੀ ਲਿਖੀ ਕਿ ਮਹਾਰਾਜ ਜੀ ਮੇਰੇ ਕੋਲੋਂ ਗਲਤੀ ਹੋ ਗਈ ਹੈ। ਮੈਨੂੰ ਮੁਆਫ਼ ਕਰ ਦਿਉ ਜੀ। ਫਿਰ ਮਹਾਰਾਜ ਨੇ ਮੈਨੂੰ ਜਵਾਬ ਦਿੱਤਾ ਅਤੇ

ਮੇਰੀ ਭੁੱਲ ਬਖ਼ਸ਼ ਦਿੱਤੀ।

## ਸਾਖੀ 261

## ਸੁੱਕੀਆਂ ਫ਼ਸਲਾਂ

ਇਹ ਚਮਤਕਾਰ ਸ਼੍ਰੀ ਬਖਸ਼ੀ ਰਾਮ ਜੀ ਨੇ ਆਪਣੇ ਸਾਹਮਣੇ ਹੀ ਦੇਖਿਆ। ਸ਼੍ਰੀ ਬਖਸ਼ੀ ਰਾਮ ਦੇ ਸ਼ਬਦਾ ਅਨੁਸਾਰ ਕਿ ਗਰਮੀਆਂ ਦੇ ਦਿਨ ਸਨ ਅਤੇ ਗਰਮੀ ਬਹੁਤ ਜ਼ਿਆਦਾ ਪੈ ਰਹੀ ਸੀ। ਮੀਂਹ ਪੈਣ ਦੀ ਵੀ ਕੋਈ ਸੰਭਾਵਨਾਂ ਨਹੀਂ ਸੀ ਬਿਲਕੁਲ ਔੜ ਹੀ ਲੱਗੀ ਹੋਈ ਸੀ। ਪਿੰਡ ਬੱਲਾਂ ਦੇ ਹੀ ਕੁਝ ਜ਼ਿਮੀਂਦਾਰ ਮਹਾਰਾਜ ਜੀ ਪਾਸ ਆਏ ਅਤੇ ਮਹਾਰਾਜ ਉਸ ਵੇਲੇ ਡੇਰੇ ਦੇ ਬਾਹਰ ਹੀ ਖੜ੍ਹੇ ਸਨ। ਉਨ੍ਹਾਂ ਲੋਕਾਂ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਮਹਾਰਾਜ ਜੀ ਨੇ ਪੁੱਛਿਆ 'ਕੀ ਹਾਲ ਚਾਲ ਹੈ' ਤਾਂ ਉਹ ਕਹਿਣ ਲੱਗੇ ਮਹਾਰਾਜ ਜੀ 'ਹਾਲ-ਚਾਲ ਤਾਂ ਠੀਕ-ਠਾਕ ਹੈ ਪਰ ਗਰਮੀ ਬਹੁਤ ਪੈ ਰਹੀ ਹੈ ਅਤੇ ਫ਼ਸਲਾਂ ਵੀ ਸੁੱਕੀ ਜਾ ਰਹੀਆਂ ਹਨ ਮੀਂਹ ਵੀ ਨਹੀਂ ਪੈਂਦਾ। ਮਹਾਰਾਜ ਜੀ ਤੁਸੀਂ ਕਿਰਪਾ ਕਰੋ ਕਿ ਮੀਂਹ ਪੈ ਜਾਵੇ,

ਨਹੀਂ ਤਾਂ ਫ਼ਸਲਾਂ ਤਾਂ ਮਰ ਹੀ ਜਾਣੀਆਂ ਹਨ'। ਉਹਨਾਂ ਦੀ ਫ਼ਰਿਆਦ ਸੁਣ ਕੇ ਮਹਾਰਾਜ ਜੀ ਨੇ ਆਪਣਾ ਖੂੰਡਾ ਅਸਮਾਨ ਵੱਲ ਨੂੰ ਲਹਿਰਾਇਆ ਤਾਂ ਉਨ੍ਹਾਂ ਜ਼ਿਮੀਂਦਾਰਾਂ ਨੇ ਦੇਖਿਆ ਕਿ ਚਮਕਦੀ ਦੁਪਹਿਰ ਵਿੱਚ ਜਿਵੇਂ-ਜਿਵੇਂ ਮਹਾਰਾਜ ਖੂੰਡਾ ਲਹਿਰਾਉਂਦੇ ਹਨ ਬੱਦਲ ਆਈ ਜਾ ਰਿਹਾ ਪਲਾਂ ਵਿੱਚ ਹੀ ਛੋਟੀ ਜਿਹੀ ਬੱਦਲੀ ਨੇ ਧਰਤੀ ਤੇ ਪਾਣੀ-ਪਾਣੀ ਕਰ ਦਿੱਤਾ। ਉਹ ਲੋਕ ਮਹਾਰਾਜ ਜੀ ਦਾ ਕੌਤਕ ਵੇਖ ਕੇ ਹੈਰਾਨ ਰਹਿ ਗਏ ਅਤੇ ਜਿਹੜੀ ਫ਼ਰਿਆਦ ਲੈ ਕੇ ਆਏ ਸਨ ਉਹ ਪੂਰੀ ਹੋ ਗਈ ਅਤੇ ਉਹ ਖੁਸ਼ੀ-ਖੁਸ਼ੀ ਘਰਾਂ ਵੱਲ ਪਰਤ ਗਏ।

(ਖੁਦ ਸ਼੍ਰੀ ਬਖਸ਼ੀ ਰਾਮ ਜੀ)

## ਸਾਖੀ 262

## 'ਉਏ ਤੂੰ ਡੋਲਿਆ ਕਿਉਂ ਸੀ'

ਇਸੇ ਤਰ੍ਹਾਂ ਸ਼੍ਰੀ ਸ਼ਰਨ ਚੰਦ ਜੀ ਦੱਸਦੇ ਹਨ ਕਿ ਇੱਕ ਵਾਰੀ ਉਹ ਟਾਂਡੇ ਤੋਂ ਸੰਤਾਂ ਵਾਸਤੇ ਖੰਡ ਲੈਣ ਗਏ। ਉਨ੍ਹਾਂ ਦੇ ਨਾਲ ਸਨ ਸੰਤ ਗਰੀਬ ਦਾਸ ਜੀ, ਰਾਜ ਮੱਲ ਤੇ ਭਾਗ ਮੱਲ ਜੀ। ਉਹ ਸਾਰੇ ਸਾਈਕਲਾਂ ਤੇ ਟਾਂਡੇ ਨੂੰ ਗਏ ਸਨ। ਜਦੋਂ ਉਹ ਟਾਂਡੇ ਤੋਂ ਖੰਡ ਲੈ ਕੇ ਵਾਪਸ ਆ ਰਹੇ ਸਨ ਤਾਂ ਪਿੰਡ ਕਾਲੇ ਬੱਕਰੇ ਕੋਲ ਆ ਕੇ ਸ਼ਰਨ ਚੰਦ ਦਾ ਸਾਈਕਲ ਪੈਂਚਰ ਹੋ ਗਿਆ। ਕਾਲੇ ਬੱਕਰੇ ਪਿੰਡ ਦੇ ਅੱਡੇ ਤੇ ਸਾਈਕਲਾਂ ਦੀ ਇਕ

ਦੁਕਾਨ ਸੀ। ਸ਼ਰਨ ਚੰਦ ਨੇ ਆਪਣਾ ਸਾਈਕਲ ਉਸ ਦੁਕਾਨਦਾਰ ਨੂੰ ਪੈਂਚਰ ਲਗਾਉਣ ਲਈ ਦੇ ਦਿੱਤਾ। ਪਰ ਉਸ ਦੇ ਕੋਲ ਕੋਈ ਪੈਸਾ ਨਹੀਂ ਸੀ। ਸ਼ਰਨ ਚੰਦ ਜੀ ਨੇ ਨਾ ਤਾਂ ਸੰਤ ਗਰੀਬ ਦਾਸ ਜੀ ਪਾਸੋਂ ਪੈਸੇ ਮੰਗੇ ਅਤੇ ਨਾ ਹੀ ਰਾਜ ਮੱਲ, ਭਾਗ ਮੱਲ ਕੋਲੋਂ। ਉਹ ਇਹ ਹੀ ਸੋਚਦਾ ਰਿਹਾ ਕਿ ਇਹ ਕੀ ਸੋਚਣਗੇ ਕਿ ਇਸ ਕੋਲ ਪੈਂਚਰ ਲਈ ਪੈਸੇ ਵੀ ਨਹੀਂ ਹਨ। ਇਸੇ ਨਮੋਸ਼ੀ ਵਿਚ ਉਹ ਚੁੱਪ-ਚਾਪ ਹੀ ਖੜ੍ਹਾ ਰਿਹਾ ਅਤੇ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਨੂੰ ਯਾਦ ਹੀ ਕੀਤਾ ਤਾਂ ਉਸ ਦੇ ਅੱਗੇ 35 ਪੈਸੇ ਡਿੱਗ ਪਏ। ਉਸ ਨੇ ਹੈਰਾਨਗੀ ਨਾਲ ਉਹ ਪੈਸੇ ਚੁੱਕ ਲਏ ਤੇ ਉਸ ਦੁਕਾਨਦਾਰ ਨੂੰ ਦੇ ਦਿੱਤੇ ਅਤੇ ਵਾਪਸ ਡੇਰੇ ਵੱਲ ਨੂੰ ਚੱਲ ਪਏ। ਉਸ ਨੇ ਇਹ ਗੱਲ ਨਾ ਹੀ ਸੰਤ ਗਰੀਬ ਦਾਸ ਜੀ ਨੂੰ ਦੱਸੀ ਤੇ ਨਾ ਹੀ ਰਾਜ ਮੱਲ ਤੇ ਭਾਗ ਮੱਲ ਨੂੰ ਦੱਸੀ।

**ਜਦੋਂ ਉਹ ਕੁਟੀਆ ਵਿਖੇ ਮਹਾਰਾਜ ਜੀ ਪਾਸ ਪਹੁੰਚੇ ਤਾਂ ਮਹਾਰਾਜ ਜੀ ਨੇ ਸ਼ਰਨ ਚੰਦ ਨੂੰ ਕਿਹਾ, "ਉਏ ਤੂੰ ਉੱਥੇ ਡੋਲਿਆ ਕਿਉਂ ਸੀ, ਤੇਰੇ ਨਾਲ ਗਰੀਬ ਦਾਸ ਤੇ ਰਾਜ ਮੱਲ ਸੀ ਤੂੰ ਉਹਨਾਂ ਨੂੰ ਕਿਉਂ ਨਹੀਂ ਦੱਸਿਆ ਕਿ ਮੇਰੇ ਕੋਲ ਪੈਸੇ ਨਹੀਂ ਹਨ"। ਮਹਾਰਾਜ ਜੀ ਪਾਸੋਂ ਇਹ ਵਚਨ ਸੁਣ ਕੇ ਸ਼ਰਨ ਚੰਦ ਵੀ ਹੈਰਾਨ ਹੋਇਆ ਅਤੇ ਸੰਤ ਗਰੀਬ ਦਾਸ, ਰਾਜ ਮੱਲ ਤੇ ਭਾਗ ਮੱਲ ਵੀ ਬਹੁਤ ਹੈਰਾਨ ਹੋਏ।**

**ਸੋ ਇਸ ਤਰ੍ਹਾਂ ਜਾਣੀ ਜਾਣ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੂੰ ਜਦੋਂ ਕੋਈ ਉਹਨਾਂ ਦਾ ਸੇਵਕ ਯਾਦ ਕਰਦਾ ਸੀ ਜਾਂ ਕਿਸੇ ਮੁਸੀਬਤ ਵਿਚ ਹੁੰਦਾ ਸੀ ਤਾਂ ਪਲਾਂ ਵਿਚ ਹੀ ਆਪਣੇ ਸੇਵਕਾਂ ਦੀਆਂ ਮੁਸੀਬਤਾਂ ਦੂਰ ਕਰ ਦਿੰਦੇ ਸੀ।**

## ਸਾਖੀ 263

## ਸੰਤ ਹਰੀ ਦਾਸ ਜੀ

ਸ਼੍ਰੀ ਸਵਰਨ ਦਾਸ ਪੁੱਤਰ ਸ਼੍ਰੀ ਮਾੜਾ ਰਾਮ ਪਿੰਡ ਕਬੂਲਪੁਰ ਵਾਲੇ ਹਰ ਕਾਰਜ ਮਹਾਰਾਜ ਜੀ ਦੀ ਆਗਿਆ ਅਨੁਸਾਰ ਕਰਦੇ ਸਨ। ਪਿੰਡ ਕਬੂਲ ਪੁਰ ਵਿਖੇ ਸ਼੍ਰੀ ਸਵਰਨ ਦਾਸ ਤੇ ਉਹਨਾਂ ਦੇ ਭਾਈ ਧੰਨਾ ਰਾਮ ਦੋਨਾਂ ਦੀ ਸਾਂਝੀ ਜ਼ਮੀਨ ਸੀ। 1975 ਈਸਵੀ ਦੀ ਗੱਲ ਹੈ ਜਦੋਂ ਉਹਨਾਂ ਦੋਨਾਂ ਨੇ ਜ਼ਮੀਨ ਤੇ ਟਿਊਬਵੈੱਲ ਲਗਵਾਉਣਾ ਸੀ ਤਾਂ ਸ਼੍ਰੀ ਸਵਰਨ ਦਾਸ ਜੀ ਸੰਤ ਹਰੀ ਦਾਸ ਜੀ ਮਹਾਰਾਜ ਨੂੰ ਪਿੰਡ ਕਬੂਲ ਪੁਰ ਵਿਖੇ ਟਿਊਬਵੈੱਲ ਦਾ ਟੱਕ ਲਗਾਉਣ ਵਾਸਤੇ ਲੈ ਕੇ ਗਏ। ਮਹਾਰਾਜ ਹਰੀ ਦਾਸ ਜੀ ਨੇ ਟੱਕ ਲਗਾ ਕੇ ਅਰਦਾਸ ਕੀਤੀ। ਪਰ ਸ਼੍ਰੀ ਸਵਰਨ ਦਾਸ ਜੀ ਦੇ ਭਾਈ ਨੇ ਕਿਹਾ ਕਿ ਮੈਂ ਟਿਊਬਵੈੱਲ ਦੂਸਰੀ ਜਗ੍ਹਾ ਲਗਵਾਉਣਾ ਹੈ। ਧੰਨਾ ਰਾਮ ਜੀ ਨਾ ਮੰਨੇ ਉਹਨਾਂ ਦੂਸਰੀ ਜਗ੍ਹਾ ਬੋਰ ਕਰਵਾਇਆ, ਪਰ ਉੱਥੇ ਪਾਣੀ ਨਾ ਨਿਕਲਿਆ। ਅਖੀਰ ਉਸ ਨੂੰ ਉਸੇ ਥਾਂ ਟਿਊਬਵੈੱਲ

ਲਗਾਉਂਣਾ ਪਿਆ ਜਿਸ ਅਸਥਾਨ ਤੇ ਮਹਾਰਾਜ ਹਰੀ ਦਾਸ ਜੀ ਨੇ ਟੱਕ ਲਗਾਇਆ ਸੀ।ਉਸ ਟਿਊਬਵੈੱਲ ਰਾਂਹੀ ਅੱਜ ਵੀ ਪਾਣੀ ਨਿਕਲ ਰਿਹਾ ਹੈ।

(06-07-03 ਸ਼੍ਰੀ ਨਿਰੰਜਨ ਦਾਸ ਪੁੱਤਰ ਸਵਰਨ ਦਾਸ ਜੀ
ਕਬੂਲਪੁਰ, ਜਲੰਧਰ)

## ਸਾਖੀ 264

## ਸੰਤ ਹਰੀ ਦਾਸ ਜੀ ਵਲੋਂ ਬੀਬੀ ਪਰਮਜੀਤ ਦੀ ਸ਼ੰਕਾਂ ਨਵਿਰਤ ਕਰਨੀ।

ਸ. ਤੁਲਸੀ ਸਿੰਘ ਤੇ ਉਹਨਾਂ ਦੀ ਪਤਨੀ ਬੀਬੀ ਮਹਾਂ ਕੌਰ ਪਿੰਡ ਬੂਰਾ ਮਹਾਰਾਜ ਸਰਵਣ ਦਾਸ ਦੇ ਸੇਵਕ ਸਨ। ਉਹਨਾਂ ਦੀ ਲੜਕੀ ਪਰਮਜੀਤ ਪਿੰਡ ਮਾਣਕਢੇਰੀ ਫੌਜੀ ਗੁਰਨਾਮ ਸਿੰਘ ਨਾਲ ਵਿਆਹੀ ਹੋਈ ਸੀ। ਉਸ ਸਮੇਂ ਬੀਬੀ ਪਰਮਜੀਤ ਦੇ ਘਰ ਬਹੁਤ ਗਰੀਬੀ ਸੀ।

ਇਕ ਵਾਰ ਸੰਤ ਹਰੀ ਦਾਸ ਜੀ ਮਹਾਰਾਜ ਪਿੰਡ ਖੰਡਿਆਲਾ ਨੇੜੇ ਬੁੱਲੋਵਾਲ ਵਿਖੇ ਗਏ ਸਨ।ਉਥੇ ਸ਼੍ਰੀ ਤੁਲਸੀ ਸਿੰਘ ਤੇ ਬੀਬੀ ਮਹਾਂ ਕੌਰ ਗਏ ਹੋਏ ਸਨ।ਸ਼੍ਰੀ ਤੁਲਸੀ ਸਿੰਘ ਨੇ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ ਜਾਂਦੇ ਹੋਏ ਸਾਡੀ ਲੜਕੀ ਪਰਮਜੀਤ ਪਿੰਡ ਮਾਣਕ ਢੇਰੀ ਦੇ ਗ੍ਰਹਿ ਵਿਖੇ ਚਰਨ ਪਾਉਣੇ।ਮਹਾਰਾਜ ਜੀ ਜੀਪ ਰਾਂਹੀ ਸ਼੍ਰੀ ਤੁਲਸੀ ਸਿੰਘ, ਬੀਬੀ ਮਹਾਕੌਰ ਅਤੇ ਕੁਝ ਹੋਰ ਸੇਵਾਦਾਰਾਂ ਸਮੇਤ ਪਿੰਡ ਮਾਣਕ ਢੇਰੀ ਪਹੁੰਚੇ। ਬੀਬੀ ਪਰਮਜੀਤ ਨੇ ਮਹਾਰਾਜ ਨੂੰ ਨਮਸਕਾਰ ਕਰਦੇ ਹੋਏ ਵਿਚਾਰਿਆ ਕਿ ਘਰ ਵਿਚ ਗਰੀਬੀ ਬਹੁਤ ਹੈ।ਮੈਂ ਸੰਤਾਂ ਸਮੇਤ ਸੰਗਤਾਂ ਨੂੰ ਚਾਹ ਕਿਵੇਂ ਪਿਲਾਵਾਂਗੀ।

ਅੰਤਰਜਾਮੀ ਮਹਾਰਾਜ ਹਰੀ ਦਾਸ ਜੀ ਨੇ ਫ਼ਰਮਾਇਆ ਕਿ ਕੁੜੇ ਅਸੀਂ ਚਾਹ ਨਹੀਂ ਪੀਣੀ, ਕੱਚੀ ਲੱਸੀ ਪੀਣੀ ਹੈ।ਇਸ ਤਰ੍ਹਾਂ ਮਹਾਰਾਜ ਜੀ ਨੇ ਮੇਰੇ ਦਿਲ ਦੀ ਗੱਲ ਬੁੱਝ ਲਈ।ਬੀਬੀ ਜੀ ਨੇ ਮਹਾਰਾਜ ਜੀ ਨਾਲ ਗਏ ਸੇਵਾਦਾਰਾਂ ਨੂੰ ਕੱਚੀ ਲੱਸੀ ਬਣਾ ਕੇ ਪਿਲਾਈ।

-ਖੁਦ ਬੀਬੀ ਪਰਮਜੀਤ ਪਤਨੀ ਫ਼ੌਜੀ ਗੁਰਨਾਮ ਸਿੰਘ
ਮਾਣਕਢੇਰੀ 06-07-03

## ਸਾਖੀ 265

## ਇਹਨਾਂ ਨੂੰ ਪੁੱਤਰ ਵੀ ਦੇਣੇ ਪੈਣੇ ਨੇ।

ਸ਼੍ਰੀ ਓਮ ਪ੍ਰਕਾਸ਼ ਸਪੁੱਤਰ ਸ਼੍ਰੀ ਕਾਬਲ ਸਿੰਘ ਪਿੰਡ ਜੈਤੇਵਾਲੀ ਜ਼ਿਲ੍ਹਾਂ ਜਲੰਧਰ ਦੇ ਰਹਿਣ ਵਾਲੇ ਹਨ ਜਿਹੜੇ ਕਿ ਅੱਜਕੱਲ੍ਹ ਰਮੇਸ਼ਵਰ ਕਲੋਨੀ ਜਲੰਧਰ ਵਿਖੇ ਰਹਿੰਦੇ ਹਨ ਅਤੇ ਭਾਰਤ ਸੰਚਾਰ ਨਿਗਮ ਜਲੰਧਰ ਵਿਖੇ ਹੀ ਬਤੌਰ ਐਸ. ਸੀ. ਓ. ਸੇਵਾ ਨਿਭਾ ਰਹੇ ਹਨ।

ਸ਼੍ਰੀ ਓਮ ਪ੍ਰਕਾਸ਼ ਜੀ ਦੱਸਦੇ ਕਿ ਉਹਨਾਂ ਦੇ ਪਿਤਾ ਸ਼੍ਰੀ ਕਾਬਲ ਸਿੰਘ ਜੀ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਦੇ ਬੜੇ ਸ਼ਰਧਾਲੂ ਸੀ। ਸ਼੍ਰੀ ਕਾਬਲ ਸਿੰਘ ਜੀ ਨੂੰ ਮਹਾਰਾਜ ਜੀ ਦੇ ਦਰਸ਼ਨ ਸ਼੍ਰੀ ਇੰਦਰ ਦਾਸ ਜੀ ਸਰਮਸਤਪੁਰ ਵਾਲਿਆਂ ਨੇ ਕਰਵਾਏ ਸੀ। ਸ਼੍ਰੀ ਕਾਬਲ ਸਿੰਘ ਅਤੇ ਸ਼੍ਰੀ ਇੰਦਰ ਦਾਸ ਜੀ ਇੱਕਠੇ ਕੰਮ ਕਰਦੇ ਸਨ। ਇਕ ਵਾਰੀ ਸ਼੍ਰੀ ਇੰਦਰ ਦਾਸ ਜੀ ਸ਼੍ਰੀ ਕਾਬਲ ਸਿੰਘ ਜੀ ਨੂੰ ਕੁਟੀਆ ਵਿਖੇ ਲੈ ਕੇ ਆਏ। ਕੁਟੀਆ ਵਿਖੇ ਪਹੁੰਚ ਕੇ ਉਹਨਾਂ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਸ਼੍ਰੀ ਇੰਦਰ ਦਾਸ ਜੀ ਨੇ ਮਹਾਰਾਜ ਜੀ ਨੂੰ ਦੱਸਿਆ ਕਿ ਮੈਂ ਅਤੇ ਕਾਬਲ ਸਿੰਘ ਜੀ ਇੱਕਠੇ ਹੀ ਕੰਮ ਕਰਦੇ ਹਾਂ ਆਪ ਕਿਰਪਾ ਕਰਕੇ ਇਹਨਾਂ ਨੂੰ ਵੀ ਆਪਣੇ ਚਰਨੀ ਲਾਓ। ਸੋ ਇਸੇ ਤਰ੍ਹਾਂ ਗੱਲਬਾਤ ਦੌਰਾਨ ਮਹਾਰਾਜ ਜੀ ਨੇ ਕਾਬਲ ਸਿੰਘ ਨੂੰ ਪੁੱਛਿਆ, "ਤੁਹਾਡੇ ਕਿੰਨੇ ਬੱਚੇ ਹਨ"? ਤਾਂ ਕਾਬਲ ਸਿੰਘ ਜੀ ਨੇ ਉੱਤਰ ਦਿੱਤਾ ਕਿ ਮੇਰੇ ਦੋ ਲੜਕੀਆਂ ਹੀ ਹਨ। ਉਹਨਾਂ ਦੇ ਇਹ ਕਹਿਣ ਤੇ ਮਹਾਰਾਜ ਜੀ ਨੇ ਇੰਦਰ ਦਾਸ ਨੂੰ ਕਿਹਾ, "ਹੁਣ ਇਹਨਾਂ ਨੇ ਸਾਡੇ ਕੋਲੋਂ ਪੁੱਤਰ ਮੰਗਣੇ ਹਨ। ਜੇ ਨਾ ਵੀ ਮੰਗਣ ਤਾਂ ਵੀ ਸਾਨੂੰ ਇਹਨਾਂ ਨੂੰ ਪੁੱਤਰ ਦੇਣੇ ਪੈਣੇ ਹਨ ਕਿਉਂਕਿ ਇਹਨਾਂ ਨੂੰ ਤੁਸੀਂ ਨਾਲ ਲੈ ਕੇ ਆਏ ਹੋ"। ਨਾਲ ਹੀ ਮਹਾਰਾਜ ਜੀ ਨੇ ਇਹ ਵੀ ਬਚਨ ਕਰ ਦਿਤਾ, "ਤੁਹਾਡੇ ਪੁੱਤਰ ਪੜ੍ਹਨਗੇ ਵੀ ਬਹੁਤ ਤੇ ਪੜ੍ਹ-ਲਿਖ ਕੇ ਅਫ਼ਸਰ ਵੀ ਬਣਨਗੇ"। ਸ਼੍ਰੀ ਕਾਬਲ ਸਿੰਘ ਜੀ ਮਹਾਰਾਜ ਜੀ ਦੇ ਵਚਨ ਸੁਣ ਕੇ ਬਹੁਤ ਖੁਸ਼ ਹੋਏ ਅਤੇ ਫਿਰ ਸਮੇਂ ਅਨੁਸਾਰ ਮਹਾਰਾਜ ਜੀ ਦੇ ਵਚਨ ਪੂਰਨ ਹੋਏ ਅਤੇ ਕਾਬਲ ਸਿੰਘ ਜੀ ਦੇ ਘਰ ਤਿੰਨ ਪੁੱਤਰ ਪੈਦਾ ਹੋਏ। ਮਹਾਰਾਜ ਜੀ ਦੇ ਆਸ਼ੀਰਵਾਦ ਸਦਕਾ ਉਹਨਾਂ ਦੇ ਤਿੰਨਾਂ ਪੁੱਤਰਾਂ ਨੇ ਰੱਜ ਕੇ ਪੜ੍ਹਾਈ ਕੀਤੀ ਅਤੇ ਜਿਹੜੇ ਕਿ ਅੱਜ ਕੱਲ੍ਹ ਸ਼੍ਰੀ ਓਮ ਪ੍ਰਕਾਸ਼ ਜਿਹਨਾਂ ਬਾਰੇ ਸਾਖੀ ਦੇ ਅਰੰਭ ਵਿਚ ਦੱਸਿਆ ਹੀ ਹੈ ਅਤੇ ਉਹਨਾਂ ਦੇ ਦੂਜੇ ਭਰਾ ਸ਼੍ਰੀ ਜੋਗਿੰਦਰ ਸਿੰਘ ਡਿਪਟੀ ਜੀ. ਐਮ. (ਫਾਈਨੈਂਸ ਡਿਪਾਰਟਮੈਂਟ ਹੁਸ਼ਿਆਰਪੁਰ) ਅਤੇ ਤੀਜੇ ਭਾਈ ਸ਼੍ਰੀ ਉੱਤਮ ਚੰਦ ਜਿਹੜੇ ਕਿ ਚੰਡੀਗੜ੍ਹ ਸੈਕਟਰੀਏਟ ਵਿਖੇ ਜੁਆਇੰਟ ਸੈਕਟਰੀ ਹਨ। ਸੋ ਇਸ ਤਰ੍ਹਾਂ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਆਸ਼ੀਰਵਾਦ ਸਦਕਾ ਤਿੰਨੇ ਭਾਈ ਹੀ ਉੱਚ

ਅਹੁਦਿਆਂ ਤੇ ਹਨ।

## ਸਾਖੀ 266

## ਦੱਸ ਤੈਨੂੰ ਕਿੱਥੋਂ ਭੁੱਲਦਾ ਹੈ।

**ਬੀਬੀ** ਜੀਤੋ ਪਤਨੀ ਸ਼੍ਰੀ ਜੀਤ ਰਾਮ ਪਿੰਡ ਬਲੰਦਪੁਰ ਜ਼ਿਲ੍ਹਾ ਜਲੰਧਰ ਦੇ ਰਹਿਣ ਵਾਲੇ ਹਨ ਅਤੇ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦੇ ਸ਼ਰਧਾਲੂ ਹਨ।ਬੀਬੀ ਜੀਤੋ ਜੀ ਦੱਸਦੇ ਹਨ ਕਿ ਉਹਨਾਂ ਦੇ ਘਰਵਾਲੇ ਸ਼੍ਰੀ ਜੀਤ ਰਾਮ ਨੇ ਸੁਆਮੀ ਸਰਵਣ ਦਾਸ ਜੀ ਤੋਂ ਨਾਮ ਦੀ ਦਾਤ ਪ੍ਰਾਪਤ ਕੀਤੀ ਸੀ ਪਰ ਬੀਬੀ ਜੀਤੋ ਨੂੰ ਅਜੇ ਨਾਮ ਭਜਨ ਨਹੀਂ ਸੀ ਮਿਲਿਆ।ਬੀਬੀ ਜੀਤੋ ਦੇ ਘਰਵਾਲੇ ਸ਼੍ਰੀ ਜੀਤ ਰਾਮ ਜੀ ਸ਼ਰਾਬ ਪੀਂਦੇ ਹੁੰਦੇ ਸੀ।ਇੱਕ ਦਿਨ ਬੀਬੀ ਜੀਤੋ ਦੇ ਮਨ ਵਿੱਚ ਖਿਆਲ ਆਇਆ ਕਿ ਇਹ ਨਾਮ ਭਜਨ ਲੈ ਕੇ ਵੀ ਸ਼ਰਾਬ ਪੀਂਦੇ ਰਹਿੰਦੇ ਹਨ ਸੋ ਮੈਨੂੰ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦੇ ਚਰਨਾਂ ਵਿਚ ਅਰਦਾਸ ਕਰਨੀ ਚਾਹੀਦੀ ਹੈ ਤੇ ਉਹ ਉਸ ਰਾਤ ਬੈਠ ਕੇ ਮਹਾਰਾਜ ਜੀ ਨੂੰ ਯਾਦ ਕਰਨ ਲੱਗੇ ਤੇ ਏਸੇ ਤਰ੍ਹਾਂ ਹੀ ਉਹ ਸਾਰੀ ਰਾਤ ਬੈਠੇ ਰਹੇ ਤੇ ਮਹਾਰਾਜ ਜੀ ਨੂੰ ਯਾਦ ਕਰਦੇ ਰਹੇ।ਇੱਧਰ ਜਾਣੀ ਜਾਣ ਮਹਾਰਾਜ ਜੀ ਨੂੰ ਪਤਾ ਲੱਗ ਗਿਆ ਕਿ ਕੋਈ ਉਹਨਾਂ ਨੂੰ ਯਾਦ ਕਰ ਰਿਹਾ ਹੈ ਤੇ ਸਵੇਰ ਵੇਲੇ ਬੀਬੀ ਜੀਤੋ ਦੇ ਘਰ ਸੁਨੇਹਾ ਪਹੁੰਚ ਗਿਆ ਕਿ ਉਹਨਾਂ ਦੇ ਘਰ ਜੀਤ ਰਾਮ ਨੂੰ ਸੁਆਮੀ ਸਰਵਣ ਦਾਸ ਜੀ ਨੇ ਕੁਟੀਆ ਵਿਖੇ ਬੁਲਾਇਆ ਹੈ ਪਰ ਜੀਤ ਰਾਮ ਮਹਾਰਾਜ ਜੀ ਪਾਸ ਆਉਣ ਨੂੰ ਤਿਆਰ ਨਹੀਂ ਸੀ।ਇਸ ਤੇ ਬੀਬੀ ਜੀਤੋ ਨੇ ਕਿਹਾ ਕਿ ਤੁਹਾਨੂੰ ਮਹਾਰਾਜ ਜੀ ਨੇ ਆਪ ਬੁਲਾਇਆ ਹੈ।ਇਸ ਲਈ ਤੁਹਾਨੂੰ ਮਹਾਰਾਜ ਜੀ ਪਾਸ ਆਪ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਬੀਬੀ ਜੀਤੋ ਦੇ ਕਹਿਣ ਤੇ ਉਹ ਕੁਟੀਆ ਵਿਖੇ ਆਉਣ ਨੂੰ ਤਿਆਰ ਹੋਇਆ ਤੇ ਨਾਲ ਹੀ ਬੀਬੀ ਜੀਤੋ ਵੀ ਕੁਟੀਆ ਨੂੰ ਆ ਗਏ।ਉਹਨਾਂ ਦੋਨਾਂ ਨੇ ਆ ਕੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤਾਂ ਮਹਾਰਾਜ ਜੀ ਜੀਤ ਰਾਮ ਨੂੰ ਕਹਿਣ ਲੱਗੇ "ਉਏ ਤੂੰ ਸੁਧਰਦਾ ਕਿਉਂ ਨਹੀਂ।ਕੁੜੀ ਸਾਰੀ ਰਾਤ ਬੈਠੀ ਸਾਨੂੰ ਯਾਦ ਕਰਦੀ ਰਹੀ ਹੈ।" ਇਸ ਤਰ੍ਹਾਂ ਮਹਾਰਾਜ ਜੀ ਨੇ ਜੀਤ ਰਾਮ ਨੂੰ ਕਾਫ਼ੀ ਸਮਝਾਇਆ।

ਫਿਰ ਬੀਬੀ ਜੀਤੋ ਨੇ ਵੀ ਨਾਮ ਭਜਨ ਲੈ ਲਿਆ।ਉਸ ਨੇ ਸਿਮਰਨ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਹਨਾਂ ਨੂੰ ਯਾਦ ਨਾ ਰਿਹਾ ਤੇ ਉਹਨੇ ਆਪਣੇ ਘਰ ਵਾਲੇ ਨੂੰ ਪੁੱਛਿਆ ਕਿ ਮੈਨੂੰ ਤੁਸੀਂ ਨਾਮ ਭਜਨ ਯਾਦ ਕਰਾ ਦਿਉ।ਇਸ ਤੇ ਜੀਤ ਰਾਮ ਨੇ ਕਿਹਾ ਕਿ ਤੂੰ ਕਿਹੜਾ ਮੇਰੇ ਨਾਲ ਨਾਮ ਭਜਨ ਲਿਆ ਸੀ।ਮੈਂ ਤੈਨੂੰ ਨਹੀਂ ਦੱਸਣਾ।ਇਹ ਸੁਣ ਕੇ ਬੀਬੀ ਜੀਤੋ ਜੀ ਬੜੇ ਉਦਾਸ ਹੋਏ।ਉਹ ਰਾਤ ਨੂੰ ਬੈਠ ਕੇ ਮਹਾਰਾਜ ਜੀ ਨੂੰ ਯਾਦ ਕਰਦੇ

ਰਹੇ। ਫਿਰ ਤੜਕਸਾਰ ਨੂੰ ਸੁਆਮੀ ਸਰਵਣ ਦਾਸ ਜੀ ਮਹਾਰਾਜ ਜੀ ਉਹਨਾਂ ਦੇ ਸਨਮੁੱਖ ਪ੍ਰਗਟ ਹੋ ਗਏ ਅਤੇ ਕਹਿਣ ਲੱਗੇ ਕਿ ਦੱਸ ਤੈਨੂੰ ਨਾਮ ਭਜਨ ਕਿੱਥੋਂ ਭੁੱਲਦਾ ਹੈ ਤੇ ਬੀਬੀ ਜੀਤੋ ਨੇ ਮਹਾਰਾਜ ਜੀ ਨੂੰ ਦੱਸਿਆ ਤਾਂ ਮਹਾਰਾਜ ਜੀ ਦੇ ਉਸਦੇ ਸਿਰ ਤੇ ਹੱਥ ਰੱਖ ਦਿੱਤਾ। ਮਹਾਰਾਜ ਜੀ ਨੇ ਬੀਬੀ ਜੀਤੋ ਦੇ ਸਿਰ ਤੇ ਹੱਥ ਰੱਖਣ ਦੇ ਨਾਲ ਹੀ ਉਹਨਾਂ ਨੂੰ ਸਭ ਕੁਝ ਯਾਦ ਹੋ ਗਿਆ। ਉਹਨਾਂ ਨੇ ਕਿਹਾ ਕਿ ਮਹਾਰਾਜ ਜੀ ਮੈਨੂੰ ਹੁਣ ਕਿਤਿਓ ਵੀ ਨਹੀਂ ਭੁੱਲਦਾ।

## ਸਾਖੀ 267

## ਤੁਸੀਂ ਫੈਕਟਰੀ ਬੰਦ ਨਾ ਕਰੋ।

ਸ਼੍ਰੀ ਪਿਆਰਾ ਰਾਮ ਬੱਧਣ ਪੁੱਤਰ ਸ਼੍ਰੀ ਰਾਮ ਰੱਖਾ ਪਿੰਡ ਬਿਆਸ ਪਿੰਡ ਜਿਲ੍ਹਾਂ ਜਲੰਧਰ ਦੇ ਰਹਿਣ ਵਾਲੇ ਹਨ। ਜਿਹੜੇ ਕਿ ਅੱਜ ਕੱਲ੍ਹ ਪਰਿਵਾਰ ਸਮੇਤ ਇੰਗਲੈਂਡ ਵਿਚ ਰਹਿੰਦੇ ਹਨ। ਡੇਰਾ ਸੱਚਖੰਡ ਬੱਲਾਂ ਦੇ ਪ੍ਰਤੀ ਉਹਨਾਂ ਦੀ ਅਪਾਰ ਸ਼ਰਧਾ ਹੈ। ਸ਼੍ਰੀਮਾਨ ਬੱਧਣ ਜੀ ਇੰਗਲੈਂਡ ਵਿਚ ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਹਨ। ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਕਠਾਰ ਅਤੇ ਕਾਸ਼ੀ ਵਿਖੇ ਬਣੇ ਸ਼੍ਰੀ ਗੁਰੂ ਰਵਿਦਾਸ ਗੇਟ ਨੂੰ ਬਣਾਉਣ ਵਿੱਚ ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਯੂ. ਕੇ. ਦਾ ਬਹਤ ਵੱਡਾ ਯੋਗਦਾਨ ਹੈ ਅਤੇ ਡੇਰੇ ਵਲੋਂ ਚਲਦੇ ਹੋਰ ਵੀ ਸਮਾਜ ਸੇਵਾ ਦੇ ਕੰਮਾਂ ਵਿੱਚ ਇਸ ਟਰੱਸਟ ਵਲੋਂ ਕਾਫ਼ੀ ਯੋਗਦਾਨ ਪਾਇਆ ਜਾ ਰਿਹਾ ਹੈ।

ਸ਼੍ਰੀਮਾਨ ਬੱਧਣ ਜੀ ਦੱਸਦੇ ਹਨ ਕਿ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦੇ ਦਰਸ਼ਨ ਉਹਨਾਂ ਨੇ 1957 ਈਸਵੀ ਨੂੰ ਆਪਣੀ ਸ਼ਾਦੀ ਦੇ ਦੌਰਾਨ ਹੀ ਕੀਤੇ ਸਨ। ਉਸ ਤੋਂ ਬਾਅਦ ਉਹਨਾਂ ਨੂੰ ਮਹਾਰਾਜ ਜੀ ਨਾਲ ਮਿਲਣ ਦਾ ਕਦੀ ਵੀ ਸੁਭਾਗ ਪ੍ਰਾਪਤ ਨਹੀਂ ਸੀ ਹੋਇਆ। ਡੇਰਾ ਸੱਚਖੰਡ ਬੱਲਾਂ ਦੇ ਪ੍ਰਤੀ ਉਹਨਾਂ ਦੀ ਸ਼ਰਧਾ ਉਸ ਵੇਲੇ ਜ਼ਿਆਦਾ ਜਾਗ੍ਰਿਤ ਹੋਈ ਜਦੋਂ ਬ੍ਰਹਮਲੀਨ ਸ੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ ਇੰਗਲੈਂਡ ਵਿਖੇ ਗਏ ਸੀ। ਉਥੇ ਹੀ ਉਹ ਮਹਾਰਾਜ ਗਰੀਬ ਦਾਸ ਜੀ ਨੂੰ ਮਿਲੇ ਸੀ।

ਸ਼੍ਰੀ ਪਿਆਰਾ ਰਾਮ ਬੱਧਣ ਜੀ ਦੀ ਇੰਗਲੈਂਡ ਵਿਚ ਆਪਣੀ ਫੈਕਟਰੀ ਹੈ। ਉਹ ਦੱਸਦੇ ਹਨ ਕਿ ਇਕ ਵਾਰੀ ਉਹਨਾਂ ਨੂੰ ਆਪਣੇ ਕੰਮ ਵਿਚ ਬਹੁਤ ਘਾਟਾ ਪੈ ਗਿਆ ਤੇ ਉਹਨਾਂ ਨੇ ਆਪਣੀ ਫੈਕਟਰੀ ਬੰਦ ਕਰਨ ਦਾ ਮਨ ਬਣਾ ਲਿਆ ਸੀ ਤੇ ਉਦੋਂ ਬ੍ਰਹਮਲੀਨ ਸਤਿਗੁਰੂ ਗਰੀਬ ਦਾਸ ਜੀ ਮਹਾਰਾਜ ਇੰਗਲੈਂਡ ਗਏ ਹੋਏ ਸੀ। ਸ਼੍ਰੀ ਪਿਆਰਾ ਰਾਮ ਜੀ ਮਹਾਰਾਜ ਗਰੀਬ ਦਾਸ ਜੀ ਦੇ ਦਰਸ਼ਨਾਂ ਨੂੰ ਗਏ ਤਾਂ ਮਹਾਰਾਜ ਜੀ ਨੇ ਉਹਨਾਂ ਨੂੰ ਉਹਨਾਂ ਦੇ ਕੰਮ ਕਾਰ ਬਾਰੇ ਪੁੱਛਿਆ ਤਾਂ ਸ਼੍ਰੀ ਬੱਧਣ ਜੀ ਨੇ ਦੱਸਿਆ ਕਿ

ਮਹਾਰਾਜ ਜੀ ਮੇਰੀ ਆਪਣੀ ਫੈਕਟਰੀ ਹੈ ਤੇ ਅੱਜਕੱਲ੍ਹ ਉਹ ਬਹੁਤ ਘਾਟੇ ਵਿਚ ਚੱਲ ਰਹੀ ਹੈ। ਸੋ ਮੇਰਾ ਵਿਚਾਰ ਹੈ ਕਿ ਮੈਂ ਉਸ ਫੈਕਟਰੀ ਨੂੰ ਬੰਦ ਕਰ ਦੇਵਾਂ। ਉਹਨਾਂ ਦੇ ਇਹ ਕਹਿਣ ਤੇ ਮਹਾਰਾਜ ਗਰੀਬ ਦਾਸ ਜੀ ਨੇ ਵਚਨ ਕੀਤਾ ਕਿ ਤੁਸੀਂ ਫੈਕਟਰੀ ਬੰਦ ਨਾ ਕਰੋ ਅਜੇ ਉਸ ਨੂੰ ਹੋਰ ਚਲਾਉ। ਤੁਹਾਡਾ ਕੰਮ ਕਾਰ ਠੀਕ ਹੋ ਜਾਵੇਗਾ। ਸ਼੍ਰੀ ਬੱਧਣ ਜੀ ਦੱਸਦੇ ਹਨ ਕਿ ਮੇਰੀ ਮਹਾਰਾਜ ਜੀ ਨਾਲ ਇਹੋ ਜਿਹੀ ਵਾਰਤਾਲਾਪ ਹੋਈ ਤੇ ਉਸ ਤੋਂ ਕੁਝ ਚਿਰ ਬਾਅਦ ਅਸੀਂ ਆਪਣੇ ਘਰ ਨੂੰ ਚਲ ਪਏ। ਅਸੀਂ ਆਪਣੀ ਕਾਰ ਰਾਹੀਂ ਘਰ ਵੱਲ ਜਾ ਰਹੇ ਸੀ ਤਾਂ ਮੈਂ ਦੇਖਿਆ ਕਿ ਇੱਕ ਕਾਰ ਸਾਡਾ ਲਗਾਤਾਰ ਪਿੱਛਾ ਕਰ ਰਹੀ ਹੈ, ਪਰ ਮੈਨੂੰ ਨਹੀਂ ਸੀ ਪਤਾ ਕਿ ਉਸ ਵਿਚ ਕੌਣ ਹੋ ਸਕਦਾ ਹੈ ਤੇ ਉਸੇ ਤਰ੍ਹਾਂ ਜਦੋਂ ਅਸੀਂ ਆਪਣੇ ਘਰ ਪਹੁੰਚੇ ਹੀ ਸੀ ਤੇ ਉਹ ਗੱਡੀ ਵੀ ਸਾਡੇ ਪਿੱਛੇ ਹੀ ਸਾਡੇ ਘਰ ਆ ਗਈ ਤੇ ਜਦੋਂ ਮੈਂ ਦੇਖਿਆ ਤੇ ਉਸ ਗੱਡੀ ਵਿਚ ਮਰੀ ਫੈਕਟਰੀ ਦਾ ਮੈਨੇਜਰ ਉਤਰਿਆ ਤੇ ਉਹ ਮੇਰੇ ਕੋਲ ਆ ਕੇ ਮੈਨੂੰ ਵਧਾਈਆਂ ਦੇਣ ਲੱਗਾ। ਮੈਂ ਉਸ ਨੂੰ ਪੁੱਛਿਆ ਕਿ ਕੀ ਹੋਇਆ ਹੈ ਤੇ ਉਸਨੇ ਉੱਤਰ ਦਿੱਤਾ ਕਿ ਆਪ ਜੀ ਨੂੰ ਕਰੋੜਾਂ ਰੁਪਏ ਦਾ ਕੰਮ ਮਿਲ ਗਿਆ ਹੈ। ਇਹ ਸੁਣ ਕੇ ਮੈਂ ਬਹੁਤ ਹੈਰਾਨ ਹੋ ਗਿਆ ਤੇ ਮੈਨੂੰ ਬੇਅੰਤ ਖੁਸ਼ੀ ਮਿਲੀ ਇਹ ਸਭ ਕੌਤਕ ਬ੍ਰਹਮਲੀਨ ਸੰਤ ਗਰੀਬ ਦਾਸ ਜੀ ਦਾ ਹੀ ਸੀ ਕਿ ਉਹਨਾਂ ਦੀ ਕਿਰਪਾ ਨਾਲ ਮੇਰੀ ਬੰਦ ਹੋ ਚੱਲੀ ਫੈਕਟਰੀ ਨੂੰ ਕੰਮਕਾਰ ਦੀ ਨਵੀਂ ਦਿਸ਼ਾ ਮਿਲ ਗਈ ਤੇ ਮੇਰਾ ਸਾਰਾ ਘਾਟਾ ਪੂਰਾ ਹੋ ਗਿਆ। ਸੋ ਹੁਣ ਮੈਂ ਡੇਰਾ ਸੱਚਖੰਡ ਬੱਲਾਂ ਦੇ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹਾਂ।

## ਸਾਖੀ 268

## ਜਦੋ ਸਮਾਧੀ ਲਾ ਕੇ ਯਾਦ ਕਰੇਂਗਾ, ਉਦੋਂ ਹੀ ਦਰਸ਼ਨ ਦਿਆਂਗੇ।

ਇਕ ਵਾਰੀ ਸ. ਕਾਬਲ ਸਿੰਘ ਜੀ ਹਜ਼ੂਰ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਏ। ਮਹਾਰਾਜ ਜੀ ਨੂੰ ਸ਼ਰਧਾ ਸਹਿਤ ਨਮਸਕਾਰ ਕਰਨ ਤੋਂ ਬਾਅਦ ਸ. ਕਾਬਲ ਸਿੰਘ ਜੀ ਮਹਾਰਾਜ ਜੀ ਨੂੰ ਬੇਨਤੀ ਕਰਕੇ ਕਹਿਣ ਲੱਗੇ, "ਸਵਾਮੀ ਜੀ, ਮੈਂ ਤੁਹਾਡਾ ਅਸਲ ਸਰੂਪ ਵੇਖਣਾ ਚਾਹੁੰਦਾ ਹਾਂ"। ਸਤਿਗੁਰੂ ਸਵਾਮੀ ਸਰਵਣ ਦਾਸ ਜੀ ਮਹਾਰਾਜ ਜੀ ਕਹਿਣ ਲੱਗੇ,"ਮੈਂ ਤੁਹਾਡੇ ਸਾਹਮਣੇ ਖੜ੍ਹਾ ਹਾਂ, ਤੂੰ ਦੇਖ ਲੈ"। ਪ੍ਰੰਤੂ ਸ. ਕਾਬਲ ਸਿੰਘ ਆਪਣੀ ਜ਼ਿੱਦ ਉੱਪਰ ਅੜਿਆ ਰਿਹਾ ਕਹਿਣ ਲੱਗਾ, "ਮਹਾਰਾਜ ਜੀ ਨਹੀਂ, ਮੈਂ ਤਾਂ ਤੁਹਾਡਾ ਅਸਲ ਸਰੂਪ ਵੇਖਣਾ ਹੈ" ? ਇਸ ਸੰਬੰਧੀ ਅੱਧਾ ਘੰਟਾ ਚਰਚਾ ਹੁੰਦੀ ਰਹੀ।

ਸਤਿਗੁਰੂ ਜੀ ਵਜਦ ਵਿਚ ਆ ਕੇ ਕਹਿਣ ਲੱਗੇ "ਕਾਬਲ ਸਿੰਘ ਜੀ ਤੁਸੀਂ ਜ਼ਮੀਨ ਉੱਪਰ ਚੌਂਕੜੀ ਲਾ ਕੇ ਬੈਠ ਜਾਉ ਅਤੇ ਅੱਖਾਂ ਮੀਟ ਲਵੋ"। ਕਾਬਲ ਸਿੰਘ ਨੇ

ਅਜਿਹਾ ਹੀ ਕੀਤਾ। ਸਤਿਗੁਰੂ ਸਵਾਮੀ ਸਰਵਣ ਦਾਸ ਜੀ ਦੇ ਸਰੀਰ ਵਿਚੋਂ ਐਨੀਆ ਰੋਸ਼ਨੀਆਂ ਨਿਕਲੀਆਂ ਕਿ ਦਿਨ ਦੀ ਰੌਸ਼ਨੀ ਵੀ ਉਸ ਅੱਗੇ ਬਹੁਤ ਘੱਟ ਨਜ਼ਰ ਆਵੇ। ਇਕ ਦਮ ਲਿਸ਼ਕੋਅ ਪਈ। ਕਾਬਲ ਸਿੰਘ ਜੀ ਨੂੰ ਸਤਿਗੁਰੂ ਜੀ ਕਹਿਣ ਲੱਗੇ, "ਜਦੋਂ ਸਮਾਧੀ ਲਾ ਕੇ ਯਾਦ ਕਰਗਾ, ਉਦੋਂ ਹੀ ਦਰਸ਼ਨ ਦਿਆਂਗੇ"। ਸਮਾਂ ਆਪਣੀ ਚਾਲੇ ਚਲਦਾ ਗਿਆ। ਇਕ ਰਾਤ ਸ. ਕਾਬਲ ਸਿੰਘ ਜੀ ਆਪਣੀ ਬੈਠਕ ਦੀ ਛੱਤ ਉੱਪਰ ਬੈਠੇ ਸਨ। ਰਾਤ ਦੇ ਦੋ ਵੱਜ ਚੁੱਕੇ ਸਨ। ਆਪ ਨੂੰ ਨੀਂਦਰ ਨਹੀਂ ਸੀ ਆ ਰਹੀ। ਇਸ ਕਰਕੇ ਆਪ ਸਮਾਧੀ ਲਗਾ ਕੇ ਹਜ਼ੂਰ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੂੰ ਯਾਦ ਕਰਨ ਲੱਗੇ। ਆਪ ਨੇ ਅੱਖਾਂ ਮੀਟੀਆਂ ਹੋਈਆਂ ਸਨ। ਆਪ ਜੀ ਦੇ ਅੱਗੇ ਇਕ ਦਮ ਰੌਸ਼ਨੀ ਦਾ ਗੋਲਾ ਆਇਆ। ਉਸ ਦੀ ਰੌਸ਼ਨੀ ਇਕ ਦਮ ਪ੍ਰਗਟ ਹੋਈ ਅਤੇ ਅਲੋਪ ਹੋ ਗਈ। ਜਿਸ ਵਕਤ ਸ. ਕਾਬਲ ਸਿੰਘ ਨੇ ਅੱਖ ਖੋਲੀ ਤਾਂ ਉਹਨਾਂ ਨੂੰ ਇਸ ਰੌਸ਼ਨੀ ਦਾ ਪਤਾ ਚੱਲਿਆ ਕਿ ਅਸਮਾਨ ਵਿਚ ਚੜ੍ਹਿਆ ਚੰਦਰਮਾ ਅਤੇ ਤਾਰਿਆਂ ਦੀ ਲੋਅ ਵੀ ਬਹੁਤ ਹੀ ਮੱਧਮ ਸੀ। ਸ. ਕਾਬਲ ਸਿੰਘ ਨੂੰ ਹਜ਼ੂਰ ਸਵਾਮੀ ਸਰਵਨ ਦਾਸ ਮਹਾਰਾਜ ਜੀ ਦੇ ਵਚਨ ਯਾਦ ਆਏ। ਜਿਸ ਵਿਚ ਉਹਨਾਂ ਕਿਹਾ ਸੀ ਜਦ ਵੀ ਸਮਾਧੀ ਲਾ ਕੇ ਯਾਦ ਕਰੋਗੇ, ਉਸੀ ਸਮੇਂ ਅਸੀਂ ਆਪ ਨੂੰ ਦਰਸ਼ਨ ਦਿਆਂਗੇ। 'ਬੋਲਣਾ ਜੀ ਜੈ ਸੰਤਾਂ ਦੀ'।

## ਸਾਖੀ 269

## ਇਹ ਬੱਚੇ ਧੋਖਾ ਨਹੀਂ ਦੇਣਗੇ।

ਇੱਕ ਵਾਰੀ ਸ. ਕਾਬਲ ਸਿੰਘ ਜੀ ਜਿਹੜੇ ਕਿ ਅੱਜ ਕੱਲ੍ਹ ਫਗਵਾੜਾ ਸ਼ਹਿਰ ਵਿਖੇ ਰਹਿ ਰਹੇ ਹਨ। ਬ੍ਰਹਮਲੀਨ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਮੱਥਾ ਟੇਕਣ ਆਏ। ਆਪ ਨੇ ਸਤਿਗੁਰੂ ਜੀ ਕੋਲ ਅਰਜ਼ ਕੀਤੀ ਕਿ "ਮਹਾਰਾਜ ਜੀ ਸਾਡੇ ਘਰ ਕੋਈ ਔਲਾਦ ਨਹੀਂ ਹੈ। ਕਿਰਪਾ ਕਰੋ"। ਅੱਗੋਂ ਮਹਾਰਾਜ ਜੀ ਮੁਸਕਰਾ ਪਏ ਤੇ ਕਹਿਣ ਲੱਗੇ, "ਤੂੰ ਇਸ ਤਰ੍ਹਾਂ ਹੀ ਚੰਗਾ ਏ, ਫਿਰ ਥੋੜ੍ਹਾ ਚਿਰ ਚੁੱਪ ਅਤੇ ਸ਼ਾਂਤ ਰਹਿਣ ਮਗਰੋਂ ਬੋਲੇ ਕਿ ਤੇਰੇ ਦੋ ਬੱਚੇ ਹੋਣਗੇ। ਜਿਹੜੇ ਕਦੀ ਵੀ ਤੇਰਾ ਸਾਥ ਨਹੀਂ ਛੱਡਣਗੇ।

ਸ. ਕਾਬਲ ਸਿੰਘ ਜੀ ਮਹਾਰਾਜ ਜੀ ਅੱਗੇ ਬੇਨਤੀ ਕਰਨ ਲੱਗੇ ਕਿ ਸਤਿਗੁਰੂ ਜੀ ਮੈਨੂੰ ਤੁਹਾਡੀਆਂ ਗੱਲਾਂ ਸਮਝ ਨਹੀਂ ਆਉਂਦੀਆਂ। ਮਹਾਰਾਜ ਜੀ ਆਖਣ ਲੱਗੇ, "ਤੈਨੂੰ ਆਪ ਹੀ ਸਮਝ ਪੈ ਜਾਣੀ ਹੈ"। ਸ. ਕਾਬਲ ਸਿੰਘ ਜੀ ਨੇ 22 ਸਾਲ ਫ਼ੌਜ ਦੀ ਨੌਕਰੀ ਕੀਤੀ ਅਤੇ 19 ਸਾਲ ਬੈਂਕ ਵਿਚ ਸਕਿਉਰਿਟੀ ਤੇ ਤਾਇਨਾਤ ਰਹੇ। ਉਹਨਾਂ ਹੀ ਦਿਨਾਂ ਵਿਚ ਰਿਟਾਇਰਮੈਂਟ ਤੋਂ ਬਾਦ ਸ਼ਾਮ ਦੇ ਵੇਲੇ ਆਪ ਆਪਣੇ ਘਰ ਵਿਚ

ਇੱਕਲੇ ਹੀ ਬੈਠੇ ਸਨ। ਆਪ ਨੂੰ ਸਰਕਾਰੀ ਬੈਂਕ ਤੋਂ ਪੈਨਸ਼ਨ ਲੱਗਣ ਸੰਬੰਧੀ ਚਿੱਠੀ ਆਈ ਅਤੇ ਦੂਸਰੀ ਚਿੱਠੀ ਫ਼ੌਜ ਵਿੱਚੋਂ ਰਿਟਾਇਰਮੈਂਟ ਹੋਣ ਤੋਂ ਬਾਦ ਲੱਗਣ ਵਾਲੀ ਪੈਨਸ਼ਨ ਸੰਬੰਧੀ ਸੀ। ਸ. ਕਾਬਲ ਸਿੰਘ ਜੀ ਮਨ ਹੀ ਮਨ ਮੁਸਕਰਾ ਪਏ। ਉਹਨਾਂ ਨੂੰ ਆਪਣੇ ਦੋ ਕਮਾਊ ਪੁੱਤਰਾਂ ਬਾਰੇ ਪਤਾ ਚੱਲ ਚੁੱਕਾ ਸੀ। ਇਹ ਕਮਾਊ ਪੁੱਤਰ ਅੱਜ ਵੀ ਸ. ਕਾਬਲ ਸਿੰਘ ਨੂੰ ਮਹੀਨੇ ਬਾਦ ਤਨਖਾਹ ਦੇ ਜਾਂਦੇ ਹਨ (ਭਾਵ ਪੈਂਨਸ਼ਨ)। ਇਹ ਬੱਚੇ ਉਹਨਾਂ ਨੂੰ ਧੋਖਾ ਨਹੀਂ ਦੇ ਸਕਦੇ।

## ਸਾਖੀ 270

## ਤੇਰੇ ਪਤਾਸੇ ਵੀ ਖਾਵਾਂਗੇ।

ਇਕ ਵਾਰੀ ਸ. ਕਾਬਲ ਸਿੰਘ ਜੀ ਕਿਸ਼ਨ ਗੜ੍ਹ ਅੱਡੇ ਤੋਂ ਪਤਾਸਿਆਂ ਦਾ ਪ੍ਰਸ਼ਾਦਿ ਲੈ ਕੇ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਏ। ਆਪ ਜੀ ਨਮਸਕਾਰ ਕਰਕੇ ਮਹਾਰਾਜ ਜੀ ਦੀ ਹਜ਼ੂਰੀ ਵਿਚ ਬੈਠ ਗਏ। ਇਤਨੀ ਕਿ ਦੇਰ ਨੂੰ ਇਕ ਹੋਰ ਸੇਵਾਦਾਰ ਪ੍ਰੇਮੀ ਆਇਆ। ਉਸ ਨੇ ਵੀ ਮਹਾਰਾਜ ਜੀ ਨੂੰ ਮੱਥਾ ਟੇਕ ਕੇ ਬਰਫੀ ਵਾਲਾ ਡੱਬਾ ਸਤਿਗੁਰੂ ਜੀ ਦੇ ਪਾਵਨ ਪਵਿੱਤਰ ਕਰ ਕਮਲਾਂ ਵਿਚ ਫੜਾ ਦਿੱਤਾ। ਸਤਿਗੁਰੂ ਜੀ ਨੇ ਥੋੜ੍ਹਾ ਜਿਹਾ ਬਰਫ਼ੀ ਦਾ ਪ੍ਰਸ਼ਾਦ ਮੂੰਹ ਵਿਚ ਪਾਇਆ। ਸ. ਕਾਬਲ ਸਿੰਘ ਜੀ ਜਿਹੜੇ ਕਿ ਪਤਾਸਿਆਂ ਦਾ ਪ੍ਰਸ਼ਾਦਿ ਲੈ ਕੇ ਆਏ ਸਨ ਸੋਚਣ ਲੱਗ ਪਏ ਕਿ ਮਹਾਰਾਜ ਜੀ ਨੇ ਮੇਰੇ ਪ੍ਰਸ਼ਾਦਿ ਨੂੰ ਕਿਉਂ ਨਹੀਂ ਛਕਿਆ।

ਥੋੜ੍ਹੀ ਹੀ ਦੇਰ ਬਾਦ ਸਤਿਗੁਰੂ ਜੀ ਨੇ ਇਕ ਪਤਾਸਾ ਮੂੰਹ ਵਿਚ ਪਾਇਆ ਅਤੇ ਸਰਦਾਰ ਕਾਬਲ ਸਿੰਘ ਜੀ ਨੂੰ ਵਚਨ ਕੀਤੇ ਤੂੰ ਐਂਵੇ ਸੋਚਿਆ ਨਾ ਕਰ ਅਸੀਂ ਤੇਰੇ ਪਤਾਸੇ ਸਾਰੇ ਹੀ ਖਾਵਾਂਗੇ। ਜਾਣੀ ਜਾਣ ਮਹਾਰਾਜ ਜੀ ਨੇ ਕਾਬਲ ਸਿੰਘ ਜੀਦੀ ਸਾਰੀ ਦਿਲ ਦੀ ਗੱਲ ਜਾਣ ਲਈ ਸੀ।

## ਸਾਖੀ 271

## ਰਿੱਧ-ਸਿੱਧ ਨਾਮੇਂ ਕੀ ਦਾਸੀ।

ਇੱਕ ਵਾਰੀ ਸ. ਕਾਬਲ ਸਿੰਘ ਜੀ ਤੇ ਉਹਨਾਂ ਦੀ ਧਰਮ ਪਤਨੀ ਸਵਰਗਵਾਸੀ ਬੀਬੀ ਪਿਆਰੋ ਜੀ ਅਤੇ ਉਹਨਾਂ ਦਾ ਸਹੁਰਾ ਉੱਤਮ ਚੰਦ ਜੀ ਆਪਣੇ ਪਿੰਡੋਂ ਸਤਿਗੁਰੂ ਸਰਵਣ ਦਾਸ ਜੀ ਦੇ ਦਰਸ਼ਨਾਂ ਨੂੰ ਆ ਰਹੇ ਸਨ। ਤਿੰਨੋਂ ਜਣੇ ਕਿਸ਼ਨਗੜ੍ਹ ਅੱਡੇ ਉੱਪਰ ਉੱਤਰ ਗਏ। ਉਹਨਾਂ ਦਿਨਾਂ ਵਿਚ ਕਿਸ਼ਨਗੜ੍ਹ ਅੱਡੇ ਤੋਂ

ਪੈਦਲ ਹੀ ਕੁਟੀਆ ਵਿਖੇ ਆਉਣਾ ਪੈਂਦਾਂ ਸੀ ਕਿਉਂ ਜੋ ਉਹਨਾਂ ਸਮਿਆਂ ਵਿਚ ਆਵਾਜਾਈ ਦੇ ਸਾਧਨ ਐਨੇ ਵਿਕਸਿਤ ਨਹੀਂ ਸਨ। ਤਿੰਨੋਂ ਜਣੇ ਮਹਾਰਾਜ ਜੀ ਬਾਰੇ ਹੀ ਗੱਲਾਂ ਕਰਦੇ ਹੋਏ ਕੁਟੀਆਂ ਵੱਲ ਆ ਰਹੇ ਸਨ। ਸ. ਕਾਬਲ ਸਿੰਘ ਜੀ ਦਾ ਸਹੁਰਾ ਕਹਿ ਰਿਹਾ ਸੀ ਕਿ ਮਹਾਪੁਰਸ਼ਾਂ ਨੇ ਅਨਪੂਰਨਾ ਸ਼ਬਦ ਕੀਤਾ
ਹੋਇਆ ਹੈ ਤਾਂ ਹੀ ਕੁਟੀਆ ਵਿਚੋਂ ਕੋਈ ਵੀ ਪਦਾਰਥ ਖਤਮ ਨਹੀਂ ਹੋ ਰਿਹਾ। ਰੋਜ਼ਾਨਾ 36 ਪ੍ਰਕਾਰ ਦੇ ਪਦਾਰਥ ਕੁਟੀਆ ਵਿਚ ਆ ਰਹੇ ਹਨ। ਇੱਥੇ ਕਦੇ ਕਿਸੇ ਵੀ ਵਸਤੂ ਦੀ ਥੋੜ੍ਹ ਆਈ ਹੀ ਨਹੀਂ।

ਤਿੰਨੋਂ ਜਣੇ ਮਹਾਰਾਜ ਜੀ ਦੀਆਂ ਹੀ ਗੱਲਾਂ ਬਾਤਾਂ ਕਰਦੇ ਆ ਰਹੇ ਸਨ। ਜਦੋਂ ਤਿੰਨੇ ਜਣੇ ਕੁਟੀਆਂ ਵਿਖੇ ਪਹੁੰਚੇ ਤਾਂ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਕੁਟੀਆ ਵਿਖੇ ਥੜ੍ਹਾ ਸਾਹਿਬ ਉੱਤੇ ਆਪਣੀ ਮੌਜ ਵਿਚ ਬਿਰਾਜਮਾਨ ਸਨ। ਸ. ਕਾਬਲ ਸਿੰਘ ਉਹਨਾਂ ਦੀ ਪਤਨੀ ਬੀਬੀ ਪਿਆਰੋ ਅਤੇ ਉਹਨਾਂ ਦਾ ਸਹੁਰਾ ਉਤੱਮ ਚੰਦ ਮੱਥਾ ਟੇਕ ਕੇ ਮਹਾਰਾਜ ਜੀ ਦੀ ਹਜ਼ੂਰੀ ਵਿਚ ਬੈਠ ਗਏ। ਸਤਿਗੁਰੂ ਨੇ ਸ. ਕਾਬਲ ਸਿੰਘ ਜੀ ਨੂੰ ਪੁੱਛਿਆ ਇਹ ਬੰਦਾ ਕੌਣ ਹੈ। ਅੱਗੋਂ ਸਰਦਾਰ ਜੀ ਨੇ ਜਵਾਬ ਦਿੱਤਾ ਕਿ ਇਹ ਮੇਰੇ ਸਹੁਰਾ ਸਹਿਬ ਜੀ ਹਨ ਤਾਂ ਅੱਗੋਂ ਸਵਾਮੀ ਸਰਵਣ ਦਾਸ ਜੀ ਮੁਸਕਰਾ ਪਏ ਅਤੇ ਉਹਨਾਂ ਵਚਨ ਕੀਤੇ ਸ. ਕਾਬਲ ਸਿੰਘ ਜੀ ਆਪਣੇ ਸਹੁਰੇ ਨੂੰ ਆਖੋ ਕਿ–

"ਰਿੱਧ–ਸਿੱਧ ਨਾਮੇ ਕੀ ਦਾਸੀ"

ਸੰਸਾਰ ਦੀ ਸਾਰੀ ਮਾਇਆ ਸੰਤਾਂ ਮਹਾਪੁਰਸ਼ਾ ਦੇ ਚਰਨਾਂ ਦੀ ਧੂੜ ਹੁੰਦੀ ਹੈ। ਬਜ਼ੁਰਗ ਉੱਤਮ ਚੰਦ ਮਹਾਰਾਜ ਜੀ ਦੇ ਚਰਨਾਂ ਉੱਪਰ ਡਿੱਗ ਪਏ। ਸਭਨਾਂ ਦੇ ਮਨ ਦੀ ਸ਼ੰਕਾ ਦੂਰ ਹੋ ਗਈ।

## ਸਾਖੀ 272

## ਲੜਕਾ ਤਾਂ ਅਸੀਂ ਆਪ ਕੁੱਟਿਆ।

ਸ. ਕਾਬਲ ਸਿੰਘ ਜੀ ਫ਼ੌਜ ਵਿਚ ਨੌਕਰੀ ਕਰਦੇ ਸਨ। ਆਪ ਜੀ ਦਾ ਘਰ ਦਸੂਹਾ ਦੇ ਨਜ਼ਦੀਕ ਸੀ ਪਰ ਅੱਜਕਲ੍ਹ ਆਪ ਫਗਵਾੜਾ ਵਿਖੇ ਰਹਿ ਰਹੇ ਹਨ। ਇਕ ਵਾਰੀ ਆਪ ਜੀ ਦੀ ਧਰਮ ਪਤਨੀ ਬੀਬੀ ਰਾਮ ਪਿਆਰੋ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਕਿਸ਼ਨਗੜ੍ਹ ਅੱਡੇ ਤੋਂ ਉੱਤਰ ਕੇ ਪੈਦਲ ਹੀ ਕੁਟੀਆ ਵੱਲ ਆ ਰਹੀ ਸੀ ਤਾਂ ਰਸਤੇ ਵਿਚ ਇਕ ਮੁੰਡਾ ਸਾਈਕਲ ਉੱਪਰ ਮਿਲਿਆ। ਬੀਬੀ ਜੀ ਉਹਨਾਂ ਦਿਨਾਂ ਵਿੱਚ ਜਵਾਨ ਅਵਸਥਾ ਵਿੱਚ ਸਨ। ਲੜਕੇ ਨੇ ਬੀਬੀ ਜੀ ਨੂੰ ਸਾਈਕਲ ਉੱਪਰ ਬੈਠਣ ਲਈ ਕਿਹਾ, ਬੀਬੀ ਜੀ ਨੇ ਇਨਕਾਰ ਕਰ ਦਿੱਤਾ। ਲੜਕਾ ਕਦੇ ਪਿੱਛੇ ਹੋ

ਜਾਵੇ ਕਦੇ ਅੱਗੇ ਹੋ ਜਾਵੇ। ਬੀਬੀ ਜੀ ਨੇ ਕਿਹਾ ਵੀਰਾ ਤੂੰ ਚਲਾ ਜਾ। ਮੈਂ ਆਪੇ ਹੀ ਪੈਦਲ ਕੁਟੀਆ ਨੂੰ ਚਲੀ ਜਾਣਾ ਹੈ। ਲੜਕੇ ਦੀ ਨੀਅਤ ਸਾਫ਼ ਨਹੀਂ ਸੀ। ਬੀਬੀ ਜੀ ਨੇ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਦਾ ਧਿਆਨ ਧਰਿਆ। ਦੂਸਰੇ ਹੀ ਪਲ ਲੜਕਾ ਰਸਤੇ ਦੇ ਦੂਸਰੇ ਪਾਸੇ ਹੋ ਕੇ ਹਿਚਕੋਲੇ ਖਾਂਦਾ ਹੋਇਆ ਘੁੰਮਦਾ ਘੁੰਮਾਉਂਦਾ ਰੌਲਾ ਪਾਉਂਦਾ ਹੋਇਆ ਡਿੱਗ ਪਿਆ। ਇੱਧਰ ਕੁਟੀਆ ਵਿਖੇ ਸਾਰੀ ਸੰਗਤ ਵਿੱਚੋਂ ਉੱਠ ਕੇ ਸਵਾਮੀ ਸਰਵਣ ਦਾਸ ਮਹਾਰਾਜ ਜੀ ਕੁਟੀਆ ਦੇ ਗੇਟ ਦੇ ਬਾਹਰ ਆ ਕੇ ਖਲੋ ਗਏ। ਥੋੜ੍ਹੀ ਦੇਰ ਬਾਦ ਸੰਤ ਹਰੀ ਦਾਸ ਮਹਾਰਾਜ ਜੀ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਪਾਸ ਆ ਕੇ ਬੇਨਤੀ ਕਰਨ ਲੱਗੇ ਰੱਬ ਜੀ ਸੰਗਤ ਬਹੁਤ ਬੈਠੀ ਹੈ ਆ ਜਾਓ। ਸਾਡੇ ਤੇ ਕਿਰਪਾ ਕਰੋ ਉਹਨਾਂ ਨੂੰ ਦਰਸ਼ਨ ਦਿਉ। ਅੱਗੋਂ ਸਵਾਮੀ ਸਰਵਣ ਦਾਸ ਜੀ ਕਹਿਣ ਲੱਗੇ ਇਕ ਪ੍ਰਾਹੁਣੀ ਬਹੁਤ ਦੂਰੋਂ ਆ ਰਹੀ ਹੈ। ਅਸੀਂ ਉਸ ਦਾ ਇੰਤਜ਼ਾਰ ਕਰ ਰਹੇ ਹਾਂ। ਤੁਸੀਂ ਸੰਗਤਾਂ ਦੀ ਸੇਵਾ ਕਰੋ। ਅਸੀਂ ਵੀ ਆਉਂਦੇ ਹਾਂ। ਅੱਧੀ ਘੜੀ ਬਾਦ ਬੀਬੀ ਰਾਮ ਪਿਆਰੋ ਸੰਤਾਂ ਦੇ ਚਰਨਾਂ ਵਿਚ ਪਹੁੰਚੀ ਤਾਂ ਸੰਤਾਂ ਨੇ ਉਸ ਨੂੰ ਪੁੱਛਿਆ, "ਮੁੰਨਾਂ, ਤੈਨੂੰ ਉਸ ਲੜਕੇ ਨੇ ਕੁਝ ਆਖਿਆ ਤਾਂ ਨਹੀਂ। ਤੂੰ ਠੀਕ ਠਾਕ ਹੈ"। ਅੱਗੋਂ ਰਾਮ ਪਿਆਰੀ ਨੇ ਕਿਹਾ, "ਸਤਿਗੁਰੂ ਜੀ ਉਹ ਲੜਕਾ ਮੈਨੂੰ ਪਰੇਸ਼ਾਨ ਕਰਦਾ ਰਿਹਾ। ਪਰ ਥੋੜ੍ਹੀ ਹੀ ਦੇਰ ਬਾਦ ਉਹ ਲੜਕਾ ਚੱਕਰ ਖਾਂਦਾ ਸਾਈਕਲ ਸਮੇਤ ਰਸਤੇ ਵਿੱਚ ਹੀ ਡਿੱਗ ਪਿਆ"। ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾ ਪਏ, ਅਤੇ ਵਚਨ ਕੀਤੇ ਬੀਬਾ ਅਸੀਂ ਉਸ ਲੜਕੇ ਦੀ ਖੂਬ ਪਰੇਡ ਕੀਤੀ ਹੈ। ਅੱਗੋਂ ਤੋਂ ਉਹ ਬੰਦਾ ਬਣ ਜਾਵੇਗਾ। ਇਹ ਵਚਨ ਸੁਣ ਕੇ ਬੀਬੀ ਰਾਮ ਪਿਆਰੋ ਸਤਿਗੁਰੂ ਸਵਾਮੀ ਸਰਵਨ ਦਾਸ ਜੀ ਦੇ ਚਰਨਾਂ ਉੱਪਰ ਢੈਅ ਪਈ ਅਤੇ ਉਸ ਨੂੰ ਅਹਿਸਾਸ ਹੋ ਗਿਆ ਕਿ ਸਤਿਗੁਰੂ ਆਪਣੇ ਪਿਆਰਿਆ ਦੀ ਕਿਵੇਂ ਰੱਖਿਆ ਕਰਦੇ ਹਨ।

## ਸਾਖੀ 273

## ਅੱਜ ਚੋਰਾਂ ਨੇ ਆਉਣਾ ਹੈ।

ਇੱਕ ਦਿਨ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਆਪਣੀ ਮੌਜ ਵਿਚ ਥੜ੍ਹਾ ਸਾਹਿਬ ਉੱਪਰ ਬਿਰਾਜਮਾਨ ਸਨ। ਨਜ਼ਦੀਕ ਹੀ ਸ਼੍ਰੀਮਾਨ ਸੀਤਲ ਵੈਦ ਅਤੇ ਹੋਰ ਸੰਗਤਾਂ ਮਹਾਰਾਜ ਜੀ ਦੀ ਹਜ਼ੂਰੀ ਵਿਚ ਬੈਠੀਆਂ ਸਨ। ਮਹਾਰਾਜ ਜੀ ਨੇ ਸੀਤਲ ਵੈਦ ਨੂੰ ਆਖਿਆ ਕਿ ਸੰਤ ਹਰੀ ਦਾਸ ਜੀ ਨੂੰ ਜਾ ਕੇ ਆਖਣਾ ਸਭ ਕਮਰਿਆਂ ਅਤੇ ਰਸੋਈ ਦੇ ਦਰਵਾਜੇ ਚੰਗੀ ਤਰ੍ਹਾਂ ਲਗਾ ਕੇ ਰੱਖਣਾ। ਅੱਜ ਚੋਰਾਂ ਨੇ ਆਉਂਣਾ ਹੈ। ਵੈਦ ਜੀ ਨੇ ਮਹਾਰਾਜ ਜੀ ਦੇ ਹੁਕਮ ਬਾਰੇ ਸੰਤ ਹਰੀ ਦਾਸ ਜੀ ਨੂੰ ਦੱਸ ਦਿੱਤਾ।ਠੀਕ

ਉਸੀ ਰਾਤ ਪਿੰਡ ਬੱਲਾਂ ਵਿਚ ਸਾਰੀ ਰਾਤ ਚੋਰ ਆਏ ਚੋਰ ਦਾ ਰੌਲਾ ਪੈਂਦਾ ਰਿਹਾ। ਸਾਰੀ ਰਾਤ ਹੀ ਲੋਕਾਂ ਨੂੰ ਨੀਂਦਰ ਨਹੀਂ ਆਈ। ਲੋਕ ਕੋਠਿਆ ਉੱਪਰ ਡਾਂਗਾਂ ਸੋਟੇ ਲੈ ਕੇ ਚੜ੍ਹਗੇ। ਇਸ ਦੇ ਬਾਵਜੂਦ ਪਿੰਡ ਬੱਲਾਂ ਦੇ ਇਕ ਘਰ ਵਿਚੋਂ ਚੋਰ ਬੱਕਰੀ ਚੋਰੀ ਕਰ ਕੇ ਲੈ ਹੀ ਗਿਆ ਤਾਂ ਹੀ ਕਹਿੰਦੇ ਨੇ..

ਸਾਧੂ ਬੋਲੇ ਸਹਿ ਸੁਭਾਅ, ਸਾਧ ਦਾ ਬੋਲਿਆ ਬਿਰਥਾ ਨਾ ਜਾਏ।।

ਸ਼੍ਰੀਮਾਨ ਸੀਤਲ ਵੈਦ ਜੀ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਢਹਿ ਪਏ। ਬੋਲਣਾ ਜੀ ਜੈ ਸੰਤਾਂ ਦੀ।

## ਸਾਖੀ 274

## ਅੱਜ ਮਿਸਤਰੀ ਦਲੀਪ ਸਿੰਘ ਜੀ ਨੇ ਆਉਂਣਾ ਹੈ।

ਸ਼੍ਰੀਮਾਨ ਦਲੀਪ ਸਿੰਘ ਮਿਸਤਰੀ ਸਾਹਿਬ ਜੀ ਦੇ ਪਰਿਵਾਰ ਦੀ ਜ਼ਮੀਨ ਉੱਤਰ ਪ੍ਰਦੇਸ਼ ਵਿਚ ਸੀ। ਜਿੱਥੇ ਇਹ ਪਰਿਵਾਰ ਵਾਹੀ ਕਰਦਾ ਸੀ। ਜੋ ਆਲੀਸ਼ਾਨ ਮੰਦਿਰ ਦਾ ਨਿਰਮਾਣ ਡੇਰਾ ਸੱਚ ਖੰਡ ਬੱਲਾਂ ਵਿਖੇ ਕੀਤਾ ਗਿਆ ਹੈ। ਇਸ ਦਾ ਨਕਸ਼ਾ ਨਵੀਸੀ ਅਤੇ ਇਮਾਰਤਸਾਜੀ ਇਹ ਸਭ ਦੀ ਸਭ ਮਿਸਤਰੀ ਹੁਰਾਂ ਕੀਤੀ ਹੈ। ਆਪ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਦੇ ਮੁਰੀਦ ਸਨ।

ਇਕ ਵਾਰੀ ਬਾਬਾ ਦਿਤੂ ਰਾਮ ਸ਼੍ਰੀਮਾਨ ਸੀਤਲ ਵੈਦ, ਸਰਦਾਰ ਸਵਰਨ ਸਿੰਘ ਬੱਲਾਂ, ਸ. ਫਕੀਰ ਸਿੰਘ ਅਤੇ ਸ਼੍ਰੀਮਾਨ ਮਹਿੰਗਾ ਰਾਮ ਬਰਨਾਲਾ ਅਤੇ ਹੋਰ ਸੰਗਤਾਂ ਮਹਾਰਾਜ ਜੀ ਦੇ ਪਾਵਨ ਪਵਿੱਤਰ ਚਰਨ ਕਮਲਾ ਦੀ ਬੁੱਕਲ ਦਾ ਆਨੰਦ ਮਾਣ ਰਹੀਆਂ ਸਨ। ਸਤਿਗੁਰ ਜੀ ਸ਼੍ਰੀਮਾਨ ਸੀਤਲ ਵੈਦ ਜੀ ਨੂੰ ਕਹਿਣ ਲੱਗੇ ਅੱਜ ਮਿਸਤਰੀ ਸਾਹਿਬ ਸ਼੍ਰੀ ਦਲੀਪ ਸਿੰਘ ਜੀ ਨੇ ਆਉਣਾ ਹੈ। ਇਸ ਲਈ ਤੁਸੀਂ ਠਹਿਰ ਕੇ ਜਾਉ। ਉਹਨਾਂ ਨੂੰ ਮਿਲਕੇ ਜਾਣਾਂ। ਪਰ ਸੀਤਲ ਵੈਦ ਜੀ ਨਾ ਮੰਨੇ ਅਤੇ ਮਹਾਰਾਜ ਜੀ ਤੋਂ ਆਗਿਆ ਲੈ ਕੇ ਘਰ ਤੁਰੇ ਜਦ ਨਹਿਰ ਕਿਨਾਰੇ ਗਏ ਤਾਂ ਕੀ ਦੇਖਦੇ ਹਨ ਕਿ ਮਿਸਤਰੀ ਦਲੀਪ ਸਿੰਘ ਜੀ ਇਕ ਟਾਹਲੀ ਹੇਠ ਸੁੱਤੇ ਪਏ ਸਨ। ਸਫ਼ਰ ਤੋ ਆਏ ਸਨ। ਇਸ ਲਈ ਨਹਿਰ ਕਿਨਾਰੇ ਹੀ ਸੌਂ ਗਏ। ਸ਼੍ਰੀਮਾਨ ਸੀਤਲ ਵੈਦ ਜੀ ਦੇ ਮਨ ਵਿਚ ਸੀ ਕਿ ਮਿਸਤਰੀ ਦਲੀਪ ਸਿੰਘ ਜੀ ਇਤਨੀ ਜਲਦੀ ਕਿਵੇਂ ਯੂ ਪੀ ਤੋਂ ਆ ਸਕਦੇ ਸਨ। ਇਸ ਲਈ ਉਹਨਾਂ ਨੇ ਸੰਤਾਂ ਦੀ ਗੱਲ ਨੂੰ ਬਹੁਤਾ ਨਾ ਗੌਲਿਆ। ਪਰ ਸੰਤ ਮਹਾਪੁਰਸ਼ਾ ਦੇ ਬਚਨ ਅਟੱਲ ਹੁੰਦੇ ਹਨ। ਇਸ ਲਈ ਮਹਾਰਾਜ ਜੀ ਨੇ ਸੀਤਲ ਵੈਦ ਦੇ ਮਨ ਦੀ ਸ਼ੰਕਾਂ ਇਕ ਵਾਰੀ ਫਿਰ ਨਵਿਰਤੀ ਕੀਤੀ।

## ਸਾਖੀ 275

## ਹੁਣ ਤੁਹਾਨੂੰ ਦੁੱਧ ਮੰਗਣ ਦੀ ਲੋੜ ਨਹੀਂ।

ਇਕ ਵਾਰੀ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਸੰਗਤਾਂ ਨੂੰ ਆਪਣੇ ਪਵਿੱਤਰ ਮੁਖ਼ਾਰਬਿੰਦ ਤੋਂ ਪ੍ਰਵਚਨ ਸੁਣਾ ਰਹੇ ਸਨ। ਇਸ ਪਿੱਛੋਂ ਮਹਾਰਾਜ ਜੀ ਨੇ ਸ਼੍ਰੀਮਾਨ ਸੰਤ ਹਰੀਦਾਸ ਮਹਾਰਾਜ ਜੀ ਨੂੰ ਕਿਹਾ, "ਤੁਸੀਂ ਪਿੰਡ ਬੱਲਾਂ ਦੇ ਫਲਾਣੇ ਘਰ ਤੋਂ ਦੁੱਧ ਲਿਆਉਣਾ ਹੈ"। ਨਜ਼ਦੀਕ ਹੀ ਬੈਠੇ ਸ਼੍ਰੀਮਾਨ ਸ਼ੀਤਲ ਵੈਦ ਜੀ ਨੂੰ ਕਿਹਾ ਕਿ ਤੁਸੀਂ ਬਾਬੂ ਜੀ ਪਿੰਡ ਰਾਏਪੁਰ-ਰਸੂਲਪੁਰ ਦੇ ਫਲਾਣੇ ਘਰ ਤੋਂ ਦੁੱਧ ਲਿਆਉਣਾ ਹੈ। ਸੰਤ ਹਰੀਦਾਸ ਮਹਾਰਾਜ ਜੀ ਨੇ ਆਖਿਆ,"ਪ੍ਰੀਤਮ ਜੀ ਸਤਿ-ਵਚਨ"। ਪਰ ਸੀਤਲ ਵੈਦ ਜੀ ਦੇ ਮਨ ਵਿਚ ਆਇਆ ਕਿ ਮਹਾਰਾਜ ਜੀ ਅੱਜ ਸਾਨੂੰ ਸਵੇਰੇ ਸਵੇਰੇ ਹੀ ਦੁੱਧ ਮੰਗਣ ਭੇਜ ਰਹੇ ਹਨ। ਅਜੇ ਸੰਤ ਹਰੀ ਦਾਸ ਜੀ ਅਤੇ ਸ਼੍ਰੀ ਸੀਤਲ ਵੈਦ ਜੀ ਕੁਟੀਆ ਦੇ ਗੇਟ ਤੱਕ ਹੀ ਪਹੁੰਚੇ ਸਨ ਕਿ ਮਹਾਰਾਜ ਜੀ ਨੇ ਪਿੱਛੇ ਤੋਂ ਅਵਾਜ਼ ਮਾਰੀ, "ਆ ਜਾਉ ਵਾਪਸ, ਹੁਣ ਤੁਹਾਨੂੰ ਕਿਤਿਓ ਵੀ ਦੁੱਧ ਮੰਗਣ ਦੀ ਜ਼ਰੂਰਤ ਨਹੀਂ ਰਹੇਗੀ। ਦੋ ਘਰਾਂ ਤੋਂ ਦੁੱਧ ਸਾਡੇ ਵੱਲ ਚੱਲ ਪਿਆ ਹੈ। ਹੋਰ ਵੀ ਆਵੇਗਾ। ਅੱਗੇ ਤੋਂ ਵੀ ਸਾਨੂੰ ਹੁਣ ਦੁੱਧ ਮੰਗਣ ਦੀ ਜ਼ਰੂਰਤ ਨਹੀਂ ਰਹੇਗੀ, ਹੁਣ ਦੁੱਧ ਆਪ ਹੀ ਸਾਡੇ ਦਵਾਰੇ ਤੇ ਆਇਆ ਕਰੇਗਾ"। ਅੱਜ ਤੁਸੀਂ ਵੇਖ ਸਕਦੇ ਹੋ ਸੰਤਾਂ ਦੇ ਇਹ ਵਚਨ ਸੱਚ ਨਿਕਲੇ ਹਨ।

## ਸਾਖੀ 276

## ਵੋਹ ਹਮਾਰੀ ਭੂਲ ਥੀ.....

ਇਕ ਵਾਰੀ ਇਕ ਮਹਾਤਮਾ ਜਿਹੜਾ ਕਿ ਹਿੰਦੀ ਬੋਲਦਾ ਸੀ ਅਤੇ ਉੱਚ ਮਾਨਸਿਕਤਾਵਾਦ ਦਾ ਹਾਮੀ ਸੀ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਦਰਸ਼ਨ ਨੂੰ ਆਇਆ। ਉਹ ਕੁਟੀਆ ਵਿਚ ਸਵੇਰੇ ਸ਼ਾਮ ਘੁੰਮਦਾ ਟਹਿਲਦਾ ਹੋਇਆ ਓਮ ਓਮ ਹੀ ਉਚਾਰਦਾ ਰਹਿੰਦਾ ਅਤੇ ਕਦੇ ਵੀ ਮਹਾਰਾਜ ਜੀ ਨੂੰ ਨਮਸਕਾਰ ਨਹੀਂ ਸੀ ਕਰਦਾ। ਜਿਸ ਵਕਤ ਮਹਾਰਾਜ ਜੀ ਨੂੰ ਉਸਨੇ ਓਮ ਕਹਿਣਾ ਸਤਿਗੁਰੂ ਜੀ ਨੇ ਉਸਦੇ ਬੋਲਣ ਤੋਂ ਪਹਿਲਾਂ ਹੀ ਉਸਨੂੰ ਓਮ ਕਹਿ ਦੇਣਾ। ਮਹਾਰਾਜ ਜੀ ਸਭ ਧਰਮਾਂ ਦੇ ਮਹਾਪੁਰਸ਼ਾਂ ਦਾ ਅਤੇ ਸਭ ਧਰਮਾਂ ਦੀਆਂ ਸੰਗਤਾਂ ਦਾ ਬੇਹੱਦ ਸਤਿਕਾਰ ਕਰਿਆ ਕਰਦੇ ਸਨ। ਇਸ ਲਈ ਸਵਾਮੀ ਸਰਵਣ ਦਾਸ ਮਹਾਰਾਜ ਜੀ ਵੀ ਉਸ ਮਹਾਤਮਾ ਦਾ ਜੋ ਓਮ ਉਚਾਰਨ ਕਰਦਾ ਸੀ ਉਸਦਾ ਵੀ ਬਹੁਤ ਹੀ ਆਦਰ ਕਰਦੇ ਸਨ। ਪਰ ਮਹਾਤਮਾ ਜੀ ਸੰਤਾਂ ਦੀ ਨਿੰਦਿਆ ਹੀ ਕਰਦਾ ਰਹਿੰਦਾ।

ਉਹਨਾਂ ਦਿਨਾਂ ਵਿਚ ਸ਼੍ਰੀਮਾਨ ਸੀਤਲ ਵੈਦ ਜੀ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਰਹਿ ਕੇ ਸੇਵਾ ਕਰਿਆ ਕਰਦੇ ਸਨ। ਮਹਾਰਾਜ ਜੀ ਦੇ ਕਹਿਣ ਤੇ ਸ਼੍ਰੀਮਾਨ ਸੀਤਲ ਵੈਦ ਜੀ ਨੇ ਉਸ ਹਿੰਦੀ ਬੋਲਣ ਵਾਲੇ ਮਹਾਤਮਾ ਨੂੰ ਮੰਜਾ ਡਾਹ ਦੇਣਾ। ਸਤਿਗੁਰੂ ਜੀ ਨੇ ਆਪ ਥੜ੍ਹਾ ਸਾਹਿਬ ਉੱਪਰ ਬਿਰਾਜਮਾਨ ਹੋ ਜਾਣਾ। ਮਹਾਰਾਜ ਜੀ ਨੇ ਉਹਨਾਂ ਨੂੰ ਕਹਿਣਾ, "ਤੁਸੀਂ ਸਾਡਾ ਚਾਹ ਪਾਣੀ ਤਾਂ ਪੀਉਂਗੇ ਨਹੀ, ਇਸ ਲਈ ਤੁਸੀਂ ਬਦਾਮ ਗਿਰੀਆਂ ਛਕ ਲਵੋ। ਮਹਾਰਾਜ ਜੀ ਨੇ ਆਪ ਉਹਨਾਂ ਨੂੰ ਭੋਜਨ ਛਕਾਉਣਾ ਉਹ ਵੀ ਅਲੱਗ ਬਿਠਾ ਕੇ। ਮਹਾਰਾਜ ਜੀ ਆਪ ਸੰਗਤ ਵਿਚ ਹੀ ਪ੍ਰਸ਼ਾਦਾ ਛਕਦੇ ਕੇ ਅਤੇ ਚਾਹ ਪਾਣੀ ਪੀਂਦੇ।

ਹੌਲੀ ਹੌਲੀ ਥੋੜ੍ਹੇ ਦਿਨ ਹੀ ਬੀਤੇ ਇੱਕ ਦਿਨ ਹਿੰਦੀ ਬੋਲਦੇ ਮਹਾਤਮਾ ਜੀ ਕਹਿਣ ਲੱਗੇ, "ਸਵਾਮੀ ਜੀ, ਅਗਰ ਆਪ ਚਾਹ ਪਾਣੀ ਅਤੇ ਪ੍ਰਸ਼ਾਦਾ ਸੰਗਤ ਮੇਂ ਬੈਠ ਕਰ ਛਕ ਸਕਤੇ ਹੋ, ਤੋਂ ਹਮ ਭੀ ਸੰਗਤ ਮੇ ਬੈਠ ਕਰ ਹੀ ਛਕੇਗੇਂ"। ਸਤਿਗੁਰੂ ਜੀ ਦਾ ਪਿਆਰ ਭਰਿਆ ਵਿਵਹਾਰ ਅਤੇ ਵਤੀਰੇ ਦਾ ਉਸ ਮਹਾਤਮਾ ਉੱਪਰ ਬਹੁਤ ਹੀ ਅਸਰ ਪਿਆ। ਫਿਰ ਕੀ ਸੀ ਉਹ ਮਹਾਤਮਾ ਪੁਰਸ਼ ਲੰਗਰ ਵਿਚੋਂ ਪ੍ਰਸ਼ਾਦੇ ਛਕਣ ਲੱਗੇ, ਚਾਹ ਪਾਣੀ ਪੀਣ ਲੱਗੇ। ਜਿਹੜਾ ਮਹਾਤਮਾ ਸੰਤਾਂ ਦੀ ਨਿੰਦਿਆ ਕਰਦਾ ਨਹੀਂ ਸੀ ਥੱਕਦਾ ਉਹ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਗੁਣਗਾਉਣ ਲੱਗਾ। ਉਹ ਦਿਨ ਭਰ ਸਵਾਮੀ ਜੀ ਦੀ ਪ੍ਰਸ਼ੰਸਾ ਕਰਦਾ ਨਾ ਥੱਕਦਾ। ਇਕ ਦਿਨ ਸ਼੍ਰੀਮਾਨ ਸੀਤਲ ਵੈਦ ਅਤੇ ਸੰਗਤਾਂ ਪੁੱਛਣ ਲੱਗੀਆ, "ਮਹਾਤਮਾ ਜੀ ਪਹਿਲਾ ਤਾਂ ਤੁਸੀਂ ਸੰਤਾਂ ਦੀ ਨਿੰਦਿਆ ਕਰਦੇ ਸੀ, ਹੁਣ ਤੁਸੀਂ ਉਹਨਾਂ ਦੀਆਂ ਤਾਰੀਫਾਂ ਕਰ ਰਹੇ ਹੋ" ? ਕੀ ਗੱਲ ਹੈ। ਉਹ ਮਹਾਤਮਾ ਜੀ ਕਹਿਣ ਲੱਗੇ, "ਵੋਹ ਹਮਾਰੀ ਭੂਲ ਥੀ"। ਸੰਤ ਸਰਵਣ ਦਾਸ ਜੀ ਪੂਰਨ ਬ੍ਰਹਮਗਿਆਨੀ ਹਨ।

## ਸਾਖੀ 277

## ਤੁਸੀਂ ਅੰਤਰਮੁਖੀ ਸੰਤ ਹੋ..ਹਮ ਬਾਹਰਮੁਖੀ ਹੈ।

ਇਕ ਵਾਰੀ ਇਕ ਮਹਾਂਪੁਰਸ਼ ਹਰਿਦੁਆਰ ਤੋਂ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਇਆ। ਉਸ ਦੇ ਮਨ ਵਿੱਚ ਸੰਤਾਂ ਦੇ ਪ੍ਰਤੀ ਸੰਦੇਹ ਸੀ ਕਿ ਇਹ ਕੋਈ ਬਹੁਤਾ ਵੱਡਾ ਸੰਤ ਨਹੀਂ ਹੈ। ਇਹ ਹਿੰਦੀ ਬੋਲਦੇ ਮਹਾਂਪੁਰਸ਼ ਵੀ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਨਾਲ ਬ੍ਰਹਮ ਗੋਸ਼ਟੀਆਂ ਕਰਨ ਲੱਗਾ ਅਤੇ ਉਸਦੀ ਗੱਲਬਾਤ ਵਿਚੋਂ ਸਾਫ਼ ਝਲਕਦਾ ਸੀ ਕਿ ਉਹ ਸਵਾਮੀ ਸਰਵਣ ਦਾਸ ਜੀ ਨੂੰ ਇਹਨਾਂ ਵਿਚਾਰਾਂ-ਗੋਸ਼ਟੀਆਂ ਵਿੱਚ ਛੋਟਾ ਦਿਖਾਉਣਾ ਚਾਹੁੰਦਾ ਸੀ। ਇਹ ਹਿੰਦੀ

ਬੋਲਦੇ ਮਹਾਂਪੁਰਸ਼ ਵੇਦਾਂਤ-ਸ਼ਾਸਤਰ ਵਿਚ ਬਹੁਤ ਹੀ ਧਿਆਨ ਰੱਖਦੇ ਸਨ।

ਗੱਲਾਂ ਬਾਤਾਂ ਵਿੱਚ ਮਹਾਰਾਜ ਜੀ ਨੇ ਉਹਨਾਂ ਨੂੰ ਪੁੱਛਿਆ, "ਜਦ ਅਸੀਂ ਸਮਾਧੀ ਲਾਉਂਦੇ ਹਾਂ ਤਾਂ ਉਸ ਵਿਚ ਕਿਹੜੇ ਚਾਰ ਤੱਤ ਵਿਘਨ ਪਾਉਂਦੇ ਹਨ। ਪਹਿਲਾ ਤੱਤ ਮਹਾਰਾਜ ਜੀ ਨੇ ਕਿਹਾ ਕਿ ਲੋਅ ਹੈ ਭਾਵ ਨੀਂਦ ਹੈ। ਇਸ ਦੇ ਇਲਾਵਾ ਤਿੰਨ ਹੋਰ ਤੱਤ ਸਮਾਧੀ ਵਿਚ ਵਿਘਨ ਪਾਉਂਦੇ ਹਨ, ਉਹ ਕਿਹੜੇ ਹਨ ? ਇਹ ਹਿੰਦੀ ਬੋਲਦੇ ਸ਼੍ਰੀਮਾਨ ਮਹਾਤਮਾ ਜੀ ਹੱਥ ਜੋੜ ਕੇ ਸੰਤ ਸਰਵਣ ਦਾਸ ਮਹਾਰਾਜ ਜੀ ਅੱਗੇ ਕਹਿਣ ਲੱਗੇ, "ਸਤਿਗੁਰੂ ਜੀ, ਆਪ ਅੰਤਰਮੁਖੀ ਮਹਾਂਪੁਰਸ਼ ਹੋ, ਹਮ ਬਾਹਰਮੁਖੀ ਹੈ"। ਇਸ ਤਰ੍ਹਾਂ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਨੇ ਉਸ ਹਿੰਦੀ ਬੋਲਣ ਵਾਲੇ ਹਰਿਦੁਆਰੀ ਮਹਾਂਪੁਰਸ਼ਾਂ ਦੇ ਮਨ ਦੀਆਂ ਸ਼ੰਕਾਵਾਂ ਦੀ ਨਵਿਰਤੀ ਕੀਤੀ ਸੀ।

## ਸਾਖੀ 278

## ਸ਼੍ਰੀ ਸੀਤਲ ਦਾਸ ਜੀ ਬੂਟਾ ਮੰਡੀ ਵਾਲਿਆਂ ਦੁਆਰਾ ਅੱਖੀਂ ਦੇਖਿਆ ਕੌਤਕ

ਸ਼੍ਰੀ ਸੀਤਲ ਦਾਸ ਜੀ ਦੱਸਦੇ ਹਨ ਕਿ ਇਕ ਵਾਰੀ ਇਕ ਛੋਟਾ ਜਿਹਾ ਬੱਚਾ ਬਹੁਤ ਬਿਮਾਰ ਸੀ। ਕੁਝ ਲੋਕ ਸੰਤਾਂ ਦੇ ਚਰਨਾਂ ਵਿਚ ਲੈ ਕੇ ਆਏ। ਸੰਤ ਸਰਵਣ ਦਾਸ ਮਹਾਰਾਜ ਜੀ ਥੜ੍ਹਾ-ਸਾਹਿਬ ਉੱਪਰ ਬਿਰਾਜਮਾਨ ਸਨ। ਉਹਨਾਂ ਦਿਨਾਂ ਵਿਚ 108 ਸੰਤ ਗਰੀਬ ਦਾਸ ਮਹਾਰਾਜ ਜੀ ਦਵਾ-ਦਾਰੂ ਦੀ ਸੇਵਾ ਕਰਿਆ ਕਰਦੇ ਸਨ। ਬੱਚੇ ਨੂੰ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਲਿਟਾ ਦਿਤਾ ਗਿਆ। ਮਹਾਰਾਜ ਜੀ ਕਹਿਣ ਲੱਗੇ ਗਰੀਬ ਦਾਸਾ ਬੱਚੇ ਦੇ ਪੇਟ ਵਿੱਚ ਦਰਦ ਹੈ, ਇਸਦੇ ਮੂੰਹ ਵਿਚ ਰੂਹਕੇੜਾ ਪਾ ਦਿਉ।

ਬੱਚਾ ਪੰਜ ਮਿੰਟ ਦੇ ਅੰਦਰ-ਅੰਦਰ ਹੀ ਉੱਠ ਕੇ ਖੇਲਣ ਲੱਗ ਪਿਆ। ਬੱਚੇ ਦੀ ਦਾਦੀ ਰੋਂਦੀ-ਪਿਟੱਦੀ ਡੇਰੇ ਆਣ ਪਹੁੰਚੀ। ਉਸਨੇ ਬੱਚੇ ਨੂੰ ਗਲਵਕੜੀ ਵਿਚ ਲਿਆ ਅਤੇ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਉੱਪਰ ਮੱਥਾ ਟੇਕਿਆ।

## ਸਾਖੀ 279

## ਮਹਾਰਾਜ ਜੀ ਦਾ ਅਚਾਨਕ ਅਲੋਪ ਹੋਣਾ

ਸ਼੍ਰੀ ਸੀਤਲ ਦਾਸ ਜੀ ਅੱਗੇ ਦੱਸਦੇ ਹਨ ਕਿ ਜਦ ਵੀ ਮੈਂ ਡੇਰੇ ਆਉਂਦਾ ਹੁੰਦਾਂ ਸੀ ਤਾਂ ਮੈਂ ਡੇਰੇ ਵਿਚ 10-15 ਦਿਨਾਂ ਤੱਕ ਰਹਿੰਦਾ ਸੀ। ਇਕ ਵਾਰੀ ਸੰਤ ਸਰਵਣ ਦਾਸ ਮਹਾਰਾਜ ਜੀ ਮੈਨੂੰ ਕਹਿਣ ਲੱਗੇ, ਸੀਤਲ ਦਾਸਾ ਤੂੰ ਰਾਤ ਨੂੰ ਮੰਜਾ ਮੇਰੇ ਕੋਲ ਡਾਹ ਲਈ, ਪਿਉ-ਪੁੱਤ ਚ ਕੀ ਫਰਕ ਹੁੰਦਾਂ ਹੈ। ਰਾਤ ਨੂੰ ਮਹਾਰਾਜ ਜੀ ਸਮਾਧੀ ਚ ਬੈਠ ਗਏ। ਮੈਂ ਮੰਜਾ ਨਾਲ ਹੀ ਡਾਹ ਲਿਆ ਅਤੇ ਮੈਂ ਪੱਖਾ ਝੱਲਣ ਲੱਗ ਪਿਆ। ਉਹਨਾਂ ਨੂੰ

ਪੱਖੀ ਦੀ ਹਵਾ ਠੰਡੀ ਲੱਗੀ, ਉਸ ਦਿਨ ਬਹੁਤ ਜ਼ਿਆਦਾ ਗਰਮੀ ਸੀ। ਮੇਰੇ ਵੇਖਦੇ-ਵੇਖਦੇ ਹੀ ਮਹਾਰਾਜ ਜੀ ਨੇ ਕਿਹਾ, "ਵਾਹ ਬਈ ਵਾਹ" ਤੇ ਮਹਾਰਾਜ ਜੀ ਮੇਰੀਆਂ ਅੱਖਾਂ ਸਾਹਮਣਿਉਂ ਗਾਇਬ ਹੋ ਗਏ। ਮੈਂ ਆਪ ਸੌਂ ਗਿਆ। ਇਹ ਮੇਰੀ ਬਹੁਤ ਵੱਡੀ ਭੁੱਲ ਸੀ। ਮੈਂ ਮਹਾਰਾਜ ਜੀ ਨੂੰ ਮੰਜੇ ਤੋਂ ਗੈਰ-ਹਾਜ਼ਰ ਸਮਝਿਆ। ਮੈਨੂੰ ਪੱਖਾ ਝੱਲਦੇ ਰਹਿਣਾ ਚਾਹੀਦਾ ਸੀ। ਮਹਾਰਾਜ ਜੀ ਬਹੁਤ ਦੂਰ ਚਲੇ ਗਏ ਸਨ। ਪਰ ਉਹਨਾਂ ਦਾ ਅਸਲ ਵਜੂਦ ਤਾਂ ਮੇਰੇ ਕੋਲ ਹੀ ਸੀ। ਕੁਝ ਸਮੇਂ ਬਾਅਦ ਮਹਾਰਾਜ ਆਸਣ ਉੱਪਰ ਫਿਰ ਆ ਗਏ।

## ਸਾਖੀ 280

## ਫੁਰਨੇ ਤੇ ਹਾਜ਼ਿਰ ਹੋਣਾ

ਸੀਤਲ ਦਾਸ ਜੀ ਦੱਸਦੇ ਹਨ ਕਿ ਇਕ ਵਾਰੀ ਮੈਂ ਡੇਰੇ ਵਿੱਚ ਸੀ ਤਾਂ ਸੰਤ ਸਰਵਣ ਦਾਸ ਮਹਾਰਾਜ ਜੀ ਕਹਿਣ ਲੱਗੇ ਕਿ ਅਸਾਂ ਲਾਗਲੇ ਪਿੰਡ ਜਾਣਾ ਹੈ। ਜਦ ਅਸੀਂ ਵਾਪਸ ਡੇਰੇ ਆਵਾਂਗੇ ਤਾਂ ਤੂੰ ਫਿਰ ਜਾਂਵੀਂ ਘਰ ਨੂੰ। 15-20 ਮਿੰਟ ਹੋਏ ਸਨ ਗਏ ਹੋਇਆਂ ਨੂੰ, ਅੱਗੋਂ ਬੀਬੀਆਂ ਭਜਨ ਗਾਉਂਦੀਆਂ ਡੇਰੇ ਵੱਲ ਆ ਰਹੀਆਂ ਸਨ। ਮੈਂ ਸੋਚਿਆ ਸੰਤ ਡੇਰੇ ਵਿਚ ਨਹੀਂ ਹਨ ਇਹਨਾਂ ਨੂੰ ਕੌਣ ਜੀ ਆਇਆ ਕਹੇਗਾ।

ਮੈਂ ਅਜੇ ਇਹ ਸੋਚਿਆ ਹੀ ਸੀ ਕਿ ਮੇਰੇ ਪਿੱਠ ਪਿੱਛੇ ਇਕਦਮ ਖੜਾਕ ਹੋਇਆ ਜਿਵੇਂ ਅਸਮਾਨੋਂ ਕੋਈ ਚੀਜ਼ ਡਿੱਗ ਪਈ ਹੋਵੇ। ਮੈਂ ਪਿੱਛੇ ਮੁੜ ਕੇ ਵੇਖਿਆ ਤਾਂ 108 ਸੰਤ ਸਰਵਣ ਦਾਸ ਮਹਾਰਾਜ ਜੀ ਮੇਰੇ ਵੱਲ ਵੇਖ ਮੁਸਕਰਾ ਰਹੇ ਸਨ। ਮਹਾਰਾਜ ਜੀ ਤਾਂ ਪਰਮਾਤਮਾ ਦਾ ਸਰੂਪ ਸਨ।

ਮਹਾਰਾਜ ਜੀ ਬੀਬੀਆ ਨੂੰ ਕਹਿਣ ਲੱਗੇ, "ਕੁੜੇ ਮੈਨੂੰ ਤੁਹਾਡਾ ਚੇਤਾ ਹੀ ਨਹੀਂ ਸੀ ਕਿ ਤੁਸੀਂ ਵੀ ਆਉਂਣਾ ਹੈ "। ਮਹਾਰਾਜ ਜੀ ਨੇ ਬੀਬੀਆਂ ਨੂੰ ਚਾਹ-ਪਾਣੀ ਪਿਲਾਇਆ ਅਤੇ ਫਿਰ ਵਿਦਿਆ ਕੀਤਾ। ਮੈਂ ਮਹਾਰਾਜ ਜੀ ਦਾ ਇਹ ਕੌਤਕ ਵੇਖ ਕੇ ਦੰਗ ਰਹਿ ਗਿਆ। ਇਸ ਦਿਨ ਮੈਨੂੰ ਵਿਸ਼ਵਾਸ ਹੋ ਗਿਆ ਕਿ ਇਹ ਮਹਾਂਪੁਰਸ਼ ਪੂਰਨ ਬ੍ਰਹਮ ਗਿਆਨੀ ਹਨ। ਘਟ-ਘਟ ਦੀਆਂ ਜਾਣਦੇ ਹਨ। ਪ੍ਰੰਤੂ ਲੋਕਾਂ ਵਿਚ ਭੁਲੇਖਾ ਬਣਾਈ ਰੱਖਣ ਦੇ ਲਈ ਸੰਸਾਰੀ ਕੰਮਾਂ ਵਿਚ ਵਿਚਰ ਰਹੇ ਹਨ।

## ਸਾਖੀ 281

## ਕਿਰਪਾਨ ਵਾਲਾ ਭਾਈ

ਇਕ ਵਾਰੀ ਸੰਤਾਂ ਕੋਲ ਇਕ ਭਾਈ ਆਇਆ, ਜਿਸ ਦੇ ਪਾਸ ਕਿਰਪਾਨ ਸੀ। ਉਹ ਵਾਰ-ਵਾਰ ਕਹਿ ਰਿਹਾ ਸੀ ਕਿ ਮੇਰੇ ਤੇ ਵਾਰ ਕਰ, ਆਪਣੀ ਕਿਰਪਾਨ ਕੱਢਦਾ

ਸੀ–ਵਾਪਸ ਮਿਆਨ ਵਿਚ ਪਾਉਂਦਾ ਸੀ। ਸੰਤਾਂ ਨੇ ਕਿਹਾ ਭਾਈ ਤੇਰੀ ਕਿਰਪਾਨ ਬਹੁਤ ਸੋਹਣੀ ਹੈ। ਸੰਤਾਂ ਨੇ ਕਿਰਪਾਨ ਨੂੰ ਹੱਥ ਲਾਇਆ। ਭਾਈ ਪੂਰਾ ਜ਼ੋਰ ਲਗਾ ਕੇ ਥੱਕ ਗਿਆ, ਉਹ ਕਿਰਪਾਨ ਮਿਆਨ ਵਿੱਚੋਂ ਬਾਹਰ ਹੀ ਨਹੀਂ ਨਿਕਲੀ। ਸੰਤਾਂ ਨੇ ਵਚਨ ਕੀਤੇ ਕਿ ਕਿਰਪਾਨ ਦੇ ਕਰਮ ਇਸਨੂੰ ਮਿਆਨ ਵਿੱਚੋਂ ਨਹੀ ਨਿਕਲਣ ਦਿੰਦੇ। ਭਾਈ ਜ਼ੋਰ ਲਗਾਕੇ ਥੱਕ ਗਿਆ। ਭਾਈ ਸੰਤਾਂ ਨੂੰ ਮੱਥਾ ਟੇਕ ਕੇ ਤੁਰਨ ਲੱਗਾ ਤਾਂ ਸੰਤਾਂ ਨੇ ਮਿਆਨ ਨੂੰ ਫਿਰ ਹੱਥ ਲਗਾ ਦਿੱਤਾ। ਇਹ ਸਾਰਾ ਕੌਤਕ ਮੈਂ ਕੋਲ ਬੈਠਾ ਵੇਖਦਾ ਰਿਹਾ। ਜਦੋਂ ਭਾਈ ਡੇਰੇ ਵਿਚੋਂ ਬਾਹਰ ਨਿਕਲ ਤੁਰਿਆ ਤਾਂ ਸੀਤਲ ਦਾਸ ਜੀ ਉਹਨਾਂ ਮਗਰ ਹੀ ਤੁਰ ਪਏ ਅਤੇ ਉਹਨਾਂ ਨੇ ਭਾਈ ਨੂੰ ਕਿਹਾ ਕਿ ਹੁਣ ਤੁਸੀਂ ਕਿਰਪਾਨ ਕੱਢੋ, ਇਹ ਨਿਕਲ ਜਾਵੇਗੀ। ਭਾਈ ਕਹਿਣ ਲੱਗਾ ਕਿ ਇਹ ਦੋ ਬੰਦਿਆਂ ਦੇ ਬਗੈਰ ਨਹੀਂ ਨਿਕਲ ਸਕਦੀ। ਮੈਂ ਕਿਹਾ ਤੂੰ ਇਕ ਯਤਨ ਤਾਂ ਕਰਕੇ ਵੇਖ। ਉਸ ਨੇ ਅਜਿਹਾ ਹੀ ਕੀਤਾ ਅਤੇ ਉਹ ਕਿਰਪਾਨ ਮਿਆਨ ਵਿੱਚੋਂ ਨਿਕਲ ਗਈ। ਇਹ ਸੰਤਾਂ ਦੇ ਕਰਿਸ਼ਮੇ ਸਨ।

## ਸਾਖੀ 282

## ਪਾਗਲ ਦਾ ਇਲਾਜ

ਇਕ ਵਾਰੀ ਇਕ ਭਾਈ ਡੇਰੇ ਵਿਚ ਆਇਆ, ਉਹ ਬਹੁਤ ਹੀ ਸਿਰ ਘੁਮਾ ਰਿਹਾ ਸੀ। ਉਸ ਦੇ ਦਿਮਾਗ ਵਿੱਚ ਨੁਕਸ ਸੀ। ਸੰਤਾਂ ਨੇ ਕਿਹਾ ਭਾਈ ਤੂੰ ਅਜਿਹਾ ਨਾ ਕਰ। ਅਖ਼ੀਰ ਜਦ ਉਹ ਨਹੀਂ ਹਟਿਆ। ਸੰਤਾਂ ਨੇ ਉਸਦੇ ਦੋਹਾਂ ਨੇਤਰਾ ਵਿਚਕਾਰ ਖੜਾਂਵ ਮਾਰੀ। ਮੱਥੇ ਦੇ ਵਿਚਕਾਰੋਂ ਕਾਲਾ ਖ਼ੂਨ ਵੱਗ ਤੁਰਿਆ ਅਤੇ ਮੱਥਾ ਫੱਟ ਗਿਆ। ਸੰਤ ਹੱਸ ਪਏ। ਜਿਹੜਾ ਭਾਈ ਕੁਝ ਦੇਰ ਪਹਿਲਾਂ ਸਿਰ ਘੁਮਾ ਰਿਹਾ ਸੀ ਉਹ ਬਿਲਕੁਲ ਠੀਕ ਹੋ ਗਿਆ। ਭਾਈ ਦੇ ਸਾਰੇ ਕੱਪੜੇ ਖ਼ੂਨ ਨਾਲ ਭਿੱਜ ਗਏ। ਉਹ ਭਾਈ ਨੂੰ ਅਸੀਂ ਪੁੱਛਿਆ ਕਿ ਤੂੰ ਸਿਰ ਘੁਮਾ ਕਿਉਂ ਰਿਹਾ ਸੀ, ਤਾਂ ਅੱਗਿਉ ਉਹ ਕਹਿਣ ਲੱਗਾ ਤੁਹਾਨੂੰ ਕੌਣ ਕਹਿੰਦਾ ਹੈ ਕਿ ਮੈਂ ਸਿਰ ਘੁਮਾ ਰਿਹਾ ਸੀ। ਇਸ ਤਰ੍ਹਾਂ ਸੰਤ ਸਰਵਣ ਦਾਸ ਮਹਾਰਾਜ ਜੀ ਦੀ ਕਿਰਪਾ ਨਾਲ ਉਹ ਭਾਈ ਬਿਲਕੁਲ ਠੀਕ ਹੋ ਗਿਆ।

## ਸਾਖੀ 283

## ਪਾਗਲ ਔਰਤ ਦਾ ਠੀਕ ਹੋਣਾ

ਇੱਕ ਵਾਰੀ ਕੁੱਝ ਬੀਬੀਆਂ ਡੇਰੇ ਵਿਚ ਆਈਆਂ, ਉਹਨਾਂ ਨਾਲ ਇਕ ਵੀ ਸੀ। ਉਸਦੇ ਗਲ ਵਿਚ ਫੁੱਲਾਂ ਦਾ ਹਾਰ ਪਾਇਆ ਹੋਇਆ ਸੀ। ਔਰਤਾਂ ਕਹਿਣ

ਲੱਗੀਆਂ ਮਹਾਰਾਜ ਜੀ ਇਸ ਨੂੰ ਕਰੋ। ਇਕ ਔਰਤ ਜਿਹੜੀ ਹੱਸ ਰਹੀ ਸੀ ਮਹਾਰਾਜ ਜੀ ਉਸਨੂੰ ਕਹਿਣ ਲੱਗੇ, "ਕੁੜੇ ਇਹ ਠੀਕ ਤਾਂ ਹੋ ਸਕਦੀ ਹੈ ਅਗਰ ਇਸਦੇ ਗਲ ਵਿਚਲਾ ਹਾਰ ਲਾਹਕੇ ਤੂੰ ਆਪਣੇ ਗਲ ਵਿਚ ਪਾ ਲਵੇ"। ਉਸ ਔਰਤ ਨੇ ਅਜਿਹਾ ਹੀ ਕੀਤਾ। ਜਿਸ ਔਰਤ ਨੂੰ ਇਲਾਜ ਵਾਸਤੇ ਮਹਾਰਾਜ ਜੀ ਪਾਸ ਲਿਆਂਦਾ ਗਿਆ ਸੀ ਉਹ ਤਾਂ ਠੀਕ ਹੋ ਗਈ ਪਰ ਜਿਸ ਦੇ ਗਲ ਵਿੱਚ ਹਾਰ ਪਾਇਆ ਗਿਆ, ਉਹ ਪਾਗਲ ਹੋ ਗਈ ਇਹ ਮਹਾਰਾਜ ਜੀ ਦਾ ਇੱਕ ਤਰ੍ਹਾਂ ਦਾ ਹਾਸਾ-ਮਜ਼ਾਕ ਵੀ ਸੀ ਅਤੇ ਮਹਾਨ ਚਮਤਕਾਰ ਵੀ। ਬਾਅਦ ਵਿਚ ਦੋਨੋਂ ਔਰਤਾਂ ਬਿਲਕੁਲ ਠੀਕ ਹੋ ਕੇ ਘਰਾਂ ਨੂੰ ਵਾਪਸ ਪਰਤ ਗਈਆਂ ਅਤੇ ਜੈ ਸੰਤਾਂ ਦੀ ਬਲਾਉਣ ਲੱਗੀਆਂ।

## ਸਾਖੀ 284

## ਮੇਰੇ ਮਨ ਦੀ ਮੁਰਾਦ ਪੂਰੀ ਕਰਨੀ

ਇੱਕ ਵਾਰੀ ਸੰਤ ਸਰਵਣ ਦਾਸ ਮਹਾਰਾਜ ਜੀ ਬੂਟਾਂ ਮੰਡੀ ਸੰਗਤਾਂ ਨੂੰ ਦਰਸ਼ਨ ਦੇਣ ਲਈ ਆਏ। ਸੰਗਤ ਬਹੁਤ ਜ਼ਿਆਦਾ ਸੀ, ਉਨ੍ਹਾਂ ਵਿੱਚ ਸਾਧ- ਮੰਡਲੀ ਵੀ ਸੀ। ਦਾਸ (ਸੀਤਲਦਾਸ) ਮਹਾਰਾਜ ਜੀ ਨੂੰ ਘਰ ਚਰਨ ਪੁਆ ਕੇ ਸੇਵਾ ਕਰਨੀ ਚਾਹੁੰਦਾ ਸੀ। ਮੇਰੇ ਪਾਸ ਪੱਗੜੀ, ਸੋਡਾ ਵਾਟਰ, ਕੁਝ ਬਰਫ਼ੀ ਅਤੇ ਪੰਜ ਰੁਪਏ ਹੀ ਸਨ। ਮੇਰੇ ਦਿਲ ਵਿੱਚ ਰੀਝ ਸੀ ਕਿ ਸੰਤ ਮਹਾਰਾਜ ਜੀ ਇੱਕਲੇ ਹੀ ਮੇਰੇ ਘਰ ਚਰਨ ਪਾਉਣ। ਸੰਤਾਂ ਨੇ ਸਾਰੀ ਸੰਗਤ ਨੂੰ ਕਿਹਾ ਕੀ ਤੁਸੀਂ ਸਾਰੇ ਇੱਥੇ ਹੀ ਰੁਕੋ। ਮੈਂ ਇਕੱਲਿਆਂ ਹੀ ਸੀਤਲ ਦਾਸ ਜੀ ਦੇ ਘਰ ਜਾਣਾ ਹੈ, ਮਹਾਰਾਜ ਜੀ ਇਕੱਲੇ ਹੀ ਮੇਰੇ ਘਰ ਆਏ, ਉਹਨਾਂ ਨਾਲ ਬਿਸ਼ਨਾ ਰਾਮ ਵਿਰਦੀ ਬੱਲਾਂ ਵਾਲੇ ਸਨ- ਇਸ ਤਰ੍ਹਾਂ ਸੰਤ ਸਰਵਣ ਦਾਸ ਮਹਾਰਾਜ ਜੀ ਮੇਰੇ ਦਿਲ ਦੀ ਭਾਂਪ ਗਏ ਅਤੇ ਮੇਰੇ ਦਿਲ ਵਿਚ ਸੰਤਾਂ ਦਾ ਪਰਮਾਤਮਾ ਤੋਂ ਵੀ ਵੱਧ ਸਤਿਕਾਰ ਹੋ ਗਿਆ।

## ਸਾਖੀ 285

## ਗਰਮ ਪਾਣੀ ਤੇ ਕੀੜੇ ਮਕੌੜੇ।

ਇੱਕ ਵਾਰੀ ਅਸੀਂ ਡੇਰੇ ਵਿੱਚ ਦੇਗ ਤਿਆਰ ਕਰ ਰਹੇ ਸਾਂ। ਬਾਅਦ ਵਿੱਚ ਜਿਹੜਾ ਗਰਮ ਪਾਣੀ ਸੀ, ਉਹ ਅਸੀਂ ਇੱਕ ਪਾਸੇ ਡੋਲ ਦਿੱਤਾ। ਸੰਤ ਸਰਵਣ ਦਾਸ ਮਹਾਰਾਜ ਜੀ ਇੱਕ ਦਮ ਥੜ੍ਹਾ ਸਾਹਿਬ ਤੋਂ ਉੱਠੇ ਅਤੇ ਸਾਨੂੰ ਆ ਕੇ ਪੁੱਛਣ ਲੱਗੇ ਕਿ ਤੁਸੀਂ ਗਰਮ ਪਾਣੀ ਕਿੱਥੇ ਡੋਲਿਆ ਹੈ ? ਇਸ ਨਾਲ ਹਜ਼ਾਰਾਂ ਕੀੜੇ-ਮਕੌੜੇ ਮਰ ਸਕਦੇ

ਹਨ। ਮਹਾਰਾਜ ਜੀ ਕੀੜੇ-ਮਕੌੜਿਆਂ ਉੱਪਰ ਵੀ ਮਿਹਰ ਦੀ ਦ੍ਰਿਸ਼ਟੀ ਰੱਖਦੇ ਸਨ। ਉਹਨਾਂ ਜਿੱਥੇ ਪਾਣੀ ਡੋਲਿਆ ਸੀ, ਉੱਥੇ ਮਹਾਰਾਜ ਜੀ ਨੇ ਜਾਪ ਕੀਤਾ। ਕਿਉਂਕਿ ਪਾਣੀ ਵਿੱਚ ਵੀ ਹਜ਼ਾਰਾਂ ਹੀ ਕੀੜੇ ਹੁੰਦੇ ਹਨ। ਸੋ ਸੰਤਾਂ ਨੂੰ ਹਰ ਚੀਜ਼ ਵਿੱਚ ਪ੍ਰਮਾਤਮਾ ਹੀ ਨਜ਼ਰੀਂ ਆਉਂਦਾ ਹੈ।108 ਸੰਤ ਸਰਵਣ ਦਾਸ ਮਹਾਰਾਜ ਜੀ ਦੀ ਮਹਿਮਾ ਅਪਾਰ-ਅਪਾਰ ਹੈ।

## ਸਾਖੀ ਨੰਬਰ 286

## ਤਨ ਦੇ ਹੀ ਕੱਪੜੇ ਉਤਾਰਨੇ।

ਸਤਿਗੁਰੂ ਸੁਆਮੀ ਸਰਵਣ ਦਾਸ ਮਹਾਰਾਜ ਜੀ ਐਸੇ ਮਹਾਂਪੁਰਸ਼ ਸਨ, ਜਿਨ੍ਹਾਂ ਦੇ ਹਿਰਦੇ ਵਿੱਚ ਗਰੀਬ ਜਨਤਾ ਲਈ ਦਰਦ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਇਕ ਵਾਰੀ ਇਕ ਫਕੀਰ ਮਹਾਰਾਜ ਜੀ ਦੇ ਦਰ ਤੇ ਆਇਆ। ਤਨ ਤੇ ਫਟੇ ਪੁਰਾਣੇ ਕੱਪੜੇ, ਪੈਰੋਂ ਨੰਗਾ, ਪੇਟ ਤੋਂ ਭੁੱਖਾ। ਮਹਾਰਾਜ ਜੀ ਨੇ ਉਸ ਨੂੰ ਭੋਜਨ ਖੁਆਇਆ, ਪੈਰ ਢਕੇ ਅਤੇ ਸਤਿਗੁਰੂ ਜੀ ਨੇ ਆਪਣੇ ਹੀ ਤਨ ਦੇ ਕੱਪੜੇ ਉਸ ਦੇ ਪੁਆ ਦਿੱਤੇ

## ਸਾਖੀ ਨੰਬਰ 287

## ਮਿਲਾਵਟ ਦੀ ਕਮਾਈ।

ਇਕ ਲਾਲਾ ਜੀ ਜਲੰਧਰ ਸ਼ਹਿਰ ਦੇ ਰਹਿਣ ਵਾਲੇ ਸਨ। ਉਹਨਾਂ ਦਾ ਸ਼੍ਰੀਮਾਨ ਸ਼ੀਤਲ ਵੈਦ ਜੀ ਨਾਲ ਬਹੁਤ ਹੀ ਪਿਆਰ ਸੀ। ਇਹ ਲਾਲਾ ਜੀ ਆਪ ਖੁਦ ਦੱਸਦੇ ਹਨ ਕਿ ਆਪ ਦੁਕਾਨ ਪਰ ਮਿਰਚਾ ਵਿਚ ਮਿਲਾਵਟ, ਹਲਦੀ ਵਿਚ ਮਿਲਾਵਟ ਕਰਿਆ ਕਰਦਾ ਸੀ। ਸਮੇਂ ਨੇ ਰੰਗ ਦਿਖਾਇਆ ਲਾਲਾ ਜੀ ਦੇ ਕੋਹੜ ਨਿਕਲ ਆਇਆ। ਆਪ ਨੇ ਸਾਰੀ ਦੁਨੀਆ ਭਰ ਦੇ ਡਾਕਟਰਾਂ ਕੋਲੋ ਇਲਾਜ ਕਰਵਾਇਆ ਪਰ ਆਪ ਨੂੰ ਅਰਾਮ ਨਹੀਂ ਆਇਆ। ਵਾਹ ਜਹਾਨ ਦੀ ਲਾ ਦਿਤੀ, ਪਰ ਉਹਨਾਂ ਨੂੰ ਅਰਾਮ ਨਹੀਂ ਆਇਆ। ਅਖੀਰ ਹਾਰ ਹੰਭ ਕੇ ਬੈਠ ਗਿਆ।

ਇਕ ਦਿਨ ਆਪ ਨੇ ਸ਼੍ਰੀਮਾਨ ਸ਼ੀਤਲ ਵੈਦ ਜੀ ਨਾਲ ਇਸ ਸੰਬੰਧੀ ਗੱਲਬਾਤ ਕੀਤੀ। ਆਪ ਨੇ ਸਵਾਮੀ ਸਰਵਣ ਦਾਸ ਜੀ ਮਹਾਰਾਜ ਪਾਸ ਜਾਣ ਦੀ ਸਲਾਹ ਦਿੱਤੀ ਅਤੇ ਆਖਿਆ ਤੁਹਾਨੂੰ ਕੋਈ ਠੀਕ ਨਹੀਂ ਕਰ ਸਕਦਾ। ਕੇਵਲ ਉਹ ਹੀ ਠੀਕ ਕਰ ਸਕਦੇ ਹਨ ਅਤੇ ਨਾਲ ਹੀ ਆਪ ਨੂੰ ਸ਼ੀਤਲ ਵੈਦ ਜੀ ਨੇ ਨਸੀਅਤ ਕੀਤੀ ਕਿ ਤੈਨੂੰ ਜਿੰਨੀ ਵਾਰੀ ਮਰਜ਼ੀ ਸੰਤ ਵਾਪਸ ਖਾਲੀ ਮੋੜ ਦੇਣ ਤੂੰ ਜਾਣੋ ਨਾ ਰੁਕੀ। ਲਾਲਾ ਜੀ ਨਿਸ਼ਚਿਤ ਦਿਨ ਤੇ ਸਵਾਮੀ ਜੀ ਦੇ ਚਰਨਾ ਵਿਚ ਅਰਦਾਸ ਕਰਨ ਪਹੁੰਚੇ। ਪਰ ਮਹਾਰਾਜ ਜੀ ਨੇ ਤਿੰਨ ਵਾਰੀ

ਵਾਪਸ ਮੋੜ ਦਿੱਤਾ।ਅਖੀਰ ਲਾਲਾ ਜੀ ਦੀ ਹਾਲਤ ਉੱਪਰ ਤਰਸ ਆਇਆ ਮਹਾਰਾਜ ਜੀ ਨੇ ਵਚਨ ਕੀਤੇ, "ਤੈਨੂੰ ਕਿਹੜਾ ਡਾਕਟਰ ਕਹਿੰਦਾ ਹੈ ਕਿ ਕੋਹੜ ਹੈ। ਇਹ ਤਾਂ ਭਾਈ ਲੂਣ, ਤੇਲ, ਘਿਉ ਅਤੇ ਸਾਬਣ ਵਿਚ ਕੀਤੀ ਮਿਲਾਵਟ ਹੈ"।ਲਾਲਾ ਜੀ ਨੀਵੀਂ ਪਾ ਕੇ ਰੋਣ ਲੱਗੇ।ਮਹਾਰਾਜ ਜੀ ਉਸਦੇ ਕੋਹੜ ਉੱਪਰ ਪਵਿੱਤਰ ਜਲ ਦੇ ਛਿੱਟੇ ਮਾਰੇ ਅਤੇ ਲਾਲਾ ਜੀ ਠੀਕ ਹੋ ਗਏ।

## ਸਾਖੀ 288

## ਸ਼ਾਦੀ ਵਿੱਚ ਪ੍ਰਗਟ ਹੋਣਾ

## ਐਫ-261, ਸੁਦਰਸ਼ਨ ਪਾਰਕ, ਪੱਛਮੀ ਦਿੱਲੀ, ਫੋਨ- 5421231

ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੀ ਦਿਵਯ ਦ੍ਰਿਸ਼ਟੀ ਐਨੀ ਸੀ ਕਿ ਉਹ ਇੱਕੋ ਸਮੇਂ ਦਿੱਲੀ, ਗੁਜਰਾਤ, ਚੀਨ, ਅਮਰੀਕਾ ਅਤੇ ਸੰਸਾਰ ਦੇ ਕੋਨੇ-ਕੋਨੇ ਤੱਕ ਵੇਖ ਸਕਦੇ ਸਨ।ਇਸਦੀ ਇਕ ਉਦਾਹਰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਸੀਰ-ਗੋਵਰਧਨਪੁਰ ਕਾਂਸ਼ੀ ਬਨਾਰਸ ਵਿਖੇ ਜਨਮ ਅਸਥਾਨ ਦੀ ਖੋਜ ਕਰਨਾ।

ਇਕ ਵਾਰੀ ਭਗਤ ਸਿੰਘ ਮੱਲ ਦੇ ਵੱਡੇ ਲੜਕੇ ਦੀ ਸ਼ਾਦੀ ਸੀ। ਆਪ ਖੁਦ ਭਗਤ ਸਿੰਘ ਦਿੱਲੀ ਤੋਂ ਚਲਕੇ ਪਿੰਡ ਬੱਲਾਂ ਵਿਖੇ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੂੰ ਵਿਆਹ ਦਾ ਸੱਦਾ ਪੱਤਰ ਦੇਣ ਆਏ। ਮਹਾਰਾਜ ਜੀ ਨੇ ਆਪ ਨੂੰ ਕਿਹਾ,"ਕੋਈ ਗੱਲ ਨਹੀਂ, ਅਸੀਂ ਜੇਕਰ ਸਮਾਂ ਮਿਲਿਆ ਤਾਂ ਜ਼ਰੂਰ ਆਵਾਂਗੇ"।ਭਗਤ ਸਿੰਘ ਅਤੇ ਪਰਿਵਾਰ ਇਹ ਸੱਦਾ ਪੱਤਰ ਦਿਲੋਂ ਨਹੀਂ ਸੀ ਦੇ ਰਿਹਾ ਇਸ ਲਈ ਮਹਾਰਾਜ ਜੀ ਨੇ ਵੀ ਸ਼ਿਸ਼ਟਾਚਾਰ ਵਜੋਂ ਹੀ ਇਹ ਆਖ ਦਿੱਤਾ।

ਨਿਸ਼ਚਿਤ ਵਿਆਹ ਵਾਲੇ ਦਿਨ ਸਤਿਗੁਰੂ ਜੀ ਆਪਣੀ ਦਿਵਯ ਦ੍ਰਿਸ਼ਟੀ ਅਤੇ ਸ਼ਕਤੀ ਨਾਲ ਦਿੱਲੀ ਵਿਖੇ ਸ. ਭਗਤ ਸਿੰਘ ਮੱਲ ਦੇ ਗ੍ਰਹਿ ਵਿਖੇ ਪਹੁੰਚ ਗਏ। ਉਹਨਾਂ ਦੀ ਧਰਮ ਪਤਨੀ ਨੇ ਮਹਾਰਾਜ ਜੀ ਦੇ ਪ੍ਰਤੱਖ ਦਰਸ਼ਨ ਕੀਤੇ।

ਸਾਰੇ ਘਰ ਵਿਚ ਖੂਬ ਗਹਿਮਾ ਗਹਿਮੀ ਸੀ।ਘਰ ਵਾਲੀ ਨੇ ਸ. ਭਗਤ ਸਿੰਘ ਮੱਲ ਨੂੰ ਕਿਹਾ ਕਿ "ਮਹਾਰਾਜ ਜੀ ਵਿਆਹ ਉਪਰੰਤ ਆਏ ਸਨ"।ਇਹ ਗੱਲਾਂ ਵਿਆਹ ਖ਼ਤਮ ਹੋਣ ਤੋਂ ਬਾਅਦ ਦੀਆਂ ਹਨ। ਭਗਤ ਸਿੰਘ ਜੀ ਨੇ ਕਿਹਾ ਕਿ ਮਹਾਰਾਜ ਜੀ ਵਿਆਹ ਉਪਰੰਤ ਨਹੀਂ ਆਏ। ਪਰ ਘਰਵਾਲੀ ਨੇ ਕਿਹਾ,"ਮਹਾਰਾਜ ਜੀ ਹੁਣੇ ਹੁਣੇ ਵਿਆਹ ਵਿਚ ਆਏ ਸਨ। ਤੁਸੀਂ ਦੇਖਿਆ ਹੀ ਨਹੀਂ"? ਇਹ ਹੈ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦਾ ਦੈਵੀ ਪ੍ਰਤਾਪ।ਭਗਤ ਸਿੰਘ ਮੱਲ ਨੂੰ ਸੰਤਾਂ ਦੀ ਕਹੀ ਗੱਲ ਯਾਦ ਆਈ ਕਿ ਸੰਤ ਅੰਗ ਸੰਗ ਹੀ ਹਨ, ਕਿਉਂਕਿ ਮਹਾਰਾਜ ਜੀ ਨੇ ਆਪ ਨੂੰ

ਕਿਹਾ ਸੀ ਕਿ ਉਹ ਵਿਆਹ ਵਿਚ ਆਪਦੇ ਅੰਗ ਸੰਗ ਹੀ ਰਹਿਣਗੇ।ਐਸੇ ਮਹਾ ਪੁਰਸ਼ਾਂ ਦੀ ਮਹਿਮਾ ਸੁਣ ਆਪ ਮੁਹਾਰੇ ਗੁਰਬਾਣੀ ਦੀਆਂ ਤੁਕਾਂ ਮੂੰਹੋ ਨਿਕਲ ਪੈਂਦੀਆਂ ਹਨ-

ਪੂਰੇ ਗੁਰੂ ਕਾ ਸੁਣ ਉਪਦੇਸ਼, ਪਾਰ ਬ੍ਰਹਮ ਨਿਕਟ ਕਰ ਪੇਖ॥

## ਸਾਖੀ 289

## ਇੱਕ ਹੋਰ ਯਾਤਰੂ ਗੱਡੀ ਦਾ ਆ ਜਾਣਾ....

### (ਸ਼੍ਰੀਮਾਨ ਭਗਤ ਸਿੰਘ ਮੱਲ)

ਸ. ਭਗਤ ਸਿੰਘ ਮੱਲ ਦੱਸਦੇ ਹਨ ਕਿ ਅਸੀਂ ਸਾਰੇ ਦੋਸਤ ਦਿੱਲੀ ਵਿਖੇ ਨੌਕਰੀ ਕਰਿਆ ਕਰਦੇ ਸਾਂ। ਅਸੀਂ ਕਾਫ਼ੀ ਦਿਨ ਆ ਕੇ ਕੁਟੀਆ ਵਿਖੇ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਰਹੇ। ਰੋਜ਼ ਕਥਾ ਕੀਰਤਨ ਹੁੰਦਾ। ਸੰਤ ਮੰਡਲੀਆਂ ਆਉਂਦੀਆਂ ਅਤੇ ਵਾਹਵਾ ਰੌਣਕਾਂ ਜੁੜਦੀਆਂ। ਕਾਫੀ ਦਿਨਾਂ ਬਾਅਦ ਅਸੀਂ ਮਹਾਰਾਜ ਜੀ ਪਾਸੋਂ ਵਿਦਾਇਗੀ ਲੈਣੀ ਚਾਹੀ। ਇਕ ਦਿਨ ਝਿਜਕਦਿਆਂ-ਝਿਜਕਦਿਆਂ ਸ. ਭਗਤ ਸਿੰਘ ਮੱਲ ਜੀ ਹੁਰਾਂ ਮਹਾਰਾਜ ਜੀ ਅੱਗੇ ਬੇਨਤੀ ਕੀਤੀ, "ਸਵਾਮੀ ਜੀ ਹੁਣ ਅਸੀਂ ਵਾਪਸ ਦਿੱਲੀ ਜਾਣਾ ਚਾਹੁੰਦੇ ਹਾਂ"। ਇਸਤੇ ਸਤਿਗੁਰੂ ਜੀ ਆਖਣ ਲੱਗੇ "ਚਲੇ ਸਾਰਿਆ ਨੇ ਜਾਣਾਂ ਏ"। ਆਪ ਹਰੀਦਾਸ ਮਹਾਰਾਜ ਜੀ ਨੂੰ ਕਹਿਣ ਲੱਗੇ "ਅਸੀਂ ਚੱਲੇ ਹਾਂ ਸੈਰ ਕਰਨ ਵਾਸਤੇ" ਆਪ ਬਹੁਤ ਹੀ ਗੰਭੀਰ ਮੁਦਰਾ ਵਿਚ ਸਨ।

ਮਹਾਰਾਜ ਜੀ ਨੇ ਆਪਣੇ ਸਕੱਤਰ ਸ. ਬੰਤਾ ਸਿੰਘ, ਸੰਤ ਹਰੀ ਦਾਸ, ਸੰਤ ਗਰੀਬ ਦਾਸ ਸਭਨਾ ਨੂੰ ਬੁਲਾਇਆ। ਸੰਤ ਨਿਰੰਜਣ ਦਾਸ ਜੀ ਉਸ ਵੇਲੇ ਬਾਲ ਅਵਸਥਾ ਵਿਚ ਸਨ।ਮਹਾਰਾਜ ਜੀ ਨੇ ਇਹਨਾਂ ਸਭਨਾਂ ਨੂੰ ਵਚਨ ਕੀਤੇ "ਆਪਾਂ ਅੱਜ ਇਹਨਾਂ ਦਿੱਲੀ ਵਾਲੇ ਅਫ਼ਸਰਾਂ ਨੂੰ ਵਿਦਾਇਗੀ ਦੇਣੀ ਹੈ। ਇਸ ਲਈ ਇਹਨਾਂ ਸਭਨਾਂ ਦਾ ਪ੍ਰਬੰਧ ਕਰੋ"। ਮਹਾਰਾਜ ਸਵਾਮੀ ਸਰਵਣ ਦਾਸ ਜੀ ਨੇ ਇਹਨਾਂ ਦਿੱਲੀ ਦੇ ਅਫ਼ਸਰਾਂ ਨੂੰ ਆਪਣੇ ਹੱਥੀਂ ਸਿਰੋਪੇ ਦੇ ਕੇ ਨਿਵਾਜਿਆ। ਸ. ਭਗਤ ਸਿੰਘ ਮੱਲ ਅਤੇ ਉਹਨਾਂ ਦੀ ਧਰਮ ਪਤਨੀ ਨੂੰ ਮਹਾਰਾਜ ਜੀ ਨੇ ਇੱਕ- ਇੱਕ ਕੁੜਤਾ ਦਿੱਤਾ ਜਿਹੜਾ ਅੱਜ ਵੀ ਉਹਨਾਂ ਪਾਸ ਮੌਜੂਦ ਹੈ। ਵਿਦਾਇਗੀ ਵੇਲੇ ਮਹਾਰਾਜ ਜੀ ਨੇ ਵਚਨ ਕੀਤੇ, 'ਤੁਸੀਂ ਸਭ ਨਹਿਰੇ ਨਹਿਰੇ ਜਾਇਓ, ਪੱਕੀ ਸੜਕ ਵੱਲ ਨਾ ਜਾਇਓ"। ਇਹ ਵਚਨ ਕਰਕੇ ਮਹਾਰਾਜ ਜੀ ਗਹਿਰ ਗੰਭੀਰ ਹੋ ਗਏ।

ਜਿਸ ਵਕਤ ਅਸੀਂ ਸਟੇਸ਼ਨ ਪਹੁੰਚੇ ਗੱਡੀ, ਚੱਲਣ ਦਾ ਸਮਾਂ ਹੋ ਗਿਆ ਸੀ। ਸਾਰੇ ਅਫ਼ਸਰ ਬਾਬੂ ਆਪਸ ਵਿੱਚ ਇੱਕ ਦੂਸਰੇ ਉੱਪਰ ਸਟੇਸ਼ਨ ਪਰ ਦੇਰ ਨਾਲ ਪਹੁੰਚਣ ਲਈ

ਦੋਸ਼ ਮੜਨ ਲੱਗੇ। ਮਸਾਂ 20 ਮਿੰਟ ਹੀ ਗੁਜਰੇ ਹੋਣਗੇ ਕਿ ਇਕ ਹੋਰ ਯਾਤਰੂ ਗੱਡੀ ਸ਼ਟੇਸ਼ਨ ਤੇ ਆ ਪਹੁੰਚੀ। ਜਿਸ ਦਾ ਕੋਈ ਸਮਾਂ ਵੀ ਨਹੀਂ ਸੀ। ਸਾਰੇ ਅਫ਼ਸਰ ਸੱਜਣਾ ਨੇ ਮਨ ਹੀ ਮਨ ਵਿਚ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਪ੍ਰਤੀ ਮਨ ਹੀ ਮਨ ਵਿਚ ਸ਼ਰਧਾ ਦਾ ਪ੍ਰਗਟਾਵਾ ਕੀਤਾ ਕਿਉਂਕਿ ਮਹਾਰਾਜ ਜੀ ਨੇ ਕਿਹਾ ਸੀ ਸੜਕ ਵੱਲ ਦੀ ਨਾ ਜਾਇਉ, ਨਹਿਰ ਵੱਲ ਦੀ ਜਾਇਉ। ਇਹਨਾਂ ਪਾਵਨ ਪਵਿੱਤਰ ਵਚਨਾਂ ਦੇ ਅਰਥ ਅਸੀਂ ਗੱਡੀ ਵਿਚ ਸੁਆਰ ਹੋਣ ਤੋਂ ਬਾਅਦ ਹੀ ਸਮਝ ਪਾਏ ਸਾਂ।

## ਸਾਖੀ 290

## ਚਲੇ ਸਭ ਨੇ ਜਾਣਾ ਹੈ....

ਸ. ਭਗਤ ਸਿੰਘ ਮੱਲ ਦੱਸਦੇ ਹਨ ਕਿ ਜਿਸ ਦਿਨ ਕੁਟੀਆ ਵਿਚੋਂ ਮਹਾਰਾਜ ਜੀ ਪਾਸੋਂ ਵਿਦਾਇਗੀ ਲੈ ਕੇ ਟ੍ਰੇਨ ਰਾਹੀਂ ਦਿੱਲੀ ਵੱਲ ਰਵਾਨਾ ਹੋਏ ਸਾਂ, ਉਸ ਦਿਨ ਅਜੇ ਅਸੀਂ ਆਪੋ ਆਪਣੇ ਕੁਆਟਰਾਂ ਵਿਚ ਜਾਂਦੇ ਸਮਾਨ ਰੱਖਿਆ ਹੀ ਸੀ ਕਿ ਸ਼੍ਰੀਮਾਨ 108 ਸੰਤ ਹਰੀਦਾਸ ਮਹਾਰਾਜ ਜੀ ਦਾ ਫੋਨ ਆ ਗਿਆ ਕਿ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਸੱਚ ਖੰਡ ਜਾ ਬਿਰਾਜੇ ਹਨ। ਸਭ ਸੇਵਾਦਾਰ ਅਫ਼ਸਰ ਬਾਬੂਆਂ ਨੂੰ ਸਵਾਮੀ ਜੀ ਦੀ ਕਹੀ ਉਹ ਗੱਲ ਵਾਰ ਵਾਰ ਯਾਦ ਆਉਣ ਲੱਗੀ। ਜਿਸ ਵਿਚ ਉਹਨਾਂ ਆਖਿਆ ਸੀ

"ਚਲੇ ਸਭ ਨੇ ਜਾਣਾ ਹੈ"

ਸਤਿਗੁਰੂ ਜੀ ਦੇ ਸਹਿਜ ਸੁਭਾਅ ਕਹੇ ਵਚਨ ਵੀ ਅਟੱਲ ਹੁੰਦੇ ਸਨ। ਕੌਮ ਦੇ ਮਹਾਨ ਸਤਿਗੁਰ ਜੀ ਦੇ ਉਹ ਵਚਨ ਜੋ ਉਹ ਦਿੱਲੀ ਦੇ ਇਹਨਾਂ ਅਫ਼ਸਰਾਂ (ਬਿਸ਼ਨਾ ਰਾਮ ਵਿਰਦੀ, ਭਗਤ ਸਿੰਘ ਮੱਲ, ਫਕੀ ਸਿੰਘ ਵਿਰਦੀ ਅਤੇ ਸਵਰਨ ਸਿੰਘ ਬੱਲਾਂ) ਨੂੰ ਵਾਰ ਵਾਰ ਯਾਦ ਆਉਣ ਲੱਗੇ ਜੋ ਅਕਸਰ ਮਹਾਰਾਜ ਜੀ ਇਹਨਾਂ ਨੂੰ ਕਿਹਾ ਕਰਦੇ ਸਨ "ਮੈਂ ਤੁਹਾਨੂੰ ਪਟਵਾਰੀ ਤਾਂ ਕੀ ਵਾਇਸਰਾਏ ਦੇ ਦਫ਼ਤਰ ਵਿਚ ਨੌਕਰੀ ਉੱਪਰ ਲਗਾਉਣਾਂ ਹੈ" ਇਹ ਵਚਨ ਸਤਿਗੁਰਾਂ ਨੇ ਪੂਰੇ ਕੀਤੇ। ਇਹਨਾਂ ਲੋਕਾਂ ਨੂੰ ਕੇਂਦਰੀ ਸਰਕਾਰ ਵਿਚ ਉਹ ਅਹੁਦੇ ਲੈ ਕੇ ਦਿੱਤੇ ਜਿਨਾਂ ਉੱਪਰ ਕੋਈ ਵਿਰਲਾ ਹੀ ਪਹੁੰਚਦਾ ਹੈ।

## ਸਾਖੀ 291

## ਮਹਾਰਾਜ ਜੀ ਦੁਆਰਾ ਵਿਰਾਟ ਰੂਪ ਦਿਖਾਉਣਾਂ....

ਸ਼੍ਰੀਮਾਨ ਭਗਤ ਸਿੰਘ ਮੱਲ ਜੀ ਦੱਸਦੇ ਹਨ ਕਿ ਇਕ ਵਾਰੀ ਆਪ ਆਪਣੀ ਧਰਮ ਪਤਨੀ ਸਮੇਤ ਸਤਿਗੁਰ ਜੀ ਦੇ ਦਰਸ਼ਨਾਂ ਨੂੰ ਆਏ। ਅਜੇ ਆਪ ਡੇਰੇ ਵਿਖੇ ਨਵੇਂ-ਨਵੇਂ ਹੀ ਆਉਣ ਲੱਗੇ ਸਨ। ਆਪਦੇ ਮਨ ਵਿਚ ਸੰਤਾਂ ਮਹਾਪੁਰਸ਼ਾਂ ਪ੍ਰਤੀ ਅਨੇਕਾਂ ਸ਼ੰਕਾਵਾਂ ਸਨ।

ਆਪ ਸਤਿਗੁਰ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਮੁਬਾਰਕ ਚਰਨਾਂ ਵਿਚ ਬੈਠੇ ਸਨ। ਮਹਾਰਾਜ ਜੀ ਕਹਿਣ ਲੱਗੇ "ਭਗਤ ਰਾਮਾ, ਅੱਜ ਅਸੀਂ ਤੈਨੂੰ ਵਿਖਾਉਂਦੇ ਹਾਂ, ਜੋ ਤੂੰ ਵੇਖਣਾ ਚਾਹੁੰਦਾਂ ਏ", ਆਪ ਦੱਸਦੇ ਹਨ ਕਿ ਕੁਝ ਹੀ ਪਲਾਂ ਬਾਅਦ ਹੀ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਸਾਡੇ ਅੱਗਿਉ ਅਲੋਪ ਹੋ ਗਏ। ਅਜੇ ਕੁਝ ਸਮਾਂ ਹੀ ਬੀਤਿਆ ਸੀ ਕਿ ਮਹਾਰਾਜ ਜੀ ਪੂਰੇ ਪਹਾੜ ਜਿੱਡਾ ਰੂਪ ਧਾਰ ਮੇਰੀਆਂ ਅੱਖਾਂ ਅੱਗੇ ਆ ਗਏ। ਆਪ ਨਜ਼ਰ ਉਤਾਂਹ ਚੁੱਕ ਕੇ ਦੇਖਦੇ ਹਨ ਕਿ ਪਹਾੜ ਦਾ ਉੱਪਰਲਾ ਹਿੱਸਾ ਨੀਲੇ ਅਸਮਾਨ ਨਾਲ ਲੱਗਾ ਹੋਇਆ ਹੈ। ਆਪ ਨੇ, ਆਪਦੀ ਘਰਵਾਲੀ ਨੇ ਅਤੇ ਹੋਰ ਪਾਸ ਬੈਠੀ ਦਿੱਲੀ ਦੀ ਸੰਗਤ ਨੇ ਅੱਖਾਂ ਮੀਟ ਲਈਆਂ। ਮਹਾਰਾਜ ਜੀ ਵਿਰਾਟ ਰੂਪ ਧਾਰਨ ਕਰਕੇ ਅਸਮਾਨ ਅਤੇ ਧਰਤੀ ਦੇ ਵਿਚਕਾਰ ਖੜ੍ਹੇ ਸਨ। ਸਤਿਗੁਰੂ ਸਵਾਮੀ ਸਰਵਣ ਦਾਸ ਜੀ ਤਿੰਨਾ ਲੋਕਾਂ ਦੇ ਗਿਆਤਾ ਸਨ। ਇਹ ਕੌਤਕ ਭਗਤ ਸਿੰਘ ਮੱਲ ਲਈ ਸੰਤਾਂ, ਮਹਾਪੁਰਸ਼ਾਂ ਅਤੇ ਭਗਤਾਂ ਪ੍ਰਤੀ ਕੀਤੀ ਗਈ ਸ਼ੰਕਾ ਦੀ ਨਵਿਰਤੀ ਸੀ ਕਿਉਂਕਿ ਪੜ੍ਹੇ ਲਿਖੇ ਲੋਕ ਇਹਨਾਂ ਚੀਜ਼ਾਂ ਨੂੰ ਜ਼ਿਆਦਾਤਰ ਵਹਿਮ ਹੀ ਸਮਝਦੇ ਹਨ।

## ਸਾਖੀ 292

## ਚੋਰੀ ਸ਼ੱਕਰ, ਘਿਉ ਖਾਣ ਦਾ ਮਹਾਰਾਜ ਜੀ ਨੂੰ ਪਤਾ ਹੋਣਾ....

ਮਾਘੀ ਦਾ ਮਹੀਨਾ ਸੀ, ਮਹਾਰਾਜ ਜੀ ਥੜ੍ਹਾ ਸਾਹਿਬ ਉੱਪਰ ਆਪਣੀ ਮੌਜ ਵਿਚ ਬਿਰਾਜਮਾਨ ਸਨ। ਸ਼੍ਰੀ ਭਗਤ ਸਿੰਘ ਮੱਲ, ਸ਼੍ਰੀ ਫਕੀਰ ਸਿੰਘ ਵਿਰਦੀ, ਗਿਆਨੀ ਬਿਸ਼ਨਾ ਰਾਮ ਵਿਰਦੀ, ਸ਼੍ਰੀ ਸਵਰਨ ਸਿੰਘ ਬੱਲਾਂ, ਸ਼੍ਰੀ ਮਹਿੰਗਾ ਰਾਮ ਬਰਨਾਲਾ ਆਦਿ ਮਹਾਰਾਜ ਜੀ ਦੇ ਪਾਵਨ ਪਵਿੱਤਰ ਚਰਨਾ ਵਿਚ ਮੱਥਾ ਟੇਕਣ ਆਏ। ਉਹਨਾਂ ਦਿਨਾਂ ਵਿਚ ਸੰਤ ਨਿਰੰਜਨ ਦਾਸ ਮਹਾਰਾਜ ਜੀ ਲੰਗਰ ਵਿੱਚ ਸੇਵਾ ਕਰਦੇ ਸਨ। ਸ਼੍ਰੀ ਫਕੀਰ ਸਿੰਘ ਵਿਰਦੀ, ਸ਼੍ਰੀ ਭਗਤ ਸਿੰਘ ਮੱਲ ਆਦਿ ਲੰਗਰ ਭੰਡਾਰ ਵਿੱਚੋਂ ਦੇਸੀ ਘਿਉ, ਸ਼ੱਕਰ ਅਤੇ ਮਿੱਸੇ ਪ੍ਰਸ਼ਾਦੇ ਕੱਢ ਕੇ ਲੈ ਆਏ। ਇਹਨਾਂ ਸਾਰਿਆਂ ਨੇ ਮਿੱਸੇ ਪ੍ਰਸ਼ਾਦਿਆਂ ਦੇ ਨਾਲ ਦੇਸੀ ਘਿਉ ਸਮੇਤ ਸ਼ੱਕਰ ਖਾਧੀ। ਆਪ ਸਾਰੇ ਹੀ ਉਸ ਕਮਰੇ ਦੇ ਅੱਗੇ ਆ ਕੇ ਬੈਠ ਗਏ ਜਿੱਥੇ ਅੱਜਕੱਲ੍ਹ ਬਾਵਾ ਜੀ ਦੇਸੀ ਦਵਾਈਆ ਅਤੇ ਯੰਤਰੀ ਦੀ ਸੇਵਾ ਕਰ ਰਹੇ ਹਨ। ਉਹਨਾਂ ਦਿਨਾਂ ਵਿੱਚੋਂ ਮਹਾਰਾਜ ਜੀ ਦਾ ਸੈਕਟਰੀ ਸ. ਬੰਤਾ ਸਿੰਘ ਹੋਇਆ ਕਰਦਾ ਸੀ। ਮਹਾਰਾਜ ਜੀ ਬੰਤਾ ਸਿੰਘ ਨੂੰ ਕਹਿਣ ਲੱਗੇ, ਦੋ ਕਿੱਲੋ ਘਿਉ ਸ਼ੱਕਰ ਅਤੇ ਪ੍ਰਸ਼ਾਦੇ ਫੌਰਨ ਲਿਆਉ। ਇਹਨਾਂ ਦਿੱਲੀ ਵਾਲੇ ਅਫ਼ਸਰਾਂ ਨੂੰ ਬਹੁਤ ਜ਼ਿਆਦਾ ਭੁੱਖ ਲੱਗੀ ਹੋਈ ਹੈ, ਇਸ ਤਰ੍ਹਾਂ ਕੀਤਾ ਗਿਆ। ਦੋ-ਦੋ ਪ੍ਰਸ਼ਾਦੇ ਸ਼ੱਕਰ ਘਿਉ ਨਾਲ ਸਭ ਨੂੰ ਵਰਤਾ ਦਿਤੇ ਗਏ। ਕਹਿੰਦੇ ਨੇ ਚੋਰ ਦੀ ਦਾੜ੍ਹੀ ਵਿਚ ਤਿਨਕਾ। ਆਪ ਸਭ ਡਰ ਰਹੇ ਸਨ। ਇਹਨਾਂ ਸਭ ਸੇਵਾਦਾਰ ਪ੍ਰੇਮੀਆਂ ਨੇ ਹੱਥ ਬੰਨ੍ਹ ਕੇ ਬੇਨਤੀ ਕੀਤੀ "ਮਹਾਰਾਜ ਜੀ, ਅੱਜ ਬਖਸ਼ ਲਵੋ, ਮੁੜ ਕੇ ਸ਼ੱਕਰ ਘਿਉ ਚੋਰੀ ਨਹੀਂ ਖਾਂਦੇ। ਇਹ ਸੀ

ਸਤਿਗੁਰਾਂ ਦੀ ਦਿਵਯ ਦ੍ਰਿਸ਼ਟੀ। ਮਹਾਰਾਜ ਜੀ ਨੂੰ ਪਤਾ ਸੀ ਕਿ ਇਹ ਚੋਰੀ ਹੀ ਸਾਰੇ ਖਾ ਰਹੇ ਹਨ। ਇਸ ਕਰਕੇ ਉਹਨਾਂ ਨੇ ਜਾਣ ਬੁੱਝ ਕੇ ਹੀ ਬੰਤਾਂ ਸਿੰਘ ਨੂੰ ਭੇਜਿਆ ਸੀ।

*********

## ਸਾਖੀ 293

### ਸ. ਭਗਤ ਸਿੰਘ ਮੱਲ ਜੀ ਆਪਣੀ ਜੁਬਾਨੀ ਸਤਿਗੁਰੂ ਦੀ ਮਹਿਮਾ ਇੰਝ ਵਿਖਿਆਨ ਕਰਦੇ ਹਨ.-

Once I was caught be fever unfortunatelly that fever did not subside for few months and ultimately it was detected by means of X-Ray that led to me. T.B.

As I was gazzted officer in the Govt. of India. So I was sent to T.B. SANTARIO at KAUSALI - SHIMLA - HILLS. There I realized my mistakes of not recitings words of (PAAHELI POREE) as said by SWAMI SARWAN DASS JEE. I had wept bitterly and used to request Maharaj to pardon me for the mistake. Maharaj blessed me that I was fully cured of T.B. and resumed duty as Section Officer daily. After resuming the duty in May 1959, I and my wife resolved to visit Maharaj Jee's Cottage at BALLAN'S and seek their blessings. Now at the present moment of time I am taking pension of Central Govt. I am very happy with my family. Due to the blessing of MAHARAJ JEE my daughter is in the Indian Air Lines and other members are well-established in other depts.

S. Bhagat Singh Mal.

## ਸਾਖੀ 294

### ਸਿਰ ਉੱਪਰ ਬਾਟੀਆਂ ਦੀ ਭਰੀ ਬੋਰੀ ਰੱਖਣੀ।

ਇਕ ਵਾਰੀ ਸ. ਭਗਤ ਸਿੰਘ ਮੱਲ ਜੀ ਪਰਿਵਾਰ ਸਮੇਤ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਮੁਬਾਰਕ ਚਰਨਾਂ ਤੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਨ ਆਏ। ਮਹਾਰਾਜ ਜੀ ਸਭ ਸੇਵਾਦਾਰ ਪ੍ਰੇਮੀਆ ਨੂੰ ਕੰਮ ਦੱਸ ਰਹੇ ਸਨ, ਉਹਨਾਂ ਦੀਆਂ ਡਿਊਟੀਆਂ ਲਗਾ ਰਹੇ ਸਨ। ਆਪ ਸਤਿਗੁਰ ਦੇ ਚਰਨਾਂ ਵਿੱਚ ਬੈਠੇ ਸਨ।

ਆਪ ਜੀ ਦੇ ਮਨ ਵਿੱਚ ਆਇਆ ਕਿ ਮਹਾਰਾਜ ਜੀ ਮੈਨੂੰ ਕਿਸੇ ਕੰਮ ਉੱਪਰ ਨਹੀਂ ਲਗਾਉਦੇ। ਬੱਸ ਫਿਰ ਕੀ ਸੀ। ਪਿੰਡ ਵਿਚਲੇ ਮੰਦਿਰ ਵਿੱਚੋ ਲਗਭਗ 200 ਬਾਟੀਆ (ਕੌਲੀਆਂ) ਦੀ ਬੋਰੀ ਸਤਿਗੁਰਾ ਨੇ ਮੇਰੇ ਸਿਰ ਉੱਪਰ ਰਖਾ ਦਿੱਤੀ। ਮੈਂ ਭਾਰ ਚੁੱਕੀ ਚਲਦਾ-ਚਲਦਾ ਨਹਿਰ ਦੇ ਪੁੱਲ ਤੱਕ ਆ ਕੇ ਪਸੀਨੋ-ਪਸੀਨਾ ਹੋ ਗਿਆ। ਮੇਰੀ ਬਸ ਹੋਈ ਜਾਏ। ਮੈਂ ਮਸਾਂ ਹੀ ਬਾਟੀਆਂ ਵਾਲੀ ਬੋਰੀ ਡੇਰੇ ਵਿਖੇ ਲਿਆ ਉਤਾਰੀ ਅਤੇ ਮਹਾਰਾਜ ਜੀ ਨੂੰ ਪ੍ਰਣਾਮ ਕੀਤਾ ਮਹਾਰਾਜ ਜੀ ਸਭ ਦੇ ਦਿਲਾ ਦੀ ਜਾਨਣ ਵਾਲੇ ਸਨ-

ਘਟ ਘਟ ਕੇ ਅੰਤਰਿ ਕੀ ਜਾਨਤੁ ।ਭਲੇ ਬੁਰੇ ਕੀ ਪੀਰ ਪਛਾਣੁ ।।

(ਮੁਲਾਕਾਤ ਦਾ ਸਮਾਂ 17 ਅਗਸਤ 2002 ਸ਼ਾਮ 7.30 ਵਜੇ ਸ. ਭਗਤ ਸਿੰਘ ਜੀ ਨਾਲ )

## ਸਾਖੀ 295

## ਸ਼੍ਰੀਮਾਨ ਮਹਿੰਗਾ ਰਾਮ ਬਿਰਤਾਂਤ ਬਰਨਾਲਾ (ਨਵਾਂ ਸ਼ਹਿਰ)।

ਸ. ਸਵਰਨ ਸਿੰਘ ਜੀ ਬੱਲਾਂ, ਸ਼੍ਰੀਮਾਨ ਮਹਿੰਗਾ ਰਾਮ ਜੀ ਉੱਪਰ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਦੀ ਕਿਰਪਾ ਸੰਬੰਧੀ ਦੱਸਦੇ ਹਨ ਕਿ ਇੱਕ ਵਾਰੀ ਜਦ ਮਹਿੰਗਾ ਰਾਮ ਜੀ ਬਰਨਾਲਾ ਨੌਕਰੀ ਉੱਪਰ ਸਨ ਤਾਂ ਸਿੰਕਦਰਾ ਬਾਦ ਤੋਂ ਡਿਫੈਂਸ ਐਕਾਊਂਟਸ ਡਿਪਾਰਟਮੈਂਟ ਦੀ ਅਫ਼ਸਰ ਮੰਡਲੀ ਵਲੋਂ ਸਿਵਲ ਸਰਜਨ ਮੇਰਠ ਰਿਪੋਰਟ ਭੇਜੀ ਜਾਵੇ ਤਾਂ ਕਿ ਉਹਨਾਂ ਦੀ ਨੌਕਰੀ ਸੰਬੰਧੀ ਸ਼ਰਤਾਂ ਪੂਰੀਆਂ ਕੀਤੀਆਂ ਜਾ ਸਕਣ। ਸੰਤਾਂ ਨੇ ਮਹਿੰਗਾ ਰਾਮ ਜੀ ਨੂੰ ਕਿਹਾ "ਜਦ ਵੀ ਮਹਿੰਗਾ ਰਾਮ ਜੀ ਤੇਰਾ ਮੈਡੀਕਲ ਹੋਵੇਗਾ ਤੂੰ ਸਾਨੂੰ ਜ਼ਰੂਰ ਆ ਕੇ ਦੱਸਣਾ"। ਮਹਿੰਗਾ ਰਾਮ ਸੰਤਾਂ ਦੇ ਇਹ ਵਚਨ ਭੁੱਲ ਗਿਆ ਅਤੇ ਮੈਡੀਕਲ ਕਰਾਉਣ ਲਈ ਮੇਰਠ ਵਿਖੇ ਸਿਵਲ ਸਰਜਨ ਦੇ ਪਾਸ ਚਲਾ ਗਿਆ। ਜਦ ਡਾਕਟਰ ਸਾਹਿਬ ਨੇ ਮਹਿੰਗਾ ਰਾਮ ਜੀ ਦੀਆਂ ਅੱਖਾਂ ਚੈੱਕ ਕੀਤੀਆਂ ਤਾਂ ਅੱਖਾਂ ਦੀ ਰੌਸ਼ਨੀ ਘੱਟ ਹੋਣ ਕਰਕੇ, ਉਸ ਨੂੰ ਨੌਕਰੀ ਤੋਂ ਅਯੋਗ ਕਰਾਰ ਦੇ ਦਿੱਤਾ ਗਿਆ ਅਤੇ ਉਹ ਮੈਡੀਕਲ ਵਿਚੋਂ ਫੇਲ੍ਹ ਹੋ ਗਿਆ।

ਉਸਨੇ ਅਫ਼ਸਰ ਦੇ ਬੜੇ ਤਰਲੇ ਪਾਏ ਕਿ "ਸਾਹਿਬ ਜੀ, ਮੈਂ ਗਰੀਬ ਆਦਮੀ ਹਾਂ, ਮੈਨੂੰ ਨੌਕਰੀ ਤੋਂ ਨਾ ਕੱਢੋ"। ਅੱਗੇ ਸਿਵਲ ਸਰਜਨ ਕਹਿਣ ਲੱਗਾ "ਸਰਕਾਰ ਨੇ ਮੈਨੂੰ ਅੰਨ੍ਹਿਆਂ ਨੂੰ ਨੌਕਰੀ ਉੱਪਰ ਲਗਾਉਣ ਲਈ ਨਹੀਂ ਕਿਹਾ"।ਸ. ਸਵਰਨ ਸਿੰਘ ਬੱਲ ਦੱਸਦੇ ਹਨ ਕਿ ਮੈਂ ਮਹਿੰਗਾ ਰਾਮ ਜੀ ਨੂੰ ਹਰ ਰੋਜ਼ ਸਾਈਕਲ ਉੱਪਰ ਲੈ ਕੇ ਨਿਕਲ ਜਾਂਦਾ, ਡਾਕਟਰਾਂ ਕੋਲੋ ਉਸਦੀਆਂ ਅੱਖਾਂ ਚੈੱਕ ਕਰਵਾਉਂਦਾ ਤਾਂ ਕਿ ਉਸਦੀ ਨੌਕਰੀ ਬਚ ਜਾਵੇ। ਅੱਗੋ ਅੱਖਾਂ ਵਾਲੇ ਡਾਕਟਰ ਕਹਿ ਛੱਡਦੇ ਕਿ ਅਗਰ ਸਿਵਲ ਸਰਜਨ ਨੇ ਇਸਦਾ ਮੈਡੀਕਲ ਟੈਸਟ ਫੇਲ੍ਹ ਕਰ ਦਿੱਤਾ ਹੈ ਤਾਂ ਅਸੀਂ ਕਿਵੇਂ ਪਾਸ ਕਰ ਸਕਦੇ ਹਾਂ ? ਮੈਡੀਕਲ ਅਫ਼ਸਰ ਨੇ ਸਾਡੇ ਡਿਫੈਂਸ ਦਫ਼ਤਰ ਨੂੰ ਅਨਫਿਟ ਫਾਰ ਸਰਵਿਸ ਸਰਟੀਫਿਕੇਟ ਭੇਜ ਦਿਤਾ। ਹੈੱਡ ਆਫ਼ਿਸ ਸਿਕੰਦਰਾਬਾਦ ਵਿਖੇ।ਫਿਰ ਅਸੀਂ ਹਤਾਸ਼ ਨਿਰਾਸ਼ ਹੋ ਕੇ ਸੰਤਾਂ ਨੂੰ ਚਿੱਠੀ ਲਿਖੀ ਕਿ ਮਹਾਰਾਜ ਜੀ ਸਾਡੇ ਨਾਲ ਇਹ ਘਟਨਾ ਵਾਪਰ ਚੁੱਕੀ ਹੈ।ਸੰਤਾਂ ਨੇ ਕਿਹਾ "ਤੁਸਾਂ ਪਹਿਲਾਂ ਇਹ ਗੱਲ ਕਿਉਂ ਨਾ ਦੱਸੀ" ? ਨਾਲ ਹੀ ਮਹਾਰਾਜ ਜੀ ਆਖਣ ਲੱਗੇ ਆਪਾਂ ਹੁਣ ਇਹ ਵੇਖਣਾ ਹੈ ਕਿ ਹੈੱਡ ਆਫ਼ਿਸ ਸਿਕੰਦਰਾਬਾਦ ਦਾ ਕੀ ਜਵਾਬ ਆਉਂਦਾ ਹੈ।ਮਹਿੰਗਾ ਰਾਮ ਜੀ ਦੀ ਡਾਕਟਰੀ ਰਿਪੋਰਟ ਸੰਬੰਧੀ।

ਸਤਿਗੁਰ ਸਵਾਮੀ ਸਰਵਣ ਦਾਸ ਮਹਾਰਾਜ ਜੀ ਦਾ ਆਲੌਕਿਕ ਚਮਤਕਾਰ

ਕਿ ਸਿਕੰਦਰਾਬਾਦ ਦੇ ਡਿਫੈਂਸ ਅਕਾਊਂਟਸ ਡਿਪਾਰਟਮੈਂਟ (ਹੈੱਡ) ਨੇ ਬਰਾਂਚ ਅਫ਼ਿਸ ਅੰਬਾਲਾ ਕੈਂਟ ਨੂੰ ਲਿਖਿਆ ਕਿ 'ਤੁਸੀਂ ਕਿਰਪਾ ਕਰਕੇ ਦੱਸੋ ਕਿ ਕਿਤਨੀ ਨਿਗ੍ਹਾ ਵਾਲੇ ਵਿਅਕਤੀ ਨੂੰ ਤੁਸੀਂ ਭਰਤੀ ਕਰਨ ਦੇ ਯੋਗ ਸਮਝਦੇ ਹੋ ਅਤੇ ਨਾਲ ਹੀ ਸ਼੍ਰੀਮਾਨ ਮਹਿੰਗਾ ਰਾਮ ਜੀ ਦੀ 6 ਸਾਲ ਦੀ ਨੌਕਰੀ ਦੌਰਾਨ ਜਿੰਨੀ ਅੱਖਾਂ ਵਿਚੋਂ ਵੀਕਨੈਸ ਆਫ ਆਈ ਹੋ ਸਕਦੀ ਹੈ ਉਸਨੂੰ ਘਟਾ ਕੇ ਬਚਦੀ ਨਿਗ੍ਹਾ (ਰੌਸ਼ਨੀ) ਵੇਖੋ ਕਿ ਮੈਡੀਕਲ ਵਾਸਤੇ ਫਿੱਟ ਆਉਂਦੀ ਹੈ ਜਾਂ ਨਹੀਂ। ਅਸੀਂ ਲੋਕ ਦੁਬਾਰਾ ਫਿਰ ਸਿਵਲ ਸਰਜਨ ਦੇ ਮੈਡੀਕਲ ਚੈੱਕ ਅੱਪ ਕਰਾਉਣ ਵਾਸਤੇ ਗਏ। ਦੁਪਹਿਰ ਹੋ ਚੁੱਕੀ ਸੀ। ਸਿਵਲ ਸਰਜਨ ਦੇ ਦਫ਼ਤਰ ਅੱਗੇ ਲਾਈਨਾਂ ਲੱਗੀਆਂ ਹੋਈਆਂ ਸਨ। ਮੈਡੀਕਲ ਹੋਣਾ ਹੀ ਬਾਕੀ ਰਹਿ ਗਿਆ ਸੀ। ਸਿਵਲ ਸਰਜਨ ਨੇ ਦੁਪਹਿਰ ਦਾ ਖਾਣਾ ਖਾਣਾ ਸੀ। ਸਾਹਿਬ ਨੇ ਚਪੜਾਸੀ ਕੋਲੋਂ ਪੁੱਛਿਆਂ ਹੋਰ ਕੋਈ ਰਹਿ ਤਾਂ ਨਹੀਂ ਗਿਆ। ਇਸ ਤੇ ਚਪੜਾਸੀ ਨੇ ਕਿਹਾ–

'ਸਾਹਿਬ ਜੀ ਵੋਹੀ ਮੋਟੀ ਮੋਟੀ ਆਖੋਂ ਔਰ ਚਸ਼ਮੇ ਵਾਲਾ ਆਦਮੀ ਹੈ, ਜੋ ਪਹਿਲੇ ਵੀ ਆਇਆ ਥਾ'।

ਸਾਹਿਬ ਨੇ ਆਖਿਆ ਉਸਨੂੰ ਅੰਦਰ ਭੇਜਦੇ। ਚਪੜਾਸੀ ਦੇ ਕਹਿਣ ਤੇ ਮਹਿੰਗਾ ਰਾਮ ਅੰਦਰ ਦਾਖਲ ਹੋਇਆ। ਉਸਦੀਆਂ ਲੱਤਾਂ ਕੰਬ ਰਹੀਆਂ ਸਨ ਅਤੇ ਫ਼ਿਕਰ ਚਿਹਰੇ ਉੱਪਰ ਸਾਫ ਦਿਖਾਈ ਦੇ ਰਿਹਾ ਸੀ। ਪਰ ਜਿਸਦੇ ਅੰਗ ਸੰਗ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਹੋਣ ਉਸਦੇ ਵਿਗੜੇ ਕੰਮ ਆਪਣੇ ਆਪ ਸੁਆਰੇ ਜਾਂਦੇ ਹਨ। ਸਿਵਲ ਸਰਜਨ ਦਾ ਦਿਮਾਗ ਪਤਾ ਨਹੀਂ ਕੀ ਗੇੜ ਖਾ ਗਿਆ। ਉਸਨੇ ਪੁਰਾਣਾ ਅਨਫਿੱਟ ਵਾਲਾ ਮੈਡੀਕਲ ਸਰਟੀਫਿਕੇਟ ਪਾੜ ਦਿੱਤਾ ਅਤੇ ਮਹਿੰਗਾ ਰਾਮ ਜੀ ਨੂੰ ਕਿਹਾ "ਅਸੀਂ ਰੋਟੀ ਖਾਣੀ ਹੈ, ਆਪ ਵੀ ਖਾਉ"। ਇਸ ਤਰ੍ਹਾਂ ਮਹਿੰਗਾ ਰਾਮ ਜੀ ਨੂੰ ਸਿਵਲ ਸਰਜਨ ਨੇ ਆਪਣੇ ਕੋਲੋ ਖਾਣਾ ਖੁਆਇਆ ਅਤੇ ਉਸ ਨੂੰ ਮੈਡੀਕਲ ਫਿਟਨੈੱਸ ਸਰਟੀਫਿਕੇਟ ਫਾਰ ਸਰਵਿਸ ਨਵਾਂ ਬਣਾ ਕੇ ਦਿਤਾ। ਇਹ ਹੈ ਸੰਤਾਂ ਦੀ ਸੰਗਤ ਦਾ ਪ੍ਰਤਾਪ।

## ਸਾਖੀ 296

## ਫਿਰ ਸ਼ਰਾਬ ਨਹੀਂ ਪੀਣੀ

ਸ਼੍ਰੀ ਕਰਮ ਚੰਦ ਜੀ ਅਲਾਵਲ ਪੁਰ ਵਾਲੇ ਠੇਕੇ ਪਰ ਜ਼ਮੀਨ ਦੀ ਬਹਾਈ ਕਰਦੇ ਹੁੰਦੇ ਸਨ। ਜ਼ਿਮੀਦਾਰਾਂ ਦੇ ਮੁੰਡਿਆਂ ਨੇ ਆਪ ਨੂੰ ਇੱਕ ਵਾਰ ਧੋਖੇ ਨਾਲ ਸ਼ਰਾਬ ਪਿਲਾ ਦਿੱਤੀ। ਆਪ ਖੂਹ ਦੀ ਗੇੜੀ ਪਰ ਹੀ ਸੌਂ ਗਏ । ਆਪ ਨੂੰ ਸਵੇਰੇ ਚਾਰ ਵਜੇ ਤੱਕ ਜਾਗ ਨਾ ਆਈ । ਮਹਾਰਾਜ ਜੀ ਨੇ ਸੁਪਨੇ 'ਚ ਮੇਰੇ ਦੁਆਲੇ ਖੂੰਡਾ ਚੁੱਕ ਲਿਆ। ਮੈਂ

ਅੱਧ ਸੁੱਤਾ ਹੀ ਸਤਿਨਾਮ ਸਤਿਨਾਮ- ਸਤਿਨਾਮ ਕਰਨ ਲੱਗ ਪਿਆ। ਮੇਰੇ ਦੋਨੋਂ ਬੱਚੇ ਸੁੱਤੇ ਪਏ ਸਨ। ਉਹ ਵੀ ਜਾਗ ਪਏ। ਆਂਢ-ਗੁਆਂਢ ਵੀ ਜਾਗ ਪਿਆ। ਕਿਉਂਕਿ ਮੈਂ ਬਹੁਤ ਹੀ ਉੱਚੀ ਉੱਚੀ ਰੌਲਾ ਪਾ ਦਿੱਤਾ ਸੀ। ਮੈਨੂੰ ਸਾਰਿਆਂ ਨੇ ਹੀ ਇਸ ਬਾਰੇ ਪੁੱਛਿਆ, ਪਰ ਆਪ ਨੇ ਉਹਨਾਂ ਨੂੰ ਇਸ ਘਟਨਾ ਬਾਰੇ ਨਹੀਂਦੱਸਿਆ।

ਥੋੜ੍ਹੇ ਦਿਨਾਂ ਬਾਦ ਆਪ ਕੁਟੀਆ ਵਿਖੇ ਮੱਥਾ ਟੇਕਣ ਆਏ ਤਾਂ ਮਹਾਰਾਜ ਜੀ ਨੇ ਕਿਹਾ ਕਿ ਐਸੀ ਗਲਤੀ ਦੁਬਾਰਾ ਨਾ ਕਰੀਂ। ਅਗਰ ਤੂੰ ਨਾ ਉੱਠਦਾ ਤਾਂ ਅਸੀਂ ਤੇਰੀ ਸੇਵਾ ਕਰ ਦੇਣੀ ਸੀ। ਮਹਾਰਾਜ ਜੀ ਸਭ ਸੇਵਕਾਂ ਤੇ ਆਪਣੀ ਦਇਆ ਦ੍ਰਿਸ਼ਟੀ ਰੱਖਦੇ ਸਨ। ਸ਼੍ਰੀ ਕਰਮ ਚੰਦ ਜੀ ਸਤਿਗੁਰਾਂ ਦੇ ਚਰਨਾਂ ਉੱਪਰ ਮੱਥਾ ਟੇਕਣ ਲੱਗ ਪਏ। ਚਰਨ ਨਾ ਛੱਡਣ।

## ਸਾਖੀ 297

## ਬੱਚਾ ਕਹੇ ਸਾਈਕਲ ਦੇ ਡੰਡੇ ਤੇ ਬਹਿਣਾ ਹੈ।

ਸ਼੍ਰੀ ਕਰਮ ਚੰਦ ਜੀ, ਪਿੰਡ ਅਲਾਵਲ ਪੁਰ ਦੇ ਰਹਿਣ ਵਾਲੇ ਹਨ। ਆਪ ਜੀ ਨੇ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੂੰ ਆਪਣਾ ਗੁਰੂ ਧਾਰਿਆ। ਆਪ ਜੀ ਦੇ ਘਰ ਵਿੱਚ ਪਹਿਲੇ ਬਾਲਕ ਦਾ ਜਨਮ ਹੋਇਆ। ਪਰ ਢਾਈ ਸਾਲ ਦਾ ਹੋਇਆ ਤਾਂ ਇੱਕ ਸ਼ਾਮ ਇਹ ਬੱਚਾ ਜਿਹੜਾ ਕਿ ਸਿਹਤ ਪੱਖੋਂ ਬਹੁਤ ਹੀ ਨਰੋਆ ਅਤੇ ਤੰਦਰੁਸਤ ਸੀ। ਇੱਕ ਦਮ ਢਿੱਲਾ ਪੈ ਗਿਆ। ਬੱਚੇ ਦੀ ਗਿੱਚੀ ਵਿੱਚ ਟੋਆ ਜਿਹਾ ਪੈ ਗਿਆ, ਅੱਖਾਂ ਵਿੱਚ ਵੜ ਗਈਆਂ ਅਤੇ ਧੌਣ ਇਕ ਦਮ ਥੱਲੇ ਲਟਕ ਗਈ । ਸਵੇਰ ਦੇ ਵੇਲੇ ਇਹ ਬੱਚਾ ਚੜ੍ਹਾਈ ਕਰ ਗਿਆ। ਜਿਸ ਵਿਹੜੇ ਖੁਸ਼ੀਆਂ ਆਈਆਂ ਸਨ। ਉਸ ਵਿਹੜੇ ਗਮਾਂ ਦੀ ਚਾਦਰ ਵਿਛ ਗਈ। ਫਿਰ ਸ਼੍ਰੀ ਕਰਮ ਚੰਦ ਜੀ ਦੇ ਘਰ ਲੜਕਾ ਪੈਦਾ ਹੋਇਆ, ਉਹ ਵੀ ਇਸੇ ਹਾਲਤ ਵਿਚੋਂ ਲੰਘ ਕੇ ਮਰ ਗਿਆ। ਬਹੁਤ ਡਾਕਟਰਾਂ ਨੂੰ ਦਿਖਾਇਆ ਪਰ ਇਸ ਵਾਰੀ ਵੀ ਹੋਣੀ ਬਲਵਾਨ ਨਿਕਲੀ।ਸਮਾਂ ਬੀਤਦਾ ਗਿਆ। ਸ਼੍ਰੀ ਕਰਮ ਚੰਦ ਜੀ ਦੇ ਘਰ ਤੀਸਰਾ ਲੜਕਾ ਪੈਦਾ ਹੋਇਆ। ਜਿਸ ਦਾ ਨਾਮ ਮਦਨ ਲਾਲ ਰੱਖਿਆ ਗਿਆ। ਜਦ ਇਹ ਢਾਈ ਸਾਲਾਂ ਦਾ ਹੋਇਆਂ ਤਾਂ ਇਸ ਬੱਚੇ ਨਾਲ ਵੀ ਉਹੀ ਕੁਝ ਹੋਇਆ। ਜੋ ਕੁਝ ਪਹਿਲਾਂ ਵਾਲੇ ਬੱਚਿਆਂ ਨਾਲ ਹੋਇਆ ਸੀ। ਆਂਢ- ਗੁਆਂਢ ਦੇ ਲੋਕਾਂ ਅਤੇ ਰਿਸ਼ਤੇਦਾਰਾ ਨੇ ਆਖਿਆ ਇਸ ਨੂੰ ਫਟਾ ਫਟ ਜਲੰਧਰ ਦੇ ਹਸਪਤਾਲ ਵਿਚ ਲੈ ਜਾਉ। ਪਰ ਸ਼੍ਰੀ ਕਰਮ ਚੰਦ ਜੀ ਨਾ ਮੰਨੇ। ਉਹਨਾਂ ਕਿਹਾ ਹੁਣ ਮੈਂ ਸਭ ਡਾਕਟਰ ਦੇਖ ਚੁੱਕਾ ਹਾਂ। ਹੁਣ ਮੈਂ ਇਸ ਬੱਚੇ ਨੂੰ ਆਪਣੇ ਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਪਾਸ ਬੱਲਾਂ ਕੁਟੀਆ ਵਿਖੇ ਲੈ ਕੇ ਜਾਵਾਂਗਾ।

ਆਪ ਸਾਈਕਲ ਉੱਪਰ ਸਵਾਰ ਹੋ ਕੇ ਦੋਨੋਂ ਪਤੀ ਪਤਨੀ ਬੱਚੇ ਨੂੰ ਲੈ ਕੇ ਕੁਟੀਆ ਬੱਲਾਂ ਵਿਖੇ ਆ ਗਏ।ਉਹਨਾਂ ਦਿਨਾਂ ਵਿਚ ਡੇਰੇ ਵਿਖੇ ਵੈਦ ਪ੍ਰੀਤਮ ਦਾਸ ਜੀ ਦਵਾਈ ਦਾਰੂ ਦਾ ਕੰਮ ਕਰਿਆ ਕਰਦੇ ਸਨ। ਜਿਹੜੇ ਕਿ ਕਰਮ ਚੰਦ ਜੀ ਦੇ ਮਾਮੇ ਦੇ ਲੜਕੇ ਸਨ। ਵੈਦ ਜੀ ਨੇ ਬੱਚੇ ਨੂੰ ਇਕ ਗੋਲੀ ਦੁੱਧ ਵਿਚ ਘੋਲ ਕੇ ਪਿਲਾ ਦਿਤੀ। ਬੱਚਾ ਲੰਮਾ ਪਾ ਦਿੱਤਾ ਗਿਆ।ਬੱਚੇ ਦੀ ਧੌਣ ਮੁੜੀ ਹੋਈ ਸੀ।ਲਟਕੀ ਹੋਈ ਸੀ।ਸਾਰੀ ਸੰਗਤ ਜਿਸ ਵਿਚ ਇਕ ਥਾਣੇਦਾਰ ਵੀ ਸੀ। ਸ਼੍ਰੀ ਕਰਮ ਚੰਦ ਜੀ ਅਤੇ ਉਹਨਾਂ ਦੀ ਪਤਨੀ ਨੂੰ ਗੁੱਸੇ ਨਾਲ ਆਖ ਰਿਹਾ ਸੀ ਕਿ ਬੱਚਾ ਮਰ ਰਿਹਾ ਹੈ ਇਹਨਾਂ ਨੂੰ ਕੋਈ ਫ਼ਿਕਰ ਨਹੀਂ ਹੈ। ਸ਼੍ਰੀ ਕਰਮ ਚੰਦ ਜੀ ਨੇ ਉਹਨਾਂ ਸਭ ਨੂੰ ਕਿਹਾ ਕਿ ਅਗਰ ਮੇਰਾ ਬੱਚਾ ਇਸ ਚਾਰ ਦਵਾਰੀ ਵਿਚ ਮਰ ਗਿਆ ਤਾਂ ਇਸ ਦੀ ਰੂਹ ਸਵਰਗਾਂ ਨੂੰ ਜਾਵੇਗੀ। ਪੋਹ ਦੇ ਦਿਨ ਸਨ। ਠੰਡ ਦਾ ਬਹੁਤ ਹੀ ਜ਼ੋਰ ਸੀ। ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਅਤੇ ਸੰਤ ਹਰੀ ਦਾਸ ਜੀ ਜੀਪ ਵਿਚ ਫਗਵਾੜੇ ਗਏ ਹੋਏ ਸਨ। ਚਾਰ ਵਜੇ ਦੇ ਕਰੀਬ ਰੱਬ ਜੀ ਵਾਪਸ ਆਏ। ਮਹਾਰਾਜ ਜੀ ਨੇ ਆਉਂਦਿਆ ਹੀ ਸੰਗਤ ਨੂੰ ਆਖਿਆ, "ਭਰਾਵੋ, ਬੀਬੀਓ, ਜਿਨ੍ਹਾ ਜਿਨ੍ਹਾ ਨੇ ਵੀ ਦਵਾਈ ਲੈਣੀ ਹੈ ਲੈ ਲਵੋ ਅਤੇ ਘਰਾਂ ਨੂੰ ਚਲੇ ਜਾਵੋ। ਠੰਡ ਬਹੁਤ ਜ਼ਿਆਦਾ ਹੈ"। ਸ਼੍ਰੀ ਕਰਮ ਚੰਦ ਜੀ ਨੇ ਉੱਠ ਕੇ ਬੱਚਾ ਸਵਾਮੀ ਸਰਵਣ ਦਾਸ ਜੀ ਦੇ ਚਰਨਾਂ ਵਿਚ ਰੱਖ ਦਿੱਤਾ। ਮਹਾਰਾਜ ਜੀ ਸ਼ਾਂਤ ਰਹੇ ਪੁੱਛਿਆ "ਕੀ ਗੱਲ ਹੈ"। ਸ਼੍ਰੀ ਕਰਮ ਚੰਦ ਜੀ ਕਹਿਣ ਲੱਗੇ "ਮਹਾਰਾਜ ਜੀ ਜਾਂ ਤਾਂ ਇਸ ਬੱਚੇ ਨੂੰ ਸਵਰਗ ਵਿਚ ਪਹੁੰਚਾ ਦਿਉ ਜਾਂ ਫਿਰ ਇਸ ਨੂੰ ਤੰਦਰੁਸਤ ਕਰ ਦਿਉ।

ਮਹਾਰਾਜ ਜੀ ਨੇ ਪ੍ਰੀਤਮ ਦਾਸ ਵੈਦ ਜੀ ਨੂੰ ਕਿਹਾ, "ਵੈਦ ਜੀ ਬੀਬੀ ਨੂੰ ਤਿੰਨ ਗੋਲੀਆਂ ਕਸਤੂਰੀ ਦੀਆਂ ਲਿਆ ਦਿਉ। ਬੀਬੀ ਜੀ ਇਹ ਤਿੰਨ ਗੋਲੀਆਂ ਪੱਲੇ ਨਾਲ ਬੰਨ ਲਉ। ਸਵੇਰੇ ਸਾਜਰੇ ਆ ਕੇ ਸਾਨੂੰ ਦੱਸਣਾ ਕਿ ਬੱਚੇ ਦੀ ਕੀ ਹਾਲਤ ਹੈ। ਇਕ ਗੋਲੀ ਘਰ ਜਾਂਦਿਆ ਹੀ ਦੁੱਧ ਨਾਲ ਦੇ ਦੇਣੀ। ਸ਼੍ਰੀ ਕਰਮ ਚੰਦ ਜੀ ਦੇ ਮਨ ਵਿਚ ਸ਼ੱਕ ਹੋਇਆ ਕਿ ਜਿਹੜੇ ਸੰਤਾਂ ਨੇ ਮੈਨੂੰ ਤੜਕੇ ਕਿਹਾ ਹੈ ਕਿ ਆ ਕੇ ਬੱਚੇ ਬਾਰੇ ਦੱਸਉ। ਇਸ ਬੱਚੇ ਨੇ ਵੀ ਲੱਗਦਾ ਹੈ ਬਚਣਾ ਨਹੀਂ ਹੈ।ਆਪ ਦੋਨੋਂ ਜੀਅ ਬੱਚੇ ਨੂੰ ਕੁਟੀਆਂ ਵਿੱਚੋਂ ਲੈ ਕੇ ਜਦ ਫੁੱਲਾਂ ਵਾਲੀਆਂ ਕਿਆਰੀਆਂ ਪਾਸ ਆਏ ਤਾਂ ਬੱਚੇ ਨੇ ਚਾਰ ਚੁਫੇਰੇ ਤੱਕਿਆ। ਬੱਚਾ ਕਹੇ ਮੈਨੂੰ ਫੁੱਲ ਤੋੜ ਕੇ ਦੇਵੋ। ਇਸ਼ਾਰਾ ਕਰੇ। ਘਰਵਾਲੀ ਆਖੇ ਫੁੱਲ ਨਹੀਂ ਤੋੜਨਾ। ਸੰਤਾਂ ਨੇ ਗੁੱਸੇ ਹੋਣਾ ਹੈ। ਸ਼੍ਰੀ ਕਰਮ ਚੰਦ ਜੀ ਨੇ ਆਖਿਆ ਸੰਤ ਬੱਚਿਆਂ ਨੂੰ ਗੁੱਸੇ ਨਹੀਂ ਹੁੰਦੇ ਇਸ ਲਈ ਆਪ ਨੇ ਇਕ ਫੁੱਲ ਤੋੜ ਦਿੱਤਾ। ਜਿਹੜਾ ਬੱਚੇ ਨੇ ਹੱਥ ਵਿਚ ਫੜ ਲਿਆ। ਬੱਚਾ ਇਕ ਫੁੱਲ ਹੋਰ ਮੰਗੇ। ਸ਼੍ਰੀ ਕਰਮ ਚੰਦ ਜੀ ਨੇ ਇਕ ਫੁੱਲ ਹੋਰ ਤੋੜ ਦਿੱਤਾ। ਬੱਚੇ ਨੇ ਦੋਨੋਂ ਫੁੱਲ ਦੋਨੋਂ ਹੱਥਾਂ ਵਿਚ ਫੜ ਲਏ ਅਤੇ ਸਾਈਕਲ ਦਾ ਹੈਂਡਲ

ਵੀ ਦੋਨੋਂ ਹੱਥਾਂ ਵਿਚ ਪਕੜ ਲਿਆ। ਬੱਚੇ ਵਿਚ ਅਥਾਹ ਸ਼ਕਤੀ ਪ੍ਰਵੇਸ਼ ਕਰ ਗਈ। ਸ਼੍ਰੀ ਕਰਮ ਚੰਦ ਜੀ ਸਾਈਕਲ ਉੱਪਰ ਸਵਾਰ ਹੋ ਕੇ ਪਿੱਛੇ ਉਹਨਾਂ ਦੀ ਪਤਨੀ ਬੈਠੀ ਸੀ। ਬੱਚਾ ਸਾਈਕਲ ਦੇ ਡੰਡੇ ਉੱਪਰ ਬੈਠਣ ਲਈ ਪਿੰਡ ਅਲਾਵਲ ਪੁਰ ਤੱਕ ਜ਼ਿਦ ਕਰਦਾ ਰਿਹਾ ਅਤੇ ਸਾਈਕਲ ਉੱਪਰ ਪਿੱਛੇ ਬੈਠੀ ਆਪਣੀ ਮਾਂ ਕੋਲ ਨਹੀਂ ਗਿਆ। ਦੋਨੋਂ ਜੀਅ ਹੱਸਦੇ ਖੇਡਦੇ ਘਰ ਨੂੰ ਪਹੁੰਚੇ ਅੱਜ ਇਹ ਬੱਚਾ ਬੱਚਿਆ ਦਾ ਬਾਪ ਹੈ ਜਿਸ ਦਾ ਨਾਮ ਮਦਨ ਲਾਲ ਹੈ।

## ਸਾਖੀ 298

## ਸਮੁੰਦਰ ਪੀ ਕੇ ਲਵਾ ਖੁਸ਼ਕ ਰੱਖੀਦਾ।

(ਸ਼੍ਰੀ ਕਰਮ ਚੰਦ ਜੀ ਪਿੰਡ ਅਲਾਵਲਪੁਰ (ਜਲੰਧਰ) ਦੁਆਰਾ ਸਤਿਗੁਰ ਸਰਵਣ ਦਾਸ ਮਹਾਰਾਜ ਜੀ ਦੀ ਮਹਿਮਾ)

ਸ਼੍ਰੀ ਕਰਮ ਚੰਦ ਜੀ ਪਿੰਡ ਅਲਾਵਲ ਪੁਰ ਜ਼ਿਲ੍ਹਾ ਜਲੰਧਰ ਦੇ ਰਹਿਣ ਵਾਲੇ ਹਨ। ਆਪ ਜੀ ਦਾ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਨਾਲ ਬਹੁਤ ਪਿਆਰ ਸੀ। ਆਪ ਜੀ ਦੀ ਭੈਣ ਮੰਡੀ ਸਕੇਤ (ਹਿਮਾਚਲ ਪ੍ਰਦੇਸ਼) ਵਿਆਹੀ ਹੋਈ ਸੀ। ਆਪ ਇੱਕ ਵਾਰੀ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਨੂੰ ਕੁਟੀਆ ਬੱਲਾਂ ਵਿਖੇ ਨਮਸਕਾਰ ਕਰਨ ਆਏ। ਆਪ ਨੇ ਇੱਛਾ ਜ਼ਾਹਿਰ ਕੀਤੀ ਕਿ ਸਤਿਗੁਰੂ ਜੀ ਮੈਂ ਆਪਣੀ ਭੈਣ ਜੀ ਨੂੰ ਮੰਡੀ ਸਕੇਤ (ਹਿਮਾਚਲ) ਵਿਖੇ ਮਿਲਣ ਜਾਣਾ ਹੈ ਪਰ ਜੰਗਲੀ ਪਹਾੜੀ ਬੀਆਬਾਨ ਰਸਤਾ ਹੋਣ ਕਰਕੇ ਮੈਨੂੰ ਡਰ ਬਹੁਤ ਲੱਗਦਾ ਹੈ। ਸਤਿਗੁਰੂ ਜੀ ਨੇ ਕੁਝ ਚਿਰ ਸ਼ਾਂਤ ਰਹਿਣ ਮਗਰੋਂ ਆਪਣੇ ਮੁਖਾਰਬਿੰਦ ਤੋਂ ਉਚਾਰਨ ਕੀਤਾ, "ਕਰਮ ਚੰਦ ਜੀ ਤੁਸੀਂ ਮੰਗਲਵਾਰ ਨੂੰ ਆਪਣੀ ਭੈਣ ਨੂੰ ਮਿਲਣ ਚਲੇ ਜਾਇਓ"।

ਆਪ ਨੇ ਜਲੰਧਰ ਬੱਸ ਅੱਡੇ ਤੋਂ ਬੱਸ ਫੜੀ, ਪਹਿਲਾਂ ਕੀਰਤਪੁਰ ਪਹੁੰਚੇ ਫਿਰ ਪਹਾੜੀ ਰਸਤਾ ਸ਼ੁਰੂ ਹੋਇਆ। ਇਥੋਂ ਆਪ ਪੈਦਲ ਹੀ ਮੰਡੀ ਸਕੇਤ ਲਈ ਚੱਲ ਪਏ।

ਮਨ ਵਿਚ ਸਤਿਗੁਰੂ ਜੀ ਨੂੰ ਯਾਦ ਕਰ ਰਹੇ ਸਨ। ਅਜੇ ਥੋੜ੍ਹਾ ਸਮਾਂ ਬੀਤਿਆ ਸੀ ਕਿ ਸਤਿਗੁਰ ਸਵਾਮੀ ਸਰਵਣ ਦਾਸ ਮਹਾਰਾਜ ਜੀ ਜੀਪ ਵਿਚ ਸਵਾਰ ਹੋ ਕੇ ਆਪਦੇ ਅੱਗੋਂ ਦੀ ਲੰਘ ਗਏ। ਸਵਾਮੀ ਜੀ ਦੇ ਗਲ ਵਿਚ ਫੁੱਲਾਂ ਦਾ ਹਾਰ ਪਾਇਆ ਹੋਇਆ ਸੀ। ਕਰਮ ਚੰਦ ਜੀ ਨੇ ਮਨ ਵਿੱਚ ਸੋਚਿਆ ਮਹਾਰਾਜ ਜੀ ਸ਼ਾਇਦ ਇੱਧਰ ਆਏ ਹੋਣ। ਕਰਮ ਚੰਦ ਕਾਹਲੀ ਕਾਹਲੀ ਨਾਲ ਕਦਮ ਪੁੱਟਣ ਲੱਗੇ। ਸਵਾਮੀ ਜੀ ਜੀਪ ਵਿੱਚ ਕੁਝ ਕੁ ਸਮੇਂ ਬਾਅਦ ਸਵਾਰ ਹੋ ਕੇ ਫਿਰ ਕਰਮ ਚੰਦ ਜੀ ਕੋਲੋ ਲੰਘ ਗਏ। ਮਹਾਰਾਜ ਜੀ ਦੀ ਜੀਪ ਕਦੀ ਆਪ ਜੀ ਦੇ ਅੱਗੇ ਹੋ ਜਾਵੇ ਕਦੀ ਪਿੱਛੇ ਹੋ ਜਾਵੇ। ਕਰਮ ਚੰਦ ਜੀ ਦੂਰੋਂ ਹੀ

ਨਮਸਕਾਰ ਕਰ ਛੱਡਦੇ।ਅਖੀਰ ਸ਼ਾਮ ਪਈ ਅਤੇ ਮੂੰਹ ਹਨੇਰਾ ਹੋਣ ਲੱਗਾ।ਸਾਰੇ ਦਿਨ ਦਾ ਥੱਕਿਆ ਟੁੱਟਿਆ ਸ਼੍ਰੀ ਕਰਮ ਚੰਦ ਜੀ ਮੰਡੀ ਸਕੇਤ ਦੀ ਜੂਹ ਵਿੱਚ ਜਾ ਵੜਿਆ, ਜਿੱਥੇ ਚੁੰਗੀ ਕੋਲ ਮਿਉਂਸੀਪਲ ਕਮੇਟੀ ਦੀਆਂ ਸੜਕ ਉੱਪਰ ਟਿਊਬਾਂ ਲੱਗੀਆਂ ਹੋਈਆਂ ਸਨ। ਇੱਥੇ ਇੱਕ ਵਾਰੀ ਫਿਰ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੀ ਜੀਪ ਆਪ ਜੀ ਨੂੰ ਦਿਖਾਈ ਦਿੱਤੀ ਅਤੇ ਫਿਰ ਹਨੇਰੇ ਵਿੱਚ ਅਲੋਪ ਹੋ ਗਈ,

ਇਸਦੇ ਨਾਲ ਹੀ ਕਰਮ ਚੰਦ ਜੀ ਆਪਣੀ ਭੈਣ ਦੇ ਘਰ ਜਾ ਪਹੁੰਚੇ। ਇੱਧਰ 5-6 ਦਿਨਾਂ ਬਾਅਦ ਸ਼੍ਰੀ ਕਰਮ ਚੰਦ ਜੀ ਪਿੰਡ ਬੱਲਾਂ ਵਿਖੇ ਸਤਿਗੁਰੂ ਜੀ ਨੂੰ ਨਮਸਕਾਰ ਕਰਨ ਆਇਆ। ਆਉਂਦਿਆ ਹੀ ਸਆਮੀ ਸਰਵਣ ਦਾਸ ਮਹਾਰਾਜ ਜੀ ਨੇ ਸ਼੍ਰੀ ਕਰਮ ਚੰਦ ਜੀ ਨੂੰ ਪੁੱਛਿਆ "ਕਰਮ ਚੰਦਾਂ, ਤੈਨੂੰ ਮੰਡੀ ਸਕੇਤ (ਹਿਮਾਚਲ ਪ੍ਰਦੇਸ਼) ਜਾਦਿਆਂ ਡਰ ਤਾਂ ਨਹੀਂ ਲੱਗਾ" ? ਅੱਗੋਂ ਸ਼੍ਰੀ ਕਰਮ ਚੰਦ ਜੀ ਬੋਲੇ, "ਸਤਿਗੁਰੂ ਜੀ ਆਪ ਮੇਰੇ ਸਾਥ ਸੀ, ਡਰ ਮੈਨੂੰ ਕਿਸ ਗੱਲ ਦਾ ਲੱਗਣਾ ਸੀ।ਆਪ ਜੀ ਤਾਂ ਜੀਪ ਲੈ ਕੇ ਮੇਰੇ ਅੱਗੇ ਪਿੱਛੇ ਹੀ ਰਹੇ"। ਅੱਗੋ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਕਹਿਣ ਲੱਗੇ, "ਉਏ ਕਰਮ ਚੰਦਾ, ਕਿਸੇ ਨਾਲ ਇਸ ਤਰ੍ਹਾਂ ਦੀ ਗੱਲ ਨਾ ਕਰੀਂ, ਉਏ ਸਮੁੰਦਰ ਪੀ ਕੇ ਲਵਾ ਖੁਸ਼ਕ ਰੱਖੀਦਾ" ਸ਼੍ਰੀ ਕਰਮ ਚੰਦ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਉੱਪਰ ਆਪਣਾ ਸੀਸ ਟਿਕਾ ਦਿੱਤਾ।

-ਮਿਤੀ 20-10-2003 ਖੁਦ ਸ਼੍ਰੀ ਕਰਮ ਚੰਦ ਜੀ, ਅਲਾਵਲ ਪੁਰ

## ਸਾਖੀ 299

## ਅੱਜ ਰੂਹਾਂ ਸੱਚਖੰਡ ਜਾਣਗੀਆਂ।

ਇਕ ਵਾਰ ਸ਼੍ਰੀ ਕਰਮ ਚੰਦ ਜੀ ਅਤੇ ਉਹਨਾਂ ਦਾ ਸਹੁਰਾ ਪਾਵਨ ਪਵਿੱਤਰ ਦਰਬਾਰ ਬੱਲਾਂ ਵਿਖੇ ਆਏ ਅਤੇ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੂੰ ਮੱਥਾ ਟੇਕਣ ਬਾਅਦ, ਉਹਨਾਂ ਦੀ ਹਜ਼ੂਰੀ ਵਿੱਚ ਬਿਮਾਰ ਹੋਣ ਦੇ ਬਾਵਜੂਦ ਕਥਾ ਕਰ ਰਹੇ ਸਨ। ਮਹਾਰਾਜ ਜੀ ਪ੍ਰਵਚਨ ਕਰ ਰਹੇ ਸਨ, "ਅੱਜ ਜੋ ਵੀ ਪ੍ਰਾਣੀ ਸਾਡੀ ਕੁਟੀਆ ਦੀ ਚਾਰ ਦੀਵਾਰੀ ਅੰਦਰ ਆਇਆ ਹੈ ਅਤੇ ਜਿਸ ਕਿਸੇ ਨੇ ਵੀ ਕਥਾ ਸੁਣੀ ਹੈ ਉਹ ਸਭੇ ਪ੍ਰਾਣੀ ਅੱਜ ਸੱਚਖੰਡ ਜਾਣਗੇ"। ਇਹ ਗੱਲ ਮਈ 1972 ਈਸਵੀ ਦੀ ਹੈ। ਅਸੀਂ ਸ਼੍ਰੀ ਕਰਮ ਚੰਦ ਜੀ ਅਤੇ ਉਹਨਾਂ ਦਾ ਸਹੁਰਾ ਕਥਾ ਸੁਣਨ ਤੋਂ ਬਾਅਦ ਘਰ ਨੂੰ ਪਰਤ ਗਏ। ਘਰ ਜਾਂਦਿਆਂ ਹੀ ਆਪ ਜੀ ਦਾ ਸਹੁਰਾ ਜਿਹੜਾ ਕਿ ਸਿਆਣਾ ਬਜ਼ੁਰਗ ਸੀ ਬਿਮਾਰ ਹੋ ਗਿਆ। ਉਸ ਦੀ ਅੱਖ ਵਿਚੋਂ ਮਾੜਾ ਜਿਹਾ ਹੰਝੂ ਚੋਇਆ ਅਤੇ ਉਹ ਪ੍ਰਾਣ ਤਿਆਗ ਗਿਆ। ਸ਼੍ਰੀ ਕਰਮਚੰਦ ਜੀ ਨੇ ਕੁਟੀਆ ਆ ਕੇ ਸੰਤਾਂ ਨੂੰ ਇਸ ਸੰਬੰਧੀ ਜਾਣਕਾਰੀ

ਦਿੱਤੀ। ਸੰਤਾਂ ਨੇ ਆਖਿਆ, "ਕਰਮਚੰਦਾਂ ਤੇਰਾ ਸਹੁਰਾ ਸਿੱਧਾ ਸੱਚਖੰਡ ਗਿਆ ਹੈ। ਮੈਂ ਤੁਹਾਨੂੰ ਅੱਜ ਸਵੇਰੇ ਹੀ ਕਿਹਾ ਸੀ ਜਿਹੜੀਆਂ ਵੀ ਰੂਹਾਂ ਅੱਜ ਕਥਾ ਸੁਣਨਗੀਆਂ ਉਹ ਸਿੱਧੀਆਂ ਸੱਚਖੰਡ ਜਾਣਗੀਆਂ।

ਪ੍ਰਭ ਜੀ ਬਸਹਿ ਸਾਧ ਕੀ ਰਸਨਾ।

ਸ਼੍ਰੀ ਕਰਮਚੰਦ ਜੀ ਨੇ ਆਪਣਾ ਸਿਰ ਸਤਿਗੁਰ ਜੀ ਦੇ ਚਰਨਾਂ ਉੱਪਰ ਰੱਖ ਦਿੱਤਾ।

## ਸਾਖੀ 300

## ਮੁਕੱਦਮਾ ਤੇਰੇ ਹੱਕ ਵਿਚ ਹੋਵੇਗਾ।

ਸ਼੍ਰੀ ਕਰਮ ਚੰਦ ਜੀ ਅਲਾਵਲ ਪੁਰ ਵਾਲਿਆਂ ਦੀ ਜ਼ਮੀਨ ਸੰਬੰਧੀ ਮੁਕੱਦਮਾ ਚੱਲ ਰਿਹਾ ਸੀ। ਹਿੰਦੋਸਤਾਨ ਦੀ ਨਿਆ ਪ੍ਰਣਾਲੀ ਐਸੀ ਹੈ ਕਿ ਇੱਥੇ ਬਾਪ ਕਚਿਹਰੀਆਂ ਵਿੱਚ ਇਨਸਾਫ਼ ਲਈ ਅਰਜ਼ੀ ਦਿੰਦਾ ਹੈ ਪਰ ਇਸ ਅਰਜ਼ੀ ਦਾ ਉੱਤਰ ਉਸਦੇ ਪੋਤਿਆਂ ਨੂੰ ਤੀਸਰੀ ਪੀੜ੍ਹੀ ਵਿਚ ਜਾ ਕੇ ਮਿਲਦਾ ਹੈ। ਸ਼੍ਰੀ ਕਰਮ ਚੰਦ ਜੀ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਦੇ ਭੌਰੇ ਸਨ। ਮੁੱਕਦਮੇ ਸੰਬੰਧੀ ਆਪਨੂੰ ਜਲੰਧਰ ਕਚਿਹਰੀਆਂ ਵਿੱਚ ਜਾਣਾ ਪੈਂਦਾ ਸੀ। ਇੱਕ ਦਿਨ ਆਪ ਕੁਟੀਆ ਬੱਲਾਂ ਵਿਖੇ ਆਏ ਅਤੇ ਸੰਤਾਂ ਨੂੰ ਬੇਨਤੀ ਕੀਤੀ ਕਿ ਅੱਜ ਮੈਂ ਕਚਿਹਰੀਆਂ ਜਾਣਾ ਹੈ ਅਤੇ ਮੇਰੀ ਜ਼ਮੀਨ ਸੰਬੰਧੀ ਮੁੱਕਦਮੇ ਦੀ ਤਾਰੀਖ਼ ਹੈ।

ਸੰਤ ਮਹਾਰਾਜ ਸਰਵਣ ਦਾਸ ਜੀ ਮੁਸਕਰਾਏ ਉਹਨਾਂ ਆਖਿਆ, "ਪ੍ਰਭੂ ਦੀ ਕਿਰਪਾ ਹੋ ਜਾਵੇਗੀ"। ਕਰਮ ਚੰਦ ਜੀ ਨੇ ਅਜਿਹਾ ਹੀ ਕੀਤਾ। ਆਪ ਜਦ ਪੰਜਵੀਂ ਵਾਰ ਤਾਰੀਖ਼ ਉੱਪਰ ਜਾਣ ਲੱਗੇ ਤਾਂ ਸਤਿਗੁਰ ਜੀ ਦੇ ਦਰਬਾਰ ਦੀ ਹਾਜ਼ਰੀ ਭਰਨ ਆਏ। ਆਪ ਨੂੰ ਕਚਿਹਰੀ ਪਹੁੰਚਣ ਵਿਚ ਦੇਰੀ ਹੋ ਰਹੀ ਸੀ। ਪਰ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਨੇ ਕਿਹਾ, "ਕਰਮਚੰਦ ਜੀ ਅੱਜ ਮੁਕੱਦਮਾ ਤੇਰੇ ਹੱਕ ਵਿਚ ਜਾਊਗਾ, ਵਕੀਲ ਨੇ ਤਾਰੀਖ ਲੈ ਲੈਣੀ ਹੈ ਅਤੇ ਜੱਜ ਤੇਰਾ ਅੱਜ ਛੁੱਟੀ ਉੱਪਰ ਹੈ। ਫੇਰ ਕਾਹਲ ਕਾਹਦੀ"। ਮਹਾਰਾਜ ਜੀ ਨੇ ਐਨਾ ਕਹਿੰਦਿਆਂ ਆਪਣੇ ਗਲ ਵਿਚੋਂ ਹਾਰ ਲਾਹ ਕੇ ਸ਼੍ਰੀ ਕਰਮ ਚੰਦ ਜੀ ਦੇ ਗਲ ਵਿੱਚ ਪਾ ਦਿੱਤਾ। ਸੱਚਮੁਚ ਅਗਲੇ ਦਿਨ ਕਰਮਚੰਦ ਜੀ ਨੂੰ ਪਤਾ ਚੱਲਿਆ ਕਿ ਆਪ ਜੀ ਮੁਕੱਦਮਾ ਜਿੱਤ ਗਏ ਸਨ।

(ਖੁਦ ਸ਼੍ਰੀ ਕਰਮਚੰਦ ਜੀ ਅਲਾਵਲ ਪੁਰ 20 ਅਕਤੂਬਰ 2003)

## ਸਾਖੀ 301

## ਮੇਰੇ ਗੁਰੂ ਸਰਵਣ ਦਾਸ ਜੀ ਆ ਗਏ ਹਨ।

ਸ਼੍ਰੀ ਕਰਮਚੰਦ ਜੀ ਅਲਾਵਲਪੁਰ ਵਾਲੇ ਦੱਸਦੇ ਹਨ ਕਿ ਮੇਰਾ ਗੁਆਂਢੀ ਲਛਮਣ ਸਿੰਘ ਮੁਰਾਦਪੁਰ ਪਿੰਡ ਦਾ ਰਹਿਣ ਵਾਲਾ ਜ਼ਿਮੀਦਾਰ ਸੀ। ਦੁਨੀਆਂ ਦੇ ਸਾਰੇ ਐਬ ਇਸ ਬੰਦੇ ਨੇ ਕੀਤੇ। ਹੌਲੀ-ਹੌਲੀ ਰੱਬ ਦੀ ਮੌਜ ਇਹ ਬੰਦਾ ਕੁਟੀਆ ਵਿਖੇ ਸੰਤਾਂ ਦੇ ਦਰਸ਼ਨਾਂ ਨੂੰ ਆਉਣ ਲੱਗਾ। ਸ਼੍ਰੀ ਲਛਮਣ ਸਿੰਘ ਜੀ ਸੰਗਤ ਦੇ ਜੋੜਿਆਂ ਦੀ ਸੇਵਾ ਕਰਨ ਲੱਗੇ।

ਉੱਥੇ ਹੀ ਬੈਠ ਕੇ ਮਹਾਰਾਜ ਜੀ ਦਾ ਧਿਆਨ ਧਰਦੇ। ਇੱਕ ਦਿਨ ਜੋੜਿਆਂ ਵਿਚ ਬੈਠੇ ਸਨ। ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਉੱਠ ਕੇ ਸੰਗਤ ਵਿੱਚੋਂ ਆਪ ਦੇ ਪਾਸ ਆਏ। ਮਹਾਰਾਜ ਜੀ ਨੇ ਆਪ ਜੀ ਨੂੰ ਨਾਮ ਦੀ ਦਾਤ ਬਖ਼ਸ਼ਿਸ਼ ਕੀਤੀ। ਵਚਨ ਕੀਤੇ ਅੱਜ ਤੋਂ ਤੂੰ ਸਾਡਾ ਦਾਸ ਹੈ। ਨਾਮ ਦਾ ਰੰਗ ਸ਼੍ਰੀ ਲਛਮਣ ਜੀ ਨੂੰ ਚੜ੍ਹਿਆ। ਆਪ ਖੇਤਾਂ ਵਿਚ ਬਲਦਾਂ ਨਾਲ ਹੱਲ ਵਾਹੁੰਦੇ ਪਰ ਧਿਆਨ ਹਰ ਵਕਤ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦਾ ਧਰਦੇ। ਜਦੋਂ ਬਹੁਤ ਹੀ ਪਿਆਰ ਵਿਚ ਬਹਿਬਲ ਹੋ ਜਾਂਦੇ ਤਾਂ ਬਲਦ ਹੱਲ ਖੇਤਾਂ ਵਿਚ ਹੀ ਛੱਡ ਕੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੀ ਬੈਠ ਜਾਂਦੇ। ਘਰਵਾਲੀ ਖੇਤਾਂ ਵਿਚ ਰੋਟੀ ਲੈ ਕੇ ਆਉਂਦੀ ਤਾਂ ਉਸ ਨੂੰ ਝੱਟ ਪਤਾ ਲੱਗ ਜਾਂਦਾ ਕਿ ਬੱਲਾਂ ਕੁਟੀਆ ਵਾਲੇ ਸੰਤਾਂ ਦੇ ਦਰਸ਼ਨਾ ਨੂੰ ਗਿਆ ਹੋਣਾ। ਉਹ ਵਿਚਾਰੀ ਸ਼ਾਮ ਤੱਕ ਖੇਤਾਂ ਵਿੱਚ ਬੈਠੀ ਉਡੀਕਦੀ ਰਹਿੰਦੀ।

ਇੱਕ ਵਾਰੀ ਲਛਮਣ ਸਿੰਘ ਜੀ ਕੁਟੀਆ ਤੋਂ ਸੰਤਾਂ ਦੀ ਦਰਸ਼ਨ ਕਰਕੇ ਪ੍ਰਸ਼ਾਦਿ ਲੈ ਕੇ ਨਹਿਰੇ ਨਹਿਰੇ ਸਾਈਕਲ ਤੇ ਸਵਾਰ ਹੋ ਕੇ ਆਪਣੇ ਪਿੰਡ ਮੁਰਾਦ ਪੁਰ ਵੱਲ ਆ ਰਿਹਾ ਸੀ। ਸ਼ਾਮ ਦਾ ਸਮਾਂ ਸੀ। ਇਕ ਛੋਟਾ ਜਿਹਾ ਕੁੱਤਾ ਆਪ ਦੇ ਪਿੱਛੇ ਲੱਗ ਗਿਆ। ਕਿਸ਼ਨ ਗੜ੍ਹ ਕੋਲ ਲਛਮਣ ਸਿੰਘ ਜੀ ਕੁੱਤੇ ਨੂੰ ਕਹਿਣ ਲੱਗਾ, ਮਹਾਰਾਜ ਜੀ ਦਾ ਪ੍ਰਸ਼ਾਦਿ ਖਾ ਲਿਆ। ਵਾਪਸ ਮੁੜਜਾ, ਪਾਲੇ ਵਿਚ ਨਾ ਮਰ। ਕੁੱਤੇ ਨੇ ਪ੍ਰਸ਼ਾਦਿ ਨਾ ਖਾਧਾ। ਪਰ ਉਹ ਕੁੱਤਾ ਲਛਮਣ ਸਿੰਘ ਦੇ ਸਾਈਕਲ ਮਗਰ ਹੀ ਲੱਗਾ ਰਿਹਾ। ਸਾਈਕਲ ਤੇ ਸਵਾਰ ਹੋਏ ਲਛਮਣ ਸਿੰਘ ਨੇ ਗੁੱਸੇ ਵਿਚ ਕੁੱਤੇ ਦੇ ਠੁਡ ਮਾਰੀ। ਕੁੱਤੇ ਨੇ ਉਸ ਦੇ ਪੈਰ ਉੱਪਰ ਦੰਦੀ ਵੱਢ ਦਿੱਤੀ। ਮਾਲਕ ਦੀ ਮੌਜ ਢਾਈ ਮਹੀਨੇ ਬਾਅਦ ਸ਼੍ਰੀ ਲਛਮਣ ਸਿੰਘ ਹਲਕ ਗਿਆ। ਕਿਉਂਕਿ ਕੁੱਤਾ ਪਹਿਲਾਂ ਹੀ ਹਲਕਿਆ ਹੋਇਆ ਸੀ। ਸ਼ਾਮ ਸਮੇਂ ਅਲਾਵਲਪੁਰ ਬਜ਼ਾਰ ਵਿਚੋਂ ਸ਼੍ਰੀ ਕਰਮ ਚੰਦ ਜੀ ਘਰ ਦਾ ਰਾਸ਼ਨ ਪਾਣੀ ਲੈਣ ਗਿਆ ਤਾਂ ਉਸ ਨੇ ਦੇਖਿਆ ਕਿ ਲਛਮਣ ਸਿੰਘ ਨੂੰ ਰੱਸੇ ਨਾਲ ਬੰਨ੍ਹ ਕੇ ਟੈਂਪੂ ਵਿਚ ਡਾ. ਕੇਵਲ ਚੰਦ ਦੀ ਦੁਕਾਨ ਤੇ ਲਿਆਦਾਂ ਹੋਇਆ ਸੀ। ਡਾ. ਨੇ ਕਿਹਾ ਇਸ ਨੂੰ

ਜਲੰਧਰ ਸਿਵਲ ਹਸਪਤਾਲ ਲੈ ਜਾਵੋ। ਸਿਵਲ ਹਸਪਤਾਲ ਦੇ ਡਾਕਟਰਾਂ ਨੇ ਕਿਹਾ ਅਗਰ ਇਹ ਰੱਸਿਆ ਤੋਂ ਖੁੱਲ ਗਿਆ ਤਾਂ ਇਹ ਸਾਨੂੰ ਮੁਸੀਬਤ ਵਿਚ ਪਾ ਦੇਵੇਗਾ। ਮਿਹਰਬਾਨੀ ਕਰ ਕੇ ਇਸ ਨੂੰ ਘਰ ਲੈ ਜਾਉ। ਇਸ ਨੇ ਨਹੀਂ ਬਚਣਾ। ਜਦ ਲਛਮਣ ਸਿੰਘ ਨੂੰ ਰੱਸਿਆਂ ਨਾਲ ਬੰਨ੍ਹੇ ਹੋਏ ਨੂੰ ਟੈਂਪੂ ਵਿਚ ਵਾਪਸ ਲਿਆਂਦਾ ਜਾ ਰਿਹਾ ਸੀ ਤਾਂ ਰਾਏ ਪੁਰ ਸੂਏ ਨੂੰ ਟੱਪ ਕੇ ਲਛਮਣ ਸਿੰਘ ਨੂੰ ਇੱਕਦਮ ਸੁਰਤ ਆ ਗਈ। ਉਸ ਨੇ ਕਿਹਾ ਕਿ ਮੈਂ ਆਪਣੇ ਗੁਰੂ ਸਰਵਣ ਦਾਸ ਜੀ ਦੇ ਦਰਸ਼ਨ ਕਰਨੇ ਹਨ। ਕੁਝ ਬੰਦਿਆਂ ਨੇ ਇਸ ਗੱਲ ਦਾ ਵਿਰੋਧ ਕੀਤਾ, ਆਖਣ ਐਂਵੇ ਸੰਤਾਂ ਨੂੰ ਮੁਸੀਬਤ ਖੜ੍ਹੀ ਕਰੇਗਾ। ਪਰ ਇਕ ਸਿਆਣਾ ਆਦਮੀ ਬੋਲਿਆ, ਜਦ ਕਿਸੇ ਬੰਦੇ ਨੂੰ ਫਾਂਸੀ ਲੱਗਣੀ ਹੁੰਦੀ ਹੈ ਤਾਂ ਉਸ ਦੀ ਅੰਤਿਮ ਇੱਛਾ ਪੁੱਛ ਕੇ ਉਹ ਵੀ ਪੂਰੀ ਕੀਤੀ ਜਾਂਦੀ ਹੈ। ਤੁਸੀਂ ਵੀ ਇਹੀ ਸਮਝ ਕੇ ਇਸ ਦੀ ਅੰਤਿਮ ਇੱਛਾ ਪੂਰੀ ਕਰ ਦਿਉ। ਲਛਮਣ ਸਿੰਘ ਨੂੰ ਸ਼ਾਮ ਦੇ ਸਮੇਂ ਜਿੱਥੇ ਅੱਜ ਕੱਲ੍ਹ ਆਲੀਸ਼ਾਨ ਮੰਦਿਰ ਹੈ ਲਿਆਂਦਾ ਗਿਆ। ਸਤਿਗੁਰੂ ਸਵਾਮੀ ਸਰਵਣ ਦਾਸ ਜੀ ਕੁਟੀਆ ਦੇ ਦਰਵਾਜ਼ੇ ਵਿਚ ਤਿੰਨ ਪੁੜੀਆਂ ਦਵਾਈ ਦੀਆਂ ਲੈ ਕੇ ਖਲੋ ਗਏ। ਮਹਾਰਾਜ ਜੀ ਨੇ ਹੁਕਮ ਕੀਤਾ ਇਸ ਦੇ ਸਾਰੇ ਰੱਸੇ ਖੋਲ ਦਿਉ। ਸਤਿਗੁਰੂ ਸਭ ਕੁਝ ਜਾਣਦੇ ਸਨ। ਨਾਲ ਆਏ ਰਿਸ਼ਤੇਦਾਰ ਕਹਿਣ ਲੱਗੇ ਮਹਾਰਾਜ ਜੀ ਤੁਹਾਨੂੰ ਇਹ ਸੱਟ ਆਦਿ ਮਾਰ ਸਕਦਾ ਹੈ। ਮਹਾਰਾਜ ਜੀ ਕਹਿਣ ਲੱਗੇ ਇਹ ਸੱਟ ਮੈਨੂੰ ਮਾਰੇਗਾ। ਇਸ ਨੂੰ ਖੋਲ੍ਹ ਦਿਉ। ਲਛਮਣ ਸਿੰਘ ਨੂੰ ਰੱਸਿਆਂ ਦੀ ਕੈਦ ਤੋਂ ਅਜ਼ਾਦ ਕਰ ਦਿੱਤਾ ਗਿਆ। ਮਹਾਰਾਜ ਜੀ ਨੇ ਉਸ ਨੂੰ ਥਾਪੜਾ ਦਿੱਤਾ। ਪਾਗਲ ਹੋਇਆ ਬੰਦਾ ਇਕ ਦੱਮ ਠੀਕ ਹੋ ਗਿਆ। ਮਹਾਰਾਜ ਜੀ ਨੇ ਆਪਣੇ ਕਰ ਕਮਲਾਂ ਨਾਲ ਉਸ ਨੂੰ ਦਵਾਈ ਖਵਾਈ। ਸਭ ਪ੍ਰੇਮੀ ਜਨ ਲਛਮਣ ਸਿੰਘ ਦੇ ਘਰ ਪਰਤ ਗਏ। ਸਾਰੇ ਪਿੰਡ ਵਿਚ ਰੌਲੀ ਪੈ ਗਈ ਕਿ ਬੱਲਾਂ ਵਾਲੇ ਸੰਤਾਂ ਨੇ ਲਛਮਣ ਸਿੰਘ ਨੂੰ ਠੀਕ ਕਰ ਦਿੱਤਾ ਹੈ। ਤੀਸਰੇ ਦਿਨ ਲਛਮਣ ਸਿੰਘ ਨੇ ਅੰਮ੍ਰਿਤ ਵੇਲੇ ਇਸ਼ਨਾਨ ਕੀਤਾ। ਮਹਾਰਾਜ ਸਵਾਮੀ ਸਰਵਣ ਦਾਸ ਜੀ ਦੀ ਫੋਟੋ ਆਪਣੀ ਛਾਤੀ ਉਪਰ ਰੱਖ ਕੇ ਮੰਜੇ ਉਪਰ ਲੇਟ ਗਿਆ। ਨਾਮ ਸਿਮਰਨ ਕੀਤਾ। ਘਰ ਵਾਲਿਆਂ ਨੂੰ ਕਿਹਾ ਕਿ ਮੇਰੇ ਗੁਰੂ ਸਵਾਮੀ ਸਰਵਣ ਦਾਸ ਜੀ ਮੈਨੂੰ ਲੈਣ ਆ ਗਏ ਹਨ ਤਾਂ ਪ੍ਰਭੂ ਸਿਮਰਨ ਕਰਦੇ ਪ੍ਰਾਣ ਤਿਆਗ ਦਿੱਤੇ।

## ਸਾਖੀ ਨੰਬਰ 302

## ਸਤਿਗੁਰ ਆਪਣੇ ਸੇਵਕਾਂ ਦੇ ਕਾਰਜ ਆਪ ਸੰਵਾਰਦੇ ਹਨ

ਜੋ ਲੋਕ ਆਪਣੇ ਸਤਿਗੁਰਾਂ ਵਿਚ ਭਰੋਸਾ ਰੱਖਦੇ ਹਨ ਉਹਨਾਂ ਦੇ ਕਾਰਜ ਸਤਿਗੁਰ ਆਪ ਸੰਵਾਰਦੇ ਹਨ।

ਕਹਿ ਰਵਿਦਾਸ ਭਜ ਹਰਿ ਨਾਮ।

ਪ੍ਰਭ ਸੋ ਧਿਆਨ ਸਫਲ ਸਭ ਕਾਮ॥

ਦੇ ਮਹਾਂਵਾਕ ਅਨੁਸਾਰ ਸ਼੍ਰੀ ਊਧੋ ਰਾਮ ਸੋਹਪਾਲ ਪਿੰਡ ਢੱਡੇ ਦਾ ਸਮੂਹ ਪਰਿਵਾਰ ਬਹੁਤ ਭਜਨੀਕ ਅਤੇ ਸੰਤ ਸੇਵੀ ਪਰਿਵਾਰ ਹੈ। ਇਹ ਪਰਿਵਾਰ ਸੰਤ ਸਰਵਣ ਦਾਸ ਜੀ ਦੇ ਅਨੁਯਾਈ ਹਨ ਅਤੇ ਹਰ ਖੁਸ਼ੀ ਗਮੀ ਦਾ ਕੰਮ ਸਤਿਗੁਰਾਂ ਪਾਸੋਂ ਹੁਕਮ ਲੈ ਕੇ ਹੀ ਕਰਦੇ ਸਨ। ਸ਼੍ਰੀ ਊਧੋ ਰਾਮ ਜੀ ਨੇ 1955 ਵਿਚ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ ਮੈਂ ਵਿਦੇਸ਼ ਜਾਣਾ ਚਾਹੁੰਦਾ ਹਾਂ ਤਾਂ ਮਹਾਰਾਜ ਜੀ ਨੇ ਤੁਰੰਤ ਹੁਕਮ ਕੀਤਾ ਕਿ ਆਪ ਵਲਾਇਤ ਚਲੇ ਜਾਓ ਆਪ ਬਹੁਤ ਤਰੱਕੀ ਕਰੋਗੇ। ਥੋੜੇ ਦਿਨਾਂ ਵਿਚ ਹੀ ਸ਼੍ਰੀ ਊਧੋ ਰਾਮ ਜੀ ਦਾ ਇੰਗਲੈਂਡ ਦਾ ਕੰਮ ਬਣ ਗਿਆ ਅਤੇ ਉਥੋਂ ਦੇ ਪੱਕੇ ਵਸਨੀਕ ਵੀ ਬਣ ਗਏ। ਸਤਿਗੁਰਾਂ ਦੀ ਅਪਾਰ ਕ੍ਰਿਪਾ ਸਦਕਾ ਉਨ੍ਹਾਂ ਦੀ ਧਰਮ ਪਤਨੀ ਬੀਬੀ ਮੀਤੋ ਵੀ 1964 ਵਿਚ ਇੰਗਲੈਂਡ ਚਲੇ ਗਏ। ਸੰਤਾਂ ਦੇ ਬਚਨ ਅਟੱਲ ਹੁੰਦੇ ਹਨ ਅੱਜ ਪਰਿਵਾਰ ਬੁਲੰਦੀਆਂ ਤੇ ਜਾ ਰਿਹਾ ਹੈ ਅਤੇ ਰਵਿਦਾਸੀਆ ਧਰਮ ਨੂੰ ਸਮਰਪਿਤ ਪਰਿਵਾਰ ਬਰਮਿੰਘਮ ਵਿਖੇ ਰਹਿ ਕੇ ਸੁਖੀ ਜੀਵਨ ਬਤੀਤ ਕਰ ਰਿਹਾ ਹੈ। ਇਸ ਪ੍ਰਕਾਰ ਸਤਿਗੁਰਾਂ ਨੂੰ ਜੋ ਸੱਚੇ ਦਿਲੋਂ ਧਿਆਉਂਦੇ ਹਨ,ਭਜਨ ਬੰਦਗੀ ਕਰਦੇ ਹਨ ਉਹਨਾਂ ਦੇ ਕਾਰਜ ਸਤਿਗੁਰ ਆਪ ਸੰਵਾਰਦੇ ਹਨ।

## ਸਾਖੀ 303

## ਤੇਰੇ ਬਲਦ ਵਾਪਸ ਆ ਜਾਣੇ ਹਨ।

ਜਿੰਨੀ ਦੇਰ ਕੋਇਲ ਬਾਗ ਵਿਚ ਰਹਿੰਦੀ ਹੈ ਉਤਨੀ ਦੇਰ ਉਹ ਸਾਰੇ ਬਾਗ ਨੂੰ ਹੀ ਬੇਤਹਾਸ਼ਾ ਪਿਆਰ ਕਰਦੀ ਹੈ।ਉਹ ਬਾਗ ਦੇ ਹਰ ਦਰਖੱਤ ਉੱਪਰ ਬੈਠ ਕੇ ਖੁਸ਼ੀ ਭਰੇ ਗੀਤ ਗਾਉਂਦੀ ਹੈ। ਜਦੋਂ ਉਹ ਬਾਗ ਤੋਂ ਚਲੀ ਜਾਂਦੀ ਹੈ ਫਿਰ ਉਸ ਬਾਗ ਉੱਪਰ ਉੱਲੂਆਂ ਅਤੇ ਕਾਂਵਾਂ ਦਾ ਬੋਲ-ਬਾਲਾ ਹੁੰਦਾ ਹੈ। ਪਰ ਬਾਵਜੂਦ ਇਸ ਦੇ ਕੋਇਲ ਆਪਣੇ ਬਾਗ ਨੂੰ ਨਹੀਂ ਭੁੱਲਦੀ ਜਿਸਦੀ ਹਾਲਤ ਕਾਂਵਾਂ ਉੱਲੂਆਂ ਨੇ ਖ਼ਰਾਬ ਕਰ ਦਿੱਤੀ ਹੁੰਦੀ ਹੈ।ਇਸੀ ਪ੍ਰਕਾਰ ਸੰਤ ਮਹਾਪੁਰਸ਼ ਹੁੰਦੇ ਹਨ ਜਿਹੜੇ ਮਾਤਲੋਕ ਵਿਚ ਆ ਕੇ ਕੁੱਲ ਲੋਕਾਈ ਨੂੰ ਪਿਆਰ ਕਰਦੇ ਹਨ ਪਰ ਉਹਨਾਂ ਦੇ ਚਲੇ ਜਾਣ ਤੋਂ ਬਾਅਦ ਬੇਸ਼ੱਕ ਜ਼ੁਲਮੀ ਲੋਕ ਸੰਸਾਰੀ ਜੀਵਾਂ ਉੱਪਰ ਜਿਤਨੇ ਮਰਜ਼ੀ ਜ਼ੁਲਮ ਕਰੀ ਜਾਣ ਪਰ ਸੰਤ ਮਹਾਪੁਰਸ਼ ਆਪਣੇ ਪਿਆਰਿਆਂ ਦੇ ਹਰ ਦੁੱਖ ਸੁੱਖ ਵਿਚ ਸ਼ਰੀਕ ਹੁੰਦੇ ਹਨ। ਇੱਕ ਵਾਰੀ ਸ਼੍ਰੀ ਭੋਲਾ ਰਾਮ ਜੀ ਜੋ ਕਿ ਪਿੰਡ ਐਮਾ ਕਾਜੀ (ਜਲੰਧਰ) ਦੇ ਰਹਿਣ ਵਾਲੇ ਹਨ ਉਹਨਾਂ ਨੇ 100 ਰੁਪਏ ਖਰਚ ਕਰਕੇ ਇੱਕ ਬਲਦ ਲਿਆਂਦਾ। ਉਹਨਾਂ ਦਿਨਾਂ ਵਿੱਚ 100 ਰੁਪਏ ਬਹੁਤ ਵੱਡੀ ਰਕਮ ਹੋਇਆ ਕਰਦੀ ਸੀ। 21 ਦਿਨਾਂ ਬਾਅਦ ਉਹ ਬਲਦ ਮਰ ਗਿਆ। ਸ਼੍ਰੀ ਭੋਲਾ ਰਾਮ ਜੀ ਨੇ ਇਕ ਹੋਰ ਬਲਦ ਲੈ ਆਂਦਾ ਉਹ ਵੀ 21 ਵੇਂ ਦਿਨ ਹੀ ਮਰ ਗਿਆ। ਇਸੀ ਤਰ੍ਹਾਂ ਭੋਲਾ ਰਾਮ ਜੀ ਨੇ ਤੀਸਰਾ ਬਲਦ ਲਿਆਂਦਾ ਰੱਬ ਦੀ ਮਰਜ਼ੀ ਉਹ ਵੀ ਐਨੇ ਕੁ ਦਿਨਾਂ ਬਾਦ ਹੀ ਮਰ ਗਿਆ। ਸ਼੍ਰੀ ਭੋਲਾ ਰਾਮ ਜੀ ਬਹੁਤ ਉਦਾਸ ਹੋਏ ਪਰ ਉਹਨਾਂ

ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੂੰ ਕੁਝ ਨਾ ਦੱਸਿਆਂ। ਥੋੜ੍ਹੇ ਕੁ ਦਿਨ ਬੀਤੇ ਸ਼੍ਰੀ ਭੋਲਾ ਰਾਮ ਜੀ ਦੀ ਘਰ ਵਾਲੀ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਕੁਟੀਆ ਵਿਖੇ ਆਏ ਅਤੇ ਉਹਨਾਂ ਦੇ ਬਲਦਾਂ ਦੇ ਮਾਰੇ ਜਾਣ ਸੰਬੰਧੀ ਮਹਾਰਾਜ ਜੀ ਨੂੰ ਦੱਸਿਆ। ਮਹਾਰਾਜ ਜੀ ਨੇ ਕਿਹਾ ਕਿ ਤੁਹਾਡੇ ਬਲਦ ਵਾਪਸ ਆ ਜਾਣੇ ਹਨ। ਥੋੜ੍ਹੇ ਹੀ ਦਿਨਾਂ ਬਾਅਦ ਰਾਜਸਥਾਨ ਦਾ ਕੋਈ ਵਪਾਰੀ ਤਿੰਨ ਬਲਦ ਲੈ ਕੇ ਘੁੰਮ ਰਿਹਾ ਸੀ। ਉਸਨੂੰ ਮਾਤਰ 100 ਰੁਪਏ ਦੀ ਜ਼ਰੂਰਤ ਸੀ। ਸੋ ਉਹ ਬਹੁਤ ਹੀ ਥੋੜ੍ਹੀ ਕੀਮਤ ਉੱਪਰ ਸ਼੍ਰੀ ਭੋਲਾ ਰਾਮ ਜੀ ਨੂੰ ਉਹ ਬਲਦ ਦੇ ਗਿਆ।

'ਸਾਧੂ ਬੋਲੇ ਸਹਿਜ ਸੁਭਾਅ, ਸਾਧੂ ਦਾ ਬੋਲਿਆ ਬਿਰਥਾ ਨਾ ਜਾਏ'।

## ਸਾਖੀ ਨੰਬਰ 304
## ਪੂਰਨ ਸੰਤਾਂ ਦੇ ਬੋਲ ਵੀ ਪੂਰਨ ਹੁੰਦੇ ਹਨ

ਪੂਰਨ ਸੰਤ ਮਹਾਂਪੁਰਸ਼ ਕਦੇ ਵੀ ਆਪਣੇ ਆਪ ਨੂੰ ਜ਼ਾਹਿਰ ਨਹੀਂ ਕਰਦੇ ਉਨ੍ਹਾਂ ਦੁਆਰਾ ਕੀਤੇ ਗਏ ਪਰਉਪਕਾਰ,ਲੋਕ ਭਲਾਈ ਦੇ ਕੰਮ ਅਤੇ ਉਚਾਰੇ ਹੋਏ ਸ਼ਬਦਾਂ ਦੀ ਪਰਪੱਕਤਾਂ ਉਨ੍ਹਾਂ ਨੂੰ ਜ਼ਾਹਿਰ ਕਰ ਦਿੰਦੀ ਹੈ। ਉਹਨਾਂ ਦੁਆਰਾ ਬੋਲੇ ਹੋਏ ਸ਼ਬਦ ਜਦੋਂ ਸੱਚ ਹੋ ਨਿਬੜਦੇ ਹਨ ਤਾਂ ਇੱਕ ਸਾਖੀ ਦਾ ਰੂਪ ਧਾਰਨ ਕਰ ਲੈਂਦੇ ਹਨ ਅਜਿਹੀ ਸਾਖੀ ਹੀ ਮੁਹੱਲਾ ਰਾਮਦਾਸ ਪੁਰਾ ਜਲੰਧਰ ਦੇ ਵਸਨੀਕ ਗੁਰਮੀਤ ਰਾਮ ਦੀ ਹੈ। ਗੁਰਮੀਤ ਰਾਮ ਦੇ ਪਿਤਾ ਸ਼੍ਰੀ ਕਰਤਾਰ ਚੰਦ ਅਤੇ ਮਾਤਾ ਬੀਬੀ ਬੰਤੀ ਦੇਵੀ ਬਹੁਤ ਸ਼ਰਧਾਵਾਨ ਪਰਿਵਾਰ ਸੀ ਅਤੇ ਅਕਸਰ ਡੇਰਾ ਸੱਚਖੰਡ ਬੱਲਾਂ ਵਿਖੇ ਸ਼੍ਰੀ 108 ਸੰਤ ਸਰਵਣ ਦਾਸ ਜੀ ਦੇ ਦਰਸ਼ਨਾ ਲਈ ਆਇਆ ਕਰਦੇ ਸਨ। ਇੱਕ ਵਾਰ ਮਾਘੀ ਦੇ ਦਿਨ ਤੇ 14 ਜਨਵਰੀ 1963 ਦੀ ਗੱਲ ਹੈ ਕਿ ਗੁਰਮੀਤ ਰਾਮ ਦੇ ਚਾਚਾ ਜੀ,ਵੱਡਾ ਭਰਾ ਅਤੇ ਗੁਰਮੀਤ ਰਾਮ ਜਿਸ ਦੀ ਉਮਰ ਕਰੀਬ 6 ਸਾਲ ਦੀ ਹੋਵੇਗੀ ਡੇਰੇ ਮਾਘੀ ਤੇ ਮੱਥਾ ਟੇਕਣ ਗਏ। ਜਦੋਂ ਵਾਪਿਸ ਪਰਤੇ ਤਾਂ ਰਸਤੇ ਵਿਚ ਇੱਕ ਕੁੱਤੀ ਦੇ ਨਿੱਕੇ ਨਿੱਕੇ ਕਤੂਰੇ ਸਨ। ਗੁਰਮੀਤ ਰਾਮ ਦੇ ਚਾਚਾ ਜੀ ਨੇ ਸਾਇਕਲ ਇੱਕ ਪਾਸੇ ਖੜਾ ਕੀਤਾ। ਉਸਦਾ ਵੱਡਾ ਭਰਾ ਵੀ ਉਤਰ ਗਿਆ। ਗੁਰਮੀਤ ਰਾਮ ਅੱਗੇ ਸਾਇਕਲ ਦੇ ਉੱਪਰ ਉਸੇ ਤਰ੍ਹਾਂ ਹੀ ਬੈਠਾ ਸੀ। ਜਦੋਂ ਚਾਚਾ ਅਤੇ ਵੱਡਾ ਭਰਾ ਕਤੂਰਾ ਚੁੱਕਣ ਗਏ ਅਚਾਨਕ ਸਾਇਕਲ ਡਿਗਣ ਨਾਲ ਗੁਰਮੀਤ ਚੰਦ ਦੀ ਬਾਂਹ ਟੁੱਟ ਗਈ। ਸਹਿਮੇ ਹੋਏ ਘਰ ਘਰ ਆ ਗਏ। ਜਦੋਂ ਗੁਰਮੀਤ ਚੰਦ ਦੇ ਤਕਲੀਫ਼ ਹੋਣ ਤੇ ਰੋਣ ਦੀ ਅਵਾਜ਼ ਸੁਣ ਕੇ ਮਾਤਾ ਪਿਤਾ ਨੂੰ ਬਾਂਹ ਟੁੱਟਣ ਦਾ ਪਤਾ ਚਲਿਆ ਤਾਂ ਉਹ ਤੁਰੰਤ ਮਹਿਮਦਪੁਰ ਸ਼੍ਰੀ ਨੰਤਾ ਰਾਮ ਕੋਲ ਚਲੇ ਗਏ ਉਸਨੇ ਬਾਂਹ ਟੁੱਟਣ ਦਾ ਕਾਰਨ ਪੁੱਛਦਿਆਂ ਹੋਇਆਂ ਹੱਸਦੇ ਹੱਸਦੇ ਆਖਿਆਂ ਕਿ ਮਹਾਂਪੁਰਸ਼ਾਂ ਦੇ ਮੱਥਾ ਵੀ ਟੇਕਿਆ ਸੀ ਕਿ ਲੰਗਰ ਛੱਕ ਕੇ ਵਾਪਿਸ ਆ ਗਏ ਹੋ ? ਸ਼੍ਰੀ ਨੰਤਾ ਰਾਮ ਨੇ ਇਹ ਵੀ ਕਿਹਾ ਕਿ ਸੱਟ ਜਿਆਦਾ ਹੈ ਹੋਲੀ ਹੋਲੀ ਠੀਕ ਹੋ ਜਾਵੇਗੀ। ਉਸਨੇ ਬਾਂਹ ਫੱਟੀਆਂ ਰੱਖ ਕੇ ਬੰਨ ਦਿੱਤੀ। ਅਗਲੇ ਦਿਨ ਗੁਰਮੀਤ ਦੇ ਮਾਤਾ ਪਿਤਾ ਇਸ ਨੂੰ ਲੈ ਕੇ ਡੇਰੇ ਮੱਥਾ ਟੇਕਣ ਆਏ ਤਾਂ ਮਹਾਰਾਜ ਜੀ ਆਪਣੇ ਥੜ੍ਹੇ ਉੱਪਰ ਬੈਠੇ ਸਨ। ਮਹਾਰਾਜ ਸਰਵਣ ਦਾਸ ਜੀ ਨੇ ਗੁਰਮੀਤ ਦੀ ਬਾਂਹ ਬੱਝੀ ਦੇਖ ਕੇ ਸੱਟ ਲੱਗਣ

ਦਾ ਕਾਰਣ ਪੁੱਛਿਆ ਅਤੇ ਪਰਿਵਾਰ ਵਾਲਿਆਂ ਨੂੰ ਸਾਰੀਆਂ ਪੱਟੀਆਂ ਬਗੈਰ ਖੋਲ੍ਹਣ ਲਈ ਕਿਹਾ। ਮਹਾਰਾਜ ਜੀ ਨੇ ਪੱਟੀਆਂ ਖੁੱਲਵਾ ਕੇ ਬਾਂਹ ਉੱਤੇ ਹੱਥ ਫੇਰਿਆਂ ਅਤੇ ਕਿਹਾ ਲੰਗਰ ਪਾਣੀ ਛੱਕੋ ਅਤੇ ਜਾਓ ਕੋਈ ਗੱਲ ਨਹੀਂ ਬਾਂਹ ਬਿਲਕੁਲ ਠੀਕ ਹੈ। ਸਾਧ ਸੰਗਤ ਜੀ ਜਦੋਂ ਦੋ ਦਿਨ ਗੁਰਮੀਤ ਬਾਂਹ ਠੀਕ ਹੋਣ ਕਾਰਣ ਨੰਤ ਰਾਮ ਪਾਸ ਨਾ ਗਿਆ ਉਹ ਖੁੱਦ ਹੀ ਉਸਦੀ ਬਾਂਹ ਦੇਖਣ ਘਰ ਆ ਗਿਆ। ਉਹ ਹੈਰਾਨ ਹੋ ਗਿਆ ਕਿ ਜਿਸ ਬਾਂਹ ਨੂੰ ਉਸਨੇ ਪੱਟੀਆਂ ਬੰਨੀਆਂ ਸਨ ਅਤੇ ਇੱਕ ਮਹੀਨਾ ਪੱਟੀ ਬੰਨਣ ਲਈ ਕਿਹਾ ਸੀ ਗੁਰਮੀਤ ਰਾਮ ਉਸ ਬਾਂਹ ਨਾਲ ਬੈਠਾ ਰੋਟੀ ਖਾ ਰਿਹਾ ਸੀ। ਨੰਤਾ ਰਾਮ ਨੇ ਇਸਦਾ ਕਾਰਣ ਪੱਛਿਆ ਤਾਂ ਪ੍ਰੀਵਾਰਕ ਮੈਂਬਰਾਂ ਨੇ ਕਿਹਾ ਇਹ ਬਾਂਹ ਤਾਂ ਦੂਸਰੇ ਦਿਨ ਹੀ ਸੰਤਾਂ ਨੇ ਠੀਕ ਕਰ ਦਿੱਤੀ ਸੀ ਅਤੇ ਪੱਟੀਆਂ ਖੋਲ੍ਹ ਦਿੱਤੀਆਂ ਸਨ। ਸੰਤਾਂ ਦੀ ਬੇਅੰਤ ਲੀਲਾਂ ਹੈ ਪੂਰਨ ਸੰਤਾਂ ਦੇ ਕੰਮ ਵੀ ਪੂਰਨ ਹੀ ਹੁੰਦੇ ਹਨ।

## ਸਾਖੀ 305

## ਤੇਰਾ ਸਦਾ ਲਈ ਉਦਾਰ ਹੋ ਗਿਆ ਹੈ।

ਸ਼੍ਰੀਮਾਨ ਚੰਨਣ ਸਿੰਘ ਜੀ ਨੌਗੱਜੇ ਵਾਲੇ, ਮਿਸਤਰੀ ਦਲੀਪ ਸਿੰਘ ਜੀ ਅਤੇ ਉਹਨਾਂ ਦਾ ਸਪੁੱਤਰ ਸ. ਕਰਨੈਲ ਸਿੰਘ ਮਿਸਤਰੀ ਇਕ ਵਾਰੀ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੀ ਪਾਵਨ ਹਜ਼ੂਰੀ ਦਾ ਆਨੰਦ ਮਾਣ ਰਹੇ ਸਨ। ਕੋਈ ਠੀਕ ਚਾਰ ਵਜੇ ਸ਼ਾਮ ਦਾ ਸਮਾਂ ਸੀ। ਇਤਨੀ ਦੇਰ ਵਿੱਚ ਪੰਜ ਛੇ ਸ਼ਰਧਾਲੂ ਆਦਮੀ ਸਤਿਗੁਰੂ ਜੀ ਨੂੰ ਨਮਸਕਾਰ ਕਰਨ ਲਈ ਆ ਪਹੁੰਚੇ। ਉਹਨਾਂ ਵਿੱਚੋਂ ਇਕ ਆਦਮੀ ਅਜਿਹਾ ਸੀ ਜਿਸਦੀ ਵੱਖੀ ਵਿੱਚ ਬਹੁਤ ਹੀ ਜ਼ੋਰ ਦਾ ਦਰਦ ਹੋ ਰਿਹਾ ਸੀ ਉਹ ਦਰਦ ਦੀ ਤਕਲੀਫ਼ ਤੋਂ ਬਹੁਤ ਹੀ ਦੇਰ ਤੋਂ ਪੀੜਤ ਸੀ। ਵੱਡੇ-ਵੱਡੇ ਡਾਕਟਰਾਂ ਅਤੇ ਵੈਦਾਂ ਤੋਂ ਇਲਾਜ ਕਰਵਾ ਚੁੱਕਿਆ ਸੀ ਪਰ ਉਸਨੂੰ ਕੋਈ ਵੀ ਫ਼ਰਕ ਨਹੀਂ ਸੀ ਪੈ ਰਿਹਾ। ਅਖੀਰ ਕਿਸੇ ਗੁਰੂ ਪ੍ਰੇਮੀ ਨੇ ਸਲਾਹ ਦਿੱਤੀ ਕਿ ਬੱਲਾਂ ਜਾ ਕੇ ਸੰਤਾਂ ਨੂੰ ਇਸ ਤਕਲੀਫ਼ ਸੰਬੰਧੀ ਬੇਨਤੀ ਕਰ।ਸੋ ਇਹ ਸੱਜਣ ਦਰਦ ਤੋਂ ਪੀੜਤ ਵਿਅਕਤੀ ਨੂੰ ਲੈ ਕੇ ਸਤਿਗਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਦਰਬਾਰ ਵਿੱਚ ਹਾਜ਼ਰ ਹੋ ਗਏ। ਮਹਾਰਾਜ ਜੀ ਨੇ ਆਖਿਆ, "ਤੈਨੂੰ ਤਾਂ ਕਿਹਾ ਸੀ ਕਿ ਕੱਲ੍ਹ ਨੂੰ ਆਉਂਣਾ ਹੈ, ਤੂੰ ਇੱਕ ਦਿਨ ਪਹਿਲਾਂ ਹੀ ਆ ਗਿਆ ਏ", ਐਨਾ ਕਹਿੰਦਿਆ ਮਹਾਰਾਜ ਜੀ ਨੇ ਆਪਣੇ ਪੈਰ ਦੀ ਜੁੱਤੀ ਲਾ ਉਸ ਵਿਅਕਤੀ ਦੇ ਸਿਰ ਵਿਚ ਮਾਰੀ ਜਿਸ ਨੂੰ ਦਰਦ ਹੋ ਰਿਹਾ ਸੀ। ਉਹ ਸਾਰੇ ਆਦਮੀ ਕੁਟੀਆ ਵਿਚੋਂ ਭੱਜ ਨਿਕਲੇ ਅਤੇ ਆਪਣੇ ਘਰਾਂ ਨੂੰ ਹੋ ਤੁਰੇ। ਮਿਸਤਰੀ ਦਲੀਪ ਸਿੰਘ ਜੀ ਨੇ ਅਰਜ਼ ਕੀਤੀ, "ਮਹਾਰਾਜ ਜੀ ਉਸ ਸੱਜਣ ਉੱਪਰ ਆਪ ਕਿਰਪਾ ਕਰੋ ਤਾਂ ਉਹ ਠੀਕ ਹੋ ਸਕਦਾ ਹੈ"। ਮਹਾਰਾਜ ਜੀ ਕਹਿਣ ਲੱਗੇ, "ਅੱਛਾ ਜਾਉ ਫਿਰ ਉਸ ਨੂੰ ਵਾਪਸ ਮੋੜ ਕੇ ਲਿਆਓ"। ਸੇਵਾਦਾਰ ਪ੍ਰੇਮੀ ਨਹਿਰ ਦੇ ਕੋਲੋਂ ਉਹਨਾਂ

ਆਦਮੀਆਂ ਨੂੰ ਵਾਪਸ ਜਦ ਮੋੜਨ ਲਈ ਗਏ ਤਾਂ ਉਹ ਵਿਅਕਤੀ ਡਰਦੇ ਮਾਰੇ ਵਾਪਸ ਨਾ ਆਇਆ। ਉਹਨਾਂ ਨੂੰ ਡਰ ਸੀ ਕਿ ਮਹਾਰਾਜ ਜੀ ਫਿਰ ਨਾ ਉਹਨਾਂ ਨੂੰ ਜੁੱਤੀਆਂ ਨਾਲ ਕੁੱਟਣ। ਅਖੀਰ ਉਹ ਮਹਾਰਾਜ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਗਏ। ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੇ ਦਰਦ ਤੋਂ ਪੀੜਤ ਉਸ ਆਦਮੀ ਨੂੰ ਪੁੱਛਿਆ, "ਹੁਣ ਤੇਰਾ ਕੀ ਹਾਲ ਹੈ"। ਉਹ ਆਦਮੀ ਡਰਦਾ ਹੋਇਆ ਆਖਣ ਲੱਗਾ, ਕਿ ਸਤਿਗੁਰੂ ਜੀ ਮੈਂ ਬਿਲਕੁਲ ਠੀਕ ਹਾਂ, ਹੁਣ ਮੇਰੇ ਕੋਈ ਦਰਦ ਨਹੀਂ ਹੁੰਦੀ। ਮਹਾਰਾਜ ਜੀ ਨੇ ਆਖਿਆ ਕਿ ਤੇਰੇ ਉੱਪਰ ਬਹੁਤ ਭਾਰ ਸੀ। ਲੈ ਹੁਣ ਤੇਰਾ ਸਦਾ ਲਈ ਉਦਾਰ ਹੋ ਗਿਆ ਹੈ ਤੇ ਸੱਚ ਮੁਚ ਉਸ ਆਦਮੀ ਦਾ ਸਭ ਦੁੱਖ ਦਰਦ ਦੂਰ ਹੋ ਗਿਆ ਸੀ।

## ਸਾਖੀ 306

## ਪ੍ਰਭ ਜੀ ਬਸਹਿ ਸਾਧ ਕੀ ਰਸਨਾ।

ਸ਼੍ਰੀਮਾਨ ਭਗਤ ਰਾਮ ਜੀ, ਡੇਰਾ ਸੰਤ ਸਰਵਣ ਦਾਸ ਮਹਾਰਾਜ ਜੀ ਸੱਚਖੰਡ ਬੱਲਾਂ ਜਲੰਧਰ ਦੇ ਜੋ ਮੌਜੂਦਾ ਗੱਦੀ ਨਸ਼ੀਨ ਸਤਿਗੁਰੂ ਸਵਾਮੀ ਨਿਰੰਜਨ ਦਾਸ ਮਹਾਰਾਜ ਜੀ ਹਨ, ਉਹਨਾਂ ਦੇ ਤਾਇਆ ਜੀ ਹਨ। ਇਕ ਵਾਰੀ ਉਹ ਕੁਟੀਆ ਵਿਖੇ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਏ ਉਹਨਾਂ ਨੂੰ ਭੁੱਖ ਵੀ ਕਾਫੀ ਲੱਗੀ ਹੋਈ ਸੀ। ਮਹਾਰਾਜ ਜੀ ਨੇ ਸੰਤ ਹਰੀਦਾਸ ਮਹਾਰਾਜ ਜੀ ਨੂੰ ਆਖਿਆ ਕਿ ਭਗਤ ਰਾਮ ਨੂੰ ਪ੍ਰਸ਼ਾਦਾ ਛਕਾਉ। ਅੱਗੋਂ ਭਗਤ ਰਾਮ ਨੇ ਕਿਹਾ, "ਮਹਾਰਾਜ ਜੀ ਮੈਂ ਪ੍ਰਸ਼ਾਦਾ ਛਕ ਕੇ ਆਇਆ ਹਾਂ। ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੇ ਤਿੰਨ ਵਾਰੀ ਭਗਤ ਰਾਮ ਨੂੰ ਪ੍ਰਸ਼ਾਦਾ ਛਕਣ ਲਈ ਕਿਹਾ ਪਰ ਰੱਬ ਦੀ ਮਰਜ਼ੀ ਉਹ ਤਿੰਨੋਂ ਵਾਰੀ ਇਨਕਾਰ ਕਰ ਗਿਆ। ਭਗਤ ਰਾਮ ਜੀ ਮਨ ਵਿੱਚ ਬੜਾ ਪਛਤਾਏ ਕਿ ਐਨੀ ਭੁੱਖ ਲੱਗੀ ਹੋਈ ਹੈ ਮੈਂ ਫਿਰ ਵੀ ਇਨਕਾਰ ਕਰੀ ਗਿਆ ਹਾਂ। ਇਹ ਮੇਰੀ ਬੜੀ ਵੱਡੀ ਗਲਤੀ ਹੈ। ਸੰਤ ਮਹਾਂਪੁਰਸ਼ ਆਪਣੇ ਭਗਤਾਂ ਦੀ ਕਿਸੇ ਵੀ ਪ੍ਰਕਾਰ ਦੁੱਖ ਤਕਲੀਫ਼ ਨਹੀਂ ਝੱਲ ਸਕਦੇ।ਮਹਾਰਾਜ ਜੀ ਨੇ ਐਸੀ ਬਖਸ਼ਿਸ਼ ਕੀਤੀ ਕਿ ਪੰਦਰਾਂ ਮਿੰਟਾਂ ਬਾਅਦ ਇਕ ਬੀਬੀ ਸੇਵੀਆਂ ਡੱਬੇ ਵਿਚ ਪਾ ਕੇ ਸੰਤਾਂ ਨੂੰ ਮੱਥਾ ਟੇਕਣ ਕੁਟੀਆ ਵਿਖੇ ਆ ਪਹੁੰਚੀ। ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੇ ਉਸ ਬੀਬੀ ਨੂੰ ਆਖਿਆ, "ਬੀਬਾ, ਮੁੰਨਾ ਚੰਗਾ ਹੋਇਆ,ਸਾਡਾ ਭਗਤ ਰਾਮ ਬਹੁਤ ਹੀ ਭੁੱਖਾ ਸੀ, ਇਹ ਕਿੰਨੀ ਹੀ ਦੇਰ ਦਾ ਭੁੱਖਾ ਹੈ ਭੁੱਖਾ ਹੀ ਕਹੀ ਜਾ ਰਿਹਾ ਸੀ"। ਸਤਿਗੁਰੂ ਜੀ ਨੇ ਛੰਨਾ ਭਰ ਕੇ ਸੇਵੀਆ ਦਾ ਸ਼੍ਰੀ ਭਗਤ ਰਾਮ ਜੀ ਨੂੰ ਖੁਆਇਆ। ਮਹਾਰਾਜ ਜੀ ਨੇ ਫ਼ਰਮਾਇਆ, "ਭਗਤ ਰਾਮਾ ਤੈਨੂੰ ਬਹੁਤ ਭੁੱਖ ਲੱਗੀ ਸੀ'।

## ਸਾਖੀ 307

## ਕਿਰਪਾ ਕਰਨੀ

ਸ਼੍ਰੀਮਾਨ ਚੰਨਣ ਸਿੰਘ ਜੀ ਨੌਗੱਜੇ ਵਾਲਿਆਂ ਦਾ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਪਵਿੱਤਰ ਚਰਨ ਕਮਲਾਂ ਉੱਪਰ ਦ੍ਰਿੜ ਨਿਸ਼ਚਾ ਅਤੇ ਉਹਨਾਂ ਨਾਲ ਬਹੁਤ ਹੀ ਪਿਆਰ ਸੀ।ਅਪ੍ਰੈਲ 1972 ਦੀ ਗੱਲ ਹੈ।ਬੜੀ ਭਿਆਨਕ ਗਰਮੀ ਪੈ ਰਹੀ ਸੀ। ਸ. ਚੰਨਣ ਸਿੰਘ ਜੀ ਨੇ ਫ਼ਸਲ ਵਾੜੀ ਖਾਤਿਰ ਆਪਣੇ ਖੇਤਾਂ ਵਿਚ ਬੋਰ ਕਰਵਾਇਆ। ਦੋ ਤਿੰਨ ਦਿਨ ਕਾਰੀਗਰ ਬੋਰ ਕਰਨ ਲੱਗੇ ਰਹੇ ਜਦ ਬੋਰ ਤਿਆਰ ਹੋਇਆ ਤਾਂ ਬੋਰ ਪਾਣੀ ਨਾ ਕੱਢੇ।ਸ. ਚੰਨਣ ਸਿੰਘ ਜੀ ਦਾ ਸਾਰਾ ਪਰਿਵਾਰ ਬਹੁਤ ਹੀ ਪਰੇਸ਼ਾਨ ਹੋਇਆ। ਕੋਈ ਚਾਰਾ ਨਾ ਚੱਲੇ। ਅਖ਼ੀਰ ਵਿਚ ਮਿਸਤਰੀ ਦਲੀਪ ਸਿੰਘ ਜੀ ਉਹਨਾਂ ਦੇ ਸਪੁੱਤਰ ਮਿਸਤਰੀ ਕਰਨੈਲ ਸਿੰਘ ਜੀ ਅਤੇ ਸ. ਚੰਨਣ ਸਿੰਘ ਜੀ, ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਆਪਣੀ ਮੁਸ਼ਕਲ ਸੰਬੰਧੀ ਬੇਨਤੀ ਕਰਨ ਆਏ।ਸਤਿਗੁਰੂ ਜੀ ਨੇ ਸਾਰੀ ਗੱਲਬਾਤ ਬੜੇ ਹੀ ਧਿਆਨ ਨਾਲ ਸੁਣੀ ਅਤੇ ਖੇਤਾਂ ਵਿੱਚ ਬੋਰ ਵਾਲੀ ਜਗ੍ਹਾ ਵੱਲ ਚੱਲ ਪਏ ਜਾ ਕੇ ਬੋਰ ਦੇ ਕੋਲ ਖੜੋ ਗਏ।ਸ਼੍ਰੀ ਚਾਨਣ ਸਿੰਘ ਜੀ ਨੂੰ ਕਿਹਾ"ਤੁਸੀਂ ਟਰੈਕਟਰ ਨੂੰ ਜੋੜੋ ਪਾਣੀ ਤਾਂ ਪਾਈਪਾਂ ਵਿਚ ਝਾਤੀਆਂ ਮਾਰ ਰਿਹਾ ਹੈ।ਮਹਾਰਾਜ ਜੀ ਨੇ ਅਰਦਾਸ ਕੀਤੀ ਸੀ ਪਾਣੀ ਪਾਇਪ ਵਿਚੋਂ ਫੁਆਰੇ ਵਾਂਗ ਬਾਹਰ ਆਇਆ ਅਤੇ ਦੇਖਦੇ ਹੀ ਦੇਖਦੇ ਪਾਣੀ ਨਾਲ ਚਲ੍ਹਾ ਤੇ ਖੇਤ ਭਰ ਗਿਆ। ਸਭ ਪਰਿਵਾਰ ਨੇ ਗੁਰੂ ਚਰਨਾਂ ਵਿਚ ਮੱਥਾ ਟੇਕ ਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ।

## ਸਾਖੀ 308

## ਗਰਦਨ ਦੀ ਖਿੱਚ ਦੀ ਬਿਮਾਰੀ ਨੂੰ ਠੀਕ ਕਰਨਾ।

ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਯੁੱਗ ਪੁਰਸ਼ ਸਨ ਜਿਹਨਾਂ ਦੀ ਮਹਿਮਾ ਕਲਮਾਂ ਦੀ ਸਿਆਹੀ ਅਤੇ ਕਾਗਜ਼ਾ ਵਿਚ ਨਹੀਂ ਲਿਖੀ ਜਾ ਸਕਦੀ। ਜਦ ਕਦੇ ਵੀ ਦਲਿਤਾਂ ਦੇ ਇਤਿਹਾਸ ਦੇ ਉੱਥਾਨ ਦੀ ਗੱਲ ਚੱਲੇਗੀ ਤਾਂ ਸਤਿਗੁਰੂ ਸੁਆਮੀ ਸਰਵਣ ਦਾਸ ਮਹਾਰਾਜ ਜੀ ਦਾ ਨਾਂ ਮੁਹਰਲਿਆਂ ਸਫ਼ਿਆਂ ਵਿਚ ਆਵੇਗਾ ਜਿਹਨਾਂ ਆਪਣੀ ਕੁੱਲ ਉਮਰ ਪ੍ਰਭੂ ਦਾ ਨਾਮ ਜਪਦਿਆ ਅਤੇ ਕੁਲ ਮਨੁੱਖਤਾ ਦਾ ਭਲਾ ਕਰਨ ਹਿੱਤ ਗੁਜ਼ਾਰੀ।ਸ਼੍ਰੀ ਮਥਰਾ ਦਾਸ ਜੀ (ਨਿਊ ਹਰਬੰਸ ਨਗਰ ਜਲੰਧਰ) ਇਕ ਵਾਰੀ ਬਿਮਾਰ ਹੋ ਗਏ ਅਤੇ ਆਪ ਦੀ ਧੌਣ ਵਿਚ ਬਹੁਤ ਜ਼ਿਆਦਾ ਅਕੜੇਵਾ ਹੋਣ ਲੱਗ ਪਿਆ।ਬਹੁਤ ਸਾਰੇ ਡਾਕਟਰਾਂ ਕੋਲੋਂ ਦਵਾਈ ਲਈ ਪਰ ਅਰਾਮ ਕਿਤੋਂ ਨਾ

ਆਇਆ। ਹਾਰ ਥੱਕ ਕੇ ਨਿਰਾਸ਼ ਹੋ ਗਏ। ਇੱਕ ਦਿਨ ਆਪ ਜੀ ਦੀ ਸੱਸ ਜੋ ਕਿ ਪਿੰਡ ਬਲੰਦ ਪੁਰ ਦੀ ਰਹਿਣ ਵਾਲੀ ਸੀ। ਆਪ ਜੀ ਨੂੰ ਨਾਲ ਲੈ ਕੇ ਸੁਆਮੀ ਸਰਵਣ ਦਾਸ ਜੀ ਮਹਾਰਾਜ ਦੀ ਕੁਟੀਆ ਵਿਖੇ ਸਤਿਗੁਰੂ ਜੀ ਦੇ ਦਰਬਾਰ ਤੇ ਮੱਥਾ ਟੇਕਣ ਆਈ। ਉਸ ਨੇ ਬੇਨਤੀ ਕੀਤੀ ਕਿ ਇਸ ਮੁੰਡੇ ਦੀ ਧੌਣ ਵਿਚ ਬਹੁਤ ਸਾਰਾ ਅਕੜੇਵਾ ਆ ਜਾਂਦਾ ਹੈ ਅਤੇ ਬਹੁਤ ਸਾਰਾ ਦਰਦ ਹੋਣ ਲੱਗ ਪੈਂਦਾ ਹੈ ਅਸੀਂ ਬਹੁਤ ਸਾਰੇ ਡਾਕਟਰਾਂ ਨੂੰ ਦਿਖਾਇਆ ਹੈ। ਪਰ ਅਰਾਮ ਨਹੀਂ ਆਇਆ। ਆਪ ਜੀ ਮਿਹਰ ਕਰੋਂ ਇਹ ਮੁੰਡਾ ਠੀਕ ਹੋ ਜਾਵੇ। ਸਵਾਮੀ ਸਰਵਣ ਦਾਸ ਜੀ ਨੇ ਥੋੜ੍ਹੇ ਚਿਰ ਸੋਚਣ ਪਿੱਛੋਂ ਵਚਨ ਕੀਤੇ। ਅਸੀਂ ਤੁਹਾਨੂੰ ਇੱਕ ਦੇਸੀ ਦਵਾਈ ਲਿਖ ਕੇ ਦਿੰਦੇ ਹਾਂ। ਇਸ ਨੂੰ ਖਾਣਾ, ਇਹ ਮੁੰਡਾ ਠੀਕ ਹੋ ਜਾਵੇਗਾ। ਸ੍ਰੀ ਮਥਰਾ ਦਾਸ ਜੀ ਜਲੰਧਰ ਪਹੁੰਚੇ ਅਤੇ ਬਜ਼ਾਰੋਂ ਦਵਾਈ ਲਿਆ ਕੇ ਸੰਤਾਂ ਦੁਆਰਾ ਦੱਸੀ ਵਿਧੀ ਅਨੁਸਾਰ ਸੇਵਨ ਕੀਤਾ। ਜਿਸ ਦਿਨ ਮਥਰਾ ਦਾਸ ਜੀ ਨੇ ਪਹਿਲੀ ਪੁੜੀ ਖਾਧੀ ਉਸ ਦਿਨ ਤੋਂ ਬਾਅਦ ਅੱਜ ਤੱਕ ਉਹਨਾਂ ਨੂੰ ਗਰਦਨ ਤਾਂ ਕੀ ਪੂਰੇ ਸਰੀਰ ਵਿਚ ਕੋਈ ਤਕਲੀਫ਼ ਨਹੀਂ ਆਪ ਜੀ ਪੂਰਨ ਤੋਰ ਤੇ ਨੌਂ ਬਰ ਨੌਂ ਹੋ ਗਏ। ਬੋਲਣਾ ਜੀ ਜੈ ਸੰਤਾਂ ਦੀ।

## ਸਾਖੀ 309

## ਰੇਲਵੇ ਦੇ ਸਾਰੇ ਐਵਾਰਡ ਮਿਲਣੇ।

ਸੰਨ 1965 ਈਸਵੀ ਵਿਚ ਭਾਰਤ ਅਤੇ ਪਾਕਿ ਦਰਮਿਆਨ ਬੜਾ ਭਿਆਨਕ ਯੁੱਧ ਹੋਇਆ। ਇਸ ਯੁੱਧ ਵਿਚ ਸਭ ਤੋਂ ਜ਼ਿਆਦਾ ਨੁਕਸਾਨ ਸਰਹੱਦੀ ਖੇਤਰ ਦੇ ਲੋਕਾਂ ਦਾ ਹੋਇਆ ਉਹਨਾਂ ਦਾ ਸਾਰਾ ਕੁਝ ਤਬਾਹ ਹੋ ਗਿਆ। ਸੰਤ ਸਰਵਣ ਦਾਸ ਮਹਾਰਾਜ ਜੀ ਮਨੁੱਖਤਾ ਦੇ ਬਹੁਤ ਵੱਡੇ ਮੁਦੱਈ ਸਨ। ਉਹ ਸਮਾਜ ਦੀ ਪੀੜਾ ਨੂੰ ਆਪਣੀ ਪੀੜਾ ਸਮਝਦੇ ਸਨ। ਇਸ ਮਨੋਰਥ ਨੂੰ ਮੱਦੇ ਨਜ਼ਰ ਰੱਖਦੇ ਹੋਏ ਮਹਾਰਾਜ ਜੀ ਰਾਹਤ ਵਸਤੂਆ, ਕੱਪੜੇ ਅਤੇ ਖਾਣ ਪੀਣ ਦੀਆਂ ਵਸਤੂਆਂ ਦਾ ਟਰੱਕ ਭਰ ਕੇ ਅਟਾਰੀ ਬਾਰਡਰ ਤੇ ਪਹੁੰਚੇ। ਰਾਹਤ ਦਾ ਸਾਰਾ ਸਮਾਨ ਸਤਿਗੁਰੂ ਜੀਨੇ ਆਪਣੇ ਮੁਬਾਰਕ ਹੱਥਾਂ ਨਾਲ ਲੋੜਵੰਦ ਲੋਕਾਂ ਨੂੰ ਵੰਡਿਆ। ਅਤੇ ਫਿਰ ਸਤਿਗੁਰੂ ਜੀ ਨੇ ਸਥਾਨਿਕ ਲੋਕਾਂ ਨੂੰ ਮਥਰਾ ਦਾਸ ਜੀ ਬਾਰੇ ਪੁੱਛਿਆ ਜਿਹੜੇ ਕਿ ਉਹਨਾਂ ਦਿਨਾ ਵਿਚ ਅਟਾਰੀ ਰੇਲਵੇ ਸਟੇਸ਼ਨ ਤੇ ਨੌਕਰੀ ਕਰਿਆ ਕਰਦੇ ਸਨ। ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਮਥਰਾ ਦਾਸ ਜੀ ਦੇ ਕੁਆਟਰ ਵਿਖੇ ਪਹੁੰਚੇ। ਮਥਰਾ ਦਾਸ ਜੀ ਮਹਾਰਾਜ ਜੀ ਨੂੰ ਦੇਖ ਕੇ ਦਰਸ਼ਨ ਕਰਕੇ ਬਹੁਤ ਖੁਸ਼ ਹੋਏ। ਚਾਹ ਪਾਣੀ ਉਪੰਰਤ ਸਤਿਗੁਰੂ ਜੀ ਨੇ ਮਥਰਾ ਦਾਸ ਜੀ ਨੂੰ ਨਸੀਅਤ ਦਿੱਤੀ ਤੂੰ ਇਸ ਔਖੀ ਘੜੀ ਵਿਚ ਲੋਕਾਂ ਦੀ ਸੇਵਾ ਕਰਦਾ ਰਹਿ। ਆਪਣੀ ਨੌਕਰੀ ਇਮਾਨਦਾਰੀ ਨਾਲ ਨਿਭਾਈ ਅਤੇ ਆਪਣੀ ਬਦਲੀ ਵਗੈਰਾ ਵੀ

ਨਾ ਕਰਵਾਈ ਤੈਨੂੰ ਬੜੇ ਮਾਣ ਸਨਮਾਨ ਮਿਲਣਗੇ।ਸਮਾਂ ਬੀਤਿਆਂ ਸੰਤਾਂ ਮਹਾਪੁਰਸ਼ਾਂ ਦੇ ਵਚਨ ਅਟੱਲ ਹੁੰਦੇ ਹਨ।ਸ਼੍ਰੀ ਮਥਰਾ ਦਾਸ ਜੀ ਫਿਰੋਜ਼ਪੁਰ, ਜਲੰਧਰ ਅਤੇ ਅਟਾਰੀ ਆਦਿ ਥਾਂਵਾ ਉੱਪਰ ਡਿਊਟੀ ਕਰਦੇ ਹੋਏ ਬਿਆਸ ਸਟੇਸ਼ਨ ਆਏ ਤਾਂ ਇੱਥੋਂ ਨੌਕਰੀ ਦੌਰਾਨ ਆਪ ਜੀ ਨੂੰ ਰੇਲਵੇ ਮਹਿਕਮੇ ਦਾ **ਐਵਾਰਡ** ਪ੍ਰਾਪਤ ਹੋਇਆ।ਸਵਾਮੀ ਸਰਵਣ ਦਾਸ ਜੀ ਮਹਾਰਾਜ ਦੇ ਵਚਨ ਅਟੱਲ ਪੂਰੇ ਹੋਏ।ਬੋਲਣਾ ਜੀ ਜੈ ਸੰਤਾਂ ਦੀ।

## ਸਾਖੀ 310

## ਬੱਚਿਆਂ ਦੀ ਪੜ੍ਹਾਈ ਤੇ ਉੱਠੇ।

ਸ਼੍ਰੀ ਪਿਆਰੇ ਲਾਲ ਮਡਾਰ ਪੁੱਤਰ ਸ਼੍ਰੀ ਭੁੱਲਾ ਰਾਮ ਮਡਾਰ ਬਿਆਸ ਪਿੰਡ ਜਲੰਧਰ ਦੇ ਰਹਿਣ ਵਾਲੇ ਹਨ ਜਿਹੜੇ ਕਿ ਅੱਜਕਲ ਇੰਗਲੈਂਡ ਵਿਚ ਰਹਿ ਰਹੇ ਹਨ।ਆਪ ਜੀ ਦੇ ਸਾਰੇ ਪਰਿਵਾਰ ਦਾ ਸਤਿਗੁਰ ਸੁਆਮੀ ਸਰਵਣ ਦਾਸ ਜੀ ਦੇ ਚਰਨਾਂ ਨਾਲ ਬਹੁਤ ਜ਼ਿਆਦਾ ਪਿਆਰ ਹੈ। ਆਪ ਜੀ ਕੁਟੀਆ ਵਿਚ ਰਹਿ ਕੇ ਸਤਿਗੁਰਾਂ ਦੇ ਚਰਨਾਂ ਪਰ ਕਈ ਕਈ ਦਿਨ ਸੇਵਾ ਕਰਦੇ।ਸ਼੍ਰੀ ਪਿਆਰੇ ਲਾਲ ਮਡਾਰ ਜੀ ਦੇ ਪਿਤਾ ਸ਼੍ਰੀ ਭੁੱਲਾ ਰਾਮ ਮਡਾਰ ਅਨਪੜ੍ਹ ਸਨ। ਸੋ ਉਹਨਾਂ ਦਿਨਾਂ ਵਿਚ ਟੈਲੀਫੋਨ ਵਗੈਰਾ ਦੀ ਸਹੂਲਤ ਵੀ ਨਹੀਂ ਸੀ ਆਈ। ਸੋ ਰਿਸ਼ਤੇਦਾਰਾਂ ਨੂੰ ਰਾਜ਼ੀਖੁਸ਼ੀ ਪੁੱਛਣ ਲਈ ਚਿੱਠੀ ਪੱਤਰਾਂ ਦੀ ਮਦਦ ਹੀ ਲਈ ਜਾਂਦੀ ਸੀ।ਜਦ ਵੀ ਕਿਸੇ ਰਿਸ਼ਤੇਦਾਰ ਨੂੰ ਚਿੱਠੀ ਲਿਖਣੀ ਹੁੰਦੀ ਤਾਂ ਸ਼੍ਰੀ ਪਿਆਰੇ ਲਾਲ ਜੀ ਦੇ ਪਿਤਾ ਨੂੰ ਇਕ ਆਨਾ ਚਿੱਠੀ ਪੜ੍ਹਾਉਣ ਲਈ ਦੇਣਾ ਪੈਂਦਾ ਅਤੇ ਦੋ ਆਨੇ ਚਿੱਠੀ ਲਿਖਵਾਉਣ ਲਈ ਦੇਣੇ ਪੈਂਦੇ। ਇੱਕ ਦਿਨ ਆਪਜੀ ਨੇ (ਸ਼੍ਰੀ ਭੁਲਾ ਰਾਮ ਜੀ) ਸਤਿਗੁਰ ਸੁਆਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਇਸ ਔਕੜ ਸੰਬੰਧੀ ਬੇਨਤੀ ਕੀਤੀ।ਅੱਗੋ ਸਤਿਗੁਰ ਜੀ ਨੇ ਮੁਸਕਰਾ ਕੇ ਆਖਿਆ ਕਿ "ਭੁੱਲਾ ਰਾਮ ਜੀ ਆਪ ਜੀ ਦੇ ਤਿੰਨੋ ਬੇਟੇ ਬਹੁਤ ਉੱਚੀ ਤਾਲੀਮ ਹਾਸਿਲ ਕਰਨਗੇ"। ਸਮਾਂ ਬੀਤਿਆ ਇੱਧਰ ਭੁੱਲਾ ਰਾਮ ਜੀ ਨੇ ਵੀ ਮਨ ਵਿੱਚ ਪੱਕੀ ਧਾਰ ਲਈ ਕਿ ਉਹ ਆਪਣੇ ਬੱਚਿਆ ਨੂੰ ਹਰ ਹਾਲ ਵਿੱਚ ਪੜ੍ਹਾਉਣਗੇ। ਸਮਾਂ ਬੀਤਿਆ ਸੰਤਾਂ ਦੇ ਵਚਨ ਅਟੱਲ ਹੋਏ ਆਪਜੀ ਨੇ ਆਪਣੇ ਬੱਚਿਆਂ ਨੂੰ ਸਤਿਗੁਰਾਂ ਦੀ ਕਿਰਪਾ ਨਾਲ ਪੜ੍ਹਾਇਆ ਅਤੇ ਸਾਰੇ ਬੱਚੇ ਉੱਚੇ ਅਹੁਦਿਆਂ ਤੇ ਰਹਿ ਕੇ ਹੁਣ ਰਿਟਾਇਰ ਹੋਏ ਹਨ ਅਤੇ ਖੁਸ਼ਹਾਲੀ ਦਾ ਜੀਵਨ ਬਿਤਾ ਰਹੇ ਹਨ।

## ਸਾਖੀ 311

## ਤੁਸੀਂ ਨਹਿਰ ਵੱਲ ਦੀ ਨਾ ਜਾਇਓ।

ਇਕ ਵਾਰੀ ਸ਼੍ਰੀ ਪਿਆਰੇ ਲਾਲ ਮਡਾਰ ਜੀ ਸਤਿਗੁਰ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਮੱਥਾ ਟੇਕਣ ਲਈ ਪਰਿਵਾਰ ਸਮੇਤ ਆਏ। ਸ਼ਾਮ ਤੱਕ ਆਪ ਜੀ ਨੇ ਸਤਿਗੁਰਾਂ ਦੇ ਮੁਬਾਰਕ ਚਰਨਾਂ ਵਿਚ ਬੈਠ ਕੇ ਉਹਨਾਂ ਪਾਸੋਂ ਸਤਿਸੰਗ ਸਰਵਨ ਕੀਤਾ। ਸ਼ਾਮ ਨੂੰ ਜਦ ਸ਼੍ਰੀ ਪਿਆਰੇ ਲਾਲ ਜੀ ਪਰਿਵਾਰ ਸਮੇਤ ਸਵਾਮੀ ਸਰਵਣ ਦਾਸ ਮਹਾਰਾਜ ਜੀ ਤੋਂ ਆਗਿਆ ਲੈ ਕੇ ਵਿਦਾ ਹੋਣ ਲੱਗੇ ਤਾਂ ਮਹਾਰਾਜ ਜੀ ਨੇ ਆਖਿਆ ਪਿਆਰੇ ਲਾਲ ਜੀ ਤੁਸੀਂ ਨਹਿਰ ਵੱਲ ਦੀ ਨਾ ਜਾਇਓ। ਕਾਰ ਵਿਚ ਪਿਆਰੇ ਲਾਲ ਪਰਿਵਾਰ ਸਮੇਤ ਬੈਠ ਗਏ ਡਰਾਈਵਰ ਨੂੰ ਕਹਿਣ ਦੇ ਬਾਵਜੂਦ ਵੀ ਨਹਿਰ ਵੱਲ ਦੀ ਨਹੀਂ ਜਾਣਾ ਉਸ ਨੇ ਗੱਡੀ ਨਹਿਰ ਵੱਲ ਦੀ ਕੱਢ ਲਈ ਅਜੇ ਕਾਰ ਥੋੜ੍ਹੀ ਦੂਰ ਹੀ ਗਈ ਸੀ ਕਿ ਨਹਿਰ ਵਾਲਾ ਰਸਤਾ ਚੌੜਾਈ ਵਿਚ ਘੱਟ ਸੀ ਅਤੇ ਰਸਤੇ ਵਿਚ ਇਕ ਗੱਡਾ ਫਸਿਆ ਪਿਆ ਸੀ। ਜਿਸ ਉੱਪਰ ਬਹੁਤ ਜ਼ਿਆਦਾ ਬਾਲਣ ਲੱਦਿਆ ਪਿਆ ਸੀ। ਰਸਤੇ ਵਿਚੋਂ ਜੇਕਰ ਉਹ ਲੱਦਿਆ ਹੋਇਆ ਗੱਡਾ ਇਕ ਪਾਸੇ ਹਟਦਾ ਫਿਰ ਹੀ ਕਾਰ ਲੰਘ ਸਕਦੀ ਸੀ। ਇਕ ਘੰਟੇ ਤੱਕ ਕਾਰ ਡਰਾਈਵਰ ਅਤੇ ਪਿਆਰੇ ਲਾਲ ਜੀ ਉਡੀਕ ਕਰਦੇ ਰਹੇ। ਅਖ਼ੀਰ ਵਿਚ ਡਰਾਈਵਰ ਨੇ ਕਾਰ ਵਾਪਸ ਮੋੜ ਲਈ। ਉਸ ਨੇ ਕਿਤੇ ਹੋਰ ਜਗ੍ਹਾ ਤੋਂ ਸਵਾਰੀ ਲੈ ਕੇ ਜਾਣਾ ਸੀ। ਇਸ ਲਈ ਉਹ ਬਹੁਤ ਪਰੇਸ਼ਾਨ ਹੋ ਰਿਹਾ ਸੀ। ਅਖ਼ੀਰ ਵਿਚ ਉਸ ਨੇ ਸ਼੍ਰੀ ਪਿਆਰੇ ਲਾਲ ਜੀ ਤੋਂ ਕਿਰਾਇਆ ਵੀ ਨਹੀਂ ਲਿਆ। ਉਹਨਾਂ ਨੂੰ ਮੰਜ਼ਿਲ ਤੱਕ ਪਹੁੰਚਾ ਕੇ ਉਹ ਫੌਰਨ ਕਾਰ ਲੈ ਕੇ ਨੱਠ ਗਿਆ ਅਤੇ ਮੂੰਹ ਵਿਚ ਬੁੜ- ਬੁੜਾਇਆ ਸੰਤਾਂ ਨੇ ਠੀਕ ਹੀ ਕਿਹਾ ਸੀ ਕਿ ਤੁਸੀਂ ਨਹਿਰ ਵੱਲ ਦੀ ਨਾ ਜਾਇਓ।

## ਸਾਖੀ 312

## ਜਿੱਥੇ ਜਿੱਥੇ ਖੂੰਡੀ ਘੁਮਾਵਾਂਗੇ ਉਹ ਜ਼ਮੀਨ ਤੁਹਾਡੀ ਹੋਵੇਗੀ।

ਇਕ ਵਾਰੀ ਸ਼੍ਰੀ ਪਿਆਰੇ ਲਾਲ ਜੀ ਆਪਣੇ ਸਾਰੇ ਭਰਾਵਾਂ ਅਤੇ ਪਿਤਾ ਸ਼੍ਰੀ ਭੁੱਲਾ ਰਾਮ ਮਡਾਰ ਜੀ ਸਮੇਤ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਮੱਥਾ ਟੇਕਣ ਆਏ। ਪਰਿਵਾਰ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਜਗ੍ਹਾ ਲੈਣੀ ਚਾਹੁੰਦੇ ਹਾਂ, ਕਿਰਪਾ ਕਰਕੇ ਸਾਨੂੰ ਦੱਸੋ ਕਿ ਅਸੀਂ ਕਿਤਨੀ ਜਗ੍ਹਾ ਲਈਏ। ਸਤਿਗੁਰਾਂ ਨੇ ਆਖਿਆ ਕਿ ਅਸੀਂ ਕਿਸੇ ਦਿਨ ਸਵੇਰੇ- ਸਵੇਰੇ ਆਪ ਜੀ ਦੇ ਘਰ ਆਵਾਂਗੇ ਤੇ ਫਿਰ ਦੱਸਾਂਗੇ ਕਿ ਕਿਤਨੀ ਜਗ੍ਹਾ ਲੈਣੀ ਹੈ। ਇਕ ਦਿਨ ਸਵੇਰੇ- ਸਵੇਰੇ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਸੈਰ ਕਰਦੇ ਕਰਦੇ ਸ਼੍ਰੀ ਪਿਆਰੇ

ਲਾਲ ਜੀ ਦੇ ਪਿਤਾ ਸ਼੍ਰੀ ਭੁੱਲਾ ਰਾਮ ਜੀ ਦੇ ਗ੍ਰਹਿ ਵਿਖੇ ਪਹੁੰਚੇ ਸਾਰੇ ਪਰਿਵਾਰ ਵਿੱਚ ਖੁਸ਼ੀ ਛਾ ਗਈ। ਸਤਿਗੁਰਾਂ ਦੇ ਚਰਨਾਂ ਵਿਚ ਭੇਂਟਾਂ ਰੱਖ ਕੇ ਸਾਰੇ ਪਰਿਵਾਰ ਨੇ ਮੱਥੇ ਟੇਕੇ।ਉਪਰੰਤ ਸਤਿਗੁਰਾਂ ਨੇ ਕਿਹਾ ਹੁਣ ਤੁਸੀਂ ਦੱਸੋਂ ਕਿੱਥੋਂ ਜਗ੍ਹਾ ਖਰੀਦਣੀ ਹੈ ਸਾਰਾ ਪਰਿਵਾਰ ਮਹਾਰਾਜ ਜੀ ਦੀ ਸੰਗਤ ਮਾਣਦਾ ਹੋਇਆ ਉਸ ਸਥਾਨ ਤੇ ਚਲਾ ਗਿਆ ਜਿੱਥੇ ਜਗ੍ਹਾ ਖਰੀਦਣੀ ਸੀ। ਸਤਿਗੁਰ ਜੀ ਨੇ ਜਿੱਥੇ ਜਿੱਥੇ ਖੂੰਡੀ ਘੁਮਾਈ ਉੱਥੇ ਉੱਥੇ ਪਰਿਵਾਰ ਨੇ ਨਿਸ਼ਾਨ ਲਗਾ ਲਿਆ।ਮੁਸ਼ਕਲ ਇਹ ਸੀ ਕਿ ਜਿਤਨੀ ਥਾਂ ਖਰੀਦਣ ਦਾ ਇਰਾਦਾ ਪਰਿਵਾਰ ਦਾ ਸੀ ਉਸ ਤੋਂ ਕਿਤੇ ਵੱਧ ਨਿਸ਼ਾਨ ਮਹਾਰਾਜ ਜੀ ਨੇ ਜ਼ਮੀਨ ਤੇ ਲਗਾ ਦਿੱਤਾ ਸੀ। ਪਰ ਪਰਿਵਾਰ ਕੋਲ ਇਤਨਾ ਪੈਸਾ ਨਹੀਂ ਸੀ। ਪਰ ਸਮਾਂ ਬੀਤਿਆ ਮਹਾਰਾਜ ਜੀ ਦੇ ਵਚਨ ਅਟੱਲ ਹੋਏ ਜਿੱਥੇ ਵੀ ਸਤਿਗੁਰ ਜੀ ਨੇ ਆਪਣੀ ਖੂੰਡੀ ਨਾਲ ਨਿਸ਼ਾਨ ਲਾਏ ਸਨ ਅੱਜ ਉਹ ਸਾਰੀ ਜਗ੍ਹਾ ਸ਼੍ਰੀਮਾਨ ਪਿਆਰੇ ਲਾਲ ਮਡਾਰ ਪਾਸ ਹੈ।

## ਸਾਖੀ 313
## ਰਾਜ ਕੁਮਾਰ ਠੀਕ ਹੋ ਜਾਵੇਗਾ

ਇਕ ਸਮੇਂ ਦੀ ਗੱਲ ਹੈ ਕਿ ਸ਼੍ਰੀ ਪਿਆਰੇ ਲਾਲ ਜੀ ਮਡਾਰ ਜੋ ਕਿ ਬਿਆਸ ਪਿੰਡ ਦੇ ਰਹਿਣ ਵਾਲੇ ਹਨ ਅੱਜ ਕੱਲ ਇੰਗਲੈਂਡ ਵਿਚ ਰਹਿ ਰਹੇ ਹਨ। ਜੀ ਦਾ ਸਤਿਗੁਰ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਨਾਲ ਬਹੁਤ ਪਿਆਰ ਸੀ।ਅੱਜ ਜੋ ਆਪ ਦਾ ਸਾਰਾ ਪਰਿਵਾਰ ਖੁਸ਼ਹਾਲੀ ਵਾਲਾ ਅਤੇ ਨਾਮੀ ਜੀਵਨ ਬਿਤਾ ਰਿਹਾ ਹੈ। ਇਹ ਸਭ ਸਤਿਗੁਰ ਸੁਆਮੀ ਸਰਵਣ ਦਾਸ ਮਹਾਰਾਜ ਜੀ ਦੀ ਅਪਾਰ ਕਿਰਪਾ ਅਤੇ ਬਖ਼ਸ਼ਿਸ਼ ਸਦਕਾ ਸੰਭਵ ਹੋ ਸਕਿਆ ਹੈ।ਆਪ ਜੀ ਦੇ ਤਿੰਨ ਬੇਟੇ ਅਤੇ ਦੋ ਬੇਟੀਆਂ ਹਨ। ਬੇਟਿਆ ਦੇ ਨਾਂ ਇਸ ਪ੍ਰਕਾਰ ਹਨ ਸ਼੍ਰੀ ਰਾਜ ਕੁਮਾਰ ਜੀ,ਸ਼੍ਰੀ ਚਮਨ ਲਾਲ ਮਢਾਰ ਜੀ ਅਤੇ ਕ੍ਰਿਪਾਲ ਚੰਦ ਜੀ ਮਡਾਰ ਜੀ ਆਪ ਜੀ ਦੇ ਤਿੰਨੋ ਬੇਟੇ ਅੱਜ ਕੱਲ ਇੰਗਲੈਂਡ ਵਿਚ ਰਹਿ ਰਹੇ ਹਨ।ਸ਼੍ਰੀ ਰਾਜ ਕੁਮਾਰ ਜੀ ਜੋ ਕਿ ਵੱਡੇ ਲੜਕੇ ਹਨ ਆਪ ਇੰਗਲੈਂਡ ਵਿਚ ਬਹੁਤ ਬਿਮਾਰ ਹੋ ਗਏ। ਇੰਗਲੈਂਡ ਦੇ ਡਾਕਟਰਾਂ ਨੇ ਵਾਹ ਜਹਾਨ ਦੀ ਲਗਾ ਦਿੱਤੀ। ਪਰਿਵਾਰ ਨੇ ਸ਼੍ਰੀ ਰਾਜ ਕੁਮਾਰ ਜੀ ਦਾ ਬਹੁਤ ਜ਼ਿਆਦਾ ਇਲਾਜ ਕਰਵਾਇਆ ਪਰ ਉਹ ਠੀਕ ਨਾ ਹੋਇਆ ਅਖ਼ੀਰ ਪਰਿਵਾਰ ਨੇ ਸਤਿਗੁਰ ਸੁਆਮੀ ਸਰਵਣ ਦਾਸ ਮਹਾਰਾਜ ਜੀ ਦੇ ਪਾਵਨ-ਪਵਿੱਤਰ ਚਰਨਾਂ ਦਾ ਧਿਆਨ ਧਰਿਆ। ਮਨੁੱਖ ਦੀ ਫ਼ਿਤਰਤ ਹੈ ਕਿ ਜਦ ਵੀ ਉਸ ਉੱਪਰ ਕੋਈ ਦੁੱਖ ਪੈਂਦਾ ਹੈ ਤਾਂ ਫਿਰ ਹੀ ਉਸਨੂੰ ਭਗਵਾਨ ਯਾਦ ਆਉਂਦਾ ਹੈ।ਸਤਿਗੁਰ ਜੀ ਮੁਸਕਰਾ ਕੇ ਆਖਣ ਲੱਗੇ ਅਸੀਂ ਭਰਾਵੋਂ ਕਿਹੜੇ ਡਾਕਟਰ ਹਾਂ ਪਰਿਵਾਰ ਨੇ ਚਰਨ ਪਕੜ ਲਏ ਅਤੇ ਆਖਿਆ ਕਿ ਤੁਹਾਡੇ ਤੋਂ

ਵੱਡਾ ਵੈਦ ਕੌਣ ਹੋ ਸਕਦਾ ਹੈ। ਸੰਤ ਮਹਾਪੁਰਸ਼ ਦਇਆ ਦੇ ਸਾਗਰ ਹੁੰਦੇ ਹਨ। ਸਤਿਗੁਰ ਸਵਾਮੀ ਸਰਵਣ ਦਾਸ ਜੀ ਨੇ ਮੁੱਖੋਂ ਉਚਾਰਨ ਕੀਤਾ ਜਾਓ ਫਿਕਰ ਨਾ ਕਰਿਓ। ਰਾਜ ਕੁਮਾਰ ਅੱਜ ਤੋਂ ਹੀ ਠੀਕ ਹੋ ਜਾਵੇਗਾ। ਠੀਕ ਐਸਾ ਹੀ ਹੋਇਆ ਜੈਸਾ ਕਿ ਸਤਿਗੁਰਾਂ ਨੇ ਫ਼ਰਮਾਇਆ ਸੀ।

## ਸਾਖੀ 314

## ਦੋ ਨੰਬਰ ਦੀ ਨਾ ਖਾਈਂ-ਮਾਲਕ ਬਹੁਤ ਦੇਵੇਗਾ।

ਸ਼੍ਰੀ ਪਿਆਰੇ ਲਾਲ ਮਡਾਰ ਜੀ ਬਿਆਸ ਪਿੰਡ ਵਾਲੇ ਬਚਪਨ ਤੋਂ ਹੀ ਸਤਿਗੁਰ ਸੁਆਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਨਮਸਕਾਰ ਕਰਨ ਆਇਆ ਕਰਦੇ ਸਨ। ਮਹਾਰਾਜ ਜੀ ਬੱਚਿਆ ਨੂੰ ਮਾਹਲ-ਪੂੜੇ ਅਤੇ ਖੀਰ ਖੁਆਂਉਦੇ ਅਤੇ ਫਿਰ ਹੁਕਮ ਕਰਦੇ ਕਿ ਜਾਓ ਹੁਣ  ਦੌੜ ਲਗਾ ਕੇ ਆਵੋ। ਉਹਨਾਂ ਦਿਨਾਂ ਵਿੱਚ ਕੁਟੀਆਂ ਅੰਦਰ ਹੀ ਸਤਿਗੁਰ ਜੀ ਬੱਚਿਆ ਨੂੰ ਗੁਰਮੁੱਖੀ ਅਤੇ ਪਾਠ ਕਰਨਾ ਸਿਖਾਉਂਦੇ ਸਨ। ਸਤਿਗੁਰ ਸੁਆਮੀ ਸਰਵਣ ਦਾਸ ਮਹਾਰਾਜ ਜੀ ਦੀ ਅਪਾਰ ਬਖ਼ਸ਼ਿਸ਼ ਸਦਕਾ ਸ਼੍ਰੀ ਪਿਆਰੇ ਲਾਲ ਜੀ ਨੇ ਦੋਆਬਾ ਕਾਲਜ ਤੋਂ ਬੀ.ਏ.ਪਾਸ ਕੀਤੀ। ਸਤਿਗੁਰਾਂ ਨੇ ਮਿਹਰ ਕੀਤੀ ਸ਼੍ਰੀ ਪਿਆਰੇ ਲਾਲ ਜੀ 1952 ਈਸਵੀ ਵਿਚ ਸਿਵਲ ਸਪਲਾਈ ਮਹਿਕਮੇ ਵਿਚ ਬਤੌਰ ਆਰ.ਟੀ.ਓ.ਦੀ  ਪੋਸਟ ਉੱਪਰ ਲੱਗ ਗਏ। ਇੱਕ ਦਿਨ ਆਪ ਜੀ ਕੁਟੀਆ ਵਿਖੇ ਸਤਿਗੁਰਾਂ ਨੂੰ ਨਮਸਕਾਰ ਕਰਨ ਆਏ। ਮਹਾਰਾਜ ਜੀ ਨੇ ਵਚਨ ਕੀਤੇ, "ਬੱਚਾ ਕਿਸੇ ਕੋਲੋ ਕੋਈ ਰਿਸ਼ਵਤ ਦਾ ਪੈਸਾ ਨਾ ਖਾਈਂ, ਪੂਰੀ ਇਮਾਨਦਾਰੀ ਨਾਲ ਨੌਕਰੀ ਕਰੀਂ, ਮਾਲਕ ਬਹੁਤ ਦੇਵੇਗਾ"। ਸਮਾਂ ਬੀਤਿਆ ਸ਼੍ਰੀ ਪਿਆਰੇ ਲਾਲ ਜੀ ਦੇ ਘਰ ਤਿੰਨ ਲੜਕੇ ਸ਼੍ਰੀ ਰਾਜ ਕੁਮਾਰ, ਸ਼੍ਰੀ ਚਮਨ ਲਾਲ, ਸ਼੍ਰੀ ਕ੍ਰਿਪਾਲ ਚੰਦ ਮਡਾਰ ਅਤੇ ਦੋ ਲੜਕੀਆਂ ਸ਼੍ਰੀਮਤੀ ਸੁਨੀਤਾ ਮਡਾਰ, ਸ਼੍ਰੀਮਤੀ ਸ਼ੁਕੰਤਲਾ ਮਡਾਰ ਪੈਦਾ ਹੋਈਆਂ। ਸ਼੍ਰੀ ਪਿਆਰੇ ਲਾਲ ਜੀ ਮਡਾਰ ਦੇ ਤਿੰਨੋਂ ਲੜਕੇ ਅੱਜਕੱਲ੍ਹ ਇੰਗਲੈਂਡ ਵਿਚ ਖੁਸ਼ਹਾਲੀ ਦਾ ਜੀਵਨ ਬਤੀਤ ਕਰ ਰਹੇ ਹਨ। ਆਪ ਜੀ ਦੀ ਲੜਕੀ ਸੁਨੀਤਾ ਅਜਲੰਧਰ) ਵਿਖੇ ਰਾਤ ਨੂੰ ਡਰਾਮਾ ਦੇਖਣ ਚਲੇ ਗਏ। ਉੱਥੇ ਉਹਨਾਂ ਦੇ ਰਿਸ਼ਤੇਦਾਰ ਵੀ ਸਨ। ਸਾਰੀ ਰਾਤ ਤਿੰਨੋਂ ਜਣੇ ਡਰਾਮਾ ਦੇਖਦੇ ਰਹੇ। ਇਹ ਗੱਲ ਸ਼ਨੀਵਾਰ ਦੀ ਸੀ। ਅਗਲੀ ਸਵੇਰ ਐਤਵਾਰ ਨੂੰ ਸ਼੍ਰੀ ਪਿਆਰੇ ਲਾਲ ਬਿਆਸ ਪਿੰਡ,ਸ਼੍ਰੀ ਅਮੀ ਚੰਦ ਅਤੇ ਸ਼੍ਰੀ ਗਰੀਬ ਦਾਸ ਰਾਏਪੁਰ ਲੇਟ ਕੁਟੀਆ ਪਹੁੰਚੇ। ਸਵਾਮੀ ਸਰਵਣ ਦਾਸ ਮਹਾਰਾਜ ਜੀ ਤਿੰਨਾਂ ਨੂੰ ਦੇਖ ਕੇ ਸੇਵਾਦਾਰਾਂ ਨੂੰ ਕਹਿਣ ਲੱਗੇ, 'ਜਾਓ ਨੱਠ ਜਾਓ'। ਤਿੰਨੋਂ ਜਣੇ ਡਰਦੇ ਮਾਰੇ ਚਲੇ ਗਏ। ਫਿਰ ਮਹਾਰਾਜ ਜੀ ਨੇ ਸੇਵਾਦਾਰਾਂ ਨੂੰ ਆਖਿਆ, 'ਜਾਓ,

## ਸਾਖੀ 315

## ਅਸੀਂ ਵੀ ਸਾਰੀ ਰਾਤ ਸੁੱਤੇ ਨਹੀਂ।

ਸ਼੍ਰੀ ਪਿਆਰੇ ਲਾਲ ਮਡਾਰ ਜੀ ਅਤੇ ਸਾਰੇ ਪਰਿਵਾਰ ਦਾ ਸਤਿਗੁਰ ਸਵਾਮੀ ਸਰਵਣ ਦਾਸ ਜੀ ਦੇ ਚਰਨਾਂ ਨਾਲ ਬਹੁਤ ਪਿਆਰ ਸੀ। ਸਤਿਗੁਰੂ ਦੀ ਕਿਰਪਾ ਸਦਕਾ ਆਪ ਜੀ ਸੰਨ 1952 ਈਸਵੀ ਵਿਚ ਸਿਵਲ ਸਪਲਾਈ ਮਹਿਕਮੇ ਵਿੱਚ ਲੱਗ ਹੋਏ। ਉਪਰੰਤ 1959 ਈਸਵੀ ਵਿਚ ਆਪ ਜੀ ਪਹਿਲੀ ਵਾਰ ਇੰਗਲੈਂਡ ਚਲੇ ਗਏ। ਲੱਗਭਗ ਦੋ ਸਾਲ ਬਾਅਦ ਆਪ ਜੀ ਵਾਪਸ ਬ੍ਰਿਟਿਸ਼ ਏਅਰ ਲਾਈਨ ਰਾਹੀਂ ਭਾਰਤ ਆ ਰਹੇ ਸਨ। ਅਜੇ ਜਹਾਜ਼ ਉੱਪਰ ਚੜ੍ਹਿਆ ਸੀ ਕਿ ਡੱਕੇ ਡੋਲੇ ਖਾਣ ਲੱਗਾ, ਹੁਣ ਵੀ ਡਿੱਗਾ, ਹੁਣ ਵੀ ਡਿੱਗਾ। ਅਖੀਰ ਈਰਾਨ ਦੇਸ਼ ਦੀ ਏਅਰ ਪੋਰਟ ਉੱਪਰ ਜਹਾਜ਼ ਉਤਾਰ ਦਿੱਤਾ ਗਿਆ। ਏਅਰ ਇੰਚਾਰਜ ਕਹਿਣ ਲੱਗਾ ਤੁਸੀਂ ਸਾਰੇ ਹੀ ਬਹੁਤ ਭਾਗਸ਼ਾਲੀ ਹੋ। ਐਸੀ ਹਾਲਤ ਵਿਚ ਜਹਾਜ਼ ਅਕਸਰ ਤਬਾਹ ਹੋ ਜਾਂਦਾ ਹੈ। ਜਿਸ ਵਕਤ ਜਹਾਜ਼ ਡੱਕੇ ਡੋਲੇ ਖਾ ਰਿਹਾ ਸੀ। ਉਸ ਸਮੇਂ ਸ਼੍ਰੀ ਪਿਆਰੇ ਲਾਲ ਜੀ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਦਾ ਧਿਆਨ ਧਰ ਰਹੇ ਸਨ। ਉਹਨਾਂ ਅੱਗੇ ਬੇਨਤੀ ਕਰ ਰਹੇ ਸਨ ਕਿ ਸਤਿਗੁਰ ਜੀ ਸਾਡੀ ਰੱਖਿਆ ਕਰੋ।ਅਖ਼ੀਰ ਇੰਡੀਅਨ ਏਅਰ ਲਾਈਨ ਦੇ ਜਹਾਜ਼ ਸਮੇਤ ਸ਼੍ਰੀ ਪਿਆਰੇ ਲਾਲ ਜੀ ਸਾਰੇ ਭਾਰਤੀਆਂ ਨੂੰ ਵਾਪਸ ਦਿੱਲੀ ਏਅਰ ਪੋਰਟ ਤੇ ਲੈ ਕੇ ਆਇਆ। ਸ਼੍ਰੀ ਪਿਆਰੇ ਲਾਲ ਜੀ ਸਿੱਧੇ ਹੀ ਕੁਟੀਆ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਤੇ ਮੱਥਾ ਟੇਕਣ ਲਈ ਪਹੁੰਚੇ। ਇੱਧਰ ਜਦੋਂ ਸ਼੍ਰੀ ਪਿਆਰੇ ਲਾਲ ਜੀ ਸਤਿਗੁਰੂ ਨੂੰ ਨਮਸਕਾਰ ਕਰਨ ਲੱਗੇ ਤੇ ਸਤਿਗੁਰ ਜੀ ਵਚਨ ਕਰਨ ਲੱਗੇ, 'ਪਿਆਰੇ ਲਾਲ ਜੀ ਅਸੀਂ ਵੀ ਸਾਰੀ ਰਾਤ ਸੁੱਤੇ ਨਹੀਂ ਸਾਰੀ ਰਾਤ ਜਹਾਜ਼ ਦੀ ਰੱਖਿਆ ਕਰਦੇ ਰਹੇ'। ਐਨਾ ਸੁਣ ਕੇ ਸ਼੍ਰੀ ਪਿਆਰੇ ਲਾਲ ਜੀ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਮੁਬਾਰਕ ਚਰਨ ਪਕੜ ਕੇ ਉੱਚੀ ਉੱਚੀ ਰੋਣ ਲੱਗ ਪਏ।

## ਸਾਖੀ 316

## ਤੇਰੇ ਤੇ ਸਾਰੇ ਗ੍ਰਹਿ ਕੱਟੇ ਗਏ।

ਸ਼੍ਰੀ ਸਵਰਨ ਦਾਸ ਕਬੂਲਪੁਰ ਵਾਲਿਆਂ ਦਾ ਸਤਿਗੁਰ ਸੁਆਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਨਾਲ ਬਹੁਤ ਪਿਆਰ ਸੀ। ਆਪ ਜੀ ਅਕਸਰ ਸਤਿਗੁਰਾਂ ਦੇ ਮੁਬਾਰਕ ਚਰਨਾਂ ਤੇ ਮੱਥਾ ਟੇਕਣ ਆਇਆ ਕਰਦੇ ਸਨ। ਇਕ ਵਾਰ ਸਤਿਗੁਰ ਜੀ, ਆਪ ਦੇ ਖੇਤਾਂ ਵਿਚ ਟੱਕ ਲਗਾਉਣ ਆਏ, ਕਿਉਂਕਿ ਬੋਰ ਕਰਨਾ ਸੀ। ਆਪ ਜੀ ਦੇ

ਭਾਈ ਧੰਨਾ ਰਾਮ ਜੀ ਲੰਬੜਦਾਰ ਦੇ ਸੁਆਮੀ ਸਰਵਣ ਦਾਸ ਮਹਾਰਾਜ ਜੀ ਨੇ ਤਿੰਨ ਖੂੰਡੇ ਬਹੁਤ ਜ਼ੋਰ ਨਾਲ ਮਾਰੇ। ਸ਼੍ਰੀ ਧੰਨਾ ਰਾਮ ਜੀ ਤਿੰਨੋਂ ਵਾਰੀ ਭੱਜਦੇ-ਭੱਜਦੇ ਡਿੱਗ ਪਏ। ਉਪਰੰਤ ਸਤਿਗੁਰੂ ਸੁਆਮੀ ਸਰਵਣ ਦਾਸ ਮਹਾਰਾਜ ਜੀ ਨੇ ਆਪਣੇ ਮੁਬਾਰਕ ਹੱਥਾਂ ਨਾਲ ਪ੍ਰਸ਼ਾਦਿ ਵੰਡਿਆ ਅਤੇ ਸੰਗਤ ਨੂੰ ਚਾਹ ਪਾਣੀ ਪਿਲਾਇਆ ਅਤੇ ਆਪ ਵੀ ਪੀਤਾ। ਫਿਰ ਸੁਆਮੀ ਜੀ ਨੇ ਸ਼੍ਰੀ ਧੰਨਾ ਰਾਮ ਜੀ ਨੂੰ ਆਪਣੇ ਨਾਲ ਹੀ ਕੁਟੀਆ ਵਿਖੇ ਲੈ ਆਂਦਾ। ਸਤਿਗੁਰਾਂ ਨੇ ਸ਼੍ਰੀ ਧੰਨਾ ਰਾਮ ਜੀ ਨੂੰ ਲੱਗਭਗ 14 ਦਿਨ ਆਪਣੇ ਪਾਸ ਰੱਖਿਆ। ਅਖ਼ੀਰ ਇਕ ਦਿਨ ਮਹਾਰਾਜ ਜੀ ਨੇ ਧੰਨਾ ਰਾਮ ਨੂੰ ਵਿਦਾ ਕੀਤਾ ਅਤੇ ਆਖਿਆ ਜਾ ਤੇਰੇ ਸਾਰੇ ਗ੍ਰਹਿ ਅਤੇ ਪਾਪ ਅਸੀਂ ਕੱਟ ਦਿਤੇ ਹਨ। ਜਿਸ ਵਕਤ ਸ਼੍ਰੀ ਧੰਨਾ ਰਾਮ ਜੀ ਨੂੰ ਇਸ ਬਾਰੇ ਪਤਾ ਚੱਲਿਆ ਉਹ ਕਿਰਪਾਲ ਦਿਆਲੂ ਸਤਿਗੁਰੂ ਸੁਆਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਤੋਂ ਬਲ-ਬਲ ਜਾਂਦਾ ਹੋਇਆ ਆਖਣ ਲੱਗਾ ਧੰਨ ਹੋ ਤੁਸੀਂ ਸੁਆਮੀ ਸਰਵਣ ਦਾਸ ਮਹਾਰਾਜ ਜੀ।

## ਸਾਖੀ 317

## ਅਸੀਂ ਤਾਂ ਸਭ ਦੇ ਪਾਰ ਉਤਾਰੇ ਕਰਨੇ ਹਨ

ਇਕ ਸਮੇਂ ਦੀ ਗੱਲ ਹੈ ਕਿ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਰਿਸ਼ੀਕੇਸ਼ ਗਏ। ਆਪ ਜੀ ਉੱਥੇ ਗੀਤਾ ਭਵਨ ਵਿਖੇ ਆਪਣੇ ਸੇਵਕ ਸੰਤ ਨਿਰੰਜਣ ਦਾਸ ਮਹਾਰਾਜ ਜੀ (ਮੌਜੂਦਾ ਗੱਦੀ ਨਸ਼ੀਨ) ਡੇਰਾ ਸੰਤ ਸਰਵਣ ਦਾਸ ਜੀ, ਸੱਚਖੰਡ ਬੱਲਾਂ (ਜਲੰਧਰ), ਸ਼੍ਰੀ ਫੱਗਣ ਰਾਮ ਸਰਮਸਤਪੁਰ, ਸੰਤ ਰਾਮ ਕਿਸ਼ਨ, ਸ਼੍ਰੀ ਪਾਖਰ ਰਾਮ ਮੰਨਣ, ਸੰਤ ਪਾਖਰ ਰਾਮ, ਸ. ਗੁਰਦਿਆਲ ਸਿੰਘ ਅਤੇ ਉਹਨਾਂ ਦੀ ਪਤਨੀ ਮਿਹਰ ਆਦਿ ਨਾਲ ਠਹਿਰੇ। ਇਸ ਸਮੇਂ ਦੌਰਾਨ ਸਭ ਸੇਵਾਦਾਰ ਪ੍ਰੇਮੀਆਂ ਦੀ ਗਰੁੱਪ ਫੋਟੋ ਮਹਾਰਾਜ ਜੀ ਦੇ ਨਾਲ ਖਿਚਵਾਈ ਗਈ। ਇਕ ਦਿਨ ਸ. ਗੁਰਦਿਆਲ ਸਿੰਘ ਜੀ ਉਹਨਾਂ ਫੋਟੋਆਂ ਨੂੰ ਲੈ ਕੇ ਵਾਪਸ ਆਏ। ਉਹਨਾਂ ਨੇ ਉਹ ਸਾਰੀਆ ਫੋਟੋਆਂ ਮੰਜੇ ਉੱਪਰ ਰੱਖ ਦਿਤੀਆਂ ਅਤੇ ਸਾਰੇ ਪ੍ਰੇਮੀਆਂ ਨੂੰ ਆਖਿਆ ਕੇ ਜਿਹਨਾਂ ਨੂੰ ਫੋਟੋ ਚਾਹੀਦੀ ਹੈ ਉਹ ਪੰਜ ਰੁਪਏ ਲੈ ਕੇ ਆਵੇ। ਮੈਂ ਉਸ ਨੂੰ ਹੀ ਇਹ ਫੋਟੋ ਦਿਆਂਗਾ। ਜਦੋਂ ਇਸ ਗੱਲ ਬਾਰੇ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੂੰ ਪਤਾ ਲੱਗਿਆ ਤਾਂ ਉਹਨਾਂ ਨੇ ਤਿੰਨ ਖੂੰਡੇ ਸਰਦਾਰ ਗੁਰਦਿਆਲ ਸਿੰਘ ਜੀ ਦੇ ਵਗਾ ਮਾਰੇ। ਮੁੱਖੋਂ ਉਚਾਰਨ ਕੀਤਾ ਲੈ ਭਾਈ ਗੁਰਦਿਆਲ ਸਿੰਘ ਤੇਰੇ ਸਾਰੇ ਕਰਮ ਕੱਟੇ ਗਏ ਹਨ। ਬਾਕੀਆਂ ਦੇ ਕਰਮ ਇਹਨਾਂ ਦੇ ਇਸ਼ਨਾਨ ਕਰਵਾ ਕੇ ਕੱਟਾਗਾਂ। ਮੈਂ ਤਾਂ ਇਹਨਾਂ ਦੇ ਪਾਰ ਉਤਾਰੇ **ਕਰਨੇ ਹਨ।**

## ਸਾਖੀ 318

### ਬੀਬੀ ਸਾਰੇ ਵਚਨ ਪੂਰੇ ਨਾ ਹੋਏ ਤਾਂ ਕੁਟੀਆ ਨਾ ਆਵੀਂ।

ਬੀਬੀ ਗੁਰਦੀਪ ਕੌਰ ਜੀ ਪਤਨੀ ਸ. ਭਜਨ ਸਿੰਘ ਜੀ ਰਾਏਪੁਰ ਵਾਲਿਆਂ ਦਾ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਨਾਲ ਬਹੁਤ ਪਿਆਰ ਸੀ। ਬੀਬੀ ਜੀ ਦੇ ਵਿਆਹ ਤੋਂ ਇੱਕ ਸਾਲ ਬਾਅਦ ਦੀ ਗੱਲ ਹੈ ਕਿ ਬੀਬੀ ਜੀ ਦੇ ਦਰਦ ਬਹੁਤ ਜ਼ਿਆਦਾ ਰਹਿੰਦਾ ਸੀ।ਡਾਕਟਰਾ ਨੇ ਆਪ੍ਰੇਸ਼ਨ ਕਰ ਦਿੱਤਾ ਅਤੇ ਕਿਹਾ ਕਿ ਆਪ ਜੀ ਦੇ ਘਰ ਕੋਈ ਔਲਾਦ ਨਹੀਂ ਹੋਵੇਗੀ। ਭਾਵ ਆਪ ਸੰਤਾਨ ਸੁੱਖ ਪ੍ਰਾਪਤ ਨਹੀਂ ਕਰ ਸਕੋਗੇ। ਬੀਬੀ ਜੀ ਬਹੁਤ ਉਦਾਸ ਹੋਈ। ਉੱਪਰੋਂ ਘਰੋਂ ਵੀ ਅਤੇ ਸਮਾਜ ਦੇ ਵੀ ਤਾਅਨੇ ਮਿਹਣੇ ਸੁਣਨੇ ਪੈਂਦੇ। ਇਕ ਦਿਨ ਬੀਬੀ ਜੀ ਸਤਿਗੁਰ ਸੁਆਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਪਰ ਨਮਸਕਾਰ ਕਰਨ ਆਈ। ਬੀਬੀ ਜੀ ਨੂੰ ਕਿਸੇ ਨੇ ਦੱਸਿਆ ਕਿ ਬੱਲਾਂ ਵਾਲੇ ਸੰਤਾਂ ਦੇ ਜਾ ਕੇ ਫ਼ਰਿਆਦ ਕਰ।ਸੋ ਘਰਦੇ ਆਖਣ ਲੱਗੇ ਤੈਨੂੰ ਕਿਤਿਓਂ ਵੀ ਆਰਾਮ ਨਹੀਂ ਆਉਣਾ। ਅਖੀਰ ਬੀਬੀ ਜੀ ਨੇ ਸਤਿਗੁਰ ਜੀ ਦੇ ਚਰਨਾਂ ਪਰ ਫਰਿਆਦ ਕੀਤੀ ਅਤੇ ਆਖਿਆ ਕਿ ਮਹਾਰਾਜ ਜੀ "ਮੈਨੂੰ ਕੋਈ ਉਮੀਦ ਨਹੀਂ ਕਿ ਮੈਂ ਔਲਾਦ ਸੁੱਖ ਪ੍ਰਾਪਤ ਕਰ ਸਕਾਂਗੀ"।ਸਤਿਗੁਰ ਸੁਆਮੀ ਸਰਵਣ ਦਾਸ ਮਹਾਰਾਜ ਜੀ ਨੇ ਵਚਨ ਕੀਤੇ "ਬੀਬਾ ਤੇਰੇ ਘਰ ਤਿੰਨ ਲੜਕੀਆਂ ਅਤੇ ਬਾਅਦ ਵਿਚ ਇਕ ਲੜਕਾ ਜਨਮ ਲਵੇਗਾ, ਸਾਡੀ ਗੱਲ ਯਾਦ ਰੱਖੀ"। ਅਗਰ ਅਜਿਹਾ ਨਾ ਹੋਇਆ ਤਾਂ ਫਿਰ ਸਾਡੇ ਤੂੰ ਕੁਟੀਆ ਨਾ ਆਵੀਂ। ਸਮਾਂ ਬੀਤਿਆ ਸੰਤਾਂ ਦੇ ਵਚਨ ਅਟੱਲ ਹੋਏ। ਬੀਬੀ ਜੀ ਦੇ ਘਰ ਤਿੰਨ ਲੜਕੀਆਂ ਅਤੇ ਇੱਕ ਲੜਕੇ ਨੇ ਜਨਮ ਲਿਆ।

## ਸਾਖੀ 319

### ਬੀਬੀ ਗੁਰਦੀਪ ਕੌਰ ਨੂੰ ਲੜਕੇ ਦੀ ਦਾਤ ਬਖਸ਼ਿਸ਼ ਕਰਨਾ।

ਬੀਬੀ ਗੁਰਦੀਪ ਕੌਰ ਜੀ ਪਿੰਡ ਰੋਇਪੁਰ ਦੇ ਰਹਿਣ ਵਾਲੇ ਹਨ। ਆਪ ਜੀ ਦਾ ਸਤਿਗੁਰ ਸੁਆਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਨਾਲ ਬਹੁਤ ਪਿਆਰ ਸੀ। ਘਰੋਂ ਆਪ ਜੀ ਦਾ ਵਿਰੋਧ ਹੁੰਦਾ ਪਰ ਆਪ ਜੀ ਆਖਦੇ ਕਿ ਮੈਂ ਸੰਤਾਂ ਦੇ ਜ਼ਰੂਰ ਜਾਣਾ ਹੈ। ਆਪ ਜੀ ਦਾ ਜਦ ਵਿਆਹ ਹੋਇਆ ਤਾਂ ਆਪਜੀ ਦੇ ਘਰ ਤਿੰਨ ਲੜਕੀਆਂ ਨੇ ਜਨਮ ਲਿਆ।ਉਦਾਸ ਰਹਿਣਾ ਸੁਭਾਵਿਕ ਸੀ।ਇੱਕ ਦਿਨ ਬੀਬੀ ਗੁਰਦੀਪ ਕੌਰ ਜੀ ਆਪਣੀਆਂ ਸਹੇਲੀਆਂ ਦੇ ਨਾਲ ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਵਿਖੇ ਨਮਸਕਾਰ ਕਰਨ ਆਈ।ਗੱਦੀ ਪਰ ਸਤਿਗੁਰ ਗਰੀਬ ਦਾਸ ਮਹਾਰਾਜ ਜੀ ਬਿਰਾਜਮਾਨ ਸਨ। ਬੀਬੀ ਜੀ ਨੇ ਸਤਿਗੁਰ ਸੁਆਮੀ ਗਰੀਬ ਦਾਸ ਜੀ ਨੂੰ ਪੁੱਤਰ ਦਾਤ ਸੰਬੰਧੀ ਬੇਨਤੀ ਕੀਤੀ। ਸਤਿਗੁਰ ਗਰੀਬ ਦਾਸ ਮਹਾਰਾਜ ਜੀ ਆਪਣੀ ਮੌਜ ਵਿਚ ਆਏ ਅਤੇ ਉਹ ਖੁਦ ਦਵਾਈਆਂ ਵਾਲੇ

ਕਮਰੇ ਵਿਚ ਉੱਠ ਕੇ ਗਏ। ਉਹਨਾਂ ਬੀਬੀ ਜੀ ਨੂੰ ਦਵਾਈ ਦਿੱਤੀ ਅਤੇ ਨਾਲ ਹੀ ਦੁਆ ਵੀ ਅਤੇ ਵਚਨ ਕੀਤੇ ਬੀਬਾ ਜਾਹ ਇੱਕ ਸਾਲ ਬਾਅਦ ਤੇਰੇ ਘਰ ਪੁੱਤਰ ਦਾ ਜਨਮ ਹੋਵੇਗਾ, ਤੂੰ ਉਸਦਾ ਨਾ 'ਰ' ਅੱਖਰ ਪਰ ਰੱਖੀ। ਸੰਤਾਂ ਮਹਾਪੁਰਸ਼ਾਂ ਦੀ ਰਸਨਾ ਪਰ ਪਰਮਾਤਮਾ ਖੁਦ ਵੱਸਦਾ ਹੈ। ਬੀਬੀ ਗੁਰਦੀਪ ਕੌਰ ਜੀ ਦੇ ਘਰ ਲੜਕੇ ਨੇ ਜਨਮ ਲਿਆ। ਨਾਮ ਰਖਿਆ ਗਿਆ ਰਵਿੰਦਰ ਸਿੰਘ ਜੀ।

## ਸਾਖੀ 320

## ਮਹਾਰਾਜ ਜੀ ਦਾ ਖੀਸੇ ਵਿਚੋਂ ਸੇਬ ਪ੍ਰਗਟ ਕਰਨਾ।

ਸ੍ਰੀ ਚੰਨਣ ਸਿੰਘ ਜੀ ਨੌਗੱਜੇ ਵਾਲੇ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਪਰਮ ਸੇਵਕਾਂ ਵਿੱਚੋਂ ਹਨ। ਜਦ ਆਪ ਨੇ ਬੋਰ ਸੰਬੰਧੀ ਔਕੜ ਮਹਾਰਾਜ ਜੀ ਦੇ ਅੱਗੇ ਰੱਖੀ ਤਾਂ ਸਤਿਗੁਰੂ ਜੀ ਸ੍ਰੀ ਚੰਨਣ ਸਿੰਘ, ਮਿਸਤਰੀ ਦਲੀਪ ਸਿੰਘ ਅਤੇ ਮਿਸਤਰੀ ਕਰਨੈਲ ਸਿੰਘ ਜੀ ਨੂੰ ਨਾਲ ਲੈ ਕੇ ਖੇਤਾਂ ਵਿੱਚ ਉਸ ਜਗ੍ਹਾ ਵੱਲ ਚੱਲ ਪਏ, ਜਿੱਧਰ ਬੋਰ ਕੀਤਾ ਜਾ ਰਿਹਾ ਸੀ। ਮਹਾਰਾਜ ਜੀ ਨੇ ਟਿਊਬਵੈੱਲ ਤਾਂ ਆਪਣੀ ਕਿਰਪਾ ਨਾਲ ਚਲਾ ਦਿੱਤਾ। ਪਰ ਉੱਥੇ ਹੀ ਚੰਨਣ ਸਿੰਘ ਨੌਗੱਜੇ ਵਾਲਿਆਂ ਦੇ ਘਰ ਇੱਕ ਬੀਬੀ ਆਈ ਹੋਈ ਸੀ। ਸ. ਚੰਨਣ ਸਿੰਘ ਜੀ ਦੇ ਰਿਸ਼ਤੇਦਾਰ ਅਤੇ ਪਰਿਵਾਰ ਵਾਲਿਆਂ ਨੇ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਅੱਗੇ ਫਰਿਆਦ ਕੀਤੀ ਕਿ "ਮਹਾਰਾਜ ਜੀ ਇਸ ਬੀਬੀ ਦੀ ਸ਼ਾਦੀ ਹੋਇਆ 6-7 ਸਾਲ ਹੋ ਗਏ ਹਨ, ਪਰ ਇਸ ਦੇ ਅਜੇ ਤੱਕ ਕੋਈ ਬੱਚਾ ਨਹੀਂ ਹੋਇਆ"। ਮਹਾਰਾਜ ਜੀ ਖੇਤਾਂ ਵਿਚ ਟਿਊਬਵੈੱਲ ਬੋਰ ਵਾਲੀ ਜਗ੍ਹਾ ਉੱਪਰ ਖੜ੍ਹੇ ਸਨ। ਸਤਿਗੁਰੂ ਜੀ ਨੇ ਆਪਣੇ ਖੀਸੇ ਵਿੱਚ ਹੱਥ ਮਾਰਿਆ ਅਤੇ ਇੱਕ ਸੇਬ ਕੱਢ ਕੇ ਬੀਬੀ ਜੀ ਦੀ ਝੋਲੀ ਪਾਉਂਦਿਆ ਆਖਿਆ, " ਮੁੰਨਾ ਤੇਰੇ ਦੋ ਪੁੱਤਰ ਪੈਦਾ ਹੋਣਗੇ, ਤੂੰ ਫ਼ਿਕਰ ਨਾ ਕਰੀ"। ਸਮਾਂ ਪਾ ਕੇ ਬੀਬੀ ਜੀ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ। ਸ. ਚੰਨਣ ਸਿੰਘ ਜੀ, ਮਿਸਤਰੀ ਦਲੀਪ ਸਿੰਘ ਜੀ ਜਿਸ ਵੇਲੇ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੂੰ ਕੁਟੀਆ ਤੋਂ **ਟਿਊਬਵੈੱਲ** ਬੋਰ ਵਾਲੀ ਜਗ੍ਹਾ ਤੇ ਲੈ ਕੇ ਗਏ ਸਨ ਤਾਂ ਮਹਾਰਾਜ ਜੀ ਪਾਸ ਕੋਈ ਵੀ ਖਾਣ ਪੀਣ ਵਾਲਾ ਪਦਾਰਥ ਨਹੀਂ ਸੀ। ਜਦੋਂ ਮਹਾਰਾਜ ਜੀ ਨੇ ਖੀਸੇ ਵਿੱਚੋਂ ਸੇਬ ਕੱਢ ਕੇ ਬੀਬੀ ਜੀ ਦੀ ਝੋਲੀ ਪਾਇਆ ਤਾਂ ਸਭ ਸੇਵਾਦਾਰ ਪ੍ਰੇਮੀ ਅਤੇ ਚੰਨਣ ਸਿੰਘ ਦੇ ਪਰਿਵਾਰ ਵਾਲੇ ਹੈਰਾਨ ਰਹਿ ਗਏ ਸਭ ਨੇ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਉੱਪਰ ਸ਼ਰਧਾ ਨਾਲ ਮੱਥਾ ਟੇਕਿਆ। ਬੋਲਣਾ ਜੀ ਜੈ ਸੰਤਾਂ ਦੀ।

-ਮਿਸਤਰੀ ਕਰਨੈਲ ਸਿੰਘ ਜੀ ਪੁੱਤਰ ਸ੍ਰੀ ਦਲੀਪ ਸਿੰਘ ਜੀ

## ਸਾਖੀ ਨੰਬਰ 321

## ਸੁੰਮਨ ਪ੍ਰੀਵਾਰ ਤੇ ਸੰਤਾਂ ਦੀ ਰਹਿਮਤ ਹੋਣੀ

ਸ਼੍ਰੀ ਗੁਰਨਾਮ ਚੰਦ ਸੁਮਨ (ਜੱਜ ਸਾਹਿਬ) ਤੇ ਬਾਬੂ ਮੰਗੂ ਰਾਮ ਸੁਮਨ ਨੂੰ ਸਤਿਗੁਰੂ ਸਰਵਣ ਦਾਸ ਜੀ ਦੇ ਦੀਦਾਰ ਦੀ ਪਹਿਲੀ ਝਲਕ **ਸਾਧ ਸੰਗਤ ਜੀ ਪਿੰਡ ਸਰਹਾਲੀ ਜਿਲ੍ਹਾ ਜਲੰਧਰ ਵਿੱਚ ਇੱਕ ਉੱਚ ਕੋਟੀ ਦੇ ਖਿਆਲਾ ਵਾਲਾ ਸ਼੍ਰੀ ਮਾਲੀ ਰਾਮ ਨਾਂ ਦਾ ਉੱਤਮ ਪੁਰਖ ਰਹਿੰਦਾ ਸੀ। ਜਿਸ ਨੇ ਆਪਣੇ ਪੁੱਤਰ ਗੁਰਨਾਮ ਚੰਦ ਸੁਮਨ ਨੂੰ ਗਰੀਬੀ ਦੀ ਹਾਲਤ ਵਿੱਚ ਬੜੀ ਮਿਹਨਤ ਨਾਲ ਪੜ੍ਹਾਇਆ ਅਤੇ ਐੱਮ. ਏ., ਐੱਲ. ਐੱਲ. ਬੀ., ਪੀ. ਸੀ. ਐੱਸ. ਇਮਤਿਹਾਨ ਪਾਸ ਕਰਵਾਇਆ। ਪੀ. ਸੀ. ਐਸ. ਪਾਸ ਕਰਕੇ ਸ਼੍ਰੀ ਗੁਰਨਾਮ ਚੰਦ ਸੁਮਨ ਜਿਲ੍ਹਾ ਹੁਸ਼ਿਆਰਪੁਰ ਵਿਖੇ ਜੱਜ ਦੇ ਅਹੁਦੇ ਤੇ ਲੱਗੇ। ਜੱਜ ਸਾਹਿਬ ਦਾ ਸ਼੍ਰੀ ਬੇਲੀ ਰਾਮ ਜੀ (ਪਿੰਡ ਬੱਲਾਂ) ਨਾਲ ਰਿਸ਼ਤੇਦਾਰੀ ਦਾ ਸੰਬੰਧ ਸੀ। ਸ਼੍ਰੀ ਬੇਲੀ ਰਾਮ ਜੀ ਸਰਹਾਲੀ ਆਉਂਦੇ ਜਾਂਦੇ ਰਹਿੰਦੇ ਸਨ ਅਤੇ ਆਪਣੇ ਰਿਸ਼ਤੇਦਾਰਾਂ ਵਿੱਚ ਸ਼੍ਰੀ 108 ਸੰਤ ਸਰਵਣ ਦਾਸ ਜੀ ਦੀ ਉਪਮਾ ਕਰਿਆ ਕਰਦੇ ਸਨ। ਹੌਲੀ ਹੌਲੀ ਸਭ ਦੇ ਦਿਲਾਂ ਵਿੱਚ ਸੰਤਾਂ ਦੀ ਉਪਮਾ ਦਾ ਡੂੰਘਾ ਅਸਰ ਹੋਇਆ ਅਤੇ ਸਭ ਪਰਿਵਾਰ ਦੇ ਦਿਲ ਵਿੱਚ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਦੀਦਾਰ ਕਰਨ ਦੀ ਸ਼ੁੱਭ ਇੱਛਾ ਜਾਗ ਪਈ ਸਭ ਤੋਂ ਪਹਿਲਾ ਸ਼੍ਰੀ ਗੁਰਨਾਮ ਚੰਦ ਸੁਮਨ ਦਾ ਵੱਡਾ ਭਰਾ ਸ਼੍ਰੀ ਮੰਗੂ ਰਾਮ ਸੁਮਨ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਡੇਰੇ ਵਿਖੇ ਆਇਆ। ਜਦੋਂ ਸੱਚੀ ਸਰਕਾਰ ਦੇ ਦਰਸ਼ਨ ਕੀਤੇ ਤਾਂ ਮਨ ਗਦ-ਗਦ ਹੋ ਗਿਆ। ਮਨ ਵਿੱਚ ਖੁਸ਼ੀ ਦਾ ਸਮੁੰਦਰ ਉਛਾਲੀਆਂ ਮਾਰਨ ਲੱਗਾ। ਕੀ ਦੇਖਦਾ ਹੈ ਕਿ ਸਤਿਗੁਰੂ ਸੰਗਤਾਂ ਦੇ ਵਿਚਕਾਰ ਬੈਠੇ ਹਨ। ਸੰਗਤਾਂ ਦੀ ਭਾਰੀ ਗਿਣਤੀ ਹੈ। ਗਿਆਨੀ ਜੈਮਲ ਸਿੰਘ ਪਿੰਡ ਰਾਊਵਾਲੀਆ ਤੂੰਬੀ ਤੇ ਖੜਤਾਲਾਂ ਦੀ ਸੁਰ ਨਾਲ ਸੰਗਤਾਂ ਨੂੰ ਕੀਰਤਨ ਸਰਵਣ ਕਰਵਾ ਰਹੇ ਸਨ। ਬਾਬੂ ਮੰਗੂ ਰਾਮ ਸੁਮਨ ਜੀ ਨੇ ਇੱਕ ਪਾਸੇ ਜੋੜਾ ਖੋਲਿਆ, ਹੱਥ ਪੈਰ ਧੋ ਕੇ, ਪ੍ਰਸ਼ਾਦਿ ਲੈ ਕੇ ਸਤਿਗੁਰਾਂ ਨੂੰ ਨਮਸਕਾਰ ਕੀਤੀ ਅਤੇ ਸੰਗਤਾਂ ਵਿੱਚ ਬੈਠ ਗਏ। ਕੀਰਤਨ ਉਪਰੰਤ ਸਤਿਗੁਰੂ ਜੀ ਨੇ ਸਭ ਸੰਗਤਾਂ ਨੂੰ ਚਾਹ ਦਾ ਲੰਗਰ ਛਕਣ ਲਈ ਕਿਹਾ। ਜਿਨ੍ਹਾਂ ਸੰਗਤਾਂ ਨੇ ਪਹਿਲਾਂ ਲੰਗਰ ਛਕਿਆ ਹੋਇਆ ਸੀ ਉਹ ਸਤਿਗੁਰਾਂ ਦੇ ਚਰਨਾਂ ਵਿੱਚ ਬੈਠੀਆਂ ਰਹੀਆਂ ਤੇ ਬਾਕੀ ਸੰਗਤਾਂ ਚਾਹ ਛਕਣ ਚਲੀਆਂ ਗਈਆਂ ਪਾਸ ਹੀ ਮਾਸਟਰ ਜੱਗੂ ਰਾਮ ਜੀ ਰਾਏਪੁਰ ਰਸੂਲਪੁਰ ਵਾਲੇ ਬੈਠੇ ਹੋਏ ਸਨ। ਮਹਾਰਾਜ ਜੀ ਨੇ ਹੁਕਮ ਕੀਤਾ ਜੱਗੂ ਰਾਮ ਆਪ ਬੈਠੀਆਂ ਸੰਗਤਾਂ ਨੂੰ ਸ਼ਬਦ ਸੁਣਾਓ ਜੀ। ਮਾਸਟਰ ਜੱਗੂ ਰਾਮ ਜੀ ਸਤਿ ਬਚਨ ਕਹਿ ਕੇ ਸ਼ਬਦ ਸੁਣਾਉਣ ਲੱਗੇ ਤੇ ਸਭ ਸੰਗਤਾਂ ਨੂੰ ਬੇਨਤੀ ਕੀਤੀ ਉਹ ਸ਼ਬਦ ਉਹਨਾਂ ਦੇ ਨਾਲ ਉਚਾਰਨ ਉਹ ਸ਼ਬਦ ਸੀ :-**

ਸਾਨੂੰ ਮੀਰਾਂ ਵਾਲੀ ਲਗਨ ਲਗਾ ਦੇ ਤੇਰਾ ਕਿਹੜਾ ਮੁੱਲ ਲੱਗਦਾ।
ਸਾਡੇ ਸੁੱਤੇ ਹੋਏ ਭਾਗ ਜਗਾ ਦੇ ਤੇਰਾ ਕਿਹੜਾ ਮੁੱਲ ਲੱਗਦਾ।

**ਇਸ ਸ਼ਬਦ ਤੋਂ ਬਾਅਦ ਸਤਿਗੁਰਾ ਨੇ ਹੁਕਮ ਕੀਤਾ ਕਿ ਇੱਕ ਸ਼ਬਦ ਹੋਰ ਸੁਣਾਓ। ਮਾਸਟਰ ਜੱਗੂ ਰਾਮ ਜੀ ਨੇ ਦੂਸਰਾ ਸ਼ਬਦ ਸ਼ੁਰੂ ਕੀਤਾ ਜਿਹੜਾ ਉਹਨਾਂ ਨੇ ਆਪ ਲਿਖਿਆ ਹੋਇਆ ਸੀ :-**

**ਅਸਾਂ ਕੁਟੀਆ 'ਚ ਰੱਬ ਦਾ ਜ਼ਹੂਰ ਦੇਖਿਆ,**

ਸੋਮਾ ਪ੍ਰੇਮ ਤੇ ਪਿਆਰ ਦਾ ਹਜ਼ੂਰ ਦੇਖਿਆ।

ਇਸ ਕਵਿਤਾ ਵਿੱਚ ਮਾਸਟਰ ਜੱਗੂ ਰਾਮ ਜੀ ਨੇ ਸਾਰੇ ਬੰਦ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੀ ਉਪਮਾ ਦੇ ਅੰਕਿਤ ਕੀਤੇ ਹੋਏ ਸਨ। ਬਾਬੂ ਮੰਗੂ ਰਾਮ ਸੁਮਨ ਨੂਰੀ ਫਕੀਰ ਦੇ ਦਰਸ਼ਨ ਕਰਕੇ ਅਤੇ ਉਹਨਾਂ ਦੀ ਉਪਮਾ ਮਾਸਟਰ ਜੱਗੂ ਰਾਮ ਤੋਂ ਸੁਣ ਕੇ ਨਿਹਾਲੋ- ਨਿਹਾਲ ਹੋ ਗਿਆ। ਬਾਬੂ ਮੰਗੂ ਰਾਮ ਸੁਮਨ ਜੀ ਨੇ ਸ਼੍ਰੀ ਬੇਲੀ ਰਾਮ ਜੀ ਨੂੰ ਕਿਹਾ ਬੇਲੀ ਰਾਮ ਜੀ ਆਪ ਸਾਡੇ ਵਾਸਤੇ ਸੰਤਾਂ ਨੂੰ ਬੇਨਤੀ ਕਰੋ ਕਿ ਸਾਨੂੰ ਵੀ ਆਪਣੇ ਭੰਡਾਰੇ ਵਿੱਚੋ ਨਾਮ ਦੀ ਦਾਤ ਬਖ਼ਸ਼ਿਸ਼ ਕਰਨ। ਸ਼੍ਰੀ ਬੇਲੀ ਰਾਮ ਜੀ ਨੇ ਸਤਿਗੁਰਾਂ ਪਾਸ ਅਰਜ਼ ਕੀਤੀ ਜੋ ਮਨਜ਼ੂਰ ਹੋ ਗਈ। ਸਤਿਗੁਰੂ ਜੀ ਨੇ ਸ਼੍ਰੀ ਮੰਗੂ ਰਾਮ ਸੁਮਨ ਦੀਆਂ ਸਭ ਆਸਾਂ ਜੋ ਦਿਲ ਵਿੱਚ ਧਾਰ ਕੇ ਸਤਿਗੁਰਾਂ ਦੀ ਸੰਗਤ ਵਿੱਚ ਆਇਆ ਸੀ ਸਭ ਪੂਰੀਆਂ ਕਰ ਦਿੱਤੀਆਂ। ਨਾਮ ਦੀ ਦਾਤ ਲੈ ਕੇ ਜਦੋਂ ਬਾਬੂ ਮੰਗੂ ਰਾਮ ਸੁਮਨ ਸੰਤਾਂ ਤੋਂ ਆਗਿਆ ਲੈ ਕੇ ਘਰ ਨੂੰ ਜਾਣ ਲੱਗਾ ਤਾਂ ਸੰਤਾਂ ਨੇ ਕਿਹਾ ਅੱਛਾ ਜਾਓ, ਨੇਕ ਕਮਾਈ ਕਰੋ ਤੇ ਸ਼ੁੱਭ ਸੰਗਤ ਤੇ ਭਜਨ ਸਿਮਰਨ ਕਰਦੇ ਰਹਿਣਾ। ਬਾਬੂ ਮੰਗੂ ਰਾਮ ਸੁਮਨ ਜੀ ਨੇ ਘਰ ਜਾ ਕੇ ਸਤਿਗੁਰੂ ਜੀ ਦੀ ਬਹੁਤ ਉਪਮਾ ਕੀਤੀ। ਹੁਣ ਬਾਬੂ ਮੰਗੂ ਰਾਮ ਸੁਮਨ ਦੇ ਭਰਾ ਜੱਜ ਸਾਹਿਬ ਹੁਕਮ ਚੰਦ ਸੁਮਨ ਜੋ ਕਿ ਹੁਸ਼ਿਆਰਪੁਰ ਸਨ, ਨੇ ਆਪਣਾ ਪ੍ਰੋਗਰਾਮ ਸੰਤਾਂ ਦੇ ਦੀਦਾਰ ਕਰਨ ਦਾ ਬਣਾਇਆ। ਐਤਵਾਰ ਛੁੱਟੀ ਸੀ। ਸ਼੍ਰੀ ਗੁਰਨਾਮ ਚੰਦ ਬੱਚਿਆਂ ਸਮੇਤ ਪਿੰਡ ਬੱਲਾਂ ਵਿਖੇ ਸ਼੍ਰੀ ਬੇਲੀ ਸਤਿਗੁਰੂ ਜੀ ਨੇ ਦੇਖਿਆ ਕਿ ਕੁਝ ਸੰਗਤਾਂ ਆਈਆਂ ਹਨ ਤਾਂ ਆਪ ਥੜ੍ਹੇ ਤੇ ਜਿੱਥੇ ਆਸਣ ਵਿਛਿਆ ਹੋਇਆ ਸੀ ਉਸ ਪਰ ਬਿਰਾਜਮਾਨ ਹੋ ਗਏ। ਜੱਜ ਸਾਹਿਬ ਤੇ ਉਸਦੇ ਪਰਿਵਾਰ ਨੇ ਪ੍ਰਸ਼ਾਦਿ ਰੱਖ ਕੇ ਚਰਨਾਂ ਵਿੱਚ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਪਿਆਰ ਨਾਲ ਸਿਰ ਤੇ ਹੱਥ ਰੱਖਿਆ ਤੇ ਸੇਵਾਦਾਰਾਂ ਨੂੰ ਹੁਕਮ ਕੀਤਾ ਕਿ ਇਹਨਾਂ ਦੇ ਬੈਠਣ ਲਈ ਨਵੀਂ ਦਰੀ ਵਿਛਾਓ। ਜਿਸ ਉੱਪਰ ਜੱਜ ਸਾਹਿਬ ਤੇ ਹੋਰ ਸੰਗਤਾਂ ਬੈਠ ਗਈਆਂ। ਸ਼੍ਰੀ ਬੇਲੀ ਰਾਮ ਨੇ ਕਿਹਾ ਮਹਾਰਾਜ ਜੀ ਇਹ ਬਾਬੂ ਮੰਗੂ ਰਾਮ ਜੀ ਦੇ ਛੋਟੇ ਭਾਈ ਜੱਜ ਸਾਹਿਬ ਹਨ। ਸਤਿਗੁਰੂ ਜੀ ਜੱਜ ਦਾ ਨਾਮ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਸੁੱਖ ਸਾਂਦ ਪੁੱਛੀ। ਫਿਰ ਬੇਲੀ ਰਾਮ ਨੂੰ ਕਿਹਾ ਪਹਿਲਾਂ ਸਭ ਨੂੰ ਲੰਗਰ ਛਕਾਉ ਜੀ। ਆਗਿਆ ਮੰਨ ਕੇ ਜੱਜ ਸਾਹਿਬ ਤੇ ਉਹਨਾਂ ਦੇ ਪਰਿਵਾਰ ਨੇ ਭੋਜਨ ਛਕਿਆ। ਉਪਰੰਤ ਸਤਿਗੁਰੂ ਜੀ ਦੇ ਪਵਿੱਤਰ ਅਸਥਾਨ ਸੱਚਖੰਡ ਬੱਲਾਂ ਦੇ ਸਾਰੇ ਪਾਸੇ ਵਿਚਰ ਕੇ ਦਰਸ਼ਨ ਕੀਤੇ ਫਿਰ ਕੁਝ ਸਮਾਂ ਸੰਤਾਂ ਪਾਸ ਬੈਠ ਕੇ ਸੰਤਾਂ ਦੇ ਮੁਖ਼ਾਰਬਿੰਦ ਤੋਂ ਮਨੋਹਰ ਬਚਨ ਸੁਣੇ। ਇੰਨੇ ਚਿਰ ਨੂੰ ਸ਼ਾਮ ਹੋ ਗਈ, ਸੂਰਜ ਛਿਪਣ ਲੱਗਾ। ਸਤਿਗੁਰੂ ਜੀ ਕੁਝ ਸੰਗਤਾਂ ਸਮੇਤ ਪਿੰਡ ਦੇ ਡੇਰੇ ਪਹੁੰਚ ਗਏ। ਰਾਤ ਨੂੰ ਸੰਤ ਹਰੀ ਦਾਸ ਜੀ ਸੁੰਦਰ ਆਸਣ ਉੱਪਰ ਬੈਠ ਕੇ ਹਰ ਰੋਜ ਦੀ ਤਰ੍ਹਾਂ ਕਥਾ ਸੁਣਾਉਣ ਲੱਗੇ ਅਤੇ ਸਤਿਗੁਰੂ ਸਰਵਣ ਦਾਸ ਜੀ ਆਪਣੇ ਮੁੱਖੋਂ ਵਿਆਖਿਆ ਕਰਕੇ ਸਮਝਾਉਂਦੇ ਸਨ। ਕਥਾ ਸਮਾਪਤੀ ਉਪਰੰਤ ਅਰਦਾਸ ਹੋਈ ਤੇ ਪ੍ਰਸ਼ਾਦਿ ਵਰਤਾਇਆ ਗਿਆ। ਹੁਣ ਨਗਰ ਨਿਵਾਸੀ ਸੰਗਤਾਂ ਆਪਣੇ- ਆਪਣੇ ਘਰਾਂ ਨੂੰ ਚਲੀਆਂ ਗਈਆਂ। ਬਾਹਰੋਂ ਆਈਆਂ ਸੰਗਤਾਂ ਨੂੰ ਆਸਣ (ਬਿਸਤਰੇ) ਦਿੱਤੇ ਗਏ ਅਤੇ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਸਭ

ਸੰਗਤ ਆਪਣਾ ਧਿਆਨ ਪ੍ਰਮਾਤਮਾ ਵੱਲ ਜੋੜੋ ਤੇ ਭਜਨ ਸਿਮਰਨ ਕਰੋ। ਇਹ ਸੁਣ ਕੇ ਜੱਜ ਸਾਹਿਬ ਨੇ ਸ਼੍ਰੀ ਬੇਲੀ ਰਾਮ ਜੀ ਨੂੰ ਕਿਹਾ ਕਿ ਮੈਨੂੰ ਉੱਥੇ ਆਸਣ ਦੇਉ ਜਿੱਥੇ ਮੈਂ ਸਾਰੀ ਰਾਤ ਸਤਿਗੁਰੂ ਜੀ ਦੇ ਦਰਸ਼ਨ ਕਰਦਾ ਰਹਾਂ। ਸਤਿਗੁਰੂ ਜੀ ਜੱਜ ਸਾਹਿਬ ਦੇ ਮੂੰਹੋ ਇਹ ਗੱਲ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ ਅੱਛਾ ਤੂੰ ਸਾਡੇ ਕੋਲ ਹੀ ਆਸਣ ਲਗਾ ਲੈ। ਫਿਰ ਜੱਜ ਸਾਹਿਬ ਨੇ ਬੇਨਤੀ ਕੀਤੀ ਮਹਾਰਾਜ ਜੀ ਕਿਸਦਾ ਸਿਮਰਨ ਕਰਾ ਤਾਂ ਦਿਆਲੂ ਸਤਿਗੁਰੂ ਕਹਿਣ ਲੱਗੇ ਕੱਲ੍ਹ ਸਵੇਰੇ ਤੁਹਾਨੂੰ ਵੀ ਪ੍ਰਭੂ ਦੇ ਸਿਮਰਨ ਦੀ ਜੁਗਤੀ ਦੱਸ ਦਿਆਂਗੇ, ਹੁਣ ਤੁਸੀ ਆਰਾਮ ਕਰੋ ਤੇ ਸੌਂ ਜਾਓ। ਸਭ ਸ਼ਰਧਾਲੂ ਆਪਣੇ- ਆਪਣੇ ਆਸਣ ਤੇ ਬੈਠ ਕੇ ਸਿਮਰਨ ਕਰਦੇ ਰਹੇ ਤੇ ਫਿਰ ਨੀਂਦ ਆਉਣ ਤੇ ਸੌਂ ਗਏ। ਸਵੇਰੇ ਸਤਿਗੁਰੂ ਜੀ ਨੇ ਢਾਈ ਵਜੇ ਉੱਠ ਕੇ ਇਸ਼ਨਾਨ ਕੀਤਾ। ਜੱਜ ਸਹਿਬ ਨੂੰ ਕਿਹਾ ਕਿ ਤੁਸੀ ਵੀ ਇਸ਼ਨਾਨ ਕਰ ਲਓ। ਇਸ਼ਨਾਨ ਕਰਨ ਉਪਰੰਤ ਸਤਿਗੁਰੂ ਜੀ ਆਪਣੇ ਆਸਣ ਤੇ ਬੈਠ ਗਏ। ਜੱਜ ਸਾਹਿਬ ਤੇ ਉਨ੍ਹਾਂ ਦੀ ਪਤਨੀ ਗੁਰਬਚਨ ਕੌਰ ਨੂੰ ਆਪਣੇ ਕੋਲ ਬੁਲਾ ਕੇ ਭਜਨ ਸਿਮਰਨ ਦੀ ਜੁਗਤੀ ਸਮਝਾ ਦਿੱਤੀ। ਜੱਜ ਸਾਹਿਬ ਨੇ ਨਿਮਰਤਾ ਪੂਰਵਕ ਸੰਤਾਂ ਦੇ ਚਰਨਾਂ ਤੇ ਨਮਸਕਾਰ ਕੀਤੀ ਅਤੇ ਤਹਿ ਦਿਲੋਂ ਸਤਿਗੁਰੂ ਜੀ ਦਾ ਧੰਨਵਾਦ ਕੀਤਾ। ਐਤਵਾਰ ਦਾ ਦਿਨ ਸੀ, ਸਾਰੇ ਪਰਿਵਾਰ ਨੇ ਸਵੇਰ ਤੋਂ ਲੈ ਕੇ ਦੁਪਹਿਰ ਤੱਕ ਕੁਟੀਆ ਵਿਖੇ ਕੀਰਤਨ ਦਾ ਰਸ ਮਾਣਿਆ ਉਪਰੰਤ ਲੰਗਰ ਛਕ ਕੇ ਅਤੇ ਸਤਿਗੁਰੂ ਜੀ ਪਾਸੋਂ ਖੁਸ਼ੀਆਂ ਪ੍ਰਾਪਤ ਕਰ ਕੇ ਹੁਸ਼ਿਆਰਪੁਰ ਚਲੇ ਗਏ। ਫਿਰ ਸੁਮਨ ਸਾਹਿਬ ਦੇ ਵੱਡੇ ਭਾਈ ਅਰਜਨ ਦਾਸ ਸੁਮਨ ਨੇ ਵੀ ਸਤਿਗੁਰੂ ਜੀ ਪਾਸੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਆਪਣਾ ਜਨਮ ਸਫਲ ਕੀਤਾ। ਇਸ ਤਰ੍ਹਾਂ ਜੱਜ ਸਾਹਿਬ ਦਾ ਸਾਰਾ ਪਰਿਵਾਰ ਹੀ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ। ਥੋੜ੍ਹੇ ਦਿਨਾਂ ਬਾਅਦ ਜੱਜ ਸਾਹਿਬ ਫਿਰ ਮਹਾਰਾਜ ਜੀ ਦੇ ਦਰਸ਼ਨ ਕਰਨ ਆਏ ਤਾਂ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਮਰਾਰਾਜ ਜੀ ਮਨ ਬਹੁਤ ਉਦਾਸ ਰਹਿੰਦਾ ਹੈ ਤਾਂ ਸਤਿਗੁਰੂ ਜੀ ਕਹਿਣ ਲੱਗੇ ਕੋਈ ਫਿਕਰ ਨਾ ਕਰੋ, ਸਭ ਠੀਕ ਹੋ ਜਾਵੇਗਾ। ਫਿਰ ਆਪਣੇ ਪਾਸੋਂ ਜੱਜ ਸਾਹਿਬ ਨੂੰ ਇੱਕ ਪੁਸਤਕ ਦੇ ਕੇ ਕਿਹਾ ਕਿ ਜਦੋਂ ਮਨ ਉਦਾਸ ਹੋਵੇ ਇਸ ਪੁਸਤਕ ਨੂੰ ਪੜ੍ਹ ਲੈਣਾ। ਜੱਜ ਸਾਹਿਬ ਸਤਿਗੁਰੂ ਜੀ ਤੋਂ ਖੁਸ਼ੀਆਂ ਪ੍ਰਾਪਤ ਕਰਕੇ ਘਰ ਨੂੰ ਚਲੇ ਗਏ। ਇਹ ਸੀ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਦੀਦਾਰ ਦੀ ਪਹਿਲੀ ਝਲਕ ਜੋ ਜੱਜ ਸਾਹਿਬ ਨੂੰ ਨਸੀਬ ਹੋਈ। ਜੋ ਵੀ ਪੁਰਸ਼ ਸੰਤਾਂ ਮਹਾਂਪੁਰਸ਼ਾਂ ਦੀ ਸੰਗਤ ਕਰਦਾ ਹੈ ਉਸਨੂੰ ਹੀ ਸਤਿਸੰਗ ਦੀ ਲੱਜਤ ਪ੍ਰਾਪਤ ਹੁੰਦੀ ਹੈ। ਇਹ ਮੌਜਾ ਸੰਤਾਂ ਤੋਂ ਬਿਨਾਂ ਕਿੱਧਰੇ ਵੀ ਹੱਥ ਨਹੀਂ ਆਉਂਦੀਆਂ, ਨਾਮ ਦੀ ਦਾਤ ਵੀ ਸੰਤਾਂ ਪਾਸ ਹੀ ਹੈ ਅਤੇ ਉਸ ਦੀ ਜੁਗਤੀ ਵੀ ਸੰਤ ਹੀ ਦੱਸ ਸਕਦੇ ਹਨ ਜਿਵੇਂ:-

ਜੁਗਤੀ ਬਾਝ ਨਾ ਮਿਲਦੀ ਮੁਕਤੀ, ਜੁਗਤੀ ਸਤਿਗੁਰ ਦੇ ਕੋਲ ਹੈ।

ਸ਼੍ਰੀ ਮੰਗੂ ਰਾਮ ਸੁਮਨ ਅਤੇ ਉਹਨਾਂ ਦੇ ਪਰਿਵਾਰ ਤੇ ਸਤਿਗੁਰੂ ਸਰਵਣ ਦਾਸ ਜੀ ਦੀ ਬਖ਼ਸ਼ਿਸ਼ ਨੇ ਉਹਨਾਂ ਦਾ ਜੀਵਨ ਹੀ ਧਾਰਮਿਕ ਲਾਇਨ ਵਿੱਚ ਬਦਲ ਦਿੱਤਾ ਹੈ। ਉਹਨਾਂ ਦਾ ਸਾਰਾ ਪਰਿਵਾਰ ਹੀ ਕੀਰਤਨੀਏ ਬਣੇ ਹੋਏ ਹਨ ਇਹ ਸਭ ਕਿਰਪਾ ਸਤਿਗੁਰੂ

**ਸੁਆਮੀ ਸਰਵਣ ਦਾਸ ਜੀ ਮਹਾਰਾਜ ਸੱਚ ਖੰਡ ਬੱਲਾਂ ਵਾਲਿਆਂ ਦੀ ਮਿਹਰ ਸਦਕਾ ਹੈ।**

## ਸਾਖੀ ਨੰਬਰ 322

## ਤੈਨੂੰ ਸਭ ਨਮਸਕਾਰਾਂ ਕਰਨਗੇ।

ਜੱਜ ਸਾਹਿਬ ਜੀ ਦੱਸਦੇ ਹਨ ਕਿ ਜਦ ਮੈਂ ਪੀ.ਸੀ.ਐਸ. ਵਿੱਚ ਸਿਲੈਕਟ ਹੋ ਗਿਆ ਤਾਂ ਮੇਰਾ ਨੌਕਰੀ ਉੱਪਰ ਦਿਲ ਨਹੀਂ ਸੀ ਲੱਗਦਾ। ਮੈਂ ਪੂਰੀ ਤਰ੍ਹਾਂ ਹਤਾਸ਼ ਅਤੇ ਨਿਰਾਸ਼ ਹੋਇਆ ਪਿਆ ਸੀ।ਮੈਂ ਮਨ ਹੀ ਮਨ ਵਿਚਾਰ ਕੀਤਾ ਕਿ ਨੌਕਰੀ ਛੱਡ ਹੀ ਦੇਣੀ ਹੈ ਕਿਉਂਕਿ ਜਾਤ ਵਿਰੋਧੀ ਸਟਾਫ ਦਾ ਰਵੱਈਆ ਵੀ ਮੇਰੇ ਪ੍ਰਤੀ ਕੋਈ ਬਹੁਤਾ ਸਾਰਥਕ ਨਹੀਂ ਸੀ, ਉਹ ਵੀ ਮੈਨੂੰ ਅਕਸਰ ਪਰੇਸ਼ਾਨ ਕਰਿਆ ਕਰਦੇ ਸਨ। ਮੈਂ ਛੁੱਟੀ ਲਈ ਅਤੇ ਆਪਣਾ ਸਮਾਨ ਬੰਨਿਆ ਅਤੇ ਬੈਗ ਤਿਆਰ ਕਰਕੇ ਦਸੂਹੇ ਤੋਂ ਬੱਸ ਫੜੀ।ਬੱਸ ਵਿੱਚ ਹੀ ਮੈਨੂੰ ਮੇਰੇ ਪਿੰਡ ਦਾ ਮੁੰਡਾ ਮਿਲ ਗਿਆ।ਅਸੀਂ ਆਪਸ ਵਿੱਚ ਗੱਲਾਂ ਬਾਤਾਂ ਵਿੱਚ ਰੁੱਝ ਗਏ।ਉਸ ਮੁੰਡੇ ਨੇ ਕਿਹਾ ਚੱਲ ਯਾਰ ਆਪਾ ਘਰਾਂ ਨੂੰ ਤਾਂ ਜਾਣਾ ਹੀ ਹੈ ਕਿਉਂ ਨਾ ਆਪਾਂ ਬੱਲਾਂ ਵਾਲੇ ਸੰਤਾਂ ਦੇ ਦਰਸ਼ਨ ਕਰ ਚੱਲੀਏ। ਮੈਂ ਵੀ ਸੋਚਿਆ ਇਹ ਠੀਕ ਹੀ ਕਹਿ ਰਿਹਾ ਹੈ। ਅਸੀਂ ਦੋਨੋਂ ਬੱਲਾਂ ਪਿੰਡ ਨੂੰ ਪੈਦਲ ਹੀ ਬੱਸ ਅੱਡੇ ਤੋਂ ਹੋ ਤੁਰੇ।ਕੁਟੀਆ ਪਹੁੰਚ ਕੇ ਸੰਤਾਂ ਨੂੰ ਨਮਸਕਾਰ ਕੀਤੀ।ਸੰਤਾਂ ਨੇ ਸਾਨੂੰ ਬੜਾ ਪਿਆਰ ਕੀਤਾ ਤੇ ਸਾਨੂੰ ਚੂਪਣ ਲਈ ਅੰਬ ਦਿੱਤੇ।ਮਹਾਰਾਜ ਜੀ ਨੇ ਆਪ ਵੀ ਅੰਬ ਖਾਧੇ ਅਤੇ ਕੁਝ ਅੰਬ ਸਾਡੀ ਝੋਲੀ ਵਿੱਚ ਪਾ ਦਿੱਤੇ।ਕੁਝ ਚਿਰ ਬਾਅਦ ਸਤਿਗੁਰਾਂ ਨੇ ਵਚਨ ਕੀਤੇ। "ਗੁਰਨਾਮ ਚੰਦਾ ਤੇਰਾ ਕੋਈ ਦੁਸ਼ਮਣ ਹੈ ਤਾਂ ਸਾਨੂੰ ਦੱਸ, ਤੇਰਾ ਨੌਕਰੀ ਉੱਪਰ ਦਿਲ ਕਿਉਂ ਨਹੀਂ ਲੱਗਦਾ।ਕੀ ਤੂੰ ਕਿਸੇ ਦਾ ਕੋਈ ਨੁਕਸਾਨ ਕੀਤਾ ਹੈ"? ਸਤਿਗੁਰੂ ਸੁਆਮੀ ਸਰਵਣ ਦਾਸ ਮਹਾਰਾਜ ਜੀ ਨੇ ਜੱਜ ਸਾਹਿਬ ਨੂੰ ਧਾਰਮਿਕ ਪੁਸਤਕ ਭੇਂਟ ਕੀਤੀ। ਰੋਜ਼ਾਨਾ ਸਵੇਰੇ-ਸ਼ਾਮ ਪਾਠ ਕਰਨ ਲਈ ਹੁਕਮ ਕੀਤਾ।ਮਹਾਰਾਜ ਜੀ ਨੇ ਆਪ ਨੂੰ ਇਤਨਾ ਮਜ਼ਬੂਤ ਕਰ ਦਿੱਤਾ ਕਿ ਜੱਜ ਸਾਹਿਬ ਦਾ ਹਤਾਸ਼ ਅਤੇ ਨਿਰਾਸ਼ ਹੋਇਆ ਮਨ ਮਜ਼ਬੂਤ ਹੋ ਗਿਆ।ਆਪ ਕੁਟੀਆ ਵਿੱਚ ਮਹਾਰਾਜ ਜੀ ਦੀ ਸ਼ਰਨ ਵਿੱਚ ਰਹਿ ਕੇ ਥੋੜ੍ਹੀ ਹੀ ਦੇਰ ਬਾਅਦ ਦਸੂਹਾ ਵਿਖੇ ਵਾਪਸ ਪਰਤ ਗਏ ਅਤੇ ਆਪਣੀ ਛੁੱਟੀ ਕੈਂਸਲ ਕਰਵਾਈ।ਉਹ ਸਾਥੀ ਜਿਹੜੇ ਆਪ ਦੇ ਹਮੇਸ਼ਾਂ ਹੀ ਵਿਰੋਧ ਵਿੱਚ ਰਹਿੰਦੇ ਸਨ, ਜਿਹੜੇ ਹਮੇਸ਼ਾਂ ਹੀ ਆਪ ਨੂੰ ਛੂਆ-ਛਾਤ ਦਾ ਸ਼ਿਕਾਰ ਬਣਾਉਂਦੇ ਰਹੇ ਸਨ, ਜਿਨ੍ਹਾਂ ਅੱਗੇ ਕੋਈ ਅਖੌਤੀ ਨਿਮਨ ਜਾਤੀ ਦਾ ਬੰਦਾ ਧੌਣ ਉੱਚੀ ਕਰਕੇ ਗੱਲ ਨਹੀਂ ਸੀ ਕਰ ਸਕਦਾ, ਜਿਸ ਕਚਹਿਰੀ ਦਾ ਅਖੌਤੀ ਉੱਚ ਜਾਤੀ ਦਾ ਪਿਆਦਾ ਵੀ ਅਖੌਤੀ ਨਿਮਨ ਜਾਤੀ ਦੇ ਜੱਜ ਨਾਲ ਜਾਤੀ ਪੱਖੋਂ ਨਫ਼ਰਤ ਕਰਦਾ ਸੀ- ਉਹਨਾਂ ਸਭਨਾਂ ਨੇ ਸ਼੍ਰੀਮਾਨ ਗੁਰਨਾਮ ਚੰਦ ਜੱਜ ਜੀ ਪਾਸੋਂ ਮੁਆਫੀ ਮੰਗੀ।ਉਨ੍ਹਾਂ ਨਾਲ ਹਰ ਪ੍ਰਕਾਰ ਦਾ ਸਹਿਯੋਗ ਕੀਤਾ, ਕਚਿਹਰੀ ਦਾ ਸਾਰਾ ਹੀ ਸਟਾਫ਼ਜੱਜ ਜੀ ਸਾਹਮਣੇ ਨਤ-ਮਸਤਕ ਹੋਣ ਲੱਗਾ। ਇਹ ਸਭ ਸੰਤ ਸਰਵਣ ਦਾਸ

ਮਹਾਰਾਜ ਜੀ ਦਾ ਹੀ ਆਸ਼ੀਰਵਾਦ ਸੀ।

## ਸਾਖੀ ਨੰਬਰ 323

## ਇਹ ਲੜਕੀਆਂ ਉੱਚੀ ਤਾਲੀਮ ਪ੍ਰਾਪਤ ਕਰਨਗੀਆਂ।

ਜੱਜ ਸਾਹਿਬ ਦੱਸਦੇ ਹਨ ਕਿ ਜਿਨ੍ਹਾਂ ਦਿਨਾਂ ਵਿੱਚ ਮੇਰੇ ਤਿੰਨ ਲੜਕੀਆਂ ਸਨ ਮੈਂ ਕਾਫੀ ਉਦਾਸ ਰਹਿੰਦਾ ਸਾਂ ਕਿਉਂਕਿ ਉਹ ਸਮੇਂ ਵੀ ਕੋਈ ਬਹੁਤੇ ਚੰਗੇ ਨਹੀਂ ਸਨ। ਮੇਰੀਆਂ ਲੜਕੀਆਂ ਨੇ ਜਦ ਮਹਾਰਾਜ ਜੀ ਦੇ ਚਰਨਾਂ ਵਿੱਚ ਨਮਸਕਾਰ ਕਰਨ ਆਉਣਾ ਤਾਂ ਸਤਿਗੁਰਾਂ ਨੇ ਉਨ੍ਹਾਂ ਦੀਆਂ ਝੋਲੀਆਂ ਵਿੱਚ ਨੋਟ ਬਖ਼ਸ਼ਿਸ਼ ਕਰਨੇ ਅਤੇ ਵਚਨ ਕਰਨੇ ਕਿ ਇਨ੍ਹਾਂ ਬੀਬੀਆਂ ਨੇ ਤਾਂ ਬਹੁਤ ਉੱਚੀ ਤਾਲੀਮ ਹਾਸਿਲ ਕਰਨੀ ਹੈ ਅਤੇ ਬਹੁਤ ਹੀ ਵੱਡੇ-ਵੱਡੇ ਘਰਾਂ ਵਿਚ ਇਨ੍ਹਾਂ ਨੇ ਜਾਣਾ ਹੈ। ਸਤਿਗੁਰ ਸੁਆਮੀ ਸਰਵਣ ਦਾਸ ਮਹਾਰਾਜ ਜੀ ਦੇ ਕੀਤੇ ਵਚਨ ਅਟੱਲ ਹੋਏ।ਅੱਜ ਤਿੰਨੋ ਹੀ ਲੜਕੀਆ ਉੱਚ-ਸਿੱਖਿਆ ਪ੍ਰਾਪਤ ਕਰਕੇ ਖੁਸ਼ਹਾਲੀ ਦਾ ਜੀਵਨ ਬਤੀਤ ਕਰ ਰਹੀਆਂ ਹਨ।

## ਸਾਖੀ ਨੰਬਰ 324

## ਸ੍ਰੀ ਗੁਰਨਾਮ ਚੰਦ ਸੁਮਨ ਜੀ ਨੂੰ ਪੁੱਤਰ ਦੀ ਦਾਤ ਬਖ਼ਸ਼ਿਸ਼ ਕਰਨਾ

**ਕੁਟੀਆ ਸੱਚਖੰਡ ਬੱਲਾਂ ਜਿਸ ਦੇ ਚਾਰੋਂ ਤਰਫ਼ ਭਾਂਤ- ਭਾਂਤ ਦੇ ਸੰਘਣੇ ਬ੍ਰਿਖ ਲੱਗੇ ਹੋਏ ਹਨ। ਸੁੰਦਰ ਬਸੰਤ ਰੁੱਤ ਹੈ, ਸਭ ਬਨਸਪਤੀ ਪ੍ਰਫੁੱਲਤ ਹੈ। ਸੀਤਲ ਮੰਦ- ਸੁਗੰਧ ਯੁਕਤ ਵਾਯੂ ਚਲ ਰਹੀ ਹੈ। ਭਾਂਤ-ਭਾਂਤ ਦੇ ਪੰਛੀ ਬ੍ਰਿਖਾ ਤੇ ਬੈਠੇ ਭਾਂਤ- ਭਾਂਤ ਦੀਆਂ ਬੋਲੀਆਂ ਬੋਲ ਰਹੇ ਹਨ ਜੋ ਮਨ ਨੂੰ ਬਹੁਤ ਹੀ ਪਿਆਰੀਆਂ ਲੱਗ ਰਹੀਆਂ ਹਨ। ਭੌਰੇ ਮਸਤ ਗੁੰਜਾਰਾਂ ਕਰਦੇ ਝੂਮ ਰਹੇ ਹਨ। ਕੋਇਲ ਅੰਬਾਂ ਦੇ ਬੂਟਿਆਂ ਤੇ ਬੈਠੀ ਕੂ-ਕੂ ਦੀ ਆਵਾਜ਼ ਵਿੱਚ ਮਸਤੀ ਦੇ ਸੰਦੇਸ਼ ਭੇਜ ਰਹੀ ਹੈ। ਐਸੇ ਸੁੰਦਰ ਵਾਤਾਵਰਨ ਵਿੱਚ ਮਹਾਨ ਪਵਿੱਤਰ ਅਸਥਾਨ ਕੁਟੀਆ ਸੱਚਖੰਡ ਬੱਲਾਂ ਵਿੱਚ ਸੰਘਣੇ ਬ੍ਰਿਖਾ ਦੀ ਛਇਆ ਹੇਠ ਸਤਿਗੁਰੂ ਸਰਵਣ ਦਾਸ ਜੀ ਦਾ ਸੁੰਦਰ ਦਰਬਾਰ ਸਜਿਆ ਹੋਇਆ ਹੈ। ਪੂਰਬ, ਪੱਛਮ ਅਤੇ ਦੱਖਣ ਦਿਸ਼ਾ ਵਿੱਚ ਸੰਗਤਾਂ ਬੈਠੀਆਂ ਹਨ ਅਤੇ ਉੱਤਰ ਦਿਸ਼ਾ ਵੱਲ ਸਤਿਗੁਰੂ ਜੀ ਦਾ ਆਸਣ ਲੱਗਾ ਹੋਇਆ ਹੈ। ਸਤਿਗੁਰੂ ਇੱਕ ਸੁੰਦਰ ਕੁਰਸੀ ਤੇ ਬਿਰਾਜਮਾਨ ਹਨ, ਸਵੇਰ ਤੋਂ ਹੀ ਕੀਰਤਨ ਅਤੇ ਸਤਿਸੰਗ ਹੋ ਰਿਹਾ ਹੈ। ਦੁਪਹਿਰ ਵੇਲੇ ਸੰਗਤਾਂ ਨੂੰ ਲੰਗਰ ਛਕਾਇਆ ਗਿਆ। ਬਹੁਤ ਸੰਗਤਾਂ ਜੋ ਦੂਰ ਤੋਂ ਆਈਆਂ ਹੋਈਆਂ ਸਨ ਲੰਗਰ ਛਕ ਕੇ ਸੰਤਾਂ ਤੋਂ ਆਗਿਆ ਲੈ ਕੇ ਆਪਣੇ- ਆਪਣੇ ਘਰਾਂ ਨੂੰ ਚਲੀਆਂ ਗਈਆਂ, ਕੁਝ ਸੰਗਤਾਂ ਅਜੇ ਵੀ ਸਤਿਗੁਰੂ ਜੀ ਪਾਸ ਬੈਠੀਆਂ ਰਹੀਆਂ। ਹੁਣ ਸ਼ਾਮ ਦਾ ਵੇਲਾ ਹੋ ਗਿਆ ਪਰ ਅਜੇ ਵੀ ਸੰਗਤਾਂ ਦੀ ਗਿਣਤੀ ਕਾਫੀ ਸੀ। ਕੁਝ ਬਾਹਰ ਦੇ ਦੇਸ਼ਾਂ ਤੋਂ ਸੰਤਾਂ ਦੇ ਸੇਵਕਾਂ ਦੇ ਪੱਤਰ ਆਏ ਹੋਏ ਸਨ। ਸਤਿਗੁਰੂ ਜੀ ਨੇ ਹੁਕਮ ਕੀਤਾ ਹੁਣ ਸਾਰੀਆਂ ਸੰਗਤਾਂ ਸ਼ਾਂਤੀ ਨਾਲ ਬੈਠ ਜਾਓ ਅਸੀਂ ਪ੍ਰਦੇਸਾਂ ਵਿੱਚ**

ਬੈਠੇ ਹੋਏ ਸ਼ਰਧਾਲੂਆਂ ਦੀਆਂ ਚਿੱਠੀਆਂ ਸੁਣਨੀਆਂ ਹਨ। ਸਾਰੀਆਂ ਚਿੱਠੀਆਂ ਸੰਤਾਂ ਦੇ ਪਾਸ ਰੱਖ ਦਿੱਤੀਆਂ, ਮਹਾਰਾਜ ਜੀ ਇੱਕ- ਇੱਕ ਕਰ ਕੇ ਚਿੱਠੀਆਂ ਸੁਣਨ ਲੱਗੇ। ਸਤਿਗੁਰੂ ਜੀ ਆਪਣੀ ਮੌਜ ਵਿੱਚ ਬੈਠੇ ਸਾਰੀਆਂ ਚਿੱਠੀਆਂ ਬੜੇ ਧਿਆਨ ਨਾਲ ਸੁਣ ਰਹੇ ਸਨ। ਸਾਰੀਆਂ ਚਿੱਠੀਆਂ ਵਿੱਚ ਸਤਿਗੁਰੂ ਜੀ ਨੂੰ ਨਮਸਕਾਰਾਂ ਲਿਖੀਆਂ ਹੋਈਆਂ ਸਨ ਅਤੇ ਆਪਣੇ ਸਤਿਗੁਰਾਂ ਦੀ ਉਪਮਾ ਲਿਖੀ ਹੋਈ ਸੀ।

ੴ ਸਤਿਗੁਰੂ ਪ੍ਰਸਾਦਿ

ਫਰਬਰੀ 1972 ਡੇਰਾ ਸੰਤ ਸਰਵਣ ਦਾਸ ਬੱਲਾਂ

ਗੁਰੂ ਰਵਿਦਾਸ ਤੇ ਆਦਿ ਜੋ ਬਾਲਮੀਕਿ ਗੁਰੂ ਜੋਇ।
ਸੋ ਤੁਮਰੀ ਰੱਖਿਆ ਕਰੇ, ਬਿਘਨ ਨਾ ਲਾਗੇ ਕੋਇ।।

ਸਮਾਚਾਰ ਲੇਖਕ ਸੰਤ ਸਰਵਣ ਦਾਸ ਅੱਗੇ ਬਰਖ਼ੁਰਦਾਰ ਗੁਰਨਾਮ ਚੰਦ ਸੁਮਨ ਜੀ ਸਾਡੇ ਵਲੋਂ ਸਾਰੇ ਪਰਿਵਾਰ ਨੂੰ ਆਸ਼ੀਰਵਾਦ। ਅੱਗੇ ਸਮਾਚਾਰ ਇਹ ਹੈ ਕਿ ਤੁਹਾਡਾ ਖ਼ਤ ਮਿਲਿਆ ਪੜ੍ਹ ਕੇ ਹਾਲ ਮਾਲੂਮ ਹੋਇਆ। ਸਾਨੂੰ ਬੜੀ ਖੁਸ਼ੀ ਹੈ ਕਿ ਤੁਸੀ ਇੱਕ ਜੱਜ ਦੀ ਡਿਊਟੀ ਨਿਭਾ ਰਹੇ ਹੋ। ਅਸੀਂ ਬਹੁਤ ਖੁਸ਼ ਹਾਂ ਕਿ ਸਾਡੀ ਕੌਮ ਵਿੱਚ ਜੱਜ ਦੀਆਂ ਪੋਸਟਾਂ ਤੇ ਬੱਚੇ ਲੱਗੇ ਹੋਏ ਹਨ। ਤੁਹਾਨੂੰ ਕਈਆਂ ਕਿਸਮਾਂ ਦੇ ਫੈਸਲੇ ਕਰਨੇ ਪੈਂਦੇ ਹਨ। ਤੁਸੀਂ ਆਪਣੀ ਡਿਊਟੀ ਵਿੱਚ ਕੁਤਾਹੀ ਨਹੀਂ ਕਰਨੀ। ਬੜੀ ਸੋਚੀ ਨਾਲ ਫੈਸਲਾ ਦੇਣਾ। ਫੈਸਲਾ ਕਰਨ ਸਮੇਂ ਆਪਣੇ ਦੋਸਤਾਂ, ਮਿੱਤਰਾਂ ਜਾਂ ਰਿਸ਼ਤੇਦਾਰਾਂ ਦਾ ਕੋਈ ਖਿਆਲ ਨਾ ਕਰਨਾ। ਸੱਚਾ- ਸੁੱਚਾ ਫੈਸਲਾ ਜਿਸ ਦੇ ਹੱਕ ਵਿੱਚ ਹੋਵੇ ਉਹੀ ਕਰਨਾ। ਸੱਚਾਈ ਨੂੰ ਜੀਵਨ ਪ੍ਰਯੰਤ ਮੁੱਖ ਰੱਖਣਾ। ਕੋਈ ਰਿਸ਼ਵਤ ਆਦਿ ਦੇ ਕੇ ਤੁਹਾਡੇ ਮਨ ਨੂੰ ਭਰਮਾਵੇ ਤਾਂ ਉਸ ਦੇ ਪਿੱਛੇ ਨਹੀਂ ਲੱਗਣਾ ਕਿਉਂਕਿ ਐਸਾ ਕਰਨ ਨਾਲ ਕਈ ਵਾਰ ਆਦਰ ਸਤਿਕਾਰ ਜਾਂਦਾ ਰਹਿੰਦਾ ਹੈ ਅਤੇ ਨਿਰਾਦਰੀ ਦਾ ਮੂੰਹ ਦੇਖਣਾ ਪੈਂਦਾ ਹੈ। ਤੁਸੀ ਆਪ ਪੜ੍ਹੇ ਲਿਖੇ ਹੋ ਸੂਝਵਾਨ ਹੋ, ਸਾਧੂਆਂ ਦੇ ਤਾਂ ਸਿੱਧੇ- ਸਾਦੇ ਬਚਨ ਹੁੰਦੇ ਹਨ। ਅੰਤ ਵਿੱਚ ਸਾਡੇ ਵਲੋਂ ਗੁਰਨਾਮ ਚੰਦ ਸੁਮਨ, ਬੀਬੀ ਗੁਰਬਚਨ ਕੌਰ, ਨੀਲਮ, ਧੰਨ ਤੇ ਵਿਕਾਸ ਗੁੱਡੀਆਂ ਨੂੰ ਪਿਆਰ ਅਤੇ ਕਾਕਿਆਂ ਨੂੰ ਵੀ ਪਿਆਰ। ਖ਼ਤ ਪਾਉਂਦੇ ਰਹਿਣਾ ਭਜਨ ਸਿਮਰਨ ਵੱਲ ਖਿਆਲ ਰੱਖਣਾ।

ਸ਼ੁਭਚਿੰਤਕ,
ਸੰਤ ਸਰਵਣ ਦਾਸ

ਜਦੋਂ ਸਤਿਗੁਰੂ ਜੀ ਨੇ ਇਹ ਖ਼ਤ ਸਮਾਪਤ ਕੀਤਾ ਤਾਂ ਪਾਸ ਬੈਠਾ ਸ਼੍ਰੀ ਬੇਲੀ ਰਾਮ ਕਹਿਣ ਲੱਗਾ, ਮਹਾਰਾਜ ਜੀ ਤੁਸੀਂ ਆਪਣੇ ਬਚਨਾਂ ਵਿੱਚ ਮਹਾਰਾਜ ਨਾਮਦੇਵ ਜੀ ਵਾਂਗ ਆਪ ਜੀ ਬੰਨੇ ਗਏ ਹੋ। ਸਤਿਗੁਰੂ ਜੀ ਨੇ ਪੁੱਛਿਆ ਬੇਲੀ ਰਾਮ ਕਿਸ ਤਰ੍ਹਾਂ ਬੰਨੇ ਗਏ ਹਾਂ ਤਾਂ ਬੇਲੀ ਰਾਮ ਨੇ ਕਿਹਾ ਮਹਾਰਾਜ ਜੀ, ਜੱਜ ਸਾਹਿਬ ਦੇ ਘਰ ਤਾਂ ਕੋਈ ਕਾਕਾ ਹੀ ਨਹੀਂ ਹੈ ਪਰ ਆਪ ਜੀ ਨੇ ਕਾਕਿਆਂ ਨੂੰ ਪਿਆਰ ਲਿਖ ਦਿੱਤਾ ਹੈ। ਸਤਿਗੁਰੂ ਜੀ ਹੱਸ ਪਏ ਤੇ ਕਹਿਣ ਲੱਗੇ ਅੱਛਾ ਇਸ ਤਰ੍ਹਾਂ ਲਿਖਿਆ ਗਿਆ ਹੈ। ਮਹਾਰਾਜ ਜੀ ਕਹਿਣ ਲੱਗੇ ਕੋਈ ਗੱਲ ਨਹੀਂ ਪ੍ਰਮੇਸ਼ਰ ਦੀ ਕਿਰਪਾ ਨਾਲ ਉਸਦੇ ਘਰ ਹੁਣ ਲੜਕਾ ਹੀ ਹੋਵੇਗਾ। ਇਹ ਜੱਜ ਸਾਹਿਬ ਨੂੰ

ਸੰਤਾਂ ਵਲੋਂ ਲਿਖੀ ਆਖਰੀ ਚਿੱਠੀ ਸੀ ਕਿਉਂਕਿ ਉਸ ਤੋਂ ਕੁਝ ਸਮਾਂ ਬਾਅਦ ਮਿਤੀ 11 ਜੂਨ 1972 ਨੂੰ ਸਤਿਗੁਰੂ ਜੀ ਸੱਚਖੰਡ ਜਾ ਬਿਰਾਜੇ। ਠੀਕ ਉਸ ਸਮੇਂ ਤੋਂ ਗਿਆਰਾਂ ਮਹੀਨੇ ਬਾਅਦ ਜਨਵਰੀ 1973 ਨੂੰ ਸਤਿਗੁਰੂ ਜੀ ਦੇ ਬਚਨ ਫਲੀ ਭੂਤ ਹੋਏ ਤੇ ਜੱਜ ਸਾਹਿਬ ਦੇ ਘਰ ਇੱਕ ਸੁੰਦਰ ਸਰੂਪ ਲੜਕਾ ਪੈਦਾ ਹੋਇਆ।

ਜੋ ਮਾਂਗੈ ਠਾਕਰ ਆਪੁਣੇ ਤੇ, ਸੋਈ ਸੋਈ ਦੇਵੈ।।

ਜੱਜ ਸਾਹਿਬ ਦੇ ਜੀਵਨ ਵਿੱਚ ਹੁਣ ਨਵੀਆਂ ਖੁਸ਼ੀਆਂ ਆ ਗਈਆਂ। ਖੁਸ਼ੀਆਂ ਨਾਲ ਭਰੇ ਹੋਏ ਦਿਲ ਨਾਲ ਜੱਜ ਸਾਹਿਬ ਸਭ ਤੋਂ ਪਹਿਲਾਂ ਇਹ ਖੁਸ਼ਖ਼ਬਰੀ ਡੇਰੇ ਵਿੱਚ ਦੱਸਣ ਆਏ ਅਤੇ ਸੰਗਤਾਂ ਲਈ ਪ੍ਰਸ਼ਾਦਿ ਵੀ ਲਿਆਏ। ਉਸ ਸਮੇਂ ਸੰਤ ਹਰੀ ਦਾਸ ਜੀ ਅਤੇ ਸੰਤ ਗਰੀਬ ਦਾਸ ਜੀ ਡੇਰੇ ਵਿਖੇ ਮੌਜੂਦ ਸਨ। ਮਹਾਰਾਜ ਜੀ ਜੱਜ ਸਾਹਿਬ ਪਾਸੋਂ ਇਹ ਖੁਸ਼ੀ ਦੀ ਖ਼ਬਰ ਸੁਣ ਕੇ ਬਹੁਤ ਪ੍ਰਸੰਨ ਹੋਏ। ਸੰਤ ਹਰੀ ਦਾਸ ਜੀ ਨੇ ਸੱਚਖੰਡ ਵਾਸੀ 108 ਸੰਤ ਸਰਵਣ ਦਾਸ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਤੇ ਸਭ ਸੰਗਤਾਂ ਨੂੰ ਖੁਸ਼ੀਆਂ ਨਾਲ ਪ੍ਰਸ਼ਾਦਿ ਵਰਤਾਇਆ। ਇਹ ਸਨ ਸੱਚੇ ਸਤਿਗੁਰੂ ਸਰਵਣ ਦਾਸ ਜੀ ਦੇ ਮੁੱਖੋਂ ਨਿਕਲੇ ਹੋਏ ਸਾਧਾਰਨ ਬਚਨ ਜੋ ਉਹਨਾਂ ਦੇ ਚੋਲਾ ਤਿਆਗਣ ਤੋਂ ਬਾਅਦ ਪੂਰੇ ਹੋਏ:-

ਸਾਧੂ ਬੋਲੇ ਸਹਿਜ ਸਭਾਇ, ਸਾਧੂ ਕਾ ਬੋਲਿਆ ਬਿਰਥਾ ਨਾ ਜਾਇ।

ਸਾਖੀ ਨੰਬਰ 325

## ਮਰੇ ਹੋਏ ਬੱਚੇ ਨੂੰ ਜੀਵਨ ਦਾਨ ਬਖ਼ਸ਼ਣਾ

ਸਾਧ ਸੰਗਤ ਜੀ ਜਿਸ ਤਰ੍ਹਾਂ ਪਿੱਛੇ ਆਪ ਜੀ ਨੂੰ ਦੱਸ ਚੁੱਕੇ ਹਾਂ 108ਸੰਤ ਸਰਵਣ ਦਾਸ ਜੀ ਦੇ ਬ੍ਰਹਮਲੀਨ ਹੋਣ ਤੋਂ ਮਗਰੋਂ ਸ਼੍ਰੀ ਸੁਮਨ ਜੱਜ ਸਾਹਿਬ ਦੇ ਘਰ ਇੱਕ ਸੁੰਦਰ ਲੜਕਾ ਪੈਦਾ ਹੋਇਆ ਜਿਸ ਦਾ ਨਾਮ ਜੱਜ ਸਾਹਿਬ ਜੀ ਨੇ ਪਿਆਰ ਨਾਲ ਬੌਬੀ ਰੱਖਿਆ। ਬੱਚੇ ਦੀਆਂ ਖੁਸ਼ੀਆਂ ਡੇਰੇ ਵਿਖੇ ਸਭ ਸੰਗਤਾਂ ਨੇ ਮਨਾਈਆਂ। ਹੱਸਦਾ ਖੇਡਦਾ ਬੱਚਾ ਚਾਰ ਸਾਲ ਦਾ ਹੋ ਗਿਆ ਇੱਕ ਵਾਰ ਦੀ ਗੱਲ ਹੈ ਕਿ ਗਰਮੀ ਦਾ ਮੌਸਮ ਸੀ। ਕਹਿਰ ਦੀ ਧੁੱਪ ਅਤੇ ਦਿਨ ਵੀ ਬੜੇ ਕੜਾਕੇ ਦਾ ਲੱਗਾ ਹੋਇਆ ਸੀ। ਜੱਜ ਸਾਹਿਬ ਆਪਣੀ ਪਤਨੀ ਅਤੇ ਬੱਚਿਆਂ ਨੂੰ ਨਾਲ ਲੈ ਕੇ ਸ਼੍ਰੀ 108 ਸੰਤ ਸਰਵਣ ਦਾਸ ਮਹਾਰਾਜ ਜੀ ਦੇ ਦਰਬਾਰ (ਡੇਰਾ ਸੱਚ ਖੰਡ ਬੱਲਾਂ) ਗੱਦੀ ਨਸ਼ੀਨ 108 ਸੰਤ ਹਰੀ ਦਾਸ ਮਹਾਰਾਜ ਜੀ, ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਅਤੇ ਸੰਤ ਮੰਡਲੀ ਦੇ ਦਰਸ਼ਨ ਕਰਨ ਵਾਸਤੇ ਡੇਰੇ ਵਿਖੇ ਆਏ। ਸਭ ਤੋਂ ਪਹਿਲਾਂ ਸੱਚਖੰਡ ਵਾਸੀ ਸਤਿਗੁਰੂ ਸਰਵਣ ਦਾਸ ਜੀ ਦੀ ਪਵਿੱਤਰ ਮੂਰਤੀ ਜੋ ਕਿ ਮੰਦਿਰ ਵਿੱਚ ਬਿਰਾਜਮਾਨ ਹੈ, ਨੂੰ ਨਮਸਕਾਰ ਕੀਤੀ। ਫਿਰ ਸਾਰਾ ਪਰਿਵਾਰ ਸ਼੍ਰੀ 108 ਸੰਤ ਗਰੀਬ ਦਾਸ ਜੀ ਦੇ ਪਾਸ ਬੈਠ ਗਿਆ। ਸੇਵਾਦਾਰਾਂ ਨੇ ਇੱਥੇ ਬੈਠਿਆਂ ਹੀ ਸਭ ਨੂੰ ਠੰਡਾ ਪਾਣੀ ਪਿਲਾਇਆ। ਕੁਝ ਦੇਰ ਬਾਅਦ ਸ਼੍ਰੀ 108 ਸੰਤ ਗਰੀਬ ਦਾਸ ਜੀ ਨੇ ਲੰਗਰ ਛਕਣ ਵਾਸਤੇ ਆਗਿਆ ਦਿੱਤੀ। ਸਾਰੇ ਪਰਿਵਾਰ ਨੇ ਲੰਗਰ ਛਕਿਆ। ਇਸ ਤੋਂ ਬਾਅਦ ਸ਼੍ਰੀ ਸੁਮਨ ਜੀ ਅਤੇ ਉਹਨਾਂ ਸੀ ਪਤਨੀ ਸ਼੍ਰੀ 108 ਸੰਤ ਹਰੀ ਦਾਸ ਮਹਾਰਾਜ ਜੀ ਦੇ

ਚਰਨਾਂ ਵਿੱਚ ਨਮਸਕਾਰ ਕਰਕੇ ਬੈਠ ਗਏ ਅਤੇ ਬੱਚੇ ਦੂਸਰੇ ਬੱਚਿਆਂ ਨਾਲ ਮਿਲ ਕੇ ਡੇਰੇ ਦੇ ਇਰਦ- ਗਿਰਦ ਖੇਡਨ ਲੱਗ ਪਏ। ਬੱਚੇ ਖੇਡਦੇ- ਖੇਡਦੇ ਨਹਿਰ ਦੇ ਕੰਡੇ ਤੇ ਚਲੇ ਗਏ। ਐਤਵਾਰ ਦਾ ਦਿਨ ਸੀ ਡੇਰੇ ਵਿਖੇ ਸੰਗਤਾਂ ਦੀ ਕਾਫੀ ਭੀੜ ਸੀ। ਦੁਪਹਿਰ ਦਾ ਲੰਗਰ ਛਕ ਕੇ ਬਹੁਤ ਸਾਰੀਆਂ ਸੰਗਤਾਂ ਮਹਾਰਾਜ ਜੀ ਤੋਂ ਆਗਿਆ ਲੈ ਕੇ ਵਾਪਸ ਆਪਣੇ- ਆਪਣੇ ਘਰਾਂ ਨੂੰ ਜਾਣ ਲੱਗੀਆਂ। ਸਤਿਗੁਰੂ ਹਰੀ ਦਾਸ ਜੀ ਉਸ ਸਮੇਂ ਆਪਣੀ ਮੌਜ ਵਿੱਚ ਬੈਠੇ ਪ੍ਰਭੂ ਸਿਮਰਨ ਵਿੱਚ ਲੀਨ ਸਨ। ਪਾਸ ਹੀ ਕੁਝ ਹੋਰ ਸੰਗਤਾਂ ਤੇ ਸੇਵਾਦਾਰ ਵੀ ਬੈਠੇ ਸਨ। ਇੱਧਰ ਜੱਜ ਸਹਿਬ ਦੇ ਬੱਚੇ ਖੇਡਦੇ-ਖੇਡਦੇ ਨਹਿਰ ਕੰਢੇ ਵੱਲ ਗਏ ਸਨ। ਕੀ ਦੇਖਦੇ ਹਨ ਕਿ ਨਹਿਰ ਵਿੱਚ ਪਾਣੀ ਬੜਾ ਠੰਡਾ ਤੇ ਤੇਜੀ ਨਾਲ ਵਗ ਰਿਹਾ ਸੀ। ਤ੍ਰਿਵੈਣੀ ਵਿੱਚ ਪਾਣੀ ਦੀਆਂ ਝੱਲਾਂ ਪੈ ਰਹੀਆਂ ਸਨ ਤੇ ਪਾਣੀ ਦੀ ਆਵਾਜ਼ ਦੂਰ ਤੱਕ ਸੁਣਦੀ ਸੀ। ਜੱਜ ਸਾਹਿਬ ਦੀਆਂ ਵੱਡੀਆਂ ਲੜਕੀਆਂ ਨੇ ਪਾਣੀ ਵਿੱਚ ਹੱਥ ਪਾਉਣਾ ਸ਼ੁਰੂ ਕੀਤਾ ਤੇ ਆਪਸ ਵਿੱਚ ਇੱਕ ਦੂਜੇ ਵੱਲ ਪਾਣੀ ਸੁੱਟਣ ਲੱਗੀਆਂ ਅਤੇ ਖੇਲ ਵਿੱਚ ਮਸਤ ਹੋ ਗਈਆਂ। ਜੱਜ ਸਾਹਿਬ ਦਾ ਲੜਕਾ ਬੌਬੀ ਵੀ ਆਪਣੀਆਂ ਭੈਣਾਂ ਦੇ ਨਾਲ ਨਹਿਰ ਕੰਢੇ ਚਲਾ ਗਿਆ ਸੀ। ਉਸ ਨੇ ਵੀ ਨੀਵੇਂ ਹੋ ਕੇ ਪਾਣੀ ਵਿੱਚ ਹੱਥ ਪਾਉਣਾ ਚਾਹਿਆ। ਹੱਥ ਪਾਣੀ ਵਿੱਚ ਪਹੁੰਚਦਿਆਂ ਹੀ ਲੜਕਾ ਡੂੰਘੇ ਪਾਣੀ ਵਿੱਚ ਡਿੱਗ ਪਿਆ ਅਤੇ ਪਾਣੀ ਦੇ ਵਹਾਉ ਨਾਲ ਪਤਾ ਨਹੀਂ ਕਿੱਧਰ ਨੂੰ ਚਲਾ ਗਿਆ। ਲੜਕੀਆਂ ਜੋ ਉਸ ਸਮੇਂ ਪਾਣੀ ਨਾਲ ਖੇਡ ਰਹੀਆਂ ਸਨ। ਆਪਣੇ ਭਰਾ ਬੌਬੀ ਨੂੰ ਪਾਣੀ ਵਿੱਚ ਡਿੱਗਾ ਦੇਖ ਕੇ ਨਹਿਰ ਤੇ ਖੜੀਆਂ ਉੱਚੀ-ਉੱਚੀ ਰੋਣ ਲੱਗੀਆਂ, ਹਾਏ! ਹਾਏ! ਸਾਡਾ ਬੌਬੀ ਡੁੱਬ ਗਿਆ। ਲੜਕੀਆਂ ਦੀ ਆਵਾਜ਼ ਸੁਣ ਕੇ ਇੱਕ ਨੌਜਵਾਨ ਲੜਕਾ ਆਇਆ। ਉਸ ਨੇ ਲੜਕੇ ਨੂੰ ਪਾਣੀ ਵਿੱਚੋਂ ਢੂੰਡਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਇਹ ਬਾਲਕ (ਬੌਬੀ) ਕਿੱਧਰੇ ਵੀ ਨਜਰ ਨਹੀਂ ਆਇਆ। ਇੱਧਰ ਸਤਿਗੁਰੂ ਹਰੀ ਦਾਸ ਜੀ ਦੀ ਸਮਾਧੀ ਖੁੱਲ ਗਈ। ਸ਼੍ਰੀ 108 ਸੰਤ ਹਰੀ ਦਾਸ ਜੀ ਸਮਾਧੀ ਤੋਂ ਉੱਠੇ ਅਤੇ ਸੰਤ ਰਾਮਾ ਨੰਦ ਜੀ ਨੂੰ ਕਿਹਾ ਕਿ ਬਾਹਰ ਤੋਂ ਰੋਣ ਦੀ ਆਵਾਜ਼ ਆਈ ਹੈ ਦੇਖੋ ਕੌਣ ਰੋਂਦਾਂ ਹੈ? ਸੰਤ ਰਾਮਾ ਨੰਦ ਜੀ ਨੇ ਸਾਰੇ ਪਾਸੇ ਦੇਖਿਆ ਕੋਈ ਰੋਂਦਾ ਨਜ਼ਰ ਨਹੀਂ ਆਇਆ। ਜਾਣੀ- ਜਾਣ ਸਤਿਗੁਰੂ ਸੰਤ ਹਰੀ ਦਾਸ ਮਹਾਰਾਜ ਜੀ ਨੇ ਕਿਹਾ ਦੁਬਾਰਾ ਦੇਖੋ। ਜੱਜ ਸਾਹਿਬ ਉਹਨਾਂ ਦੀ ਪਤਨੀ ਅਤੇ ਸੰਤ ਰਾਮਾ ਨੰਦ ਜੀ ਕੁਟੀਆ ਤੋਂ ਬਾਹਰ ਦੇਖਣ ਚਲੇ ਗਏ ਕਿ ਕੌਣ ਰੋ ਰਿਹਾ ਹੈ। ਸਾਰੇ ਹੀ ਜੱਜ ਸਾਹਿਬ ਦੀ ਕਾਰ ਪਾਸ ਖੜ੍ਹੇ ਹੋ ਗਏ। ਜੱਜ ਸਾਹਿਬ ਉਸ ਸਮੇਂ ਵਾਪਸ ਜਾਣ ਦੀਆਂ ਤਿਆਰੀਆਂ ਵਿੱਚ ਸਨ ਤੇ ਬੱਚਿਆਂ ਨੂੰ ਉਡੀਕ ਰਹੇ ਸਨ ਕਿ ਬੱਚੇ ਕਿੱਧਰ ਗਏ। ਇੱਕ ਹੀ ਛਿਨ ਵਿੱਚ ਜੱਜ ਸਾਹਿਬ ਕੀ ਦੇਖਦੇ ਹਨ ਕਿ ਉਹਨਾਂ ਦੀਆਂ ਬੱਚੀਆਂ ਰੋਂਦੀਆਂ ਕੁਰਲਾਂਦੀਆਂ ਦੌੜੀਆਂ ਆਉਂਦੀਆ ਉਹਨਾਂ ਪਾਸ ਪਹੁੰਚ ਗਈਆਂ ਤੇ ਕਹਿ ਰਹੀਆਂ ਸਨ ਕਿ ਡੈਡੀ ਜੀ ਬੌਬੀ ਨਹਿਰ ਵਿੱਚ ਡੁੱਬ ਗਿਆ। ਇਹ ਸੁਣ ਕੇ ਡੇਰੇ ਵਿੱਚ ਜੋ ਸੰਗਤ ਤੇ ਸੇਵਾਦਾਰ ਸਨ, ਸਾਰੇ ਹੀ ਇਕਦਮ ਨਹਿਰ ਤੇ ਪਹੁੰਚ ਗਏ ਅਤੇ ਬੱਚੇ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਪਰ ਬੱਚਾ ਨਜ਼ਰ ਨਾ ਆਇਆ। ਕੁਝ ਲੋਕ ਵੱਡੀ ਨਹਿਰ ਤੇ ਦੂਰ ਤੱਕ ਦੇਖਣ ਚਲੇ ਗਏ ਕੁਝ ਇਰਦ-ਗਿਰਦ ਦੇ ਨਾਲਿਆਂ ਚੋ ਤਲਾਸ਼

ਕਰਨ ਲੱਗੇ।

ਦੂਰ ਤੱਕ ਭਾਲ ਕਰਦਿਆਂ ਕੀ ਦੇਖਦੇ ਹਨ ਕਿ ਪਿੰਡ ਮੌਖੇ ਵਾਲੀ ਨਹਿਰ ਵਿੱਚ ਸੂਰਜ ਦੀ ਚਮਕਾਰ ਨਾਲ ਕੁਝ ਰੁੜ੍ਹਿਆਂ ਜਾਂਦਾ ਦਿੱਸਿਆ। ਸੰਤ ਰਾਮਾ ਨੰਦ ਜੀ ਉੱਥੇ ਪਹੁੰਚੇ, ਕੀ ਦੇਖਦੇ ਹਨ ਕਿ ਬੱਚੇ ਦੀਆਂ ਬਾਹਾਂ ਅਤੇ ਲੱਤਾਂ ਪਸਰੀਆਂ ਹੋਈਆਂ ਹਨ ਤੇ ਪਾਣੀ ਤੋਂ ਇੱਕ ਫੁੱਟ ਨੀਚੇ ਰੁੜ੍ਹਿਆ ਜਾ ਰਿਹਾ ਰਿਹਾ ਹੈ। ਨਹਿਰ ਵਿੱਚ ਛਾਲ ਮਾਰ ਕੇ ਬਾਲਕ ਨੂੰ ਚੁੱਕਿਆ। ਦੇਖਿਆ ਕਿ ਬਾਲਕ ਨੂੰ ਸਵਾਸ ਬਿਲਕੁਲ ਨਹੀਂ ਸੀ ਆਉਂਦਾ। ਇੰਨੇ ਚਿਰ ਨੂੰ ਸ਼੍ਰੀ ਮਹਿੰਗਾ ਰਾਮ ਬੱਲਾਂ ਨਿਵਾਸੀ ਵੀ ਪਹੁੰਚ ਗਿਆ। ਜੱਜ ਸਾਹਿਬ ਦੀ ਪਤਨੀ ਤਾਂ ਗਸ਼ ਖਾ ਕੇ ਰਾਹ ਵਿੱਚ ਹੀ ਡਿੱਗ ਪਈ। ਜੋ ਹਾਲ ਜੱਜ ਸਾਹਿਬ ਅਤੇ ਪਰਿਵਾਰ ਦਾ ਉਸ ਸਮੇਂ ਸੀ, ਲਿਖਿਆ ਨਹੀਂ ਜਾ ਸਕਦਾ ਇਸ ਹਾਲਤ ਵਿਚ ਮਰੇ ਹੋਏ ਬਾਲਕ ਨੂੰ ਚੁੱਕ ਕੇ ਗੁਰੂ ਸਾਹਿਬ ਦੇ ਮੰਦਰ ਵਿਚ ਲਿਆਦਾਂ ਗਿਆ ਤੇ ਸਤਿਗੁਰੂ ਸਰਵਣ ਦਾਸ ਜੀ ਦੀ ਪਵਿੱਤਰ ਮੂਰਤੀ ਦੇਸਾਹਮਣੇ ਲਿਟਾ ਦਿੱਤਾ ਗਿਆ। ਜੱਜ ਸਾਹਿਬ ਤੇ ਉਨ੍ਹਾਂ ਦੇ ਪਰਿਵਾਰ ਨੂੰ ਧਰਵਾਸ ਦੇਣ ਲਈ ਸਾਰੇ ਇਹ ਕਹਿ ਰਹੇ ਸਨ ਕਿ ਲੜਕਾ ਜਿੰਦਾ ਹੈ ਤੁਸੀਂ ਰੋਣਾ ਬੰਦ ਕਰੋ। ਸਤਿਗੁਰੂ ਸਰਵਣ ਦਾਸ ਜੀ ਦੇ ਅੱਗੇ ਅਰਦਾਸ ਕੀਤੀ ਗਈ। ਬਾਲਕ ਦਾ ਮੂੰਹ ਖੋਲ ਕੇ ਅੰਦਰੋਂ ਪਾਣੀ ਕੱਢਣ ਲਈ ਕਈ ਉਪਰਾਲੇ ਕੀਤੇ ਗਏ, ਪਰ ਪਾਣੀ ਨਹੀਂ ਨਿਕਲਿਆ। ਫਿਰ ਬਾਲਕ ਨੂੰ ਸਿੱਧਾ ਲਿਟਾ ਕੇ ਪੈਰਾਂ ਦੀ ਮਾਲਸ਼ ਸ਼ੁਰੂ ਕੀਤੀ ਤਾਂ ਕੀ ਹੋਇਆ ਕਿ ਬਾਲਕ ਨੂੰ ਇਕ ਵੱਡੇ ਜ਼ੋਰ ਦੀ ਉਲਟੀ ਆਈ ਜਿਸ ਨਾਲ ਪੇਟ ਵਿਚੋਂ ਪਾਣੀ ਨਿਕਲ ਗਿਆ। ਹੁਣ ਬੱਚੇ ਨੂੰ ਕੱਪੜੇ ਵਿਚ ਲਪੇਟ ਕੇ ਮਾਸਟਰ ਜੀਤਪਾਲ ਆਪਣੀ ਗੋਦੀ ਵਿਚ ਰੱਖ ਕੇ ਕਾਰ ਵਿਚ ਬੈਠ ਗਏ ਤਾਂ ਕਿ ਬੱਚੇ ਨੂੰ ਕਿਸੇ ਡਾਕਟਰ ਪਾਸ ਦਿਖਾਇਆ ਜਾਵੇ। ਬੱਚੇ ਨੂੰ ਕਾਰ ਵਿਚ ਲੈ ਕੇ ਜਦੋਂ ਜਲੰਧਰ ਸ਼ਹਿਰ ਪਹੁੰਚੇ ਤਾਂ ਡਾਕਟਰ ਦੇ ਦੇਖਣ ਤੋਂ ਪਹਿਲੇ ਹੀ ਅਚਾਨਕ ਬੱਚੇ ਦੀ ਨਬਜ਼ ਚੱਲ ਪਈ ਅਤੇ ਸਾਹ ਸ਼ੁਰੂ ਹੋ ਗਿਆ। ਸਾਰਿਆਂ ਦੇ ਸਾਹ ਵਿਚ ਸਾਹ ਆਇਆ। ਸਿਵਲ ਹਸਪਤਾਲ ਜਲੰਧਰ ਪਹੁੰਚੇ। ਡਾਕਟਰ ਸ਼ਿੰਗਾਰਾ ਸਿੰਘ ਨੇ ਬਾਲਕ ਦਾ ਨਿਰੀਖਣ ਕੀਤਾ ਅਤੇ ਕਿਹਾ ਕਿ ਸੁਮਨ ਸਾਹਿਬ ਇੰਨੀ ਛੋਟੀ ਉਮਰ ਦਾ ਬੱਚਾ ਐਨੀ ਦੇਰ ਪਾਣੀ ਵਿਚ ਡੁੱਬਿਆ ਕਦੇ ਵੀ ਜੀਉਂਦਾ ਨਹੀਂ ਰਹਿ ਸਕਦਾ। ਤੁਸੀ ਵੱਡੇ ਕਰਮਾਂ ਵਾਲੇ ਹੋ, ਜਿਸ ਮਹਾਨ ਸਤਿਗੁਰੂ ਸਰਵਣ ਦਾਸ ਜੀ ਨੇ ਪਹਿਲਾਂ ਇਹ ਦਾਤ ਤੁਹਾਨੂੰ ਬਖਸ਼ੀ ਸੀ, ਉਨ੍ਹਾਂ ਨੇ ਇਸ ਬਾਲਕ ਨੂੰ ਮੁੜ ਜਿਉਂਦਾ ਕਰਕੇ ਤੁਹਾਡੀ ਝੋਲੀ ਪਾਇਆ ਹੈ। ਤੁਸੀਂ ਕੋਈ ਫਿਕਰ ਨਾ ਕਰੋ ਬਾਲਕ ਬਿਲਕੁਲ ਠੀਕ ਹੈ। ਇਸ ਨੂੰ ਕੋਈ ਦਵਾਈ ਦੇਣ ਦੀ ਲੋੜ ਨਹੀਂ ਹੈ ਡਾਕਟਰ ਦੇ ਮੂਹੋਂ ਇਹ ਸ਼ਬਦ ਸੁਣ ਕੇ ਸਭ ਦੇ ਚਿਹਰਿਆਂ ਤੇ ਖੁਸ਼ਹਾਲੀ ਆ ਗਈ। ਸਭ ਲੋਕ ਹੈਰਾਨ ਸਨ ਕਿ ਸਤਿਗੁਰੂ ਜੀ ਨੇ ਕੀ ਖੇਡ ਵਰਤਾਈ ਹੈ ਸਭ ਲੋਕ ਸੱਚਖੰਡ ਵਾਸੀ ਸਤਿਗੁਰੂ ਜੀ ਦੀ ਵਡਿਆਈ ਦੇ ਗੁਣ ਗਾਉਣ ਲੱਗੇ। ਡਾਕਟਰ ਸਾਹਿਬ ਨੇ ਇੱਕ ਘੰਟਾ ਬਾਲਕ ਨੂੰ ਆਪਣੇ ਪਾਸ ਰੱਖਿਆ, ਉਹ ਇਸ ਕਰਕੇ ਕਿ ਬੁਖਾਰ ਹੋ ਸਕਦਾ ਹੈ। ਪਰੰਤੂ ਬਾਲਕ ਪੂਰੀ ਤਰ੍ਹਾਂ ਠੀਕ ਸੀ। ਸ਼ਾਮ ਨੂੰ ਜੱਜ ਸਾਹਿਬ ਖੁਸ਼ੀ ਖੁਸ਼ੀ ਪਰਿਵਾਰ ਸਹਿਤ ਲੁਧਿਆਣੇ ਚਲੇ ਗਏ। ਇਸੇ ਖੁਸ਼ੀ ਵਿਚ ਕੁਝ ਮਾਇਆ ਅਤੇ ਪ੍ਰਸ਼ਾਦ ਮਾਸਟਰ

**ਜੀਤ ਪਾਲ ਪਾਸ ਡੇਰੇ ਦੀ ਸੇਵਾ ਲਈ ਭੇਜਿਆ। ਡੇਰੇ ਪਹੁੰਚ ਕੇ ਮਾਸਟਰ ਜੀਤ ਪਾਲ ਨੇ ਸਾਰਾ ਹਾਲ ਸਤਿਗੁਰੂ ਹਰੀ ਦਾਸ ਜੀ ਦੇ ਚਰਨਾਂ ਵਿਚ ਬੈਠ ਕੇ ਸੁਣਾਇਆ ਅਤੇ ਸਭਨਾਂ ਨੂੰ ਇਹ ਸੁਣਕੇ ਬਹੁਤ ਖੁਸ਼ੀ ਹੋਈ। ਸਤਿਗੁਰੂ ਹਰੀ ਦਾਸ ਜੀ ਨੇ ਫਿਰ ਸ਼੍ਰੀ 108 ਸੰਤ ਸਰਵਣ ਦਾਸ ਜੀ ਦੀ ਮੂਰਤੀ ਅੱਗੇ ਅਰਦਾਸ ਕੀਤੀ ਤੇ ਪ੍ਰਸ਼ਾਦ ਸੰਗਤ ਵਿਚ ਵਰਤਾਇਆ ਗਿਆ। ਸਭ ਸੰਗਤਾਂ ਇਹ ਕਹਿ ਰਹੀਆਂ ਸਨ :- ਕਰਾਂ ਮੈਂ ਨਮਸਕਾਰ ਸੰਤ ਬੱਲਾਂ ਸਾਰੇ ਜੱਗ ਨਾਲੋਂ ਤੇਰੇ ਚੋਜ ਹੈ ਨਿਰਾਲੇ।**

## ਸਾਖੀ ਨੰਬਰ 326

## ਸਾਨੂੰ ਵੀ ਰੱਬ ਦੇ ਦਰਸ਼ਨ ਕਰਾ ਦਿਉ।

ਜੱਜ ਸਾਹਿਬ ਦੱਸਦੇ ਹਨ ਕਿ ਮੇਰੇ ਨਾਲ ਇਕ ਜੱਜ ਕੋਰਟ ਵਿੱਚ ਨੌਕਰੀ ਕਰਦਾ ਸੀ। ਇਹਨਾਂ ਦਾ ਦਾਅਵਾ ਸੀ ਕਿ ਇਹਨਾਂ ਦੇ ਗੁਰੂ ਰੱਬ ਦੇ ਝੱਟ ਦਰਸ਼ਨ ਕਰਾ ਦਿੰਦੇ ਹਨ। ਇਹ ਗੁਰੂ ਜੀ ਦੇਹਰਾਦੂਨ ਵਿਖੇ ਰਹਿੰਦੇ ਸਨ। ਇਕ ਦਿਨ ਇਹ ਕਹਿਣ ਲੱਗੇ, "ਗੁਰਨਾਮ ਚੰਦ ਜੀ, ਤੁਸੀਂ ਸਾਡੇ ਨਾਲ ਚਲੋ। ਸਾਡੇ ਗੁਰੂ ਜੀ ਤੁਹਾਡੀ ਹਰ ਮਨੋਕਾਮਨਾ ਨੂੰ ਪੂਰਾ ਕਰ ਦੇਣਗੇ।"

### Sit and See the God.

ਇਹ ਚਰਚਾ ਕਈ ਮਹੀਨੇ ਚੱਲਦੀ ਰਹੀ। ਜਿੱਥੇ ਸਾਥੀ ਦੇ ਗੁਰੂ ਦਾ ਆਸ਼ਰਮ ਸੀ। ਸ਼੍ਰੀ ਗੁਰਨਾਮ ਚੰਦ, ਸਾਥੀ ਜੱਜ ਅਤੇ ਕਈ ਵਕੀਲ ਦੋਸਤ ਉਹਨਾਂ ਦੇ ਆਸ਼ਰਮ ਪਹੁੰਚੇ। ਸ਼ਾਮ ਪੈ ਚੁੱਕੀ ਸੀ। ਰਾਤ ਦੇ ਅੱਠ-ਨੌਂ ਵਜੇ ਤੱਕ ਉਹਨਾਂ ਨਾਲ ਕੋਈ ਵੀ ਗੱਲਬਾਤ ਨਾ ਹੋ ਸਕੀ। ਸਾਨੂੰ ਸੰਦੇਸ਼ ਮਿਲਿਆ ਕਿ ਸਵੇਰੇ ਰੱਬ ਵਿਖਾਵਾਂਗੇ। ਗੁਰਨਾਮ ਚੰਦ ਜੀ ਦੱਸਦੇ ਹਨ ਕਿ ਅਸੀਂ ਦੋ-ਢਾਈ ਵਜੇ ਦੇ ਕਰੀਬ ਸੌਂ ਗਏ। ਆਪ ਨੂੰ ਸੁਪਨੇ ਵਿੱਚ ਸੰਤ ਸਰਵਣ ਦਾਸ ਜੀ ਹੱਥ ਵਿੱਚ ਖੂੰਡਾ ਫੜੀ ਦਿਖਾਈ ਦਿੱਤੇ। ਸਤਿਗੁਰੂ ਸੁਆਮੀ ਸਰਵਣ ਦਾਸ ਜੀ ਨੇ ਵਚਨ ਕੀਤੇ

ਗੁਰਨਾਮ ਚੰਦ ਜੀ, "ਤੁਸੀਂ ਇੱਥੇ ਕੀ ਕਰਨ ਆਏ ਹੋ ?" ਆਪ ਦੀ ਇਕਦਮ ਅੱਖ ਖੁੱਲ੍ਹ ਗਈ। ਆਪ ਨੇ ਆਪਣੇ ਸਾਥੀ ਜੱਜ ਨੂੰ ਕਿਹਾ ਕਿ ਭਰਾਵਾਂ, "ਮੈਂ ਨਹੀਂ ਰੱਬ ਵੇਖਣਾ। ਤੂੰ ਹੀ ਵੇਖ ਲਾ।" ਆਪ ਨੇ ਸਾਢੇ ਤਿੰਨ ਵਜੇ ਤੜਕੇ ਆਪਣੇ ਪਿਆਦੇ ਨੂੰ ਭੇਜਿਆ ਅਤੇ ਟੈਕਸੀ ਰਾਹੀਂ ਸਹਾਰਨਪੁਰ ਪੁਹੰਚੇ। ਸਹਾਰਨਪੁਰ ਤੋਂ ਗੱਡੀ ਫੜੀ ਅਤੇ ਸਿੱਧੇ ਹੀ ਦਸੂਹੇ ਆ ਪਹੁੰਚੇ। ਦਸੂਹੇ ਤੋਂ ਆਪ ਸਿੱਧਾ ਡੇਰਾ ਸੱਚਖੰਡ ਬੱਲਾਂ ਆ ਪਹੁੰਚੇ।

ਕੁਟੀਆ ਵਿੱਚ ਮਹਾਰਾਜ ਜੀ ਥੜ੍ਹਾ ਸਾਹਿਬ ਉੱਪਰ ਆਪਣੀ ਮੌਜ ਵਿੱਚ ਬਿਰਾਜਮਾਨ ਸਨ। ਸਤਿਗੁਰੂ ਜੀ ਸਭ ਜਾਣੀਂ-ਜਾਣ ਹਨ। ਉਹਨਾਂ ਕਿਹਾ, "ਜੱਜ ਸਾਹਿਬ ਤੁਸੀਂ ਤਾਂ ਰੱਬ ਦੇ ਦਰਸ਼ਨ ਕਰਕੇ ਆਏ ਹੋ। ਸਾਨੂੰ ਵੀ ਦਰਸ਼ਨ ਕਰਾ ਦਿੰਦੇ।" ਗੁਰਨਾਮ ਚੰਦ ਜੱਜ ਜੀ ਦੱਸਦੇ ਹਨ ਕਿਮੈਨੂੰ ਆਪਣੇ ਕੀਤੇ ਤੇ ਬੜੀ ਸ਼ਰਮਿੰਦਗੀ

ਮਹਿਸੂਸ ਹੋਈ। ''Sant Sarwan Dass Was a part of the Spiritual Power of the Globe. Superhand of the world, which was going to drive the whole atmosphere.'

## ਸਾਖੀ ਨੰਬਰ 327

ਸ਼੍ਰੀ ਗੁਰਨਾਮ ਚੰਦ ਜੀ ਦੱਸਦੇ ਹਨ ਕਿ ਇੱਕ ਵਾਰੀ ਮੇਰੇ ਮਨ ਵਿੱਚ ਆਇਆ ਕਿ ਮਹਾਰਾਜ ਜੀ ਦੇ ਕੋਲ ਇਕ ਰਾਤ ਬਿਸਤਰਾ ਕਰ ਕੇ ਸੌਣਾ ਹੈ।ਆਪ ਨੇ ਸੇਵਾਦਾਰਾਂ ਨੂੰ ਇਸ ਬਾਰੇ ਪੁੱਛਿਆ। ਜਦੋਂ ਮਹਾਰਾਜ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਮਹਾਰਾਜ ਜੀ ਮੁਸਕਰਾ ਪਏ।ਅਸਲ ਵਿੱਚ ਗੁਰਨਾਮ ਚੰਦ ਜੀ ਵੇਖਣਾ ਚਾਹੁੰਦੇ ਸੀ ਕਿ ਮਹਾਰਾਜ ਜੀ ਰਾਤ ਨੂੰ ਕੀ ਕਰਦੇ ਹੋਣਗੇ।ਮੇਰਾ ਬਿਸਤਰਾ ਮਹਾਰਾਜ ਜੀ ਦੇ ਪਾਸ ਕਰ ਦਿੱਤਾ ਗਿਆ।ਮਹਾਰਾਜ ਜੀ ਸਾਰੀ ਰਾਤ ਨਹੀਂ ਸੁੱਤੇ, ਉਹ ਭਜਨ ਬੰਦਗੀ ਕਰਦੇ ਰਹੇ। ਜਿਸ ਵੇਲੇ ਰਾਤ ਦੇ 11-12 ਵੱਜੇ ਤਾਂ ਗੁਰਨਾਮ ਚੰਦ ਜੀ ਨੂੰ ਬੜੀਆਂ ਹੀ ਖੁਸ਼ਬੂਆਂ, ਸੁਗੰਧੀਆਂ ਆਉਣ ਲੱਗੀਆਂ।ਥੋੜ੍ਹੀ ਹੀ ਦੇਰ ਬਾਅਦ ਆਪ ਦੀ ਅੱਖ ਲੱਗ ਗਈ।ਆਪ ਨੂੰ ਮਹਿਸੂਸ ਹੋਣ ਲੱਗਾ ਜਿਵੇ ਸੱਚਖੰਡ ਵਿੱਚ ਸੌਂ ਰਿਹਾ ਹੋਵਾਂ, ਜਿਵੇਂ ਕਦੀ ਵੀ ਕੋਈ ਦੁੱਖ ਆਪ ਦੇ ਨੇੜੇ ਆਇਆ ਹੀ ਨਾ ਹੋਵੇ, ਆਪ ਨੂੰ ਦੁਨੀਆਂ ਦੀ ਕੋਈ ਸੁਧ ਬੁਧ ਹੀ ਨਾ ਰਹੀ। ਸਭ ਗਮ ਭੁੱਲ ਗਏ। ਐਸੀਆਂ ਮਹਿਕਾਂ ਆਈਆਂ ਜਿਹੜੀਆਂ ਆਪ ਨੇ ਅੱਜ ਤਕ ਵੀ ਨਹੀਂ ਮਹਿਸੂਸ ਕੀਤੀਆਂ। ਲੇਖਕ ਨੂੰ ਉਚੇਚੇ ਤੌਰ ਤੇ ਆਪ ਨੇ ਇਹ ਸਤਰਾਂ ਲਿਖਵਾਈਆਂ ਕਿ ਦੁਨੀਆਂ ਦੇ ਵਿੱਚ ਐਸੀ ਖੁਸ਼ਬੂ, ਐਸਾ ਸੈਂਟ, ਐਸਾ ਪਰਫਿਊਮ ਉਹਨਾਂ ਨੂੰ ਨਹੀਂ ਲੱਭਿਆ। ਦੁਨੀਆ ਭਰ ਦੇ ਬਜ਼ਾਰ ਗਾਹ ਮਾਰੇ ਪਰ ਉਹ ਰਾਤ ਵਾਲੀ ਖੁਸ਼ਬੂ ਉਹਨਾਂ ਨੂੰ ਅੱਜ ਤੱਕ ਯਾਦ ਹੈ।

## ਸਾਖੀ ਨੰਬਰ 328

## <u>ਸਤਿਗੁਰੂ ਸਰਵਣ ਦਾਸ ਜੀ ਦੀ ਸੇਠ ਲਛਮਣ ਦਾਸ ਉੱਤੇ ਕਿਰਪਾ</u>

**ਜੇ ਹੋਵੇ ਸਤਿਗੁਰੂ ਦੀ ਬਖ਼ਸ਼ਿਸ਼, ਕੱਖ ਤੋਂ ਲੱਖ ਬਣਾ ਦਿੰਦਾ,**
**ਪਾਸ ਨਾ ਹੋਵੇ ਕੱਖਾਂ ਦੀ ਕੁਲੀ, ਸੁੰਦਰ ਮਹਿਲ ਬਣਾ ਦਿੰਦਾ।**

**ਸੇਠ ਲਛਮਣ ਦਾਸ (ਜਿਨ੍ਹਾਂ ਦੇ ਪਿਤਾ ਦਾ ਨਾਂ ਸਵਰਗੀ ਸ਼੍ਰੀ ਲੱਭੂ ਰਾਮ ਜੀ ਸੀ) ਪਿੰਡ ਸਰਮਸਤਪੁਰ ਦੇ ਰਹਿਣ ਵਾਲੇ ਸਨ। ਸ਼੍ਰੀ ਲਛਮਣ ਦਾਸ ਜੀ ਦੇ ਪਿਤਾ ਜੀ ਗੁਜ਼ਰ ਚੁੱਕੇ ਸਨ। ਜਿਸ ਕਰਕੇ ਘਰ ਦੀ ਸਾਰੀ ਜਿੰਮੇਵਾਰੀ ਲਛਮਣ ਦਾਸ ਦੇ ਸਿਰ ਪੈ ਗਈ। ਸ਼੍ਰੀ ਲਛਮਣ ਦਾਸ ਜੀ ਬੜੇ ਮਿਹਨਤੀ ਸਨ। ਉਹਨਾਂ ਦਿਨਾਂ ਵਿੱਚ ਮਿਹਨਤ ਮਜ਼ਦੂਰੀ ਦਾ ਕੰਮ ਆਮ ਕਰਕੇ ਚੱਲਦਾ ਸੀ, ਪਰ ਉਹ ਵੀ ਬੜਾ ਮੰਦਾ**

ਸੀ। ਲਛਮਣ ਦਾਸ ਹਰ ਰੋਜ਼ ਘਰੋਂ ਬਾਹਰ ਦਿਹਾੜੀ ਤੇ ਕੰਮ ਕਰਨ ਜਾਂਦੇ ਸਨ ਅਤੇ ਜੋ ਮਿਹਨਤ ਮਜ਼ਦੂਰੀ ਮਿਲਦੀ ਉਸਦੇ ਨਾਲ ਆਪਣਾ ਅਤੇ ਪਰਿਵਾਰ ਦਾ ਗੁਜ਼ਾਰਾ ਚਲਾਉਂਦੇ ਸਨ। ਸ੍ਰੀ ਲਛਮਣ ਦਾਸ ਕੱਪੜੇ ਬੁਣਨ ਦਾ ਕੰਮ ਵੀ ਜਾਣਦੇ ਸਨ। ਜਦੋਂ ਬਾਹਰ ਦਾ ਕੰਮ ਮਿਲਦਾ ਉਹ ਕਰ ਲੈਂਦੇ ਨਹੀਂ ਤਾਂ ਆਪਣਾ ਘਰ ਦਾ ਕੰਮ ਕੱਪੜਾ ਬੁਣਨ ਦਾ ਕਰਦੇ ਸਨ। ਘਰ ਵਿੱਚ ਬੜੀ ਹੀ ਗਰੀਬੀ ਸੀ। ਪਰਿਵਾਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਚੱਲਦਾ ਸੀ। ਸ੍ਰੀ ਲਛਮਣ ਦਾਸ ਅਤੇ ਉਹਨਾਂ ਦਾ ਪਰਿਵਾਰ ਸ੍ਰੀ 108 ਸੰਤ ਸਰਵਣ ਦਾਸ ਜੀ ਦੇ ਸ਼ਰਧਾਲੂ ਸਨ। ਉਹ ਘਰ ਵਿੱਚ ਜੋ ਵੀ ਕੰਮ ਕਰਦੇ ਸਨ ਸੰਤਾਂ ਦੀ ਆਗਿਆ ਨਾਲ ਹੀ ਕਰਦੇ ਸਨ। ਕੁਝ ਸਮਾਂ ਪਾ ਕੇ ਲਛਮਣ ਦਾਸ ਦੀ ਇੱਕ ਲੜਕੀ ਜਵਾਨ ਹੋ ਗਈ ਅਤੇ ਲਛਮਣ ਦਾਸ ਹੁਣ ਆਪਣੀ ਲੜਕੀ ਲਈ ਰਿਸ਼ਤੇ ਦਾ ਫਿਕਰ ਕਰਨ ਲੱਗ ਪਿਆ। ਘਰ ਦੀ ਮਾਲੀ ਹਾਲਤ ਤਾਂ ਪਹਿਲਾਂ ਹੀ ਚੰਗੀ ਨਹੀਂ ਸੀ ਪਰ ਲਛਮਣ ਦਾਸ ਨੇ ਆਪਣੇ ਦੋਸਤਾਂ ਦੀ ਮਦਦ ਨਾਲ ਕੁਝ ਪੈਸਾ ਉਧਾਰ ਲਿਆ ਅਤੇ ਲੜਕੀ ਦੀ ਸ਼ਾਦੀ ਦੀ ਤਿਆਰੀ ਸ਼ੁਰੂ ਕਰ ਦਿੱਤੀ। ਵਿਆਹ ਦੇ ਦਿਨ ਪੱਕੇ ਕਰ ਦਿੱਤੇ। ਬਰਾਤ ਘਰ ਪਹੁੰਚੀ, ਬਰਾਤ ਦੀ ਚਾਹ ਪਾਣੀ ਦੀ ਸੇਵਾ ਕੀਤੀ ਗਈ। ਹੁਣ ਦੁਪਹਿਰ ਦਾ ਭੋਜਨ ਸ਼ੁਰੂ ਹੋਣ ਲੱਗਾ। ਦੁਪਹਿਰ ਨੂੰ ਭੋਜਨ ਸਮੇਂ ਲਛਮਣ ਦਾਸ ਨੇ ਬਰਾਤ ਵਾਸਤੇ ਬੱਕਰੇ ਦਾ ਮੀਟ ਬਣਾਇਆ। ਬਰਾਤੀ ਸੱਜਣਾ ਨੇ ਅਤੇ ਘਰ ਵਿੱਚ ਆਏ ਹੋਰ ਰਿਸ਼ਤੇਦਾਰਾਂ ਨੇ ਦੁਪਹਿਰ ਦਾ ਭੋਜਨ ਮੀਟ ਨਾਲ ਖਾਧਾ। ਮੀਟ ਦੇ ਨਾਲ ਕੁਝ ਸੱਜਣਾ ਨੇ ਸ਼ਰਾਬ ਦਾ ਸੇਵਨ ਵੀ ਕੀਤਾ। ਸ਼ਾਦੀ ਦੇ ਸਾਰੇ ਕਾਰ-ਵਿਹਾਰ ਪੂਰੇ ਹੋਣ ਤੇ ਬਰਾਤ ਚਲੀ ਗਈ ਇੱਧਰ ਸ੍ਰੀ 108 ਸੰਤ ਸਰਵਣ ਦਾਸ ਜੀ ਨੂੰ ਵੀ ਇਸ ਸ਼ਾਦੀ ਦਾ ਪਤਾ ਲੱਗਾ ਤਾਂ ਬਹੁਤ ਹੀ ਪ੍ਰੇਸ਼ਾਨ ਤੇ ਕ੍ਰੋਧਵਾਨ ਹੋਏ ਕਿਉਂਕਿ ਸਤਿਗੁਰੂ ਜੀ ਤਾਂ ਜੀਵਾਂ ਤੇ ਦਇਆ ਕਰਨੀ ਅਤੇ ਜੀਵਾਂ ਦੀ ਰੱਖਿਆ ਕਰਨ ਦੀ ਪ੍ਰੇਰਨਾ ਦਿੰਦੇ ਸਨ। ਉਹਨਾਂ ਤੋਂ ਇਹ ਗੱਲ ਸਹਾਰੀ ਨਾ ਗਈ ਕਿ ਇੱਕ ਜੀਵ ਦੀ ਹੱਤਿਆ ਕਰਕੇ ਉਸ ਦਾ ਮਾਸ ਰਿਸ਼ਤੇਦਾਰਾਂ ਨੂੰ ਖਵਾਇਆ ਗਿਆ। ਸਤਿਗੁਰੂ ਜੀ ਕਹਿਣ ਲੱਗੇ ਕਿ ਇੱਕ ਤਾਂ ਸਾਡੀ ਕੌਮ ਪਹਿਲਾਂ ਹੀ ਗਰੀਬ ਹੈ ਤੇ ਦੂਜਾ ਵਿਆਹ ਸ਼ਾਦੀਆਂ ਤੇ ਖਰਚ ਕਰਕੇ ਹੋਰ ਵੀ ਗਰੀਬ ਬਣੀ ਜਾ ਰਹੀ ਹੈ। ਸਤਿਗੁਰਾਂ ਪਾਸੋਂ ਇਹ ਗੱਲ ਬਰਦਾਸ਼ਤ ਨਾ ਹੋਈ ਕਿ ਲਛਮਣ ਦਾਸ ਸਰਮਸਤਪੁਰ ਵਾਲਿਆਂ ਨੇ ਬਰਾਤੀਆਂ ਨੂੰ ਮੀਟ ਖਵਾਇਆ ਹੈ ਸਤਿਗੁਰੂ ਜੀ ਨੇ ਸੁਨੇਹਾ ਭੇਜ ਕੇ ਸ੍ਰੀ ਲਛਮਣ ਦਾਸ ਜੀ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ ਕਿ ਲਛਮਣ ਦਾਸ ਤੂੰ ਬੜਾ ਪਾਪ ਕੀਤਾ ਹੈ। ਜੋ ਬੱਕਰਾ ਵੱਢ ਕੇ ਬਰਾਤ ਨੂੰ ਮੀਟ ਖਵਾਇਆ ਹੈ। ਇਹ ਕਰਮ ਬੜਾ ਹੀ ਨਿੰਦਣਯੋਗ ਹੈ। ਤੈਨੂੰ ਇਸ ਦਾ ਲੇਖਾ

ਦੇਣਾ ਪਵੇਗਾ। ਲਛਮਣ ਦਾਸ ਨੇ ਹੱਥ ਜੋੜ ਕੇ ਕਿਹਾ ਮਹਾਰਾਜ ਜੀ ਇਹ ਕੰਮ ਮੈਂ ਨਹੀਂ ਕੀਤਾ। ਇਹ ਕੰਮ ਮੇਰੇ ਕੋਲੋਂ ਲੜਕੀ ਦੇ ਮਾਮੇ ਅਰਜਨ ਦਾਸ ਕਰਾੜੀ ਵਾਲੇ ਨੇ ਕਰਵਾਇਆ ਹੈ ਜੀ। ਮੈਂ ਤਾਂ ਉਸ ਨੂੰ ਬੜਾ ਮਨ੍ਹਾ ਕੀਤਾ ਸੀ ਪਰ ਉਹ ਨਹੀਂ ਮੰਨਿਆ। ਸਤਿਗੁਰੂ ਜੀ ਨੇ ਪਿੰਡ ਕਰਾੜੀ ਤੋਂ ਸ੍ਰੀ ਅਰਜਨ ਦਾਸ ਨੂੰ ਵੀ ਆਪਣੇ ਪਾਸ ਬੁਲਾਇਆ ਤੇ ਆਉਂਦੇ ਸਾਰ ਹੀ ਉਸ ਨੂੰ ਬੜੀਆਂ ਝਾੜਾਂ ਪਾਈਆਂ ਅਤੇ ਅੱਗੇ ਵਾਸਤੇ ਡੇਰੇ ਆਉਣ ਤੋਂ ਮਨ੍ਹਾ ਕਰ ਦਿੱਤਾ। ਸਤਿਗੁਰੂ ਜੀ ਨੇ ਕਿਹਾ ਕਿ ਤੁਸੀ ਸਾਡਾ ਕਹਿਣਾ ਨਹੀਂ ਮੰਨਿਆ ਤੁਸੀਂ ਹੁਣ ਦੁੱਖ ਪਾਉਂਗੇ ਅਤੇ ਨਰਕਾਂ ਦੇ ਅਧਿਕਾਰੀ ਬਣੋਗੇ। ਸਾਡੀ ਇਹ ਗੱਲ ਯਾਦ ਰੱਖਣੀ। ਸ੍ਰੀ ਲਛਮਣ ਦਾਸ ਅਤੇ ਅਰਜਨ ਦਾਸ ਜੀ ਨੇ ਸੰਤਾਂ ਦੀ ਰਸਨਾ ਤੋਂ ਇਹ ਬਚਨ ਸੁਣੇ ਤਾਂ ਕੀਤੇ ਹੋਏ ਕੰਮਾਂ ਦੀ ਖਿਮਾ ਮੰਗੀ। ਗੁਰੂ ਜੀ ਨੇ ਕਿਹਾ ਅੱਜ ਤੁਸੀ ਆਪਣੇ- ਆਪਣੇ ਘਰਾਂ ਨੂੰ ਚਲੇ ਜਾਓ। ਕੁਝ ਦਿਨਾਂ ਮਗਰੋਂ ਸੰਗਰਾਂਦ ਦਾ ਦਿਹਾੜਾ ਸੀ। ਸਤਿਗੁਰੂ ਜੀ ਆਪਣੀ ਮੌਜ ਵਿੱਚ ਬੈਠੇ ਸਨ ਕਿ ਅਚਾਨਕ ਮੰਨ ਵਿੱਚ ਲਛਮਣ ਦਾਸ ਦੇ ਕੀਤੇ ਪਾਪ ਕਰਮ ਦਾ ਫੁਰਨਾ ਉਠਿਆ। ਸਤਿਗੁਰੂ ਜੀ ਨੇ ਫਿਰ ਲਛਮਣ ਦਾਸ ਨੂੰ ਘਰੋਂ ਬੁਲਵਾ ਲਿਆ। ਲਛਮਣ ਦਾਸ ਨੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਬੜੀ ਅਧੀਨਗੀ ਸਹਿਤ ਡਰਦੇ- ਡਰਦੇ ਮੱਥਾ ਟੇਕਿਆ ਤੇ ਪੁੱਛਿਆ ਸਤਿਗੁਰੂ ਜੀ ਕਿ ਹੁਕਮ ਹੈ? ਸਤਿਗੁਰੂ ਜੀ ਨਿਮਾਣਿਆ ਦੇ ਮਾਣ, ਨਿਤਾਣਿਆ ਦੇ ਤਾਣ ਤੇ ਭੁਲਿਆਂ ਨੂੰ ਸਿੱਧੇ ਰਸਤੇ ਪਾਉਣ ਵਾਲੇ ਦਿਆਲੂ ਹੋਏ ਅਤੇ ਲਛਮਣ ਦਾਸ ਦੇ ਪਾਪ ਨਿਵਾਰਨ ਲੱਗੇ। ਸਤਿਗੁਰੂ ਜੀ ਨੇ ਲਛਮਣ ਦਾਸ ਨੂੰ ਹੁਕਮ ਦਿੱਤਾ ਕਿ ਸਾਰੀ ਸੰਗਤ ਦੇ ਜੋੜੇ ਸਾਫ ਕਰੋ ਅਤੇ ਝਾੜ- ਝਾੜ ਕੇ ਰੱਖੋ। ਅੱਜ ਅਸੀਂ ਤੇਰੇ ਪਾਸੋਂ ਇਹ ਹੀ ਸੇਵਾ ਕਰਾਉਣੀ ਹੈ। ਸੇਠ ਲਛਮਣ ਦਾਸ ਸਤਿ ਬਚਨ ਕਹਿ ਕੇ ਨਮਸਕਾਰ ਕਰਕੇ ਸੰਗਤਾਂ ਦੇ ਜੋੜਿਆਂ ਵਿੱਚ ਜਾ ਬੈਠਾ। ਇੱਕ-ਇੱਕ ਜੋੜੇ ਨੂੰ ਚੁੱਕ-ਚੁੱਕ ਕੇ ਕੱਪੜੇ ਨਾਲ ਸਾਫ ਕਰਕੇ ਪੰਗਤੀ ਵਿੱਚ ਰੱਖ ਦਿੰਦਾ। ਜਿਸ ਕੱਪੜੇ ਨਾਲ ਜੋੜੇ ਸਾਫ ਕਰਦਾ ਸੀ ਆਪਣੇ ਮੂੰਹ ਤੇ ਸਿਰ ਉੱਤੇ ਫੇਰ ਲੈਂਦਾ ਸੀ। ਇਸ ਤਰ੍ਹਾਂ ਨਾਲ ਬੜੇ ਹੀ ਪ੍ਰੇਮ ਅਤੇ ਸ਼ਰਧਾ ਨਾਲ ਜੋੜੇ ਸਾਫ ਕਰ-ਕਰ ਕੇ ਰੱਖੀ ਜਾਂਦਾ ਤੇ ਮਨ ਵਿੱਚ ਬਹੁਤ ਹੀ ਖੁਸ਼ ਹੁੰਦਾ। ਸਾਰੀਆਂ ਸੰਗਤਾਂ ਲਛਮਣ ਦਾਸ ਨੂੰ ਇਹ ਸੇਵਾ ਕਰਦੇ ਦੇਖ ਰਹੀਆਂ ਸਨ ਅਤੇ ਲਛਮਣ ਦਾਸ ਦੇ ਆਗਿਆ ਪਾਲਣ ਤੋਂ ਬਹੁਤ ਹੀ ਖੁਸ਼ ਸਨ। ਅਚਾਨਕ ਸਤਿਗੁਰੂ ਜੀ ਸੰਗਤਾਂ ਵਿੱਚੋਂ ਉੱਠ ਕੇ ਲਛਮਣ ਦਾਸ ਦੇ ਪਾਸ ਜਾ ਖੜੋਤੇ ਤੇ ਆਸ਼ੀਰਵਾਦ ਦਿੱਤਾ ਕਿ ਅੱਜ ਅਸੀਂ ਤੇਰੀ ਸੇਵਾ ਤੋਂ ਬਹੁਤ ਖੁਸ਼ ਹਾਂ ਜੋ ਕੁਝ ਮੰਗਣਾ ਹੈ ਮੰਗ ਲੈ। ਸਤਿਗੁਰੂ ਜੀ ਸਭ ਕੁਝ ਦੇ ਦਿਉ ਜੀ, ਲਛਮਣ ਦਾਸ ਨੇ ਝੱਟ ਉੱਤਰ ਦਿੱਤਾ। ਸਤਿਗੁਰੂ ਜੀ ਨੇ ਕਿਹਾ- ਅੱਛਾ ਲਛਮਣ ਦਾਸ ਤੈਨੂੰ ਸਭ ਕੁਝ ਦਿੱਤਾ। ਇਹ ਬਚਨ ਕਰਕੇ ਗੁਰੂ ਜੀ ਫਿਰ ਸੰਗਤਾਂ ਵਿੱਚ ਜਾ ਬਿਰਾਜੇ ਅਤੇ ਆਪਣੇ

**ਮੁਖਾਰਬਿੰਦ ਤੋਂ ਚੜ੍ਹਦੇ ਮਹੀਨੇ ਦਾ ਨਾਮ ਅਤੇ ਮਹਾਤਮ ਸੁਣਾਇਆ। ਪ੍ਰਸ਼ਾਦਿ ਵਰਤਾਇਆ ਗਿਆ ਅਤੇ ਸੰਗਤਾਂ ਨੂੰ ਛੁੱਟੀਆਂ ਦਿੱਤੀਆਂ। ਥੋੜ੍ਹੇ ਦਿਨਾਂ ਬਾਅਦ ਲਛਮਣ ਦਾਸ ਫਿਰ ਸਤਿਗੁਰਾਂ ਪਾਸ ਆਇਆ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੈਂ ਕਲਕੱਤੇ ਕੰਮ ਕਰਨ ਜਾਣਾ ਹੈ ਮੈਨੂੰ ਆਗਿਆ ਦਿਉ ਜੀ। ਸੰਤਾਂ ਨੇ ਖੁਸ਼ ਹੋ ਕੇ ਕਿਹਾ ਅੱਛਾ ਚਲੇ ਜਾਓ। ਲਛਮਣ ਦਾਸ ਗੁਰੂ ਜੀ ਤੋਂ ਆਗਿਆ ਲੈ ਕੇ ਕਲਕੱਤੇ ਚਲਾ ਗਿਆ। ਕਲਕੱਤੇ ਇਹਨਾਂ ਦੇ ਹੋਰ ਵੀ ਰਿਸ਼ਤੇਦਾਰ ਗਏ ਹੋਏ ਸਨ। ਉਹਨਾਂ ਨਾਲ ਮਿਲ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸੰਤਾਂ ਦੀ ਮਿਹਰ ਦਾ ਸਦਕਾ ਕੁਝ ਚਿਰ ਵਿੱਚ ਹੀ ਲਛਮਣ ਦਾਸ ਦਾ ਕੰਮ ਉੱਚ ਕੋਟੀ ਤੇ ਹੋ ਗਿਆ। ਕੰਮ ਵਿੱਚ ਇੰਨੀ ਬਰਕਤ ਹੋਈ ਕਿ ਮਾਇਆ ਦੀ ਬੇ-ਪ੍ਰਵਾਹੀ ਹੋ ਗਈ। ਕੁਝ ਚਿਰ ਮਗਰੋਂ ਘਰ ਪਰਤਿਆ। ਸਾਰੇ ਲੌਕ ਹੈਰਾਨ ਹੋ ਗਏ ਕਿ ਲਛਮਣ ਦਾਸ ਦੇ ਦਿਨ ਕਿੰਨੀ ਛੇਤੀ ਸਤਿਗੁਰੂ ਜੀ ਨੇ ਬਦਲ ਦਿੱਤੇ ਹਨ। ਸਤਿਗੁਰੂ ਜੀ ਨੇ ਲਛਮਣ ਦਾਸ ਦੀ ਕਮਾਈ ਵਿੱਚ ਇੰਨੀ ਬਰਕਤ ਪਾਈ ਕਿ ਸਭ ਗਰੀਬੀ ਦੂਰ ਕਰ ਦਿੱਤੀ ਤੇ ਮਇਆ ਵਿੱਚ ਖੇਡਣ ਲੱਗੇ। ਪਿੰਡ ਵਿੱਚ ਹੀ 100 ਏਕੜ ਜ਼ਮੀਨ ਖਰੀਦੀ, ਟਿਊਬਵੈੱਲ ਲਗਵਾਏ, ਟਰੈਕਟਰ ਤੇ ਸਕੂਟਰ ਖਰੀਦੇ। ਸੁੰਦਰ ਮਕਾਨ ਬਣਾਏ ਤੇ ਸਾਰਾ ਪਰਿਵਾਰ ਖੁਸ਼ੀਆਂ ਨਾਲ ਜੀਵਨ ਬਤੀਤ ਕਰਨ ਲੱਗਾ। ਸਾਰਾ ਪਰਿਵਾਰ ਅਤੇ ਰਿਸ਼ਤੇਦਾਰ ਮਹਾਰਾਜ ਜੀ ਦੇ ਸ਼ਰਧਾਲੂ ਬਣੇ ਅਤੇ ਸੰਤਾਂ ਦੀ ਮਹਿਮਾ ਦੇ ਗੁਣ ਗਾਉਣ ਲੱਗੇ। ਇਹ ਸੀ ਸਤਿਗੁਰੂ ਸਰਵਣ ਦਾਸ ਜੀ ਦੀ ਕਿਰਪਾ ਜੋ ਆਪ ਜੀ ਨੇ ਦਿਆਲੂ ਹੋ ਕੇ ਇੱਕ ਗਰੀਬ ਸੇਵਕ ਦੇ ਪਾਪ ਖੰਡੇ ਤੇ ਗਰੀਬੀ ਦੂਰ ਕਰਕੇ ਇੱਕ ਸੇਠ ਦਾ ਮੁਰਾਤਬਾ ਦਿੱਤਾ। ਅੱਜ-ਕੱਲ ਲਛਮਣ ਦਾਸ ਨੂੰ ਸਭ ਲੋਕ ਸੇਠ ਲਛਮਣ ਦਾਸ ਕਹਿ ਕੇ ਪੁਕਾਰਦੇ ਹਨ।**

## ਸਾਖੀ ਨੰਬਰ 329

## ਸੇਠ ਲਛਮਣ ਦਾਸ ਨੂੰ ਪੋਤਰਿਆਂ ਦੀ ਦਾਤ ਦੇਣੀ।

ਸੇਠ ਲਛਮਣ ਦਾਸ ਜੀ ਤੇ ਬੀਬੀ ਅਮਰ ਕੌਰ ਪਿੰਡ ਸਰਮਸਤਪੁਰ ਵਾਲਿਆਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪਿਆਰ ਸੀ। 1969 ਈ. ਵਿੱਚ ਸੇਠ ਲਛਮਣ ਦਾਸ ਦੇ ਛੋਟੇ ਸਪੁੱਤਰ ਕੇਵਲ ਦੀ ਸ਼ਾਦੀ ਬੀਬੀ ਸੁਰਜੀਤ ਕੌਰ ਨਾਲ ਹੋਈ। ਸੇਠ ਜੀ ਪਰਿਵਾਰ ਸਮੇਤ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਡੇਰੇ ਪਹੁੰਚੇ ਅਤੇ ਮਹਾਰਾਜ ਜੀ ਨੂੰ ਨਮਸਕਾਰ ਕਰਦੇ ਹੋਏ ਬੇਨਤੀ ਕੀਤੀ ਕਿਮਹਾਰਾਜ ਜੀ ਬੱਚਿਆਂ ਦੀ ਸ਼ਾਦੀ ਹੋਈ ਹੈ ਅਸ਼ੀਰਵਾਦ ਦਿਉ।ਮਹਾਰਾਜ ਜੀ ਨੇ ਬੀਬੀ ਸੁਰਜੀਤ ਕੌਰ ਨੂੰ 5 ਸੇਬ ਦਿੱਤੇ ਅਤੇ ਫ਼ਰਮਾਇਆ ਕਿ ਬੇਟੀ ਇਹ ਪੰਜ ਸੇਬ ਤੂੰ ਖਾ ਲਈਂ।ਬੀਬੀ ਸੁਰਜੀਤ ਕੌਰ ਨੇ ਪੰਜ ਸੇਬ ਖਾਧੇ

ਪਰ ਉਹਨਾਂ ਵਿੱਚੋਂ ਇਕ ਥੋੜ੍ਹਾ ਖਰਾਬ ਸੀ ਤੇ ਬੀਬੀ ਜੀ ਨੇ ਉਹ ਸੇਬ ਥੋੜ੍ਹਾ ਕੱਟ ਕੇ ਖਾਧਾ ਤੇ ਬਾਕੀ ਚਾਰੇ ਪੂਰੇ ਸੇਬ ਖਾਧੇ। ਜਦੋਂ ਇਸ ਗੱਲ ਦਾ ਸੇਠ ਲਛਮਣ ਦਾਸ ਹੁਣਾਂ ਨੂੰ ਪਤਾ ਲੱਗਾ ਤਾਂ ਸੰਤ ਸਰਵਣ ਦਾਸ ਮਹਾਰਾਜ ਜੀ ਨੂੰ ਸਾਰੀ ਗੱਲ ਦੱਸੀ ਤੇ ਮਹਾਰਾਜ ਜੀ ਨੇ ਕਿਹਾ ਅਜਿਹਾ ਨਹੀਂ ਕਰਨਾ ਸੀ ਚਲੋ ਕੋਈ ਗੱਲ ਨਹੀਂ। ਪੰਜ ਸੇਬ ਖਾਧੇ ਕੁੜੇ ਖਰਾਬ ਸੇਬ ਕਦੋਂ ਖਾਧਾ ਸੀ, ਤਾਂ ਬੀਬੀ ਸੁਰਜੀਤ ਕੌਰ ਨੇ ਦੱਸਿਆ ਕਿ ਦੂਸਰੇ ਨੰਬਰ ਤੇ ਖਰਾਬ ਸੇਬ ਕੱਟ ਕੇ ਖਾਧਾ ਸੀ। ਸੰਤ ਸਰਵਣ ਦਾਸ ਜੀ ਨੇ ਬਚਨ ਕੀਤਾ ਕਿ ਲੜਕੇ ਪੰਜ ਪੈਦਾ ਹੋਣਗੇ ਪਰ ਦੂਸਰੇ ਨੰਬਰ ਵਾਲਾ ਲੜਕਾ ਪੈਦਾ ਤਾਂ ਹੋਵੇਗਾ ਪਰ ਬਚੇਗਾ ਨਹੀਂ। ਅਜਿਹਾ ਹੀ ਹੋਇਆ ਬੀਬੀ ਸੁਰਜੀਤ ਕੌਰ ਦੇ ਪੰਜ ਲੜਕੇ ਕ੍ਰਮਵਾਰ 1) ਰਾਜ ਕੁਮਾਰ, 2) ਅਮਰੀਕ ਚੰਦ, 3) ਵਿਜੇ ਕੁਮਾਰ, 4) ਰਾਜੇਸ਼ ਕੁਮਾਰ, 5) ਸਤਵਿੰਦਰ ਕੁਮਾਰ ਪੈਦਾ ਹੋਏ ਪਰ ਦੂਸਰੇ ਨੰਬਰ ਦੇ ਜਨਮ ਲੈਣ ਵਾਲੇ ਲੜਕੇ ਅਮੀਰਕ ਚੰਦ ਦੀ ਮੌਤ ਹੋ ਗਈ ਸੀ।

-- ਖੁਦ ਬੀਬੀ ਸੁਰਜੀਤ ਕੌਰ, ਸਰਮਸਤਪੁਰ, 13-06-2003

## ਸਾਖੀ ਨੰਬਰ 330

## ਸ਼੍ਰੀ ਸਾਧੂ ਰਾਮ ਹੀਰ ਤੇ ਕਿਰਪਾ ਕਰਨੀ

**ਸ਼੍ਰੀ ਸਾਧੂ ਰਾਮ ਹੀਰ ਜੀ ਅਤੇ ਉਹਨਾਂ ਦੀ ਪਤਨੀ ਬੀਬੀ ਧਰਮ ਕੌਰ ਜੀ ਦਾ ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਦੇ ਨਾਲ ਬਹੁਤ ਪ੍ਰੇਮ ਸੀ। ਸੰਨ 1988 ਈਸਵੀ ਦੀ ਗੱਲ ਹੈ ਕਿ ਸ਼੍ਰੀ ਸਾਧੂ ਰਾਮ ਹੀਰ ਜੀ ਨੂੰ ਦਿਲ ਦਾ ਦੌਰਾ ਪਿਆ। ਉਹਨਾਂ ਨੂੰ ਇਲਾਜ ਵਾਸਤੇ ਦਿੱਲੀ ਦੇ ਅਸ਼ੋਕਾ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਜਿੱਥੇ ਉਹਨਾਂ ਦੀ ਬਾਈਪਾਸ ਸਰਜਰੀ ਹੋਈ। ਜਨਵਰੀ 1989 ਈਸਵੀ ਨੂੰ ਹਸਪਤਾਲ ਵਿਚੋਂ ਛੁੱਟੀ ਮਿਲਣ ਤੇ ਉਹਨਾਂ ਨੂੰ ਸ਼੍ਰੀ ਜਵਾਹਰ ਲਾਲ ਦੇ ਘਰ ਲੈ ਗਏ। ਜਿੱਥੇ ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਉਹਨਾਂ ਨੂੰ ਮਿਲਣ ਗਏ। ਸ਼੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ ਜੀ ਨੇ ਉਹਨਾਂ ਨੂੰ ਬਚਨ ਕੀਤੇ ਕਿ ਤੈਨੂੰ ਕੁਝ ਨਹੀਂ ਹੋਇਆ ਹੈ ਤੂੰ ਤਾਂ ਡੇਰੇ ਦੀਆਂ ਬਹੁਤ ਸੇਵਾਵਾਂ ਕਰਨੀਆਂ ਹਨ। ਮਹਾਰਾਜ ਜੀ ਦੇ ਬਚਨ ਅਟੱਲ ਹੋਏ ਅੱਜ ਮਹਾਰਾਜ ਜੀ ਦੀ ਕਿਰਪਾ ਦੇ ਨਾਲ ਸ਼੍ਰੀ ਸਾਧੂ ਰਾਮ ਹੀਰ ਜੀ ਜੋ ਕਿ ਦੂਰਦਰਸ਼ਨ ਦੇ ਨੌਰਥ ਜੌਨ ਦੇ ਚੀਫ਼ ਇੰਨਜੀਨੀਅਰ ਰਿਟਾਇਰ ਹੋਏ ਹਨ, ਡੇਰੇ ਵਿਖੇ ਸ਼੍ਰੀ ਗੁਰੁ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ, ਵਾਰਾਨਸੀ ਦੇ ਜਨਰਲ ਸੈਕਟਰੀ ਦੇ ਤੌਰ ਤੇ ਅਤੇ ਡੇਰੇ ਵਿਖੇ ਚੱਲ ਰਹੇ ਸਾਰੇ ਪ੍ਰੋਜੈਕਟਾਂ ਵਿਚ ਆਪਣੀਆਂ ਵੱਡਮੁੱਲੀਆਂ ਸੇਵਾਵਾਂ ਨਿਭਾ ਰਹੇ ਹਨ।**

## ਸਾਖੀ ਨੰਬਰ 331

## ਬੀਬੀ ਰੱਖੀ ਤੇ ਕਿਰਪਾ ਕਰਨੀ

**ਪ੍ਰਿੰਸੀਪਲ ਜੋਗੀ ਰਾਮ ਜੀ ਦੇ ਪਿਤਾ ਜੀ ਮੇਹਰ ਦਾਸ ਜੀ ਢੇਪੁਰ ਵਾਲਿਆਂ**

ਦਾਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਸ਼੍ਰੀ ਮੇਹਰ ਦਾਸ ਜੀ ਆਪਣੇ ਪਿੰਡ ਵਿਚੋਂ ਸਭ ਤੋਂ ਪਹਿਲੇ ਸੇਵਕ ਸਨ ਜਿਨ੍ਹਾਂ ਨੇ ਮਹਾਰਾਜ ਜੀ ਪਾਸੋਂ ਨਾਮ ਦੀ ਦਾਤ ਪ੍ਰਾਪਤ ਕੀਤੀ ਸੀ। ਮੇਹਰ ਦਾਸ ਜੀ ਦੀ ਧਰਮ ਪਤਨੀ ਦਾ ਨਾਮ ਸ਼੍ਰੀਮਤੀ ਪੁੰਨਾ ਸੀ। ਆਪ ਜੀ ਦੇ ਸਹੁਰੇ ਬਜਵਾੜਾ ਕਲਾਂ ਵਿਖੇ ਸਨ। ਬੀਬੀ ਪੁੰਨਾ ਜੀ ਦਾ ਭਰਾ ਠਾਕਰ ਸੀ ਜਿਸ ਦੀ ਪਤਨੀ ਦਾ ਨਾਮ ਬੀਬੀ ਰੱਖੀ ਸੀ ਜੋ ਕਿ ਘੰਭੀਰ ਦੀ ਬਿਮਾਰੀ ਨਾਲ ਪੀੜਿਤ ਸਨ। ਬਹੁਤ ਇਲਾਜਕਰਵਾਇਆ ਪਰ ਆਰਾਮ ਨਹੀਂ ਆਇਆ। ਅਖੀਰ ਥੱਕ ਹਾਰ ਕੇ ਘਰ ਬੈਠ ਗਏ। ਘਰ ਵਿਚੋਂ ਪੈਸਾ ਖੰਭ ਲਾ ਕੇ ਉੱਡ ਗਿਆ। ਸ਼੍ਰੀ ਠਾਕੁਰ ਦਾਸ ਅਤੇ ਬੀਬੀ ਰੱਖੀ ਦੇ ਦੋ ਲੜਕੀਆਂ ਅਤੇ ਦੋ ਲੜਕੇ ਸਨ। ਉਹਨਾਂ ਨੇ ਆਪਣੇ ਦੋ ਬੱਚੇ ਇੱਕ ਭੈਣ ਕੋਲ ਅਤੇ ਦੋ ਦੂਸਰੀ ਭੈਣ ਕੋਲ ਛੱਡੇ ਹੋਏ ਸਨ। ਇੱਕ ਦਿਨ ਠਾਕੁਰ ਦਾਸ ਦੇ ਬੱਚੇ ਅਤੇ ਮੇਹਰ ਦਾਸ ਦੇ ਬੱਚੇ ਇਕੱਠੇ ਰੋਟੀ ਖਾਂਦੇ ਸਨ ਤਾਂ ਇੱਕ ਬੱਚੇ (ਕੇਵਲ ਕ੍ਰਿਸ਼ਨ) ਨੇ ਕਿਹਾ ਹੇ ਰੱਬਾ ਕਦੇ ਅਸੀਂ ਵੀ ਇਕੱਠੇ ਹੋਵਾਂਗੇ। ਉਸ ਸਮੇਂ ਉਹ ਦੂਸਰੀ ਅਤੇ ਜੋਗੀ ਚੋਥੀ ਜਮਾਤ ਵਿੱਚ ਪੜ੍ਹਦੇ ਸਨ। ਬੀਬੀ ਰੱਖੀ ਨੂੰ ਘੰਭੀਰ ਦੇ ਨਾਲ ਟੀ ਵੀ ਦੀ ਬਿਮਾਰੀ ਵੀ ਹੋ ਗਈ। ਉਹਨਾਂ ਨੂੰ ਇਲਾਜ ਲਈ ਗੁਲਾਬ ਦੇਵੀ ਹਸਪਤਾਲ ਜਲੰਧਰ ਲੈ ਗਏ। ਡਾਕਟਰ ਨੇ ਹੈਰਾਨ ਹੋ ਕੇ ਕਿਹਾ ਕਿ ਜਿਸਦੇ ਛਾਤੀ ਦੇ ਆਰ-ਪਾਰ ਛੇਕ ਹੋ ਗਿਆ ਹੈ ਉਹ ਜਿਉਂਦੀ ਕਿਵੇਂ ਹੈ। । ਇੱਕ ਦਿਨ ਸ਼੍ਰੀ ਠਾਕੁਰ ਦਾਸ ਜੀ ਬਹੁਤ ਰੋਏ। ਬੀਬੀ ਗੰਗੀ ਦੇਵੀ ਜੋ ਕਿ ਮੇਹਰ ਦਾਸ ਜੀ ਦੇ ਦਾਦੀ ਜੀ ਸਨ ਕਹਿਣ ਲੱਗੇ ਚੁੱਪ ਕਰ ਜਾ ਸਭ ਚਲਦੀਆਂ ਦੇ ਯਾਰ ਹਨ। ਇਹਨਾਂ ਨੇ ਨਹੀਂ ਮੰਨਣਾ ਤੈਨੂੰ ਸੰਤਾਂ ਦੇ ਲੈ ਕੇ ਜਾਣ ਵਾਸਤੇ। ਇਹ ਗੱਲਾਂ ਮੇਹਰ ਦਾਸ ਜੀ ਦੇ ਮਨ ਨੂੰ ਲੱਗ ਗਈਆਂ ਉਹਨਾਂ ਨੇ ਕਿਹਾ ਮੈਂ ਤੇਰੇ ਨਾਲ ਚੱਲਦਾ ਹਾਂ ਪਰ ਮੈਂ ਕੋਈ ਗੱਲ ਨਹੀਂ ਕਰਨੀ ਮਹਾਰਾਜ ਜੀ ਨੂੰ ਤੂੰ ਹੀ ਸਾਰੀ ਗੱਲ ਦੱਸਣੀ ਹੈ। ਮਹਾਰਾਜ ਜੀ ਜੋ ਵੀ ਕਹਿਣਗੇ ਉਹ ਤੈਨੂੰ ਮੰਨਣਾ ਪਵੇਗਾ। ਸ਼੍ਰੀ ਮੇਹਰ ਦਾਸ, ਠਾਕੁਰ ਦਾਸ, ਕਾਕਾ ਜੋਗੀ ਅਤੇ ਬਾਕੀ ਸਭ ਡੇਰੇ ਚਲੇ ਗਏ। ਉਸ ਸਮੇਂ ਲੜਕੀ ਮੰਗੀ ਵੀ ਨਹੀਂ ਸੀ ਠਾਕੁਰ ਦਾਸ ਜੀ ਹਾਲੇ ਬੋਲਣ ਹੀ ਲੱਗੇ ਸਨ ਕਿ ਸ਼੍ਰੀ ਮੇਹਰ ਦਾਸ ਜੀ ਕਿਹਾ ਅੱਛਾ ਜੀ ਸਤਿ ਬਚਨ। ਘਰ ਆ ਕੇ ਠਾਕੁਰ ਦਾਸ ਜੀ ਫਿਰ ਬਹੁਤ ਰੋਏ ਕਿ ਘਰ ਪੈਸਾ ਨਹੀਂ ਰਿਸ਼ਤਾ ਹੋਇਆ ਨਹੀਂ ਇਹ ਸਭ ਕਿਵੇਂ ਹੋਵੇਗਾ। ਰੱਬ ਦਾ ਭਾਣਾ ਉਸੇ ਸਮੇਂ ਇੱਕ ਰਿਸ਼ਤੇਦਾਰ ਰਿਸ਼ਤਾ ਲੈ ਕੇ ਆ ਗਿਆ। ਬਿਨਾਂ ਲੜਕਾ ਦੇਖਿਆ ਜੀ ਹਾਂ ਕਰ ਦਿੱਤੀ ਗਈ ਅਤੇ ਵਿਆਹ ਦਾ ਦਿਨ ਵੀ ਦੱਸ ਦਿੱਤਾ ਗਿਆ ਕਿ ਅਸੀਂ ਹਰ ਹਾਲਤ ਵਿੱਚ ਇਸੇ ਦਿਨ ਇਸੇ ਸਮੇਂ ਹੀ ਵਿਆਹ ਕਰਨਾ ਹੈ ਜੇਕਰ ਹਾਂ ਹੋਵੇ ਤਾਂ ਸਾਨੂੰ ਦੱਸ ਦੇਣਾ। ਜੋਗੀ ਰਾਮ ਦੀ ਮਾਮੀ ਜੋ ਕਿ ਮੰਜੇ ਤੇ ਪਈ ਦਿਖਾਈ ਵੀ ਨਹੀਂ ਦਿੰਦੀ ਸੀ ਉਹ ਵਿਆਹ ਤੋਂ ਦੋ ਦਿਨ ਪਹਿਲਾ ਉੱਚੀ- ਉੱਚੀ ਰੋ ਕੇ ਕਹਿਣ ਲੱਗੀ ਮੈਂ ਕੁਝ ਕਰ ਨਹੀਂ ਸਕਦੀ ਅਤੇ ਨਾ ਹੀ ਮੰਜੇ ਤੋਂ ਉੱਠ ਸਕਦੀ ਹਾਂ ਮੇਰੇ ਕੋਲੋ ਕਿਸੇ ਦਾਲ ਨੂੰ ਹੀ ਹੱਥ ਲਵਾ ਕੇ ਦਾਣੇ ਚੁਗਾ ਲਵੋ। ਉਸ ਸਮੇਂ ਉਹ ਦ੍ਰਿਸ਼ ਦੇਖਣ ਵਾਲਾ ਹੀ ਸੀ। ਸਭ ਸਮਝਦੇ ਸਨ ਕਿ ਇਹ ਹੁਣ ਆਖਰੀ ਗੱਲਬਾਤ ਹੀ ਕਰਦੀ ਹੈ। ਜਿੰਨਾ ਚਿਰ ਠਾਕੁਰ ਦਾਸ ਜੀ ਜਿਉਂਦੇ ਰਹੇ ਉਹ ਮਹਾਰਾਜ ਜੀ ਨੂੰ ਲੰਮੇ ਪੈ ਕੇ ਨਮਸਕਾਰ ਕਰਦੇ ਰਹੇ ਅਤੇ ਮਹਾਰਾਜ ਜੀ ਵਾਸਤੇ ਮਿੱਠੇ- ਮਿੱਠੇ ਅੰਬ ਲੈ ਕੇ ਆਉਂਦੇ ਰਹੇ। ਇਹ

ਅਣਹੋਈ ਇਲਾਕੇ ਦੇ ਸਭ ਲੋਕ ਜਾਣਦੇ ਹਨ।

ਸਾਖੀ ਨੰਬਰ 332

## ਬੀਬੀ ਗੁਰਮੀਤ ਕੌਰ ਦੀ ਇੱਛਾ ਪੂਰੀ ਕਰਨੀ

ਸ਼੍ਰੀ ਧਨਪਤ ਰਾਏ ਅਤੇ ਬੀਬੀ ਗੁਰਮੀਤ ਕੌਰ ਜੀ ਵਾਸੀ ਦੌਲਤਪੁਰ ਵਾਲਿਆਂ ਦਾ ਸ਼੍ਰੀ 108 ਸੰਤ ਹਰੀ ਦਾਸ ਜੀ ਮਹਾਰਾਜ ਨਾਲ ਬਹੁਤ ਪ੍ਰੇਮ ਸੀ। ਉਹ ਅਕਸਰ ਡੇਰੇ ਆਉਂਦੇ ਰਹਿੰਦੇ ਸਨ। ਇੱਕ ਵਾਰ ਜਦੋਂ ਉਹ ਡੇਰੇ ਆਏ ਤਾਂ ਬੀਬੀ ਗੁਰਮੀਤ ਕੌਰ ਨੇ ਮਨ ਵਿੱਚ ਸੋਚਿਆ ਕਿ ਮੈਨੂੰ ਮਹਾਰਾਜ ਜੀ ਦੇ ਇਸ ਸਰੂਪ ਵਿੱਚ ਦਰਸ਼ਨ ਹੋਣ। ਜਦੋਂ ਉਹ ਡੇਰੇ ਆਏ ਤਾਂ ਉਹਨਾਂ ਨੂੰ ਜੋ ਮਨ ਵਿੱਚ ਸੋਚਿਆ ਸੀ ਮਹਾਰਾਜ ਜੀ ਦੇ ਉਸੇ ਸਰੂਪ ਵਿੱਚ ਦਰਸ਼ਨ ਹੋਏ। ਉਸ ਤੋਂ ਬਾਅਦ ਜਿੰਨੇ ਚਿਰ ਮਹਾਰਾਜ ਹੀ ਗੱਦੀ ਤੇ ਬਿਰਾਜਮਾਨ ਰਹੇ। ਉਹਨਾਂ ਨੂੰ ਵਰ ਦਿੱਤਾ ਕਿ ਤੂੰ ਵੱਡਾ ਅਫ਼ਸਰ ਬਣੇਗਾ ਤੇਰੇ ਅੱਗੇ ਪਿੱਛੇ ਗੱਡੀਆਂ ਘੁੰਮਣਗੀਆਂ। ਮਹਾਰਾਜ ਜੀ ਦੀ ਕਿਰਪਾ ਨਾਲ ਸ਼੍ਰੀ ਸਤਨਾਮ ਸਿੰਘ ਜੀ ਨੇ ਪੜ੍ਹਾਈ ਕੀਤੀ ਤੇ ਅੱਜ ਉਨਾ ਚਿਰ ਉਹਨਾਂ ਨੂੰ ਮਹਾਰਾਜ ਜੀ ਦੇ ਉਸੇ ਸਰੂਪ ਵਿੱਚ ਦਰਸ਼ਨ ਹੁੰਦੇ ਰਹੇ।

(ਬੀਬੀ ਗੁਰਮੀਤ ਕੌਰ ਪਤਨੀ ਸ਼੍ਰੀ ਧਨਪਤ ਰਾਏ ਜੀ)

ਸਾਖੀ ਨੰਬਰ 333

## ਸ਼੍ਰੀ ਸਤਨਾਮ ਸਿੰਘ ਜੀ ਤੇ ਕਿਰਪਾ ਕਰਨੀ

ਸ਼੍ਰੀ ਦੋਲਤ ਰਾਮ ਬੀਬੀ ਸੁਮਿੱਤਰ ਕੌਰ ਜੀ ਵਾਸੀ 862, ਅਰਬਨ ਅਸਟੇਟ, ਜਲੰਧਰ ਵਾਲਿਆਂ ਦਾ ਸ਼੍ਰੀ 108 ਸੰਤ ਸਰਵਣ ਦਾਸ ਜੀ ਮਹਾਰਾਜ ਦੇ ਨਾਲ ਬਹੁਤ ਪਿਆਰ ਸੀ। ਉਹਨਾਂ ਦੇ ਪੁੱਤਰ ਸਤਨਾਮ ਸਿੰਘ ਦਾ ਵੀ ਮਹਾਰਾਜ ਜੀ ਨਾਲ ਬਹੁਤ ਪਿਆਰ ਸੀ। ਇੱਕ ਵਾਰ ਸ਼੍ਰੀ ਸਤਨਾਮ ਸਿੰਘ ਜੀ ਡੇਰੇ ਵਿਖੇ ਆਏ ਤਾਂ ਮਹਾਰਾਜ ਸਰਵਣ ਦਾਸ ਜੀ ਨੇ ਵਚਨ ਕੀਤੇ ਕਿ ਤੂੰ ਬਿਜਲੀ ਵਿਭਾਗ ਵਿੱਚ ਵੱਡਾ ਅਫਸਰ ਬਣੇਗਾ। ਬਾਦ ਵਿੱਚ ਉਹ ਪਾਵਰ ਫਾਈਨੈਂਸ ਕਾਰਪੋਰੇਸ਼ਨ ਆਫ਼ ਇੰਡੀਆਂ ਦੇ ਚੈਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਬਣੇ। ਉਹ ਦੱਸਦੇ ਹਨ ਕਿ ਅੱਜ ਮੈਂ ਜੋ ਕੁਝ ਵੀ ਹਾਂ ਇਹ ਸਭ ਕਿਰਪਾ ਮਹਾਰਾਜ ਸਰਵਣ ਦਾਸ ਜੀ ਦੀ ਹੈ।

(ਸ਼੍ਰੀਮਤੀ ਨਿਰਮਲਾ ਪਤਨੀ ਸ਼੍ਰੀ ਸਤਨਾਮ ਸਿੰਘ ਜੀ)

ਸਾਖੀ ਨੰਬਰ 334

## ਸ਼੍ਰੀ ਮੰਗੂ ਰਾਮ ਜੀ ਤੇ ਕਿਰਪਾ ਕਰਨੀ

ਸ਼੍ਰੀ ਮੰਗੂ ਰਾਮ ਜੀ ਸਪੁੱਤਰ ਸ਼੍ਰੀ ਮਾਲੀ ਰਾਮ ਜੀ ਵਾਸੀ ਪਿੰਡ ਸਰਹਾਲੀ ਵਾਲਿਆਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਉਹਨਾਂ ਦੀ ਸ਼ਾਦੀ ਬੀਬੀ

ਪ੍ਰਕਾਸ਼ਵਤੀ ਨਾਲ ਹੋਈ ਸੀ। ਸੰਨ 1956 ਈ: ਦੀ ਗੱਲ ਹੈ ਕਿ ਸ਼੍ਰੀ ਮੰਗੂ ਰਾਮ ਜੀ ਇਰੀਗੇਸ਼ਨ ਡਿਪਾਰਟਮੈਂਟ ਵਿੱਚ ਕਲਰਕ ਸਨ। ਜਦੋਂ ਮੰਗੂ ਰਾਮ ਜੀ ਡੇਰੇ ਵਿਖੇ ਆਏ ਤਾਂ ਮਹਾਰਾਜ ਜੀ ਨੇ ਉਹਨਾਂ ਨੂੰ ਬਚਨ ਕੀਤੇ ਕਿ ਤੁਸੀ ਬਹੁਤ ਵੱਡੇ ਅਫ਼ਸਰ ਬਣਨਾ ਹੈ ਅਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਨਾ ਹੈ। ਅੱਜ ਮਹਾਰਾਜ ਜੀ ਦੀ ਕਿਰਪਾ ਦੇ ਨਾਲ ਉਹ ਸਰਕਲ ਸੁਪਰਿੰਟੈਂਡੈਂਟ ਰਿਟਾਇਰਡ ਹੋਏ ਹਨ ਅਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦੇ ਪ੍ਰਚਾਰ ਵਿੱਚ ਲੱਗੇ ਹੋਏ ਹਨ।

## ਸਾਖੀ ਨੰਬਰ 335
## ਲੰਗਰ ਦਾ ਪ੍ਰਬੰਧ ਹੋਣਾ

ਬੀਬੀ ਪ੍ਰਕਾਸ਼ਵਤੀ ਪਤਨੀ ਸ਼੍ਰੀ ਮੰਗੂ ਰਾਮ ਜੀ ਵਾਸੀ ਸਰਹਾਲੀ ਵਾਲਿਆਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਸੰਨ 1963 ਈ: ਦੀ ਗੱਲ ਹੈ ਕਿ ਬੀਬੀ ਪ੍ਰਕਾਸ਼ਵਤੀ ਆਪਣੀ ਮਾਤਾ ਬੀਬੀ ਕਰਮੀ ਵਾਸੀ ਅਵਾਦਾਨ ਅਤੇ ਬੀਬੀ ਭਾਗੋ ਵਾਸੀ ਮਹੇੜੂ ਵਾਲਿਆਂ ਨਾਲ ਡੇਰੇ ਵਿਖੇ ਆਏ। ਗਰਮੀ ਦੇ ਦਿਨ ਸਨ ਕਾਫ਼ੀ ਹਨੇਰਾ ਹੋ ਗਿਆ ਉਹ ਰਸਤਾ ਭੁੱਲ ਗਏ ਅਤੇ ਉਹ ਘਬਰਾ ਗਏ। ਅਚਾਨਕ ਉਹਨਾਂ ਨੂੰ ਪ੍ਰਕਾਸ਼ ਦਿਖਾਈ ਦਿੱਤਾ ਤੇ ਉਹ ਉਸ ਪ੍ਰਕਾਸ਼ ਦੇ ਸਹਾਰੇ ਡੇਰੇ ਆ ਗਈਆਂ। ਅੱਗੇ ਮਹਾਰਾਜ ਜੀ ਜੋ ਕਿ ਪਹਿਲਾਂ ਹੀ ਉਹਨਾਂ ਦੀ ਉਡੀਕ ਕਰ ਰਹੇ ਸਨ ਗੇਟ ਤੇ ਖੜ੍ਹੇ ਸਨ। ਮਹਾਰਾਜ ਜੀ ਨੇ ਉਹਨਾਂ ਨੂੰ ਕਿਹਾ ਤੁਸੀ ਹਨੇਰਾ ਕਰ ਦਿੱਤਾ ਹੈ ਅਸੀਂ ਡੇਰੇ ਜਾਣਾ ਸੀ। ਮਹਾਰਾਜ ਜੀ ਨੇ ਸੇਵਾਦਾਰਾਂ ਨੂੰ ਕਿਹਾ ਲੰਗਰ ਲੈ ਕੇ ਆਉ ਤਾਂ ਸੇਵਾਦਾਰ ਕਹਿਣ ਲੱਗੇ ਕਿ ਮਹਾਰਾਜ ਜੀ ਲੰਗਰ ਤਾਂ ਵੱਧ ਗਿਆ ਹੈ। ਇਹ ਸੁਣ ਕੇ ਮਹਾਰਾਜ ਜੀ ਇੱਕ ਪਾਸੇ ਗਏ ਅਤੇ ਜਦੋਂ ਉਹ ਵਾਪਸ ਆਏ ਤਾਂ ਉਹਨਾਂ ਦੇ ਹੱਥਾਂ ਵਿੱਚ ਪਰਸ਼ਾਦੇ ਸਨ। ਮਹਾਰਾਜ ਜੀ ਦਾ ਇਹ ਕੌਤਕ ਦੇਖ ਕੇ ਬੀਬੀ ਪ੍ਰਕਾਸ਼ਵਤੀ ਤੇ ਬਾਕੀ ਬੀਬੀਆਂ ਧਨ- ਧਨ ਕਰ ਉੱਠੀਆਂ।

## ਸਾਖੀ ਨੰਬਰ 336
## ਮਹਾਰਾਜ ਜੀ ਦੇ ਅਲੌਕਿਕ ਕਰਿਸ਼ਮੇ ਦੇ ਦਰਸ਼ਨ ਕਰਨੇ

ਸ. ਹਰਭਜਨ ਸਿੰਘ ਸੂਰ ਉਹਨਾਂ ਦੀ ਮਾਤਾ ਚੰਨਣ ਕੌਰ ਵਾਸੀ ਰਾਏਪੁਰ ਰਸੂਲਪੁਰ ਵਾਲਿਆਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। 1950 ਈ: ਦੀ ਗੱਲ ਹੈ ਉਹ ਡੇਰੇ ਨੂੰ ਆ ਰਹੇ ਸਨ ਕਿ ਉਹਨਾਂ ਨੇ ਦੇਖਿਆ ਕਿ ਮਹਾਰਾਜ ਸਰਵਣ ਦਾਸ ਜੀ ਦੇ ਸਾਰੇ ਅੰਗ ਇਕੱਲੇ- ਇਕੱਲੇ ਹੋਏ ਪਏ ਹਨ। ਇਹ ਸਭ ਦੇਖ ਕੇ ਉਹ ਬਹੁਤ ਘਬਰਾ ਗਏ ਅਤੇ ਡੇਰੇ ਆ ਗਏ। ਜਦੋਂ ਉਹ ਡੇਰੇ ਪਹੁੰਚੇ ਤਾਂ ਕਿ ਦੇਖਦੇ ਹਨ ਕਿ ਮਹਾਰਾਜ ਸਰਵਣ ਦਾਸ ਜੀ ਅੱਗੇ ਬੈਠੇ ਹੋਏ ਹਨ ਤਾਂ ਉਹਨਾਂ ਨੂੰ ਕਹਿਣ ਲੱਗੇ ਕਿ ਇਹ ਗੱਲ ਕਿਸੇ ਨੂੰ ਦੱਸਣੀ ਨਹੀਂ ਹੈ।

## ਸਾਖੀ ਨੰਬਰ 337
## ਸ. ਹਰਭਜਨ ਸਿੰਘ ਤੇ ਕਿਰਪਾ ਕਰਨੀ

ਸ. ਹਰਭਜਨ ਸਿੰਘ ਤੇ ਉਹਨਾਂ ਦੀ ਪਤਨੀ ਬੀਬੀ ਗੁਰਦੇਵ ਕੌਰ ਜੀ ਵਾਸੀ ਰਾਏਪੁਰ ਰਸੂਲਪੁਰ ਵਾਲੇ ਮਹਾਰਾਜ ਜੀ ਦੇ ਸ਼ਰਧਾਲੂ ਸਨ। 1960 ਈ: ਦੀ ਗੱਲ ਹੈ ਉਹ ਡੇਰੇ ਆਏ ਤਾਂ ਉਹਨਾਂ ਨੇ ਮਹਾਰਾਜ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਮਹਾਰਾਜ ਜੀ ਸਾਡੇ ਕੋਈ ਔਲਾਦ ਨਹੀਂ ਹੈ ਤਾਂ ਮਹਾਰਾਜ ਜੀ ਨੇ ਉਹਨਾਂ ਨੂੰ ਆਸ਼ੀਰਵਾਦ ਦਿੱਤਾ। ਮਹਾਰਾਜ ਜੀ ਦੀ ਕਿਰਪਾ ਨਾਲ ਉਹਨਾਂ ਦੇ ਘਰ ਤਿੰਨ ਲੜਕਿਆਂ ਨੇ ਜਨਮ ਲਿਆ। ਇਸ ਤਰ੍ਹਾਂ ਮਹਾਰਾਜ ਜੀ ਨੇ ਸ. ਹਰਭਜਨ ਸਿੰਘ ਤੇ ਕਿਰਪਾ ਕੀਤੀ।

## ਸਾਖੀ 338
## ਦੁਬਾਰਾ ਇਹ ਕੰਮ ਨਹੀਂ ਕਰਨਾ

ਸ੍ਰੀ ਹੰਸ ਰਾਜ ਅਤੇ ਬੀਬੀ ਦੀਪੋ ਜੀ ਵਾਸੀ ਰਾਮ ਨਗਰ (ਸਾਊਥਹਾਲ) ਵਾਲਿਆਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। 1962 ਈ: ਦੀ ਗੱਲ ਹੈ। ਇੱਕ ਵਾਰ ਉਹਨਾਂ ਤੋ ਕੋਈ ਭੁੱਲ ਹੋ ਗਈ ਸੀ ਤਾਂ ਮਹਾਰਾਜ ਜੀ ਨੇ ਉਹਨਾਂ ਨੂੰ ਖ਼ਤ ਲਿਖਿਆ। ਉਸ ਸਮੇਂ ਖਤ ਨੂੰ ਪਹੁੰਚਣ ਲਈ ਇੱਕ ਹਫ਼ਤਾ ਲੱਗ ਜਾਂਦਾ ਸੀ ਪਰ ਮਹਾਰਾਜ ਜੀ ਦਾ ਲਿਖਿਆ ਖਤ ਉਹਨਾਂ ਨੂੰ ਦੂਜੇ ਦਿਨ ਹੀ ਮਿਲ ਗਿਆ। ਮਹਾਰਾਜ ਜੀ ਨੇ ਖਤ ਵਿੱਚ ਉਹਨਾਂ ਨੂੰ ਗਲਤ ਕੰਮ ਕਰਨ ਤੋਂ ਰੋਕਿਆ ਸੀ। ਮਹਾਰਾਜ ਜੀ ਦਾ ਖਤ ਪੜ੍ਹ ਕੇ ਉਹਨਾਂ ਨੇ ਆਪਣੀ ਗਲਤੀ ਤੇ ਪਛਤਾਵਾ ਕੀਤਾ ਤੇ ਮਹਾਰਾਜ ਜੀ ਤੋਂ ਮੁਆਫ਼ੀ ਮੰਗੀ ਅਤੇ ਅਜਿਹਾ ਕੰਮ ਦੁਬਾਰਾ ਨਾ ਕਰਨ ਦਾ ਪ੍ਰਣ ਲਿਆ। (ਕਸਮ ਖਾਧੀ)

## ਸਾਖੀ ਨੰਬਰ 339
## ਸ੍ਰੀ ਚਮਨ ਲਾਲ ਚੋਪੜਾ ਅਤੇ ਪਰਿਵਾਰ ਦੀ ਰੱਖਿਆ ਕਰਨੀ

ਸ੍ਰੀ ਚਮਨ ਲਾਲ ਚੋਪੜਾ ਬੀਬੀ ਸੱਤਿਆ ਚੋਪੜਾ ਜੀ ਉਹਨਾਂ ਦੇ ਬੱਚੇ ਪਰਮਿੰਦਰ ਚੋਪੜਾ ਅਤੇ ਵਰਿੰਦਰ ਚੋਪੜਾ ਵਾਸੀ ਰੇਰੂ ਵਾਲਿਆ ਦਾ ਮਹਾਰਾਜ ਹਰੀ ਦਾਸ ਜੀ ਨਾਲ ਬਹੁਤ ਪ੍ਰੇਮ ਸੀ। 1979 ਈ ਦੀ ਗੱਲ ਹੈ ਕਿ ਸਾਰਾ ਪਰਿਵਾਰ ਇੰਗਲੈਂਡ ਜਾ ਰਿਹਾ ਸੀ। ਜਦੋਂ ਉਹ ਜਹਾਜ ਤੇ ਚੜ੍ਹਨ ਲੱਗੇ ਤਾਂ ਮਹਾਰਾਜ ਹਰੀ ਦਾਸ ਜੀ ਨੇ ਉਹਨਾਂ ਨੂੰ ਕਿਹਾ ਕਿ ਤੁਸੀ ਜਹਾਜ ਤੇ ਨਹੀਂ ਚੜ੍ਹਨਾ। ਇਸ ਤਰ੍ਹਾਂ ਮਹਾਰਾਜ ਹਰੀ ਦਾਸ ਜੀ ਨੇ ਉਹਨਾਂ ਨੂੰ ਤਿੰਨ ਵਾਰ ਜਹਾਜ ਚੜ੍ਹਨ ਤੋਂ ਰੋਕਿਆ ਜਿਸ ਕਰਕੇ ਉਹ ਜਹਾਜ ਵਿੱਚ ਨਹੀਂ ਚੜ੍ਹੇ। ਇੱਧਰ ਸ੍ਰੀ ਚਮਨ ਲਾਲ ਜੀ ਦੀ ਮਾਤਾ ਬੀਬੀ ਵਿੱਦਿਆ ਜੀ ਡੇਰੇ ਵਿਖੇ ਆਏ ਤਾਂ ਮਹਾਰਾਜ ਹਰੀ ਦਾਸ ਜੀ ਉਹਨਾਂ ਨੂੰ ਕਿਹਾ ਕਿ ਅਸੀਂ ਉਹਨਾਂ ਨੂੰ ਜਹਾਜ ਨਹੀਂ ਚੜ੍ਹਨ ਦਿੱਤਾ। ਬਾਅਦ ਵਿੱਚ ਪਤਾ

ਲੱਗਾ ਕਿ ਉਹ ਜਹਾਜ ਜਿਸ ਵਿੱਚ ਸ਼੍ਰੀ ਚਮਨ ਲਾਲ ਚੋਪੜਾ ਅਤੇ ਪਰਿਵਾਰ ਨੇ ਜਾਣਾ ਸੀ ਉਹ ਜਹਾਜ ਡੁੱਬ ਗਿਆ ਹੈ। ਇਸ ਤਰ੍ਹਾਂ ਮਹਾਰਾਜ ਜੀ ਨੇ ਸ਼੍ਰੀ ਚਮਨ ਲਾਲ ਚੋਪੜਾ ਤੇ ਉਹਨਾਂ ਦੇ ਪਰਿਵਾਰ ਦੀ ਰੱਖਿਆ ਕੀਤੀ।

ਸਾਖੀ ਨੰਬਰ 340

## ਸ਼੍ਰੀ ਅਮਰ ਦਾਸ ਭੁੱਟਾ ਤੇ ਕਿਰਪਾ ਕਰਨੀ

ਸ਼੍ਰੀ ਅਮਰ ਦਾਸ ਭੁੱਟਾ ਵਾਸੀ ਸੰਤੋਖਪੁਰਾ ਜਲੰਧਰ ਵਾਲੇ ਜੋ ਕਿ ਸ਼੍ਰੀ 108 ਸੁਆਮੀ ਸਰਵਣ ਦਾਸ ਮਹਾਰਾਜ ਜੀ ਦੇ ਸੇਵਕ ਸਨ। ਜੋ ਕਿ ਅਕਸਰ ਡੇਰੇ ਵਿਖੇ ਆਉਂਦੇ ਰਹਿੰਦੇ ਸਨ ਅਤੇ ਮਹਾਰਾਜ ਜੀ ਦੀ ਮਹਿਮਾ ਗਾਉਂਦੇ ਹੁੰਦੇ ਸਨ। ਇੱਕ ਦਿਨ ਜਦੋਂ ਉਹ ਡੇਰੇ ਆਏ ਤਾਂ ਮਹਾਰਾਜ ਸਰਵਣ ਦਾਸ ਜੀ ਨੇ ਉਹਨਾਂ ਨੂੰ ਕਿਹਾ ਕਿ ਮੰਗ ਲੈ ਜੋ ਕੁਝ ਮੰਗਣਾ ਹੈ ਤਾਂ ਅਮਰ ਦਾਸ ਜੀ ਕਹਿਣ ਲੱਗੇ ਮਹਾਰਾਜ ਜੀ ਜਿਸ ਤਰ੍ਹਾਂ ਅਸੀਂ ਆਪ ਜੀ ਦੇ ਗੁਣ ਗਾਉਂਦੇ ਹਾਂ ਸਾਡੇ ਬੱਚੇ ਵੀ ਇਸੇ ਤਰ੍ਹਾਂ ਆਪ ਜੀ ਦੀ ਮਹਿਮਾ ਗਾਉਣ। ਮਹਾਰਾਜ ਸਰਵਣ ਦਾਸ ਜੀ ਦੀ ਕਿਰਪਾ ਸਦਕਾ ਹੀ ਅੱਜ ਉਹਨਾਂ ਦੇ ਬੱਚੇ ਅਨਾੜੀ ਸੰਗੀਤ ਪਾਰਟੀ ਰਾਂਹੀ (ਸ਼੍ਰੀ ਰਾਮ ਲੁਭਾਇਆ ਅਤੇ ਗਰੀਬ ਦਾਸ ਸੋਢੀ) ਮਹਾਰਾਜ ਜੀ ਦੇ ਗੁਣ ਗਾਉਂਦੇ ਹਨ।

ਸਾਖੀ 341

## ਫ਼ਲ ਆਪਣੇ ਬੱਚਿਆਂ ਨੂੰ ਦੇ ਦਿਓ

ਸ਼੍ਰੀ ਜੀਤ ਰਾਮ ਜੀ ਬੀਬੀ ਬਖਸ਼ੋ ਵਾਸੀ ਯੂ. ਕੇ ਵਾਲਿਆਂ ਜੀ ਦਾ ਮਹਾਰਾਜ ਹਰੀ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਸੰਨ 1981 ਈ: ਦੀ ਗੱਲ ਹੈ ਕਿ ਸ਼੍ਰੀ ਜੀਤ ਰਾਮ ਜੀ ਤੇ ਬੀਬੀ ਬਖਸ਼ੋ ਯੂ. ਕੇ. ਤੋਂ ਇੰਡੀਆ ਆਏ ਹੋਏ ਸਨ ਤੇ ਉਹ ਤਿੰਨ ਮਹੀਨੇ ਡੇਰੇ ਵਿਖੇ ਰਹੇ। ਇਕ ਦਿਨ ਉਹ ਬਾਜ਼ਾਰ ਗਏ ਤੇ ਉਹਨਾਂ ਨੇ ਕਿਹਾ ਕਿ ਅੱਜ ਬੱਚਿਆਂ ਵਾਸਤੇ ਫ਼ਲ ਖਰੀਦਣੇ ਹਨ ਤੇ ਉਹਨਾਂ ਨੇ ਫ਼ਲ ਖਰੀਦ ਲਏ। ਜਦੋਂ ਉਹ ਡੇਰੇ ਵਿਖੇ ਆਏ ਤਾਂ ਅੱਗੇ ਮਹਾਰਾਜ ਹਰੀ ਦਾਸ ਜੀ ਬੈਠੇ ਸਨ ਤਾਂ ਉਹਨਾਂ ਨੇ ਫ਼ਲ ਮਹਾਰਾਜ ਜੀ ਭੇਂਟ ਕੀਤੇ ਤਾਂ ਮਹਾਰਾਜ ਜੀ ਨੇ ਕਿਹਾ ਕਿ ਤੁਸੀਂ ਤਾਂ ਇਹ ਫ਼ਲ ਆਪਣੇ ਬੱਚਿਆ ਵਾਸਤੇ ਲੈ ਕੇ ਆਏ ਹੋ। ਜਦੋਂ ਉਹਨਾਂ ਨੇ ਫ਼ਲ ਆਪਣੇ ਬੱਚਿਆਂ ਨੂੰ ਦਿੱਤੇ ਤਾਂ ਉਹਨਾਂ ਨੇ ਫ਼ਲ ਨਹੀਂ ਖਾਧੇ ਤੇ ਫ਼ਲ ਚੁੱਕ ਕੇ ਮਾਰੇ ਕਿ ਅਸੀਂ ਇਹ ਫ਼ਲ ਨਹੀਂ ਖਾਣੇ।

ਸਾਖੀ ਨੰਬਰ 342

## ਸ਼੍ਰੀ ਸਵਰਨ ਦਾਸ ਬੰਗੜ ਤੇ ਕਿਰਪਾ ਕਰਨੀ

ਸ਼੍ਰੀ ਦੇਵੀ ਦਿੱਤਾ ਬੀਬੀ ਸੰਤੀ ਜੀ ਵਾਸੀ ਪਿੰਡ ਬੱਲ ਵਾਲਿਆਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਉਹਨਾਂ ਦੇ ਸਪੁੱਤਰ ਸ਼੍ਰੀ ਸਵਰਨ ਦਾਸ ਬੰਗੜ

ਬੀਬੀ ਰੇਸ਼ਮ ਕੌਰ ਦਾ ਵੀ ਮਹਾਰਾਜ ਜੀ ਦੇ ਅਨਿੰਨ ਸ਼ਰਧਾਲੂ ਹਨ। ਸੰਨ 1961 ਈਸਵੀ ਦੀ ਗੱਲ ਹੈ ਕਿ ਸਵਰਨ ਦਾਸ ਬੰਗੜ ਨੇ ਦਸਵੀਂ ਪਾਸ ਕਰਨ ਉਪਰੰਤ ਮਹਾਰਾਜ ਸਰਵਣ ਦਾਸ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੈਂ ਵਿਲਾਇਤ ਜਾਣਾ ਹੈ ਤਾਂ ਮਹਾਰਾਜ ਜੀ ਨੇ ਕਿਹਾ ਕਿ ਤੂੰ ਤਾਂ ਬਹੁਤ ਕਮਜੋਰ ਹੈ ਉੱਥੇ ਜਾ ਕੇ ਕਿਹੜਾ ਕੰਮ ਕਰੇਂਗਾ। ਫਿਰ ਮਹਾਰਾਜ ਜੀ ਨੇ ਥੋੜਾ ਰੁਕ ਕੇ ਕਿਹਾ ਕਿ ਠੀਕ ਹੈ ਚਲੇ ਜਾਓ ਪ੍ਰਮਾਤਮਾ ਆਪ ਹੀ ਸਾਰੇ ਕੰਮ ਠੀਕ ਕਰੇਗਾ। 1965 ਈ. ਵਿੱਚ ਉਹਨਾਂ ਦੇ ਬੱਚੇ ਸੁਰਿੰਦਰ ਤੇ ਰਾਜਿੰਦਰ ਵੀ ਵਿਲਾਇਤ ਚਲੇ ਗਏ। ਸੰਨ 1970 ਈਸਵੀ ਵਿੱਚ ਸ੍ਰੀ ਸਵਰਨ ਦਾਸ ਬੰਗੜ ਜੀ ਨੇ 10 ਕਿਲੇ ਜ਼ਮੀਨ ਮਹਾਰਾਜ ਜੀ ਨੂੰ ਦਾਨ ਕੀਤੀ। 1972 ਈ. ਵਿੱਚ ਸੁਆਮੀ ਸਰਵਣ ਦਾਸ ਮਹਾਰਾਜ ਜੀ ਦੇ ਚੜ੍ਹਾਈ ਕਰਨ ਤੋਂ ਬਾਅਦ ਸ੍ਰੀ ਸਵਰਨ ਦਾਸ ਜੀ ਮਹਾਰਾਜ ਜੀ ਦੀ ਯਾਦ ਵਿੱਚ ਡੇਰੇ ਵਿਖੇ ਹਰ ਸਾਲ ਅੱਖਾਂ ਦਾ ਫ਼ਰੀ ਮੈਡੀਕਲ ਕੈਂਪ ਲਗਾਉਂਦੇ ਰਹੇ, ਫਿਰ ਸੰਨ 2007 ਈਂ ਵਿੱਚ ਜਦੋਂ ਡੇਰੇ ਵਿਖੇ ਸੰਤ ਸਰਵਣ ਦਾਸ ਚੈਰੀਟੇਬਲ ਆਈ ਹਸਪਤਾਲ ਬਣਾਇਆ ਤਾਂ ਸ੍ਰੀ ਸਵਰਨ ਦਾਸ ਬੰਗੜ ਜੀ ਨੇ ਆਈ ਹਸਪਤਾਲ ਵਾਸਤੇ 1,11,1111.00 ਰੁਪਏ (ਇੱਕ ਕਰੋੜ ਗਿਆਰਾ ਲੱਖ ਇੱਕ ਹਜ਼ਾਰ ਇੱਕ ਸੌ ਗਿਆਰਾ ਰੁਪਏ) ਦਾਨ ਦਿੱਤੇ। ਉਹਨਾਂ ਦਾ ਮਹਾਰਾਜ ਜੀ ਨਾਲ ਇੰਨਾ ਪਿਆਰ ਹੈ ਕਿ ਉਹ ਸਮੇਂ- ਸਮੇਂ ਤੇ ਡੇਰੇ ਵਿਖੇ ਆਪਣਾ ਯੋਗਦਾਨ ਦਿੰਦੇ ਰਹਿੰਦੇ ਹਨ। ਉਹ ਦੱਸਦੇ ਹਨ ਕਿ ਅੱਜ ਉਹ ਜੋ ਕੁਝ ਵੀ ਹਨ ਇਹ ਸਭ ਮਹਾਰਾਜ ਸਰਵਣ ਦਾਸ ਜੀ ਦੀ ਹੀ ਬਹੁਤ ਕਿਰਪਾ ਹੈ।

ਸਾਖੀ ਨੰਬਰ 343

## ਸ੍ਰੀ ਰੌਣਕੀ ਰਾਮ ਜੀ ਦੇ ਦਿਲ ਦੀ ਬੁੱਝਣੀ

ਸ੍ਰੀ ਰੌਣਕੀ ਰਾਮ ਬੀਬੀ ਜੀਤੋ ਜੀ ਪਿੰਡ ਰਾਉਵਾਲੀ ਵਾਲੇ ਮਹਾਰਾਜ ਸੁਆਮੀ ਸਰਵਣ ਦਾਸ ਜੀ ਦੇ ਸ਼ਰਧਾਲੂ ਸਨ। ਇੱਕ ਵਾਰ ਆਪ ਡੇਰੇ ਆ ਰਹੇ ਸਨ ਤਾਂ ਘਰ ਵਿੱਚ ਵਿਚਾਰ ਕੀਤੀ ਕਿ ਮਹਾਰਾਜ ਜੀ ਨੂੰ ਕਿੰਨੇ ਰੁਪਏ ਦਾ ਮੱਥਾ ਟੇਕਣਾ ਹੈ। ਬੀਬੀ ਜੀਤੋ ਜੀ ਨੇ ਕਿਹਾ ਕਿ ਗਿਆਰਾ ਰੁਪਏ ਦਾ ਮੱਥਾ ਟੇਕਣਾ ਹੈ ਤਾਂ ਸ੍ਰੀ ਰੌਣਕੀ ਰਾਮ ਜੀ ਕਹਿਣ ਲੱਗੇ ਕਿ ਇੱਕ ਰੁਪਏ ਦਾ ਮੱਥਾ ਟੇਕਣਾ ਹੈ। ਇਸ ਤਰ੍ਹਾਂ ਵਿਚਾਰਾਂ ਕਰਦੇ- ਕਰਦੇ ਘਰੋਂ ਚੱਲ ਪਏ। ਜਦੋਂ ਡੇਰੇ ਪਹੁੰਚੇ ਤਾਂ ਬੀਬੀ ਜੀਤੋ ਜੀ ਨੇ ਗਿਆਰਾਂ ਰੁਪਏ ਰੱਖ ਕੇ ਮਹਾਰਾਜ ਜੀ ਨੂੰ ਮੱਥਾ ਟੇਕਿਆ ਤਾਂ ਮਹਾਰਾਜ ਜੀ ਨੇ ਇੱਕ ਰੁਪਿਆ ਰੱਖ ਕੇ ਦਸ ਰੁਪਏ ਵਾਪਸ ਕਰ ਦਿੱਤੇ ਅਤੇ ਕਹਿਣ ਲੱਗੇ ਕਿ ਤੁਸੀ ਤਾਂ ਕਿਹਾ ਸੀ ਕਿ ਇੱਕ ਰੁਪਏ ਦਾ ਮੱਥਾ ਟੇਕਣਾ ਹੈ ਇਹ ਬਚਨ ਸੁਣ ਕੇ ਸ੍ਰੀ ਰੌਣਕੀ ਰਾਮ ਜੀ ਮਹਾਰਾਜ ਜੀ ਦੇ ਚਰਨੀਂ ਪੈ ਗਏ। ਇਸ ਤਰ੍ਹਾਂ ਮਹਾਰਾਜ ਜੀ ਆਪਣੇ ਸੇਵਕਾਂ ਦੇ ਦਿਲ ਦੀ ਗੱਲ ਬੁੱਝ ਲੈਂਦੇ ਸਨ।

ਸਾਖੀ ਨੰਬਰ 344

## ਬੀਬੀ ਕਰਤਾਰ ਕੌਰ ਦੀ ਉਮਰ ਵਧਾਉਣੀ

ਸ. ਚੰਨਣ ਸਿੰਘ ਬੀਬੀ ਕਰਤਾਰ ਕੌਰ ਪਿੰਡ ਨੋਗੱਜਾ ਵਾਲਿਆਂ ਦਾ ਸੁਆਮੀ ਸਰਵਣ ਦਾਸ ਜੀ ਨਾਲ ਬਹੁਤ ਪਿਆਰ ਸੀ। ਇੱਕ ਵਾਰ ਬੀਬੀ ਕਰਤਾਰ ਕੌਰ ਬਹੁਤ ਬਿਮਾਰ ਹੋ ਗਈ ਉਸਦੇ ਬਚਣ ਦੀ ਕੋਈ ਉਮੀਦ ਨਹੀਂ ਸੀ। ਉਹਨਾਂ ਨੇ ਮਹਾਰਾਜ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਮਹਾਰਾਜ ਜੀ ਮੇਰੇ ਤੇ ਕਿਰਪਾ ਕਰੋ ਮੇਰੇ ਤੋਂ ਬਾਅਦ ਮੇਰਾ ਬੂਹਾ ਖੋਲਣ ਵਾਲਾ ਤਾਂ ਕੋਈ ਹੋਵੇ ਮੇਰੇ ਪੁੱਤਰ ਦਾ ਵਿਆਹ ਹੋ ਜਾਵੇ। ਉਹ ਪੋਹ ਦਾ ਮਹੀਨਾ ਸੀ ਤਾਂ ਮਹਾਰਾਜ ਜੀ ਨੇ ਕਿਹਾ ਕਿ ਤੇਰੇ ਪੁੱਤਰ ਦਾ ਵਿਆਹ ਤਾਂ ਸਾਉਣ ਮਹੀਨੇ ਵਿੱਚ ਹੋਣਾ ਹੈ ਚਲੋਂ ਠੀਕ ਹੈ ਅੱਜ ਤੋਂ ਤੇਰੀ ਉਮਰ ਛੇ ਮਹੀਨੇ ਇਹ ਅਤੇ ਛੇ ਮਹੀਨੇ ਹੋਰ ਵਧਾ ਦਿੱਤੀ। ਤੇਰੀ ਉਮਰ ਇੱਕ ਸਾਲ ਵਧਾ ਦਿੱਤੀ ਹੈ। ਇਸ ਤਰ੍ਹਾਂ ਜਦੋਂ ਸਾਉਣ ਮਹੀਨਾ ਆਇਆ ਤਾਂ ਉਸ ਦੇ ਪੁੱਤਰ ਮਹਿੰਗਾ ਸਿੰਘ ਦਾ ਵਿਆਹ ਹੋਇਆ। ਵਿਆਹ ਤੋਂ ਬਾਅਦ ਬੀਬੀ ਕਰਤਾਰ ਕੌਰ ਛੇ ਮਹੀਨੇ ਹੋਰ ਜਿਉਂਦੀ ਰਹੀ। ਫਿਰ ਪੋਹ ਦੇ ਮਹੀਨੇ ਬੀਬੀ ਕਰਤਾਰ ਕੌਰ ਦੀ ਮੌਤ ਹੋ ਗਈ। ਇਸ ਤਰ੍ਹਾਂ ਮਹਾਰਾਜ ਜੀ ਨੇ ਬੀਬੀ ਕਰਤਾਰ ਕੌਰ ਦੀ ਉਮਰ ਇੱਕ ਸਾਲ ਵਧਾ ਦਿੱਤੀ ਜਿਸ ਨਾਲ ਉਹ ਆਪਣੇ ਪੁੱਤਰ ਦਾ ਵਿਆਹ ਦੇਖ ਸਕੀ।

## ਸਾਖੀ ਨੰਬਰ 345
## ਜਾਣੀ ਜਾਣ ਸਤਿਗੁਰ

ਸ਼੍ਰੀ ਜੀਤੂ ਰਾਮ ਬੀਬੀ ਚਰਨ ਕੌਰ ਵਾਸੀ ਬੱਲਾਂ ਵਾਲੇ ਮਹਾਰਾਜ ਸਰਵਣ ਦਾਸ ਜੀ ਦੇ ਸ਼ਰਧਾਲੂ ਹਨ। ਬੀਬੀ ਚਰਨ ਕੌਰ ਦੱਸਦੇ ਹਨ ਕਿ ਇੱਕ ਵਾਰ ਉਹ ਡੇਰੇ ਨੂੰ ਆ ਰਹੇ ਸਨ ਕਿ ਉਹ ਰਸਤੇ ਵਿੱਚ ਖੜ੍ਹੇ ਹੋ ਕੇ ਕਿਸੇ ਨਾਲ ਗੱਲਾਂ ਕਰਨ ਲੱਗ ਪਏ। ਜਦੋਂ ਉਹ ਡੇਰੇ ਵਿਖੇ ਪਹੁੰਚੇ ਤਾਂ ਮਹਾਰਾਜ ਜੀ ਨੇ ਕਿਹਾ ਕੁੜੇ ਰਸਤੇ ਵਿੱਚ ਖੜ੍ਹੇ ਹੋ ਕੇ ਕਿਸੇ ਨਾਲ ਗੱਲਾਂ ਨਹੀਂ ਕਰਨੀਆਂ ਸਿੱਧੇ ਡੇਰੇ ਆਉਣਾ ਹੈ। ਇਸ ਤਰ੍ਹਾਂ ਜਾਣੀ- ਜਾਣ ਸਤਿਗੁਰੂ ਜੀ ਆਪਣੇ ਸੇਵਕਾਂ ਦੇ ਪਲ-ਪਲ ਦੀ ਜਾਣਕਾਰੀ ਰੱਖਦੇ ਸਨ।

## ਸਾਖੀ ਨੰਬਰ 346
## ਤੁਹਾਡੀ ਗਰੀਬੀ ਕੱਟੀ ਜਾਵੇਗੀ

ਸ਼੍ਰੀ ਜੀਤੂ ਰਾਮ ਬੀਬੀ ਚਰਨ ਕੌਰ ਵਾਸੀ ਬੱਲਾਂ ਵਾਲਿਆਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਸ਼੍ਰੀ ਜੀਤੂ ਰਾਮ ਜੀ ਦੇ ਘਰ ਗਰੀਬੀ ਬਹੁਤ ਸੀ।

ਉਹਨਾਂ ਨੇ ਮਹਾਰਾਜ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਮਹਾਰਾਜ ਜੀ ਸਾਡੇ ਘਰ ਗਰੀਬੀ ਹੈ ਕਿਰਪਾ ਕਰੋ ਤਾਂ ਮਹਾਰਾਜ ਜੀ ਨੇ ਬਚਨ ਕੀਤੇ ਕਿ ਜਦੋਂ ਤੁਹਾਡਾ ਪੁੱਤਰ ਸੇਵਾ ਵੱਡਾ ਹੋਵੇਗਾ ਉਦੋਂ ਤੁਹਾਡੀ ਗਰੀਬੀ ਕੱਟੀ ਜਾਵੇਗੀ। ਜਦੋਂ ਉਹਨਾਂ ਦਾ ਪੁੱਤਰ ਸੇਵਾ ਵੱਡਾ ਹੋਇਆ ਤਾਂ ਉਹ ਕਨੇਡਾ ਚਲਾ ਗਿਆ। ਇਸ ਤਰ੍ਹਾਂ ਮਹਾਰਾਜ ਜੀ ਦੇ ਬਚਨ ਪੂਰੇ ਹੋਏ ਅਤੇ ਉਹਨਾਂ ਦੀ ਗਰੀਬੀ ਕੱਟੀ ਗਈ।

## ਸਾਖੀ ਨੰਬਰ 347

### ਅਟੱਲ ਬਚਨ

ਸ਼੍ਰੀ ਜੀਤੂ ਰਾਮ ਬੀਬੀ ਚਰਨ ਕੌਰ ਵਾਸੀ ਬੱਲਾਂ ਵਾਲੇ ਮਹਾਰਾਜ ਸਰਵਣ ਦਾਸ ਜੀ ਦੇ ਸੇਵਕ ਹਨ। ਉਹ ਦੱਸਦੇ ਹਨ ਕਿ ਇੱਕ ਵਾਰੀ ਉਹਨਾਂ ਨੇ ਇੱਕ ਗਊ ਲਿਆਂਦੀ। ਜਦੋਂ ਉਹ ਗਊ ਦਾ ਦੁੱਧ ਚੋਣ ਲੱਗਣ ਤਾਂ ਗਊ ਲਿਟਣ ਲੱਗ ਪਏ ਇਸ ਤਰ੍ਹਾਂ ਉਹ ਬਹੁਤ ਤੰਗ ਆ ਗਏ ਤਾਂ ਹਾਰ ਕੇ ਮਹਾਰਾਜ ਜੀ ਪਾਸ ਆਏ ਤੇ ਬੇਨਤੀ ਕੀਤੀ ਕਿ ਮਹਾਰਾਜ ਜੀ ਗਊ ਲਿਆਂਦੀ ਹੈ ਉਹ ਦੁੱਧ ਨਹੀਂ ਦਿੰਦੀ ਤਾਂ ਮਹਾਰਾਜ ਜੀ ਨੇ ਕਿਹਾ ਕਿ ਉਸ ਗਊ ਨੂੰ ਡੇਰੇ ਲੈ ਕੇ ਆਓ ਜਦੋਂ ਉਹ ਗਊ ਨੂੰ ਡੇਰੇ ਲੈ ਕੇ ਆਏ ਤਾਂ ਮਹਾਰਾਜ ਜੀ ਨੇ ਉਸ ਗਊ ਨੂੰ ਪੁੱਛਿਆਂ ਕਿ ਤੂੰ ਇੱਥੇ ਦੁੱਧ ਦੇਣਾ ਹੈ ਤਾਂ ਉਸ ਗਊ ਨੇ ਨਾਂਹ ਵਿੱਚ ਸਿਰ ਹਿਲਾ ਦਿੱਤਾ, ਫਿਰ ਮਹਾਰਾਜ ਜੀ ਨੇ ਪੁੱਛਿਆ ਕਿ ਕਿੱਥੇ ਦੁੱਧ ਦੇਣਾ ਹੈ ਤਾਂ ਉਸ ਗਊ ਨੇ ਕਿਹਾ ਕਿ ਜਿੱਥੇ ਮੈ ਪਹਿਲਾ ਸੀ ਉਥੇ ਦੁੱਧ ਦੇਣਾ ਹੈ। ਮਹਾਰਾਜ ਜੀ ਨੇ ਸ਼੍ਰੀ ਜੀਤੂ ਰਾਮ ਜੀ ਨੂੰ ਕਿਹਾ ਕਿ ਇਸ ਗਊ ਨੇ ਤੁਹਾਡੇ ਘਰ ਦੁੱਧ ਨਹੀਂ ਦੇਣਾ ਹੈ ਇਸ ਨੂੰ ਵੇਚ ਦਿਓ। ਉਹਨਾਂ ਨੇ ਮਹਾਰਾਜ ਜੀ ਦੇ ਬਚਨ ਮੰਨ ਕੇ ਜਿੱਥੋਂ ਗਊ ਲਿਆਂਦੀ ਸੀ ਉੱਥੇ ਵਾਪਸ ਦੇ ਦਿੱਤੀ। ਜਿੱਥੇ ਉਹ ਗਊ ਵੇਚੀ ਉੱਥੇ ਉਸ ਗਊ ਨੇ ਬਹੁਤ ਦੁੱਧ ਦਿੱਤਾ। ਇਸ ਤਰ੍ਹਾਂ ਮਹਾਰਾਜ ਜੀ ਦੇ ਬਚਨ ਸੱਚ ਹੋਏ।

## ਸਾਖੀ 348

### ਇਸ ਲੜਕੀ ਨੇ ਤੁਹਾਨੂੰ ਤਾਰਨਾ ਹੈ

ਸ਼੍ਰੀ ਕਰਮ ਚੰਦ ਜੀ ਬੀਬੀ ਪ੍ਰੀਤਮ ਕੌਰ ਜੀ ਵਾਸੀ ਰਮਦਾਸਪੁਰ ਵਾਲਿਆਂ ਦਾ ਸਤਿਗੁਰੂ ਹਰੀ ਦਾਸ ਮਹਾਰਾਜ ਨਾਲ ਬਹੁਤ ਪ੍ਰੇਮ ਸੀ। ਉਹਨਾਂ ਦੇ ਤਿੰਨ ਲੜਕੀਆਂ ਸਨ ਜਦੋਂ ਉਹਨਾਂ ਦੇ ਘਰ ਚੋਥੀ ਲੜਕੀ ਨੇ ਜਨਮ ਲਿਆ ਤਾਂ ਸ਼੍ਰੀ ਕਰਮ ਚੰਦ ਮਹਾਰਾਜ ਜੀ ਪਾਸ ਆਏ ਤੇ ਕਹਿਣ ਲੱਗੇ ਮਹਾਰਾਜ ਜੀ ਇਸ ਵਾਰ ਵੀ ਲੜਕੀ ਪੈਦਾ ਹੋਈ ਹੈ। ਸਾਡੇ ਤੇ ਕਿਰਪਾ ਕਰੋ। ਮਹਾਰਾਜ ਜੀ ਨੇ ਬਚਨ ਕੀਤੇ ਕਿ ਇਸ ਲੜਕੀ ਨੇ ਹੀ ਤੁਹਾਨੂੰ ਤਾਰਨਾ ਹੈ ਤੁਸੀ ਭਜਨ ਸਿਮਰਨ ਕਰਦੇ ਰਹਿਣਾ। ਉਸ ਲੜਕੀ ਦਾ ਨਾਮ ਸੁਨੀਤਾ ਰੱਖਿਆ ਗਿਆ। ਉਸ ਤੋਂ ਬਾਅਦ ਉਹਨਾਂ ਦੇ ਘਰ ਦੋ ਲੜਕਿਆਂ ਨੇ ਜਨਮ ਲਿਆ। ਸ਼੍ਰੀ ਕਰਮ ਚੰਦ ਜੀ ਦੱਸਦੇ ਹਨ ਕਿ ਜਦੋਂ ਦਾ ਇਸ ਲੜਕੀ ਦਾ ਜਨਮ ਹੋਇਆ ਹੈ ਉਦੋਂ ਤੋਂ ਹੀ ਸਾਡੇ ਦਿਨ ਬਦਲ ਗਏ। ਸਮਾਂ ਪਾ ਕੇ ਮਹਾਰਾਜ ਜੀ ਦੇ ਬਚਨਾ ਅਨੁਸਾਰ ਉਹਨਾਂ ਦੀ ਵੱਡੀ ਲੜਕੀ ਜਸਵਿੰਦਰ ਕੌਰ ਕਨੇਡਾ ਚਲੀ ਗਈ ਅਤੇ ਉਸ ਨੇ ਆਪਣੇ ਮਾਤਾ ਪਿਤਾ, ਆਪਣੇ ਭੈਣਾ ਅਤੇ ਭਰਾਵਾਂ ਨੂੰ ਕਨੇਡਾ ਬੁਲਾ ਲਿਆ। ਅੱਜ ਉਹ ਸਾਰਾ ਪਰਿਵਾਰ ਮਹਾਰਾਜ ਜੀ ਦੀ ਕਿਰਪਾ ਨਾਲ ਕਨੇਡਾ ਰਹਿ ਰਿਹਾ ਹੈ। ਉਹ ਦੱਸਦੇ ਹਨ ਕਿ ਇਹ ਸਭ ਕਿਰਪਾ ਮਹਾਰਾਜ ਸਰਵਣ ਦਾਸ ਜੀ ਦੀ ਹੈ।

## ਸਾਖੀ 349

### ਆਪਣੇ ਸੇਵਕਾਂ ਦੇ ਆਪ ਰਖਵਾਲੇ

ਸ਼੍ਰੀ ਰਤਨ ਸਿੰਘ ਬੀਬੀ ਭਾਗੋ ਜੀ ਵਾਸੀ ਮੰਨਣਾ ਵਾਲੇ ਮਹਾਰਾਜ ਸਰਵਣ ਦਾਸ ਜੀ ਦੇ ਸੇਵਕ ਸਨ। ਉਹਨਾਂ ਦੇ ਤਿੰਨ ਪੁੱਤਰ ਸਨ ਦਿਲਾਵਰ ਸਿੰਘ, ਸੁੱਚਾ ਸਿੰਘ, ਗੁਰਦੀਪ ਸਿੰਘ ਸਨ। ਸੁੱਚਾ ਸਿੰਘ ਅਤੇ ਗੁਰਦੀਪ ਸਿੰਘ ਬਾਹਰ ਖੇਤਾਂ ਵਿੱਚ ਸੌਂਦੇ ਸਨ। ਇੱਕ ਰਾਤ ਉਹ ਸੁੱਤੇ ਪਏ ਸਨ ਕਿ ਰਾਤ ਨੂੰ ਚੋਰ ਆ ਗਏ। ਚੋਰ ਉਹਨਾਂ ਦੀ ਟਰਾਲੀ ਲੈ ਕੇ ਜਾ ਰਹੇ ਸਨ। ਉੱਧਰ ਸੁੱਤੇ ਪਏ ਸੁੱਚਾ ਸਿੰਘ ਤੇ ਗੁਰਦੀਪ ਸਿੰਘ ਨੂੰ ਮਹਾਰਾਜ ਜੀ ਨੇ ਸੁਪਨਾ ਦਿਖਾਇਆ ਕਿ ਉਹਨਾਂ ਦੇ ਉੱਤੋ ਦੀ ਗੱਡੀ ਲੰਘ ਰਹੀ ਹੈ ਜਿਸ ਕਾਰਨ ਉਹ ਡਰ ਕੇ ਜਾਗ ਪਏ। ਉਹਨਾਂ ਦੇ ਜਾਗਣ ਦੇ ਨਾਲ ਚੋਰ ਟਰਾਲੀ ਛੱਡ ਕੇ ਦੌੜ ਗਏ। ਸਵੇਰੇ ਉਹਨਾਂ ਦੀ ਮਾਤਾ ਬੀਬੀ ਭਾਗੋ ਡੇਰੇ ਵਿਖੇ ਆਏ ਅਤੇ ਮਹਾਰਾਜ ਜੀ ਨੂੰ ਕਹਿਣ ਲੱਗੇ ਮਹਾਰਾਜ ਜੀ ਰਾਤੀਂ ਸਾਡੇ ਚੋਰੀ ਹੋਣ ਤੋਂ ਬਚ ਗਈ ਤਾਂ ਮਹਾਰਾਜ ਜੀ ਨੇ ਕਿਹਾ ਕਿ ਕੋਈ ਗੱਲ ਨਹੀਂ ਭਲੀ ਹੋ ਗਈ ਹੈ। ਇਸ ਤਰ੍ਹਾਂ ਮਹਾਰਾਜ ਜੀ ਆਪਣੇ ਸੇਵਕਾਂ ਦੀ ਹਰ ਤਰ੍ਹਾਂ ਨਾਲ ਰੱਖਿਆ ਕਰਦੇ ਹਨ।

## ਸਾਖੀ 350

### ਸ਼੍ਰੀ ਗੁਰਦਾਸ ਰਾਮ ਜੀ ਦਾ ਅੰਤਿਮ ਸਮਾਂ

ਸ਼੍ਰੀ ਗੁਰਦਾਸ ਰਾਮ ਜੀ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਉਹਨਾਂ ਨੇ ਆਪਣੇ ਘਰ ਵਿੱਚ ਮਹਾਰਾਜ ਜੀ ਦੀ ਯਾਦ ਵਿੱਚ ਮੰਦਿਰ ਬਣਾਇਆ ਹੋਇਆ ਹੈ। ਮਿਤੀ 7 ਦਸੰਬਰ 2011 ਨੂੰ ਸ਼੍ਰੀ ਗੁਰਦਾਸ ਰਾਮ ਜੀ ਇਸ ਸੰਸਾਰ ਨੂੰ ਅਲਵਿਦਾ ਆਖ ਗਏ ਪਰ ਆਪਣੇ ਅੰਤਿਮ ਸਮੇਂ ਤੋਂ ਪਹਿਲਾ ਉਹਨਾਂ ਨੇ ਦੱਸਿਆ ਕਿ ਹੁਣ ਮੇਰੀ ਕੋਈ ਇੱਛਾ ਬਾਕੀ ਨਹੀਂ ਹੈ ਮੇਰੇ ਸਤਿਗੁਰੂ ਮਹਾਰਾਜ ਸਰਵਣ ਦਾਸ ਜੀ ਆਏ ਸਨ ਤਾਂ ਉਹਨਾਂ ਨੇ ਮੈਨੂੰ ਮੇਰੇ ਜਾਣ ਦਾ ਸਮਾਂ ਦੱਸ ਦਿੱਤਾ ਹੈ ਅਤੇ ਉਹ ਸਥਾਨ ਦਿਖਾ ਦਿੱਤਾ ਹੈ ਜਿੱਥੇ ਮੈਂ ਜਾਣਾ ਹੈ। ਇਸ ਲਈ ਤੁਸੀ ਸਾਰੇ ਭਜਨ ਸਿਮਰਨ ਕਰਦੇ ਰਹਿਣਾ। ਮਿਤੀ 7 ਦਸੰਬਰ 2011 ਨੂੰ ਉਹਨਾਂ ਨੇ ਦੱਸਿਆਂ ਕਿ ਮੇਰੇ ਸਤਿਗੁਰੂ ਮਹਾਰਾਜ ਸਰਵਣ ਦਾਸ ਜੀ ਮੈਨੂੰ ਲੈਣ ਲਈ ਆ ਗਏ ਹਨ। ਇਸ ਤਰ੍ਹਾਂ ਸ਼੍ਰੀ ਗੁਰਦਾਸ ਰਾਮ ਰਾਮ ਜੀ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

ਸਤਿਗੁਰੂ ਸਰਵਣ ਦਾਸ ਜੀ ਨੇ ਆਪਣੇ ਸੇਵਕ ਤੇ ਕਰਮ ਕਮਾਇਆ,
ਸੇਵਕ ਗੁਰਦਾਸ ਰਾਮ ਜੀ ਨੇ ਜੀਵਨ ਗੁਰਾਂ ਦੇ ਲੇਖੇ ਲਾਇਆ।
ਸੰਕਲਪ ਸਤਿਗੁਰੂ ਰਵਿਦਾਸ ਦੇ ਰੂਪ, ਸਾਧੂ ਨੂੰ ਗੁਰੂ ਬਣਾਉਣਾ।
ਮਨ ਆਨੰਦ ਹੋ ਗਿਆ ਗੁਰੂ ਸਰਵਣ ਦਾਸ ਦੇ ਰੂਪ ਚ' ਪਾਉਣਾ।
ਗੁਰੂ ਪ੍ਰਾਪਤ ਕਰਕੇ ਸਤਿਗੁਰੂ ਰਵਿਦਾਸ ਹੈ ਪਾਇਆ।

ਸਤਿਗੁਰੂ ਸਰਵਣ ਦਾਸ ਜੀ ਨੇ ਆਪਣੇ ਸੇਵਕ ਤੇ ਕਰਮ ਕਮਾਇਆ,
ਤਾਂਘ ਹਰ ਸਮੇਂ ਰਹਿਬਰ ਦੀ ਯਾਦ ਨੂੰ ਘਰ ਚ' ਬਣਾਵਾਂ।
ਰੱਬ ਰੂਪ ਗੁਰੂ ਸਰਵਣ ਦਾਸ ਜੀ ਦੀ ਸ਼ੋਭਾ ਹਰ ਦਮ ਗਾਵਾਂ।
ਨੇਕ ਕਮਾਈ ਕਰਕੇ ਤਿੰਨ ਮੰਜ਼ਿਲਾਂ ਅਸਥਾਨ ਬਣਾਇਆ।।
ਸਤਿਗੁਰੂ ਸਰਵਣ ਦਾਸ ਜੀ ਨੇ ਆਪਣੇ ਸੇਵਕ ਤੇ ਕਰਮ ਕਮਾਇਆ,
ਬੀਬੀ ਬਚਨੀ ਬਿਮਾਰ ਹੋ ਗਈ, ਡਾਕਟਰਾਂ ਨੇ ਜਵਾਬ ਸੁਣਾਇਆ।
ਸਤਿਗੁਰੂ ਸਰਵਣ ਦਾਸ ਜੀ ਨੇ, ਇੱਕ ਦੀ ਬਜਾਏ ਦੋ ਬੱਚਿਆਂ ਦਾ ਹੁਕਮ ਸੁਣਾਇਆ।
ਕਹਿੰਦੇ ਹੱਥ ਜੋੜ ਕੇ ਵੱਡਾ ਲੜਕਾ, ਤੁਹਾਡੇ ਚਰਨੀ ਲਾਇਆ
ਸਤਿਗੁਰੂ ਸਰਵਣ ਦਾਸ ਜੀ ਨੇ ਆਪਣੇ ਸੇਵਕ ਤੇ ਕਰਮ ਕਮਇਆ, ਭਜਨ ਸਿਮਰਨ ਕਰਕੇ ਹੈ ਲੋਕ-ਪ੍ਰਲੋਕ ਸੁਖੀ ਬਣਾਇਆਗੁਰੂ ਪੂਰੇ ਨੇ ਬੇਗਮਪੁਰੇ ਚ' ਪਹਿਲਾਂ ਸਥਾਨ ਦਿਖਾਇਆ।
ਚਿੰਤਾ ਕੋਈ ਨਹੀਂ ਹੈ ਗੁਰੂ ਸਰਵਣ ਦਾਸ ਹੈ ਮੈਨੂੰ ਲੈਣ ਆਇਆ।।
ਸਤਿਗੁਰੂ ਸਰਵਣ ਦਾਸ ਜੀ ਨੇ ਆਪਣੇ ਸੇਵਕ ਤੇ ਕਰਮ ਕਮਾਇਆ
ਸੇਵਕ ਗੁਰਦਾਸ ਰਾਮ ਜੀ ਨੇ ਜੀਵਨ ਗੁਰਾਂ ਦੇ ਲੇਖੇ ਲਾਇਆ।

### ਸਾਖੀ ਨੰਬਰ 351

## ਸ. ਪੂਰਨ ਸਿੰਘ ਦੇ ਪਰਿਵਾਰ ਤੇ ਕਿਰਪਾ ਕਰਨੀ

ਸ. ਪੂਰਨ ਸਿੰਘ ਬੀਬੀ ਮਾਹੋ ਜੀ ਵਾਸੀ ਕਿਸ਼ਨਗੜ੍ਹ ਵਾਲਿਆਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਸੰਨ 1970-71 ਦੀ ਗੱਲ ਹੈ ਕਿ ਸ. ਪੂਰਨ ਸਿੰਘ ਹੁਰਾਂ ਤੇ ਕੋਈ ਕੇਸ ਚੱਲਦਾ ਸੀ। ਉਹਨਾਂ ਨੇ ਆਪਣੇ ਪੁੱਤਰ ਮਹਿੰਦਰ ਸਿੰਘ ਨੂੰ ਮਹਾਰਾਜ ਜੀ ਦੇ ਚਰਨਾਂ ਵਿੱਚ ਬੇਨਤੀ ਕਰਨ ਲਈ ਭੇਜਿਆ। ਮਹਿੰਦਰ ਸਿੰਘ ਨੇ ਮਨ ਵਿੱਚ ਸੋਚਿਆ ਕਿ ਮੈਂ ਸਿੱਧੇ ਮਹਾਰਾਜ ਜੀ ਦੇ ਹੀ ਦਰਸ਼ਨ ਕਰਨੇ ਹਨ ਇਸ ਲਈ ਉਹ ਰਾਤ ਨੂੰ ਹੀ ਘਰੋਂ ਚੱਲ ਪਿਆ। ਰਾਤ ਦੇ ਇੱਕ ਵਜੇ ਮਹਾਰਾਜ ਸਰਵਣ ਦਾਸ ਜੀ ਉਸ ਨੂੰ ਨਹਿਰ ਤੇ ਮਿਲੇ ਤੇ ਕਹਿਣ ਲੱਗੇ ਕਿ ਤੂੰ ਸਾਨੂੰ ਸਾਰੀ ਰਾਤ ਪ੍ਰੇਸ਼ਾਨ ਕੀਤਾ ਜਾਹ ਤੇਰੇ ਸਾਰੇ ਕੰਮ ਸਿੱਧ (ਪੂਰੇ) ਹੋ ਜਾਣਗੇ। ਉਹਨਾਂ ਤੇ ਜਿਹੜਾ ਕੇਸ ਚੱਲਦਾ ਸੀ ਉਹ ਉਸ ਕੇਸ ਤੋਂ ਬਰੀ ਹੋ ਗਏ। ਇਸ ਤਰ੍ਹਾਂ ਮਹਾਰਾਜ ਸਰਵਣ ਦਾਸ ਜੀ ਨੇ ਪੂਰਨ ਸਿੰਘ ਦੇ ਪਰਿਵਾਰ ਤੇ ਕਿਰਪਾ ਕੀਤੀ।

### ਸਾਖੀ ਨੰਬਰ 352

## ਸ਼੍ਰੀ ਪਾਲ ਚੰਦ ਜੀ ਦੇ ਦੁੱਖਾਂ ਦੀ ਨਵਿਰਤੀ ਕਰਨੀ

ਸ਼੍ਰੀ ਪਾਲ ਚੰਦ ਜੀ ਸਪੁੱਤਰ ਸ਼੍ਰੀ ਹਜ਼ਾਰਾ ਰਾਮ ਜੀ ਵਾਸੀ ਪਿੰਡ ਵਡਾਲਾ ਵਾਲੇ ਮਹਾਰਾਜ ਸਰਵਣ ਦਾਸ ਜੀ ਦੇ ਸੇਵਕ ਸਨ। ਉਹਨਾਂ ਨੇ ਦੱਸਿਆ ਕਿ ਉਹ ਜਦੋਂ ਵੀ ਰੋਟੀ

ਖਾਂਦੇ ਸਨ ਤਾਂ ਉਹਨਾਂ ਦੇ ਸੀਨੇ ਵਿੱਚ ਬਹੁਤ ਦਰਦ ਹੁੰਦਾ ਸੀ। ਉਹਨਾਂ ਨੇ ਇਸ ਤਕਲੀਫ਼ ਦਾ ਬਹੁਤ ਇਲਾਜ ਕਰਵਾਇਆ ਬਹੁਤ ਦਵਾਈਆਂ ਖਾਧੀਆਂ ਪਰ ਆਰਾਮ ਨਹੀਂ ਆਇਆ। ਆਖਿਰ ਦਵਾਈਆਂ ਖਾ- ਖਾ ਕੇ ਉਹ ਨਿਰਾਸ਼ ਹੋ ਗਏ ਤਾਂ ਇੱਕ ਦਿਨ ਉਹਨਾਂ ਨੇ ਸੋਚਿਆ ਕਿ ਕਿਉਂ ਨਾ ਮੈਂ ਆਪਣਾ ਹਾਲ ਸੰਤ ਸਰਵਣ ਦਾਸ ਮਹਾਰਾਜ ਜੀ ਨੂੰ ਦੱਸਾਂ। ਇੱਕ ਦਿਨ ਸਵੇਰੇ ਉੱਠਦੇ ਸਾਰ ਹੀ ਉਹਨਾਂ ਨੇ ਸੋਚਿਆ ਕਿ ਚਾਹੇ ਕੁਝ ਵੀ ਹੋ ਜਾਵੇ ਅੱਜ ਮੈਂ ਡੇਰੇ ਬੱਲਾਂ ਵਿਖੇ ਜਾਣਾ ਹੀ ਹੈ। ਜਦੋਂ ਉਹ ਡੇਰੇ ਵਿਖੇ ਪਹੁੰਚੇ ਤਾਂ ਅੱਗੇ ਸੰਤ ਸਰਵਣ ਦਾਸ ਮਹਾਰਾਜ ਜੀ ਬੈਠੇ ਹੋਏ ਸਨ। ਉਹ ਅਜੇ ਨਮਸਕਾਰ ਕਰਨ ਚੱਲੇ ਹੀ ਸੀ ਕਿ ਮਹਾਰਾਜ ਜੀ

ਆਪ ਹੀ ਉਸ ਕੋਲ ਆ ਕੇ ਉਸਦਾ ਹਾਲ ਪੁੱਛਣ ਲੱਗੇ ਅਤੇ ਕਿਹਾ ਕਿ ਤੂੰ ਸਵੇਰ ਦਾ ਸਾਨੂੰ ਦੁਖੀ ਕੀਤਾ ਹੋਇਆ ਹੈ ਅੱਜ ਤੇਰਾ ਦੁੱਖ ਕੱਟ ਦੇਣਾ ਹੈ। ਪਾਲ ਚੰਦ ਨੂੰ ਕੁਝ ਵੀ ਸਮਝ ਨਹੀਂ ਆ ਰਿਹਾ ਸੀ ਕਿ ਮਹਾਰਾਜ ਜੀ ਕੀ ਕਹਿ ਰਹੇ ਹਨ। ਮਹਾਰਾਜ ਜੀ ਨੇ ਗੁੱਸੇ ਵਿੱਚ ਆ ਕੇ ਉਸਦੇ ਮੂੰਹ ਤੇ ਚਪੇੜ ਮਾਰ ਦਿੱਤੀ ਅਤੇ ਕਿਹਾ ਕਿ ਅੱਜ ਤੇਰਾ ਸਵਾਲ ਹੱਲ ਕਰ ਦੇਣਾ ਹੈ ਫਿਰ ਮਹਾਰਾਜ ਜੀ ਨੇ ਹਵਾਈਗਰ (ਸੰਤ ਨਿਰੰਜਨ ਦਾਸ ਜੀ, ਮੌਜੂਦਾ ਗੱਦੀ ਨਸ਼ੀਨ) ਨੂੰ ਹੁਕਮ ਕੀਤਾ ਕਿ ਪਾਣੀ ਲਿਆਓ ਤੇ ਉਹਨਾਂ ਨੇ ਪਾਣੀ ਪਾਲ ਚੰਦ ਦੇ ਮੂੰਹ ਤੇ ਮਾਰਿਆ। ਮਹਾਰਾਜ ਜੀ ਨੇ ਸੇਵਾਦਾਰਾਂ ਨੂੰ ਹੁਕਮ ਕੀਤਾ ਕਿ ਇਸ ਨੂੰ ਮਿੱਠੇ ਪ੍ਰਸ਼ਾਦੇ ਛਕਾ ਕੇ ਨਿਹਾਲ ਕਰੋ। ਸ਼੍ਰੀ ਪਾਲ ਚੰਦ ਜੀ ਦੱਸਦੇ ਹਨ ਕਿ ਮਿੱਠੇ ਪ੍ਰਸ਼ਾਦੇ ਖਾਣ ਤੋਂ ਬਾਅਦ ਅੱਜ ਤੱਕ ਇੰਨੀ ਉਮਰ ਹੋਣ ਤੇ ਵੀ ਉਹਨਾਂ ਦੇ ਕਦੇ ਦਰਦ ਨਹੀਂ ਹੋਈ। ਸ਼੍ਰੀ ਪਾਲ ਚੰਦ ਜੀ ਕਹਿੰਦੇ ਹਨ ਕਿ ਧੰਨ ਹਨ ਸੰਤ ਸਰਵਣ ਦਾਸ ਜੀ ਮਹਾਰਾਜ ਜੋ ਖੁਦ ਪ੍ਰਮਾਤਮਾ ਦਾ ਰੂਪ ਸਨ ਉਹਨਾਂ ਜਿਹੇ ਗੁਰੂ ਲੱਭਣੇ ਬਹੁਤ ਮੁਸ਼ਕਿਲ ਹਨ। ਇਸ ਤਰ੍ਹਾਂ ਸੰਤ ਸਰਵਣ ਦਾਸ ਮਹਾਰਾਜ ਜੀ ਨੇ ਸ਼੍ਰੀ ਪਾਲ ਚੰਦ ਦੇ ਦੁੱਖਾਂ ਦੀ ਨਵਿਰਤੀ ਕੀਤੀ। ਧੰਨ-ਧੰਨ ਹੈ ਸੰਤ ਸਰਵਣ ਦਾਸ ਗੁਰੂ।

ਸੇਵਕ ਪਿੰਡ ਵਡਾਲੇ ਦਾ ਰਹਿਣ ਵਾਲਾ,
ਬਾਬੇ ਹਜ਼ਾਰੇ ਦਾ ਪੁੱਤ ਹੈ ਪਾਲ ਕਹਿੰਦੇ।
ਰੋਟੀ ਖਾਦਿਆਂ ਸੀਨੇ ਵਿੱਚ ਦਰਦ ਹੋਵੇ,
ਪਾਇਆ ਪੀੜ ਨੇ ਡਾਢਾ ਸੀ ਜਾਲ ਕਹਿੰਦੇ।
ਦਵਾ ਖਾ- ਖਾ ਕੇ ਬਹੁਤ ਪ੍ਰੇਸ਼ਾਨ ਹੋਇਆ,
ਆਵੇ ਆਰਾਮ ਨਾ ਹੋਇਆ ਬੇਹਾਲ ਕਹਿੰਦੇ।
ਇੱਕ ਦਿਨ ਸੋਚਿਆ ਗੁਰਾਂ ਨੂੰ ਚੱਲ ਦੱਸਾਂ,
ਗੁਰੂ ਸਰਵਣ ਦਾਸ ਤਾਂਈ ਹਾਲ ਕਹਿੰਦੇ।
ਸਵੇਰ ਸਾਰ ਉੱਠਿਆ ਬੱਲਾਂ ਜਾਵਣੇ ਲਈ,
ਨਹੀਂ ਰੁਕਣਾ ਚਾਹੇ ਆਵੇ ਭੂਚਾਲ ਕਹਿੰਦੇ।
ਜਦੋਂ ਕੁਟੀਆ ਦੇ ਵਿੱਚ ਜਾ ਪਹੁੰਚਿਆ ਸੀ,
ਅੱਗੇ ਬੈਠੇ ਸੀ ਗੁਰੂ ਸਰਵਣ ਦਾਸ ਕਮਾਲ ਕਹਿੰਦੇ।

ਹਾਲੇ ਚੱਲਿਆ ਸੀ ਨਮਸਕਾਰ ਕਰਨੇ,
ਆਪ ਹੀ ਆ ਗਏ ਗੁਰੂ ਪਛਾਣ ਹਾਲ ਕਹਿੰਦੇ।
ਗੁਰਾਂ ਆਖਿਆ ਸਵੇਰ ਦਾ ਤੂੰ ਦੁਖੀ ਕੀਤਾ,
ਅੱਜ ਛੱਡਣਾ ਹੈ ਤੈਨੂੰ ਨਿਕਾਲ ਕਹਿੰਦੇ।
ਸਮਝ ਆਵੇ ਨਾ ਪਾਲ ਚੰਦ ਤਾਂਈ,
ਗੁਰਾਂ ਆਖਿਆ ਰੋਹ ਦੇ ਨਾਲ ਕਹਿੰਦੇ।
ਫਿਰ ਮੁੱਖ ਤੇ ਖਿੱਚਕੇ ਚਪੇੜ ਮਾਰੀ,
ਹੱਲ ਕਰਨਾ ਹੈ ਤੇਰਾ ਸਵਾਲ ਕਹਿੰਦੇ।
ਹੁਕਮ ਕੀਤਾ ਹਵਾਈਗਰ ਦਿਓ ਪਾਣੀ,
ਫਿਰ ਮੁੱਖ ਤੇ ਮਾਰਿਆ ਪਾਣੀ ਉਛਾਲ ਕਹਿੰਦੇ।
ਮਿੱਠੇ ਪਰਸ਼ਾਦੇ ਛਕਾਓ ਇਸ ਨੂੰ ਸੇਵਾਦਾਰੋ,
ਹੁਕਮ ਕੀਤਾ ਹੈ ਕਰੋ ਨਿਹਾਲ ਕਹਿੰਦੇ।
ਉਸ ਵੇਲੇ ਤੋਂ ਕਦੇ ਨਹੀਂ ਦਰਦ ਹੋਈ,
ਰੋਟੀ ਖਾਧੀ ਹੈ ਉਮਰਾਂ ਦੇ ਸਾਲ ਕਹਿੰਦੇ।
ਧੰਨ- ਧੰਨ ਨੇ ਸੰਤ ਸਰਵਣ ਦਾਸ ਗੁਰੂ,
ਅੱਜ ਤੱਕ ਕਹਿੰਦਾ ਹੈ ਦੇਖ ਲਓ ਪਾਲ ਕਹਿੰਦੇ।
ਸੰਤ ਸਰਵਣ ਦਾਸ ਜਿਹੇ ਗੁਰੂ ਲੱਭਣੇ ਨਹੀਂ,
'ਕੈਲੇ' ਹੁੰਦੇ ਜੋ ਰੂਪ ਅਕਾਲ ਕਹਿੰਦੇ।

## ਸਾਖੀ ਨੰਬਰ 353
## ਸੁਖਵਿੰਦਰ ਲਾਲ ਦੇ ਕਾਰਜ ਰਾਸ ਕਰਨੇ

ਸ੍ਰੀ ਆਤਮਾ ਰਾਮ ਬੀਬੀ ਧਰਮ ਕੌਰ ਜੀ ਵਾਸੀ ਪਿੰਡ ਦੌਲੀਕੇ ਵਾਲਿਆਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਸੰਨ 1993 ਈਃ ਦੀ ਗੱਲ ਹੈ ਕਿ ਆਤਮਾ ਰਾਮ ਜੀ ਦਾ ਲੜਕਾ ਸੁਖਵਿੰਦਰ ਲਾਲ ਜੋ ਕਿ ਦੁਬਈ ਗਿਆ ਹੋਇਆ ਸੀ ਉਹ ਬਹੁਤ ਮੁਸੀਬਤ ਵਿੱਚ ਫਸ ਗਿਆ ਉਸਦਾ ਪਾਸਪੋਰਟ ਗੁੰਮ ਹੋ ਗਿਆ। ਇਸ ਗੱਲ ਕਰਕੇ ਸਾਰੇ ਘਰ ਵਾਲੇ ਬਹੁਤ ਪ੍ਰੇਸ਼ਾਨ ਸਨ। ਸੁਖਵਿੰਦਰ ਲਾਲ ਦਾ ਭਰਾ ਸੁਖਦੇਵ ਜੋ ਕਿ ਘਰੋਂ ਮਹਾਰਾਜ ਜੀ ਦੇ ਦਰਸ਼ਨਾ ਲਈ ਆਇਆ ਸੀ ਪਰ ਰਸਤੇ ਵਿੱਚ ਉਹ ਹੋਰ ਕਿਧਰੇ ਚਲਾ ਗਿਆ ਅਤੇ ਆਪਣੇ ਭਰਾ ਬਾਰੇ ਗੱਲ ਕੀਤੀ ਤਾਂ ਉਸ ਵਿਅਕਤੀ ਨੇ ਕਿਹਾ ਕਿ ਤੁਹਾਡਾ ਕੰਮ ਠੀਕ ਨਹੀਂ ਹੋਣਾ ਹੈ ਇਹ ਸੁਣ ਕੇ ਸੁਖਦੇਵ ਲਾਲ ਪ੍ਰੇਸ਼ਾਨ ਹੋ ਗਿਆ ਅਤੇ ਡੇਰੇ ਆ ਗਿਆ ਅੱਗੇ ਸੰਤ ਗਰੀਬ ਦਾਸ ਜੀ ਬੈਠੇ ਹੋਏ ਸਨ ਤਾਂ ਉਸ ਨੂੰ ਕਹਿਣ ਲੱਗੇ ਕਿ ਆ ਗਿਆ ਹੋਰ ਕਿਧਰੇ ਘੁੰਮ ਕੇ ਜਾਹ ਮਹਾਰਾਜ ਸਰਵਣ ਦਾਸ ਜੀ ਦੀ ਕਿਰਪਾ ਨਾਲ ਤੁਹਾਡਾ ਕੰਮ ਹੋ ਜਾਵੇਗਾ। ਉੱਧਰ ਦੁਬਈ ਵਿਖੇ ਸੁਖਵਿੰਦਰ ਲਾਲ ਦੁਬਈ ਸਰਕਾਰ ਨਾਲ ਗੱਲਬਾਤ ਕੀਤੀ ਤਾਂ ਉਸਦਾ ਪਾਸਪੋਰਟ ਵੀ ਮਿਲ ਗਿਆ ਅਤੇ ਸਾਰਾ ਕੰਮ ਠੀਕ ਹੋ ਗਿਆ। ਇਸ ਤਰ੍ਹਾਂ

ਮਹਾਰਾਜ ਸਰਵਣ ਦਾਸ ਜੀ ਨੇ ਸ਼੍ਰੀ ਸੁਖਵਿੰਦਰ ਲਾਲ ਜੀ ਤੇ ਕਿਰਪਾ ਕੀਤੀ।

## ਸਾਖੀ ਨੰਬਰ 354

## ਮਨ ਦੀ ਗੱਲ ਬੁਝਣੀ

ਸ਼੍ਰੀ ਕਰਮ ਚੰਦ ਜੀ ਵਾਸੀ ਅਲੀਪੁਰ ਮਹਾਰਾਜ ਸਰਵਣ ਦਾਸ ਜੀ ਦੇ ਸ਼ਰਧਾਲੂ ਸਨ। ਉਹ ਕਿੰਗ ਅਲਗੋਜ਼ੇ ਵਜਾਉਂਦੇ ਸਨ ਅਤੇ ਕੀਰਤਨ ਕਰਦੇ ਸਨ। ਇੱਕ ਵਾਰ ਸ਼੍ਰੀ ਕਰਮ ਚੰਦ ਜੀ ਅਤੇ ਉਹਨਾਂ ਦੇ ਸਾਥੀਆਂ ਨੇ ਡੇਰੇ ਆਉਣ ਦੀ ਸਲਾਹ ਬਣਾਈ। ਜਦੋਂ ਉਹ ਘਰੋਂ ਡੇਰੇ ਨੂੰ ਚੱਲੇ ਤਾਂ ਦੂਸਰੇ ਵਿਅਕਤੀ ਕਹਿਣ ਲੱਗੇ ਕਿ ਆਪਾ ਲੇਟ ਹੋ ਗਏ ਹਾਂ ਹੁਣ ਆਪਾਂ ਡੇਰੇ ਲੰਗਰ ਛਕਣ ਵਾਸਤੇ ਜਾਣਾ ਹੇ ਤਾਂ ਸ਼੍ਰੀ ਕਰਮ ਚੰਦ ਜੀ ਕਹਿਣ ਲੱਗੇ ਕਿ ਆਪਾਂ ਡੇਰੇ ਜ਼ਰੂਰ ਜਾਣਾ ਹੈ । ਜਦੋਂ ਉਹ ਡੇਰੇ ਪਹੁੰਚੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤਾਂ ਮਹਾਰਾਜ ਜੀ ਕਹਿਣ ਲੱਗੇ ਤੁਸੀ ਕਹਿੰਦੇ ਸੀ ਕਿ ਡੇਰੇ ਲੰਗਰ ਛਕਣ ਜਾਣਾ। ਮਹਾਰਾਜ ਜੀ ਦੇ ਮੁੱਖੋਂ ਇਹ ਬਚਨ ਸੁਣ ਕੇ ਉਹ ਸਾਰੇ ਹੈਰਾਨ ਹੋ ਗਏ। ਇਸ ਤਰ੍ਹਾਂ ਜਾਣੀ-ਜਾਣ ਸਤਿਗੁਰੂ ਆਪਣੇ ਸੇਵਕਾਂ ਦੇ ਮਨ ਦੀ ਹਰ ਗੱਲ ਬੁੱਝ ਲੈਂਦੇ ਸਨ।

## ਸਾਖੀ ਨੰਬਰ 255

## ਸ. ਸਵਰਨ ਸਿੰਘ ਨੂੰ ਬਚਾਉਣਾ

ਸ. ਸਵਰਨ ਸਿੰਘ ਬੀਬੀ ਗੁਰਬਚਨ ਕੌਰ ਵਾਸੀ ਪਿੰਡ ਬੱਲ (ਅੱਜ ਕੱਲ੍ਹ ਯੂ. ਕੇ.) ਮਹਾਰਾਜ ਸਰਵਣ ਦਾਸ ਜੀ ਦੇ ਸੇਵਕ ਸਨ। ਸੰਨ 1963 ਈ: ਦੀ ਗੱਲ ਹੈ ਕਿ ਸ. ਸਵਰਨ ਸਿੰਘ ਪੀਲੀ ਭੀਤ (ਯੂ. ਪੀ.) ਵਿਖੇ ਨੌਕਰੀ ਕਰਦੇ ਸਨ। ਇੱਕ ਦਿਨ ਓਹੁ ਕੈਲਾਸ਼ ਨਦੀ ਤੇ ਗਏ ਤਾ ਉਹ ਨਦੀ ਵਿੱਚ ਡਿੱਗ ਪਏ ਅਤੇ ਉਹ ਡੁੱਬਣ ਲੱਗੇ ਉਹਨਾਂ ਨੇ ਮਹਾਰਾਜ ਸਰਵਣ ਦਾਸ ਜੀ ਨੂੰ ਯਾਦ ਕੀਤਾ। ਉਹ ਦੱਸਦੇ ਹਨ ਕਿ ਮਹਾਰਾਰਜ ਜੀ ਨੇ ਉਹਨਾਂ ਨੂੰ ਸਿਰ ਤੋਂ ਫੜ੍ਹ ਕੇ ਬਾਹਰ ਕੱਢ ਸੁੱਟਿਆ। ਇਸ ਤੋਂ ਬਾਅਦ ਜਦੋਂ ਉਹ ਡੇਰੇ ਵਿਖੇ ਆਏ ਤਾਂ ਮਹਾਰਾਜ ਜੀ ਨੇ ਉਹਨਾਂ ਨੂੰ ਕਿਹਾ ਕਿ ਅੱਗੇ ਤੋਂ ਡੂੰਘੇ ਪਾਣੀ ਵਿੱਚ ਨਹੀਂ ਜਾਣਾ। ਇਸ ਤਰ੍ਹਾਂ ਮਹਾਰਾਜ ਜੀ ਨੇ ਸਵਰਨ ਸਿੰਘ ਹੁਰਾਂ ਦੀ ਰੱਖਿਆ ਕੀਤੀ।

## ਸਾਖੀ ਨੰਬਰ 356

## ਸੰਤ ਨਾ ਮਰਦੇ

1972 ਈਸਵੀ ਦੀ ਗੱਲ ਹੈ ਕਿ ਮਹਾਰਾਜ ਜੀ 11 ਜੂਨ 1972 ਈ: ਨੂੰ ਚੜ੍ਹਾਈ ਕਰ ਗਏ ਸਨ। 12 ਜੂਨ 1972 ਨੂੰ ਸਵਰਨ ਸਿੰਘ ਆਪਣੇ ਖੇਤਾਂ ਵਿੱਚ ਤੜਕੇ ਹਲ ਵਾਹ ਰਿਹਾ ਸੀ ਤਾਂ ਮਹਾਰਾਜ ਜੀ ਨੇ ਉਸ ਨੂੰ ਦਰਸ਼ਨ ਦਿੱਤੇ। ਜਦੋਂ ਉਹ ਹੱਲ ਵਾਹ ਕੇ ਘਰ ਵਾਪਸ ਆਇਆ ਤਾਂ ਕਿਸੇ ਨੇ ਉਸ ਨੂੰ ਦੱਸਿਆ ਕਿ ਮਹਾਰਾਜ ਜੀ ਕੱਲ੍ਹ ਸੱਚਖੰਡ ਜਾ ਬਿਰਾਜੇ ਹਨ ਤਾਂ ਸਵਰਨ ਸਿੰਘ ਨੇ ਕਿਹਾ ਕਿ ਮਹਾਰਾਜ ਜੀ ਤਾਂ ਮੈਨੂੰ ਹੁਣੇ ਹੀ ਖੇਤਾਂ ਵਿੱਚ ਮਿਲੇ ਹਨ ਉਹਨਾਂ ਦੇ ਪੈਰਾਂ ਦੀ ਪੈੜ ਅਜੇ ਵੀ ਉੱਥੇ ਹੀ ਹੈ। ਇਸ ਤਰ੍ਹਾਂ ਮਹਾਰਾਜ ਜੀ ਇਸ ਸੰਸਾਰ ਤੋਂ ਜਾਣ ਤੋਂ ਬਾਅਦ ਵੀ ਆਪਣੇ ਸੇਵਕਾਂ ਦੇ ਅੰਗ-ਸੰਗ ਰਹਿੰਦੇ ਹਨ।

## ਸਾਖੀ ਨੰਬਰ 357
## ਸੇਵਕ ਦਾ ਵਿਸ਼ਵਾਸ਼

ਸ੍ਰੀ ਮੁਲਖ ਰਾਜ ਜੀ ਅਬਾਦਪੁਰੇ ਵਾਲੇ ਬੱਲਾਂ ਡੇਰੇ ਦੇ ਉਪਾਸਕ ਹਨ। ਆਪ ਦਾ ਬਚਪਨ ਬੱਲਾਂ ਵਿਖੇ ਆਪਣੇ ਤਾਇਆ ਜੀ ਦੇ ਘਰ ਬੀਤਿਆ। ਇਸੇ ਦੌਰਾਨ ਹੀ ਸੰਤ ਹਰੀ ਦਾਸ ਮਹਾਰਾਜ ਜੀ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਸੰਤ ਹਰੀ ਦਾਸ ਮਹਾਰਾਜ ਜੀ ਪ੍ਰੇਮ ਨਾਲ ਆਪ ਨੂੰ 'ਨੀਲਾ' ਕਹਿ ਕੇ ਬੁਲਾਉਂਦੇ ਸਨ। ਸਮਾਂ ਪਾ ਕੇ ਮੈਂ ਕੰਮ-ਕਾਰ ਲਈ ਅਰਬ ਦੇਸ਼ ਵਿਚ ਚਲਾ ਗਿਆ। ਕੁਝ ਸਾਲਾਂ ਬਾਅਦ ਮੈਂ ਭਾਰਤ ਪਰਤਿਆ। ਮੈਂ ਹਰੀ ਦਾਸ ਮਹਾਰਾਜ ਜੀ ਦੀ ਤਸਵੀਰ ਹਮੇਸ਼ਾ ਆਪਣੇ ਕੋਲ ਰੱਖਦਾ ਸੀ। ਜਦੋਂ ਮੈਂ ਦਿੱਲੀ ਤੋਂ ਜਲੰਧਰ ਆਉਂਣ ਵਾਲੀ ਬੱਸ ਵਿਚ ਬੈਠਿਆ ਤਾਂ ਮੈਂ ਆਪਣਾ ਸਾਰਾ ਸਮਾਨ ਬੱਸ ਦੇ ਉੱਪਰ ਰੱਖ ਦਿੱਤਾ ਅਤੇ ਉਹ ਬੈਗ ਜਿਸ ਵਿਚ ਮਹਾਰਾਜ ਜੀ ਦੀ ਪਵਿੱਤਰ ਤਸਵੀਰ ਰੱਖੀ ਹੋਈ ਸੀ। ਉਹ ਆਪਣੀ ਗੋਦ ਵਿਚ ਰੱਖ ਕੇ ਡਰਾਈਵਰ ਦੇ ਸਾਹਮਣੇ ਵਾਲੀ ਸੀਟ ਤੇ ਬੈਠ ਗਿਆ। ਜਦੋਂ ਬੱਸ ਰਾਜਪੁਰੇ ਦੇ ਕੋਲ ਪਹੁੰਚੀ ਤਾਂ ਬੱਸ ਦਾ ਟਰੱਕ ਨਾਲ ਭਿਆਨਕ ਐਕਸੀਡੈਂਟ ਹੋ ਗਿਆ। ਬੱਸ ਟਰੱਕ ਦੀ ਇੰਨੀ ਜ਼ੋਰ ਨਾਲ ਟੱਕਰ ਹੋਈ ਕਿ ਬੱਸ ਦੇ ਸ਼ੀਸ਼ੇ ਟੁੱਟ ਗਏ। ਡਰਾਇਵਿਰ ਵਾਲਾ ਸ਼ੀਸ਼ਾ ਵੀ ਟੁੱਟ ਗਿਆ। ਪਰ ਜਿਸ ਪਾਸੇ ਮੈਂ ਬੈਠਾ ਹੋਇਆ ਸੀ ਉਹ ਸ਼ੀਸ਼ਾ ਨਾ ਟੁੱਟਿਆ ਅਤੇ ਮੈਂ ਉਹ ਬੈਗ ਘੁੱਟ ਕੇ ਆਪਣੇ ਗਲ ਨਾਲ ਲਗਾ ਲਿਆ। ਬੱਸ ਵਿਚ ਬੈਠੀਆਂ ਸਾਰੀਆਂ ਸਵਾਰੀਆਂ ਅਤੇ ਡਰਾਇਵਿਰ ਗੰਭੀਰ ਜ਼ਖਮੀ ਹੋ ਗਏ। ਪਰ ਮਹਾਰਾਜ ਜੀ ਦੀ ਕਿਰਪਾ ਨਾਲ ਮੇਰੇ ਸਰੀਰ ਤੇ ਇੱਕ ਝਰੀਟ ਤੱਕ ਨਹੀਂ ਲੱਗੀ ਬਲਕਿ ਮੈਂ ਜ਼ਖਮੀ ਸਵਾਰੀਆਂ ਨੂੰ ਬੱਸ ਵਿਚੋਂ ਬਾਹਰ ਕੱਢਣ ਵਿਚ ਲੋਕਾਂ ਦੀ ਮਦਦ ਕਰਨ ਲੱਗਾ। ਇਸ ਪ੍ਰਕਾਰ ਮਹਾਰਾਜ ਜੀ ਹਮੇਸ਼ਾਂ ਆਪਣੇ ਭਗਤਾਂ ਨਾਲ ਰਹਿ ਕੇ ਉਨ੍ਹਾਂ ਦੀ ਸਹਾਇਤਾ ਕਰਦੇ ਹਨ।

## ਸਾਖੀ ਨੰਬਰ 358
## ਸੰਗਤਾਂ ਦਾ ਪਿਆਰ ਸੰਤਾਂ ਨੂੰ ਖਿਚ ਲੈਂਦਾ ਹੈ

ਸ੍ਰੀ ਮੁਲਖ ਰਾਜ ਜੀ ਅਬਾਦਪੁਰੇ ਵਾਲੇ ਬਚਪਨ ਤੋਂ ਹੀ ਬੱਲਾਂ ਡੇਰੇ ਦੇ ਉਪਾਸਕ ਸਨ। ਉਹ ਦੱਸਦੇ ਹਨ ਕਿ ਇੱਕ ਵਾਰੀ ਅਬਾਦਪੁਰੇ ਸ੍ਰੀ ਗੁਰੂ ਰਵਿਦਾਸ ਮੰਦਿਰ ਵਿਚ ਸਤਿਸੰਗ ਆਯੋਜਨ ਕੀਤਾ ਗਿਆ ਜਿਸ ਵਿਚ ਉਸ ਸਮੇਂ ਗੱਦੀ ਨਸ਼ੀਨ 108 ਸੰਤ ਹਰੀ ਦਾਸ ਮਹਾਰਾਜ ਜੀ ਨੇ ਆਉਣਾ ਸੀ। ਉਹ ਮੰਦਿਰ ਜਿਥੇ ਸਤਿਸੰਗ ਕਰਵਾਇਆ ਜਾਣਾ ਸੀ ਉਹ ਉਹਨਾਂ ਦੇ ਘਰ ਦੇ ਬਹੁਤ ਨਜ਼ਦੀਕ ਸੀ। ਜਦੋਂ ਮੁਲਖ ਰਾਜ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਅੱਜ ਮੇਰੇ ਸਤਿਗੁਰੂ ਨੇ ਆਉਣਾ ਹੈ ਤਾਂ ਉਹਨਾਂ ਨੇ ਕੰਮ ਤੋਂ ਛੁੱਟੀ ਲੈ ਲਈ। ਉਹ ਦੱਸਦੇ ਹਨ ਕਿ ਮੇਰੀ ਘਰਵਾਲੀ ਨੇ ਕਿਹਾ ਕਿ ਅੱਜ ਮਹਾਰਾਜ ਜੀ ਨੂੰ ਘਰ ਲੈ ਕੇ ਹੀ ਆਉਣਾ ਹੈ ਅਤੇ ਮੈਨੂੰ ਕੁਝ ਕੰਮ ਹੋਣ ਕਰਕੇ ਮੈਂ ਬਜ਼ਾਰ ਚਲਾ ਗਿਆ ਅਤੇ ਘਰਵਾਲੀ ਨੂੰ

ਮਹਾਰਾਜ ਜੀ ਦੇ ਆਉਣ ਦਾ ਧਿਆਨ ਰੱਖਣ ਲਈ ਕਹਿ ਗਿਆ। ਪਰ ਮੈਨੂੰ ਬਾਜ਼ਾਰ ਵਿਚ ਬਹੁਤ ਸਮਾਂ ਲੱਗ ਗਿਆ ਅਤੇ ਮਹਾਰਾਜ ਜੀ ਮੰਦਿਰ ਆ ਕੇ ਚਲੇ ਗਏ। ਜਦੋਂ ਮੈਂ ਘਰ ਪਹੁੰਚਾ ਤਾਂ ਮੇਰੀ ਘਰਵਾਲੀ ਮੇਰੇ ਨਾਲ ਬਹੁਤ ਲੜੀ ਤੇ ਕਿਹਾ ਕਿ ਆਪਣੇ ਕਰਮਾਂ ਵਿਚ ਹੀ ਨਹੀਂ ਸੀ ਕਿ ਮਹਾਰਾਜ ਜੀ ਸਾਡੇ ਘਰ ਚਰਨ ਪਾਉਣ। ਮੈਂ ਕਿਹਾ ਕਿ ਆਪਣੀ ਕਿਸਮਤ ਹੀ ਮਾੜੀ ਹੈ ਕਿ ਰੱਬ ਦਰਤੇ ਆ ਕੇ ਮੁੜ ਗਿਆ। ਇੰਨੀ ਦੇਰ ਨੂੰ ਹਰੀ ਦਾਸ ਮਹਾਰਾਜ ਜੀ ਦੀ ਜੀਪ ਦਾ ਹਾਰਨ ਵੱਜਿਆ ਅਤੇ ਮਹਾਰਾਜ ਜੀ ਨੇ ਦਰਵਾਜ਼ਾ ਖੜਕਾਇਆ ਅਤੇ ਕਿਹਾ "ਨੀਲੇ ਲੜੋ ਨਾ ਅਸੀਂ ਆ ਗਏ ਹਾਂ, ਲਓ ਜੋ ਕਰਵਾਉਣਾ ਹੈ ਕਰਾ ਲਉ ਸਾਡੇ ਤੋਂ"। ਇਸ ਤੇ ਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਤੇ ਖੁਸ਼ੀ ਵਿਚ ਸਾਡੇ ਪੈਰ ਜ਼ਮੀਨ ਤੇ ਨਹੀਂ ਲੱਗ ਰਹੇ ਸਨ। ਉਸ ਸਮੇਂ ਮਹਾਰਾਜ ਜੀ ਨਾਲ ਸੰਤ ਰਾਮਾ ਨੰਦ ਜੀ ਮਹਾਰਾਜ ਅਤੇ ਸ਼੍ਰੀ ਬੇਲੀ ਰਾਮ ਜੀ ਬੱਲਾਂ ਵਾਲੇ ਵੀ ਸਨ। ਸ਼੍ਰੀ ਬੇਲੀ ਰਾਮ ਜੀ ਨੇ ਦੱਸਿਆ ਕਿ ਮਹਾਰਾਜ ਜੀ ਬੂਟਾ ਮੰਡੀ ਕਿਸੇ ਦੇ ਘਰ ਬੈਠੇ ਹੋਏ ਸਨ, ਉਹਨਾਂ ਨੇ ਮਹਾਰਾਜ ਜੀ ਨੂੰ ਦੁੱਧ ਦਾ ਗਿਲਾਸ ਫੜਾਇਆ ਪਰ ਮਹਾਰਾਜ ਜੀ ਨੇ ਉਹ ਨਾ ਪੀਤਾ ਅਤੇ ਕਿਹਾ "ਕਿ ਸਾਨੂੰ ਬਹੁਤ ਜਲਦੀ ਹੈ" ਤੇ ਗੱਡੀ ਵਿਚ ਬੈਠ ਕੇ ਫਿਰ ਦੁਬਾਰਾ ਇੱਧਰ ਹੀ ਆਉਣ ਨੂੰ ਕਿਹਾ ਅਤੇ ਤੁਹਾਡੇ ਦਰਵਾਜੇ ਅੱਗੇ ਆ ਕੇ ਗੱਡੀ ਰੋਕਣ ਲਈ ਕਿਹਾ। ਇਸ ਪ੍ਰਕਾਰ ਜਾਣੀ-ਜਾਣ ਮਹਾਰਾਜ ਜੀ ਨੇ ਆਪਣੇ ਪਿਆਰਿਆਂ ਦੀਆਂ ਗੱਲਾਂ।

## ਸਾਖੀ ਨੰਬਰ 359
## ਬਿਰਥੀ ਨ ਜਾਇ ਜਨ ਕੀ ਅਰਦਾਸ

ਸ਼੍ਰੀ ਮੁਲਖ ਰਾਜ ਜੀ ਅਬਾਦਪੁਰੇ ਵਾਲੇ ਦੱਸਦੇ ਹਨ ਕਿ ਇੱਕ ਵਾਰੀ ਮੇਰੀਆਂ ਲੱਤਾਂ ਅਤੇ ਕਮਰ ਵਿਚ ਬਹੁਤ ਦਰਦ ਸ਼ੁਰੂ ਹੋ ਗਈ ਜਿਸਦਾ ਮੈਂ ਬਹੁਤ ਇਲਾਜ ਕਰਵਾਇਆ ਪਰ ਮੈਨੂੰ ਕੋਈ ਵੀ ਫ਼ਰਕ ਨਾ ਪਿਆ। ਇਸ ਦੌਰਾਨ ਉਹ ਰੋਜ਼ੀ ਰੋਟੀ ਤੋਂ ਵੀ ਮੁਹਤਾਜ ਹੋ ਗਏ। ਫਿਰ ਮਾਘੀ ਦੇ ਪਵਿੱਤਰ ਦਿਹਾੜੇ ਵਾਲੇ ਦਿਨ ਉਨ੍ਹਾਂ ਕਿਹਾ ਕਿ ਅੱਜ ਮੈਂ ਡੇਰੇ ਜਾਣਾ ਹੀ ਹੈ, ਪਰ ਉਨ੍ਹਾਂ ਦੀ ਸਿਹਤ ਇੰਨੀ ਖਰਾਬ ਸੀ ਕਿ ਇੱਕ ਕਦਮ ਵੀ ਚੱਲਿਆ ਨਹੀਂ ਜਾ ਰਿਹਾ ਸੀ। ਉਨੀਂ ਦਿਨੀ ਬੱਸ ਬੱਲਾਂ ਗੇਟ ਤੱਕ ਹੀ ਜਾਂਦੀ ਸੀ ਅੱਗੋਂ ਪੈਦਲ ਹੀ ਜਾਣਾ ਪੈਂਦਾ ਸੀ। ਮੈਂ ਬੱਲਾਂ ਗੇਟ ਤੱਕ ਪਹੁੰਚ ਗਿਆ ਪਰ ਅੱਗੋਂ ਮੇਰੇ ਕੋਲੋਂ ਚੱਲਿਆ ਨਹੀਂ ਜਾ ਰਿਹਾ ਸੀ। ਮੈਂ ਰਸਤੇ ਵਿਚ ਬੈਠ-ਬੈਠ ਕੇ ਡੇਰੇ ਤੱਕ ਪਹੁੰਚਿਆ ਅਤੇ ਡੇਰੇ ਪਹੁੰਚ ਕੇ ਸੰਤ ਹਰੀ ਦਾਸ ਮਹਾਰਾਜ ਜੀ ਦੀ ਸਮਾਧ ਤੇ ਮੱਥਾ ਟੇਕਣ ਲੱਗਿਆ ਆਪ ਮੁਹਾਰੇ ਹੀ ਮੇਰਾ ਰੋਣਾ ਨਿਕਲ ਗਿਆ ਅਤੇ ਮੈਂ ਕਿੰਨੀ ਦੇਰ ਹੀ ਉਥੇ ਬੈਠਾ ਰੋਂਦਾ ਰਿਹਾ ਤੇ ਮਹਾਰਾਜ ਜੀ ਅੱਗੇ ਅਰਦਾਸ ਕਰਦਾ ਰਿਹਾ। ਇਸ ਉਪਰੰਤ ਜਦੋਂ ਮੈਂ ਘਰ ਆ ਗਿਆ ਤਾਂ ਸਵੇਰ ਤੱਕ ਮੇਰੀਆਂ ਲੱਤਾਂ ਅਤੇ ਲੱਕ ਬਿਲਕੁਲ ਠੀਕ ਹੋ ਚੁੱਕੇ ਸਨ। ਮੈਨੂੰ ਮਹਿਸੂਸ ਹੀ ਨਹੀਂ ਹੋ ਰਿਹਾ ਸੀ ਕਿ ਮੇਰੇ ਕਦੀ ਦਰਦ ਵੀ ਹੋਇਆ ਸੀ।

## ਸਾਖੀ ਨੰਬਰ 360

## ਲਾਲ ਪੈਰਾਂ ਵਿੱਚ ਨਹੀਂ ਰੋਲੀਦੇ

ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੀਆਂ ਬਹੁਤ ਵੱਡੀਆਂ ਸੁੰਦਰ ਕਥਾਂ ਕਹਾਣੀਆਂ ਸੁਣਨ ਨੂੰ ਮਿਲਦੀਆਂ ਹਨ। ਉਸੇ ਲੜੀ ਦੀ ਇਕ ਬਹੁਤ ਮਹੱਤਵਪੂਰਨ ਮਹਿਮਾਂ ਇਸ ਪ੍ਰਕਾਰ ਹੈ ਕਿ ਪਿੰਡ ਵੱਡੀਆਂ ਲੱਲੀਆਂ ਜਿਲ੍ਹਾ ਜਲੰਧਰ ਵਿੱਚ ਇਕ ਮਹਾਰਾਜ ਜੀ ਤੇ ਪੂਰਨ ਵਿਸ਼ਵਾਸ ਰੱਖਣ ਵਾਲਾ ਸ਼ਰਧਾਲੂ ਸ੍ਰੀਮਾਨ ਜਰਨੈਲ ਰਾਮ ਅਤੇ ਬੀਬੀ ਗਿਆਨ ਕੌਰ ਜਿਨ੍ਹਾਂ ਦਾ ਬੱਚਾ ਕਾਕਾ ਰਵੀ ਕਿਰਨ ਬੀਮਾਰੀ ਦੇ ਕਾਰਨ ਬਹੁਤ ਰੋਣ ਲੱਗ ਪਿਆ ਸੀ। ਗੱਲ ਕੀ ਉਹ ਚੁੱਪ ਨਾ ਕਰੇ ਪਤਾ ਨਹੀਂ ਕਿਹੜੀ ਬੀਮਾਰੀ ਕਾਕਾ ਰਵੀ ਕਿਰਨ ਨੂੰ ਪਰੇਸ਼ਾਨ ਕਰਦੀ ਸੀ। ਬੜੇ ਲੋਕ ਆਏ ਕੋਈ ਕਹੇ ਕਿ ਤੁਸੀਂ ਬੱਚੇ ਨੂੰ ਫਲਾਣੀ ਜਗ੍ਹਾ ਲੈ ਜਾਉ ਤੇ ਕੋਈ ਕਿਤੇ ਕਹੇ। ਪਰ ਸ੍ਰੀਮਾਨ ਜਰਨੈਲ ਰਾਮ ਅਤੇ ਬੀਬੀ ਗਿਆਨ ਕੌਰ ਬੱਚੇ ਨੂੰ ਸਾਈਕਲ ਤੇ ਹੀ ਸੰਤ ਸਰਵਣ ਦਾਸ ਮਹਾਰਾਜ ਜੀ ਦੀ ਕੁਟੀਆ ਵਿੱਚ ਸਵੇਰ ਸਮੇਂ 9 ਜੂਨ 1972 ਨੂੰ ਲੈ ਕੇ ਪਹੁੰਚ ਗਏ। ਜਦੋਂ ਕੁਟੀਆ ਵਿੱਚ ਆਏ ਤਾਂ ਹਜੂਰ ਬਹੁਤ ਸਖ਼ਤ ਬੀਮਾਰ ਸਨ ਕਿਸੇ ਨੂੰ ਵੀ ਸੇਵਾਦਾਰਾਂ ਵਲੋਂ ਹਜ਼ੂਰ ਨੂੰ ਮਿਲਣ ਨਹੀਂ ਸੀ ਦਿੰਦੇ ਜਦੋਂ ਬੀਬੀ ਗਿਆਨੋ ਨੇ ਬੱਚੇ ਸਮੇਤ ਮਹਾਰਾਜ ਸਰਵਣ ਦਾਸ ਜੀ ਕੋਲ ਅੰਦਰ ਜਾਣ ਵਾਸਤੇ ਸੇਵਾਦਾਰਾਂ ਨੂੰ ਬੇਨਤੀ ਕੀਤੀ ਤਾਂ ਸੇਵਾਦਾਰਾਂ ਨੇ ਮਨ੍ਹਾਂ ਕਰ ਦਿੱਤਾ। ਪਰ ਬੀਬੀ ਗਿਆਨ ਕੌਰ ਨੇ ਬੇਨਤੀ ਕੀਤੀ ਕਿ ਮੈਂ ਤਾ ਮਹਾਰਾਜ ਜੀ ਨੂੰ ਜ਼ਰੂਰੀ ਮਿਲਣਾ ਹੈ ਮੇਰਾ ਬੱਚਾ ਤਾਂ ਬਹੁਤ ਪਰੇਸ਼ਾਨ ਹੈ। ਇਸ ਤਰ੍ਹਾਂ ਬੀਬੀ ਬੱਚੇ ਨੂੰ ਚੁੱਕ ਕੇ ਹਜ਼ੂਰ ਮਹਾਰਾਜ ਸੁਆਮੀ ਸਰਵਣ ਦਾਸ ਜੀ ਜਿਸ ਕਮਰੇ ਵਿੱਚ ਬੈਠੇ ਸਨ ਅੰਦਰ ਚਲੀ ਗਈ। ਹਜ਼ੂਰ ਮਹਾਰਾਜ ਚਾਰਪਾਈ ਤੇ ਬੈਠੇ ਸਨ ਅਤੇ ਚਰਨ ਧਰਤੀ ਤੇ ਰੱਖੇ ਹੋਏ ਹਨ ਤਾਂ ਬੀਬੀ ਨੇ ਹਜ਼ੂਰ ਦੇ ਚਰਨਾਂ ਵਿੱਚ ਕਾਕਾ ਰਵੀ ਕਿਰਨ ਨੂੰ ਲਿਟਾ ਦਿੱਤਾ ਤਾਂ ਹਜ਼ੂਰ ਨੇ ਫ਼ਰਮਾਇਆ "ਕੁੜੇ ਲਾਲ ਪੈਰਾਂ ਵਿੱਚ ਨਹੀਂ ਰੋਲੀਦੇ"। ਇਸ ਨੂੰ ਚੁੱਕ ਲੈ ਅਤੇ ਬੱਚੇ ਦੇ ਸਿਰ ਤੇ ਹੱਥ ਫੇਰਦੇ ਰਹੇ ਅਤੇ ਨਾਲ ਹੀ ਉਚਾਰਦੇ ਰਹੇ ਕਿ ਇਸ ਬੱਚੇ ਨੇ ਦੇਸ਼ਾਂ ਵਿਦੇਸ਼ਾਂ ਦੀ ਯਾਤਰਾ ਕਰਨੀ ਹੈ। ਬੱਚਾ ਉਸੇ ਸਮੇਂ ਰੋਣਾ ਬੰਦ ਹੋ ਗਿਆ। ਅੱਜ ਵੀ ਕਾਕਾ ਰਵੀ ਕਿਰਨ ਮਹਾਰਾਜ ਜੀ ਦੇ ਬਚਨਾਂ ਨਾਲ ਵਿਦੇਸ਼ਾਂ ਦੀਆਂ ਸੈਰਾਂ ਕਰਦਾ ਹੈ ਅਤੇ ਉਨ੍ਹਾਂ ਦੀ ਕੀਤੀ ਬਖਸ਼ਿਸ਼ ਨਸਾਲ ਸੁਖੀ ਜੀਵਨ ਬਤੀਤ ਕਰ ਰਿਹਾ ਹੈ।

## ਸਾਖੀ ਨੰਬਰ 361
## ਸ਼੍ਰੀ ਕਰਮ ਚੰਦ ਤੇ ਬੀਬੀ ਨਿਰਮਲ ਕੌਰ ਨੂੰ ਬੱਚਿਆਂ ਦੀ ਦਾਤ ਬਖ਼ਸ਼ਿਸ਼ ਕਰਨੀ

**ਸ਼੍ਰੀ ਕਰਮ ਚੰਦ ਬੀਬੀ ਨਿਰਮਲ ਕੌਰ ਨੂੰ ਤਿੰਨ ਲੜਕੇ ਇੱਕ ਲੜਕੀ ਦੀ ਦਾਤ ਬਖਸ਼ਿਸ਼ ਕਰਨੀ ਇਹ ਗੱਲ ਲਗਭਗ ਸੰਨ 1973 ਦੀ ਹੈ ਕਿ ਸ਼੍ਰੀ ਕਰਮ ਚੰਦ ਜੀ ਬੀਬੀ ਨਿਰਮਲ ਕੌਰ ਵਾਸੀ ਪਿੰਡ ਵਡਾਲਾ ਨੇੜੇ ਬੂਟਾਂ ਮੰਡੀ ਜਲੰਧਰ ਵਾਲਿਆਂ ਦੇ ਘਰ ਕੋਈ ਔਲਾਦ ਨਹੀਂ ਸੀ ਹੋ ਰਹੀ ਜਦਕਿ ਵਿਆਹ ਹੋਏ ਨੂੰ 4-5 ਸਾਲ ਬੀਤ ਚੁੱਕੇ ਸਨ। ਫਿਰ ਇਕ ਦਿਨ ਇਨਾਂ ਸ਼੍ਰੀ ਗੁਰਬਚਨ ਸਿੰਘ ਬੀ. ਡੀ. ਓ. ਸਾਹਿਬ ਪਾਸੋਂ ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ ਦੀ ਮਹਿਮਾ ਸਰਵਣ ਕੀਤੀ। ਇਕ ਦਿਨ ਬੀ. ਡੀ. ਓ. ਸਾਹਿਬ ਜੀ ਸ਼੍ਰੀ ਕਰਮ ਚੰਦ ਅਤੇ ਬੀਬੀ ਨਿਰਮਲ ਕੌਰ ਨੂੰ ਆਪ ਡੇਰੇ ਲੈ ਕੇ ਗਏ। ਜਿਥੇ ਇਹਨਾਂ ਪਹਿਲੀ ਵਾਰ ਸ਼੍ਰੀ 108 ਸੰਤ ਹਰੀ ਦਾਸ ਜੀ ਮਹਾਰਾਜ ਦੇ ਦਰਸ਼ਨ ਕੀਤੇ। ਇਹਨਾਂ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਔਲਾਦ ਦੀ ਫਰਿਆਦ ਕੀਤੀ। ਮਹਾਰਾਜ ਜੀ ਨੇ ਕਿਹਾ ਕਿਸੇ ਕਿਸਮ ਦਾ ਫ਼ਿਕਰ ਨਹੀਂ ਕਰਨਾ ਸਭ ਠੀਕ ਹੋ ਜਾਵੇਗਾ। ਫਿਰ ਆਏ ਕੁਝ ਵਰਿਆਂ ਵਿੱਚ ਹੀ ਸ਼੍ਰੀ ਕਰਮ ਚੰਦ ਅਤੇ ਬੀਬੀ ਨਿਰਮਲ ਕੌਰ ਦੇ ਘਰ ਤਿੰਨ ਲੜਕਿਆਂ ਨੇ ਜਨਮ ਲਿਆ। ਫਿਰ ਬੀਬੀ ਨਿਰਮਲ ਕੌਰ ਦੀ ਇੱਛਾ ਸੀ ਕਿ ਮੇਰੇ ਘਰ ਇੱਕ ਲੜਕੀ ਵੀ ਹੋਵੇ। ਮਹਾਰਾਜ ਜੀ ਦੇ ਚਰਨਾਂ ਵਿੱਚ ਬੀਬੀ ਜੀ ਨੇ ਫਿਰ ਲੜਕੀ ਦੀ ਬੇਨਤੀ ਕੀਤੀ ਤੇ ਦਇਆ ਦੇ ਸਾਗਰ ਮਹਾਰਾਜ ਜੀ ਨੇ ਬੀਬੀ ਜੀ ਦੀ ਫਰਿਆਦ ਸੁਣੀ ਇਸ ਵਾਰ ਮਹਾਰਾਜ ਜੀ ਦੀ ਕਿਰਪਾ ਨਾਲ ਬੀਬੀ ਨਿਰਮਲ ਕੌਰ ਦੇ ਘਰ ਇੱਕ ਬੱਚੀ ਨੇ ਜਨਮ ਲਿਆ। ਅੱਜ ਕੱਲ ਮਹਾਰਾਜ ਜੀ ਦੀ ਕਿਰਪਾ ਨਾਲ ਇਹ ਪਰਿਵਾਰ ਕਨੇਡਾ ਵਿਚ ਰਹਿ ਰਿਹਾ ਹੈ ਅਤੇ ਡੇਰਾ ਸੱਚਖੰਡ ਬੱਲਾਂ ਦਾ ਸ਼ਰਧਾਲੂ ਪਰਿਵਾਰ ਹੈ।**

**(ਖੁਦ ਸ਼੍ਰੀ ਕੁਲਦੀਪ ਕੈਲੇ ਸਪੁੱਤਰ ਸ਼੍ਰੀ ਕਰਮ ਚੰਦ ਬੀਬੀ ਨਿਰਮਲ ਕੌਰ, ਕਨੇਡਾ)**

## ਸਾਖੀ ਨੰਬਰ 362
## ਸੰਸਾਰ ਚੰਦ ਨੂੰ ਅਫ਼ਸਰ ਬਣਾਉਣਾ

**ਸ਼੍ਰੀ ਲਸ਼ਕਰ ਸਿੰਘ ਬੀਬੀ ਪਿਆਰੋ ਦੇਵੀ ਜੀ ਵਾਸੀ ਪਿੰਡ ਕਾਲੇ ਬਾਹੀਆ ਵਾਲੇ ਮਹਾਰਾਜ ਸਰਵਣ ਦਾਸ ਜੀ ਦੇ ਸ਼ਰਧਾਲੂ ਹਨ। ਉਹ 1967 ਵਿਚ ਮਹਾਰਾਜਜੀ ਦਾ ਸਤਿਸੰਗ ਸੁਣਨ ਲਈ ਗਏ। ਉਹਨਾਂ ਦਾ ਬੇਟਾ ਸ਼੍ਰੀ ਸੰਸਾਰ ਚੰਦ ਜੀ 6-7 ਸਾਲ ਦਾ ਸੀ। ਮਹਾਰਾਜ ਜੀ ਨੇ ਉਸ ਨੂੰ ਗੋਦ ਵਿੱਚ ਉਠਾ ਕੇ ਫ਼ਰਮਾਇਆ ਕਿ ਤੈਨੂੰ ਅਸੀਂ ਅਫ਼ਸਰ ਬਣਾਉਣਾ ਹੈ। ਮਹਾਰਾਜ ਜੀ ਦੇ ਬਚਨ ਅਟੱਲ ਹੋਏ। ਅੱਜ ਸ਼੍ਰੀ ਸੰਸਾਰ ਚੰਦ ਜੀ** Custom central Excise service Tax Commissioner **ਵਿੱਚ ਨੌਕਰੀ ਕਰ ਰਹੇ ਹਨ।**

## ਸਾਖੀ ਨੰਬਰ 363
## ਸ਼੍ਰੀ ਲਖਮੀ ਦਾਸ ਜੀ ਦੀ ਰੱਖਿਆ ਕਰਨੀ

**ਸ਼੍ਰੀ ਲਖਮੀ ਦਾਸ ਜੀ ਥਾਣੇਦਾਰ ਮੁਹੱਲਾ ਕੋਟ ਰਾਮਦਾਸ ਜਲੰਧਰ ਦੇ ਵਸਨੀਕ (ਜੱਦੀ ਪਿੰਡ ਰਾਪੁਰ) ਸਨ। ਉਹਨਾਂ ਨੂੰ ਗੀ ਦੀ ਕਸਰ ਸੀ। ਉਹਨਾਂ ਨੂੰ ਕਿਸੇ ਵੈਦ ਨੇ ਕੰਬੋਜ ਦੀ ਸਬਜੀ ਖਾਣ ਵਾਸਤੇ ਕਿਹਾ, ਜਿਸ ਭੁਲੇਖੇ ਉਹਨਾਂ ਨੇ ਧੰਤੂਰਾ ਖਾ ਲਿਆ। ਜਿਸ ਨਾਲ**

ਸਾਰਾ ਪਰਿਵਾਰ ਬੇਹੋਸ਼ ਹੋ ਗਿਆ। ਫਿਰ ਉਹਨਾਂ ਦੇ ਸਾਰੇ ਪਰਿਵਾਰ ਨੂੰ ਜਲੰਧਰ ਦੇ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ। ਉਹਨਾਂ ਦੇ ਬਚਣ ਦੀ ਕੋਈ ਆਸ ਨਹੀਂ ਸੀ ਅਤੇ ਪਾਗਲਪਨ ਦੀ ਵਿਵਸਥਾ ਵਿਚ ਸਨ। ਜਿਹਨਾਂ ਨੂੰ ਤੀਸਰੇ ਦਿਨ ਸੰਤ ਸਰਵਣ ਦਾਸ ਮਹਾਰਾਜ ਜੀ ਨੇ ਦਰਸ਼ਨ ਦਿੱਤੇ ਅਤੇ ਸ਼੍ਰੀ ਲਖਮੀ ਦਾਸ ਜੀ ਨੂੰ ਹੋਸ਼ ਆਇਆ। ਉਹਨਾਂ ਆਪਣੇ ਪਰਿਵਾਰ ਨੂੰ ਸੰਤਾਂ ਦੇ ਉਪਕਾਰ ਬਾਰੇ ਦੱਸਿਆ। ਅੱਜ ਵੀ ਸਾਰਾ ਪਰਿਵਾਰ ਡੇਰਾ ਬੱਲਾਂ ਦਾ ਸ਼ਰਧਾਲੂ ਪਰਿਵਾਰ ਹੈ। ਜਿਹਨਾਂ ਦੇ ਬੇਟੇ ਸ਼੍ਰੀ ਸਤਪਾਲ ਜੀ ਅੱਜ ਕੱਲ ਸੰਗਰੂਰ ਵਿਖੇ ਸੀਨੀਅਰ ਡਵੀਜਨਲ ਮੈਨੇਜਰ ਹਨ।

## ਸਾਖੀ ਨੰਬਰ 364

## ਬੀਬੀ ਵਿੱਦਿਆ ਜੀ ਦੀ ਮਨੋਕਾਮਨਾ ਪੂਰਨ ਕਰਨੀ

ਸ਼੍ਰੀ ਪਾਲਾ ਰਾਮ ਜੀ ਤੇ ਬੀਬੀ ਗਾਬੀ ਜੀ ਮਹਾਰਾਜ ਸਰਵਣ ਦਾਸ ਜੀ ਦੇ ਸ਼ਰਧਾਲੂ ਸਨ। ਉਹਨਾਂ ਦੇ ਲੜਕੇ ਦਾ ਨਾਂ ਅਮਰ ਨਾਥ ਸੀ ਜੋ ਕਿ 1959 ਵਿੱਚ ਇੰਗਲੈਂਡ ਚਲੇ ਗਿਆ। ਉਸ ਦਾ ਵਿਆਹ ਬੀਬੀ ਵਿੱਦਿਆ ਜੀ ਨਾਲ ਸੰਨ 1966 ਵਿਚ ਹੋਇਆ। ਬੀਬੀ ਵਿੱਦਿਆ ਜੀ ਜਾਣਦੇ ਸਨ ਕਿ ਸ਼੍ਰੀ ਅਮਰ ਨਾਥ ਜੀ ਦਾ ਸਾਰਾ ਪਰਿਵਾਰ ਮਹਾਰਾਜ ਸਰਵਣ ਦਾਸ ਜੀ ਦਾ ਸ਼ਰਧਾਲੂ ਹੈ। ਉਹਨਾਂ ਦੇ ਮਨ ਦੀ ਸ਼ਰਧਾ ਸੀ ਕਿ ਮਹਾਰਾਜ ਸਰਵਣ ਦਾਸ ਜੀ ਉਹਨਾਂ ਨੂੰ ਦਰਸ਼ਣ ਦੇਣ। ਸੰਤ ਸਰਵਣ ਦਾਸ ਮਹਾਰਾਜ ਜੀ ਤਾਂ ਆਪ ਜਾਣੀ ਜਾਣ ਸਨ ਇਸ ਲਈ ਮਹਾਰਾਜ ਜੀ ਨੇ ਉਹਨਾਂ ਨੂੰ ਵਿਆਹ ਤੋਂ ਇਕ ਦਿਨ ਪਹਿਲਾ ਇੰਗਲੈਂਡ ਵਿਚ ਪ੍ਰਤੱਖ ਦਰਸ਼ਨ ਦਿੱਤੇ।

## ਸਾਖੀ ਨੰਬਰ 365

## ਸੰਤ ਹਰੀ ਦਾਸ ਜੀ ਵੱਲੋਂ ਖੂੰਡਾ ਖੜਕਾਉਂਣਾ

ਸ਼੍ਰੀ ਅਮਰ ਨਾਥ ਜੀ ਤੇ ਬੀਬੀ ਵਿੱਦਿਆ ਜੀ ਦਾ ਮਹਾਰਾਜ ਸਰਵਣ ਦਾਸ ਜੀ ਦੇ ਨਾਲ ਬਹੁਤ ਪਿਆਰ ਸੀ। 1975 ਦੀ ਗੱਲ ਹੈ ਕਿ ਸ਼੍ਰੀ ਅਮਰ ਨਾਥ ਜੀ ਤੇ ਬੀਬੀ ਵਿੱਦਿਆ ਜੀ ਆਪਸ ਵਿਚ ਗੱਲਾਂ ਕਰ ਰਹੇ ਸਨ ਕਿ ਸੰਤ ਸਰਵਣ ਦਾਸ ਜੀ ਮਹਾਰਾਜ ਤਾਂ ਤੜਕੇ 4 ਵਜੇ ਹੀ ਖੂੰਡਾ ਮਾਰ ਕੇ ਕੁੰਡਾ ਖੜਕਾਉਂਦੇ ਸਨ ਅਤੇ ਆਪਣੇ ਸ਼ਰਧਾਲੂਆਂ ਨੂੰ ਜਗਾ ਦਿੰਦੇ ਸਨ ਤੇ ਭਜਨ ਕਰਨ ਲਈ ਪ੍ਰੇਰਦੇ ਸਨ। ਪਰ ਸੰਤ ਹਰੀ ਦਾਸ ਜੀ ਮਹਾਰਾਜ ਤਾਂ ਉਠਦੇ ਹੀ ਨਹੀਂ ਅਤੇ ਨਾ ਹੀ ਕਿਸੇ ਦਾ ਕੁੰਡਾ ਖੜਕਾਓਦੇ ਹਨ। ਦੂਸਰੇ ਦਿਨ ਤੜਕੇ 4 ਵਜੇ ਸੰਤ ਹਰੀ ਦਾਸ ਜੀ ਨੇ ਸ਼੍ਰੀ ਅਮਰ ਨਾਥ ਜੀ ਦਾ ਕੁੰਡਾ ਉਸੇ ਤਰ੍ਹਾਂ ਖੜਕਾਇਆ ਜਿਸ ਤਰ੍ਹਾਂ ਸੰਤ ਸਰਵਣ ਦਾਸ ਜੀ ਖੜਕਾਉਂਦੇ ਹੁੰਦੇ ਸਨ। ਸੰਤ ਹਰੀ ਦਾਸ ਮਹਾਰਾਜ ਜੀ ਨੇ ਸ਼੍ਰੀ ਅਮਰ ਨਾਥ ਜੀ ਨੂੰ ਕਿਹਾ ਕਿ ਤੁਸੀਂ ਤਾਂ ਕਹਿੰਦੇ ਸਨ ਕਿ ਸੰਤ ਹਰੀ ਦਾਸ ਜੀ ਮਹਾਰਾਜ ਤਾਂ ਕਿਸੇ ਦਾ ਕੁੰਡਾ ਖੜਕਾਉਦੇ ਹੀ ਨਹੀਂ। ਸ਼੍ਰੀ ਅਮਰ ਨਾਥ ਜੀ ਤੇ ਬੀਬੀ ਵਿੱਦਿਆ ਜੀ ਇਹ ਗੱਲ ਸੁਣ ਕੇ ਹੈਰਾਨ ਹੋ ਗਏ ਅਤੇ ਉਹਨਾਂ ਨੇ ਸੰਤ ਹਰੀ ਦਾਸ ਜੀ ਮਹਾਰਾਜ ਤੋਂ ਮੁਆਫੀ ਮੰਗੀ। ਇਸ ਪ੍ਰਕਾਰ ਜਾਣੀ-ਜਾਣ ਮਹਾਰਾਜ ਜੀ ਆਪਣੇ ਪਿਆਰਿਆਂ ਦੀਆਂ ਗੱਲਾਂ ਬੁਝ

ਲੈਂਦੇ ਹਨ।

## ਸਾਖੀ ਨੰਬਰ 366

## ਵਰਤ ਨਹੀਂ ਰੱਖਣੇ

ਸ਼੍ਰੀ ਅਮਰ ਨਾਥ ਜੀ ਬੀਬੀ ਵਿੱਦਿਆ ਜੀ ਬਰਮਿੰਘਮ ਵਾਲਿਆਂ ਦਾ ਮਹਾਰਾਜ ਗਰੀਬ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਇੱਕ ਵਾਰ ਦੀ ਗੱਲ ਹੈ ਕਿ ਬੀਬੀ ਵਿੱਦਿਆ ਜੀ ਨੇ ਵਰਤ ਰੱਖਣੇ ਸ਼ੁਰੂ ਕਰ ਦਿੱਤੇ। ਉਹਨਾਂ ਨੇ 12 ਵਰਤ ਰੱਖੇ ਅਤੇ ਇਹ ਪ੍ਰਣ ਲਿਆ ਕਿ 12ਵੇਂ ਵਰਤ ਤੇ ਮਹਾਰਾਜ ਜੀ ਮੈਨੂੰ ਦਰਸ਼ਨ ਦੇਣਗੇ। ਜਦ ਉਹਨਾਂ ਦਾ 12 ਵਾਂ ਵਰਤ ਸੀ ਤਾਂ ਮਹਾਰਾਜ ਜੀ ਬਰਮਿੰਘਮ ਯੂ. ਕੇ. ਚਲੇ ਗਏ ਅਤੇ ਬੀਬੀ ਵਿੱਦਿਆ ਜੀ ਨੂੰ ਦਰਸ਼ਨ ਦਿੱਤੇ। ਮਹਾਰਾਜ ਜੀ ਨੇ ਕਿਹਾ ਕਿ ਦਰਸ਼ਨ ਤਾਂ ਅਸੀਂ ਤੁਹਾਨੂੰ ਦੇ ਹੀ ਦੇਣੇ ਸੀ ਤੁਸੀਂ ਵਰਤ ਕਿਉਂ ਰੱਖੇ। ਸੰਤ ਗਰੀਬ ਦਾਸ ਮਹਾਰਾਜ ਜੀ ਨੇ ਕਿਹਾ ਅੱਗੇ ਤੋਂ ਵਰਤ ਨਹੀਂ ਰੱਖਣੇ।

## ਸਾਖੀ ਨੰਬਰ 367

## ਬਾਹਰ ਜਾ ਕਰ ਸਾਨੂੰ ਚਿੱਠੀ ਪਾਈ

ਸ਼੍ਰੀ ਸੋਹਣ ਲਾਲ ਬਿਰਦੀ ਅਤੇ ਬੀਬੀ ਲਛਮੀ ਜੀ ਉਹਨਾਂ ਦੇ ਸਪੁੱਤਰ ਸ਼੍ਰੀ ਸਤਪਾਲ ਬਿਰਦੀ ਵਕੀਲ ਸਾਹਿਬ ਮਹਾਰਾਜ ਜੀ ਪਾਸ ਆਏ ਉਨ੍ਹਾਂ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਮਹਾਰਾਜ ਜੀ ਸਾਡੇ ਘਰ ਗਰੀਬੀਂ ਬਹੁਤ ਹੈ ਅਤੇ ਮੇਰੀਆਂ ਸੱਤ ਭੈਣਾਂ ਹਨ, ਮਹਾਰਾਜ ਜੀ ਨੇ ਕਿਹਾ ਕਿ ਤੂੰ ਬਾਹਰ ਜਾ ਕੇ ਸਾਨੂੰ ਚਿੱਠੀ ਪਾਈਂ। ਮਹਾਰਾਜ ਜੀ ਦੇ ਵਚਨ ਅਟੱਲ ਹੋਏ, ਕੁਝ ਕੁ ਦਿਨਾਂ ਬਾਅਦ ਸ਼੍ਰੀ ਸਤਪਾਲ ਬਿਰਦੀ ਜੀ ਈਰਾਨ ਨੂੰ ਚਲੇ ਗਏ।

## ਸਾਖੀ ਨੰਬਰ 368

## ਸ਼੍ਰੀ ਸਤਪਾਲ ਜੀ ਦੀ ਰੱਖਿਆ ਕਰਨੀ

ਸ਼੍ਰੀ ਸਤਪਾਲ ਜੀ ਈਰਾਨ ਚਲੇ ਗਏ। 1980 ਦੀ ਗੱਲ ਹੈ ਕਿ ਈਰਾਨ ਵਿਚ ਬਹੁਤ ਭਿਆਨਕ ਭੂਚਾਲ ਆਇਆ। ਸ਼੍ਰੀ ਸਤਪਾਲ ਜੀ ਆਪਣੀ ਬੇਸਮੈਂਟ ਵਿਚ ਸੁੱਤੇ ਪਏ ਸੀ। ਮਹਾਰਾਜ ਹਰੀ ਦਾਸ ਜੀ ਨੇ ਉਹਨਾਂ ਨੂੰ ਉਠਾਇਆ ਅਤੇ ਉਹਨਾਂ ਨੂੰ ਬੇਸਮੈਂਟ ਵਿਚੋਂ ਬਾਹਰ ਲੈ ਆਏ। ਕੁਝ ਕੁ ਦੇਰ ਬਾਅਦ ਬੇਸਮੈਂਟ ਤਬਾਹ ਹੋ ਗਈ। ਇਸ ਪ੍ਰਕਾਰ ਸੰਤ ਹਰੀ ਦਾਸ ਮਹਾਰਾਜ ਜੀ ਨੇ ਆਪਣੇ ਸੇਵਕ ਦੀ ਰੱਖਿਆ ਕੀਤੀ

## ਸਾਖੀ ਨੰਬਰ 369

## ਇਥੋਂ ਹੀ ਸੜਕਾਂ ਬਣਾਉਦਾ ਜਾਹ

ਧਾਰੀਵਾਲ ਕਾਦੀਆਂ ਨਿਵਾਸੀ ਸ਼੍ਰੀ ਦਾਨਾ ਰਾਮ ਜੀ ਸੰਤਾਂ ਦੇ ਸੇਵਕ ਸਨ। ਇਕ ਵਾਰੀ ਉਹ ਸੰਤ ਹਰੀ ਦਾਸ ਜੀ ਪਾਸ ਆਏ ਤੇ ਕਹਿੰਦੇ ਕਿ ਸੜਕਾਂ ਦੇ ਟੈਂਡਰ ਹੋਣੇ ਹਨ ਪਰ ਸੰਤਾਂ ਨੇ ਚਾਹ ਪਾਣੀ ਪੀਣ ਪੀ ਕੇ ਆਉਣ ਨੂੰ ਕਿਹਾ ਜਦੋਂ ਦਾਨਾ ਰਾਮ ਜੀ

ਚਾਹ ਪਾਣੀ ਪੀ ਕੇ ਆਏ ਤਾਂ ਸੰਤਾਂ ਨੇ ਟੈਂਡਰ ਸੰਬੰਧੀ ਕੋਈ ਗੱਲ ਨਹੀਂ ਕੀਤੀ। ਦਾਨਾ ਰਾਮ ਜੀ ਦੇ ਨਾਲ ਆਇਆ ਬੰਦਾ ਉਨ੍ਹਾਂ ਨਾਲ ਮਜਾਕ ਕਰਨ ਲੱਗਾ ਕਿ ਤੁਹਾਡਾ ਤਾਂ ਸੰਤਾਂ ਤੇ ਬਹੁਤ ਵਿਸ਼ਵਾਸ ਹੈ ਪਰ ਸੰਤਾਂ ਨੇ ਤਾਂ ਤੁਹਾਡੇ ਨਾਲ ਟੈਂਡਰ ਸੰਬੰਧੀ ਕੋਈ ਗੱਲ ਨਹੀਂ ਕੀਤੀ। ਸ਼੍ਰੀ ਦਾਨਾ ਰਾਮ ਜੀ ਦੂਸਰੀ ਵਾਰ ਫਿਰ ਸੰਤਾਂ ਪਾਸ ਆਏ, ਦੂਸਰੀ ਵਾਰ ਫਿਰ ਇਸ ਤਰ੍ਹਾਂ ਹੀ ਹੋਇਆ, ਸ਼੍ਰੀ ਦਾਨਾ ਰਾਮ ਜੀ ਨਾਲ ਆਇਆ ਬੰਦਾ ਫਿਰ ਉਹਨਾਂ ਨਾਲ ਮਜਾਕ ਕਰਨ ਲੱਗਾ ਪਰ ਦਾਨਾ ਰਾਮ ਜੀ ਦਾ ਸੰਤਾਂ ਉਪਰ ਅਤੁੱਟ ਵਿਸ਼ਵਾਸ ਸੀ। ਦਾਨਾ ਰਾਮ ਜੀ ਫਿਰ ਤੀਜੀ ਵਾਰ ਸੜਕਾਂ ਦੇ ਟੈਂਡਰ ਸੰਬੰਧੀ ਮੰਗ ਲੈ ਕੇ ਗਏ ਤਾਂ ਸੰਤਾਂ ਨੇ ਵਚਨ ਕੀਤੇ ਇਥੋਂ ਹੀ ਸੜਕਾਂ ਬਣਾਉਂਦਾ ਜਾਹ। ਇਸ ਪ੍ਰਕਾਰ ਸੰਤ ਹਰੀ ਦਾਸ ਜੀ ਨੇ ਦਾਨਾ ਰਾਮ ਜੀ ਤੇ ਕ੍ਰਿਪਾ ਕੀਤੀ।

## ਸਾਖੀ ਨੰਬਰ 370

## ਸੌਖਾ ਕੰਮ ਮਿਲੂਗਾ

ਸ਼੍ਰੀਮਾਨ ਦੇਵੀ ਦੱਤਾ ਬੀਬੀ ਸਵਰਨ ਕੌਰ ਜੀ ਦਾ ਸੰਤ ਸਵਾਮੀ ਸਰਵਣ ਦਾਸ ਜੀ ਮਹਾਰਾਜ ਜੀ ਨਾਲ ਬਹੁਤ ਪਿਆਰ ਸੀ। ਉਹਨਾਂ ਦੇ ਸਪੁੱਤਰ ਸ਼੍ਰੀ ਸਵਰਨ ਦਾਸ ਬੰਗੜ ਜੀ ਵੀ ਡੇਰੇ ਆਇਆ ਕਰਦੇ ਸਨ। ਉਹਨਾਂ ਨੇ ਸੰਤ ਸਵਾਮੀ ਸਰਵਣ ਦਾਸ ਜੀ ਪਾਸ ਰਹਿ ਕੇ ਵਿੱਦਿਆ ਪ੍ਰਾਪਤ ਕੀਤੀ। 1954 ਸ਼੍ਰੀ ਸਵਰਨ ਦਾਸ ਬੰਗੜ ਜੀ ਨੇ ਦਸਵੀਂ ਪਾਸ ਕੀਤੀ। ਇਸ ਤੋਂ ਪਹਿਲਾ ਸ਼੍ਰੀ ਫਕੀਰ ਸਿੰਘ, ਸ਼੍ਰੀ ਸਵਰਨ ਸਿੰਘ ਅਤੇ ਗਿਆਨੀ ਬਿਸ਼ਨਾ ਰਾਮ ਨੇ ਵੀ ਮਹਾਰਾਜ ਜੀ ਤੋਂ ਵਿੱਦਿਆ ਪ੍ਰਾਪਤ ਕਰਕੇ ਦਸਵੀਂ ਪਾਸ ਕੀਤੀ। 1956 ਵਿੱਚ ਸ਼੍ਰੀ ਸਵਰਨ ਦਾਸ ਬੰਗੜ ਦਾ ਵਿਆਹ ਬੀਬੀ ਰੇਸ਼ਮ ਕੌਰ ਜੀ ਨਾਲ ਹੋਇਆ। ਬੀਬੀ ਰੇਸ਼ਮ ਕੌਰ ਜੀ ਵੀ ਡੇਰੇ ਆਇਆ ਕਰਦੇ ਸਨ। 1962 ਵਿੱਚ ਮਹਾਰਾਜ ਸਵਾਮੀ ਸਰਵਣ ਦਾਸ ਜੀ ਦੇ ਸ਼੍ਰੀ ਸਵਰਨ ਦਾਸ ਬੰਗੜ ਨੂੰ ਕਿਹਾ ਕਿ ਤੈਨੂੰ ਇੰਗਲੈਂਡ ਭੇਜਣਾ ਹੈ ਪਰ ਤੇਰੇ ਕੋਲੋਂ ਭਾਰਾ ਕੰਮ ਨਹੀਂ ਹੋਣਾ ਉਥੇ ਤਾਂ ਕੰਮ ਕਰਦਿਆਂ ਦੇ ਰੱਟਣ ਪੈ ਜਾਂਦੇ ਹਨ ਫਿਰ ਕਿਹਾ ਕਿ ਤੈਨੂੰ ਉਥੇ ਸੌਖਾ ਕੰਮ ਹੀ ਮਿਲੇਗਾ। ਸ਼੍ਰੀ ਸਵਰਨ ਦਾਸ ਬੰਗੜ ਦੀ ਰਾਹਦਾਰੀ ਸ਼੍ਰੀ ਬੂਟਾ ਰਾਮ ਜੀ ਨੇ ਭੇਜੀ। ਮਹਾਰਾਜ ਜੀ ਦੇ ਬਚਨ ਅਟੱਲ ਹੋਏ ਉਥੇ ਜਾ ਕੇ ਉਹਨਾਂ ਨੂੰ ਕਾਰਾਂ ਦੀ ਫੈਕਟਰੀ ਵਿੱਚ ਆਪਰੇਟਰ ਦਾ ਕੰਮ ਮਿਲਿਆ।

## ਸਾਖੀ ਨੰਬਰ 371

## ਅਧਿਆਤਮਕ ਮਾਰਗ

ਬੀਬੀ ਰੇਸ਼ਮ ਕੌਰ ਜੀ ਹਰ ਰੋਜ਼ ਸੰਤ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਡੇਰੇ ਆਇਆ ਕਰਦੇ ਸਨ। ਬਾਢੀਆਂ ਦੇ ਦਿਨ ਸਨ ਇੱਕ ਦਿਨ ਬੀਬੀ ਰੇਸ਼ਮ ਕੌਰ ਜੀ ਬੱਲਾਂ ਤੋਂ ਡੇਰੇ ਨੂੰ ਦੁੱਧ ਲੈ ਕੇ ਆ ਰਹੀ ਸੀ। ਇੱਧਰ ਮਹਾਰਾਜ ਜੀ ਨੇ ਹਵਾਈਗਰ ਨੂੰ ਕਿਹਾ ਕਿ ਬੀਬੀ ਰੇਸ਼ਮ ਕੌਰ ਇਕੱਲੀ ਡੇਰੇ ਨੂੰ ਆ ਰਹੀ ਹੈ ਤੂੰ ਉਸ ਨੂੰ ਲੈ ਕੇ

ਆ। ਹਵਾਈਗਰ ਜੀ ਬੀਬੀ ਰੇਸ਼ਮ ਕੌਰ ਨੂੰ ਡੇਰੇ ਲੈ ਆਏ। ਸਵਾਮੀ ਸਰਵਣ ਦਾਸ ਮਹਾਰਾਜ ਜੀ ਨੇ ਉਹਨਾਂ ਨੂੰ ਆਪਣੇ ਕੋਲ ਬਿਠਾ ਕੇ ਭਜਨ ਸਿਮਰਨ ਕਰਨ ਦਾ ਤਰੀਕਾ ਦੱਸਿਆ ਅਤੇ ਭਜਨ ਦੀਆਂ ਪੰਜ ਅਵਸਥਾਵਾਂ - ਪੰਜ ਸ਼ਬਦ, ਅਰਥ, ਮਕਾਮ, ਸਥਿਤੀਆਂ ਅਤੇ ਆਵਾਜਾਂ ਦੱਸੀਆਂ।

## ਸਾਖੀ ਨੰਬਰ 372

## ਪ੍ਰਤੱਖ ਦਰਸ਼ਨ

ਬੀਬੀ ਰੇਸ਼ਮ ਕੌਰ ਜੀ ਇੰਗਲੈਂਡ ਚਲੀ ਗਈ। ਉਥੇ ਜਾ ਕੇ ਉਹਨਾਂ ਨੇ ਮਹਾਰਾਜ ਜੀ ਵਾਸਤੇ ਸੇਵਾ ਰੱਖੀ ਪਰ ਉਹ ਭੇਜ ਨਾ ਸਕੀ। 11 ਜੂਨ 1972 ਨੂੰ ਸਵਾਮੀ ਸਰਵਣ ਦਾਸ ਮਹਾਰਾਜ ਜੀ ਚੜ੍ਹਾਈ ਕਰ ਗਏ। ਫਿਰ ਮਹਾਰਾਜ ਜੀ ਪ੍ਰਗਟ ਹੋਏ ਅਤੇ ਉਹਨਾਂ ਨੂੰ ਯਾਦ ਕਰਾਇਆ ਕਿ ਉਹਨਾਂ ਨੇ ਸੇਵਾ ਨਹੀਂ ਚੜ੍ਹਾਈ। ਫਿਰ ਉਹਨਾਂ ਨੇ ਉਹ ਸੇਵਾ ਚੜ੍ਹਾਈ। ਇਹ ਪਰਿਵਾਰ ਹਰ ਸਾਲ ਅੱਖਾਂ ਦਾ ਮੁਫ਼ਤ ਕੈਂਪ ਡੇਰੇ ਵਿਖੇ ਲਗਾਉਂਦੇ ਹਨ ਅਤੇ ਹੋਰ ਵੀ ਬਹੁਤ ਸਾਰੀਆਂ ਸੇਵਾਵਾਂ ਡੇਰੇ ਵਾਸਤੇ ਕਰਦੇ ਹਨ। ਇਹ ਪਰਿਵਾਰ ਦਾਨੀ ਪਰਿਵਾਰ ਹੈ।

## ਸਾਖੀ ਨੰਬਰ 373

## ਦੋ ਹਫ਼ਤੇ ਰੁਕ ਜਾਓ

ਸੰਤ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੀ ਕਿਰਪਾ ਨਾਲ ਸ਼੍ਰੀ ਸਵਰਣ ਦਾਸ ਬੰਗੜ ਬੀਬੀ ਰੇਸ਼ਮ ਕੌਰ ਇੰਗਲੈਂਡ ਚਲੇ ਗਏ। ਉਹ ਹਰ ਸਾਲ ਡੇਰੇ ਆਉਂਦੇ। ਸੰਨ 1994ਈ: ਜਦੋਂ ਬੀਬੀ ਰੇਸ਼ਮ ਕੌਰ ਡੇਰੇ ਆਈ ਅਤੇ ਜਦੋਂ ਵਾਪਿਸ ਜਾਣ ਲੱਗੀ ਤਾਂ ਸੰਤ ਗਰੀਬ ਦਾਸ ਮਹਾਰਾਜ ਜੀ ਕਹਿਣ ਲੱਗੇ ਕਿ ਦੋ ਕੁ ਹਫ਼ਤੇ ਰੁਕ ਜਾਉ। ਪਰ ਬੀਬੀ ਰੇਸ਼ਮ ਕੌਰ ਚਲੀ ਗਈ। ਦੂਸਰੇ ਹਫ਼ਤੇ ਦੇ ਅਖੀਰਲੇ ਦਿਨ ਸੰਤ ਗਰੀਬ ਦਾਸ ਜੀ 23 ਜੁਲਾਈ 1994 ਨੂੰ ਚੜ੍ਹਾਈ ਕਰ ਗਏ।

## ਸਾਖੀ ਨੰਬਰ 374

## ਮਹਾਰਾਜ ਜੀ ਦਾ ਅਲੋਪ ਹੋਣਾ

ਸ਼੍ਰੀ ਮੋਹਣ ਸਿੰਘ ਬੀਬੀ ਗੁਰਮੀਤ ਕੌਰ ਜੀ ਸਰਦਾਰ ਬੰਤਾ ਸਿੰਘ ਦੇ ਭੈਣ ਜੀ ਸਨ। ਇੱਕ ਵਾਰੀ ਸ਼੍ਰੀ ਮੋਹਣ ਸਿੰਘ ਜੀ ਬਹੁਤ ਬੀਮਾਰ ਹੋ ਗਏ ਉਹਨਾਂ ਨੂੰ ਬੁਖਾਰ ਉਤਰਦਾ ਨਹੀਂ ਸੀ। ਸ਼੍ਰੀ ਬੰਤਾ ਸਿੰਘ ਨੇ ਸਵਾਮੀ ਸਰਵਣ ਦਾਸ ਜੀ ਮਹਾਰਾਜ ਨੂੰ ਦੱਸਿਆ ਕਿ ਮੋਹਣ ਸਿੰਘ ਨੂੰ ਬੁਖਾਰ ਨਹੀਂ ਉਤਰ ਰਿਹਾ ਤਾਂ ਮਹਾਰਾਜ ਜੀ ਕਹਿਣ ਲੱਗੇ ਕਿ ਉਹਨਾਂ ਨੂੰ ਸਾਡੇ ਕੋਲ ਲੈ ਕੇ ਆਵੋ। ਜਦੋਂ ਉਹ ਮਹਾਰਾਜ ਜੀ ਕੋਲ ਆਏ ਤਾਂ ਮਹਾਰਾਜ ਜੀ ਨੇ ਉਹਨਾਂ ਨੂੰ ਆਪਣੇ ਕੋਲ ਬਿਠਾਇਆ ਤੇ ਉਹਨਾਂ ਨੂੰ ਅਸ਼ੀਰਵਾਦ ਦਿੱਤਾ ਤਾਂ ਉਹਨਾਂ ਦਾ ਬੁਖਾਰ ਉਤਰ ਗਿਆ। ਫਿਰ ਇੱਕ ਦਿਨ ਸ਼੍ਰੀ ਮੋਹਨ ਸਿੰਘ ਦਾ ਜੀ ਜੋ ਕਿ ਕੈਪਟਨ ਸੀ ਉਹਨਾਂ ਨੂੰ ਮਿਲਣ

ਆਇਆ ਪਰ ਉਹ ਮਹਾਰਾਜ ਜੀ ਨੂੰ ਮੰਨਦਾ ਨਹੀਂ ਸੀ। ਫਿਰ ਸ਼੍ਰੀ ਮੋਹਣ ਸਿੰਘ ਜੀ ਕੈਪਟਨ ਨੂੰ ਨਾਲ ਲੈ ਕੇ ਮਹਾਰਾਜ ਜੀ ਪਾਸ ਆਏ। ਮਹਾਰਾਜ ਜੀ ਨੇ ਉਹਨਾਂ ਨੂੰ ਕਿਹਾ ਕਿ ਤੁਸੀਂ ਅੱਜ ਸਾਡੇ ਕੋਲ ਰਾਤ ਰਹੋ। ਜਦੋਂ ਉਹ ਮਹਾਰਾਜ ਜੀ ਕੋਲ ਰਾਤ ਨੂੰ ਰਹੇ ਤਾਂ ਤੜਕੇ ਉੱਠ ਕੇ ਉਹਨਾਂ ਨੇ ਦੇਖਿਆ ਕਿ ਮਹਾਰਾਜ ਜੀ ਅਲੋਪ ਸਨ ਅਤੇ 4 ਘੰਟੇ ਅਲੋਪ ਹੀ ਰਹੇ। ਇਹ ਕੌਤਕ ਦੇਖ ਕੇ ਉਹ ਮਹਾਰਾਜ ਜੀ ਦੇ ਚਰਨੀਂ ਲੱਗ ਗਏ।

ਸਾਖੀ ਨੰਬਰ 375

## ਕਾਕਿਆਂ ਨੂੰ ਪਿਆਰ

ਸ਼੍ਰੀ ਮੋਹਨ ਸਿੰਘ ਬੀਬੀ ਗੁਰਮੀਤ ਕੌਰ ਜੀ ਦਾ ਸਵਾਮੀ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਮਹਾਰਾਜ ਜੀ ਦੀ ਕਿਰਪਾ ਨਾਲ ਉਹ ਇੰਗਲੈਂਡ ਚਲੇ ਗਏ। ਸਵਾਮੀ ਸਰਵਣ ਦਾਸ ਮਹਾਰਾਜ ਜੀ ਨੇ ਉਹਨਾਂ ਨੂੰ ਚਿੱਠੀ ਲਿਖੀ ਅਤੇ ਅਖੀਰ ਵਿੱਚ ਲਿਖਵਾਇਆ 'ਕਾਕੇ ਕਾਕੀਆਂ ਨੂੰ ਪਿਆਰ'। ਚਿੱਠੀ ਲਿਖਣ ਵਾਲੇ ਨੇ ਕਿਹਾ ਕਿ ਮਹਾਰਾਜ ਜੀ ਉਹਨਾਂ ਦੇ ਤਾਂ ਸਿਰਫ ਲੜਕੀਆਂ ਹੀ ਹਨ ਤਾਂ ਮਹਾਰਾਜ ਜੀ ਨੇ ਕਿਹਾ ਹੁਣ ਇਹ ਲਿਖਿਆ ਕੱਟਣਾ ਨਹੀਂ ਹੈ। ਬਾਅਦ ਵਿਚ ਮਹਾਰਾਜ ਜੀ ਦੀ ਕਿਰਪਾ ਨਾਲ ਉਹਨਾਂ ਦੇ ਦੋ ਲੜਕੇ ਹੋਏ।

ਸਾਖੀ ਨੰਬਰ 376

## ਛੇਕੜਲੇ ਮੇਲੇ

ਸ਼੍ਰੀ ਮੋਹਣ ਸਿੰਘ ਤੇ ਬੀਬੀ ਗੁਰਮੀਤ ਕੌਰ ਜੀ ਦਾ ਸਵਾਮੀ ਸਰਵਣ ਦਾਸ ਮਹਾਰਾਜ ਜੀ ਨਾਲ ਬਹੁਤ ਪਿਆਰ ਸੀ। ਉਹ ਅਕਸਰ ਡੇਰੇ ਆਉਦੇਂ ਸਨ। ਇਕ ਵਾਰ ਬੀਬੀ ਗੁਰਮੀਤ ਕੌਰ ਜੀ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਡੇਰੇ ਵਿਖੇ ਆਈ ਤਾਂ ਮਹਾਰਾਜ ਜੀ ਨੇ ਉਹਨਾਂ ਨੂੰ ਕਿਹਾ ਕਿ ਹੁਣ ਇਹ ਆਪਣੇ ਛੇਕੜਲੇ (ਅਖੀਂਰੀ) ਮੇਲੇ ਹਨ। ਬੀਬੀ ਗੁਰਮੀਤ ਕੌਰ ਜੀ ਇਹ ਗੱਲ ਸਮਝ ਨਾ ਸਕੇ। ਫਿਰ ਮਹਾਰਾਜ ਜੀ 11 ਜੂਨ ਨੂੰ ਆਪਣਾ ਪੰਜ ਭੂਤਕ ਸਰੀਰ ਤਿਆਗ ਕੇ ਬ੍ਰਹਮਲੀਨ ਹੋ ਗਏ ਤਾਂ ਬੀਬੀ ਗੁਰਮੀਤ ਕੌਰ ਨੂੰ ਅਹਿਸਾਸ ਹੋਇਆ ਕਿ ਮਹਾਰਾਜ ਜੀ ਨੇ ਮੈਨੂੰ ਤਾਂ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਹੁਣ ਆਪਣੇ ਆਖ਼ਰੀ ਮੇਲੇ ਹਨ ਪਰ ਮੈਂ ਹੀ ਸਮਝ ਨਹੀਂ ਸਕੀ।

ਸਾਖੀ ਨੰਬਰ 377

## ਪੈਸੇ ਨਹੀਂ ਮੁੱਕਣਗੇ

ਸ਼੍ਰੀ ਅਮਰ ਸਿੰਘ ਬੀਬੀ ਛਿੰਨੋ ਜੀ ਰਾਏਪੁਰ ਰਸੂਲਪੁਰ ਦੇ ਰਹਿਣ ਵਾਲੇ ਸਨ। ਉਹਨਾਂ ਦਾ ਸਵਾਮੀ ਸਰਵਣ ਦਾਸ ਮਹਾਰਾਜ ਜੀ ਨਾਲ ਬਹੁਤ ਪ੍ਰੇਮ ਸੀ। ਮਹਾਰਾਜ ਜੀ ਦੀ ਕਿਰਪਾ ਦੇ ਨਾਲ ਅਮਰ ਸਿੰਘ ਜੀ ਇੰਗਲੈਂਡ ਚਲੇ ਗਏ। ਪਰ ਬੀਬੀ ਛਿੰਨੋ ਜੀ ਦਾ ਕੰਮ ਨਹੀਂ ਬਣ ਰਿਹਾ ਸੀ। ਬੀਬੀ ਛਿੰਨੋ ਜੀ ਡੇਰੇ ਮਹਾਰਾਜ ਜੀ ਪਾਸ ਆਏ ਤੇ ਮਹਾਰਾਜ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਮੇਰਾ ਕੰਮ ਨਹੀਂ ਬਣ ਰਿਹਾ, ਮਹਾਰਾਜ ਜੀ ਨੇ ਬਚਨ

ਕੀਤੇ ਕਿ ਤੂੰ ਛੇਤੀ ਹੀ ਇੰਗਲੈਂਡ ਚਲੀ ਜਾਵੇਗੀ ਅਤੇ ਤੇਰੇ ਕੋਲ ਪੈਸਿਆਂ ਦੀ ਕਦੀ ਕੋਈ ਕਮੀ ਨਹੀਂ ਹੋਵੇਗੀ। ਮਹਾਰਾਜ ਜੀ ਦੀ ਕਿਰਪਾ ਨਾਲ ਉਹ ਇੰਗਲੈਂਡ ਚਲੀ ਗਈ ਅਤੇ ਅੱਜ ਉਹ ਦੱਸਦੇ ਹਨ ਕਿ ਮਹਾਰਾਜ ਜੀ ਦੀ ਕਿਰਪਾ ਨਾਲ ਸਾਡੇ ਕੋਲ ਕਦੀ ਪੈਸੇ ਦੀ ਕਮੀ ਨਹੀਂ ਹੋਈ। ਇਹ ਸਭ ਸੰਤ ਸਰਵਣ ਦਾਸ ਜੀ ਮਹਾਰਾਜ ਜੀ ਦਾ ਅਸ਼ੀਰਵਾਦ ਹੈ।

### ਸਾਖੀ ਨੰਬਰ 378

## ਸ਼੍ਰੀ ਧਰਮ ਪਾਲ ਜੀ ਤੇ ਕਿਰਪਾ ਕਰਨੀਂ

ਸ਼੍ਰੀ ਧਰਮ ਪਾਲ ਜੀ ਰਾਮ ਨਗਰ ਵਾਲਿਆਂ ਦਾ ਸਵਾਮੀ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪ੍ਰੇਮ ਸੀ। ਉਹ ਰੇਲਵੇ ਸ਼ਟੇਸ਼ਨ ਤੇ ਸਟੇਸ਼ਨ ਮਾਸਟਰ ਦੀ ਨੌਕਰੀ ਕਰਦੇ ਸਨ। 1962 ਵਿੱਚ ਮਹਾਰਾਜ ਜੀ ਦੀ ਕਿਰਪਾ ਨਾਲ ਉਹ ਇੰਗਲੈਂਡ ਚਲੇ ਗਏ। ਮਹਾਰਾਜ ਜੀ ਨੇ ਉਹਨਾਂ ਨੂੰ ਬਚਨ ਕੀਤੇ ਸਨ ਕਿ ਤੈਨੂੰ ਇਗਲੈਂਡ ਵਿਚ ਵੀ ਇਸ ਤਰ੍ਹਾਂ ਦਾ ਹੀ ਕੰਮ ਮਿਲੇਗਾ। ਮਹਾਰਾਜ ਜੀ ਦੇ ਬਚਨ ਅਟੱਲ ਹੋਏ ਉਥੇ ਉਹਨਾਂ ਨੂੰ ਰੇਲਵੇ ਵਿੱਚ ਹੀ ਨੌਕਰੀ ਮਿਲ ਗਈ ਅਤੇ ਉਹ ਰੇਲਵੇ ਵਿੱਚ 34 ਸਾਲ ਨੌਕਰ ਿਕਰਨ ਤੋਂ ਬਾਅਦ ਸੁਪਰਵਾਈਜਰ ਰਿਟਾਇਰ ਹੋਏ।

### ਸਾਖੀ ਨੰਬਰ 379

## ਸ਼੍ਰੀ ਧਰਮ ਪਾਲ ਦੀ ਰੱਖਿਆ ਕਰਨੀ

ਸੰਨ 1963ਈ: ਦੀ ਗੱਲ ਹੈ ਸ਼੍ਰੀ ਧਰਮ ਪਾਲ ਜੀ ਮਸ਼ੀਨ ਤੇ ਕੰਮ ਕਰਦੇ ਸਨ। ਮਸ਼ੀਨ ਤੇ ਕੰਮ ਕਰਦਿਆਂ ਉਹਨਾਂ ਦੀ ਬਾਂਹ ਮਸ਼ੀਨ ਵਿਚ ਆਉਣ ਲੱਗੀ ਸੀ ਪਰ ਮਹਾਰਾਜ ਜੀ ਦੀ ਕਿਰਪਾ ਨਾਲ ਉਹਨਾਂ ਦਾ ਬਚਾਅ ਹੋ ਗਿਆ। ਇਧਰ ਸ਼੍ਰੀ ਪਿਆਰਾ ਲਾਲ ਮਡਾਰ ਜੀ ਵੀ ਉਸ ਦਿਨ ਡੇਰੇ ਪਹੁੰਚੇ ਸਨ ਅਤੇ ਮਹਾਰਾਜ ਜੀ ਨੂੰ ਕਹਿਣ ਲੱਗੇ ਕਿ ਧਰਮ ਪਾਲ ਦਾ ਬਚਾਅ ਹੋ ਗਿਆ ਹੈ। ਜਦੋਂ ਸ਼੍ਰੀ ਧਰਮ ਪਾਲ ਜੀ ਘਰ ਪਹੁੰਚੇ ਤਾਂ ਘਰ ਵਿਚ ਮਹਾਰਾਜ ਜੀ ਵਲੋਂ ਭੇਜੀ ਗਈ ਚਿੱਠੀ ਪਈ ਸੀ ਜਿਸ ਵਿਚ ਲਿਖਿਆ ਸੀ "ਕਿ ਮਸ਼ੀਨਾ ਦਾ ਕੰਮ ਧਿਆਨ ਨਾਲ ਕਰੀਦਾ ਹੈ, ਤੈਨੂੰ ਬਚਾ ਲਿਆ"।

### ਸਾਖੀ ਨੰਬਰ 380

## ਉੱਚੇ ਅਹੁਦੇ

ਸੇਠ ਭੁੱਲਾ ਰਾਮ ਬੀਬੀ ਕਿਰਪੋ ਜੀ ਮਹਾਰਾਜ ਸਵਾਮੀ ਸਰਵਣ ਦਾਸ ਜੀ ਦੇ ਸੇਵਕ ਸਨ। ਉਹਨਾਂ ਦੇ ਬੱਚੇ ਸ਼੍ਰੀ ਸ਼ਰਧਾ ਰਾਮ, ਸ਼੍ਰੀ ਬੋਨੀ ਰਾਮ, ਸ਼੍ਰੀ ਰਤਨ ਚੰਦ,ਸ਼੍ਰੀ ਪੂਰਨ ਚੰਦ ਅਤੇ ਸ਼੍ਰੀ ਪਿਆਰੇ ਲਾਲ ਸਨ। ਮਹਾਰਾਜ ਜੀ ਦੇ ਅਸ਼ੀਰਵਾਦ ਨਾਲ ਸ਼੍ਰੀ ਰਤਨ ਚੰਦ, ਸ਼੍ਰੀ ਪੂਰਨ ਚੰਦ ਅਤੇ ਸ਼੍ਰੀ ਪਿਆਰੇ ਲਾਲ ਮਡਾਰ ਨੇ ਬੀ. ਏ. ਪਾਸ ਕੀਤੀ। ਸ਼੍ਰੀ ਰਤਨ ਚੰਦ ਪੰਜਾਬ ਵਿੱਚੋਂ ਫਸਟ ਆਏ। ਮਹਾਰਾਜ ਜੀ ਨੇ ਬਚਨ ਕੀਤੇ ਕਿ ਤੁਸੀਂ ਵੱਡੇ ਸਰਕਾਰੀ ਅਹੁਦੇ ਤੇ ਲੱਗੋਗੇ। ਮਹਾਰਾਜ ਜੀ ਦੇ ਬਚਨ ਅਟੱਲ ਹੋਏ ਉਹਨਾਂ ਨੂੰ Intelligence Bureo of

India ਵਿੱਚ ਨੌਕਰੀ ਮਿਲ ਗਈ ਅਤੇ ਉਹ ਉਸ ਵਿਚੋਂ Deputy Director ਰਿਟਾਇਰ ਹੋਏ।

## ਸਾਖੀ ਨੰਬਰ 381

## ਫਲਾਈਟ ਸਾਡਾ ਇੰਤਜਾਰ ਕਰ ਰਹੀ ਹੈ

ਸੰਨ 1991 ਈ: ਦੀ ਗੱਲ ਹੈ ਸੰਤ ਗਰੀਬ ਦਾਸ ਜੀ ਅਤੇ ਸੰਤ ਰਾਮਾ ਨੰਦ ਜੀ ਇੰਗਲੈਂਡ ਗਏ। ਉਥੇ ਉਹਨਾਂ ਦੇ ਨਾਲ ਸ਼੍ਰੀ ਪਿਆਰੇ ਲਾਲ ਮਡਾਰ, ਸ਼੍ਰੀ ਹਰਬੰਸ ਲਾਲ ਸ਼ੌਂਕੀ, ਸ਼੍ਰੀ ਨਿਰਮਲ ਚੰਦੜ, ਸ਼੍ਰੀ ਧਰਮ ਸਿੰਘ, ਸ਼੍ਰੀ ਸੰਤਾ ਸਿੰਘ, ਸ਼੍ਰੀ ਚਰਨ ਦਾਸ ਰੱਤੂ, ਸ਼੍ਰੀ ਰਾਮ ਕਿਸ਼ਨ ਮਹਿਮੀ, ਸ਼੍ਰੀ ਸੁਵਰਨ ਦਾਸ ਬੰਗੜ ਅਤੇ ਹੋਰ ਸੇਵਾਦਾਰਾਂ ਸਮੇਤ ਡਾ. ਬਲਦੇਵ ਮਡਾਰ ਦੇ ਘਰੋਂ ਸੈਕਰਾਮੈਂਟੋ ਲਈ ਰਵਾਨਾ ਹੋਏ। ਰਸਤੇ ਵਿੱਚ ਡਾ. ਬਲਦੇਵ ਨੂੰ ਖਬਰ ਮਿਲੀ ਕਿ ਸੈਵਨ ਬ੍ਰਿਜ ਤੇ ਹਾਦਸਾ ਹੋ ਗਿਆ ਅੱਗੇ ਰਸਤਾ ਬੰਦ ਹੈ, ਆਪਣ ਫਲਾਈਟ ਮਿਸ ਹੋ ਜਾਣੀ ਹੈ ਉਹਨਾਂ ਨੇ ਮਹਾਰਾਜ ਜੀ ਨੂੰ ਦੱਸਿਆ ਕਿ ਮਹਾਰਾਜ ਜੀ ਰਸਤਾ ਬੰਦ ਹੈ ਅਤੇ ਆਪਣੀ ਫਲਾਈਟ ਮਿਸ ਹੋ ਜਾਣੀ ਹੈ ਤਾਂ ਸੰਤ ਗਰੀਬ ਦਾਸ ਜੀ ਮਹਾਰਾਜ ਕਹਿਣ ਲੱਗੇ ਕਿ ਫਲਾਈਟ ਸਾਡਾ ਇੰਤਜਾਰ ਕਰ ਰਹੀ ਹੈ। ਜਦੋਂ ਉਹ ਏਅਰਪੋਰਟ ਪਹੁੰਚੇ ਤਾਂ ਫਲਾਈਟ ਇੱਕ ਘੰਟਾ ਲੇਟ ਸੀ ਤਾਂ ਏਅਰਪੋਰਟ ਵਾਲਿਆਂ ਨੇ ਕਿਹਾ ਕਿ ਸ਼ਾਇਦ ਸਾਡਾ ਜਹਾਜ ਚੱਲਣਾ ਹੀ ਨਹੀਂ ਸੀ ਤੁਹਾਡੇ ਕਰਕੇ ਚੱਲ ਪਿਆ ਹੈ।

## ਸਾਖੀ ਨੰਬਰ 382

## ਔਲਾਦ ਦੀ ਬਖਸ਼ਿਸ਼

ਸ਼੍ਰੀ ਸ਼ੰਕਰ ਸਿੰਘ ਬੀਬੀ ਭਾਗੋ ਜੀ ਵਾਸੀ ਹਰਖੋਵਾਲ ਵਾਲਿਆਂ ਦੇ ਵਿਆਹ ਨੂੰ 10 ਸਾਲ ਹੋ ਚੁੱਕੇ ਸਨ ਪਰ ਉਹਨਾਂ ਦੇ ਕੋਈ ਔਲਾਦ ਨਹੀਂ ਸੀ। ਉਹਨਾਂ ਨੇ ਸਾਰੇ ਹਸਪਾਤਾਲ ਘੁੰਮ ਲਏ। ਬੀਬੀ ਭਾਗੋ ਦੀ ਭੈਣ ਬੀਬੀ ਮਾਹੋ ਨੰਗਲ ਬਾਧਾ ਰਹਿੰਦੀ ਸੀ। ਸ਼੍ਰੀ ਹਜਾਰਾ ਰਾਮ ਬੱਧਣ ਅਤੇ ਬੀਬੀ ਮਾਹੋ ਬੀਬੀ ਭਾਗੋ ਨੂੰ ਨਾਲ ਲੈ ਕੇ ਸੰਤ ਸਰਵਣ ਦਾਸ ਜੀ ਪਾਸ 10 ਜੂਨ ਨੂੰ ਪਹੁੰਚੀ। ਉਹਨਾਂ ਨੇ ਮਹਾਰਾਜ ਜੀ ਨੂੰ ਸਾਰੀ ਗੱਲ ਦੱਸੀ ਮਹਾਰਾਜ ਜੀ ਨੇ ਕਿਹਾ ਕਿ ਆਲੇ-ਦੁਆਲੇ ਨਹੀਂ ਘੁੰਮਣਾ, ਡੇਰੇ ਆਉਣਾ। ਇਸ ਪ੍ਰਕਾਰ ਉਹ ਡੇਰੇ ਆਉਣ ਲੱਗ ਪਏ। ਮਹਾਰਾਜ ਜੀ ਦੀ ਕਿਰਪਾ ਨਾਲ ਅਗਲੇ ਸਾਲ ਉਹਨਾਂ ਦੇ ਪਹਿਲਾ ਬੱਚਾ ਹੋਇਆ। ਇਸ ਪ੍ਰਕਾਰ ਉਹਨਾਂ ਦੇ ਤਿੰਨ ਬੱਚੇ ਹੋਏ ਬਲਵਿੰਦਰ, ਨਰਿੰਦਰ ਅਤੇ ਅਵਤਾਰ।

## ਸਾਖੀ ਨੰਬਰ 383

## ਔਲਾਦ ਦੀ ਬਖਸ਼ਿਸ਼ ਕਰਨੀ

ਸ਼੍ਰੀ ਗੁਰਦਿਆਲ ਸਿੰਘ ਬੀਬੀ ਹਰ ਕੌਰ ਜੀ ਅਬਾਦਪੁਰੇ ਦੇ ਰਹਿਣ ਵਾਲੇ ਸਨ। ਉਹਨਾਂ ਦਾ ਸੰਤ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪਿਆਰ ਸੀ। ਉਹਨਾਂ ਨੇ ਕਪੂਰਥਲੇ ਜ਼ਮੀਨ ਖਰੀਦੀ ਅਤੇ ਮਹਾਰਾਜ ਜੀ ਉਹਨਾਂ ਦੀ ਜ਼ਮੀਨ ਵਿਚ ਚਰਨ ਪਾਉਣ ਲਈ ਗਏ। ਉਹਨਾਂ ਨੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ ਸਾਡੇ ਕੋਈ ਬੱਚਾ ਨਹੀਂ ਹੈ ਤਾਂ ਮਹਾਰਾਜ ਜੀ ਨੇ ਉਹਨਾਂ ਨੂੰ ਅਸ਼ੀਰਵਾਦ ਦਿੱਤਾ। ਮਹਾਰਾਜ ਜੀ ਦੇ ਅਸ਼ੀਰਵਾਦ ਸਦਕਾ ਉਹਨਾਂ ਦੇ ਦੋ ਬੱਚੇ ਹੋਏ ਸ਼੍ਰੀ ਮੋਹਣ ਸਿੰਘ ਬਾਵਾ ਅਤੇ ਸ਼੍ਰੀ ਹਰਬੰਸ

ਸਿੰਘ। ਉਹਨਾਂ ਨੇ ਸ਼੍ਰੀ ਮੋਹਨ ਸਿੰਘ ਬਾਵਾ ਨੂੰ ਮਹਾਰਾਜ ਜੀ ਦੇ ਚਰਨਾਂ ਵਿਚ ਭੇਂਟ ਕਰ ਦਿੱਤਾ ਫਿਰ ਮਹਾਰਾਜ ਜੀ ਨੇ ਹੀ ਉਸਦੀ ਸ਼ਾਂਦੀ ਕੀਤੀ।

ਸਾਖੀ ਨੰਬਰ 384

## ਘਰ ਲੈ ਜਾਓ ਠੀਕ ਹੋ ਜਾਊ

ਸ਼੍ਰੀ ਪਿਆਰੇ ਲਾਲ ਜੀ ਬਿਆਸ ਪਿੰਡ ਦੇ ਰਹਿਣ ਵਾਲੇ ਸਨ ਉਹਨਾਂ ਦਾ ਵਿਆਹ ਬੀਬੀ ਪ੍ਰਸਿੰਨ ਕੌਰ ਜੀ ਨਾਲ ਹੋਇਆ। ਇਹਨਾਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। 1952 ਵਿਚ ਸ਼੍ਰੀ ਪਿਆਰੇ ਲਾਲ ਜੀ ਇੰਗਲੈਂਡ ਚਲੇ ਗਏ। ਉਹਨਾਂ ਦਾ ਸਪੁੱਤਰ ਸ਼੍ਰੀ ਰਾਜ ਕੁਮਾਰ 1956 ਵਿਚ ਬਿਮਾਰ ਹੋ ਗਿਆ ਉਸ ਦਾ ਬਹੁਤ ਇਲਾਜ ਕਰਵਾਇਆ ਪਰ ਉਹ ਠੀਕ ਨਾ ਹੋਇਆ, ਡਾਕਟਰਾਂ ਨੇ ਉਸ ਨੂੰ ਜਵਾਬ ਦੇ ਦਿੱਤਾ। ਉਸ ਨੂੰ ਸੰਤ ਸਵਾਮੀ ਸਰਵਣ ਦਾਸ ਮਹਾਰਾਜ ਜੀ ਪਾਸ ਲੈ ਕੇ ਆਏ ਮਹਾਰਾਜ ਜੀ ਕਹਿਣ ਲੱਗੇ ਇਸ ਨੂੰ ਘਰ ਲੈ ਕੇ ਜਾਓ ਠੀਕ ਹੋ ਜਾਊਗਾ। ਘਰ ਪਹੁੰਚ ਕੇ ਉਹ ਠੀਕ ਹੋ ਗਿਆ। ਇਸ ਪ੍ਰਕਾਰ ਮਹਾਰਾਜ ਜੀ ਦੇ ਵਚਨ ਅਟੱਲ ਹੋਏ।

ਸਾਖੀ ਨੰਬਰ 385

## ਦਿੱਲੀ ਤੋਂ ਹੀ ਇੰਗਲੈਂਡ ਚਲੇ ਜਾਓ

ਸ਼੍ਰੀ ਪਿਆਰੇ ਲਾਲ ਮਡਾਰ ਜੀ ਇੰਗਲੈਂਡ ਚਲੇ ਗਏ। ਉਹਨਾਂ ਨੇ ਆਪਣੇ ਪਰਿਵਾਰ ਨੂੰ ਮਗਾਉਣ ਦੇ ਅਨੇਕਾਂ ਯਤਨ ਕੀਤੇ ਪਰ ਵਿਦੇਸ਼ ਦਾ ਕੰਮ ਨਾ ਬਣਿਆ। ਇੱਕ ਦਿਨ ਉਹਨਾਂ ਦੀ ਪਤਨੀ ਬੀਬੀ ਪ੍ਰਸਿੰਨ ਕੌਰ, ਲੜਕਾ ਸ਼੍ਰੀ ਚਮਨ ਲਾਲ ਮਡਾਰ, ਸ਼੍ਰੀ ਰਾਜ ਮਡਾਰ, ਸ਼੍ਰੀ ਕਿਰਪਾਲ ਮਡਾਰ, ਬੇਟੀ ਸੁਨੀਤਾ, ਸ਼ਕੁੰਤਲਾ ਆਪਣੇ ਪਾਸਪੋਰਟ ਲੈ ਕੇ ਸੰਤ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ ਸਾਡਾ ਵਿਦੇਸ਼ ਦਾ ਕੰਮ ਨਹੀਂ ਬਣਦਾ ਕਿਰਪਾ ਕਰੋ। ਮਹਾਰਾਜ ਜੀ ਨੇ ਸੰਤ ਚੇਤਨ ਦਾਸ ਜੀ ਨੂੰ ਕਿਹਾ ਇਹਨਾਂ ਦੇ ਗਲਾਂ ਵਿਚ ਹਾਰ ਪਾਓ। ਸੰਤ ਚੇਤਨ ਦਾਸ ਜੀ ਨੇ ਉਹਨਾਂ ਦੇ ਗਲਾਂ ਵਿਚ ਹਾਰ ਪਾਏ। ਮਹਾਰਾਜ ਜੀ ਨੇ ਕਿਹਾ ਕਿ ਦਿੱਲੀ ਅੰਬੈਂਸੀ ਵਿਚ ਜਾਉ ਤੇ ਦਿੱਲੀ ਤੋਂ ਹੀ ਇੰਗਲੈਂਡ ਚਲੇ ਜਾਣਾ। ਸੰਤ ਚੇਤਨ ਦਾਸ ਜੀ ਕਹਿਣ ਲੱਗੇ ਕਿ ਹੁਣ ਦਾ ਮਹਾਰਾਜ ਜੀ ਨੇ ਹਾਰ ਪਾ ਦਿੱਤੇ ਹੁਣ ਵੀਜੇ ਲੱਗ ਗਏ।

ਸਾਖੀ ਨੰਬਰ 386

## ਗੁਰੂ ਰਵਿਦਾਸ ਜੀ ਦਾ ਅਸਥਾਨ ਇੱਥੇ ਬਣੇਗਾ

ਬੀਬੀ ਪਰਸਿੰਨੀ ਪਿੰਡ ਐਮਾ ਮਾਂਗਟ ਦੀ ਰਹਿਣ ਵਾਲੀ ਸੀ। ਉਹਨਾਂ ਦਾ ਮਹਾਰਾਜ ਸਵਾਮੀ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪ੍ਰੇਮ ਸੀ। ਉਹਨਾਂ ਦੇ ਵਿਆਹ ਤੋਂ ਬਾਅਦ ਪਤੀ ਦੀ ਜਲਦੀ ਹੀ ਮੌਤ ਹੋ ਗਈ ਸੀ। ਬਾਅਦ ਵਿਚ ਵੀ ਉਹ ਡੇਰੇ ਆਉਦੇ ਰਹੇ। ਸੰਨ 1968 ਵਿਚ ਬੀਬੀ ਜੀ ਆਪਣੇ ਭਰਾ ਭਜਨਾ ਰਾਮ ਅਤੇ ਬੀਬੀ ਅੰਮ੍ਰਿਤ ਕੌਰ

**ਪੁੱਤਰ ਸੁਰਿੰਦਰ ਪਾਲ ਜੋ ਕਿ 4-5 ਸਾਲ ਦਾ ਸੀ ਮਹਾਰਾਜ ਜੀ ਨਾਲ ਬੀਬੀ ਅਮਰ ਕੌਰ ਦੇ ਘਰ ਗਏ। ਮਹਾਰਾਜ ਜੀ ਨੇ ਸਤਿਸੰਗ ਕੀਤਾ।ਉਹਨਾਂ ਦੇ ਘਰਾਂ ਦੇ ਨਾਲ ਇੱਕ ਥਾਂ ਸੀ।ਮਹਾਰਾਜ ਜੀ ਨੇ ਸਰਵਣ ਕੀਤਾ ਇਸ ਅਸਥਾਨ ਤੇ ਗੁਰੁ ਰਵਿਦਾਸ ਜੀ ਦਾ ਅਸਥਾਨ ਬਣੇਗਾ। ਸੰਨ 2008 ਵਿਚ ਉਸ ਅਸਥਾਨ ਸ਼੍ਰੀ ਜਗਦੀਸ਼ ਮਿੱਤਲ ਨੇ ਮਹਾਰਾਜ ਜੀ ਨੂੰ ਦਾਨ ਕਰ ਦਿੱਤਾ। ਹੁਣ ਉਸ ਅਸਥਾਨ ਤੇ ਸ਼੍ਰੀ ਗੁਰੂ ਰਵਿਦਾਸ ਧਰਮ ਅਸਥਾਨ ਸ਼ੁਸ਼ੋਭਿਤ ਹੈ।**

## ਸਾਖੀ ਨੰਬਰ 387

## ਬੱਚਿਆਂ ਦੀ ਦਾਤ ਬਖਸ਼ਣਾ

**ਸ਼੍ਰੀ ਭਗਤ ਰਾਮ ਬੀਬੀ ਧੰਨੀ ਜੀ ਸਰਮਸਤਪੁਰ ਦੇ ਰਹਿਣ ਵਾਲੇ ਸਨ।ਉਹਨਾਂ ਦਾ ਸਵਾਮੀ ਸਰਵਣ ਦਾਸ ਜੀ ਮਹਾਰਾਜ ਨਾਲ ਬਹੁਤ ਪ੍ਰੇਮ ਸੀ।ਉਹਨਾਂ ਦੇ ਬੱਚੇ ਜਨਮ ਲੈਂਦੇ ਸਾਰ ਹੀ ਮਰ ਜਾਂਦੇ ਸਨ।ਫਿਰ ਉਹਨਾਂ ਨੇ ਮਹਾਰਾਜ ਜੀ ਪਾਸੋਂ ਨਾਮ ਦਾਨ ਪ੍ਰਾਪਤ ਕੀਤਾ।ਬਾਅਦ ਵਿੱਚ ਉਹਨਾਂ ਦੇ ਸ਼੍ਰੀ ਦੇਵ ਰਾਜ, ਸ਼੍ਰੀ ਪ੍ਰੀਤਮ ਦਾਸ, ਸ਼੍ਰੀ ਬਾਰੂ ਰਾਮ, ਬੀਬੀ ਸੁਖਤਾ ਅਤੇ ਬੀਬੀ ਰੋਡੀ ਜੀ ਬੱਚੇ ਹੋਏ।ਮਹਾਰਾਜ ਜੀ ਨੇ ਉਹਨਾਂ ਨੂੰ ਚੋਲਾ ਘਰ ਰੱਖਣ ਨੂੰ ਦਿੱਤਾ। ਇਸ ਪ੍ਰਕਾਰ ਮਹਾਰਾਜ ਜੀ ਦੇ ਅਸ਼ੀਰਵਾਦ ਨਾਲ ਉਹਨਾਂ ਦੇ ਬੱਚੇ ਹੋਏ।**

## ਸਾਖੀ ਨੰਬਰ 388

## ਡੇਰਾ ਸੱਚਖੰਡ ਬੱਲਾਂ ਵਿਖੇ ਦਲਿਤ ਚੇਤਨਾ ਕਾਨਫਰੰਸ

### ਸ਼੍ਰੀ ਗੁਰੂ ਰਵਿਦਾਸ ਜੀ ਕੀ ਜੈ

ਕਿਸੇ ਸਮਾਜ ਦੀ ਉਨੱਤੀ ਲਈ ਦੋ ਪੱਖ ਹੋਇਆ ਕਰਦੇ ਹਨ ਇਕ ਸਿਆਸੀ ਅਤੇ ਦੂਸਰਾ ਧਾਰਮਿਕ ਪੰਜਾਬ ਦੇ ਆਦਿ ਵਾਸੀ (ਪੱਛੜੀਆਂ ਜਾਤੀਆਂ ਦੀ ਸਿਆਸੀ ਉਨੱਤੀ ਲਈ ਸੰਨ 1925 ਵਿਚ ਬਾਬੂ ਮੰਗੂ ਰਾਮ ਜੀ ਦੀ ਅਗਵਾਈ ਲੈਂਦੇ ਹੋਏ ਆਦਿਧਰਮ ਦੇ ਨਾਮ ਹੇਠ ਅੰਦੋਲਨ ਜਾਰੀ ਹੋਇਆ। ਇਸ ਕੌਮ ਨੂੰ ਪੰਜਾਬ ਆਦਿ-ਧਰਮ (ਸ਼ਡਿਊਲਡ ਕਾਸਟ) ਫੈਡਰੇਸ਼ਨ ਦੇ ਨਾਮ ਵਾਲੀ ਸੰਸਥਾ ਦੇ ਅਧੀਨ ਚਾਲੂ ਰਖਿਆ ਗਿਆ, ਜਿਸ ਦਾ ਹੈੱਡ ਆਫਿਸ ਜਲੰਧਰ ਸ਼ਹਿਰ ਵਿਚ ਖੋਲ੍ਹਿਆ ਗਿਆ ਅਤੇ ਜਿਸ ਦੇ ਪ੍ਰਧਾਨ ਬਾਬੂ ਮੰਗੂ ਰਾਮ ਜੀ ਨਿਯੁਕਤ ਕੀਤੇ ਗਏ।ਇੰਡੀਆ ਪੱਧਰ ਤੇ ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਐਮ. ਸੀ. ਰਾਜਾ ਮਦਰਾਸ ਨੂੰ ਵਾਗਡੋਰ ਸੰਭਾਲੀ। ਪਰ ਸੰਨ 1928 ਈਸਵੀ ਵਿਚ ਜਦੋਂ ਹਿੰਦੋਸਤਾਨ ਵਿਚ ਸਾਈਮਨ ਕਮਿਸ਼ਨ ਆਇਆ ਤਾਂ ਐਮ. ਸੀ. ਰਾਜਾ ਜੀ ਯੋਗ ਢੰਗ ਨਾਲ ਕੰਮ ਨਾ ਕਰਨ ਦੇ ਕਾਰਨ ਉਹਨਾਂ ਨੂੰ ਇਸ ਪਦ ਤੋਂ ਮੁਕਤ ਕਰ ਦਿੱਤਾ ਗਿਆ ਅਤੇ ਉਹਨਾਂ ਦੀ ਥਾਂ ਬਾਵਾ ਸਾਹਿਬ ਡਾਕਟਰ ਭੀਮ

ਰਾਉ ਅੰਬੇਡਕਰ ਇੰਡੀਆ ਪੱਧਰ ਤੇ ਆਗੂ ਮੰਨੇ ਗਏ। ਆਦਿ-ਧਰਮ (ਸ਼ਡਿਊਲਡ ਕਾਸਟਸ) ਫੈਡਰੇਸ਼ਨ ਨੂੰ ਸੰਨ 1930 ਵਿਚ ਸਰਕਾਰ ਵੱਲੋਂ ਪੂਰੀ ਪੂਰੀ ਮਾਨਤਾ (Recognised) ਦਿੱਤੀ ਗਈ। ਸੰਨ 1935 ਤੱਕ ਤਿੰਨ ਵਾਰ ਭਾਰ ਤ ਵਿਚ ਕਮਿਸ਼ਨ ਆਏ। ਪਹਿਲਾਂ ਸੰਨ 1928 ਈਸਵੀ ਵਿਚ ਰਾਇਲ ਕਮਿਸ਼ਨ (ਸਰ ਜਾਨ ਰਾਇਲ ਕਮਿਸ਼ਨ), ਸੰਨ 1932 ਵਿਚ ਫਰੈਂਚਾਈਜ਼ ਕਮੇਟੀ (ਲਾਰ ਡ ਲੱਥੀਅਨ ਕਮੇਟੀ) ਅਤੇ ਸੰਨ 1935 ਵਿਚ ਡਲਿਮੀਟੇਸ਼ਨ ਕਮੇਟੀ (ਲਾਰਡ ਲੌਰੀ ਹੈਮਿਡ ਕਮੇਟੀ)। ਆਖਰ ਇੰਗਲੈਂਡ ਵਿਚ ਤਿੰਨ ਗੋਲਮੇਜ਼ ਕਾਨਫਰੰਸਾਂ ਹੋਈਆ। ਗੱਲ ਕੀ ਰਾਜਾ ਮੁੰਜੇ ਪੈਕਟ (ਐਮ. ਸੀ. ਰਾਜਾ ਅਤੇ ਡਾਕਟਰ ਮੁੰਜੇ) ਅਤੇ ਮਾਇਨੌਰ ਟੀ ਪੈਕਟ (ਡਾਕਟਰ ਅੰਬੇਡਕਰ ਅਤੇ ਉਹਨਾਂ ਦੇ ਸਾਥੀ) ਘੋਲ ਘੁਲਦੇ ਰਹੇ। ਡਾਕਟਰ ਅੰਬੇਡਕਰ ਅਤੇ ਉਹਨਾਂ ਦੇ ਸਾਥੀ ਪਛੜੀਆਂ ਜਾਤੀਆਂ ਦੇ ਰਾਜਸੀ ਹੱਕ ਜੁਦਾਗਾਨਾ ਤੌਰ ਤੇ ਲੈਣ ਲਈ ਕੋਸ਼ਿਸ਼ ਕਰਦੇ ਸਨ, ਪਰ ਐਮ. ਸੀ. ਰਾਜਾ ਇਸ ਮੰਗ ਦੀ ਵਿਰੋਧਤਾ ਕਰਦੇ ਸਨ। ਆਖਰ 1935 ਵਿਚ ਇੰਡੀਆ ਐਕਟ ਦੇ ਅਧੀਨ ਪੂਨਾ ਪੈਕਟ ਦੇ ਅਨੁਸਾਰ ਪੱਛੜੀਆ ਜਾਤੀਆਂ ਨੂੰ ਰਾਜਸੀ ਹੱਕ ਪ੍ਰਾਪਤ ਹੋ ਗਏ। ਪੂਨਾ ਪੈਕਟ ਬਾਵਾ ਸਾਹਿਬ ਡਾਕਟਰ ਅੰਬੇਡਕਰ ਦੀ ਪਾਰਟੀ ਅਤੇ ਮਹਾਤਮਾ ਗਾਂਧੀ ਦੀ ਪਾਰਟੀ ਦੇ ਪਰਸਪਰ ਸਮਝੌਤੇ ਨੂੰ ਆਖਦੇ ਹਨ, ਪੱਛੜੀਆ ਜਾਤੀਆਂ ਨੂੰ ਜਿਹੜੇ ਰਾਜਸੀ ਹੱਕ ਮਿਲੇ ਹਨ, ਉਹ ਬਾਵਾ ਸਾਹਿਬ ਡਾਕਟਰ ਅੰਬੇਡਕਰ ਅਤੇ ਬਾਬੂ ਮੰਗੂ ਰਾਮ ਜੀ ਦੀ ਅੱਣਥਕ ਮਿਹਨਤ ਦਾ ਨਤੀਜਾ ਹੈ, ਸੱਚ ਪੁਛੋ ਤਾਂ ਡਾਕਟਰ ਸਾਹਿਬ ਵੀ ਆਦਿ-ਧਰਮ (ਸ਼ਡਿਊਲਡ ਕਾਸਟਸ) ਫੈਡਰੇਸ਼ਨ ਦੇ ਬਲ ਨਾਲ ਇੰਗਲੈਂਡ ਵਿਚ ਪੱਛੜੀਆਂ ਜਾਤੀਆਂ ਦੇ ਰਾਜਸੀ ਹੱਕਾਂ ਬਾਰੇ ਬੱਬਰ ਸ਼ੇਰ ਦੇ ਵਾਂਗ ਗਰਜਦੇ ਰਹੇ ਅਤੇ ਆਪਣੇ ਕੰਮ ਵਿਚ ਸਫਲਤਾ ਪ੍ਰਾਪਤ ਕੀਤੀ, ਇਸ ਤੋਂ ਸਪਸ਼ਟ ਹੈ ਕਿ ਆਦਿ-ਧਰਮ ਮਿਸ਼ਨ ਦੀ ਬੁਨਿਆਦ ਰੱਖਣ ਵਾਲੇ ਬਾਬੂ ਮੰਗੂ ਰਾਮ ਜੀ ਹੀ ਹਨ।

ਸੰਨ 1932 ਵਿਚ ਲਾਰਡ ਲੋਥੀਅਨ ਕਮੇਟੀ (ਫਰੈਂਚਾਈਜ਼ ਕਮੇਟੀ) ਦੇ ਸਾਹਮਣੇ ਇਹ ਗੱਲ ਸਪਸ਼ਟ ਹੋ ਗਈ ਸੀ ਕਿ ਪੰਜਾਬ ਭਰ ਦੀਆਂ ਪੱਛੜੀਆਂ ਜਾਤੀਆਂ ਆਪਣੇ ਆਦਿ ਗੁਰੂ (ਸਤਿਗੁਰੂ ਰਵਿਦਾਸ ਮਹਾਰਾਜ ਜੀ, ਮਹਾਂਰਿਸ਼ੀ ਭਗਵਾਨ ਬਾਲਮੀਕ ਜੀ ਮਹਾਰਾਜ, ਸਤਿਗੁਰੂ ਕਬੀਰ ਸਾਹਿਬ ਜੀ ਅਤੇ

ਸਤਿਗੁਰੂ ਨਾਮ ਦੇਵ ਜੀ) ਆਦਿ ਦੇ ਮਤਾਂ ਅਨੁਸਾਰ ਆਦਿ-ਧਰਮੀ ਹਨ ਅਤੇ ਇਹਨਾਂ ਦਾ ਧਾਰਮਿਕ ਗਰੰਥ ਆਦਿ-ਪ੍ਰਕਾਸ਼ ਹੈ ਜੋ ਕਿ ਸਤਿਗੁਰੂ ਰਵਿਦਾਸ ਜੀ, ਮਹਾਰਿਸ਼ੀ ਬਾਲਮੀਕ ਜੀ, ਸਤਿਗੁਰੂ ਕਬੀਰ ਜੀ ਅਤੇ ਸਤਿਗੁਰੂ ਨਾਮਦੇਵ ਜੀ ਦੀ ਬਾਣੀ ਆਦਿ। ਇਸ ਗੱਲ ਨੂੰ ਮੁੱਖ ਰੱਖ ਕੇ ਸ਼੍ਰੀ 108 ਸੰਤ ਸਰਵਣ ਦਾਸ ਜੀ ਦੇ ਆਦੇਸ਼ਾਂ ਅਨੁਸਾਰ ਸੰਨ 1934 ਵਿਚ ਬਾਬੂ ਮੰਗੂ ਰਾਮ, ਸ਼੍ਰੀ ਹਜ਼ਾਰਾ ਰਾਮ ਜਨਰਲ ਸਕੱਤਰ ਅਤੇ ਮਾਸਟਰ ਲਾਲ ਚੰਦ ਜੀ (ਬਾਲਮੀਕੀ) ਫਿਰੋਜ਼ਪੁਰੀ ਨੇ ਕਾਂਸ਼ੀ ਵਿਖੇ ਜਾ ਕੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਇਤਿਹਾਸ ਅਤੇ ਜਨਮ ਅਸਥਾਨ ਆਦਿ ਦੀ ਖੋਜ ਕੀਤੀ, ਉਨ੍ਹਾਂ ਦਿਨਾਂ ਵਿਚ ਚਮਾਰ ਜਾਤੀ ਦੀ ਆਬਾਦੀ ਆਮ ਤੌਰ ਤੇ ਪਿੰਡਾਂ ਅਤੇ ਸ਼ਹਿਰਾਂ ਦੇ ਲਹਿੰਦੇ ਪਾਸੇ ਵੱਲ ਹੁੰਦੀ ਸੀ, ਉਹਨਾਂ ਆਬਾਦੀਆਂ ਨੂੰ ਚਮਾਰ ਮਾਜਰਾ ਜਾ ਚਮਾਰਲੀ ਕਿਹਾ ਜਾਂਦਾ ਸੀ, ਖੋਜ ਕਰਨ ਤੋਂ ਪਤਾ ਲਗਾ ਕਿ ਸਤਿਗੁਰੂ ਰਵਿਦਾਸ ਜੀ ਮਹਾਰਾਜ ਕਾਂਸ਼ੀ ਸ਼ਹਿਰ ਦੇ ਇਕ ਚਮਾਰ ਮਾਜਰੇ ਵਿਚ ਰਹਿੰਦੇ ਸਨ, ਹੋ ਸਕਦਾ ਹੈ ਕਿ ਉਸ ਚਮਾਰ ਮਾਜਰੇ ਦਾ ਨਾਮ ਬਾਦ ਵਿਚ ਸੀਰ ਗੋਵਰਧਨਪੁਰ ਰੱਖਿਆ ਗਿਆ ਹੋਵੇ ਕਿਉਂਕਿ ਹੁਣ ਉਥੇ ਗਵਾਲਿਆਂ ਤੇ ਠਾਕਰਾਂ ਦੀ ਵੀ ਵੱਸੋਂ ਹੈ, ਜਿਸ ਤਰ੍ਹਾਂ ਕਾਲੂ ਘਾਟ ਦਾ ਨਾਮ ਬਦਲ ਕੇ ਹਰੀ ਚੰਦ ਘਾਟ ਰੱਖਿਆ ਗਿਆ ਅਤੇ ਮਹਾਰਿਸ਼ੀ ਬਾਲਮੀਕ ਜੀ ਦੇ ਆਸ਼ਰਮ ਦਾ ਨਾਮ ਬਦਲ ਕੇ ਰਾਮ ਤੀਰਥ ਰੱਖਿਆ ਗਿਆ। ਇਸੇ ਤਰ੍ਹਾਂ ਚਮਾਰ ਮਾਜਰੇ ਦਾ ਨਾਮ ਵੀ ਬਦਲ ਕੇ ਸ਼ੀਰ ਗੋਵਰਧਨਪੁਰ ਰੱਖਿਆ ਗਿਆ ਹੋਵੇ। ਇੱਥੇ ਹੀ ਬਸ ਨਹੀਂ ਸਗੋਂ ਮਹਾਰਿਸ਼ੀ ਬਾਲਮੀਕ ਤੀਰਥ ਜਿਸ ਦਾ ਨਾਮ ਅੱਜ ਰਾਮ ਤੀਰਥ ਨਾਂ ਨਾਲ ਪ੍ਰਚਲਿਤ ਹੈ, ਦੀ ਖੋਜ ਦੇ ਬਾਰੇ ਵੀ, ਬਾਬੂ ਮੰਗੂ ਰਾਮ, ਸ਼੍ਰੀ ਹਜ਼ਾਰਾ ਰਾਮ ਜੀ ਜਨਰਲ ਸਕੱਤਰ ਅਤੇ ਪੰਡਿਤ ਬਖਸ਼ੀ ਰਾਮ (ਬਾਲਮੀਕੀ) ਬਡਾਲਾ ਕਲਾਂ ਜ਼ਿਲਾ ਜਲੰਧਰ ਵਾਲਿਆਂ ਨੇ ਅਣਥੱਕ ਕੰਮ ਕੀਤਾ ਅਤੇ ਕਸ਼ਟ ਸਹੇ। ਸ੍ਰੀ ਗੁਰੂ ਰਵਿਦਾਸ ਜੀ ਦੇ ਇਤਿਹਾਸ ਦੀ ਖੋਜ ਅਨੁਸਾਰ ਇਸ ਮਹਾਂ ਅਵਤਾਰ ਦਾ ਜਨਮ ਦਿਹਾੜਾ ਮਾਘ ਸੁਦੀ ਪੂਰਨਮਾਸ਼ੀ ਨੂੰ ਮਨਾਇਆ ਜਾਣਾ ਆਰੰਭ ਹੋਇਆ। ਸੰਨ 1938 ਵਿਚ ਸਤਿਗੁਰੂ ਰਵਿਦਾਸ ਜੀ ਦੇ ਜਨਮ ਦਿਨ ਤੇ ਜਲੰਧਰ ਸ਼ਹਿਰ ਵਿਚ ਇਕ ਬੜਾ ਭਾਰੀ ਨਗਰ ਕੀਰਤਨ ਕੱਢਿਆ ਗਿਆ। ਸ਼ੋਭਾ ਜਾਤਰਾ ਵਿਚ ਹਾਥੀ ਉੱਤੇ ਸ਼੍ਰੀ ਰਵਿਦਾਸ ਦੀਪ ਗ੍ਰੰਥ ਦੀ ਸਵਾਰੀ ਸਜਾਈ ਗਈ, ਅਤੇ ਥਾਂ ਥਾਂ ਜਲਸੇ ਕੀਤੇ ਗਏ। ਇਸ ਨੂੰ ਦੇਖ ਕੇ ਉਸ ਵੇਲੇ ਦੀ ਪੰਜਾਬ

ਸਰਕਾਰ (ਸਰ ਸਿਕੰਦਰ ਹਿਆਤ ਖਾਂ ਦੀ ਵਜ਼ਾਰਤ) ਨੇ ਸਤਿਗੁਰੂ ਰਵਿਦਾਸ ਜੀ ਦੇ ਆਗਮਨ ਪੁਰਬ ਦੀ ਛੁਟੀ ਮਨਜ਼ੂਰ ਕਰ ਦਿੱਤੀ, ਇਥੇ ਹੀ ਬਸ ਨਹੀਂ ਸਗੋਂ ਮਹਾਰਿਸ਼ੀ ਬਾਲਮੀਕ ਜੀ ਦੇ ਪ੍ਰਕਾਸ਼ ਦਿਹਾੜੇ ਦੀ ਛੁੱਟੀ ਮਨਜ਼ੂਰ ਕਰਾਉਣ ਦਾ ਵੀ ਉਪਰਾਲਾ ਕੀਤਾ ਗਿਆ। ਇਸ ਤੋਂ ਇਲਾਵਾ ਕਾਂਸ਼ੀ ਸ਼ਹਿਰ ਤੋਂ ਲਿਆਂਦੀ ਹੋਈ ਸ੍ਰੀ ਗੁਰੂ ਰਵਿਦਾਸ ਜੀ ਦੀ ਮੂਰਤੀ ਨੂੰ ਕਲੰਡਰ ਦੀ ਸ਼ਕਲ ਵਿਚ ਪ੍ਰਕਾਸ਼ਿਤ ਕਰਨ ਦਾ ਅਧਿਕਾਰ ਸੰਤ ਹਰਨਾਮ ਦਾਸ ਜੀ ਜੰਡਾਲੀ ਜ਼ਿਲ੍ਹਾ ਜਲੰਧਰ ਨੂੰ ਦਿੱਤਾ ਗਿਆ, ਉਹਨਾਂ ਨੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਕੈਲੰਡਰ ਬੜੀ ਮਿਹਨਤ ਨਾਲ ਪ੍ਰਕਾਸ਼ਿਤ ਕੀਤੇ, ਇਸ ਤੋਂ ਪਹਿਲਾਂ ਸਤਿਗੁਰੂ ਰਵਿਦਾਸ ਜੀ ਦਾ ਕੈਲੰਡਰ ਅਤੇ ਫੋਟੋ ਮਿਲਣੀ ਮੁਸ਼ਕਲ ਸੀ।ਇਸ ਤੋਂ ਸਾਫ ਜ਼ਾਹਰ ਹੈ ਕਿ ਆਦਿ ਗੁਰੂਆਂ ਦੇ ਇਤਿਹਾਸ ਦੀ ਖੋਜ ਦਾ ਕੰਮ ਵੀ ਆਦਿ-ਧਰਮ ਅੰਦੋਲਨ ਵੇਲੇ ਕਾਫ਼ੀ ਹੋਇਆ। ਏਨਾਂ ਕੰਮ ਹੋਣ ਨਾਲ ਉਪਰੋਕਤ ਸੰਸਥਾ ਦਾ ਸਿਆਸੀ ਪੱਖ ਆਰੰਭ ਹੋ ਗਿਆ। ਇਸ ਦੇਸ਼ ਚ ਉਸ ਵੇਲੇ ਆਦਿ-ਧਰਮ (ਸ਼ਡਿਊਲਡ ਕਾਸਟਸ) ਫੈਡਰੇਸ਼ਨ ਦੀਆਂ ਸ਼ਾਖਾਂ, ਅਕਾਲੀਆਂ ਵਾਲਾ ਜ਼ਿਲ੍ਹਾ ਫਿਰੋਜ਼ਪੁਰ, ਚੂਹੜਪੁਰ, ਡੇਹਰਾਦੂਨ, ਪੁਲ ਨੰਬਰ 4 ਕਲਕੱਤਾ, ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ,ਚੰਬਾ ਰਿਆਸਤ ਚੰਬਾ, ਸਮੁੰਦਰੀ ਡਿਚਕੋਟ ਜ਼ਿਲ੍ਹਾ ਲਾਇਲਪੁਰ, ਮਾਹਲ ਪੁਰ ਜ਼ਿਲ੍ਹਾ ਹੁਸ਼ਿਆਰਪੁਰ, ਮਕਲੋਡ ਗੰਜ ਰੋਡ ਰਿਆਸਤ ਬਹਾਵਲਪੁਰ ਮਿੰਟਗੁਮਰੀ ਸ਼ਹਿਰ ਜ਼ਿਲ੍ਹਾ ਮਿੰਟਗੁਮਰੀ, ਤੱਪਾ ਖੇੜਾ ਜ਼ਿਲ੍ਹਾ ਫਿਰੋਜ਼ਪੁਰ, ਰਾਇਕੋਟ, ਜ਼ਿਲ੍ਹਾ ਲੁਧਿਆਣਾ, ਬਨਾਰਸ ਯੂ.ਪੀ. ਸ਼ਹਿਰ ਅਤੇ ਬਾਹਰ ਦੇ ਦੇਸ਼ਾਂ ਵਿਚ ਸਿੰਘਾਪੁਰ, ਨਿਊਜ਼ੀਲੈਂਡ ਅਤੇ ਫਿਜ਼ੀ ਆਦਿ ਵਿਚ ਚਲ ਰਹੀਆਂ ਸਨ। ਇਨ੍ਹਾਂ ਸੰਭਾਵਾਂ ਵਿਚੋਂ ਸ਼ਾਇਦ ਹੁਣ ਵੀ ਕਈ ਸਭਾਵਾਂ ਕੰਮ ਕਰ ਰਹੀਆਂ ਹੋਣ। ਪਰ ਧਾਰਮਿਕ ਪੱਖ ਅਧੂਰਾ ਹੀ ਪਿਆ ਰਿਹਾ, ਕਿਉਂਕਿ ਇਹ ਕੰਮ ਕਿਸੇ ਪਰਮ ਸੰਤ ਤੋਂ ਬਿਨਾਂ ਹੋਣਾ ਮੁਸ਼ਕਲ ਸੀ, ਇਸ ਥੁੜ ਨੂੰ ਪੂਰਾ ਕਰਨ ਲਈ ਪਰਮ ਸੰਤ ਸਰਵਣ ਦਾਸ ਜੀ ਨੇ ਸੰਨ 1965 ਵਿਚ ਪਛੜੀਆਂ ਜਾਤੀਆਂ ਦਾ ਇਸ਼ਟ ਕਾਇਮ ਕਰਨ ਲਈ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜਨਮ ਅਸਥਾਨ ਸੀਰ ਗੋਵਰਧਨਪੁਰ (ਵਾਰਾਨਸੀ) ਕਾਂਸ਼ੀ (ਯੂ.ਪੀ.) ਵਿਖੇ ਇਕ ਬੜਾ ਭਾਰੀ ਮੰਦਰ ਬਣਵਾਉਣ ਦਾ ਉਪਰਾਲਾ ਕੀਤਾ, ਇਸ ਤੋਂ ਇਲਾਵਾ ਆਦਿ ਗੁਰਬਾਣੀ ਗ੍ਰੰਥ (ਆਦਿ ਪ੍ਰਕਾਸ਼) ਵੀ ਵੱਖ ਵੱਖ ਵਿਦਵਾਨ ਅਤੇ ਸਾਧੂ ਮਹਾਤਮਾ ਤਿਆਰ ਕਰ

ਰਹੇ ਹਨ ਜੋ ਕਿ ਸੰਪੂਰਨ ਹੋਣ ਤੇ ਪ੍ਰਕਾਸ਼ਤ ਹੋਣਾ ਸੰਭਵ ਸੀ ਬੇਸ਼ੱਕ ਦੇਸ਼ ਵਿਚ ਕਾਫੀ ਸਾਧੂ ਮਹਾਤਮਾ, ਸੰਤ ਅਤੇ ਦਾਨੀ ਪੁਰਸ਼ ਹਨ, ਪਰ ਅੱਜ ਤਾਈਂ ਕਿਸੇ ਨੇ ਵੀ ਉਸ ਮਹਾਂ ਅਵਤਾਰ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਨਾਮ ਨੂੰ ਰੌਸ਼ਨ ਕਰਨ ਲਈ ਉਨ੍ਹਾਂ ਦੇ ਜਨਮ ਅਸਥਾਨ ਤੇ ਮੰਦਰ ਬਨਵਾਉਣ ਦਾ ਕੋਈ ਯਤਨ ਨਹੀਂ ਕੀਤਾ, ਇਸ ਨੇਕ ਕੰਮ ਲਈ ਪਹਿਲ ਸੰਤ ਸਰਵਣ ਦਾਸ ਜੀ ਬੱਲਾਂ ਜ਼ਿਲ੍ਹਾ ਜਲੰਧਰ ਵਾਲਿਆ ਨੇ ਹੀ ਕੀਤੀ ਹੈ, ਸ਼੍ਰੀ ਗੁਰੂ ਰਵਿਦਾਸ ਮੰਦਰ ਸੀਰ ਗੋਵਰਧਨਪਰ (ਵਾਰਾਨਸੀ) ਕਾਂਸ਼ੀ (ਯੂ.ਪੀ.) ਦਾ ਨੀਂਹ ਪੱਥਰ ਸੰਤ ਹਰੀ ਦਾਸ ਜੀ ਦੇ ਕਰ ਕਮਲਾਂ ਨਾਲ ਰੱਖਿਆ ਗਿਆ ਅਤੇ ਅੱਜ ਤਾਈਂ ਇਸ ਦੀ ਉਸਾਰੀ ਉਤੇ ਡੇਢ ਲੱਖ ਰੁਪਏ ਦੇ ਕਰੀਬ ਖਰਚ ਹੋ ਚੁਕਾ ਹੈ। ਇਸ ਮੰਦਰ ਦੀ ਉਸਾਰੀ ਦਾ ਕੰਮ ਇਕ ਪ੍ਰਬੰਧਕ ਕਮੇਟੀ ਜ਼ੇਰ ਸਰਪ੍ਰਸਤੀ ਸੰਤ ਸਰਵਣ ਦਾਸ ਜੀ ਹੋ ਰਿਹਾ ਹੈ, ਜਿਸ ਦਾ ਹੈੱਡ ਆਫ਼ਿਸ ਡੇਰਾ ਸੰਤ ਸਰਵਣ ਦਾਸ ਜੀ ਬੱਲਾਂ ਡਾਕਖਾਨਾ ਖਾਸ ਤਹਿਸੀਲ ਤੇ ਜ਼ਿਲ੍ਹਾ ਜਲੰਧਰ (ਪੰਜਾਬ) ਵਿਚ ਹੈ ਅਤੇ ਇਸ ਦੀ ਸ਼ਾਖਾ ਖਾਸ ਸੀਰ ਗੋਵਰਧਨਪੁਰ ਡਾਕਖਾਨਾ ਹਿੰਦੂ ਯੂਨੀਵਰਸਿਟੀ ਬਨਾਰਸ (ਯੂ.ਪੀ.) ਵਿਚ ਹੈ। ਮਿਤੀ 2-10-70 ਨੂੰ ਇਕ ਮੀਟਿੰਗ ਹੋਈ ਜਿਸ ਵਿਚ ਮੰਦਰ ਦੇ ਕੰਮ ਨੂੰ ਛੇਤੀ ਨੇਪਰੇ ਚਾੜ੍ਹਨ ਵਾਸਤੇ ਆਦਿ ਗੁਰੂਆਂ (ਸਤਿਗੁਰੂ ਰਵਿਦਾਸ ਜੀ ਮਹਾਰਾਜ, ਮਹਾਰਿਸ਼ੀ ਬਾਲਮੀਕ ਜੀ, ਸਤਿਗੁਰੂ ਕਬੀਰ ਜੀ ਅਤੇ ਸਤਿਗੁਰੂ ਨਾਮਦੇਵ ਜੀ ਆਦਿ) ਦੇ ਨਾਮ ਤੇ ਇਕ ਟੱਰਸਟ ਰਜਿਸਟਰਡ ਕਰਵਾਇਆ ਜਾਵੇ ਤਾਂ ਕਿ ਕੋਈ ਮੰਦਰ, ਗੁਰਦੁਆਰਾ ਲਾਇਬਰੇਰੀ ਅਤੇ ਤਾਲੀਮੀ ਸੰਸਥਾ ਬਿਨਾਂ ਕਿਸੇ ਰੁਕਾਵਟ ਤੋਂ ਨੇਪਰੇ ਚੜ੍ਹ ਸਕੇ, ਸ਼੍ਰੀ ਗੁਰੂ ਰਵਿਦਾਸ ਮੰਦਰ ਸੀਰ ਗੋਵਰਧਨਪੁਰ (ਵਾਰਾਨਸੀ) ਕਾਂਸ਼ੀ (ਯੂ.ਪੀ.) ਨੂੰ ਨੇਪਰੇ ਚਾੜ੍ਹਨ ਲਈ ਅਜੇ ਤਕ ਸ਼੍ਰੀ ਗੁਰੂ ਰਵਿਦਾਸ ਟਰੱਸਟ ਛੇਤੀ ਤੋਂ ਛੇਤੀ ਰਜਿਸਟਰਡ ਕਰਵਾਇਆ ਜਾਵੇ ਤਾਂ ਕਿ ਮੰਦਰ ਦੀ ਉਸਾਰੀ ਦਾ ਕੰਮ ਛੇਤੀ ਪੂਰਾ ਹੋ ਸਕੇ। ਇਸ ਮੰਦਰ ਦੇ ਟਰਸਟ ਦੇ ਪ੍ਰਧਾਨ (Chairman) ਪਰਮ ਸੰਤ ਸਰਵਣ ਦਾਸ ਜੀ ਬੱਲਾਂ ਜ਼ਿਲਾ ਜਲੰਧਰ ਹੀ ਹੋਣਗੇ। ਇਸ ਤਜਵੀਜ਼ ਨੂੰ ਇਕ ਪਬਲਿਕ ਕਾਨਫਰੰਸ ਬੁਲਾ ਕੇ ਬੜੀ ਭਾਰੀ ਹਾਜ਼ਰੀ ਵਿਚ ਪਾਸ ਕਰਵਾਇਆ ਜਾਵੇ। ਆਖਰ 20-12-70 ਨੂੰ ਦਿਨ ਐਤਵਾਰ, ਡੇਰਾ ਸੰਤ ਸਰਵਣ ਦਾਸ ਜੀ ਮਹਾਰਾਜ ਪਿੰਡ ਅਤੇ ਡਾਕਖਾਨਾ ਬੱਲਾਂ ਤਹਿਸੀਲ ਅਤੇ ਜਿਲ੍ਹਾ ਜਲੰਧਰ ਵਿਖੇ ਇਕ ਬੜੀ ਭਾਰੀ ਕਾਨਫਰੰਸ ਬਾਬੂ

ਮੰਗੂ ਰਾਮ ਜੀ ਪ੍ਰਧਾਨ ਆਦਿ-ਧਰਮ (ਸ਼ਡਿਊਲਡ ਕਾਸਟਸ) ਫੈੱਡਰੈਸ਼ਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਦਸ ਹਜ਼ਾਰ ਦੇ ਕਰੀਬ ਲੋਕਾਂ ਨੇ ਭਾਗ ਲਿਆ। ਕਾਨਫਰੰਸ ਵਿਚ ਨਿਮਨ ਲਿਖਤ ਮਤੇ ਸਰਬ ਸੰਮਤੀ ਨਾਲ ਪਾਸ ਹੋਏ।

1. ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਭਾਵੇਂ ਸਿਆਸੀ ਪਾਰਟੀਆਂ ਵੱਖ ਵੱਖ ਹਨ ਪਰ ਇਕ ਦੇਸ਼ ਵਿਚ ਉਹਨਾਂ ਦੀ ਸਮਾਜੀ ਪਾਰਟੀ ਇਕੋ ਇਕ ਹੀ ਹੈ ਜਿਸ ਤਰ੍ਹਾਂ ਕਿ ਅਮਰੀਕਾ ਵਿਚ ਅਮਰੀਕਨ, ਕੈਨੇਡੀਅਨ ਅਤੇ ਰਸ਼ੀਆ ਵਿਚ ਰਸ਼ੀਅਨ ਆਦਿ। ਪਰ ਇਸ ਦੇ ਉਲਟ ਹਿੰਦੋਸਤਾਨ ਵਿਚ ਸਿਆਸੀ ਪਾਰਟੀਆਂ ਦੇ ਇਲਾਵਾ ਸਮਾਜੀ (ਮਜ਼੍ਹਬੀ) ਪਾਰਟੀਆਂ ਵੀ ਵੱਖ ਵੱਖ ਹਨ, ਜਿਸ ਤਰ੍ਹਾਂ ਹਿੰਦੂ, ਸਿੱਖ, ਈਸਾਈ ਅਤੇ ਮੁਸਲਿਮ ਹਨ, ਪਰ ਹਰ ਇਕ ਸਿਆਸੀ ਅਤੇ ਵੱਲ ਕੋਈ ਧਿਆਨ ਨਾ ਦਿੱਤਾ। ਇਸ ਤਰ੍ਹਾਂ ਦੀ ਹਾਲਤ **ਮਜ਼੍ਹਬੀ ਪਾਰਟੀਆਂ ਵਿਚ ਪਛੜੀਆਂ ਜਾਤੀਆਂ ਦੇ ਲੋਕਾਂ ਦੀ ਹਾਲਤ ਨੂੰ ਉੱਚਾ ਕ**ਰਨ ਨੂੰ ਦੇਖ ਕੇ ਬਾਬੂ ਮੰਗੂ ਰਾਮ ਜੀ ਨੇ ਸੰਨ 1925 ਵਿਚ ਆਦਿ-ਧਰਮ ਮਿਸ਼ਨ ਦੇ ਨਾਮ ਉੱਤੇ ਇਕ ਅੰਦੋਲਨ ਆਰੰਭ ਕੀਤਾ ਜਿਸ ਦਾ ਹੈੱਡ ਆਫਿਸ ਜਲੰਧਰ ਸ਼ਹਿਰ ਵਿਚ ਖੋਲ ਕੇ ਉਸ ਸੰਸਥਾ ਦਾ ਨਾਮ, ਦੀ ਪੰਜਾਬ ਆਦਿ-ਧਰਮ (ਸ਼ਡਿਊਲਡ ਕਾਸਟ ਫੈਡਰੈਸ਼ਨ ਰੱਖਿਆ ਗਿਆ। ਇੰਡੀਆਂ ਪੱਧਰ ਤੋਂ ਇਸ ਦੀ ਅਗਵਾਈ ਬਾਵਾ ਸਾਹਿਬ ਡਾਕਟਰ ਬੀ. ਆਰ. ਅੰਬੇਡਕਰ ਜੀ ਕਰ ਰਹੇ ਸਨ। ਇਸ ਸੰਸਥਾ ਨੇ ਪਛੜੀਆਂ ਜਾਤੀਆਂ ਦੀ ਸਮਾਜੀ ਅਤੇ ਸਿਆਸੀ ਹਾਲਤ ਨੂੰ ਉੱਚੇ ਪੱਧਰ ਤੇ ਲਿਆਉਣ ਦਾ ਕੰਮ ਸ਼ੁਰੂ ਕੀਤਾ, ਇਹ ਸੰਸਥਾ ਉਸ ਵੇਲੇ ਦੀ ਸਰਕਾਰ ਵਲੋਂ ਸੰਨ 1930 ਵਿਚ ਪੱਛੜੀਆਂ ਹੋਈਆਂ ਜਾਤੀਆਂ ਦੀ ਜ਼ਿੰਮੇਵਾਰ ਸੰਸਥਾ ਮਨਜ਼ੂਰ (Recognised) ਹੋਈ, ਇਸੀ ਸੰਸਥਾ ਦੇ ਅੰਦੋਲਨ ਦਾ ਸਦਕਾ ਸੰਨ 1935 ਵਿਚ ਇੰਡੀਆ ਐਕਟ ਦੇ ਅਨੁਸਾਰ ਪੂਨਾਂ ਪੈਕਟ ਦੇ ਆਧਾਰ ਉਤੇ ਗਰੀਬ ਪਸਮਾਂਦਾ ਜਾਤੀਆਂ ਨੂੰ ਸਿਆਸੀ ਹੱਕ ਪ੍ਰਾਪਤ ਹੋਏ, ਇਸ ਤੋਂ ਸਾਫ਼ ਜ਼ਾਹਰ ਹੈ ਕਿ ਆਦਿ-ਧਰਮ ਮਿਸ਼ਨ ਦੇ ਬਾਨੀ ਬਾਬੂ ਮੰਗੂ ਰਾਮ ਜੀ ਹਨ ਇਹਨਾਂ ਤੋਂ ਬਿਨਾਂ ਕੋਈ ਵੀ ਆਦਮੀ ਆਪਣੇ ਆਪ ਨੂੰ ਆਦਿ-ਧਰਮ ਮਿਸ਼ਨ ਦੇ ਬਾਨੀ ਦੱਸ ਕੇ ਲੋਕਾਂ ਨੂੰ ਹਨੇਰੇ ਵਿੱਚ ਰੱਖ ਕੇ ਆਪਣਾ ਸੁਆਰਥ ਪੂਰਾ ਕਰਨਾ ਚਾਹੇ ਤਾਂ ਇਹ ਕੌਮ ਨਾਲ ਦਿਨ ਦੀਵੀਂ ਧੋਖਾ ਹੈ। ਇਸ ਲਈ ਹੀ ਕਾਨਫਰੰਸ ਲੋਕਾਂ ਅਗੇ ਪੁਰ-ਜ਼ੋਰ ਅਪੀਲ ਕਰਦੀ ਹੈ ਕਿ ਬਾਬੂ ਮੰਗੂ ਰਾਮ ਜੀ ਦੇ ਬਿਨਾਂ ਕਿਸੇ ਫਰਜ਼ੀ ਬਾਨੀ

ਅਤੇ ਨਕਲੀ ਲੀਡਰ ਦੀਆਂ ਫਰੇਬੀ ਚਾਲਾਂ ਤੋਂ ਬਚਣ ਅਤੇ ਆਪਣਾ ਮਾਲੀ ਤੇ ਸਮਾਜੀ ਨੁਕਸਾਨ ਨਾ ਕਰਨ। ਬਾਬੂ ਮੰਗੂ ਰਾਮ ਜੀ ਤਦ ਤਕ ਇਸ ਅੰਦੋਲਨ (ਮਿਸ਼ਨ) ਦੇ ਪ੍ਰਧਾਨ ਰਹਿਣਗੇ, ਜਦ ਤਕ ਇਹ ਆਪਣੀ ਮੌਜੂਦਗੀ ਵਿਚ ਆਪਣਾ ਜਾਨ ਨਸ਼ੀਨ ਨਾ ਚੁਣ ਲੈਣ। ਪਛੜੀਆਂ ਜਾਤੀਆਂ ਦਾ ਸਮਾਜਿਕ ਅਤੇ ਸਿਆਸੀ ਉਨਤੀ ਦਾ ਕੰਮ ਅਗੇ ਨੂੰ ਵੀ ਬਾਬੂ ਮੰਗੂ ਰਾਮ ਜੀ ਦੀ ਅਗਵਾਈ ਹੇਠ (ਸ਼ਡਿਊਲਡ ਕਾਸਟ) ਫੈਡਰੇਸ਼ਨ ਜਲੰਧਰ ਦੇ ਰਾਹੀਂ ਹੁੰਦਾ ਰਹੇਗਾ। ਬਾਬੂ ਮੰਗੂ ਰਾਮ ਜੀ ਅੱਜ ਵੀ ਇਸ ਕਾਨਫਰੰਸ ਵਿਚ ਬੈਠੇ ਹਨ। ਅੱਜ ਇਹਨਾਂ ਨੂੰ ਸਰਬ ਸੰਮਤੀ ਨਾਲ ਪ੍ਰਧਾਨ ਚੁਣਿਆ ਜਾਂਦਾ ਹੈ ਅਤੇ ਇਹਨਾਂ ਨੂੰ ਆਪਣੇ ਬਾਕੀ ਕਾਰਜ ਕਰਤਾ ਚੁਣਨ ਦਾ ਪੂਰਾ ਹੱਕ ਦਿਤਾ ਜਾਂਦਾਹੈ।ਛੇਤੀ ਤੋਂ ਛੇਤੀ ਆਪਣਾ ਕੰਮ ਸ਼ੁਰੂ ਕਰਨ ਲਈ ਪ੍ਰੇਰਨਾ ਕੀਤੀ ਜਾਂਦੀ ਹੈ।

2. ਪਰਮ ਸੰਤ ਸਰਵਣ ਦਾਸ ਜੀ ਮਹਾਰਾਜ ਪਿੰਡ ਬੱਲਾਂ ਡਾਕਖਾਨਾ ਖਾਸ ਜ਼ਿਲ੍ਹਾ ਜਲੰਧਰ ਇਕ ਪਰ-ਉਪਕਾਰੀ ਅਤੇ ਉਚਕੋਟੀ ਦੇ ਮਹਾਤਮਾ ਹਨ। ਇਹਨਾਂ ਨੂੰ ਗਰੀਬ ਜਨਤਾ ਦੀ ਰੱਖਿਆ ਦੀ ਹਰ ਵੇਲੇ ਧਿਆਨ ਰਹਿੰਦਾ ਹੈ ਪੱਛੜੀਆਂ ਹੋਈਆਂ ਜਾਤੀਆਂ ਹੀ ਨਹੀਂ ਬਲਕਿ ਉੱਚੀਆਂ ਜਾਤੀਆਂ ਦੇ ਲੋਕ ਵੀ ਇਹਨਾਂ ਦੇ ਸ਼ਰਧਾਲੂ ਹਨ। ਇਹਨਾਂ ਆਪਣੀ ਨੇਕ ਕਮਾਈ ਵਿਚੋਂ ਮਾਇਆ ਖਰਚ ਕੇ ਗੁਰੂ ਰਵਿਦਾਸ ਹਾਈ ਸਕੂਲ ਜਲੰਧਰ ਵਾਸਤੇ ਇਕ ਕਮਰਾ ਤਿਆਰ ਕਰਵਾ ਕੇ ਦਿੱਤਾ ਹੈ ਅਤੇ ਹਰਿਦੁਆਰ ਵੀ ਦੋ ਕਮਰੇ ਬਣਵਾਏ ਹਨ। ਇਸ ਤੋਂ ਬਿਨਾ ਬਹੁਤ ਸਾਰੇ ਪਿੰਡਾਂ ਵਿਚ ਜਿਥੇ ਵੀ ਜੰਞ ਘਰ ਜਾਂ ਸਕੂਲ ਬਣਦੇ ਰਹੇ ਉੱਥੇ ਵੀ ਮਹਾਤਮਾ ਜੀ ਕਾਫ਼ੀ ਮਦਦ ਕਰਦੇ ਰਹੇ ਹਨ ਪਰੰਤੂ ਫਿਰ ਵੀ ਮਹਾਤਮਾ ਜੀ ਦੀ ਤਸੱਲੀ ਨਾਂ ਹੋਈ ਅਖੀਰ ਪੱਛੜੀਆਂ ਹੋਈਆਂ ਜਾਤੀਆ ਦਾ ਇਸ਼ਟ ਕਾਇਮ ਕਰਨ ਵਾਸਤੇ ਇਸ ਪਰਉਪਕਾਰੀ ਮਹਾਤਮਾ ਨੇ ਉਸ ਮਹਾਂ ਅਵਤਾਰ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਜਨਮ ਅਸਥਾਨ ਸੀਰ ਗੋਵਰਧਨਪੁਰ ਵਾਰਾਨਸੀ (ਕਾਂਸ਼ੀ ਸ਼ਹਿਰ) ਯੂ. ਪੀ. ਵਿਖੇ ਇਕ ਬੜਾ ਭਾਰੀ ਸ਼੍ਰੀ ਗੁਰੂ ਰਵਿਦਾਸ ਮੰਦਰ ਬਣਾਉਣ ਦਾ ਉਪਰਾਲਾ ਕੀਤਾ ਜਿਸ ਦਾ ਨੀਂਹ ਪੱਥਰ ਸੰਤ ਹਰੀ ਦਾਸ ਜੀ ਪਾਸੋਂ ਸੰਨ 1965 ਵਿੱਚ ਰਖਵਾਇਆ, ਪੰਜਾਬ ਅਤੇ ਹਿੰਦੁਸਤਾਨ ਭਰ ਵਿਚ ਹੋਰ ਵੀ ਸਾਧੂ ਮਹਾਤਮਾ ਅਤੇ ਧਨਾਡ ਪੁਰਸ਼ ਹਨ ਪਰ ਕਿਸੇ ਵੀ ਸਾਧੂ ਮਹਾਤਮਾ ਜਾਂ ਦਾਨੀ ਪੁਰਸ਼ ਨੇ ਸ੍ਰੀ ਗੁਰੂ ਰਵਿਦਾਸ ਜੀ ਦਾ ਨਾ ਉੱਘਾ ਕਰਾਉਣ

ਵਾਸਤੇ ਕੋਈ ਵੀ ਉਪਰਾਲਾ ਨਾ ਕੀਤਾ, ਸੰਤ ਸਰਵਣ ਦਾਸ ਜੀ ਨੇ ਇਸ ਵਿਚ ਪਹਿਲ ਕੀਤੀ ਹੈ। ਇਸ ਵਾਸਤੇ ਇਹ ਕਾਨਫਰੰਸ ਸਰਬ ਸੰਮਤੀ ਨਾਲ ਪਰਮ ਸੰਤ ਸਰਵਣ ਦਾਸ ਜੀ ਦਾ ਬਹੁਤ ਬਹੁਤ ਧੰਨਵਾਦ ਕਰਦੀ ਹੈ ਅਤੇ ਮਹਾਤਮਾ ਜੀ ਦੀ ਸੇਵਾ ਵਿਚ ਬੇਨਤੀ ਕਰਦੀ ਹੈ ਕਿ ਉਹ ਆਪਣੇ ਇਸ ਪਰ-ਉਪਕਾਰ ਨੂੰ ਜਾਰੀ ਰਖਦੇ ਹੋਏ ਆਪਣੀ ਕਿਰਪਾ ਨਾਲ ਮੰਦਰ ਦੀ ਉਸਾਰੀ ਦਾ ਕੰਮ ਪੂਰਾ ਕਰਵਾਉਣ।

3. ਸ੍ਰੀ ਗੁਰੂ ਰਵਿਦਾਸ ਮੰਦਰ ਵਾਰਾਨਸੀ (ਸੀਰ ਗੋਵਰਧਨਪੁਰ) ਕਾਂਸ਼ੀ (ਯੂ.ਪੀ.) ਇਕ ਪ੍ਰਬੰਧਕ ਕਮੇਟੀ ਜ਼ੇਰ ਸਰਪ੍ਰਸਤੀ ਸੰਤ ਸਰਵਣ ਦਾਸ ਜੀ ਦੀ ਮਾਰਫ਼ਤ ਬਣ ਰਿਹਾ ਹੈ, ਜਿਸ ਦਾ ਹਿਸਾਬ ਕਮੇਟੀ ਦੇ ਪਾਸ ਮੌਜੂਦ ਹੈ। ਜਿੰਨਾਂ ਪੈਸਾ ਮੰਦਰ ਦੀ ਉਸਾਰੀ ਵਾਸਤੇ ਇੱਕਠਾ ਹੁੰਦਾ ਹੈ ਉਹ ਕਮੇਟੀ ਦੇ ਸਪੁਰਦ ਕੀਤਾ ਜਾਂਦਾ ਹੈ, ਉਸ ਵਿੱਚੋਂ ਹੀ ਮੰਦਰ ਦੀ ਉਸਾਰੀ ਦਾ ਕੰਮ ਹੁੰਦਾ ਹੈ ਸਗੋਂ ਇਸ ਫੰਡ ਤੋਂ ਬਿਨਾਂ ਪਰਮ ਸੰਤ ਸਰਵਣ ਦਾਸ ਜੀ ਆਪਣੀ ਨਿੱਜੀ ਪੂੰਜੀ ਵਿੱਚੋਂ ਹੀ ਮਾਇਆ ਅਤੇ ਅਨਾਜ ਦੀ ਸ਼ਕਲ ਵਿਚ ਮੰਦਰ ਦੀ ਉਸਾਰੀ ਲਈ ਦਿੰਦੇ ਹਨ, ਜਨਤਾ ਨੂੰ ਮੰਦਰ ਦੀ ਉਸਾਰੀ ਦੇ ਖਰਚ ਆਮਦਨ ਦਾ ਹਿਸਾਬ ਦੇਖਣ ਦਾ ਹਰ ਵੇਲੇ ਹੱਕ ਹੈ ਅਤੇ ਕਮੇਟੀ ਨੂੰ ਮੰਦਰ ਦੇ ਖਰਚ ਆਮਦਨ ਦਾ ਹਿਸਾਬ ਦੱਸਣ ਵਿਚ ਕੋਈ ਇਤਰਾਜ਼ ਨਹੀਂ ਹੈ। ਅਗਰ ਕੋਈ ਸ਼ਖਸ ਸੰਤ ਸਰਵਣ ਦਾਸ ਜੀ ਪਾਸੋਂ ਦਬਾਓ ਨਾਲ ਹਿਸਾਬ ਮੰਗੇ, ਉਹਨਾਂ ਨੂੰ ਬਦਨਾਮ ਕਰੇ ਅਤੇ ਸਾਰਾ ਫੰਡ ਆਪਣੇ ਕਬਜ਼ੇ ਵਿਚ ਲੈਣ ਦੀ ਧਮਕੀ ਦੇਵੇ ਤਾਂ ਇਹ ਸਰਾਸਰ ਬੇ-ਸਮਝੀ ਅਤੇ ਮੂਰਖਤਾ ਹੈ। ਇਸ ਵਾਸਤੇ ਇਹ ਕਾਨਫਰੰਸ ਸਰਵ ਸੰਮਤੀ ਨਾਲ ਪਾਸ ਕਰਦੀ ਹੈ ਕਿ ਅਜਿਹੇ ਆਦਮੀ ਦੇ ਬਰਖਿਲਾਫ ਕਾਨੂੰਨੀ (ਇੱਜ਼ਤ ਹੱਤਕ) ਕਾਰਵਾਈ ਕੀਤੀ ਜਾਵੇ।

4. ਸ਼੍ਰੀ ਗੁਰੂ ਰਵਿਦਾਸ ਮੰਦਰ ਵਾਰਾਨਸੀ (ਸੀਰ ਗੋਵਰਧਨ ਪੁਰ) ਕਾਂਸ਼ੀ (ਯੂ.ਪੀ.) ਦੀ ਉਸਾਰੀ ਪਰਮ ਸੰਤ ਸਰਵਣ ਦਾਸ ਅਤੇ ਬਾਕੀ ਦਾਨੀ ਪੁਰਸ਼ਾਂ ਦੀ ਕਿਰਪਾ ਨਾਲ ਪ੍ਰਬੰਧਕ ਕਮੇਟੀ ਦੀ ਮਾਰਫਤ ਮਿਸਤਰੀ ਗੁਰਦਿਆਲ ਸਿੰਘ ਦੇ ਹੱਥਾਂ ਨਾਲ ਨੇਪਰੇ ਚੜ੍ਹਕੇ ਹੀ ਰਹੇਗਾ, ਇਸ ਵਾਸਤੇ ਅਗਰ ਕੋਈ ਦਾਨੀ ਪੁਰਸ਼ ਮੰਦਰ ਦੀ ਉਸਾਰੀ ਲਈ ਕੁਝ ਮਾਇਆ ਜਾਂ ਅਨਾਜ ਦਾਨ ਕਰਨਾ ਚਾਹੁੰਦਾ ਹੈ ਤਾਂ ਉਹ ਜਾਂ ਤਾਂ ਆਪ ਕਾਂਸ਼ੀ ਵਿਖੇ ਪਧਾਰ ਕੇ ਆਪ ਖਰਚ ਕਰੇ ਜਾਂ

ਪ੍ਰਬੰਧਕ ਕਮੇਟੀ ਦੇ ਪਾਸ ਜਮ੍ਹਾਂ ਕਰਾਕੇ ਰਸੀਦ ਹਾਸਲ ਕਰੇ, ਇਸ ਵਾਸਤੇ ਇਹ ਕਾਨਫਰੰਸ ਲੋਕਾਂ ਅੱਗੇ ਅਪੀਲ ਕਰਦੀ ਹੈ ਕਿ ਕਿਸੇ ਨਕਲੀ ਬਾਨੀ ਆਦਿ ਧਰਮ ਮਿਸ਼ਨ ਜਾਂ ਖੁਦਗਰਜ਼ ਲੀਡਰ ਨੂੰ ਪੈਸਾ ਦੇ ਕੇ ਆਪਣਾ ਨੁਕਸਾਨ ਨਾ ਕਰਨ ਕਿਉਂਕਿ ਪ੍ਰਬੰਧਕ ਕਮੇਟੀ ਦੇ ਬਿਨਾਂ ਕਿਸੇ ਵੀ ਸੰਸਥਾ ਦਾ ਕੋਈ ਪੈਸਾ ਮੰਦਰ ਦੀ ਉਸਾਰੀ ਉੱਤੇ ਅੱਜ ਤੱਕ ਖਰਚ ਨਹੀਂ ਹੋਇਆ, ਇਸ ਪ੍ਰਬੰਧਕ ਕਮੇਟੀ ਨੇ ਅੱਜ ਤਾਈਂ ਡੇਢ ਲੱਖ ਰੁਪਏ ਕਰੀਬ ਮੰਦਰ ਦੀ ਉਸਾਰੀ ਉੱਤੇ ਖਰਚ ਕੀਤਾ ਹੈ।

5. ਸ਼੍ਰੀ ਗੁਰੂ ਰਵਿਦਾਸ ਮੰਦਰ ਵਾਰਾਨਸੀ (ਸੀਰ ਗੋਵਰਧਨਪੁਰ) ਕਾਸ਼ੀ (ਯੂ.ਪੀ.) ਦੀ ਜਾਇਦਾਦ ਮੰਦਰ ਦੀ ਹੈ ਜਿਸ ਦੀ ਵਾਰਸ ਸਾਰੀ ਬਰਾਦਰੀ ਹੈ। ਇਹ ਜਾਇਦਾਦ ਕਿਸੇ ਇਕ ਆਦਮੀ ਸਾਧੂ ਮਹਾਤਮਾ, ਸੰਤ ਜਾਂ ਸੰਸਥਾ ਦੀ ਨਹੀਂ ਹੋਵੇਗੀ ਬਲਕਿ ਸਾਰੀ ਕੌਮ ਦੀ ਹੋਵੇਗੀ, ਮੰਦਰ ਦੀ ਉਸਾਰੀ ਦਾ ਕੰਮ ਅੱਗੇ ਨੂੰ ਰਜਿਸਟਰਡ ਸ਼੍ਰੀ ਗੁਰੂ ਰਵਿਦਾਸ ਟਰੱਸਟ ਦੀ ਮਾਰਫਤ ਚਾਲੂ ਰਹੇਗਾ ਅਤੇ ਟਰੱਸਟ ਦੇ ਆਗੂ ਸੰਤ ਸਰਵਣ ਦਾਸ ਜੀ ਹੀ ਰਹਿਣਗੇ, ਇਸ ਲਈ ਇਹ ਕਾਨਫਰੰਸ ਸਰਵ ਸੰਮਤੀ ਨਾਲ ਸੰਤ ਸਰਵਣ ਦਾਸ ਜੀ ਨੂੰ ਟਰੱਸਟ ਦਾ ਆਗੂ (ਚੇਅਰਮੈਨ) ਨੀਯਤ ਕਰਦੀ ਹੈ ਅਤੇ ਇਨ੍ਹਾਂ ਨੂੰ ਟਰੱਸਟ ਲਈ ਕਮੇਟੀ ਦੇ ਕਰਜ ਕਰਤਾ ਚੁਣਨ ਦਾ ਪੂਰਾ ਪੂਰਾ ਹੱਕ ਦਿੰਦੀ ਹੈ। ਮੰਦਰ ਦੀ ਉਸਾਰੀ ਵਿਚ ਕੋਈ ਰੁਕਾਵਟ ਪਾਉਣ ਵਾਲੇ ਆਦਮੀ ਦੇ ਬਰਖਿਲਾਫ਼ ਕਾਨੂੰਨੀ ਕਾਰਵਾਈ ਕਰਨ ਦਾ ਹੱਕ ਵੀ ਟਰਸਟ ਦੀ ਕਾਰਜ ਕਾਰਨੀ ਕਮੇਟੀ ਨੂੰ ਦਿੱਤਾ ਜਾਂਦਾ ਹੈ।

6. ਪਰਮ ਸੰਤ ਸਰਵਣ ਦਾਸ ਜੀ ਮਹਾਰਾਜ ਪਿੰਡ ਅਤੇ ਡਾਕਖਾਨਾ ਬੱਲ ਤਹਿਸੀਲ ਅਤੇ ਜਿਲ੍ਹਾ ਜਲੰਧਰ ਦੇ ਆਸ਼ਰਮ ਤੇ ਹਰ ਇਕ ਜਾਤੀ ਦੇ ਆਦਮੀ, ਤਾਂਗਿਆਂ, ਮੋਟਰ ਸਾਈਕਲ, ਸਾਈਕਲ, ਟੈਂਪੂ ਅਤੇ ਕਾਰਾਂ ਦੇ ਰਾਹੀਂ ਦਰਸ਼ਨਾਂ ਨੂੰ ਆਉਂਦੇ ਹਨ, ਸਾਲ ਵਿਚ ਦੋ ਮੇਲੇ ਲਗਦੇ ਹਨ, ਹਰ ਸੰਗਰਾਂਦ, ਹਰ ਐਤਵਾਰ ਬਲਕਿ ਹਰ ਰੋਜ਼ ਇਸ ਆਸ਼ਰਮ ਤੇ ਸਤਿਸੰਗ ਹੁੰਦਾ ਹੈ। ਆਸ਼ਰਮ ਦੇ ਨਾਲ ਵਾਲੀ ਨਹਿਰ ਤੇ ਪੁਲ ਨਾ ਹੋਣ ਅਤੇ ਟੁਟੇ ਹੋਏ ਰਸਤੇ ਦੇ ਕਾਰਨ ਯਾਤਰੂਆਂ ਨੂੰ ਆਉਣ ਜਾਣ ਵਿਚ ਬੜੀ ਤੰਗੀ ਹੁੰਦੀ ਹੈ ਇਸ ਲਈ ਇਹ ਕਾਨਫਰੰਸ ਪੰਜਾਬ ਸਰਕਾਰ ਤੋਂ ਨਿਮਰਤਾ ਪੂਰਵਕ ਮੰਗ ਕਰਦੀ ਹੈ ਕਿ ਉਹ ਆਪਣੇ ਲੋਕ ਭਲਾਈ ਵਿੱਚੋਂ ਇੱਕ ਖਾਸ ਰਕਮ ਗਰਾਂਟ ਵਜੋਂ ਮਨਜ਼ੂਰ ਕਰਕੇ

ਆਸ਼ਰਮ ਦੇ ਨਾਲ ਵਾਲੀ ਨਹਿਰ ਉਤੇ ਪੁਲ ਬਣਵਾ ਦੇਵੇ ਅਤੇ ਟੁਟੇ ਹੋਏ ਰਸਤੇ ਨੂੰ ਪੁਖਤਾ (Link Road) ਕਰਵਾ ਕੇ ਯਾਤਰੂਆਂ ਦੀ ਤਕਲੀਫ ਨੂੰ ਦੂਰ ਕਰਨ ਦਾ ਉਪਰਾਲਾ ਕਰੇ।

7. ਸ਼੍ਰੀ ਗੁਰੂ ਰਵਿਦਾਸ ਮੰਦਰ ਵਾਰਾਨਸੀ (ਸੀਰ ਗੋਵਰਧਨਪੁਰ) ਕਾਂਸ਼ੀ (ਯੂ.ਪੀ.) ਦੀ ਉਸਾਰੀ ਵਾਸਤੇ ਜਿਸ ਰਾਸਤੇ ਦੇ ਰਾਹੀਂ ਸਮਾਨ (ਮਟੀਰੀਅਲ) ਲਿਆਂਦਾ ਜਾਂਦਾ ਹੈ ਉਸ ਰਾਸਤੇ ਵਿਚ ਕਈ ਵਾਰੀ ਹਿੰਦੂ ਬਨਾਰਸ ਯੂਨੀਵਰਸਿਟੀ ਦਾ ਗੰਦਾ ਪਾਣੀ ਭਰ ਜਾਂਦਾ ਹੈ, ਜਿਸ ਕਾਰਨ ਸਮਾਨ ਲੈ ਜਾਣ ਵਿਚ ਤੰਗੀ ਹੁੰਦੀ ਹੈ ਅਤੇ ਮੰਦਰ ਦੀ ਉਸਾਰੀ ਵਿਚ ਭਾਰੀ ਰੁਕਾਵਟ ਪੈ ਜਾਂਦੀ ਹੈ ਬਲਕਿ ਉਹ ਪਾਣੀ ਮੰਦਰ ਦੀ ਇਮਾਰਤ (Building) ਨੂੰ ਵੀ ਨੁਕਸਾਨ ਦਿੰਦਾ ਹੈ ਇੰਨਾ ਹੀ ਨਹੀਂ ਬਲਕਿ ਸੀਰ ਗੋਵਰਧਨਪੁਰ ਦੇ ਕੁਝ ਸਵਰਨ ਜਾਤੀ ਅਭਿਮਾਨੀ ਪੁਰਸ਼ ਮੰਦਰ ਦੇ ਸੇਵਾਦਾਰਾਂ ਉਤੇ ਨਾਜਾਇਜ਼ ਦਬਾਅ ਪਾਉਂਦੇ ਅਤੇ ਕੋਝੇ ਹਮਲੇ ਕਰਦੇ ਰਹਿੰਦੇ ਹਨ ਤਾਂ ਕਿ ਮੰਦਰ ਨਾ ਬਣ ਸਕੇ। ਇਸ ਲਈ ਇਹ ਕਾਨਫਰੰਸ ਹਿੰਦ ਸਰਕਾਰ ਅੱਗੇ ਬੇਨਤੀ ਕਰਦੀ ਹੈ ਕਿ ਉਹ ਯੂ.ਪੀ. ਸਰਕਾਰ ਦੀ ਮਾਰਫਤ ਉਸ ਦੇ ਲੋਕ ਭਲਾਈ ਫੰਡ ਵਿਚ ਇਕ ਖਾਸ ਰਕਮ ਗਰਾਂਟ ਵਜੋਂ ਮਨਜ਼ੂਰ ਕਰਵਾ ਕੇ ਜਾ ਤਾਂ ਰਸਤਾ (Link Road) ਪੱਕਾ ਕਰਵਾ ਦੇਵੇ ਅਤੇ ਹਿੰਦੂ ਬਨਾਰਸ ਯੂਨੀਵਰਸਿਟੀ ਦੇ ਪਾਣੀ ਦੀ ਲਾਂਘੇ ਨੂੰ ਬਦਲਵਾ ਦੇਵੇ ਜਾਂ ਕੋਈ ਹੋਰ ਨਾਲ ਵਾਲੀ ਜ਼ਮੀਨ ਦਾ ਟੁਕੜਾ ਸਰਕਾਰੀ ਤੌਰ ਤੇ ਇਕਵਾਇਰ (Acquire) ਕਰਵਾਕੇ ਪੱਕੀ ਸੜਕ ਬਣਵਾ ਦੇਵੇ ਤਾਂ ਕਿ ਮੰਦਰ ਦੀ ਉਸਾਰੀ ਆਸਾਨੀ ਨਾਲ ਹੋ ਸਕੇ ਅਤੇ ਯਾਤਰੂਆਂ ਨੂੰ ਆਉਣ ਜਾਣ ਵਿਚ ਕੋਈ ਤਕਲੀਫ ਨਾ ਹੋਵੇ, ਮੰਦਰ ਦੀ ਉਸਾਰੂ ਕਮੇਟੀ ਸਰਕਾਰ ਦੇ ਜ਼ਾਬਤੇ ਦੇ ਅਨੁਸਾਰ ਆਪਣਾ ਹਿਸਾ (Public Share) ਸੜਕ ਵਾਸਤੇ ਦੇਣ ਨੂੰ ਤਿਆਰ ਹੈ। ਇਸ ਤੋਂ ਬਿਨਾਂ ਮੰਦਰ ਉਸਾਰੀ ਵਿਚ ਸੀਰ ਗੋਵਰਧਨਪੁਰ ਦੇ ਸਵਰਨ ਜਾਤੀ ਦੇ ਅਭਿਮਾਨੀ ਜਾਂ ਕੋਈ ਰੁਕਾਵਟ ਵਾਲੇ ਹੋਰ ਆਦਮੀ ਨੂੰ ਕਾਨੂੰਨ ਦੇ ਰਾਹੀਂ ਮੰਦਰ ਦੀ ਉਸਾਰੀ ਦੇ ਕੰਮ ਵਿਚ ਰੁਕਾਵਟ ਪਾਉਣ ਤੋਂ ਰੋਕਿਆ ਜਾਵੇ।

8. ਇਹ ਕਾਨਫਰੰਸ, ਪੰਜਾਬ, ਹਿਮਾਚਲ, ਹਰਿਆਣਾ ਅਤੇ ਹਿੰਦ ਦੇ ਬਾਕੀ ਸੂਬਿਆਂ ਦੇ ਆਦੀ-ਵਾਸੀ ਭਰਾਵਾਂ ਅੱਗੇ ਅਪੀਲ ਕਰਦੀ ਹੈ ਕਿ ਉਹ

ਆਪਣੇ ਇਸ਼ਟ ਨੂੰ ਕਾਇਮ ਕਰਨ ਖਾਤਰ ਸ਼੍ਰੀ ਗੁਰੂ ਰਵਿਦਾਸ ਮੰਦਰ ਵਾਰਾਨਸੀ (ਸੀਰ ਗੋਵਰਧਨ ਪੁਰ) ਕਾਂਸ਼ੀ (ਯੂ.ਪੀ.) ਦੀ ਉਸਾਰੀ ਵਿਚ ਪੂਰੀ ਪੂਰੀ ਮਦਦ ਕਰਨ ਅਤੇ ਸਰਵ ਸੰਮਤੀ ਨਾਲ ਪਾਸ ਕੀਤਾ ਜਾਂਦਾ ਹੈ ਕਿ ਇਸ ਕਾਨਫਰੰਸ ਦੀ ਕਾਰਵਾਈ ਇਕ ਪੈਂਫਲਿਟ ਦੀ ਸ਼ਕਲ ਵਿਚ ਛਪਵਾ ਕੇ, ਉਸਦੀ ਇੱਕ ਇੱਕ ਕਾਪੀ ਪੰਜਾਬ ਸਰਕਾਰ, ਹਿੰਦ ਸਰਕਾਰ ਅਤੇ ਯੂ. ਪੀ. ਸਰਕਾਰ ਨੂੰ ਭੇਜੀ ਜਾਵੇ, ਅਤੇ ਬਾਕੀ ਕਾਪੀਆਂ ਦਾਨੀ ਪੁਰਸ਼ਾਂ ਅਤੇ ਜਨਤਾ ਵਿਚ ਤਕਸੀਮ ਕੀਤੀਆਂ ਜਾਣ ਤਾਂ ਕਿ ਲੋੜੀਂਦੀ ਕਾਰਵਾਈ ਹੋ ਸਕੇ। ਦਾਨੀ ਪੁਰਸ਼ਾਂ ਦੇ ਨਾਮਾਂ ਦੇ ਪੱਧਰ ਛੇਤੀ ਹੀ ਮੰਦਰ ਦੀ ਉਸਾਰੀ ਪੂਰੀ ਹੋਣ ਤੇ ਲਗਾਏ ਜਾਣਗੇ।

**ਕਾਨਫਰੰਸ ਵਿਚ ਆਏ ਹੋਏ ਉੱਘੇ ਆਗੂਆਂ ਦੇ ਵਿਚਾਰ**

13 ਦਸੰਬਰ 1970 ਈਸਵੀ ਦਿਨ ਐਤਵਾਰ ਨੂੰ 12 ਵਜੇ ਡੇਰਾ ਸੰਤ ਬਾਬਾ ਸਰਵਣ ਦਾਸ ਜੀ ਦੇ ਪਵਿੱਤਰ ਅਸਥਾਨ ਤੇ ਹੋਈ। ਕਾਨਫਰੰਸ ਦੀ ਕਾਰਵਾਈ ਸ਼੍ਰੀ ਗੁਰੂ ਰਵਿਦਾਸ ਜੀ ਦੇ ਪਵਿੱਤਰ ਸ਼ਬਦ "ਐਸੀ ਲਾਲ ਤੁਝ ਬਿਨੁ ਕਉਨੁ ਕਰੈ।" "ਇਹੁ ਜਨਮੁ ਤੁਮ੍ਹਾਰੇ ਲੇਖੇ" ਨਾਲ ਆਰੰਭ ਕੀਤੀ। ਕਾਨਫਰੰਸ ਵਿਚ ਸਭ ਤੋਂ ਪਹਿਲਾਂ ਸ੍ਰੀ ਹਜਾਰਾ ਰਾਮ (ਰਿਟਾਇਰਡ ਬੀ. ਡੀ. ਓ.) ਨੇ ਆਈ ਸੰਗਤ ਦਾ ਧੰਨਵਾਦ ਕੀਤਾ। ਇਸ ਸਮੇਂ ਸ੍ਰੀ ਚਰਨ ਦਾਸ ਨਿਧੜਕ ਨੇ ਕਵਿਤਾ ਬੋਲੀ। ਇਸ ਕਾਨਫਰੰਸ ਵਿਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਅਤੇ ਯੂ.ਪੀ. ਦੇ ਲੀਡਰਾਂ ਨੇ ਭਾਗ ਲਿਆ। ਸ੍ਰੀ ਹਜਾਰਾ ਰਾਮ ਜੀ ਨੇ ਦੱਸਿਆ ਕਿ ਸਦੀਆਂ ਤੋਂ ਇਹ ਬਹੁਤ ਵੱਡੀ ਘਾਟ ਸੀ ਕਿ ਸਾਡਾ ਧਾਰਮਕ ਅਸਥਾਨ ਨਹੀਂ ਸੀ। ਸ੍ਰੀ ਗੁਰੂ ਰਵਿਦਾਸ ਜੀ ਦੀ ਯਾਦ ਵਿਚ ਜਿਹੜਾ ਮੰਦਰ ਸੀਰ ਗੋਵਰਧਨਪੁਰ ਵਿਚ ਬਣਾਉਣਾ ਆਰੰਭ ਕੀਤਾ ਗਿਆ ਹੈ, ਉਸ ਲਈ ਸਾਰਾ ਉੱਦਮ ਸ਼੍ਰੀ ਮਾਨ ਸੰਤ ਸਰਵਣ ਦਾਸ ਜੀ ਬੱਲਾਂ ਵਾਲਿਆਂ ਦੀਆਂ ਅਣਥਕ ਮਿਹਨਤਾਂ ਤੇ ਕੋਸ਼ਿਸ਼ਾਂ ਨਾਲ ਹੀ ਹੋਇਆ ਹੈ। ਜਿਹੜੇ ਲੋਕ ਆਪਣੀ ਚੌਧਰ ਕਾਇਮ ਕਰਨ ਲਈ ਡੀਂਗਾਂ ਮਾਰਦੇ ਹਨ ਉਸ ਸਮੇਂ ਉਹਨਾਂ ਦਾ ਨਾਮ ਨਿਸ਼ਾਨ ਵੀ ਨਹੀਂ ਸੀ। ਆਪ ਨੇ ਐਲਾਨ ਕੀਤਾ ਕਿ ਸ਼੍ਰੀ ਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਸੀਰ ਗੋਵਰਧਨਪੁਰ (ਕਾਂਸੀ ਯੂ.ਪੀ.) ਵਿੱਚ ਜਿਹੜਾ ਧਰਮ ਅਸਥਾਨ ਬਣ ਰਿਹਾ ਹੈ ਉਸ ਦਾ ਆਰੰਭ ਪਰਮ ਪੂਜਯ ਮਹਾਤਮਾ ਸੰਤ ਸਰਵਣ ਦਾਸ ਜੀ ਡੇਰਾ ਬੱਲਾਂ ਵਾਲਿਆਂ ਦੀ ਮਿਹਰਬਾਨੀ ਨਾਲ 1965 ਤੋਂ ਹੋ

ਰਿਹਾ ਹੈ ਜਿੱਥੇ ਉਨ੍ਹਾਂ ਨੇ ਅੱਜ ਤੱਕ ਲੱਖਾਂ ਰੁਪਏ ਸੰਗਤਾਂ ਦੀ ਨੇਕ ਕਮਾਈ ਵਿੱਚੋਂ ਇੱਕਠੇ ਕਰਕੇ ਖਰਚ ਕਰ ਦਿੱਤੇ ਹਨ। ਆਪ ਜੀ ਨੇ ਸ਼ਡਿਊਲਡ ਕਾਸਟ ਭਰਾਵਾਂ ਦੀ ਦੇਸ਼ ਦੀ ਵੰਡ ਤੋਂ ਪਹਿਲੀ ਹਾਲਤ ਤੇ ਵੀ ਚਾਨਣਾ ਪਾਇਆ ਤੇ ਕਿਹਾ ਕਿ ਸਾਨੂੰ ਉਸ ਵੇਲੇ ਵੋਟ ਦੇਣ ਦਾ ਵੀ ਅਧਿਕਾਰ ਨਹੀਂ ਸੀ। ਹੱਕਾਂ ਦੀ ਪ੍ਰਾਪਤੀ ਲਈ 1925 ਈਸਵੀ ਵਿਚ ਡਾਕਟਰ ਅੰਬੇਡਕਰ ਸਾਹਿਬ ਅਤੇ ਬਾਬੂ ਮੰਗੂ ਰਾਮ ਦੀਲੀਡਰਸ਼ਿਪ ਥੱਲੇ ਆਦਿ ਧਰਮ (ਆਦੀ ਵਾਸੀ) ਸ਼ਡਿਊਲਡ ਕਾਸਟਸ ਫੈੱਡਰੇਸ਼ਨ ਨਾਂ ਦੀ ਜੱਥੇਬੰਦੀ ਕਾਇਮ ਕੀਤੀ। ਸ੍ਰੀ ਹਜਾਰਾ ਰਾਮ ਜੀ ਦੀ ਬੀਮਾਰੀ ਦੇ ਕਾਰਨ ਵਧੇਰੇ ਬੋਲ ਨਹੀਂ ਸਕੇ ਪਰ ਫਿਰ ਵੀ ਉਹਨਾਂ ਨੇ ਕਿਹਾ ਕਿ ਜਦੋਂ ਤਕ ਅਸੀਂ ਧਾਰਮਿਕ ਅਤੇ ਸਿਆਸੀ ਪੱਖੋਂ ਸੂਝ ਬੂਝ ਤੋਂ ਸਖਣੇ ਹਾਂ ਕਦੇ ਵੀ ਆਪਣੇ ਹੱਕਾਂ ਦੀ ਰਾਖੀ ਨਹੀਂ ਕਰ ਸਕਦੇ। ਸ਼੍ਰੀ ਤੋਤਾ ਰਾਮ, ਡਾ. ਰਾਮ ਲਾਲ ਜੱਸੀ ਤੇ ਸ੍ਰੀ ਅਨੰਤ ਰਾਮ ਬੱਧਣ ਨੇ ਵੀ ਖਿਆਲ ਪ੍ਰਗਟ ਕੀਤੇ। ਪ੍ਰਬੰਧਕ 'ਰਵਿਦਾਸ ਪੱਤ੍ਰਿਕਾ' ਸ਼੍ਰੀ ਭਾਗੂ ਰਾਮ ਕੈਪਟਨ (ਰਿਟਾਇਰਡ) ਨੇ ਕਿਹਾ ਕਿ ਮੈਨੂੰ ਤਲਖ ਤਜ਼ਰਬਾ ਹੈ ਕਿ ਜਦ ਤੱਕ ਅਸੀਂ ਆਪਣੀ ਮਨੁੱਖੀ ਹੋਂਦ ਨੂੰ ਅਨੁਭਵ ਨਹੀਂ ਕਰਦੇ ਜਾਂ ਜਿਸਮ ਵਿਚ ਅਤੇ ਦਿਲ ਵਿਚ ਕੌਮ ਲਈ ਦਰਦ ਨਹੀਂ ਰੱਖਦੇ ਉਦੋਂ ਤਕ ਦੂਜੀਆਂ ਕੌਮਾਂ ਸਾਨੂੰ ਆਪਣੇ ਜ਼ਰ ਖਰੀਦ ਗੋਲੇ ਬਣਾਈ ਰੱਖਣਗੀਆਂ। ਇਸ ਲਈ ਸਾਨੂੰ ਵੱਡੇ ਰਾਜਨੀਤਕ ਸੰਘਰਸ਼ ਦੀ ਲੋੜ ਹੈ। ਆਪ ਨੇ ਕਿਹਾ ਕਿ ਸਮੇਂ ਦਾ ਸਾਡੇ ਸਿਰ ਤੇ ਆਇਆ ਸੰਕਟ ਸਾਡੇ ਲਈ ਇਕ ਵੰਗਾਰ ਹੈ। ਇਸ ਲਈ ਸਾਨੂੰ ਇੱਕ ਮੁੱਠ ਹੋ ਜਾਣਾ ਚਾਹੀਦਾ ਹੈ ਤਦ ਹੀ ਅਸੀਂ ਗੁਲਾਮੀ ਦੀ ਜ਼ਿੰਦਗੀ ਤੋਂ ਛੁਟਕਾਰਾ ਪਾ ਸਕਾਂਗੇ। ਸ਼੍ਰੀ ਮਾਣਕ ਚੰਦ ਅੰਮ੍ਰਿਤਸਰੀ ਨੇ ਕਿਹਾ ਕਿ ਮੈਂ ਪ੍ਰਣ ਕਰਦਾ ਹਾਂ ਕਿ ਜਦੋਂ ਤਕ ਕੌਮ ਉਤੇ ਆਈਆਂ ਮੁਸੀਬਤਾਂ ਅਸੀਂ ਦੂਰ ਨਹੀਂ ਕਰ ਸਕਾਂਗੇ ਅਸੀਂ ਸੁੱਖ ਦੀ ਨੀਂਦ ਨਹੀਂ ਸੋਵਾਂਗੇ। ਹੁਣ ਸਾਡੇ ਸਿਰ ਤੇ ਗੁਰੂਆਂ ਅਤੇ ਸੰਤਾਂ ਮਹੰਤਾਂ ਦਾ ਪੂਰਨ ਹੱਥ ਹੈ। ਸਾਨੂੰ ਯਕੀਨ ਹੈ ਕਿਸਾਡੀ ਮੁਸ਼ਕਲ ਹੱਲ ਹੋ ਜਾਵੇਗੀ।

ਸਾਧੂ ਰਾਮ ਲੜੋਆ, ਰੰਗੀ ਰਾਮ ਧਨੀ ਪਿੰਡ, ਮੱਲੂ ਰਾਮ ਬਿਆਸ ਪਿੰਡ, ਮੇਲਾ ਰਾਮ ਮਢਾਸ ਬੂਟਾਂ ਮੰਡੀ, ਮਸਤ ਰਾਮ ਚੁਖਿਆਰੇ, ਖੁਸ਼ੀ ਰਾਮ ਢੱਡੇ, ਬੀਰੂ ਰਾਮ ਬੂਟਾਂ ਮੰਡੀ, ਧੰਨਾ ਰਾਮ ਸਰਪੰਚ ਤਾਜਪੁਰ, ਜੈ ਰਾਮ ਸਰਪੰਚ ਖਾਂਬਰਾ ਮੈਂਬਰ ਸਭਾ- ਸ਼੍ਰੀ ਤੇਜੂ ਰਾਮ, ਆਸਾ ਰਾਮ ਕਰਤਾਰਪੁਰ, ਦੁਰਗਾ ਦਾਸ,

ਸ਼ਾਮ ਜੀ ਦਾਸ, ਹੰਸ ਰਾਜ ਬਨਚੀ ਬੂਟਾਂ ਮੰਡੀ, ਦੀਵਾਨ ਚੰਦ ਸਦਾਣਾ, ਗੌਨੀ ਰਾਮ, ਪਾਲਾ ਰਾਮ ਬਿਆਸ ਪਿੰਡ, ਅਰਜਨ ਸਿੰਘ, ਸੀਤਲ ਦਾਸ ਪਿੰਡ ਬੂਟਾ, ਆਤਮਾ ਰਾਮਰਾਮ ਨਗਰ, ਅਰਜਣ ਦਾਸ, ਮਿਲਖੀ ਰਾਮ ਸਦਾਣਾ, ਭੋਲਾ ਰਾਮ ਐਮਾ ਕਾਜ਼ੀ, ਭਗਤ ਰਾਮ, ਧਰਮ ਚੰਦ ਸਰਪੰਚ ਰਾਮ ਪੁਰ, ਖੁਸ਼ੀ ਰਾਮ ਲੱਲੀਆਂ ਕਲਾ, ਦਲੀਪ ਸਿੰਘ ਬੂਟਾਂ ਮੰਡੀ, ਬੰਨਾ ਰਾਮ ਨੰਗਲ ਕਰਾਰ ਖਾਂ, ਦਾਸ ਰਾਮ ਐਮ.ਸੀ. ਕਰਤਾਰਪੁਰ, ਕਰਮ ਚੰਦ ਬਾਠ, ਈਸ਼ਰ ਦਾਸ ਬੰਤਾ ਰਾਮ ਨਵੀਂ ਆਬਾਦੀ ਮਹਿਤਪੁਰ ਰੋਡ, ਖੁਸ਼ੀ ਰਾਮ ਬਜਾਜ ਲਾਧੜਾ, ਕਰਮ ਚੰਦ ਲੱਲੀਆਂ ਖੁਰਦ, ਗੁਲਜਾਰੀ ਲਾਲ ਤਾਜਪੁਰ, ਪਰੀਤਮ ਦਾਸ ਬਸੇਸਰਪੁਰ, ਦਰਸ਼ਨ ਸਿੰਘ ਗੁਰਦੀਪ ਸਿੰਘ ਸੋਹਣ ਸਿੰਘ, ਮੇਹਰ ਚੰਦ ਸੰਘਵਾਲ। ਰਾਜੂ ਰਾਮ, ਬੇਲੀ ਰਾਮ, ਪ੍ਰਕਾਸ਼ ਦੇਵ, ਤਰਲੋਕ ਸਿੰਘ ਢੇਪੁਰ। ਪੈਹਲੋ ਰਾਮ, ਕਰਨ ਚੰਦ ਖਾਂਬਰਾ, ਜੁਆਲਾ ਰਾਮ ਰਾਮ ਨਗਰ, ਨਸੀਬ ਚੰਦ ਰੰਧਾਵਾ, ਸ਼ੰਕਰ ਦਾਸ ਫਗਵਾੜਾ, ਰਤਨ ਚੰਦ ਰੈਹਪਾ, ਵਰਿਆਮ ਚੰਦ, ਸ਼ਾਮਾ ਰਾਮ ਬਿਧੀਪੁਰ, ਨਸੀਬ ਚੰਦ, ਧਰਮ ਚੰਦ ਹਨਸਪੁਰ, ਸਾਧੂ ਰਾਮ ਰਾਮ ਨਗਰ, ਜਗੀਰੀ ਰਾਮ ਬਾਠ, ਬੰਤ ਰਾਮ ਧੰਨੋਵਾਲੀ, ਕਰਮਾ ਰਾਮ, ਰੱਖਾ ਰਾਮ, ਬਚਨਾ ਰਾਮ ਚੱਕੋਵਾਲ, ਦੀਵਾਨ ਸਿੰਘ ਗੁਰਦਾਸ ਰਾਮ, ਹਜ਼ਾਰਾ ਰਾਮ ਪਥਿਆਲ, ਸਾਧੂ ਰਾਮ, ਸ਼ੰਕਰ ਦਾਸ, ਸੋਮੀ ਰਾਮ, ਬਿਸ਼ਨਾ ਰਾਮ, ਦੋਲਤ ਰਾਮ ਅਲਾਵਲਪੁਰ, ਸ਼ਿਵ ਰਾਮ, ਰਾਜਾ ਰਾਮ ਪਿਆਰਾ ਸਿੰਘ, ਭਾਗ ਰਾਮ ਰਾਏਪੁਰ, ਨਿਰੰਜਨ ਦਾਸ, ਜੋਗਿੰਦਰ ਪਾਲ ਸੰਘਵਾਲ, ਮਹਿੰਦਰ ਪਾਲ, ਰੱਖਾ ਰਾਮ ਬਿਆਸ ਪਿੰਡ, ਦੌਲਤ ਰਾਮ, ਰਾਮ ਜੀ, ਅਮਰ ਚੰਦ ਦੌਲਤ ਪੁਰ, ਅਮਰ ਚੰਦ ਲੜੋਈ, ਸਾਧੂ ਸਿੰਘ, ਖੁਸ਼ੀ ਰਾਮ ਨੌਗੱਜਾ, ਬੇਲੀ ਰਾਮ, ਸਵਰਨ ਸਿੰਘ, ਫਕੀਰ ਸਿੰਘ, ਦੇਵ ਰਾਜ ਬੱਲਾਂ, ਪਾਖਰ ਰਾਮ, ਸੰਤ ਰਾਮ, ਗੁਰਬਚਨਾ ਰਾਮ, ਅਮਰ ਚੰਦ ਮੰਨਣ, ਰਾਮ ਕਿਸ਼ਨ, ਕਿਰਪਾ ਰਾਮ, ਖੁਸ਼ੀ ਰਾਮ ਰਸੂਲ ਪੁਰ, ਬਲਵੰਤ ਰਾਏ ਖਾਂਬਰਾ, ਸਰਵਣ ਲਾਲ ਬੋਲੀਨਾ, ਸੰਤ ਰਾਮ ਮੁਨੀਮ ਬੂਟਾਂ ਮੰਡੀ, ਦਾਰੀ ਰਾਮ, ਕਰਮ ਚੰਦ, ਪ੍ਰੀਤੂ ਰਾਮ, ਲਸ਼ਮਣ ਦਾਸ ਕੱਲਕਤਾ, ਬਿਸ਼ਨ ਦਾਸ, ਪੂਰਨ ਚੰਦ ਦਿੱਲੀ, ਗੁਰਦਾਸ ਰਾਮ ਸੁੱਚੀ ਪਿੰਡ, ਮੁਨਸ਼ੀ ਰਾਮ ਚਮਨ ਬਸਤੀ ਸ਼ੇਖ, ਦੇਵ ਰਾਜ ਭੱਠੇ।

(ਲੇਖਕ -ਸ਼੍ਰੀ ਛੱਜੂ ਰਾਮ ਜੀ ਜਨਰਲ ਸਕੱਤਰ)

## ਸਾਖੀ ਨੰਬਰ 389
## ਨਿਰੰਜਨ ਤੇ ਕਿਰਪਾ ਕਰਨੀ

ਸ਼੍ਰੀ ਰੱਖਾ ਸਿੰਘ ਬੀਬੀ ਅਮਰ ਕੌਰ ਵਾਸੀ ਅਰਜਨਵਾਲ ਵਾਲਿਆਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਉਹ ਅਕਸਰ ਡੇਰੇ ਆਉਦੇ ਜਾਂਦੇ ਰਹਿੰਦੇ ਸਨ। ਸੰਨ 1971 ਈਸਵੀ ਦੀ ਗੱਲ ਹੈ ਕਿ ਉਹਨਾਂ ਦੇ ਸਪੁੱਤਰ ਨਿਰੰਜਨ ਨੇ ਵਿਦੇਸ਼ ਜਾਣਾ ਸੀ ਤੇ ਉਹ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਏ ਤਾਂ ਮਹਾਰਾਜ ਜੀ ਨੇ ਪੁੱਛਿਆ ਕਿ ਕਿੱਥੇ ਜਾ ਰਿਹਾ ਹੈ ਤਾ ਉਹਨਾਂ ਨੇ ਕਿਹਾ ਕਿ ਮਹਾਰਾਜ ਜੀ ਮੈਂ ਦੁਬਈ ਜਾ ਰਿਹਾ ਹਾਂ ਤਾਂ ਮਹਾਰਾਜ ਜੀ ਨੇ ਫ਼ਰਮਾਇਆ ਕਿ ਉੱਥੇ ਤਾਂ ਰੇਤਾ ਬਹੁਤ ਹੁੰਦੀ ਹੈ ਪਰ ਤੂੰ ਫ਼ਿਕਰ ਨਹੀਂ ਕਰਨਾ, ਤੂੰ ਵਾਪਸ ਨਹੀਂ ਆਉਣਾ ਤੇਰਾ ਕੰਮ ਉਥੇ ਸੈੱਟ ਹੋ ਜਾਣਾ ਹੈ। ਇਸ ਪ੍ਰਕਾਰ ਮਹਾਰਾਜ ਜੀ ਦੀ ਕਿਰਪਾ ਦੇ ਨਾਲ ਉਹ ਅੱਜ ਤੱਕ ਉਥੇ ਹੀ ਹਨ।

## ਸਾਖੀ ਨੰਬਰ 390
## ਸ਼੍ਰੀ ਕਿਰਪਾ ਰਾਮ ਦੇ ਮਨ ਦੀ ਗੱਲ ਬੁੱਝਣੀ

ਸ਼੍ਰੀ ਕਿਰਪਾ ਰਾਮ ਸਪੁੱਤਰ ਸ਼੍ਰੀ ਮਿਲਖੀ ਰਾਮ ਪਿੰਡ ਰਮਦਾਸਪੁਰ ਦੇ ਰਹਿਣ ਵਾਲੇ ਸਨ ਉਹਨਾਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਸ਼੍ਰੀ ਕਿਰਪਾ ਰਾਮ ਜੀ ਰੇਲਵੇ ਵਿੱਚ ਵਿਧੀਪੁਰ ਨੌਕਰੀ ਕਰਦੇ ਸਨ। ਉਹਨਾਂ ਦੇ ਮਨ ਵਿੱਚ ਇਹ ਗੱਲ ਸੀ ਕਿ ਮਹਾਰਾਜ ਜੀ ਮੇਰੀ ਬਦਲੀ ਨੇੜੇ ਦੀਕਰ ਦੇਣ ਤਾਂ ਮੈਂ ਮੰਨਗਾ। ਇੱਕ ਵਾਰ ਉਹ ਡੇਰੇ ਆਏ ਤਾਂ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਬੈਠ ਗਏ ਤਾਂ ਮਹਾਰਾਜ ਜੀ ਨੇ ਪੁਛਿੱਆ ਕਿ ਕਿੱਥੇ ਜਾਣਾ ਹੈਤਾਂ ਉਹਨਾਂ ਨੇ ਕਿਹਾ ਮੈਂ ਡਿਊਟੀ ਤੇ ਵਿਧੀਪੁਰ ਜਾ ਰਿਹਾ ਹਾਂ। ਇਹ ਸੁਣ ਕੇ ਮਹਾਰਾਜ ਜੀ ਕਹਿਣ ਲੱਗੇ ਕਿ ਸਫ਼ਰ ਦੂਰ ਹੈ ਤੈਨੂੰ ਤੇਰੇ ਪਿੰਡ ਦੇ ਨੇੜੇ ਬਿਆਸ ਪਿੰਡ ਲੈ ਆਉਣਾ ਹੈ। ਇਸ ਤਰ੍ਹਾਂ ਉਹਨਾਂ ਦੀ ਬਦਲੀ ਬਿਆਸ ਪਿੰਡ ਦੀ ਹੋ ਗਈ। ਇਸ ਤਰ੍ਹਾਂ ਮਹਾਰਾਜ ਜੀ ਨੇ ਸ਼੍ਰੀ ਕਿਰਪਾ ਰਾਮ ਜੀ ਦੇ ਮਨ ਦੀ ਸ਼ੰਕਾ ਨਵਿਰਤ ਕੀਤੀ।

## ਸਾਖੀ ਨੰਬਰ 391
## ਮਹਾਰਾਜ ਜੀ ਕੌਮ ਬਾਰੇ ਚਿੰਤੁਤ ਸਨ

ਹੇ ਅਕਾਲ ਪੁਰਖ ਮੇਰੀ ਕੌਮ ਤੇ ਕਿਰਪਾ ਕਰੋ ਕਿ ਮੇਰੀ ਕੌਮ ਵੀ ਖੁਸ਼ਹਾਲ ਹੋਵੇਸ਼੍ਰੀ ਦਰਸ਼ਨ ਲਾਲ ਬੀਬੀ ਸ਼ੀਤਲ ਕੌਰ ਜੀ ਵਾਸੀ ਅਬਾਦਪੁਰਾ ਵਾਲਿਆਂ ਦਾ ਮਹਾਰਾਜ ਸਰਵਣ ਦਾਸ ਜੀ ਨਾਲ ਬਹੁਤ ਪ੍ਰੇਮ ਸੀ। ਉਹ ਅਕਸਰ ਡੇਰੇ ਆਉਂਦੇ ਜਾਂਦੇ ਰਹਿੰਦੇ ਸਨ। ਇੱਕ ਵਾਰ ਉਹ ਡੇਰੇ ਵਿਖੇ ਆਏ ਤਾਂ ਮਹਾਰਾਜ ਸਰਵਣ ਦਾਸ ਜੀ ਉਹਨਾਂ ਨੂੰ ਆਪਣੇ ਕੋਲ ਬੁਲਾਇਆ ਤੇ ਕਹਿਣ ਲੱਗੇਕਿ ਮੇਰੀ ਕੌਮ ਦੀਆਂ ਧੀਆਂ ਭੈਣਾਂ ਦੇ ਸਿਰ ਤੋਂ ਘਾਹ ਦੀਆਂ ਪੰਡਾਂ ਕਦੋਂ ਲਹਿਣਗੀਆਂ। ਮਹਾਰਾਜ ਜੀ ਇਸ ਗੱਲ ਬਾਰੇ ਅਕਸਰ ਹੀ ਚਿੰਤਾਂ ਕਰਦੇ ਰਹਿੰਦੇਸਨ ਅਤੇ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਰਹਿੰਦੇ ਸਨ ਕਿ ਮੇਰੀ ਕੌਮ ਦੀਆਂ ਬੱਚੀਆਂ ਵੀ ਪੜ੍ਹਨ ਲਿਖਣ, ਅੱਗੇ ਵਧਣ ਅਤੇ ਕੁਰਸੀਆਂ ਤੇ ਬੈਠਣ ਤਾਂ ਕਿ ਉਹਨਾਂ ਦਾ ਜੀਵਨ ਵੀ ਖੁਸ਼ਹਾਲ ਹੋ ਸਕੇ। ਇਸ ਤਰ੍ਹਾਂ ਦਇਆ ਦੇ ਸਾਗਰ ਮਹਾਰਾਜ ਸਰਵਣ ਦਾਸ ਜੀ ਹਮੇਸ਼ਾਂ ਆਪਣੀ ਕੌਮ ਦੀ ਤਰੱਕੀ ਬਾਰੇ ਸੋਚਦੇ ਸਨ। ਅੱਜ ਮਹਾਰਾਜ ਜੀ ਦੀ ਕਿਰਪਾ ਦੇ ਨਾਲ ਹੀ

ਸਾਡਾ ਸਮਾਜ ਤਰੱਕੀ ਵੱਲ ਵੱਧ ਰਿਹਾ ਹੈ।

(ਖ਼ੁਦ ਸ਼੍ਰੀ ਦਰਸ਼ਨ ਰਾਮ ਜੀ ਅਬਾਦਪੁਰਾ)

## ਸਾਖੀ ਨੰਬਰ 392

## ਆਪਣੇ ਸੇਵਕਾਂ ਦੀ ਰੱਖਿਆਂ ਕਰਨੀ

ਸ਼੍ਰੀ ਦਰਸ਼ਨ ਲਾਲ ਜੀ ਦੱਸਦੇ ਹਨ ਕਿ ਸੰਨ 1962 ਈ: ਸੀ ਗੱਲ ਹੈ ਭਾਰਤ ਤੇ ਚੀਨ ਦੀ ਲੜਾਈ ਲੱਗੀ ਹੋਈ ਸੀ। ਸ਼੍ਰੀ ਦਰਸ਼ਨ ਲਾਲ ਜੀ ਡੇਰੇ ਵਿਖੇ ਆਏ ਤਾਂ ਉਹਨਾਂ ਨੇ ਦੇਖਿਆ ਕਿ ਮਹਾਰਾਜ ਸਰਵਣ ਦਾਸ ਜੀ ਇੱਕ ਲੱਤ ਦੇ ਭਾਰ ਖੜ੍ਹੇ ਸਨ ਤਾਂ ਉਹਨਾਂ ਨੇ ਮਹਾਰਾਜ ਜੀ ਤੋਂ ਪੁੱਛਿਆ ਕਿ ਮਹਾਰਾਜ ਜੀ ਆਪ ਇਸ ਤਰ੍ਹਾਂ ਕਿਉਂ ਖੜ੍ਹੇ ਹੋਂ ਤਾਂ ਮਹਾਰਾਜ ਜੀ ਕਹਿਣ ਲੱਗੇ ਕਿ ਮੈਂ ਆਪਣੇ ਸੇਵਕਾਂ ਦੀ ਰੱਖਿਆ ਕਰਦਾ ਹਾਂ ਤਾਂ ਕਿ ਉਹਨਾਂ ਨੂੰ ਕੋਈ ਆਂਚ ਨਾ ਆਵੇ। ਲੜਾਈ ਤੋਂ ਬਾਅਦ ਉਹਨਾਂ ਦੇ ਸੇਵਕਾਂ ਨੇ ਆ ਕੇ ਦੱਸਿਆਂ ਕਿ ਮਹਾਰਾਜ ਜੀ ਤੁਸੀਂ ਹਮੇਸ਼ਾ ਸਾਡੇ ਅੰਗ- ਸੰਗ ਰਹਿ ਕੇ ਸਾਡੀ ਰੱਖਿਆ ਕਰਦੇ ਰਹੇ। ਇਸ ਤਰ੍ਹਾਂ ਮਹਾਰਾਜ ਜੀ ਹਮੇਸ਼ਾਂ ਆਪਣੇ ਸੇਵਕਾਂ ਦੀ ਰੱਖਿਆ ਕਰਦੇ ਸਨ।

(ਖ਼ੁਦ ਸ਼੍ਰੀ ਦਰਸ਼ਨ ਰਾਮ ਜੀ ਅਬਾਦਪੁਰਾ)

## ਸਾਖੀ ਨੰਬਰ 393

## ਬਲਦੇਵ ਨੂੰ ਜੀਵਨ ਦਾਨ ਬਖਸ਼ਣਾ

ਸੰਨ 1967 ਈ: ਦੀ ਗੱਲ ਹੈ ਕਿ ਸ਼੍ਰੀ ਦਰਸ਼ਨ ਲਾਲ ਜੀ ਅਤੇ ਬੀਬੀ ਸ਼ੀਤਲ ਜੀ ਦੇ ਘਰ ਬੱਚੇ ਦਾ ਜਨਮ ਹੋਇਆ ਜਿਸ ਦਾ ਨਾਮ ਬਲਦੇਵ ਰੱਖਿਆ ਗਿਆ। ਜਨਮ ਤੋਂ ਬਾਅਦ ਡਾਕਟਰਾਂ ਨੇ ਜਵਾਬ ਦੇ ਦਿੱਤਾ ਕਿ ਇਹ ਬੱਚਾ ਨਹੀਂ ਬਚੇਗਾ ਕਿਉਂਕਿ ਬੱਚੇ ਦਾ ਜਨਮ ਸਮੇਂ ਤੋਂ ਪਹਿਲਾ ਹੋ ਗਿਆ ਸੀ। ਦਰਸ਼ਨ ਲਾਲ ਜੀ ਬੱਚੇ ਨੂੰ ਲੈ ਕੇ ਮਹਾਰਾਜ ਸਰਵਣ ਦਾਸ ਜੀ ਦੇ ਕੋਲ ਆਏ ਤਾਂ ਮਹਾਰਾਜ ਜੀ ਨੇ ਬੱਚੇ ਨੂੰ ਦੇਖ ਕੇ ਕਿਹਾ ਕਿ ਇਸ ਦੀ ਉਮਰ ਵਿੱਚ ਵਾਧਾ ਨਹੀਂ ਹੈ, ਇਹ ਸੁਣ ਕੇ ਮਹਾਰਾਜ ਹਰੀ ਦਾਸ ਜੀ ਜੋ ਕਿ ਉਸ ਸਮੇਂ ਕੋਲ ਹੀ ਖੜ੍ਹੇ ਸਨ ਕਹਿਣ ਲੱਗੇ "ਮਹਾਰਾਜ ਜੀ ਵਾਧਾ ਵੀ ਤੁਸੀਂ ਹੀ ਕਰਨਾ ਹੈ" ਤਾਂ ਮਹਾਰਾਜ ਸਰਵਣ ਦਾਸ ਜੀ ਕਹਿਣ ਲੱਗੇ ਕਿ ਠੀਕ ਹੈ ਹਰੀ ਦਾਸਾ ਹੋ ਗਿਆ ਵਾਧਾ। ਇਸ ਤਰ੍ਹਾਂ ਮਹਾਰਾਜ ਸਰਵਣ ਦਾਸ ਜੀ ਨੇ ਬਲਦੇਵ ਨੂੰ ਜੀਵਨ ਦਾਨ ਬਖਸ਼ਿਆ।

(ਖ਼ੁਦ ਸ਼੍ਰੀ ਦਰਸ਼ਨ ਰਾਮ ਜੀ ਅਬਾਦਪੁਰਾ)

## ਸਾਖੀ ਨੰਬਰ 394

### ਸ਼੍ਰੀ ਦਰਸ਼ਨ ਲਾਲ ਨੂੰ ਜਲੇਬੀਆਂ ਖਵਾਉਣੀਆਂ

ਇੱਕ ਵਾਰ ਦੀ ਗੱਲ ਹੈ ਕਿ ਸ਼੍ਰੀ ਦਰਸ਼ਨ ਲਾਲ ਡੇਰੇ ਵਿਖੇ ਆਏ ਤਾਂ ਮਹਾਰਾਜ ਸਰਵਣ ਦਾਸ ਜੀ ਕਹਿਣ ਲੱਗੇ ਕਿ ਦਰਸ਼ਨ ਲਾਲ ਤੁਸੀ ਜਲੇਬੀਆਖਾਣੀਆਂ ਹਨ ਤਾਂ ਦਰਸ਼ਨ ਲਾਲ ਜੀ ਸੋਚਣ ਲੱਗੇ ਕਿ ਅਸੀਂ ਜਲੇਬੀਆਂ ਕਿਵੇਂ ਖਾਵਾਂਗੇ ਨਾਂ ਤਾਂ ਇੱਥੇ ਜਲੇਬੀਆ ਹਨ ਨਾ ਹੀ ਕੋਈ ਹਲਵਾਈ ਲੱਗਾ ਹੋਇਆ ਹੈ। ਉਹਨਾਂ ਨੇ ਮਹਾਰਾਜ ਜੀ ਨੂੰ ਕਿਹਾ ਕਿ ਮਹਾਰਾਜ ਜੀ ਤੁਸੀ ਹਲਵਾਈ ਲਗਾਇਆ ਹੋਇਆ ਹੈ ਤਾਂ ਮਹਾਰਾਜ ਜੀ ਹੱਸ ਪਏ। ਅਜੇ ਇਸ ਬਾਰੇ ਗੱਲਾਂ ਕਰ ਹੀ ਰਹੇ ਸਨ ਕਿ ਭੋਗਪੁਰ ਤੋਂ ਇੱਕ ਆਦਮੀ ਗਰਮ-ਗਰਮ ਜਲੇਬੀਆ ਲੈ ਕੇ ਆ ਗਿਆ। ਇਹ ਸਭ ਦੇਖ ਕੇ ਦਰਸ਼ਨ ਲਾਲ ਜੀ ਹੈਰਾਨ ਹੋ ਗਏ ਕਿ

**ਮਹਾਰਾਜ ਜੀ ਕਿਸ ਤਰ੍ਹਾਂ ਹੋਣ ਵਾਲੀ ਗੱਲ ਨੂੰ ਪਹਿਲਾਂ ਹੀ ਦੱਸ ਦਿੰਦੇ ਸਨ।ਮਹਾਰਾਜ ਜੀ ਨੇ ਦਰਸ਼ਨ ਲਾਲ ਜੀ ਹੁਰਾਂ ਨੂੰ ਨਾਮ ਦਾਨ ਦੀ ਬਖਸ਼ਿਸ਼ ਵੀ ਕੀਤੀ।**

**--ਖੁਦ ਸ਼੍ਰੀ ਦਰਸ਼ਨ ਰਾਮ ਜੀ ਅਬਾਦਪੁਰਾ**

## ਸਾਖੀ ਨੰਬਰ 395
## ਸੰਤ ਹਰਵਿੰਦਰ ਦਾਸ ਜੀ ਦੀ ਜਾਨ ਬਚਾਉਣੀ

ਸੰਤ ਹਰਵਿੰਦਰ ਦਾਸ ਜੀ ਜਦੋਂ ਛੇਵੀਂ ਕਲਾਸ ਵਿਚ ਪੜ੍ਹਦੇ ਸਨ ਉਦੋਂ ਬਹੁਤ ਜਿਆਦਾ ਬਿਮਾਰ ਹੋ ਗਏ ਸਨ ਤੇ ਡਾਕਟਰਾਂ ਨੇ ਜਵਾਬ ਦੇ ਦਿੱਤਾ ਸੀ।ਬਾਬੂ ਓਮ ਪ੍ਰਕਾਸ਼ ਤੇ ਬੀਬੀ ਪ੍ਰੀਤਮ ਕੌਰ ਉਹਨਾਂ ਨੇ ਇਸ ਬਿਮਾਰੀ ਦੀ ਹਾਲਤ ਵਿਚ ਆਦਮਪੁਰ ਤੋਂ ਮੁਹੱਲਾ ਰਾਮ ਨਗਰ ਲੈ ਗਏ ਅਤੇ ਜਿਥੇ ਸ਼੍ਰੀ 108 ਸੰਤ ਹਰੀਦਾਸ ਜੀ ਅਤੇ ਉਹਨਾਂ ਨਾਲ ਸੰਤ ਰਾਮਾ ਨੰਦ ਜੀ ਆਏ।ਉਹਨਾਂ ਨੂੰ ਦੱਸਿਆ ਗਿਆ ਹਰਵਿੰਦਰ ਦਾਸ ਨੂੰ ਡਾਕਟਰਾਂ ਨੇ ਜਵਾਬ ਦੇ ਦਿੱਤਾ ਹੈ ਬਿਮਾਰ ਬਹੁਤ ਜਿਆਦਾ ਹੈ ਇਹ ਸੁਣ ਕੇ ਸੰਤ ਹਰੀ ਦਾਸ ਜੀ ਅਤੇ ਸੰਤ ਰਾਮਾ ਨੰਦ ਜੀ ਨੇ ਉਹਨਾਂ ਨੂੰ ਦੋਹਾਂ ਬਾਹਾਂ ਤੋਂ ਫੜ ਕੇ ਖੜ੍ਹਾ ਕਰ ਲਿਆ ਤੇ ਕਿਹਾ ਕਿ ਅੱਜ ਤੋਂ ਬਾਅਦ ਤੂੰ ਬਿਲਕੁਲ ਠੀਕ ਰਹੇਗਾ ਅਤੇ ਮਹਾਰਾਜ ਜੀ ਦੇ ਬਚਨ ਅਟੱਲ ਹੋਏ।

## ਸਾਖੀ ਨੰਬਰ 396
## ਤੇਰਾ ਕੋਈ ਕੰਮ ਨਹੀ ਰੁਕੇਗਾ

1967 ਵਿੱਚ ਜਦੋਂ ਸਤਿਗੁਰੂ ਸਰਵਣ ਦਾਸ ਜੀ ਸ਼੍ਰੀ ਗੁਰਦਾਸ ਰਾਮ ਜੀ ਦੇ ਗ੍ਰਹਿ ਵਿਖੇ ਗਏ।ਸ਼੍ਰੀ ਗੁਰਮੇਲ ਰਾਮ ਜੀ ,ਸ਼੍ਰੀ ਰਾਮ ਸਰੂਪ ,ਸ਼੍ਰੀ ਕ੍ਰਿਸ਼ਨ ਚੰਦ ਨੂੰ ਅੰਮ੍ਰਿਤ ਛਕਾਇਆ ।ਸ਼੍ਰੀ ਰਾਮ ਸਰੂਪ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਗੁਰਮੇਲ ਬਾਰੇ ਕੁਝ ਦੱਸੋ ਤਾਂ ਮਹਾਰਾਜ ਜੀ ਨੇ ਉਚਾਰਿਆਂ ਕਿ "ਤੇਰਾ ਕੋਈ ਕੰਮ ਨਹੀ ਰੁਕੇਗਾ " ਸ਼੍ਰੀ ਗੁਰਮੇਲ ਵਿਰਦੀ ਜੀ 30 ਸਾਲ ਸਾਊਦੀ ਅਰਬ ਡਰਾਈਵਰ ਰਹੇ ਪਰ ਕਦੀ ਵੀ ਕੋਈ ਕੰਮ ਨਹੀਂ ਰੁਕਿਆ ।ਸ਼੍ਰੀ ਗੁਰਮੇਲ ਜੀ ਅੱਜ ਕੱਲ ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਵਿਖੇ ਨਿਸ਼ਕਾਮ ਸੇਵਾ ਨਿਭਾ ਰਹੇ ਹਨ।

## ਸਾਖੀ ਨੰਬਰ 397
## ਤੇਰੇ ਪੰਜ ਬੱਚੇ ਹੋਣਗੇ

1969 ਵਿੱਚ ਸ਼੍ਰੀ ਗੁਰਮੇਲ ਵਿਰਦੀ ਜੀ ਦਾ ਵਿਆਹ ਬੀਬੀ ਵਿੱਦਿਆ ਪਿੰਡ ਨਗੱਜੇ ਨਾਲ ਹੋਇਆ ਜਦੋਂ ਵਿਆਹ ਕੇ ਡੇਰੇ ਆਏ ਤਾਂ ਨਮਸਕਾਰ ਕੀਤੇ ਅਤੇ ਮਹਾਰਾਜ ਜੀ ਬਹੁਤ ਖੁਸ਼ ਹੋਏ ।ਹਰ ਐਤਵਾਰ,ਹਰ ਸੰਗਰਾਂਦ ਨੂੰ ਡੇਰੇ ਆ ਕੇ ਸੇਵਾ ਕਰਿਆ ਕਰਦੇ ਸਨ।ਜਦੋ ਦੋਨਾਂ ਨੇ ਮਹਾਰਾਜ ਜੀ ਦੇ ਚਰਨਾਂ ਵਿੱਚ ਔਲਾਦ ਦੀ ਪ੍ਰਾਪਤੀ ਲਈ ਬੇਨਤੀ ਕੀਤੀ ਤਾਂ ਸਤਿਗੁਰੂ ਜੀ ਨੇ ਬਚਨ ਕੀਤੇ ਕਿ ਤੇਰੇ ਪੰਜ ਬੱਚੇ ਹੋਣਗੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੇ ਬਚਨ ਅਟੱਲ ਹੋਏ ਸ਼੍ਰੀ ਗੁਰਮੇਲ

ਵਿਰਦੀ ਜੀ ਦੇ ਘਰ 3 ਲੜਕੇ ਅਤੇ 2 ਲੜਕੀਆਂ ਨੇ ਜਨਮ ਲਿਆ ।

– ਸ਼੍ਰੀ ਗੁਰਮੇਲ ਵਿਰਦੀ

## ਸਾਖੀ ਨੰਬਰ 398
## ਔਲਾਦ ਦੀ ਬਖਸ਼ਿਸ਼ ਕਰਨੀ

ਸ਼੍ਰੀ ਆਤਮਾ ਰਾਮ ਜੀ ਦੇ ਸਪੁੱਤਰ ਸ਼੍ਰੀ ਹਰਬਿਲਾਸ ਬੁਲੰਦਪੁਰ ਦਾ ਸ਼ੁਭ ਵਿਆਹ ਬੀਬੀ ਰਤਨੀ ਨਾਲ ਹੋਇਆ। ਪਹਿਲਾਂ ਇੱਕ ਲੜਕਾ ਸੀ ਉਸਤੋਂ ਬਾਅਦ ਇਹਨਾਂ ਦੇ ਬੱਚੇ ਗਰਭ ਵਿੱਚ ਹੀ ਮਰ ਜਾਂਦੇ ਸਨ ਇਹਨਾਂ ਨੇ ਸ਼੍ਰੀ ਜੀਤ ਰਾਮ ਅਤੇ ਬੀਬੀ ਜੀਤੋ ਪਾਸੋਂ ਸਤਿਗੁਰੂ ਸਰਵਣ ਦਾਸ ਜੀ ਦੀ ਮਹਿੰਮਾ ਸਰਵਣ ਕੀਤੀ ਅਤੇ ਉਹਨਾ ਨਾਲ ਡੇਰੇ ਵਿਖੇ ਆਏ । ਸਤਿਗੁਰੂ ਸਰਵਣ ਦਾਸ ਜੀ ਦੇ ਚਰਨਾਂ ਵਿੱਚ ਔਲਾਦ ਪ੍ਰਾਪਤੀ ਲਈ ਬੇਨਤੀ ਕੀਤੀ ਤਾਂ ਸਤਿਗੁਰੂ ਸਰਵਣ ਦਾਸ ਜੀ ਨੇ ਫਰਮਾਇਆ ਕਿ ਭਜਨ ਸਿਮਰਨ ਕਰਿਆ ਕਰੋ ਤੁਹਾਡੇ ਗ੍ਰਿਹਿ ਵਿਖੇ ਇੱਕ ਲੜਕਾ ਪੈਦਾ ਹੋਵੇਗਾ ਮਹਾਰਜ ਜੀ ਦੇ ਬਚਨ ਅਟੱਲ ਹੋਏ। ਉਹਨਾ ਦੇ ਘਰ ਲੜਕੇ ਨੇ ਜਨਮ ਲਿਆ ।

## ਸਾਖੀ 399
## ਮਾਰਨ ਆਏ – ਭੁੱਲਾਂ ਬਖਸ਼ਾ ਕੇ ਗਏ

ਇਲਾਕੇ ਦੇ ਪੰਜ ਛੇ ਸ਼ਰਾਰਤੀ ਅਨਸਰ ਟਾਂਗੇ ਉੱਪਰ ਸੁਆਰ ਹੋ ਗਏ। ਉਹ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੂੰ ਜਾਨੀ ਨੁਕਸਾਨ ਪਹੁੰਚਾਉਣ ਦੇ ਮਨੋਰਥ ਨਾਲ ਟਾਂਗੇ ਉੱਪਰ ਸੁਆਰ ਹੋਏ ਸਨ। ਅਜੇ ਟਾਂਗਾ ਨਹਿਰ ਦੇ ਪੁੱਲ ਕੋਲ ਹੀ ਆਇਆ ਸੀ ਕਿ ਉਹ ਸੱਜਣ ਅੱਖਾਂ ਤੋਂ ਅੰਨ੍ਹੇ ਹੋ ਗਏ ਅਤੇ ਜ਼ੋਰ ਜ਼ੋਰ ਦੀ ਰੌਲਾ ਪਾਉਣ ਲੱਗੇ। ਟਾਂਗੇ ਵਾਲਾ ਆਖੇ ਪਹਿਲਾਂ ਮੇਰਾ ਕਿਰਾਇਆ ਦਿਉ ਫੇਰ ਭੱਜਿਓ। ਪਰ ਉਹ ਸੱਭ ਆਖਣ ਕਿ ਤੂੰ ਪਹਿਲਾਂ ਸਾਨੂੰ ਕੱਲੇ ਕੱਲੇ ਨੂੰ ਬਾਹੋਂ ਫੜਕੇ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਉੱਪਰ ਮੱਥਾ ਟਿਕਾ ਫੇਰ ਅਸੀਂ ਤੈਨੂੰ ਕਿਰਾਇਆ ਦਿਆਂਗੇ। ਮਹਾਰਾਜ ਜੀ ਦੇ ਚਰਨਾਂ ਵਿੱਚ ਨਮਸਕਾਰ ਕਰਕੇ ਮਾਫੀ ਮੰਗੀ, ਮਹਾਰਾਜ ਜੀ ਸਿਰਫ ਮੁਸਕਰਾਏ ਅਤੇ ਕਿਹਾ ਕਿਸੇ ਨੂੰ ਕੁਝ ਵੀ ਨਹੀਂ ?

(ਖੁਦ ਸ਼੍ਰੀ ਭੋਲਾ ਰਾਮ ਜੀ ਪਿੰਡ ਐਮਾ ਕਾਜੀ,
ਮਿਤੀ 17 ਅਕਤੂਬਰ 2003)

## ਸਾਖੀ 400
## ਅੱਜ ਰਾਤ ਦੀ ਤਾਂ ਸਾਰੀ ਗੱਲ ਆ

ਜੂਨ 1972 ਈਸਵੀ ਦੀ ਗੱਲ ਹੈ। ਸ਼੍ਰੀ ਭੋਲਾ ਰਾਮ ਜੀ ਐਮਾ ਕਾਜੀ ਵਾਲੇ ਹਜ਼ੂਰ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਰਹਿ ਕੇ ਸੇਵਾ ਕਰਿਆ

ਕਰਦੇ ਸਨ। ਇਕ ਦਿਨ ਮਹਾਰਾਜ ਜੀ ਆਪ ਜੀ ਨੂੰ ਆਖਣ ਲੱਗੇ "ਸ਼੍ਰੀ ਭੋਲਾ ਰਾਮ ਜੀ ਡੇਰੇ ਵਿਖੇ ਆਉਂਦੇ ਜਾਂਦੇ ਰਹਿਣਾ"। ਆਪ ਨੂੰ ਮਹਾਰਾਜ ਜੀ ਦੀਆਂ ਗੱਲਾਂ ਦੀ ਕੁਝ ਵੀ ਸਮਝ ਨਹੀਂ ਸੀ। ਸ਼ੁਰੂ ਵਿਚ ਜਦ ਮਹਾਰਾਜ ਜੀ ਬੀਮਾਰ ਪੈ ਗਏ ਤਾਂ ਉਹਨਾਂ ਨੂੰ ਜਲੰਧਰ ਦੇ ਡਾਕਟਰਾਂ ਪਾਸ ਦਿਖਾਇਆ ਗਿਆ। ਕੁਟੀਆ ਵਿਖੇ ਸੰਤ ਹਰੀ ਦਾਸ ਮਹਾਰਾਜ ਜੀ ਸੰਤ ਗਰੀਬ ਦਾਸ ਜੀ ਅਤੇ ਸੇਵਾਦਾਰ ਪ੍ਰੇਮੀਆਂ ਨੇ ਸਲਾਹ ਕੀਤੀ ਕਿ ਮਹਾਰਾਜ ਜੀ ਨੂੰ ਲੁਧਿਆਣੇ ਦੇ ਸੀ. ਐਮ. ਸੀ. ਹਸਪਤਾਲ ਵਿਖੇ ਲਿਜਾਇਆ ਜਾਵੇ। ਸਤਿਗੁਰ ਜੀ ਨੂੰ ਇਸ ਸਲਾਹ ਤੋਂ ਜਾਣੂ ਕਰਵਾਇਆ ਜਾਵੇ। ਮਹਾਰਾਜ ਜੀ ਕਹਿਣ ਲੱਗੇ "ਅੱਜ ਦੀ ਰਾਤ ਵੇਖ ਲੈਂਦੇ ਹਾਂ"। ਅੱਗੋ ਸ਼੍ਰੀ ਭੋਲਾ ਰਾਮ ਜੀ ਬੇਨਤੀ ਕਰਨ ਲੱਗੇ "ਮਹਾਰਾਜ ਜੀ ਅੱਜ ਰਾਤ ਦੀ ਤਾਂ ਸਾਰੀ ਗੱਲ ਹੈ"। ਇਸ ਉੱਪਰ ਸੰਤ ਹਰੀਦਾਸ ਮਹਾਰਾਜ ਜੀ ਕਹਿਣ ਲੱਗੇ "ਰੱਬ ਜੀ ਜੇਕਰ ਤੁਹਾਡਾ ਮਨ ਨਹੀਂ ਮੰਨਦਾ ਤਾਂ ਨਾ ਜਾਉ ਹਸਪਤਾਲ"। ਸਵਾਮੀ ਸਰਵਣ ਦਾਸ ਜੀ ਮਹਾਰਾਜ ਕਹਿਣ ਲੱਗੇ "ਭੋਲਾ ਰਾਮ ਨੇ ਸਾਨੂੰ ਹੁਣ ਹਸਪਤਾਲ ਜਾਣ ਵਾਸਤੇ ਆਖਿਆ ਹੈ। ਇਸੇ ਕਰਕੇ ਅਸੀਂ ਹਸਪਤਾਲ ਹੁਣ ਜ਼ਰੂਰ ਜਾਣਾ ਹੈ। ਮਹਾਰਾਜ ਜੀ ਨੇ ਆਪ ਕੁੜਤਾ ਪਾਇਆ। ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੂੰ ਸੀ. ਐਮ. ਸੀ. ਹਸਪਤਾਲ ਲੁਧਿਆਣੇ ਵਿਖੇ ਦਾਖਲ ਕਰਵਾ ਦਿੱਤਾ ਗਿਆ। ਰਾਤ ਨੂੰ ਡਾਕਟਰ ਆਪ ਆਖ ਗਿਆ ਕਿ ਮਹਾਰਾਜ ਜੀ ਨੂੰ ਸਿੱਧਾ ਬੈੱਡ ਉੱਪਰ ਪਾਉਣਾ ਹੈ। ਸ਼੍ਰੀ ਭੋਲਾ ਰਾਮ ਜੀ ਐਮਾ ਕਾਜੀ (ਜਲੰਧਰ) ਵਾਲੇ ਸਤਿਗੁਰੂ ਪਾਸ ਹੀ ਬੈਂਚ ਉੱਪਰ ਕਮਰੇ ਵਿਚ ਬੈਠੇ ਸਨ। ਸੰਤਾਂ ਨੇ ਡਾਕਟਰਾਂ ਦੀਆਂ ਸਾਰੀਆਂ ਗੱਲਾਂ ਸੁਣ ਲਈਆਂ ਸਨ। ਮਹਾਰਾਜ ਸ਼੍ਰੀ ਭੋਲਾ ਰਾਮ ਜੀ ਦੇ ਰੋਕਣ ਦੇ ਬਾਵਜੂਦ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਅਤੇ ਸ਼੍ਰੀ ਭੋਲਾ ਰਾਮ ਜੀ ਪਿੰਡ ਐਮਾ ਕਾਜੀ ਨਿਵਾਸੀ ਜਿਹੜੇ ਕਿ ਅੱਜ ਕੱਲ੍ਹ 85 ਸਾਲ ਦੇ ਬਜ਼ੁਰਗ ਹਨ – ਅੰਮ੍ਰਿਤਸਰ ਕਿਸੇ ਜ਼ਰੂਰੀ ਕੰਮ ਲਈ ਗਏ। ਵਾਪਸੀ ਉੱਪਰ ਭੋਲਾ ਰਾਮ ਜੀ ਟਾਂਗੇ ਉੱਪਰ ਸੁਆਰ ਹੋ ਕੇ ਪਿੰਡ ਬੱਲਾਂ ਦੇ ਅੱਡੇ ਤੋਂ ਕੁਟੀਆ ਵੱਲ ਆ ਰਹੇ ਸਨ ਉਹਨਾਂ ਨੂੰ ਖਬਰ ਮਿਲੀ ਕਿ ਸਰਵਣ ਦਾਸ ਮਹਾਰਾਜ ਜੀ ਰਾਤ ਜੋਤੀ ਜੋਤ ਸਮਾ ਗਏ।

## ਸਾਖੀ ਨੰਬਰ 401

## ਸਤਿਗੁਰੂ ਦਿਲਾਂ ਦੀਆ ਜਾਣਨ ਵਾਲੇ ਸਨ

ਇੱਕ ਸਮੇ ਦੀ ਗੱਲ ਹੈ ਕਿ ਸ.ਕੁੰਦਨ ਸਿੰਘ ਜੰਡੂ ਸਿੰਘਾ ਜੋ ਕਿ ਸੰਤ ਸੇਵੀ ਵਿਅਕਤੀ ਸੀ ਅਤੇ ਸੰਤ ਈਸ਼ਰ ਦਾਸ ਜੀ ਮੇਘੋਵਾਲ ਵਾਲਿਆ ਦਾ ਬਹੁਤ ਸ਼ਰਧਾਲੂ ਸੀ । ਉਨ੍ਹਾਂ ਦੇ ਸਪੁੱਤਰ ਬਹੁਤ ਹੀ ਸਤਿਕਾਰ ਯੋਗ ਸੰਤ ਇੰਦਰ ਦਾਸ ਜੀ ਅਤੇ ਸੰਤ ਮਹਿੰਦਰ ਦਾਸ ਜੀ ਹਨ ਸ. ਕੁੰਦਨ ਸਿੰਘ ਜੀ ਦੱਸਿਆ ਕਰਦੇ ਸਨ ਕਿ ਉਹ ਕਿਸੇ ਪਿੰਡ ਵਿੱਚ ਪੈਦਲ ਮੱਝਾਂ ਛੱਡ ਕੇ ਵਾਪਿਸ ਕੁਟੀਆ ਬੱਲਾਂ ਕੋਲ ਦੀ ਜਾ ਰਹੇ ਸਨ ਕਿ ਮਨ ਵਿੱਚ ਇੱਛਾ ਪ੍ਰਗਟ ਹੋਈ ਤੇ ਥਕਾਵਟ ਦੂਰ ਕਰਨ ਲਈ ਸੰਤ ਸਰਵਣ ਦਾਸ ਜੀ ਦੀ ਕੁਟੀਆਂ ਤੋਂ ਤੇਜ ਚਾਹ ਪੱਤੀ ਵਾਲੀ ਚਾਹ ਛੱਕ ਕੇ ਜਾਂਦੇ ਹਾਂ। ਜਦੋਂ ਕੁਟੀਆ ਦੇ ਅੰਦਰ ਗਏ ਸੰਤ ਸਰਵਣ ਦਾਸ ਜੀ ਥੜ੍ਹੇ ਤੇ ਬੈਠੇ ਸਨ ਅੰਦਰ ਜਾਂਦੇ ਹੀ ਮਹਾਂਪੁਰਸ਼ਾ ਨੇ ਪੁੱਛਿਆ ਕਿਥੋਂ ਆਏ ਹੋ ਇਹ ਦੱਸਣ ਤੇ ਕਿ ਅਸੀਂ ਜੰਡੂ ਸੰਘੇ ਤੋਂ ਆਏ ਹਨ ਸੁਆਮੀ ਸਰਵਣ ਦਾਸ ਜੀ ਦਿਲਾਂ ਦੀਆਂ ਜਾਣਨ ਵਾਲੇ ਸਨ ਤੇ ਸੇਵਾਦਾਰਾਂ ਨੂੰ

ਕਹਿਣ ਲੱਗੇ ਕਿ ਜੰਡੂ ਸੰਘੇ ਵਾਲੇ ਤੇਜ ਪੱਤੀ ਵਾਲੀ ਚਾਹ ਪੀਂਦੇ ਹਨ ਇਹਨਾਂ ਨੂੰ ਤੇਜ ਪੱਤੀ ਵਾਲੀ ਚਾਹ ਪਿਲਾਓ ਤੇ ਅਸੀਂ ਇਹ ਸੁਣ ਕੇ ਦੰਗ ਰਹਿ ਗਏ ਕਿ ਮਹਾਰਾਜ ਜੀ ਤਾਂ ਦਿਲਾਂ ਦੀਆਂ ਜਾਣਨ ਵਾਲੇ ਹਨ।

## ਸਾਖੀ ਨੰਬਰ 402
## ਤੈਨੂੰ ਮਿਲੇਗੀ

ਸ਼੍ਰੀ ਚੰਨੂੰ ਰਾਮ ਸਪੁੱਤਰ ਸ਼੍ਰੀ ਜੱਸਾ ਰਾਮ ਬੁਲੰਦਪੁਰ ਉਹਨਾਂ ਨੇ ਕੋਈ ਜਗ੍ਹਾਂ ਖਰੀਦਣੀ ਸੀ। ਉਸੇ ਜਗ੍ਹਾਂ ਨੂੰ ਦੋ ਹੋਰ ਆਦਮੀ ਖਰੀਦਣਾ ਚਾਹੁੰਦੇ ਸਨ।ਮਨ ਵਿਚ ਸਤਿਗੁਰੂ ਸਰਵਣ ਦਾਸ ਜੀ ਅੱਗੇ ਬੇਨਤੀ ਕਰਨੀ ਧਾਰਨ ਕਰਕੇ ਉਹ ਡੇਰੇ ਪੁੱਜੇ ਅਤੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ।ਮਹਾਰਾਜ ਜੀ ਨੇ ਪੁੱਛਿਆ ਕਿਵੇਂ ਆਏ ਹੋ? ਸ੍ਰੀ ਚੰਨੂੰ ਰਾਮ ਨੇ ਉੱਤਰ ਦਿੱਤਾ ਮਹਾਰਾਜ ਜੀ ਦੇ ਦਰਸ਼ਨ ਕਰਨੇ ਹਨ ਅਤੇ ਜਾਣੀ ਜਾਣ ਸਤਿਗੁਰ ਜੀ ਨੇ ਬਚਨ ਕੀਤੇ ਕਿ ਦਰਸ਼ਨ ਕਰਨ ਨਹੀਂ ਜਗ੍ਹਾਂ ਵਾਰੇ ਆਏ ਹਨ।ਜਗ੍ਹਾਂ ਖਰੀਦਣ ਲਈ ਦੋ ਜਣੇ ਘੁੰਮ ਰਹੇ ਹਨ ਪਰ ਜਗ੍ਹਾਂ ਤੈਨੂੰ ਮਿਲੇਗੀ।ਮਹਾਰਾਜ ਜੀ ਦੇ ਬਚਨ ਅਟਲ ਹੋਏ।

## ਸਾਖੀ ਨੰਬਰ 403
## ਔਲਾਦ ਦੀ ਬਖਸ਼ਿਸ਼ ਕਰਨੀ

ਸ਼੍ਰੀ ਗੇਂਦਾ ਰਾਮ ਜੀ ਬੀਬੀ ਜੈ ਕੌਰ ਜੀ ਬੁਲੰਦਪੁਰ ਉਹਨਾਂ ਦੇ ਗ੍ਰਹਿ ਵਿਖੇ ਕੋਈ ਔਲਾਦ ਨਹੀ ਸੀ। ਉਹ ਕੁਟੀਆ ਵਿਖੇ ਸਤਿਗੁਰੂ ਸਰਵਣ ਦਾਸ ਅੱਗੇ ਆ ਕੇ ਬੇਨਤੀ ਕੀਤੀ ਅਤੇ ਸਤਿਗੁਰੂ ਸਰਵਣ ਦਾਸ ਜੀ ਨੇ ਸੰਤ ਹਰੀਦਾਸ ਜੀ ਨੂੰ ਬੁਲਾਇਆ ਅਤੇ ਮੁਸਕਰਾਉਂਦੇ ਹੋਏ ਸੇਵਾਦਾਰ ਦੇ ਇਕ ਖੂੰਡਾ ਮਾਰਿਆ ਅਤੇ ਉਚਾਰਿਆ ਹੋਰ, ਕਹਿੰਦੇ?ਇਹ ਵੇਖ ਕੇ ਸੇਵਾਦਾਰ ਡਰ ਕੇ ਉੱਠ ਕੇ ਤੁਰ ਪਏ ਅਤੇ ਹਰੀਦਾਸ ਜੀ ਨੇ ਸਤਿਗੁਰੂ ਸਰਵਣ ਦਾਸ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਇਕ ਹੀ ਬਾਅਦ ਵਿੱਚ ਉਹਨਾ ਦੇ ਗ੍ਰਹਿ ਵਿਖੇ ਇਕ ਲੜਕਾ ਜਨਮਿਆ ਜਿਸ ਦਾ ਨਾਮ ਸਤਨਾਮ ਰੱਖਿਆ ਗਿਆ।

**(ਸ਼੍ਰੀ ਸ਼ਾਦੀ ਰਾਮ ਜੀ )**

## ਸਾਖੀ ਨੰਬਰ 404
## ਸਤਿਗੁਰ ਆਪਣੇ ਪਿਆਰਿਆਂ ਦੀ ਰੱਖਿਆਂ ਆਪ ਕਰਦੇ ਹਨ

ਇਹ ਗੱਲ ਆਮ ਸਤਿਸੰਗੀ ਜਨ ਜਾਣਦੇ ਹਨ ਕਿ ਸਤਿਗੁਰ ਸੁਆਮੀ ਸਰਵਣ ਦਾਸ ਜੀ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਸਨ।ਜਿਨ੍ਹਾਂ ਲੋਕਾਂ ਨੇ ਸਤਿਗੁਰਾਂ ਜੀ ਦੇ ਦਰਸ਼ਨ ਕੀਤੇ ਹਨ ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਸੰਗਤਾਂ ਅੱਜ ਵੀ ਮੌਜੂਦ ਹਨ ਉਨ੍ਹਾਂ ਨੇ ਸਤਿਗੁਰ ਜੀ ਦੇ ਅਨੇਕਾਂ ਕੌਤਕ ਚਮਤਕਾਰ ਦੇਖੇ ਹਨ ਜਿਨ੍ਹਾਂ ਦਾ ਵਰਨਣ ਉਹ ਸੰਗਤਾਂ ਅੱਜ ਵੀ ਆਪਣੀ ਜੁਬਾਨੀ ਬਿਆਨ ਕਰਦੀਆਂ ਹਨ।ਇਹ ਘਟਨਾਵਾਂ ਅੱਜ ਸਾਖੀਆਂ ਦੇ ਰੂਪ ਵਿਚ ਪੜ੍ਹਨ ਅਤੇ ਸੁਣਨ ਨੂੰ

ਮਿਲਦੀਆਂ ਹਨ।ਅਜਿਹੀ ਹੀ ਇੱਕ ਸਾਖੀ ਸ੍ਰੀ ਰਾਮ ਪ੍ਰਕਾਸ਼ (ਸਵਰਗੀ) ਸਪੁੱਤਰ ਸ੍ਰੀ ਬਿਸ਼ਨਾ ਦਾਸ ਜੀ ਸੁੱਚੀ ਪਿੰਡ ਵਾਲਿਆਂ ਨਾਲ ਸੰਬੰਧਤ ਹੈ।ਸ੍ਰੀ ਰਾਮ ਪ੍ਰਕਾਸ਼ ਜੀ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਪ੍ਰੀਤਮ ਕੌਰ ਜੀ ਆਪਣੇ ਪ੍ਰੀਵਾਰ ਸਮੇਤ ਅਕਸਰ ਹੀ ਡੇਰਾ ਸੱਚਖੰਡ ਬੱਲਾਂ ਵਿਖੇ ਆਉਂਦੇ ਰਹਿੰਦੇ ਸਨ ਉਨ੍ਹਾਂ ਨੇ ਨਾਮ ਦੀ ਦਾਤ ਵੀ ਸਤਿਗੁਰ ਸਰਵਣ ਦਾਸ ਜੀ ਪਾਸੋਂ ਹੀ ਪ੍ਰਾਪਤ ਕੀਤੀ ਸੀ।ਇਹ ਘਟਨਾ 1968 ਦੀ ਹੈ ਕਿ ਸ੍ਰੀ ਰਾਮ ਪ੍ਰਕਾਸ਼ ਜੀ ਟਹਿਲਦੇ ਟਹਿਲਦੇ ਫਾਟਕ ਦੇ ਨੇੜੇ ਰੇਲ ਗੱਡੀ ਨਾਲ ਟਕਰਾ ਗਏ ਸਤਿਗੁਰ ਦੀ ਕ੍ਰਿਪਾ ਨਾਲ ਉਨ੍ਹਾਂ ਦਾ ਬਚਾਅ ਹੋ ਗਿਆ ਪ੍ਰੰਤੂ ਕੁਝ ਜਖਮੀ ਹੋ ਗਏ।ਸਤਿਗੁਰ ਸਰਵਣ ਦਾਸ ਜੀ ਉਸ ਵਕਤ ਡੇਰੇ ਵਿਚ ਥੜੇ ਤੇ ਬੈਠੇ ਸਨ ਅਤੇ ਉਥੇ ਬੈਠਿਆਂ ਹੀ ਮਹਾਰਾਜ ਜੀ ਨੂੰ ਆਪਣੀ ਅਧਿਆਤਮਕ ਸ਼ਕਤੀ ਨਾਲ ਪਤਾ ਚਲ ਗਿਆ ਕਿ ਰਾਮ ਪ੍ਰਕਾਸ਼ ਜੀ ਨਾਲ ਕੀ ਘਟਨਾ ਵਾਪਰੀ ਹੈ ਉਨ੍ਹਾਂ ਤੁਰੰਤ ਡੇਰੇ ਤੋਂ ਸੇਵਾਦਾਰਾਂ ਨੂੰ ਭੇਜਿਆ ਕਿ ਆਪ ਉਸ ਦੀ ਖਬਰ ਲੈ ਕੇ ਆਉ।ਇਸ ਪ੍ਰਕਾਰ ਸਤਿਗੁਰੂ ਜੀ ਨੇ ਆਪਣੇ ਸੇਵਕ ਦੀ ਰੱਖਿਆਂ ਕੀਤੀ।ਇਸ ਤਰ੍ਹਾਂ ਹੀ ਰਾਮ ਪ੍ਰਕਾਸ਼ ਜੀ ਜਿਨ੍ਹਾਂ ਦੀ ਮਾਨਸਿਕ ਬੁੱਧੀ ਐਕਸੀਡੈਂਟ ਨਾਲ ਕਮਜੋਰ ਹੋਣ ਕਾਰਣ ਨਹਿਰ ਦੇ ਕਿਨਾਰੇ ਸਰਦੀ ਵਿਚ ਬੈਠੇ ਸਨ ਮਹਾਰਾਜ ਜੀ ਨੇ ਡੇਰੇ ਦੇ ਅੰਦਰ ਬੈਠੇ ਹੀ ਸੇਵਾਦਾਰਾਂ ਨੂੰ ਹੁਕਮ ਦਿੱਤਾ ਕਿ ਆਪ ਰਾਮ ਪ੍ਰਕਾਸ਼ ਜੋ ਬਾਹਰ ਠੰਡ ਵਿਚ ਘੁੰਮਦਾ ਹੈ ਉਸਤੇ ਕੰਬਲ ਦੇ ਕੇ ਆਓ।ਸੇਵਾਦਾਰਾਂ ਨੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਰਾਮ ਪ੍ਰਕਾਸ਼ ਜੀ ਨੂੰ ਧੁੰਦ ਵਿਚ ਲੱਭ ਕੇ ਉਸਤੇ ਕੰਬਲ ਦਿੱਤਾ।ਸਤਿਗੁਰ ਆਪਣੇ ਸੇਵਕਾਂ ਦੀ ਆਪ ਰੱਖਿਆ ਕਰਦੇ।ਬੀਬੀ ਪ੍ਰੀਤਮ ਕੌਰ ਜੀ ਜਿਨ੍ਹਾਂ ਨੇ ਅਨੇਕਾਂ ਹੀ ਅਜਿਹੀਆਂ ਸਾਖੀਆਂ ਸੁਣਾਈਆਂ ਹਨ ਜਿਸ ਵਿਚ ਉਹ ਹੱਡ ਬੀਤੀਆਂ ਘਟਨਾਵਾਂ ਅਤੇ ਉਪਕਾਰਾਂ ਦਾ ਵਰਨਣ ਕਰਦੇ ਹਨ।ਸਾਰਾ ਹੀ ਪ੍ਰੀਵਾਰ ਸੰਤ ਸੇਵੀ ਅਤੇ ਸਤਿਗੁਰਾਂ ਦੇ ਭਾਣੇ ਵਿਚ ਰਹਿਣ ਵਾਲੀ ਬਿਰਤੀ ਦੇ ਮਾਲਿਕ ਹਨ।

## ਸਾਖੀ ਨੰਬਰ 405
## ਸ.ਜਗੀਰ ਸਿੰਘ ਲੰਬੜਦਾਰ ਸੁੱਚੀ ਪਿੰਡ ਵਾਲਿਆਂ ਵੱਲੋਂ ਸੰਤਾਂ ਦੇ ਬਚਨਾਂ ਤੇ ਫੁੱਲ ਚੜ੍ਹਾਉਣੇ

ਸੁੱਚੀ ਪਿੰਡ ਜਲੰਧਰ ਦੀਆਂ ਸਮੁੱਚੀਆਂ ਸੰਗਤਾਂ ਦੀ ਇਹ ਮੁੱਢ ਤੋਂ ਹੀ ਵਿਸ਼ੇਸ਼ਤਾ ਰਹੀ ਹੈ ਕਿ ਇੱਥੋਂ ਦੇ ਸਾਰੇ ਹੀ ਵਸਨੀਕ ਧਾਰਮਿਕ ਖੇਤਰ ਵਿਚ ਬਹੁਤ ਅਗਾਂਹਵਧੂ ਹਨ ਅਤੇ ਸਾਰੇ ਹੀ ਸੰਤਾਂ ਮਹਾਂਪੁਰਸ਼ਾਂ,ਪੀਰਾਂ-ਫਕੀਰਾਂ ਅਤੇ ਆਪਣੇ ਵੱਡੇ ਵਡੇਰਿਆਂ ਦੇ ਦਿਹਾੜੇ ਮਿਲ ਜੁੱਲ ਕੇ ਪੂਰੀ ਸ਼ਰਧਾ ਨਾਲ ਮਨਾਉਂਦੇ ਹਨ।ਇੱਥੋਂ ਦੀਆਂ ਸੰਗਤਾਂ ਦਾ ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾ ਨਾਲ ਅਥਾਹ ਪਿਆਰ ਰਿਹਾ ਹੈ ਇਹੋ ਹੀ ਕਾਰਣ ਹੈ ਕਿ ਡੇਰੇ ਦੇ ਸਮੂਹ ਗੱਦੀਨਸ਼ੀਨ ਮਹਾਂਪੁਰਸ਼ਾਂ ਦੀ ਚਰਨਛੋਹ ਇਸ ਨਗਰ ਨੂੰ ਪ੍ਰਾਪਤ ਹੈ ਇੱਥੇ ਹੀ ਬਸ ਨਹੀਂ ਨਗਰ ਵਿਚ ਸਵਰਗੀ ਸ੍ਰੀ ਗੁਰਦਾਸ ਰਾਮ ਜੀ ਦੇ ਯਤਨਾਂ ਸਦਕਾ ਬਣਾਇਆ ਹੋਇਆ ਸਤਿਗੁਰ ਸਰਵਣ ਦਾਸ ਜੀ ਦਾ ਮੰਦਿਰ ਵੀ ਸੁਸ਼ੋਭਿਤ ਹੈ।ਇਹ ਗੱਲ 1984 ਦੀ ਹੈ ਕਿ ਉਸ ਸਮੇਂ ਦੇ ਤੱਤਕਾਲੀਨ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਸ੍ਰੀ 108 ਸੰਤ ਗਰੀਬ ਦਾਸ ਜੀ

ਪਿੰਡ ਵਿਚ ਪਧਾਰੇ ਤਾਂ ਲੰਬੜਦਾਰ ਜਗੀਰ ਸਿੰਘ ਜੀ ਬੀਬੀ ਅਵਤਾਰ ਕੌਰ ਉਨ੍ਹਾਂ ਦੇ ਬੇਟੇ ਸਲਵਿੰਦਰ ਸਿੰਘ ਅਤੇ ਸੁਰਜੀਤ ਸਿੰਘ ਵੀ ਮਹਾਂਪੁਰਸ਼ਾਂ ਦੇ ਦਰਸ਼ਣ ਕਰਨ ਲਈ ਆਏ। ਇਹ ਪ੍ਰੀਵਾਰ ਬਹੁਤ ਹੀ ਧਾਰਮਿਕ ਖਿਆਲਾਂ ਵਾਲਾ ਦਾਨੀ ਅਤੇ ਸੰਤ ਸੇਵੀ ਪ੍ਰੀਵਾਰ ਹੈ।ਪਰਿਵਾਰ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਲੰਬੜਦਾਰ ਸਾਹਿਬ ਦੀ ਸ਼ਰਾਬ ਛੁਡਾ ਦਿਓ ਪਰਿਵਾਰ ਦੇ ਮੈਂਬਰਾਂ ਦੇ ਕਹਿਣ ਤੇ ਸੰਤ ਗਰੀਬ ਦਾਸ ਜੀ ਨੇ ਲੰਬੜਦਾਰ ਜਗੀਰ ਸਿੰਘ ਨੂੰ ਪਿਆਰ ਨਾਲ ਸਮਝਾਇਆ ਅਤੇ ਬਚਨ ਦਿੱਤਾ ਕਿ ਆਪ ਅੱਜ ਤੋਂ ਸ਼ਰਾਬ ਪੀਣੀ ਬੰਦ ਕਰਦੇ। ਸ.ਜਗੀਰ ਸਿੰਘ ਜੀ ਨੇ ਸੰਤਾਂ ਦੇ ਬਚਨਾਂ ਤੇ ਫੁੱਲ ਚਾੜ੍ਹਦੇ ਹੋਏ ਉਸ ਦਿਨ ਤੋਂ ਸ਼ਰਾਬ ਪੀਣੀ ਬੰਦ ਕਰ ਦਿੱਤੀ ਅਤੇ ਮਹਾਂਪੁਰਸ਼ਾਂ ਦੇ ਹੁਕਮਾਂ ਦੀ ਪਾਲਣਾ ਕੀਤੀ।ਅੱਜ ਇਹ ਪ੍ਰੀਵਾਰ ਬਹੁਤ ਹੀ ਸੁਖੀ ਆਨੰਦਮਈ ਅਤੇ ਭਾਣੇ ਅੰਦਰ ਰਹਿੰਦਾ ਹੋਇਆ ਤਰੱਕੀ ਕਰ ਰਿਹਾ ਹੈ।

## ਸਾਖੀ ਨੰਬਰ 406
## ਸੱਚੇ ਦਿਲੋਂ ਕੀਤੀ ਅਰਦਾਸ ਬਿਰਥੀ ਨਹੀਂ ਜਾਂਦੀ

ਇਹ ਇੱਕ ਅਟੱਲ ਸੱਚਾਈ ਹੈ ਕਿ ਡੇਰਾ ਸੱਚਖੰਡ ਬੱਲਾਂ ਦਾ ਹਰੇਕ ਪੈਰੋਕਾਰ ਕੋਈ ਵੀ ਕਾਰੋਬਾਰ ਸੰਤਾਂ ਮਹਾਂਪੁਰਸ਼ਾ ਦੀ ਆਗਿਆ ਲਏ ਬਗੈਰ ਨਹੀਂਕਰਦਾ ਚਾਹੇ ਵਿਆਹ ਸ਼ਾਦੀ ਹੋਵੇ,ਮਕਾਨ ਉਸਾਰੀ,ਵਿਓਪਾਰ ਨੌਕਰੀ ਜਾਂ ਵਿਦੇਸ਼ ਜਾਣ ਦਾ ਹੋਵੇ। ਸੰਗਤਾਂ ਦੀ ਇਹ ਭਾਵਨਾ ਮੁੱਢ ਤੋਂ ਹੀ ਰਹੀ ਹੈ ਕਿ ਡੇਰੇ ਵਿਚ ਹੁਕਮ ਲੈ ਕੇ ਹੀ ਸ਼ੁਰੂਆਤ ਕੀਤੀ ਜਾਂਦੀ ਹੈ।ਮੁਹੱਲਾ ਰਮਦਾਸਪੁਰਾ(ਅਲਾਵਲਪੁਰ) ਤੋਂ ਗਿਆਨੀ ਸ਼ੈਂਕਰ ਦਾਸ ਜੀ ਅਤੇ ਬੀਬੀ ਰਾਮ ਪਿਆਰੀ ਜੀ ਡੇਰੇ ਦੇ ਅਨਿੰਨ ਭਗਤ ਸਨ।ਉਹਨਾਂ ਦੀ ਸ਼ਾਦੀ ਸ਼੍ਰੀ 108 ਸੰਤ ਸਰਵਣ ਦਾਸ ਜੀ ਨੇ ਹੀ ਕਰਵਾਈ ਸੀ।ਆਪ ਡੇਰੇ ਵਿਚ ਰਹਿੰਦੇ ਸਨ ਅਤੇ ਆਪਣੀ ਵੱਡਮੁੱਲੀਆਂ ਸੇਵਾਵਾਂ ਨਿਭਾਉਂਦੇ। ਗੁਰਮੀਤ ਰਾਮ ਦਾ ਪਰਿਵਾਰ ਵੀ ਸੈਂਕਰ ਦਾਸ ਜੀ ਅਤੇ ਬੀਬੀ ਰਾਮ ਪਿਆਰੀ ਨਾਲ ਡੇਰੇ ਆਇਆ ਕਰਦੇ ਸਨ। 1978 ਦੀ ਗੱਲ ਹੈ ਕਿ ਗੁਰਮੀਤ ਰਾਮ ਸਪੁੱਤਰ ਸ਼੍ਰੀ ਕਰਤਾਰ ਚੰਦ ਜੀ ਨੇ ਸਤਿਗੁਰ ਹਰੀਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਮਹਾਰਾਜ ਜੀ ਮੈਂ ਵਿਦੇਸ਼ ਜਾਣਾ ਚਾਹੁੰਦਾ ਹਾਂ,ਮੇਰੇ ਤੇ ਕ੍ਰਿਪਾ ਕਰੋ,ਕੋਈ ਕਾਰੋਬਾਰ ਨਹੀਂ। ਸੰਤ ਹਰੀਦਾਸ ਜੀ ਨੇ ਤੁਰੰਤ ਹੁਕਮ ਕੀਤਾ ਕਿ ਆਪ 8ਵੇਂ ਦਿਨ ਬਾਹਰ ਚਲੇ ਜਾਣਾ ਹੈ। ਸੰਤਾਂ ਦੇ ਬਚਨ ਅਟੱਲ ਹੁੰਦੇ ਹਨ ਠੀਕ 8ਵੇਂ ਦਿਨ ਗੁਰਮੀਤ ਰਾਮ ਸਾਊਦੀ ਅਰਬ ਚਲੇ ਗਿਆ। ਇਹ ਸਾਖੀ ਗੁਰਮੀਤ ਰਾਮ ਜੀ ਨੇ ਆਪਣੀ ਜੁਬਾਨੀ ਸੁਣਾਈ ਹੈ।

# ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਵਲੋਂ ਲਿਖਤ ਅਤੇ ਵੱਖ ਵੱਖ ਭਾਸ਼ਵਾਂ ਵਿਚ ਵੱਖ ਵੱਖ ਧਾਰਮਿਕ ਸੰਸਥਾਵਾਂ ਵਲੋਂ ਪ੍ਰਕਾਸ਼ਿਤ ਪੁਸਤਕਾਂ:-

## ਪੰਜਾਬੀ ਭਾਸ਼ਾ ਵਿਚ ਪ੍ਰਕਾਸ਼ਿਤ ਪੁਸਤਕਾਂ

- ਸ਼੍ਰੀ ਗੁਰੂ ਰਵਿਦਾਸ ਅੰਮ੍ਰਿਤਬਾਣੀ (ਸਟੀਕ ਅਤੇ ਸੰਖੇਪ ਜੀਵਨ)
- ਨਿਤਨੇਮ ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਜੀ (ਸਟੀਕ)
- ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ (ਸਟੀਕ)
- ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਸੰਖੇਪ ਜੀਵਨ
- ਸੁੱਖ ਸਾਗਰ (ਸਟੀਕ)
- ਗੁਰੂ ਰਵਿਦਾਸ ਮਿਲੇ ਮੋਹਿ ਪੂਰੇ

## Books published in hindi

- Jagatguru Ravidass Amritbani(Steek ate Sankshipt jeevan Hindi and Marathi)
- Nitnem Amritbani Jagatguru Ravidass ji(Steek)
- Jagatguru Ravidass Maharaj ji ka Sankshipt jeevan
- Jagatguru Ravidass Maharaj ji ki kathaen in Hindi and Marathi
- Amritbani Satguru Ravidass Maharaj ji (Steek)

## Books published in English

- Amritbani Satguru Ravidass Maharaj ji (Steek)

## Books published in Dutch

- Amritbani Satguru Ravidass Maharaj ji (Steek)dutch

**ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਵੱਲੋ ਪ੍ਰਕਾਸ਼ਿਤ ਕੀਤੀ ਗਈ ਪੁਸਤਕ:-**

ਰਵਿਦਾਸੀਆ ਧਰਮ ਦਾ ਅਨਮੋਲ ਹੀਰਾ - ਲੇਖਕ-ਕਾਂਸ਼ੀ ਰਾਮ ਕਲੇਰ ਜੰਡੂ ਸਿੰਘਾ